ੴ ਸਤਿਗੁਰ ਪ੍ਰਸਾਦਿ ॥

# ਪੰਜਵਾਂ ਭਾਗ

## ਪਹਿਲਾ ਕਾਂਡ

੧

## ਜੀਊਂਦੇ ਰਹਿਣ ਦੀ ਲਾਲਸਾ

ਛੋਟੇ ਤੋਂ ਛੋਟਾ ਜੀਵ, ਸੰਸਾਰ ਵਿਚ ਜਨਮ ਲੈਣ ਸਮੇਂ ਤੋਂ ਆਪਣੀ ਜਾਨ ਦੀ ਰੱਖਿਆ ਲਈ ਸੰਘਰਸ਼ ਅਰੰਭ ਕਰ ਦਿੰਦਾ ਹੈ। ਕੀੜੇ ਮਕੌੜੇ, ਪਸ਼ੂ-ਪੰਖੀ ਭਾਵ, ਧਰਤੀ ਉਤਲੇ ਸਾਰੇ ਜੀਵਾਂ ਨੂੰ ਅਤੇ ਪਾਣੀ ਵਿਚਲੇ ਜੀਵਾਂ ਦੇ ਨਵ-ਜਨਮੇ ਬਚਿਆਂ ਨੂੰ ਆਪਣੇ ਮਾਤਾ-ਪਿਤਾ ਦੀ ਪਛਾਣ ਕਰਕੇ ਉਨ੍ਹਾਂ ਕੋਲੋਂ ਖ਼ੁਰਾਕ ਲੈ ਕੇ ਪਲਦੇ ਵੇਖ ਕੇ ਸਹਿਜੇ ਹੀ ਮੂੰਹੋਂ ਨਿਕਲ ਜਾਂਦਾ ਹੈ ਕਿ, ਹੇ ਸਿਰਜਣਹਾਰ ! ਤੂੰ ਧਨ ਹੈਂ ਜਿਸ ਨੇ ਸਾਰੇ ਜੀਵਾਂ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਦੇ ਖਾਣ ਪੀਣ ਦਾ ਪ੍ਰਬੰਧ ਕਰ ਦਿੱਤਾ । ਸਰਬੱਤ ਦੇ ਗਿਆਨ ਦਾਤਾ ਪ੍ਰਭੂ ! ਤੂੰ ਧੰਨ ਹੈਂ ਜੋ ਅੱਡ ਅੱਡ ਪ੍ਰਕਾਰ ਦੇ ਜੀਵਾਂ ਨੂੰ ਅੱਡ ਅੱਡ ਢੰਗਾਂ ਨਾਲ ਪੇਟ ਦੀ ਭੁੱਖ ਮਿਟਾ ਲੈਣ ਦੀ ਅਦਭੁਤ ਸਿਖਿਆ ਦੇ ਕੇ ਹੀ ਸੰਸਾਰ ਵਿਚ ਭੇਜਦਾ ਹੈਂ । ਕਿੱਡੀ ਵਚਿਤ੍ਰ ਲੀਲ੍ਹਾ ਹੈ ਕਿ ਸਾਰੀਆਂ ਜੂਨਾਂ ਦੇ ਸਰਦਾਰ, ਮਨੁੱਖ ਦਾ ਬੱਚਾ ਆਪਣੀ ਸੰਭਾਲ ਕਰਨ ਵਿਚ, ਰੋਣ ਦੇ ਸਿਵਾ ਹੋਰ ਹਰ ਤਰ੍ਹਾਂ ਦੂਜਿਆਂ ਤੇ ਨਿਰਭਰ ਹੁੰਦਾ ਹੈ । ਖ਼ਤਰਾ ਬਣਿਆਂ ਅਨਭਵ ਕਰਕੇ ਆਪਣੀ ਜਾਨ ਦੀ ਰਖਿਆ ਲਈ ਵਿਤ ਅਨੁਸਾਰ ਸਾਰੇ ਜੀਵ ਯਤਨ ਕਰਦੇ ਹਨ ਪਰ ਮੌਤ ਹੋ ਜਾਣ ਤੇ ਰੋਂਦਾ ਪਿੱਟਦਾ ਕੇਵਲ ਮਨੁੱਖ ਹੀ ਹੈ । ਜਨਮ ਸਮੇਂ ਮਨੁੱਖ ਆਪ ਰੋਂਦਾ ਹੈ ਅਤੇ ਮਰਨ ਸਮੇ ਨਾਲ ਹੋਰ ਵੀ ਰੋਂਦੇ ਹਨ । ਦੋਹਾਂ ਸਮਿਆਂ ਤੇ ਰੋਂਦਾ ਵੇਖ ਕੇ ਏਹੀ ਅਨੁਭਵ ਬਣਦਾ ਹੈ ਕਿ ਸ਼ਾਇਦ ਇਨਸਾਨ ਜਨਮ-ਮਰਨ ਦੇ ਰੱਬੀ ਹੁਕਮ ਤੋਂ ਸੰਤੁਸ਼ਟ ਨਹੀਂ ਹੈ ।

ਸਿਵਾਏ ਸ੍ਰੀ ਗੁਰੂ ਨਾਨਕ ਜੀ ਦੇ ਲੱਗ-ਪਗ ਸਾਰੇ ਧਰਮ-ਗੁਰੂਆਂ ਨੇ ਸੰਸਾਰ ਨੂੰ ਦੁੱਖਾਂ ਦਾ ਘਰ ਕਿਹਾ ਹੈ । ਜਗਤ ਨੂੰ ਦੁੱਖਾਂ ਕਲੇਸ਼ਾਂ ਦਾ ਘਰ ਸਮਝਣ ਵਾਲਿਆ ਵਿਚੋਂ ਬੇਅੰਤ ਲੋਕ ਤਿਆਗੀ ਹੋ ਕੇ ਜੰਗਲਾਂ ਨੂੰ ਚਲੇ ਗਏ । ਬ੍ਰਾਹਮਣ-ਗੁਰੂ ਨੇ ਜ਼ਿੰਦਗੀ ਦੇ ਚਾਰ ਆਸ਼ਰਮਾਂ ਵਿਚੋਂ ਇਕ ਸੰਨਿਆਸ-ਆਸ਼ਰਮ ਸੰਸਾਰ ਤੋਂ ਤਿਆਗੀ ਹੋ ਜਾਣ ਲਈ ਬਣਾ ਦਿੱਤਾ । ਪਰ ਤਿਆਗੀ ਹੋ ਜਾਣ ਵਾਲੀਆਂ ਸਾਰੀਆਂ ਗੱਲਾਂ ਐਵੇਂ ਡਰਾਮਾਂ ਹੋ ਦਿਸਦੀਆਂ ਹਨ, ਜਦ (ਕਥਿਤ ਤੌਰ ਤੇ ਦੁਖਾਂ ਦੇ ਘਰ) ਸੰਸਾਰ ਤੋ ਸਦਾ ਲਈ ਛੁਟਕਾਰਾ ਦੇਣ ਵਾਲੀ **ਮੌਤ** ਦਾ ਸੁਆਗਤ ਕਰਨ ਦੀ ਗੱਲ, ਕਿਸੇ ਵਿਰਲੇ ਨੂੰ ਹੀ ਕਬੂਲ ਹੁੰਦੀ ਹੈ । ਮੌਤ ਦੇ ਭੈ ਦਾ ਜਾਂ ਮੌਤ ਆ ਜਾਣ ਦੀ ਚਿੰਤਾ ਦਾ ਜੋ ਦੁੱਖ, ਮਨੁੱਖ ਨੂੰ ਹੈ, ਅਜੇਹਾ ਦੁੱਖ ਸੰਸਾਰ ਦੇ (ਵਾਯੂ-ਮੰਡਲ ਵਿਚ ਸੁਆਸ ਲੈਣ ਵਾਲੇ) ਹੋਰ ਕਿਸੇ ਵੀ ਜੀਵ ਨੂੰ ਨਹੀਂ ਹੈ । ਮੌਤ ਤੋਂ ਸਦਾ ਲਈ ਛੁਟਕਾਰਾ ਪਾ ਲੈਣ ਦੇ ਯਤਨ ਕੇਵਲ ਮਨੁੱਖ ਨੇ ਹੀ ਅਰੰਭ ਕੀਤੇ ਹਨ, ਬਾਕੀ ਜੀਵ ਇਸ ਵਿਸ਼ੇ ਤੋਂ ਅਣਜਾਣ ਹਨ ।

ਪੁਰਾਣਕ ਗ੍ਰੰਥਾਂ ਵਿਚ ਅਜੇਹੀਆਂ ਬੇਅੰਤ ਕਹਾਣੀਆਂ ਹਨ ਜਿਨ੍ਹਾਂ ਵਿਚ ਜੋਗ-ਸਾਧਨਾਂ ਨਾਲ ਕਈ ਜੋਗੀਆਂ ਨੇ ਆਪਣੇ ਸੁਆਸਾਂ ਦੀ ਡੋਰ ਬੜੀ ਲੰਮੀ ਕਰ ਲਈ । ਪਰਸਰਾਮ, ਦੁਰਬਾਸ਼ਾ, ਵਸ਼ਿਸ਼ਟ ਆਦਿ ਕਈਆਂ ਰਿਸ਼ੀਆਂ ਮੁਨੀਆਂ ਦੀ ਉਮਰ ਪੁਰਾਣਾਂ ਵਿਚ, ਕਈ ਕਈ ਲੱਖ ਵਰ੍ਹੇ ਲਿਖੀ ਹੈ । ਅੰਮ੍ਰਿਤਸਰ ਸ਼ਹਿਰ ਵਿਚਲੇ ਸੰਤੋਖ ਸਰ ਸਰੋਵਰ ਦੀ ਪੁਟਾਈ ਦੇ ਇਤਿਹਾਸ ਨਾਲ ਵੀ ਅਜੇਹੇ ਲੰਮੀ ਉਮਰ ਵਾਲੇ ਸਮਾਧੀ ਅਸਥਿਤ ਜੋਗੀ ਦੀ ਕਹਾਣੀ ਜੁੜੀ ਹੋਈ ਹੈ । ਸਦਾ ਲਈ ਟਿਕੇ ਰਹਿਣ ਲਈ ਬੜੀਆਂ ਡੂੰਘੀਆਂ ਅਤੇ ਪੱਕੀਆਂ ਨੀਹਾਂ ਤੇ ਮਹਲ ਮਾੜੀਆਂ ਉਸਾਰਨ ਵਾਲੇ ਮਨੁੱਖ ਨੂੰ ਵਡਮੁੱਲਾ ਉਪਦੇਸ਼ ਦੇਣ ਲਈ--**ਸਾਂਝੀ ਸਗਲ ਜਹਾਨੈ**--ਸਾਖੀ ਕਹਿਣ ਵਾਲੇ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ:--

੧ **ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥**
**ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥ ੧ ॥**{੬੯੨}-੧

**ਪਦ ਅਰਥ:**--ਗਹਰੀ--ਡੂੰਘੀ । ਨੀਵ--ਨੀਂਹ । ਮੰਡਪ--ਸ਼ਾਮੀਆਨੇ, ਮਹਿਲ-ਮਾੜੀਆਂ । ਛਾਏ--ਬਣਵਾਏ । ਮਾਰਕੰਡੇ--ਇਕ ਰਿਸ਼ੀ (ਨ੍ਰਿਸਿੰਘ ਪੁਰਾਣ ਵਿਚ ਕਥਾ ਹੈ ਕਿ ਮਾਕੰਡੇ ਨੇ ਬਾਲ ਉਮਰ ਵਿਚ ਹੀ ਤਪ ਕਰਕੇ ਵਿਸ਼ਨੂੰ ਕੋਲੋਂ ਲੰਮੀ ਉਮਰ ਦਾ ਵਰ ਲੈ ਲਿਆ ਸੀ । ਪਰ ਪਦਮ-ਪੁਰਾਣ ਵਿੱਚ ਲਿਖਿਆ ਹੈ ਕਿ ਸਤ ਰਿਖੀਆਂ ਦੀ ਸਫ਼ਾਰਸ਼ ਤੇ ਬ੍ਰਹਮਾਂ ਨੇ ਮਾਕਰੰਡੇ ਰਿਖੀ ਨੂੰ ਬੜੀ ਲੰਮੀ ਉਮਰ ਦਾ ਵਰ ਦਿੱਤਾ ਸੀ । ਕਈ ਹਜ਼ਾਰਾਂ-ਲੱਖਾਂ ਸਾਲਾਂ ਦੀ ਉਮਰ ਦੇ ਮਾਲਕ ਬਣ ਚੁੱਕੇ ਇਸ ਰਿਖੀ ਨੇ ਰਹਿਣ ਲਈ ਕਥਿਤ ਤੌਰ ਤੇ ਕੱਖਾਂ ਦੀ ਕੁਲੀ ਬਣਾਈ ਹੋਈ ਸੀ । ਅਧਿਕਾਈ--ਵੱਡੀ ਲੰਮੀ ਉਮਰ ਵਾਲਾ । ਜਿਨਿ--ਜਿਸ ਨੇ । ਤ੍ਰਿਣ--ਤੀਲੇ, ਕੱਖ-ਕਾਣ । ਧਾਰਿ--ਰੱਖ ਕੇ । ਮੂੰਡ--ਸਿਰ । ਤ੍ਰਿਣ ਧਰਿ ਮੂੰਡ--ਸਿਰ ਉਤੇ ਕੱਖ ਰੱਖ ਕੇ, ਕੱਖਾਂ ਦੀ ਕੁੱਲੀ ਬਣਾ ਕੇ । ਬਲਾਏ--ਸਮਾ ਗੁਜ਼ਾਰਿਆ । ੧ ।

ਚਲਦੀ ਵਿਚਾਰ ਵਿਚ ਇਸ ਮਹਾਂ ਵਾਕ ਦੇ ਲਿਖਣ ਦਾ ਭਾਵ ਇਹ ਹੈ ਕਿ ਆਦਿ ਕਾਲ ਤੋਂ ਹੀ ਮਨੁੱਖ ਲੰਮੀ ਉਮਰਾਂ ਲਈ ਕਈ ਤਰ੍ਹਾਂ ਦੇ ਤਰਲੇ ਲੈਂਦਾ ਆ ਰਿਹਾ ਹੈ । ਜਪੁਜੀ ਸਾਹਿਬ ਜੀ ਦੀ ਸਤਵੀਂ ਪਉੜੀ ਦੇ ਅਰੰਭ ਦੀ ਤੁਕ---**ਜੇ ਜੁਗ ਚਾਰੇ ਆਰਜਾ, ਹੋਰ ਦਸੂਣੀ ਹੋਇ ॥** (੨) ਤੋਂ ਇਹ ਸੰਕੇਤ ਮਿਲਦਾ ਹੈ ਕਿ ਭਾਰਤੀ ਮੱਨੁਖ, ਆਪਣੀ ਉਮਰ ਲੰਮੀ ਕਰਕੇ ਲੋਕਾਂ ਦੇ ਮਨਾਂ ਵਿਚ ਆਪਣੀ ਪ੍ਰਸਿੱਧਤਾ ਬਣਾ ਲੈਣ ਦੇ ਯਤਨ ਕਰਦਾ ਰਿਹਾ ਹੈ ।

ਜੋਗ ਸਾਧਨਾਂ ਤੋਂ ਅਗਾਂਹ ਟੱਪ ਕੇ ਮਨੁੱਖ ਅਜੇਹੇ ਪਦਾਰਥ ਅਥਵਾ ਦਾਰੂ ਦੀ ਭਾਲ ਵਿਚ ਨਿਰੰਤਰ ਰੁਝਾ ਹੋਇਆ ਹੈ ਜਿਸ ਦੀ ਵਰਤੋਂ ਇਸ ਨੂੰ ਅਮਰ ਕਰ ਦੇਵੇ । ਤਜਰਬੇ ਕਾਰ ਅਤੇ ਵਿਦਵਾਨ ਬਿੱਪ੍ਰ ਦੀ ਸਿਆਣਪ ਨੇ ਮਨੁੱਖ ਦੇ ਮਨ ਦੀ ਇਸ ਕਮਜ਼ੋਰੀ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਦੈਂਤਾਂ ਦੁਆਰਾ ਸਮੁੰਦਰ ਰਿੜਕਣ ਵਾਲੀ ਕਹਾਣੀ ਘੜੀ ਅਤੇ ਸਮੁੰਦਰ ਵਿਚੋਂ ਅੰਮ੍ਰਿਤ ਦਾ ਘੜਾ ਪ੍ਰਾਪਤ ਹੋਇਆ ਦਰਸਾ ਦਿੱਤਾ । ਫਿਰ ਬ੍ਰਾਹਮਣ ਨੇ ਜਿਵੇਂ ਹਰਦੁਆਰ, ਪ੍ਰਯਾਗ, ਨਾਸਕ ਤੇ ਉਜੈਨ, ਚਉਹਾਂ ਭਾਰਤੀ ਤੀਰਥ ਅਸਥਾਨਾਂ ਤੇ ਅੰਮ੍ਰਿਤ ਦੇ ਛਿੱਟੇ ਪਏ ਦੱਸ ਕੇ ਜਿਵੇਂ ਬਿੱਪ੍ਰ ਜੀ ਨੇ ਕ੍ਰੋੜਾਂ ਦੀ ਆਮਦਨ ਵਾਲੇ ਕੁੰਭ ਦੇ ਮੇਲੇ ਲੱਗਣੇ ਚਾਲੂ ਕਰਾ ਲਏ, ਇਸ ਦਾ ਪੂਰਾ ਹਾਲ ਪ੍ਰਕਰਣ ਨੰ: ੧੭--**ਤੀਰਥ**--ਵਿਚ ਆ ਚੁੱਕਾ ਹੈ । ਬਿੱਪ੍ਰ

ਦੀ ਕਲਪਣਾਂ ਦੀ ਉਪਜ ਏਸੇ ਹੀ ਅੰਮ੍ਰਿਤ ਨਾਲ ਜੁੜੇ ਭਰਮ ਨੇ, ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੇ ਕੰਢੇ ਤੇ ਦੁੱਖ ਭੰਜਨੀ-ਬੇਰੀ ਲਿਆ ਗੱਡੀ ਸੀ । ਪਰ ਮਨੁੱਖ ਨੂੰ ਅਜੇਹਾ ਦਾਰੂ ਕਿਤੋਂ ਨਾ ਮਿਲਿਆ ਜਿਸ ਨਾਲ ਇਹ ਮੌਤ ਤੋਂ ਬਚਿਆ ਰਹਿ ਸਕਦਾ

## ੨

# ਅਸਲ ਮੁਰਦੇ

ਸਦੀਵੀ ਜਿੰਦਗੀ ਦੇਣ ਵਾਲੇ ਕਿਸੇ ਅੰਮ੍ਰਿਤ-ਜਲ, ਸੁਧਾ-ਰਸ ਜਾਂ ਪੀਊਖ [ਕਤ ਹੂ ਪਿਊਖ ਹਵੈ ਕੈ ਪੀਵਤ ਪਿਆਵਤ ਹੋ ॥ (ਅਕਾਲ) ] ਦੀ ਭਾਲ ਵਾਲੀ ਭਟਕਣਾ ਮਨੁੱਖ ਨੇ ਨਾ ਤਿਆਗੀ । ਗੁਰਮਤਿ ਸਿਧਾਂਤ ਦੇ ਦਾਤੇ, ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਨੇ ਜਪੁਜੀ ਸਾਹਿਬ ਦੀ ੨੯ਵੀਂ ਪਉੜੀ ਵਿਚ--**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ**--(ਭਾਵ, ਮਿਲਾਪ ਅਤੇ ਵਿਛੋੜਾ, ਜਨਮ ਅਤੇ ਮਰਨ ਦੀ ਨਰੰਤਰ ਕਿਰਿਆ) ਫ਼ੁਰਮਾ ਕੇ ਸਮਝਾ ਦਿੱਤਾ ਕਿ ਦੀ ਜਗਤ ਦੇ ਬੇਅੰਤ ਪਸਾਰੇ ਦੀ ਮਹਾਨ ਕਾਰ ਸੰਜੋਗ ਅਤੇ ਵਿਜੋਗ ਦੇ ਅਸੂਲ ਦੇ ਆਸਰੇ ਹੀ ਚੱਲ ਰਹੀ ਹੈ । ਇਸ ਤਰ੍ਹਾਂ ਸ੍ਰੀਰਕ ਤੌਰ ਤੇ ਸਦਾ ਜੀਊਂਦੇ ਰਹਿਣ ਵਾਲੀ ਮਨੁੱਖ ਦੀ ਲਾਲਸਾ ਨੂੰ ਮਾਇਆ ਜਾਲ ਫ਼ੁਰਮਾ ਕੇ, ਇਸ ਵਿਅਰਥ ਦੀ ਲਾਲਸਾ ਨੂੰ ਤਿਆਗ ਦੇਣ ਦਾ ਗਿਆਨ ਬਖ਼ਸ਼ਸ਼ ਕੀਤਾ ਅਤੇ ਜਿੰਦਗੀ ਤੇ ਮੌਤ ਵਾਲੇ ਰੱਬੀ ਸਿਧਾਂਤ ਨੂੰ ਗੁਰਬਾਣੀ ਵਿਚ ਬੜੇ ਵਿਸਥਾਰ ਨਾਲ ਸਮਝਾਉਣ ਦੀ ਅਪਾਰ ਮਿਹਰ ਕੀਤੀ । ਸੌਣ ਅਤੇ ਜਾਗਣ ਦਾ ਗਿਆਨ ਦੇਣ ਤੋਂ ਉਪ੍ਰੰਤ* ਸਤਿਗੁਰਾਂ ਨੇ ਜ਼ਰਾ ਹੋਰ ਕਰੜੇ ਸ਼ਬਦਾਂ ਵਿਚ ਫ਼ੁਰਮਾਇਆ ਕਿ ਕੇਵਲ ਸਰੀਰਕ ਤੌਰ ਤੇ ਜੀਊਣਾ ਜਿੰਦਗੀਂ ਨਹੀਂ ਹੈ ।

{* Foot note:--ਮਾਇਆ ਮੋਹ ਦੇ ਨਸ਼ੇ ਦੀ ਬਹੁਪੱਖੀ ਨੀਂਦ ਅਤੇ ਜਾਗਤ ਅਵਸਥਾ ਦਾ ਵਿਸਥਾਰ ਸਹਿਤ ਗੁਰਮਤਿ-ਗਿਆਨ ਪੁਸਤਕ ਦੇ ਨੌਂਵੇਂ ਭਾਗ ਵਿਚ " ਮਾਇਆ " -ਵਿਸ਼ੇ ਦੀ ਅੱਡਰੀ ਵਿਚਾਰ ਦੇ ਨਾਲ ਲਿਖਿਆ ਗਿਆ ਹੈ । ]

ਸਤਿਗੁਰਾਂ ਦੀਆਂ ਨਜ਼ਰਾਂ ਵਿਚ--**ਜੀਊਂਦਾ ਕੌਣ ਹੈ** ਅਤੇ **ਮੁਰਦਾ ਕੌਣ ਹੈ** ? ਗੁਰਮਤਿ ਦੇ ਇਸ ਸਿਧਾਂਤ ਨੂੰ ਵੀ ਸਮਝ ਲੈਣ ਲਈ ਆਉ ਹਾਜ਼ਰਾ ਹਜ਼ੂਰ ਗੁਰੂ ਗ੍ਰੰਥ ਸਾਹਿਬ ਜੀ ਦਿਆਂ ਚਰਨਾਂ ਵਿਚ ਹੱਥ ਬੰਨ੍ਹ ਖਲੋਈਏ:----

**ਹਰ ਰੋਜ਼ ਸ਼ਾਮ ਵੇਲੇ ਪੜ੍ਹੀ ਵਾਲੀ ਸੋਦਰ ਬਾਣੀ ਵਿਚ ਆਸਾ ਮਹਲਾ ੧ ਦੀ ਪਹਿਲੀ ਪੰਗਤੀ--ਆਖਾ ਜੀਵਾ ਵਿਸਰੈ ਮਰਿ ਜਾਉ**-- ਤੋਂ ਲਗਸਾਰਾ ਸਿੱਖ ਜਗਤ ਜਾਣੂੰ ਸਮਝਿਆ ਜਾਣਾ ਚਾਹੀਦਾ ਹੈ। ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਅਜੇਹੇ ਹੋਰ ਬਚਨ ਹਨ, ਜਿਥੋਂ ਸਪੱਸ਼ਟ ਉਪਦੇਸ਼ ਮਿਲ ਰਿਹਾ ਹੈ ਕਿ ਅਕਾਲ ਪੁਰਖ ਨੂੰ ਵਿਸਾਰ ਦੇਣਾ ਹੀ ਅਸਲੀ ਮੌਤ ਹੈ--(੧)--**ਸੋ ਮੂਆ ਜਿਸੁ ਮਨਹੁ ਬਿਸਾਰੈ ॥**(੨੯੨) (੨)--**ਹਰਿ ਬਿਸਰਤ ਸੋ ਮੂਆ ॥ ੧ ॥ ਰਹਾਉ ॥**(੪੦੭)-(੩)--**ਜਿਨ ਕਉ ਬਿਸਰੈ ਮੇਰੋ ਰਾਮੁ ਪਿਆਰਾ ਸੇ ਮੂਏ ਮਰਿ ਜਾਂਹੀ ॥੧॥**(੧੨੬੯)--(੪) **ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ, ਜਿਤੁ ਰਾਮਨਾਮੁ ਨਹੀਂ ਵਸਿਆ ॥**(੧੧੯੧)--(੫)--**ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥ ...੫ ॥**[੫੬੨] ਅਕਾਲ ਪੁਰਖ ਨੂੰ ਵਿਸਾਰ ਬੈਠਾ ਮਨੁੱਖ, ਆਤਮਕ ਮੌਤ ਮਰ ਚੁੱਕਾ ਹੁੰਦਾ ਹੈ ।

੨- **ਸੋ ਜੀਵਿਆ, ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥ ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ ਰਾਜਿ ਰੰਗਿ, ਮਾਲਿ ਰੰਗੁ, ਰੰਗਿ ਰਤਾ, ਨਚੈ ਨੰਗੁ ॥ ਨਾਨਕ ਠਗਿਆ ਮੁਠਾ ਜਾਇ ॥ ਵਿਣੁ ਨਾਵੈ ਪਤਿ ਗਇਆ ਗਵਾਇ ॥ ੧ ॥** [੧੪੨]-ਵਾਰ-੧੦

**ਅਰਥ:**--(ਅਸਲ ਵਿਚ) ਜੀਊਂਦਾ ਉਹੀ ਮਨੁੱਖ ਹੀ ਹੈ, ਜਿਸ ਦੇ ਮਨ ਵਿਚ ਪਰਮਾਤਮਾ ਵੱਸ ਰਿਹਾ ਹੈ (ਭਾਵ, ਜਿਹੜਾ ਪਰਮਾਤਮਾਂ ਦੇ ਭੈ ਵਿਚ ਜੀਊਂਦਾ ਹੈ) । ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ, (ਬੰਦਗੀ ਵਾਲੇ ਤੋਂ ਬਿਨਾਂ) ਕੋਈ ਹੋਰ ਜੀਊਂਦਾ ਨਹੀਂ ਹੈ । (ਭਾਵ, ਪ੍ਰਭੂ ਨੂੰ ਸਦਾ ਯਾਦ ਰਖਣ ਵਾਲਾ ਮਨੁੱਖ ਮੰਦ ਕਰਮੀ ਨਹੀਂ ਹੋ ਸਕਦਾ) । ਜੋ ਨਾਮ ਵਿਹੂਣਾ (ਵੇਖਣ ਨੂੰ) ਜੀਊਂਦਾ ਵੀ ਹੈ ਤਾਂ ਉਹ ਇੱਜ਼ਤ ਗਵਾ ਕੇ ਏਥੋਂ ਜਾਂਦਾ ਹੈ, ਜੋ ਕੁਝ ਏਥੇ ਖਾਂਦਾ ਪੀਂਦਾ ਹੈ ਹਰਾਮ ਹੀ ਖਾਂਦਾ ਹੈ । (ਕਉਂਕਿ ਭੈੜੇ ਆਚਰਨ ਵਾਲੇ ਦੀ ਕਮਾਈ ਚੰਗੀ ਹੋ ਹੀ ਨਹੀਂ ਸਕਦੀ ?) ਜਿਸ ਮਨੁੱਖ ਦਾ ਰਾਜ ਵਿਚ ਪਿਆਰ ਹੈ, ਮਾਲ ਵਿਚ ਮੋਹ ਹੈ, ਉਹ ਇਸ (ਰਾਜ ਭਾਗ ਦੇ) ਮੋਹ ਕਾਰਨ ਮਸਤਿਆ ਹੋਇਆ ਬੇ-ਸ਼ਰਮ ਹੋ ਕੇ ਨੱਚਦਾ ਹੈ (ਭਾਵ, ਹੰਕਾਰੀ ਹੋ ਕੇ ਆਕੜਦਾ ਹੈ) । ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ, ਪ੍ਰਭੂ ਦੇ ਨਾਮ ਤੋਂ ਸੱਖਣਾ ਮਨੁੱਖ ਠੱਗਿਆ ਜਾ ਰਿਹਾ ਹੈ, ਲੁੱਟਿਆ ਜਾ ਰਿਹਾ ਹੈ , ਇੱਜ਼ਤ ਗਵਾ ਕੇ ਏਥੋਂ ਜਾਂਦਾ ਹੈ । ੧ ।

੩- **ਸਤਿਗੁਰੁ ਜਿਨੀ ਨਾ ਸੇਵਿਓ, ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ, ਮਿਰਤਕੁ ਹੈ ਸੰਸਾਰਿ ॥ ਲਖ ਚਉਰਾਸੀਹ ਫੇਰੁ ਪਇਆ, ਮਰਿ ਜੰਮੈ ਹੋਇ ਖੁਆਰੁ ॥ ਲਖ ਚਉਰਾਸੀ ਫੇਰੁ ਪਇਆ, ਮਰਿ ਜੰਮੇ ਹੋਇ ਖੁਆਰ ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪ ਕਰਾਏ ਸੋਏ ॥ ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥ ਸਚ ਰਤੇ ਗੁਰ ਸਬਦ ਸਿਉ, ਤਿਨ ਸਚੀ ਸਦਾ ਲਿਵ ਹੋਇ ॥ ਨਾਨਕ ਜਿਸ ਨੋ ਮੇਲੇ ਨ ਵਿਛੁੜੈ, ਸਹਜਿ ਸਮਾਵੈ ਸੋਇ ॥ ੧ ॥**[੮੮]-ਵਾਰ-੧੪

**ਅਰਥ:**--(ਮਨੁੱਖਾ ਜਨਮ ਲੱਭ ਕੇ) ਜਿੰਨ੍ਹਾਂ ਜੀਵਾਂ ਨੇ ਸਤਿਗੁਰ ਦੀ ਦੱਸੀ (ਸ਼ਬਦ ਵਿਚਾਰ ਵਾਲੀ) ਸੇਵਾ ਨਹੀਂ ਕੀਤੀ ਤੇ ਸਤਿਗੁਰੂ ਦੇ ਸ਼ਬਦ ਰਾਹੀਂ ਹਰੀ ਨਾਮ ਦੀ ਵਿਚਾਰ ਨਹੀਂ ਕੀਤੀ, ਤੇ ਇਸ ਤਰ੍ਹਾਂ ਹਿਰਦੇ ਵਿਚ ਗਿਆਨ ਦਾ ਸੱਚਾ ਚਾਨਣ ਨਹੀਂ ਹੋਇਆ, ਉਹ ਜੀਵ ਸੰਸਾਰ ਵਿਚ (ਜ਼ਿਊਂਦਾ ਦਿੱਸਦਾ ਵੀ) ਮੋਇਆ ਹੋਇਆ ਹੈ, (ਚੌਰਾਸੀ ਲੱਖ ਜੂਨਾਂ ਵਿਚ ਉਸ ਨੂੰ ਚੱਕਰ ਕਟੱਣਾਂ ਪੈਂਦਾ ਹੈ, ਮੁੜ ਮੁੜ ਜੰਮਦਾ ਮਰਦਾ ਹੈ ਤੇ ਖੁਆਰ ਹੁੰਦਾ ਹੈ ।

(ਪਰ) ਜਿਸ ਜੀਵ ਪਾਸੋਂ ਵਾਹਿਗੁਰੂ ਆਪ ਕਰਾਏ, ਉਹੀ ਸਤਿਗੁਰਾਂ ਦੀ ਦੱਸੀ ਕਾਰ ਕਮਾ ਸਕਦਾ ਹੈ। ਸਤਿਗੁਰੂ ਦੇ ਪਾਸ " ਨਾਮ ' ਦਾ ਖ਼ਜ਼ਾਨਾ ਹੈ, ਜੋ ਪ੍ਰਭੂ ਦੀ ਮੇਹਰ ਨਾਲ ਪ੍ਰਾਪਤ ਹੁੰਦਾ ਹੈ। ਜੋ ਮਨੁੱਖ ਸਤਿਗੁਰੂ ਜੀ ਦੇ ਸ਼ਬਦ ਦੁਆਰਾ ਸੱਚੇ ਨਾਮ ਵਿਚ ਰੰਗੇ ਹੋਏ ਹਨ, ਉਨ੍ਹਾਂ ਦੀ ਬਿਰਤੀ ਸਦਾ ਇੱਕ ਤਾਰ ਰਹਿੰਦੀ ਹੈ। ਹੇ ਨਾਨਕ ! ਜਿਸ ਨੂੰ (ਇੱਕ ਵਾਰੀ ਪ੍ਰਭ) ਮੇਲ ਲੈਂਦਾ ਹੈ, ਉਹ ਕਦੇ ਵਿਛੁੜਦਾ ਨਹੀਂ, ਓਹ ਸਦਾ ਅਡੋਲ ਅਵਸਥਾ ਵਿਚ ਟਿਕਿਆ ਰਹਿੰਦਾ ਹੈ। ੧ ।

੪- **ਸਤਿਗੁਰ ਕੀ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ ॥ ਮਤ ਤੁਮ ਜਾਣਹੁ ਓਇ ਜੀਵਦੇ, ਓਇ ਆਪਿ ਮਾਰੇ ਕਰਤਾਰਿ ॥ ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ ॥ ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥ ੨ ॥**[੫੮੯]-ਵਾਰ-੯

**ਅਰਥ:**--ਜਿਨ੍ਹਾਂ ਬੰਦਿਆਂ ਨੇ ਗੁਰੂ ਦੀ ਦੱਸੀ ਕਾਰ ਨਹੀਂ ਕੀਤੀ (ਜਿਨ੍ਹਾਂ ਆਪਣੀ ਜੀਵਨ ਜੁਗਤ ਨਹੀਂ ਸੁਆਰੀ) ਜਿਨ੍ਹਾਂ ਦੀ ਲਗਨ ਪ੍ਰਭੂ ਦੇ ਨਾਮ ਵਿਚ ਨਹੀਂ ਲੱਗੀ, ਇਹ ਨਾ ਸਮਝੋ ਕਿ ਉਹ ਬੰਦੇ ਜੀਊਂਦੇ ਹਨ, ਉਨ੍ਹਾਂ ਨੂੰ ਕਰਤਾਰ ਨੇ ਆਪ ਹੀ (ਆਤਮਕ ਮੌਤੇ) ਮਾਰ ਦਿੱਤਾ ਹੈ। ਮਾਇਆ ਦੇ ਮੋਹ ਵਿਚ ਕਰਮ ਕਰ ਕਰ ਕੇ ਉਨ੍ਹਾਂ ਨੂੰ ਹਉਮੈ ਦਾ ਰੋਗ (ਚੰਬੜਿਆ ਹੋਇਆ) ਹੈ, ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ ਮਨ ਦੇ ਪਿਛੇ ਤੁਰਨ ਵਾਲੇ ਬੰਦੇ ਜੀਊਂਦੇ ਹੀ ਮੋਏ ਜਾਣੋ। ਜੋ ਮਨੁੱਖ ਰੱਬ ਨੂੰ ਭੁਲਾਉਂਦਾ ਹੈ, ਉਹ ਦੁਖ ਪਾਉਂਦਾ ਹੈ (ਭਾਵ ਪਰਮਾਤਮਾ ਨੂੰ ਭੁਲਿਆ ਬੰਦਾ ਮਾਇਆ ਦੇ ਮਦ ਵਿਚ ਰਹਿਣ ਕਰਕੇ ਮੰਦੇ ਕਰਮ ਕਰਦਾ ਹੈ ਅਤੇ ਸਦਾ ਦੁਖੀ ਰਹਿੰਦਾ ਹੈ। ੨। ਕਿਉਂਕਿ ਗੁਰਮਤਿ ਦਾ ਇਹ ਅਟੱਲ ਸਿਧਾਂਤ ਹੈ ਕਿ ਜਿਹੜੇ ਮਨੁੱਖ ਪ੍ਰਭੂ ਨੂੰ ਸਦਾ ਆਪਣੇ ਅੰਗ ਸੰਗ ਸਮਝਦੇ ਹਨ, ਸਦਾ ਉਸ ਦੇ ਭੈ ਵਿਚ ਰਹਿ ਕੇ ਹੁਕਮ ਦੀ ਕਾਰ ਕਰਦੇ ਹਨ ਉਹ ਕਦੇ ਵੀ ਕਿਸੇ ਦਾ ਬੁਰਾ ਨਹੀਂ ਕਰ ਸਕਦੇ--**ਨਿਕਟ ਬੁਝੈ ਸੋ ਬੁਰਾ ਕਿਉਂ ਕਰੈ**।

੫- **ਜਿਨ ਕਉ ਅੰਦਰਿ ਗਿਆਨੁ ਨਹੀ ਭੈ ਕੀ ਨਾਹੀ ਬਿੰਦ ॥**
**ਨਾਨਕ ਮੁਇਆ ਕਾ ਕਿਆ ਮਾਰਣਾ ਜਿ ਆਪਿ ਮਾਰੇ ਗੋਵਿੰਦ ॥ ੧ ॥** [੧੦੯੩]-ਵਾਰ-੨੨

**ਅਰਥ:**--ਜਿੰਨ੍ਹਾਂ ਮਨੁੱਖਾਂ ਦੇ ਅੰਦਰ ਪਰਮਾਤਮਾਂ ਦਾ ਰਤਾ ਭਰ ਵੀ ਡਰ ਨਹੀਂ, ਅਤੇ ਪਰਮਾਤਮਾਂ ਨਾਲ ਜਾਣ ਪਛਾਣ ਕਰਾਉਣ ਵਾਲਾ (ਗੁਰੂ ਦਾ ਬਖ਼ਸ਼ਿਆ) ਜਿਨ੍ਹਾਂ ਨੂੰ ਗਿਆਨ ਨਹੀਂ ਹੈ, ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ ਅਜੇਹੇ ਲੋਕ (ਆਤਮਕ ਮੌਤੇ) ਮੋਏ ਹੋਏ ਹਨ, ਉਨ੍ਹਾਂ ਨੂੰ (ਮਾਨੋ) ਰੱਬ ਨੇ ਆਪ ਮਾਰ ਦਿੱਤਾ ਹੈ, ਇਨ੍ਹਾਂ ਮੁਇਆਂ ਨੂੰ ਏਦੂੰ ਵਧੀਕ ਕਿਸੇ ਹੋਰ ਨੇ ਕੀ ਮਾਰਨਾ ਹੈ। ੧।

੬- **ਸੰਗਿ ਹੋਵਤ ਕਉ ਜਾਨਤ ਦੂਰਿ ॥ ਸੋ ਜਨੁ ਮਰਤਾ ਨਿਤ ਨਿਤ ਝੂਰਿ ॥ ੨ ॥** [੩੯੪]-੩-੯੭

**ਅਰਥ:**--ਜੇਹੜਾ ਮਨੁੱਖ ਆਪਣੇ ਅੰਗ-ਸੰਗ ਵੱਸਦੇ ਪਰਮਾਤਮਾ ਨੂੰ ਕਿਤੇ ਦੂਰ ਵੱਸਦਾ ਸਮਝਦਾ ਹੈ ਉਹ ਸਦਾ (ਮਾਇਆ ਦੀ ਤ੍ਰਿਸਨਾ ਦੇ ਅਧੀਨ) ਖਿਝ ਖਿਝ ਕੇ ਆਤਮਕ ਮੌਤ ਸਹੇੜੀ ਰੱਖਦਾ ਹੈ। ੨।

ਇਨ੍ਹਾਂ ਗੁਰੂ ਸ਼ਬਦਾਂ ਦੀ ਵਿਚਾਰ ਤੋਂ ਸਪੱਸ਼ਟ ਹੋਇਆ ਹੈ ਕਿ ਸਤਿਗੁਰੂ ਜੀ ਉਸ ਮਨੁੱਖ ਨੂੰ ਜੀਉਂਦਿਆਂ ਵਿਚ ਨਹੀਂ ਗਿਣਦੇ ਜਿਹੜਾ ਵਾਹਿਗੁਰੂ ਨੂੰ ਭੁਲਾ ਕੇ, ਮਾਇਆ ਦੇ ਮੋਹ ਦੇ ਨਸ਼ੇ ਵਿਚ ਮੰਦ ਕਰਮੀ ਬਣ ਚੁੱਕਾ ਹੈ। ਜਿਸ ਨੇ ਸਤਿਗੁਰਾਂ ਦੀ ਸਿਖਿਆ ਅਨੁਸਾਰ ਆਪਣੀ ਜੀਵਨ ਜੁਗਤ ਨਹੀਂ ਸੁਆਰੀ ਅਤੇ ਆਪਣੇ ਮਨ ਦੇ ਪਿੱਛੇ ਤੁਰਦਾ ਹੋਇਆ ਆਚਰਨ ਹੀਨ ਹੋ ਚੁੱਕਾ ਹੈ ਉਸ ਨੂੰ ਗੁਰਮਤਿ ਨੇ ਮੁਰਦਾ ਮੰਨਿਆਂ ਹੈ। ਪਰਮਾਤਮਾਂ ਨੂੰ ਵਿਸਾਰ ਦੇਣਾ ਗੁਰਮਤਿ ਅਨੁਸਾਰ ਮੌਤ ਹੈ। ਏਸੇ ਵਿਸ਼ੇ ਨੂੰ ਦ੍ਰਿੜ ਕਰਾਉਣ ਵਾਲੇ ਹੋਰ ਬੇਅੰਤ ਗੁਰੂ ਫ਼ੁਰਮਾਨਾਂ ਵਿਚੋਂ ਜਿੰਨਿਆਂ ਦਾ ਦਾਸ ਨੂੰ ਗਿਆਨ ਹੈ ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ:--

| | | | | | |
|---|---|---|---|---|---|
| ੧= [੧੦ ]-੪ | ੨= [੨੯੨]-ਅਸਟ-੨੨(੧) | ੩= [੩੩੫]-੧-੪-੫੫ | ੪= [੩੮੯]-੨ | ੫= [੩੫੪]-੧੭(੪) | ੬= [੪੦੭]-੯-੧੪੯(ਰਹਾਉ) |
| ੭=, [੪੯੦]-੧-੩(੧) | ੮= [੫੧੧]-ਵਰ-੮(੨) | ੯= [੫੧੦]-ਵਾਰ-੫(੧) | ੧੦=[੫੬੨]-੧-੩(੫) | ੧੧=[੬੪੩]-ਵਾਰ-੩(੧) | ੧੨=[੧੧੯੧]-੧-੯)੨) |
| ੧੩=[੧੨੬੮]-੮-੧੨(੧) | ੧੪=[੭੪੯]-੯-੫੬(੧) | ੧੫=[੧੪੧੮]-੪੩ | | | |

੭- **ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ ॥**
**ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ ॥ ੧ ॥**
**ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥ ਅਰਦਾਸਿ ਕਰੀ ਪ੍ਰਭ ਅਪਨੇ**
**ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ ॥ ੧ ॥ ਰਹਾਉ ॥** [੭੪੯]-੯-੫੬

੩

# ਸਦ ਜੀਵੇ ਮਨੁੱਖ

ਆਉ ਹੁਣ ਇਹ ਸਮਝ ਲਈਏ ਕਿ ਸਤਿਗੁਰਾਂ ਨੇ ਸਦੀਵੀ ਜ਼ਿੰਦਗੀ ਕਿਹੜੀ ਮੰਨੀ ਹੈ? ਗੁਰੂ ਨਾਨਕ ਜੀ ਮਨੁੱਖ ਨੂੰ ਕਿਸ ਪ੍ਰਕਾਰ ਦੀ ਸਦੀਵੀ ਜਿੰਦਗੀ ਦਾ ਮਾਲਕ ਬਣਾਉਣ ਆਏ ਸਨ?

੮- **ਜਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ ॥** [ਜਤਨ--ਜਤਨ]
**ਜੀਵਤ ਰਹਹੁ ਹਰਿ ਹਰਿ ਭਜਹੁ ਨਾਨਕ ਨਾਮ ਪਰੀਤਿ ॥ ੧ ॥** {੨੫੫]-ਬ:ਅ:-੨੬

**ਅਰਥ:**--ਹੇ ਮਿਤ੍ਰ! ਬੇ-ਸ਼ਕ ਅਨੇਕ ਤਰ੍ਹਾਂ ਦੇ ਜਤਨ ਤੁਸੀਂ ਕਰ ਵੇਖੋ, (ਸਰੀਰ ਕਰਕੇ ਏਥੇ ਸਦਾ ਲਈ) ਟਿਕੇ ਨਹੀਂ ਰਹਿ ਸਕਦੇ। ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਜੇ ਪ੍ਰਭੂ ਦੇ ਨਾਮ ਨਾਲ ਪਿਆਰ ਪਾਵੋਗੇ, ਜੇ ਸਦਾ, ਹਰੀ-ਨਾਮ ਸਿਮਰੋ ਗੇ, ਤਾਂ ਸਦੀਵੀ ਜੀਣ ਵਾਲਾ ਆਤਮਕ ਜੀਵਨ ਮਿਲੇਗਾ। ੧।

੯- **ਖੰਡ ਪਤਾਲ ਦੀਪ ਸਭਿ ਲੋਆ ॥ ਸਭਿ ਕਾਲੈ ਵਸਿ ਆਪਿ ਪ੍ਰਭਿ ਕੀਆ ॥**
**ਨਿਹਚਲੁ ਏਕੁ ਆਪਿ ਅਬਿਨਾਸੀ, ਸੋ ਨਿਹਚਲੁ ਜੋ ਤਿਸਹਿ ਧਿਆਇਦਾ ॥ ੭ ॥** [੧੦੭੫]-ਸੋਲ-੧-੫

**ਅਰਥ:**--ਜਿੰਨੇ ਵੀ ਖੰਡ ਮੰਡਲ ਪਾਤਾਲ ਤੇ ਦੀਪ ਆਦਿ ਹਨ, ਇਹ ਸਾਰੇ ਪਰਮਾਤਮਾ ਨੇ ਆਪ ਹੀ ਕਾਲ ਦੇ ਅਧੀਨ ਰੱਖੇ ਹਨ, (ਭਾਵ, ਇਸ ਸਾਰੇ ਸੰਸਾਰ ਤੇ ਸਮੇਂ ਦਾ ਅਸਰ ਹੈ ਅਤੇ ਇਹ ਸਦਾ ਘਟਦੇ ਰਹਿੰਦੇ ਹਨ ਅਤੇ ਨਾਸਵੰਤ ਹਨ)। ਨਾਸ-ਰਹਿਤ ਪ੍ਰਭੂ ਆਪ ਹੀ ਸਦਾ ਕਾਇਮ ਰਹਿਣ ਵਾਲਾ ਹੈ, ਜਿਹੜਾ ਮਨੁੱਖ ਪਰਮਾਤਮਾ ਦਾ ਸਿਮਰਨ ਕਰਦਾ ਹੈ ਉਹ ਵੀ ਅਟੱਲ ਜੀਵਨ ਵਾਲਾ ਹੋ ਜਾਂਦਾ ਹੈ (ਭਾਵ, ਜਨਮ ਮਰਨ ਤੋਂ ਬਚ ਜਾਂਦਾ ਹੈ, ਅਟੱਲ ਪ੍ਰਭੂ ਵਿਚ ਅਭੇਤ ਹੋ ਜਾਂਦਾ ਹੈ)। ੭।

ਗੁਰੂ ਨਾਨਕ ਨਿਰੰਕਾਰੀ ਜੀ ਮਨੁੱਖ ਨੂੰ ਇਸ ਪ੍ਰਕਾਰ ਦਾ ਜੇਤੂ ਬਣਾਉਣ ਆਏ ਸਨ:--

੧੦- **ਨਾਮੁ ਲੈਨਿ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥ ਤਿਨ ਫਲ ਤੋਟਿ ਨ ਆਵੈ ਜਾ**
**ਜਾ ਤਿਸੁ ਭਾਵੈ ਜੇ ਜੁਗ ਕੇਤੇ ਜਾਹਿ ਜੀਉ ॥ ਜੇ ਜੁਗ ਕੇਤੇ ਜਾਹਿ ਸੁਆਮੀ ਤਿਨ ਫਲ ਤੋਟਿ ਨ ਆਵੈ ॥ ਤਿਨ੍ ਜਰਾ**
**ਮਰਣਾ ਨਰਕਿ ਨ ਪਰਣਾ ਜੋ ਹਰਿ ਨਾਮੁ ਧਿਆਵੈ ॥ ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ**
**ਖਾਹਿ ਜੀਉ ॥ ਨਾਮੁ ਲੈਨ੍ਹਿ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥ ੪ ॥**[੪੩੮]-੧-੪

**ਅਰਥ:**---ਜੇਹੜੇ ਮਨੁੱਖ ਪਰਮਾਤਮਾ ਦਾ ਨਾਮ ਸਿਮਰਦੇ ਹਨ ਉਹ ਲੋਕ ਪਰਲੋਕ ਵਿਚ ਸੋਭਾ ਪਾਉਂਦੇ ਹਨ, ਉਨ੍ਹਾਂ ਨੂੰ ਆਤਮਕ ਆਨੰਦ-ਰੂਪ ਫਲ ਮਿਲਦਾ ਹੈ, ਹਰ ਥਾਂ ਆਦਰ ਮਿਲਦਾ ਹੈ, ਉਹ ਮਨੁਖਾ ਜਨਮ ਦੀ ਬਾਜ਼ੀ ਜਿੱਤ ਕੇ ਜਾਂਦੇ ਹਨ । ਉਨ੍ਹਾਂ ਨੂੰ ਆਤਮਕ ਸੁਖ ਦਾ ਫਲ ਇਤਨਾ ਮਿਲਦਾ ਹੈ ਕਿ ਪਰਮਾਤਮਾ ਦੀ ਰਜ਼ਾ ਅਨੁਸਾਰ ਉਹ ਘਟਦਾ ਨਹੀਂ ਚਾਹੇ ਅਨੇਕਾਂ ਜੁਗ ਬੀਤ ਜਾਣ । ਹੇ ਪ੍ਰਭੂ-ਸੁਆਮੀ ! ਚਾਹੇ ਅਨੇਕਾਂ ਹੀ ਜੁਗ ਬੀਤ ਜਾਣ ਸਿਮਰਨ ਕਰਨ ਵਾਲਿਆਂ ਨੂੰ ਆਤਮਕ ਆਨੰਦ ਦਾ ਮਿਲਿਆ ਫਲ ਕਦੇ ਵੀ ਘਟਦਾ ਨਹੀਂ । ਜੇਹੜਾ ਜੇਹੜਾ ਬੰਦਾ ਹਰੀ ਦਾ ਨਾਮ ਸਿਮਰਦਾ ਹੈ ਉਨ੍ਹਾਂ ਨੂੰ **ਪ੍ਰਾਪਤ ਹੋਈ ਉੱਚੀ ਆਤਮਕ ਅਵਸਥਾ ਨੂੰ** ਨਾ ਬੁਢੇਪਾ ਆਉਂਦਾ ਹੈ ਨਾ ਮੌਤ ਆਉਂਦੀ ਹੈ, ਉਹ ਨਾ ਨਰਕ ਜਿਹੇ ਦੁਖਾਂ ਵਿਚ ਹੀ ਪੈਂਦੇ ਹਨ । ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ ਕਿ, ਜੇਹੜੇ ਬੰਦੇ ਪਰਮਾਤਮਾ ਦਾ ਸਿਮਰਨ ਕਰਦੇ ਹਨ ਉਹ ਕਦੇ ਸੁੱਕਦੇ ਨਹੀਂ (ਉਨ੍ਹਾਂ ਦਾ ਆਤਮਕ ਜੀਵਨ ਸਦਾ ਹਰਾ ਭਰਾ ਰਹਿੰਦਾ ਹੈ, ਉਨ੍ਹਾਂ ਦੇ ਅੰਦਰਲਾ ਆਤਮਕ ਖੇੜਾ ਕਦੇ ਸੁੱਕਦਾ ਨਹੀਂ) ਉਹ ਕਦੇ ਦੁਖੀ ਨਹੀਂ ਹੁੰਦੇ । ਜੇਹੜੇ ਮਨੁੱਖ ਨਾਮ ਸਿਮਰਦੇ ਹਨ ਉਹ ਲੋਕ ਪਰਲੋਕ ਵਿਚ ਸੋਭਾ ਪਾਉਂਦੇ ਹਨ, ਉਨ੍ਹਾਂ ਨੂੰ ਆਤਮਕ ਆਨੰਦ-ਰੂਪ ਫਲ ਮਿਲਦਾ ਹੈ, ਉਹ ਹਰ ਥਾਂ ਆਦਰ ਪਾਉਂਦੇ ਹਨ, ਉਹ ਮਨੁੱਖਾ ਜਨਮ ਦੀ ਬਾਜ਼ੀ ਜਿੱਤ ਕੇ ਇਥੋਂ ਜਾਂਦੇ ਹਨ । ੪ । ।

੧੧- **ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ ॥ ਗੁਰ ਕੈ ਭਾਣੈ ਜੋ ਚਲੈ,** [ਮਮ=ਮੇਰੀ । ਮਮਤਾ--ਹਰੇਕ ਚੀਜ਼ ਨੂੰ ਮੇਰੀ
**ਤਾਂ ਜੀਵਣ ਪਦਵੀ ਪਾਹਿ ॥ ਓਇ ਸਦਾ ਸਦਾ ਜਨ ਜੀਵਤੇ ਜੋ ਹਰਿ ਚਰਣੀ,** ਬਣਾ ਲੈਣ ਦੀ ਲਾਲਸਾ]
**ਚਿਤੁ ਲਾਹਿ ॥ ਨਾਨਕ ਨਦਰੀ ਮਨਿ ਵਸੈ ਗੁਰਮੁਖਿ ਸਹਜਿ ਸਮਾਹਿ ॥ ੧ ॥**[੫੦੮]-ਵਾਰ-੧

**ਅਰਥ:**--ਇਹ ਜਗਤ (ਭਾਵ, ਹਰੇਕ ਜੀਵ) (ਇਹ ਚੀਜ਼ ਮੇਰੀ ਬਣ ਜਾਏ, ਇਹ ਚੀਜ਼ ਮੇਰੀ ਬਣ ਜਾਏ--ਇਸ) ਅਪਣੱਤ ਵਿਚ ਇਤਨਾ ਫਸਿਆ ਪਿਆ ਹੈ ਕਿ ਇਸ ਨੂੰ ਜੀਊਣ ਦੀ ਜਾਚ ਨਹੀਂ ਰਹੀ । ਜੋ ਜੋ ਮਨੁੱਖ ਸਤਿਗੁਰੂ ਦੇ ਕਹੇ ਤੇ ਤੁਰਦਾ ਹੈ, ਉਹ ਜੀਵਨ-ਜੁਗਤਿ ਸਿੱਖ ਲੈਂਦਾ ਹੈ । ਜੋ ਮਨੁੱਖ ਪ੍ਰਭੂ ਦੇ ਚਰਨਾਂ ਵਿਚ ਚਿਤ ਜੋੜਦੇ ਹਨ, ਉਹ ਸਮਝੋ, ਸਦਾ ਹੀ ਜੀਊਂਦੇ ਹਨ ਕਿਉਂਕਿ ਗੁਰੂ ਦੇ ਸਨਮੁਖ ਹੋਇਆਂ ਮਿਹਰ ਦਾ ਮਾਲਕ ਪ੍ਰਭੂ ਮਨ ਵਿਚ ਆ ਵੱਸਦਾ ਹੈ ਤੇ ਗੁਰਮੁਖ ਉਸ ਅਵਸਥਾ ਵਿਚ ਜਾ ਅੱਪੜਦੇ ਹਨ ਜਿਥੇ ਪਦਾਰਥਾਂ ਵਲ ਮਨ ਨਹੀਂ ਡੋਲਦਾ । ੧ । ਭਾਵ, ਮਾਇਆ ਦੀ ਲਾਲਸਾ ਹੀ ਆਤਮਕ ਮੌਤ ਦਾ ਕਾਰਨ ਬਣਦੀ ਹੈ ਤੇ ਅਜੇਹੀ ਲਾਲਸਾ ਗੁਰਮੁੱਖ ਦੇ ਨੇੜੇ ਕਦੇ ਨਹੀਂ ਆਉਂਦੀ ।

੧੨- **ਹਰਿ ਕੇ ਸੇਵਕ ਜੋ ਹਰਿ ਭਾਏ, ਤਿਨ੍ ਕੀ ਕਥਾ ਨਿਰਾਰੀ ਰੇ ॥**
**ਆਵਹਿ ਨ ਜਾਹਿ, ਨ ਕਬਹੂ ਮਰਤੇ, ਪਾਰਬ੍ਰਹਮ ਸੰਗਾਰੀ ਰੇ ॥ ੩ ॥**[੮੫੫]-੧

**ਅਰਥ:**--ਜੋ ਬੰਦੇ ਪ੍ਰਭੂ ਦੀ ਭਗਤੀ ਕਰਦੇ ਹਨ, ਤੇ ਪ੍ਰਭੂ ਨੂੰ ਪਿਆਰੇ ਲੱਗਦੇ ਹਨ, ਉਨ੍ਹਾਂ ਦੀ ਗੱਲ ਸਾਰੇ ਜਹਾਨ ਨਾਲੋਂ ਨਿਰਾਲੀ ਹੈ । ਉਹ ਨਾ ਜੰਮਦੇ ਹਨ ਅਤੇ ਨਾਂ ਹੀ ਮਰਦੇ ਹਨ, ਕਿਉਂਕਿ ਉਹ ਸਦਾ ਹੀ ਪਰਮਾਤਮਾ ਨੂੰ ਆਪਣਾ ਸੰਗੀ ਸਮਝਦੇ ਹਨ । ੪ ।

ਗੁਰਮਤ ਨੇ ਉਸ ਮਨੁੱਖ ਨੂੰ ਸਦੀਵੀ ਜਿੰਦਗੀ ਦਾ ਮਾਲਕ ਮੰਨਿਆਂ ਹੈ ਜਿਸ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ । ਅਰਥਾਤ ਪ੍ਰਭੂ ਦਾ ਨਾਮ-ਅੰਮ੍ਰਿਤ ਹੀ ਮਨੁੱਖ ਨੂੰ ਸਦ-ਜੀਵਾ ਬਣਾਉਂਦਾ ਹੈ। ਅਦ੍ਰਿਸ਼ਟ ਨਾਮ-ਅੰਮ੍ਰਿਤ ਦੇ ਘੁੱਟ ਦ੍ਰਿਸ਼ਟਮਾਨ ਸਰੀਰ ਦੇ ਮੂੰਹ ਨਾਲ ਨਹੀਂ ਪੀਤੇ ਜਾ ਸਕਦੇ। ਨਾਮ ਅੰਮ੍ਰਿਤ ਦਾ ਰਸ ਅਦ੍ਰਿਸ਼ਟ ਹਿਰਦਾ, ਮਨ ਅਥਵਾ ਆਤਮਾ ਹੀ ਮਾਣ ਸਕਦਾ ਹੈ। ਸੋ ਨਾਮ ਅੰਮ੍ਰਿਤ ਪੀਣ ਨਾਲ ਆਤਮਕ ਤੌਰ ਤੇ ਮਨੁੱਖ ਸਦ-ਜੀਵਾ ਬਣ ਜਾਂਦਾ ਹੈ। ਨਿਹਚਲ ਪ੍ਰਭੂ ਵਿਚ ਲੀਨ ਹੋ ਜਾਣ ਨਾਲ ਆਤਮਾ ਨੇ ਨਿਹਚਲ ਹੋਣਾ ਹੈ। ਸਰੀਰ ਨੇ ਕਿੰਨਾ ਚਿਰ ਦੁਨੀਆਂ ਵਿਚ ਜੀਉਂਦੇ ਵਿਚਰਨਾ ਹੈ ?-- ਇਹ ਜਾਨਣਾਂ ਸਤਿਗੁਰੂ ਜੀ ਦੇ ਗਿਆਨ ਦਾ ਵਿਸ਼ਾ ਨਹੀਂ ਹੈ। ਸਰੀਰਾਂ ਦੇ ਜਨਮ-ਮਰਨ ਬਾਰੇ ਸਾਰੀ ਜਾਣਕਾਰੀ, ਸਿਰਜਣਹਾਰ ਦੀ ਸੰਪਤੀ ਹੈ। ਇਸੇ ਸਿਧਾਂਤ ਨੂੰ ਦ੍ਰਿੜ ਕਰਾਉਣ ਵਾਲੇ ਗੁਰੂ-ਸ਼ਬਦਾਂ ਵਿਚੋਂ ਕੁਝ ਦੀ ਸੂਚੀ ਇਸ ਪ੍ਰਕਾਰ ਹੈ :---

| | | | | | |
|---|---|---|---|---|---|
| ੧= [੩੧੯]-ਵਾਰ-੬ | ੨= [੩੨੦]-ਵਾਰ-੯ | ੩= [੩੧੨]-ਵਾਰ-੨੦ | ੪= [੩੨੭]-੧੮(੨) | ੫= [੩੪੩]-ਥਿੱਤੀ-੬ | ੬= [੩੬੪]-੧੧-੫੦(੧) |
| ੭= [੧੨੪]-੨੪-੨੬ | ੮= [੧੮੮]-੪੩-੧੧੨ | ੯= [੨੦੦]-੧੦੩-੧੭੨ | ੧੦=[੨੩੧]-੪(੫) | ੧੧=[੩੧੮]-ਵਾਰ-੩ | ੧੨=[੪੪੮]-੯-੧੩(੪) |
| ੧੩=[੫੪੫]-੨-੫ | ੧੪=[੬੪੩]-ਵਾਰ | ੧੫=[੭੮੩]-੬-੯ | ੧੬=[੧੪੧੮]-੪੪ | ੧੭=[੬੧੧]-੧੧(੩) | ੧੮=[੫੨੯]-੩(੨) |
| ੧੮=[੫੫੪]-ਵਾਰ-੧੯(੨) | ੨੦=[੫੬੯]-ਛੰਤ-੩(੧) | ੨੧=[੬੧੨]-੩-੧੪(੪) | ੨੨=[੬੦੩]-੧੧(੩) | ੨੩=[੬੪੩]-ਵਾਰ-੨(੨) | ੨੪[੬੩੭]-ਅਸਟ-੧(੨) |
| ੨੫=[੬੮੬]-ਅਸਟ--੨((੧) | ੨੬=[੬੮੮]-ਛੰਤ-੨(੪) | ੨੭=[੭੩੯]-੬-੧੨(੩) | ੨੮=[੭੨੫]-੧(੧) | ੨੯=[੮੦੮]੩-੩੩(੨) | ੩੦=[੮੯੩]-੨੪-੩੪(੩) |
| ੩੧=[੯੭੧]-੧-੧੦(੧) | ੩੨=[੧੦੪੪]-ਸੋਲਹੇ-੧(੮) | ੩੩=[੧੧੦੦]-ਵਾਰ--੧੭ | ੩੪=[੧੨੦੪]-੭(੩) | ੩੫=[੧੧੧੦]-ਵਾਰ-੧੮ | ੩੬=[੧੧੩੮]-੧੧-(੧-ਰਹਾਉ) |
| ੩੭=[੧੧੬੨]-੧(ਰਹਾਉ) | ੩੮=[੧੩੪੭]-ਵਾਰ-੨੫ | ੩੯=[੧੩੨੦]--੫(੧) | ੪੦=[੧੩੯੪]-੨੯ | ੪੧=[੪੪]-੬-੭੬(੪) | ੪੨=[੧੧੭੨]-੩(੧-ਰਹਾਉ) |
| ੪੩=[੧੫੩]-੭ | ੪੪=[੫੫]-ਵਾਰ-੧੭(੨) | ੪੫=[੭੪੦]-੮(ਰਹਾਉ) | ੪੬=[੮੮੫]-੧੧(ਰਹਾਉ) | ੪੭=[੧੩੬੩]-ਫੁਨਹੇ-੧੭ | ੪੮=[੩੭੪]-੧੩ |
| ੪੯=[੪੩੮]-੧-੪ | ੫੦=[੨੨੭]-੧੪(੯) | ੫੧={੨੨੭]-੧੪(ਰਹਾਉ) | ੫੨=[੩੨੬]-੧੩(੩) | ੫੩=[੧੦੭੪]-੧-੩(੪) | ੫੪=[੧੨੪੭]-ਵਾਰ-੨੬ |
| ੫੫=[੧੨੫੦]-ਵਾਰ-੩੩ | ੫੬=[੯੭੧]-੧-੧੦(੧) | ੫੭=[ ੫੭]-੮(੭) | ੫੮=[੩੨੭]-੧੭(੨) | ੫੯=[੩੨੭]-੨੦(੨) | ੬੦=[੭੨੯]-੮-੧੪(ਰਹਾਓ) |
| ੬੧=੧੦੨੩]-ਸੋਲਹੇ--੪(੧੪) | ੬੩=[੮੭੭]-੩(ਰਹਉ) | ੬੩=[੧੪੧੨]-੩੧ | ੬੪=[ ੫੭]-੮(੭) | | |

੧੩- **ਜੋ ਜਨਮੈ ਸੋ ਜਾਨਹੁ ਮੂਆ ॥ ਗੋਵਿੰਦ ਭਗਤੁ ਅਸਥਿਰ ਹੈ ਥੀਆ ॥ ੧ ॥ ਰਹਾਉ ॥** [੨੭੫]-੧੯

੪

# ਆਪੇ ਮਾਰੇ ਆਪਿ ਜੀਵਾਏ ॥

ਮਨੁੱਖ ਨੂੰ ਅਕਾਲ ਪੁਰਖ ਦੇ ਲੜ ਲਾਉਣ ਲਈ ਆਏ ਸਤਿਗੁਰੂ ਨਾਨਕ ਨਿਰੰਕਾਰੀ ਜੀ ਨੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਦੀ ਆਖ਼ਰੀ ਤੁਕ ਵਿਚ ਪ੍ਰਸ਼ਨ ਦੇ ਰੂਪ ਵਿਚ ਲਿਖਿਆ ਹੈ ਕਿ---**ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥** ਸਾਡੇ ਅੰਦਰ ਦਾ ਝੂਠ ਦਾ ਪਰਦਾ ਕਿਵੇ ਖ਼ਤਮ ਹੋਵੇ, ਕੂੜ ਦੀ ਕੰਧ ਕਿਵੇ ਢੈ ਢੇਰੀ ਹੋਵੇ ? ਅਸੀਂ ਅਜੇਹੇ ਕਿਵੇ ਬਣੀਏਂ ਜੋ ਪ੍ਰਭੂ ਦਾ ਪ੍ਰਕਾਸ਼ ਸਾਡੇ ਅੰਦਰ ਹੋ ਸਕੇ ? ਅਗਲੀ ਤੁਕ ਵਿਚ ਉਤਰ ਹੈ--**ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥ ੧ ॥** ਸਤਿਗੁਰੂ ਜੀ ਦਾ ਫ਼ੁਰਮਾਨ ਹੈ ਕਿ ਅਕਾਲ ਪੁਰਖ ਨੇ ਸ੍ਰਿਸ਼ਟੀ ਦੀ ਸਿਰਜਣਾਂ ਦੇ ਸਮੇਂ ਤੋਂ ਹੀ ਇਹ ਨਿਯਮ ਨਾਲ ਹੀ ਲਿਖ ਦਿੱਤਾ ਸੀ ਕਿ ਹੁਕਮ ਵਿਚ ਤੁਰਿਆਂ ਕੂੜ ਦੀ ਕੰਧ ਢੈ ਸਕਦੀ ਹੈ । ਹੁਕਮ ਵਿਚ ਤੁਰਦੇ ਰਿਹਾਂ ਪ੍ਰਭੂ ਦੇ ਪਰਕਾਸ਼ ਦਾ ਝਲਕਾਰਾ ਵਜਣਾ ਅਰੰਭ ਹੋ ਜਾਂਦਾ ਹੈ। ਫਿਰ ਦੂਸਰੀ ਪਉੜੀ ਦੇ ਅਰੰਭ ਵਿਚ ਹੀ ਸਤਿਗੁਰਾਂ ਫ਼ੁਰਮਾ ਦਿੱਤ--**ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥** ਭਾਵ, ਇਹ ਦਿਸਦੇ ਅਕਾਰ, ਇਹ ਮਨੁੱਖਾ ਸਰੀਰ ਅਕਾਲ ਪੁਰਖ ਦੇ ਹੁਕਮ ਅਨੁਸਾਰ ਬਣਦੇ ਹਨ, ਹੁਕਮ ਅਨੁਸਾਰ ਹੀ ਜੀਵਾਂ ਦਾ ਜਨਮ ਹੁੰਦਾ ਹੈ ਫਿਰ ਸਿਰਜਣਹਾਰ

ਕਰਤਾਰ ਦੇ ਹੁਕਮ ਵਿਚ ਜੀਵਨ ਗੁਜ਼ਾਰਦੇ ਰਿਹਾਂ ਹੀ (ਏਥੇ ਸੰਸਾਰ ਵਿਚ ਅਤੇ ਅੱਗੇ ਰਬੀ ਦਰਬਾਰ ਵਿਚ) ਵਡਿਆਈ ਅਤੇ ਸੋਭਾ ਮਿਲਦੀ ਹੈ। ਪਰ ਰੱਬੀ ਹੁਕਮ ਦੀ ਸੋਝੀ ਆ ਕੇ ਉਸ ਤੇ ਪੂਰਾ ਵਿਸ਼ਵਾਸ਼ ਬਣਨਾ, ਸੌਖਾ ਨਹੀਂ ਹੈ। ਗੁਰੂ ਨਾਨਕ ਜੀ ਦਾ ਫ਼ੁਰਮਨ ਹੈ ਕਿ ਜੇ ਕਦੇ ਕੋਈ ਹੁਕਮ ਨੂੰ ਸਮਝ ਲਵੇ ਤਾਂ ਉਸ ਦੇ ਅੰਦਰੋਂ ਹੰਕਾਰ ਖ਼ਤਮ ਹੋ ਜਾਂਦਾ ਹੈ ਅਥਵਾ ਸੁਆਰਥੀ ਸੁਭਾ ਮੁੱਕ ਜਾਂਦਾ ਹੈ--**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥** ਅਤੇ ਫਿਰ--**ਹਉਮੈ ਬੂਝੈ ਤਾ ਦਰੁ ਸੂਝੈ ॥ (**੪੬੬) ਸਤਿਗੁਰਾਂ ਦੀ ਸਰਣ ਵਿਚ ਆ ਕੇ, ਭਾਵ ਗੁਰਮਤਿ ਅਨੁਸਾਰ ਜੀਵਨ ਢਾਲ ਲੈਣ ਦੇ ਆਹਰੇ ਲੱਗਿਆਂ, ਆਪੇ ਦਾ ਹੰਕਾਰ ਮਰਦਾ ਹੈ,, ਮਾਇਆ ਮੋਹ ਦੇ ਕਾਰਨ ਬਣੇ ਕਰੜੇ ਭਿੱਤ ਖੁਲ੍ਹ ਜਾਂਦੇ ਹਨ--ਖੂਲਤੇ ਕਪਾਟ ਨਾਨਕ ਸਤਿਗੁਰ ਭੇਟਤੇ ॥ ੧ ॥ [੮੦], ਅਤੇ ਸਿੱਧੇ ਰਸਤੇ ਤੇ ਤੁਰਨ ਦੀ ਸੋਝੀ ਆ ਜਾਂਦੀ ਹੈ,--**ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥** (੧੨੪) ਅਤੇ ਜਦ ਹਉਮੈ ਦਾ ਨਾਸ ਹੋ ਗਿਆ ਤਦ--**ਹਉਮੈ ਜਾਈ, ਤਾ ਕੰਤ ਸਮਾਈ ॥** (੭੫੦) ਹੁਕਮ* ਵਿਚ ਰਹਿਣ ਨਾਲ ਹੰਕਾਰ ਮਰਨਾਂ ਹੈ ਅਤੇ ਹੰਕਾਰ ਮਰਦਿਆਂ ਹੀ ਪ੍ਰਭੂ ਦੇ ਚਰਨਾਂ ਵਿਚ ਸਮਾਈ ਪ੍ਰਾਪਤ ਕਰਨ ਦੀ ਸੂਝ ਆ ਜਾਣੀ ਹੈ। ਪ੍ਰਭੂ ਦੇ ਹੁਕਮ ਵਿਚ ਰਹਿਣਦੀ ਜਾਚ ਦੱਸਣੀ ਹੀ ਸਤਿਗੁਰਾਂ ਦੇ ਵਿਦਿਆਲੇ ਦਾ ਪਰਮੁੱਖ ਵਿਸ਼ਾ ਹੈ ।>>>>>>>

[* Foot Note:--ਹੁਕਮ ਬਾਰੇ ਸਤਿਗੁਰਾਂ ਦਾ ਇਹ ਫ਼ੁਰਮਾਨ ਕਿ--**ਹੁਕਮੁ ਨ ਕਹਿਆ ਜਾਈ**--ਵੀ ਦੁਜੀ ਪਉੜੀ ਦੇ ਅਰੰਭ ਵਿਚ ਹੀ ਹੈ । ਫਿਰ ਇਹ ਹੁਕਮ ਕਿਹੋ ਜਿਹਾ ਹੇ ਜਿਹੜਾ ਕਹਿਣ ਤੋਂ ਬਾਹਰ ਹੈ ? ਕੀ ਇਹ ਹੁਕਮ, ਕੋਈ ਆਗਿਆ ਹੀ ਹੈ ? ਹੁਕਮ ਇੱਕ ਗੰਭੀਰ ਅਤੇ ਲੰਮਾਂ ਵਿਸ਼ਾ ਹੈ । ਇਸ ਬਾਰੇ ਗੁਰਬਾਣੀ ਸ਼ਬਦਾਂ ਦੇ ਅਧਾਰ ਤੇ ਬੜੀ ਖੁੱਲ੍ਹੀ ਵੀਚਾਰ, ਇਸ ਪੁਸਤਕ ਦੇ ਤੀਸਰੇ ਭਾਗ ਵਿਚ ਕੀਤੀ ਗਈ ਹੈ ]

<<<< ਅਕਾਲ ਪੁਰਖ ਦੇ ਹੁਕਮ ਵਿਚ ਰਹਿਣਾਂ, ਉਸ ਦੇ ਭਾਂਣੇ ਨੂੰ ਸਤਿ ਕਰਕੇ ਮੰਨਣਾਂ, ਹੁਕਮ ਅਨੁਸਾਰ ਆਪਣੀ ਜੀਵਨ-ਜੁਗਤ ਢਾਲ ਲੈਣੀ, ਪਰਮਾਤਮਾਂ ਨਾਲ ਮਿਲਾਪ ਦਾ ਕੇਵਲ ਮਾਤ੍ਰ ਸਾਧਨ ਹੈ । ਏਹੀ ਕਾਰਨ ਹੈ ਕਿ ਪ੍ਰਭੂ ਦੇ ਹੁਕਮ ਵਿਚ ਰਹਿਣਾ, ਗੁਰੂ ਨਾਨਕ ਜੀ ਦੇ ਘਰ ਦਾ ਪਰਮੁਖ ਸਿਧਾਂਤ ਹੈ । ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਵਾਹਿਗੁਰੂ ਆਪ ਹੀ ਜੀਵਾਂ ਦੀ ਮੌਤ ਕਰਨ ਵਾਲਾ ਅਤੇ ਆਪ ਹੀ ਛੱਡਦਾ ਹੈ, ਆਪ ਹੀ ਬਖ਼ਸ਼ਦਾ ਹੈ ਅਤੇ ਆਪ ਹੀ ਮਿਹਰਾਂ ਕਰਦਾ ਹੈ--੧= **ਆਪੇ ਮਾਰੇ ਆਪੇ ਛੋਡੈ ਆਪੇ ਬਖਸੇ ਕਰੇ ਦਇਆ ॥** (੫੫੩) ਸਦਾ ਪਰਮਾਤਮਾਂ ਦੇ ਹੁਕਮ ਅਤੇ ਉਸ ਦੇ ਭਾਣੇ ਵਿਚ ਰਹਿਣ ਦੀ ਜਾਚ ਦੱਸਣ ਆਏ ਗੁਰੂ ਨਾਨਕ ਜੀ ਨੇ ਵਾਹਿਗੁਰੂ ਦੇ ਕੰਮ ਵਿਚ ਦਖ਼ਲ ਕਿਉਂ ਦੇਣਾ ਸੀ ? ਮਾਝ ਕੀ ਵਾਰ ਵਿਚ ਸਤਿਗੁਰੂ ਨਾਨਕ ਨਿਰੰਕਾਰੀ ਜੀ ਦਾ ਫ਼ੁਰਮਾਨ ਹੈ ਕਿ ਪ੍ਰਭੂ ਤੋਂ ਬਿਨਾਂ ਕੋਈ ਹੋਰ ਦੂਜਾ, ਜੀਵਾਂ ਨੂੰ ਨਾ ਜੀਉਂਦਾ ਰੱਖ ਸਕਦਾ ਹੈ ਅਤੇ ਨਾ ਹੀ ਮਾਰ ਸਕਦਾ ਹੈ:--

੧੪- **ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥ ੧ ॥** [੧੦੧੦]-ਅਸਟ-੩ ਬੀਜਉ--ਦੂਜਾ, ਕੋਈ ਹੋਰ ।

**ਅਰਥ**:--ਗੁਰੂ ਨਾਨਕ ਜੀ ਮਾਰੂ ਰਾਗ ਦੀ ਅਸਟਪਦੀ ਵਿਚ ਫ਼ੁਰਮਾਨ ਕਰਦੇ ਹਨ ਕਿ, ਜੀਵਾਂ ਨੂੰ ਮਾਰਨ ਵਾਲਾ ਅਤੇ ਰੱਖਿਆ ਕਰਨ ਵਾਲਾ ਅਕਾਲਪੁਰਖ ਆਪ ਹੀ ਹੈ ਉਸ ਤੋਂ ਬਿਨਾਂ ਦੂਜੀ ਹੋਰ ਅਜੇਹੀ ਕੋਈ ਥਾਂ ਨਹੀਂ ਹੈ ( ਜਿਥੇ ਜੀਵਾਂ ਦੀ ਰੱਖਿਆ ਜਾਂ ਮੌਤ ਹੋ ਸਕਦੀ ਹੈ )।

੧੫- **ਜਬ ਇਹੁ ਨ ਸੋ ਤਬ ਕਿਨਹਿ ਉਪਾਇਆ ॥ ਕਵਨ ਮੂਲ ਤੇ ਕਿਆ ਪ੍ਰਗਟਾਇਆ ॥**
**ਆਪਹਿ ਮਾਰਿ ਆਪਿ ਜੀਵਾਲੈ ॥ ਅਪਨੇ ਭਗਤ ਕਉ ਸਦਾ ਪ੍ਰਤਿਪਾਲੈ ॥ ੨ ॥** [੧੧੪੬]-੨੫-੩੮

ਸੁਖਮਨੀ ਸਾਹਿਬ ਦੀ ਚੌਦਵੀਂ ਅਸਟਪਦੀ ਦੇ ਪਹਿਲੇ ਪਦੇ ਵਿਚ ਪੰਚਮ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ:---

੧੬- **ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥ ਜਿਸ ਕੈ ਦੀਐ ਰਹੈ ਅਘਾਇ ॥ ਬਹੁਰਿ ਨ ਤ੍ਰਿਸਨਾ ਲਾਗੈ ਆਇ ॥ ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥ ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥ ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥ ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥ ਨਾਨਕ ਬਿਘਨੁ ਨ ਲਾਗੈ ਕੋਇ ॥ ੧ ॥**[੨੮੧]

**ਅਰਥ**:--(ਹੇ ਮਨ !) ਕਿਸੇ ਮਨੁੱਖ ਦਾ ਆਸਰਾ ਉੱਕਾ ਹੀ ਵਿਅਰਥ ਸਮਝ । ਇਕ ਅਕਾਲ ਪੁਰਖ ਹੀ ਸਭ ਜੀਆਂ ਨੂੰ ਦੇਣ ਜੋਗ ਹੈ । ਜਿਸ ਦੇ ਦਿੱਤਿਆਂ ਮਨੁੱਖ ਰਜਿਆ ਰਹਿੰਦਾ ਹੈ ਤੇ ਮੁੜ ਉਸ ਨੂੰ ਲਾਲਚ ਆ ਕੇ ਨਹੀਂ ਦਬਾਉਂਦਾ । ਪ੍ਰਭੂ ਆਪ ਹੀ ਜੀਵਾਂ ਨੂੰ ਮਾਰਦਾ ਹੈ, ਜਾਂ ਪਾਲਦਾ ਹੈ, ਮਨੁੱਖ ਦੇ ਵੱਸ ਵਿਚ ਕੁਝ ਨਹੀਂ ਹੈ । ਤਾਂ ਤੇ ਉਸ ਮਾਲਕ ਦਾ ਹੁਕਮ ਸਮਝ ਕੇ ਸੁਖ ਹੁੰਦਾ ਹੈ । (ਹੇ ਮਨ !) ਉਸ ਦਾ ਨਾਮ ਹਰ ਵੇਲੇ ਯਾਦ ਕਰ । ਉਸ ਪ੍ਰਭੂ ਨੂੰ ਸਦਾ ਸਿਮਰ । ਸਿਮਰਨ ਦੀ ਬਰਕਤਿ ਨਾਲ ਜਿੰਦਗੀ ਦੇ ਸਫ਼ਰ ਵਿਚ ਕੋਈ ਰੁਕਾਵਟ ਨਹੀਂ ਪੈਂਦੀ । ਭਾਵ, ਜਿੰਦਗੀ ਸੌਖੀ ਲੰਘਦੀ ਹੈ । ੧ ।

੧੭- **ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ ॥ ਜਿਸ ਕਾ ਸਾਸੁ ਨ ਕਾਢਤ ਆਪਿ ॥ ਤਾ ਕਉ ਰਾਖਤ ਦੇ ਕਰਿ ਹਾਥ ॥ ਮਾਨਸ ਜਤਨ ਕਰਤ ਬਹੁ ਭਾਤ ॥ ਤਿਸ ਕੇ ਕਰਤਬ ਬਿਰਥੇ ਜਾਤਿ ॥ ਮਾਰੈ ਨ ਰਾਖੈ ਅਵਰੁ ਨ ਕੋਇ ॥ ਸਰਬ ਜੀਆ ਕਾ ਰਾਖਾ ਸੋਇ ॥ ਕਾਹੇ ਸੋਚ ਕਰਹਿ ਰੇ ਪ੍ਰਾਣੀ ॥ ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥ ੫ ॥**[੨੮੬]-ਅਸਟ-੧੭

**ਅਰਥ**:--ਜਿਸ ਨਿੱਕੀ ਜਿਹੀ ਕੀੜੀ ਵਿਚ ਪ੍ਰਭੂ ਤਾਕਤ ਭਰਦਾ ਹੈ, ਉਹ ਕੀੜੀ ਲੱਖਾਂ ਕਰੋੜਾਂ ਲਸ਼ਕਰਾਂ ਨੂੰ ਸੁਆਹ ਕਰ ਸਕਦੀ ਹੈ । ਜਿਸ ਜੀਵ ਦੇ ਸੁਆਸਾਂ ਦੀ ਰਖਿਆ ਪ੍ਰਭੂ ਆਪਣਾ ਹੱਥ ਦੇ ਕੇ ਕਰਦਾ ਹੋਵੇ ਅਤੇ ਸੁਆਸ ਉਹ ਆਪ ਨਾਂ ਕੱਢੇ, ਫਿਰ ਮਨੁੱਖ ਭਾਂਵੇਂ ਕਈ ਕਿਸਮਾਂ ਦੇ ਯਤਨ ਕਰਦੇ ਹਨ ਪਰ ਉਨ੍ਹਾਂ ਦੇ ਸਾਰੇ ਕੰਮ ਬਿਰਥੇ ਜਾਂਦੇ ਹਨ । (ਮਨੁੱਖ ਉਸ ਜੀਵ ਦਾ ਕੁਝ ਨਹੀਂ ਵਿਗਾੜ ਸਕਦਾ ਜਿਸ ਦੀ ਰਖਿਆ ਪ੍ਰਭੂ ਕਰਦਾ ਹੋਏ) । (ਪ੍ਰਭੂ ਤੋਂ ਬਿਨਾਂ ਜੀਵਾਂ ਨੂੰ) ਨਾ ਕੋਈ ਮਾਰ ਸਕਦਾ ਹੈ, ਨਾ ਰੱਖ ਸਕਦਾ ਹੈ, ਪ੍ਰਭੂ ਜੇਡਾ ਹੋਰ ਕੋਈ ਨਹੀਂ ਹੈ, ਸਾਰੇ ਜੀਵਾਂ ਦਾ ਰਾਖਾ ਪ੍ਰਭੂ ਆਪ ਹੀ ਹੈ । ਸਤਿਗੁਰਾਂ ਦਾ ਫ਼ੁਰਮਾਨ-- ਹੇ ਪ੍ਰਾਣੀ ! ਤੂੰ ਕਿਉਂ ਫ਼ਿਕਰ ਕਰਦਾ ਹੈ ? ਅਲੱਖ ਤੇ ਅਚਰਜ ਪ੍ਰਭੂ ਨੂੰ ਸਿਮਰ।

੧੮- **ਤੂ ਆਪੇ ਆਪਿ ਆਪਿ ਸਭੁ ਕਰਤਾ ਕੋਈ ਦੂਜਾ ਹੋਇ ਸੁ ਅਵਰੋ ਕਹੀਐ ॥**
**ਹਰਿ ਆਪੇ ਬੋਲੈ ਆਪਿ ਬੁਲਾਵੈ ਹਰਿ ਆਪੇ ਜਲਿ ਥਲਿ ਰਵਿ ਰਹੀਐ ॥**
**ਆਪੇ ਮਾਰੈ ਹਰਿ ਆਪੇ ਛੋਡੈ** ਮਨ ਹਰਿ ਸਰਣੀ ਪੜਿ ਰਹੀਐ ॥
**ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ** ਮਨ ਹੋਇ ਨਿਚਿੰਦ

**ਨਿਸਲੁ ਹੋਇ ਰਹੀਐ ॥ ਉਠਦਿਆ ਬਹਦਿਆ ਸੁਤਿਆ ਸਦਾ ਸਦਾ, ਹਰਿ ਨਾਮੁ ਧਿਆਈਐ ਜਨ ਨਾਨਕ ਗੁਰਮੁਖਿ ਹਰਿ ਲਹੀਐ ॥੨੧॥**[੫੯੪]-ਵਾਰ

**ਅਰਥ:**--ਹੇ ਹਰੀ ! ਤੂੰ ਆਪ ਹੀ ਆਪ ਹੈਂ ਤੇ ਆਪ ਹੀ ਸਭ ਕੁਝ ਪੈਦਾ ਕਰਦਾ ਹੈਂ, ਕਿਸੇ ਹੋਰ ਦੂਜੇ ਨੂੰ ਪੈਦਾ ਕਰਨ ਵਾਲਾ ਤਾਂ ਹੀ ਆਖੀਏ, ਜੇ ਕੋਈ ਹੋਵੇ ਹੀ। ਹਰੀ ਆਪ ਹੀ (ਸਭ ਜੀਵਾਂ ਵਿਚ) ਬੋਲਦਾ ਹੈ, ਆਪ ਹੀ ਸਭ ਨੂੰ ਬੁਲਾਉਂਦਾ ਹੈ ਅਤੇ ਆਪ ਹੀ ਜਲ ਵਿਚ ਥਲ ਵਿਚ ਵਿਆਪ ਰਿਹਾ ਹੈ।

ਹੇ ਮਨ ! ਹਰੀ ਆਪ ਹੀ ਮਾਰਦਾ ਹੈ ਤੇ ਆਪ ਹੀ ਬਖ਼ਸ਼ਦਾ ਹੈ, ਇਸ ਵਾਸਤੇ ਹਰੀ ਦੀ ਸ਼ਰਨ ਵਿਚ ਪਿਆ ਰਹਿਣਾ ਚਾਹੀਦਾ ਹੈ (ਭਾਵ, ਸਦਾ ਹਰੀ ਤੇ ਹੀ ਟੇਕ ਰੱਖਣੀ ਚਾਹੀਦੀ ਹੈ । ਹਰੀ ਤੋਂ ਬਿਨਾਂ ਹੋਰ ਕੋਈ ਨਾ ਮਾਰ ਸਕਦਾ ਹੈ ਨਾ ਜਿਵਾਲ ਸਕਦਾ ਹੈ, ਇਸ ਵਾਸਤੇ ਨਿਸਚਿੰਤ ਹੋ ਰਹੁ ਤੇ ਲੰਮੀਆਂ ਤਾਣ ਛੱਡ (ਭਾਵ, ਕਿਸੇ ਹੋਰ ਦੀ ਓਟ ਨਾ ਤੱਕ ਤੇ ਸਭ ਤੋਂ ਵੱਡੇ ਹਰੀ ਦੀ ਆਸ ਰੱਖ)। ਹੇ ਦਾਸ ਨਾਨਕ ! ਜੇ ਉਠਦਿਆਂ ਬਹਿੰਦਿਆਂ ਤੇ ਸੁੱਤਿਆਂ ਹਰ ਵੇਲੇ ਹਰੀ ਦਾ ਨਾਮ ਸਿਮਰੀਏ ਤਾਂ ਸਤਿਗੁਰੂ ਦੇ ਸਨਮੁੱਖ ਹੋ ਕੇ ਹਰੀ ਮਿਲ ਪੈਂਦਾ ਹੈ। ੨੧ ।

ਅਤੇ ਫਿਰ--**ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥**[੧੪੯] ਅਜੇਹੇ ਸਰਲ ਅਤੇ ਸਾਫ਼ ਗੁਰੂ ਹੁਕਮਾਂ ਦੇ ਹੁੰਦਿਆਂ ਜੇ ਅਸੀਂ ਏਹੀ ਕਹੀ ਜਾਈਏ ਕਿ ਗੁਰੂ ਸਾਹਿਬਾਨ ਮਨੁੱਖ ਨੂੰ ਮਾਰ ਕੇ ਫਿਰ ਜੀਵਾਲਦੇ ਰਹੇ ਸਨ, ਤਾਂ ਏਹੀ ਸਮਝਿਆ ਜਾ ਸਕਦਾ ਹੈ ਕਿ ਜਾਂ ਅਸੀਂ ਏਡੇ ਮੂਰਖ ਹਾਂ ਕਿ ਸਤਿਗੁਰਾਂ ਦੇ ਉਪਦੇਸ਼ ਨੂੰ ਸਮਝ ਨਹੀਂ ਸਕੇ ਜਾਂ ਫਿਰ ਅਸੀਂ ਏਥੋਂ ਤੱਕ ਗਿਰ ਚੁੱਕੇ ਹਾਂ ਕਿ ਸਤਿਗੁਰਾਂ ਦੇ ਇਨ੍ਹਾਂ ਬਚਨਾਂ ਦੀ ਕੋਈ ਪਰਵਾਹ ਨਹੀਂ ਮੰਨਦੇ। ਜੇ ਅਸੀਂ ਆਪਣੇ ਸਤਿਗੁਰਾਂ ਦੇ ਸਾਰਿਆਂ ਸ਼ਬਦ ਨੂੰ ਧੁਰ ਕੀ ਬਾਣੀ, ਰੱਬੀ ਬਾਣੀ, ਅਥਵਾ ਸਦੀਵੀ ਸੱਚ ਮੰਨਦੇ ਹੋਈਏ ਤਾਂ ਇਹ ਕਦੇ ਨਾ ਕਹੀਏ ਕਿ ਸਤਿਗੁਰੂ ਜੀ ਜੀਉਂਦਿਆਂ ਮਨੁੱਖਾਂ ਨੂੰ ਪਹਿਲਾਂ ਮਾਰ ਲੈਂਦੇ ਸਨ ਤੇ ਫਿਰ ਮੁਰਦਾ ਪਈ ਲੋਥ ਵਿਚ ਸੁਆਸ ਪਾ ਦੇਣ ਦਾ ਨਾਟਕ ਕਰ ਵਿਖਾਉਂਦੇ ਸਨ। ਇਹ ਕਹਿ ਕੇ ਅਸੀਂ ਸਤਿਗੁਰਾਂ ਬਾਰੇ ਇਹ ਕਹਿ ਰਹੇ ਹੁੰਦੇ ਹਾਂ ਕਿ ਉਹ ਅਕਾਲ ਪੁਰਖ ਦੇ ਹੁਕਮ ਵਿਚ ਰਹਿਣ ਵਾਲੀ ਗੱਲ ਸਿਰਫ਼ ਲੋਕਾਂ ਵਾਸਤੇ ਹੀ ਕਰਦੇ ਸਨ। ਇਸ ਤਰ੍ਹਾਂ ਅਸੀਂ ਸਤਿਗੁਰਾਂ ਦੇ ਬਚਨ--" **ਅਵਰ ਉਪਦੇਸੈ ਆਪੁ ਨ ਕਰੈ ..**" ਦੀ ਖੰਡਨਾ ਦਾ ਦੋਸ਼ ਸਤਿਗੁਰਾਂ ਤੇ ਲਾ ਰਹੇ ਹੁੰਦੇ ਹਾਂ। ਫਿਰ ਅਸੀਂ ਕਿਹੋ ਜਿਹੇ ਗੁਰਸਿੱਖ ਹਾਂ?--

੧੯- **ਕਬੀਰ ਸਾਚਾ ਸਤਿਗੁਰੁ ਕਿਆ ਕਰੈ, ਜਉ ਸਿਖਾ ਮਹਿ ਚੂਕ ॥**
**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥ ੧੫੮ ॥**[੧੩੭੨]

ਅਕਾਲ ਪੁਰਖ ਦਾ ਭਾਣਾ ਮੰਨ ਕੇ ਸਤਗੁਰਾਂ ਦਾ ਤੱਤੀ ਲੋਹ ਤੇ ਬੈਠ ਕੇ ਆਪਣਾ ਪਾਵਨ ਸਰੀਰ ਭੁੜਥਾ ਕਰਾ ਲੈਣਾ ਲੋਕ-ਵਿਖਾਵੇ ਲਈ ਫੋਕਾ ਡਰਾਮਾ ਨਹੀਂ ਸੀ। ਹਰੀਆਂ ਵੇਲਾਂ ਵਾਲੇ ਮਹਾਂਪੁਰਖ ਸੰਤ ਨਿਹਾਲ ਸਿੰਘ ਜੀ ਵਰਗੇ ਆਪਣੇ ਭਾਸ਼ਨਾਂ ਵਿਚ ਜਦ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਗੁਰੂ ਤੇਗ਼ ਬਾਹਾਦਰ ਸਾਹਿਬ ਦਾ ਪਾਵਨ ਸਰੀਰ ਆਪਣੇ ਆਪ ਹੀ ਧੜ ਤੋਂ ਜੁਦਾ ਹੋ ਗਿਆ ਸੀ, ਤਾਂ ਸਹਿਜ ਸੁਭਾ ਹੀ ਕਈ ਤਰ੍ਹਾਂ ਦੇ ਪ੍ਰਸ਼ਨ ਘੇਰਾ ਆ ਪਾਉਂਦੇ ਹਨ--ਕੀ ਗੁਰੂ ਤੇਗ਼ ਬਹਾਦਰ ਜੀ ਨੂੰ ਕਿਸੇ ਜ਼ਾਲਮ ਨੇ ਸ਼ਹੀਦ ਨਹੀਂ ਸੀ ਕੀਤਾ ? ਕੀ ਉਨ੍ਹਾਂ ਦੀ ਇਹ ਸ਼ਹੀਦੀ ਨਹੀਂ, ਸਗੋਂ ਆਤਮ ਹਤਿਆ ਸੀ ? ਫਿਰ ਕੀ ਦਸ਼ਮੇਸ਼ ਜੀ ਨੇ ਆਪਣਾ ਪਰਵਾਰ ਆਪਣੀ ਮਰਜ਼ੀ ਨਾਲ ਖੇਰੂੰ ਖੇਰੂੰ ਕਰਾਕੇ ਸ਼ਹੀਦ ਕਰਵਾਇਆ ਸੀ ? ਕੀ ਦਸ਼ਮੇਸ਼ ਜੀ ਨੇ ਆਪਣੀ ਮਰਜ਼ੀ ਨਾਲ ਜਾਨ ਲੇਵਾ ਜ਼ਖ਼ਮ ਲਵਾਇਆ ਸੀ ? ਕੀ ਸਤਿਗੁਰਾਂ ਦੇ ਸਾਰੇ ਸਿੱਖ ਉਨ੍ਹਾਂ ਦੀ ਆਪਣੀ ਮਰਜ਼ੀ ਨਾਲ ਸ਼ਹੀਦ ਕੀਤੇ ਗਏ ਸਨ ? ਕੀ ਸਿੰਘਾਂ ਦਾ ਰਾਜ ਭਾਗ ਸਤਿਗੁਰਾਂ ਨੇ ਆਪ ਹੀ ਨਸ਼ਟ ਕੀਤਾ ਸੀ ? ਜੇ ਇਹ ਸਭ ਕੁਝ ਗੁਰੂ ਜੀ ਆਪਣੀ ਮਰਜ਼ੀ ਨਾਲ ਆਪ ਹੀ ਕਰਦੇ ਰਹੇ ਸਨ ਤਾਂ ਫਿਰ ਔਰੰਗਜ਼ੇਬ, ਵਜੀਦ ਖ਼ਾਨ, ਜ਼ਕਰੀਆ ਖ਼ਾਨ ਆਦਿ ਦਾ ਕੀ ਦੋਸ਼ ਸੀ ? ਜਦ ਸਭ ਕੁਝ ਕਰਦੇ ਸਾਡੇ ਆਪਣੇ ਹੀ ਸਤਿਗੁਰੂ ਸਾਹਿਬ ਹੀ ਹਨ ਤਾਂ ਅਸੀਂ ਕਿਸੇ ਸਰਕਾਰ ਦੇ ਵਿਰੁੱਧ ਅੰਦੋਲਨ ਕਿਉਂ ਕਰਦੇ ਹਾਂ ? ਸਰਕਾਰਾਂ ਨੂੰ ਜ਼ਾਲਮ ਅਤੇ ਧੱਕੇ ਖੋਰ ਕਹਿ ਕੇ ਅਸੀਂ ਉਨ੍ਹਾਂ ਦੇ ਵਿਰੁੱਧ ਰੌਲਾ ਕਿਸ ਕਾਰਨ ਪਾਉਂਦੇ ਹਾਂ ? ਹੇ ਮੂਰਖ ਅਤੇ ਨੀਚ ਸੋਚਣੀ ਵਾਲੀ ਸਾਡੀ ਸ਼ਰਧਾ ! ਕਿਉਂ ਉਹੀ ਕਰਾਮਾਤੀ ਕਾਰਨਾਮੇ ਸਤਿਗੁਰਾਂ ਦੀ ਪਾਵਨ ਹਸਤੀ ਨਾਲ ਜੋੜ ਰਹੀ ਹੈਂ, ਜਿਨ੍ਹਾਂ ਨਾਟਕ-ਚੇਟਕਾਂ ਤੋਂ ਉਹ ਸਿੱਧਾਂ, ਜੋਗੀਆਂ, ਅਤੇ ਪੀਰਾਂ ਆਦਿ ਨੂੰ ਅੱਜ ਵੀ ਨਿਰੰਤਰ ਰੋਕ ਰਹੇ ਹਨ? ਹੇ ਸਾਧ-ਡੇਰੇ ਦਾਰਾਂ ਦੇ ਭਰਮ-ਜਾਲ ਵਿਚ ਫਸੀ ਮੇਰੀ ਨੀਚ ਸ਼ਰਧਾ ! ਤੂੰ ਕਿਉਂ ਸਿਖੀ ਸਿਧਾਂਤ ਦੇ ਨਿਰਮਲ-ਸਰੋਵਰ ਨੂੰ ਗੰਦਲਾ ਕਰਕੇ ਸਿਖੀ ਦਾ ਭੋਗ ਪਾ ਦੇਣ ਤੇ ਲੱਕ ਬੰਨ੍ਹ ਖਲੋਤੀ ਹੈਂ ? ਹੇ ਸਾਡੀ ਮੂਰਖ ਸ਼ਰਧਾ ! ਕੀ ਤੂੰ ਸਾਨੂੰ ਸਤਿਗੁਰਾਂ ਦੇ ਇਸ ਫ਼ੁਰਮਾਨ ਨੂੰ ਵੀ ਸੱਚ ਨਹੀਂ ਮੰਨਣ ਦੇਂਦੀ ਕਿ--**ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥**[੨੭੬]-ਅਸਟ-੧੧ ਹੇ ਨੀਚਤਾ ਦੀ ਖੱਡ ਵਿਚ ਡਿੱਗੀ ਮੇਰੀ ਸ਼ਰਧਾ ! ਤੂੰ ਇਹ ਕਿਉਂ ਨਹੀਂ ਸਮਝਦੀ ਕਿ ਸਤਿਗੁਰੂ ਨਾਨਕ ਜੀ ਪਰਮੇਸ਼ਰ ਦੇ ਪਰਮ-ਭਗਤ, ਪਰਮ-ਮਨੁੱਖ ਅਤੇ ਪ੍ਰਭੂ ਦੀ ਜੋਤਿ ਨਾਲ ਇੱਕ-ਮਿੱਕ ਹੋਏ ਉਸ ਦੇ ਹੁਕਮ ਵਿਚ ਵਿਚਰਦਿਆਂ ਸਦਾ ਖਿੜੇ ਮੱਥੇ ਰਹਿਣਾ ਸਿਖਾਉਣ ਆਏ ਦੈਵੀ-ਸੁਧਾਰਕ ਸਨ। ਸਤਿਗੁਰੂ ਨਾਨਕ ਸਾਹਿਬ ਜੀ ਸੰਸਾਰ ਵਿਚ ਆਏ ਪਹਿਲੇ ਸੁਧਾਰਕ ਸਨ ਤੋਂ ਜਿਨ੍ਹਾਂ ਨੇ ਆਪਣੇ ਨਿਆਰੇ ਗੁਰਮਤਿ ਸਿਧਾਂਤ ਦੀ ਸਿਖਲਾਈ ਨਾਲ ਅਜੇਹੀ ਕੌਮ ਵਿਚੋਂ, ਨਿਆਰੇ ਆਚਰਣ ਵਾਲੇ **ਪੂਰਨ ਸੰਤ** ਅਤੇ **ਮਹਾਨ ਸੂਰਮੇ** ਮਨੁੱਖ ਦੀ ਸਿਰਜਣਾਂ ਦਾ ਚਮਤਕਾਰ ਕਰ ਵਿਖਾਇਆ ਸੀ, ਜਿਹੜੀ ਕੌਮ ਆਤਮਕ ਮੌਤੇ ਮਰੀ ਹੋਈ ਹੋਣ ਦੇ ਕਾਰਨ ਹਰ ਪਾਸਿਓਂ ਨਿੱਘਰ ਚੁੱਕੀ ਹੋਈ ਸੀ। ਸਾਨੂੰ ਇਹ ਵੀ ਨਹੀਂ ਵਿਸਾਰਨਾ ਚਾਹੀਦਾ ਕਿ, ਨਿਰੰਕਾਰ-ਰੂਪ ਬਾਬਾ ਜੀ ਨੇ ਸਾਰੇ ਸੰਸਾਰ ਨੂੰ ਸਦੀਵੀ ਆਤਮਕ ਜੀਵਨ ਦਾ ਮਾਲਕ ਬਨਾਉਣ ਵਾਲੇ ਨਿਆਰੇ ਬ੍ਰਹਮ-ਗਿਆਨ ਦੀ ਬਖ਼ਸ਼ਸ਼ ਵੀ ਕੀਤੀ ਹੈ। ਹੇ ਚੰਦਰੀ, ਨਖਿੱਧ ਅਤੇ ਅੜੀਖੋਰ ਮੇਰੀ ਮੂਰਖ ਸ਼ਰਧਾ ! ਤੂੰ ਇਹ ਕਿਉਂ ਨਹੀਂ ਸਮਝਦੀ, ਕਿ ਕਰਾਮਾਤ ਦੁਆਰਾ ਪ੍ਰਾਪਤ ਹੋ ਜਾਣ ਵਾਲੇ ਫਲਾਂ ਦੀ ਨਿਰਾਰਥ ਆਸ ਨੂੰ ਤਿਆਗ ਦੇਣਾ, ਅਤੇ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਅਨੁਸਾਰ ਆਪਣੀ ਜੀਵਨ-ਜੁਗਤ ਬਣਾ ਲੈਣਾ ਹੀ ਅਸਲੀ ਜ਼ਿੰਦਗੀ ਹੈ ਅਤੇ ਏਹੀ ਅਸਲ ਸਿੱਖੀ ਹੈ।

੨੦- **ਤੁਧੁ ਆਪੇ ਕਾਰਣੁ ਆਪੇ ਕਰਣਾ ॥ ਹੁਕਮੇ ਜੰਮਣੁ ਹੁਕਮੇ ਮਰਣਾ ॥ ੨ ॥**
**ਨਾਮ ਤੇਰਾ ਮਨ ਤਨ ਆਧਾਰੀ ॥ ਨਾਨਕ ਦਾਸੁ ਬਖਸੀਸ ਤੁਮਾਰੀ ॥ ੩ ॥** [੫੬੪]-੮

੫

# ਫਿਰ ਕਾਤਲ ਕੌਣ ਹੋਇਆ?

ਉਪ੍ਰੋਕਤ ਗੁਰਬਾਣੀ ਵਿਚਾਰ ਤੋਂ ਕਈ ਵਾਰੀ ਇਹ ਭੁਲੇਖਾ ਖਾ ਜਾਇਦਾ ਹੈ ਕਿ ਜੇ ਜੀਵ ਦੀ ਮੌਤ ਪਰਮਾਤਮਾ ਦੇ ਹੁਕਮ ਤੋਂ ਬਿਨਾਂ ਹੋ ਹੀ ਨਹੀਂ ਸਕਦੀ ਤਾਂ ਬੇਦੋਸ਼ਿਆਂ ਦੇ ਕਾਤਲਾਂ ਵਿਰੁੱਧ ਰੌਲਾ ਪਾਉਣ ਦਾ ਜਾਂ ਰੋਸ ਕਰਨ ਦਾ ਕੀ ਅਰਥ? ਕਾਤਲਾਂ ਨੂੰ ਫਾਹੇ ਲਾਇਆ ਜਾਣਾ ਜਾਂ ਉਨ੍ਹਾਂ ਨੂੰ ਉਮਰ ਕੈਦ ਕਰਨ ਦਾ ਅਰਥ ਕੀ? ਅਜੇਹੇ ਸ਼ੰਕੇ ਕੇਵਲ ਤਦ ਹੀ ਉਪਜਦੇ ਹਨ ਜਦ ਅਸੀਂ ਗੁਰਮਤਿ ਦੇ ਕੇਵਲ ਇੱਕ ਹੀ ਪੱਖ ਨੂੰ ਪੂਰਾ ਗੁਰਮਤਿ ਸਿਧਾਂਤ ਮੰਨਣ ਦੀ ਭੁੱਲ ਸਹੇੜ ਬੈਠਦੇ ਹਾਂ। **ਜੇ ਗੁਰਮਤਿ ਦਾ ਫ਼ਤਵਾ ਏਹੀ ਹੈ ਕਿ ਸਭ ਕੁਝ ਪਰਮਾਤਮਾ ਆਪ ਹੀ ਕਰਦਾ ਹੈ ਅਤੇ ਮਨੁੱਖ ਦੇ ਹੱਥ ਵੱਸ ਕੁਝ ਵੀ ਨਹੀਂ ਤਾਂ ਗੁਰਬਾਣੀ ਵਿਚ, ਨਿਰਵੈਰਤਾ ਦਾ, ਨਿਰਮਤਾ, ਸਰਬੱਤ ਦੇ ਭਲੇ ਦੀ ਮੰਗ ਕਰਨ ਦਾ, ਕਿਸੇ ਦਾ ਬੁਰਾ ਨਾ ਚਿਤਵਣ ਦਾ, ਵਿਕਾਰਾਂ ਤੋਂ ਬਚੇ ਰਹਿਣ ਆਦਿ ਜਿਹੇ ਵਡਮੁੱਲੇ ਉਪਦੇਸ਼ਾਂ ਦਾ ਕੋਈ ਲਾਭ ਹੀ ਨਹੀਂ ਹੈ। ਨਿਰੰਦੇਹ ਸਾਡੀਆਂ ਅਜੇਹੀਆਂ ਤਰਕਾਂ ਨਿਰਮੂਲ ਹਨ।**

**ਪਾਪ ਕਰਮ ਅਤੇ ਪੁੰਨ** ਕਰਮ ਅਥਵਾ **ਕਰਮ ਲੇਖ** ਵਿਸ਼ੇ ਵਿਚਾਰਦਿਆਂ ਗੁਰਮਤਿ ਦੇ ਇਸ ਪੱਖ ਦੀ ਬੜੀ ਵਿਸਥਾਰ ਨਾਲ ਵਿਚਾਰ ਕੀਤੀ ਗਈ ਹੈ। ਕਾਦਰ ਦੀ ਰਚਨਾ ਇੱਕ ਖੇਡ ਹੈ। ਲਗ ਭੱਗ ਸਾਰੇ ਧਰਮ ਇਸ ਸਚਾਈ ਤੇ ਸਹਿਮਤ ਹਨ ਕਿ ਸੰਸਾਰ ਖੇਡ ਵਿਚ ਪਰਮੇਸ਼ਰ ਨੇ ਮਨੁੱਖ ਨੂੰ ਕਰਮ ਕਰਨ ਵਿਚ ਸੁਤੰਤਰ ਬਣਾਇਆ ਹੈ। ਜੇ ਅਜੇਹਾ ਨਾ ਹੁੰਦਾ ਅਤੇ ਸੰਸਾਰ ਵਿਚ ਵਾਪਰ ਰਹੇ ਸਾਰੇ ਉਪੱਦਰਾਂ ਦੇ ਵਾਪਰਨ ਦੀ ਸਾਰੀ ਜ਼ਿੰਮੇਵਾਰੀ ਜੇ ਪਰਮਾਤਮਾ ਨੇ ਆਪ ਹੀ ਲਈ ਹੋਈ ਹੁੰਦੀ, ਤਾਂ ਮਨੁੱਖ ਨੂੰ ਉਸਦੇ ਕੀਤੇ ਕਰਮਾਂ ਦੇ ਫਲ ਮਿਲਣ ਦਾ ਜ਼ਿਕਰ ਜਪੁ ਬਾਣੀ ਤੋਂ ਹੀ ਮਿਲਣਾ ਅਰੰਭ ਨਾ ਹੋ ਗਿਆ ਹੁੰਦਾ। ਜਿਵੇਂ ਚੌਥੀ ਪੌੜੀ ਵਿਚ ਸੰਕੇਤ ਮਿਲ ਗਿਆ ਕਿ (੧)--**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥** ਫਿਰ ੨੦ਵੀਂ ਪਉੜੀ ਵਿਚ (੨)--**ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ ਹੀ ਖਾਹੁ ॥** ਨਾਨਕ ਹੁਕਮੀ ਆਵਹੁ ਜਾਹੁ ॥ ਅਤੇ ਫਿਰ ੩੪ਵੀ ਪਉੜੀ--(੩)--**ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ** ॥ ਅਤੇ ਅਖ਼ੀਰ ਸਲੋਕ ਵਿਚ---**(੪)--ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥** [੮] ਅੱਗੇ ਫਿਰ ਰਾਗ ਮਾਝ ਅਸਟਪਦੀਆ--(੫)---ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥ ੪ ॥[੧੧੩] ਅਤੇ ਬਾਰਹ ਮਾਹਾ ਬਾਣੀ-(੬)--**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥ ... ੫ ॥** ਅਤੇ ਏਸੇ ਪਾਵਨ ਬਾਣੀ ਵਿਚ (੭) --**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ... ੭** ॥ ਰਾਗ ਆਸਾ ਪਉੜੀ ਤ੍ਰੀਜੀ (੮)--**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥** ਵਾਰ ਆਸਾ ਪਉੜੀ ੧੪ (੯)-- **ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥**[੪੭੦] ਅਤੇ ਰਾਗ ਵਡਹੰਸ (੧੦)---**ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਬੀਜੈ ਤੇਹਾ ਕੋ ਖਾਏ ॥ ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲਿ ਮਰਿ ਜਾਏ ॥ ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥ ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥ ੧ ॥**[੩੦੮]-ਵਾ-੧੫ ਗੁਰਬਾਣੀ ਦੇ ਅਥਾਹ ਸਾਗਰ ਵਿਚ ਇਸ ਪੱਖ ਨੂੰ ਸਪੱਸ਼ਟ ਕਰਨ ਲਈ ਹੋਰ ਬੇਅੰਤ ਗੁਰੂ ਫ਼ੁਰਮਾਨ ਹਨ। ਗੁਰਮਤਿ ਦੇ ਕਿਸੇ ਸਿਧਾਂਤ ਦੀ ਅਟੱਲਤਾ ਸਿੱਧ ਕਰਨ ਲਈ ਮਿਥਿਆ ਘੱਟੋ ਘੱਟ **੫** ਗੁਰੂ ਫ਼ੁਰਮਾਨ ਲਿਖਣ ਦੇ ਟੀਚੇ ਤੋਂ ਦੁਗਣੇ ਭਾਵ ੧੦ ਗੁਰੂ ਫ਼ੁਰਮਨ ਲਿਖੇ ਗਏ ਹਨ। ਸਤਿਗੁਰਾਂ ਦਾ ਸਪੱਸ਼ਟ ਫ਼ੁਰਮਾਨ ਇਉਂ ਵੀ ਹੈ:--

੨੧- **ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥ ੧ ॥ ਰਹਾਉ ॥ [੬੯੫]**

**ਅਰਥ:--ਹੇ ਭੁੱਲੜ ਮੂਰਖ ਜਿੰਦੇ ! ਤੂੰ ਪਰਮਾਤਮਾ ਨੂੰ ਕਿਉਂ ਦੋਸ ਦੇਂਦੀ ਹੈਂ ? ਪਾਪ ਪੁੰਨ ਤੇਰਾ ਆਪਣਾ ਕੀਤਾ ਹੋਇਆ ਕੰਮ ਹੈ (ਜਿਸ ਦੇ ਕਾਰਨ ਦੁੱਖ ਸੁੱਖ ਸਹਾਰਨਾ ਪੈਂਦਾ ਹੈ।੧। ਰਹਾਉ ।**

**ਮਾਰ ਜੀਵਾਲਣ ਪ੍ਰਤੀ** ਕੀਤੀ ਉਪ੍ਰੋਕਤ ਵਿਚਾਰ ਸਾਨੂੰ ਅਜੇਹੇ ਮਨੁੱਖਾਂ ਦੇ ਧੋਖੇ ਵਿਚੋਂ ਕੱਢਦੀ ਹੈ ਜਿਹੜੇ ਵਰਾਂ-ਸਰਾਪਾਂ ਦਾ ਜਾਂ ਜੰਤ੍ਰਾਂ-ਮੰਤ੍ਰਾਂ ਦਾ, ਭਵਿੱਖ ਬਾਰੇ ਪੁੱਛਾਂ ਦੇਣ ਆਦਿ ਦਾ ਜਾਲ ਵਿਛਾ ਕੇ ਲੋਕਾਂ ਨੂੰ ਲੁੱਟ ਰਹੇ ਹੁੰਦੇ ਹਨ। ਸਤਿਗੁਰਾਂ ਦੇ ਇਸ ਗੁਰਮਤਿ ਸਿਧਾਂਤ ਨੂੰ ਕਿ, ਕੋਈ ਵੀ ਮਨੁੱਖ ਵਰਾਂ ਸਰਾਪਾਂ ਤਥਾ ਮੰਤ੍ਰਾਂ ਜੰਤ੍ਰਾਂ ਦੁਆਰਾ, ਭਾਵ, ਕਿਸੇ ਕਰਾਮਾਤੀ ਸ਼ਕਤੀ ਦੇ ਚੇਟਕੀ ਢੰਗ ਨਾਲ, ਨਾ ਕਿਸੇ ਜੀਵ ਦੀ ਜਾਨ ਲੈ ਸਕਦਾ ਹੈ ਅਤੇ ਨਾ ਹੀ ਕਿਸੇ **ਅਜੇਹੀ ਕਥਿਤ ਗੈਬੀ ਸ਼ਕਤੀ** ਨਾਲ ਕਿਸੇ ਮੁਰਦਾ ਲੋਥ ਨੂੰ ਸੁਰਜੀਤ ਹੀ ਕਰ ਸਕਦਾ ਹੈ। ਉਨ੍ਹਾਂ ਦੇ ਆਪਣੇ ਉਪਦੇਸ਼ ਦੇ ਵਿਰੁੱਧ ਸਤਿਗੁਰਾਂ ਨੂੰ ਕਰਾਮਾਤਾਂ ਨਾਲ ਜੋੜਨ ਵਾਲੀਆਂ ਵਿਚਾਰਾਂ ਸੱਚੇ ਅਤੇ ਸੁਹਿਰਦ ਗੁਰੂਸਿਖ ਦੀਆਂ ਨਹੀਂ ਹੋ ਸਕਦੀਆਂ। ਅਜੇਹੀਆਂ ਗੱਲਾਂ ਕਰਨ ਵਾਲੀ ਮੂਰਖ-ਸ਼ਰਧਾ ਨੇ ਹੀ ਸਾਨੂੰ ਸਤਿਗੁਰਾਂ ਦੇ ਗਿਆਨ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਜੁਗਤ ਸੁਆਰ ਲੈਣ ਵਾਲੇ ਰਾਹੇ ਪੈਣ ਤੋਂ ਰੋਕ ਰਖਿਆ ਹੈ। ਅਜੇਹੀ ਸ਼ਰਧਾ ਨੇ ਹੀ ਸਾਨੂੰ ਸਾਧਾਂ, ਫ਼ਕੀਰਾਂ, ਆਦਿ ਦੇ ਡੇਰਿਆਂ ਦਾ ਅਥਵਾ ਉਨ੍ਹਾਂ ਦੀ ਮੜ੍ਹੀਆਂ ਤੇ ਕਬਰਾਂ ਦਾ ਸ਼ਰਧਾਲੂ ਬਣਾਇਆ ਹੈ, ਅਜੇਹੀ ਸ਼ਰਧਾ ਦਾ ਪਰਚਾਰ ਕਰਨ ਵਾਲੇ ਖ਼ਲਸਾ ਪੰਥ ਦੇ ਹਿਤਾਇਸ਼ੀ ਨਹੀਂ ਹਨ। ਸਤਿਗੁਰਾਂ ਦਾ ਹਰ ਫ਼ੁਰਮਾਨ ਪੂਰਨ ਸੱਚ ਹੈ ਜੋ ਮਨੁੱਖ ਨੂੰ ਪੂਰਨ ਸੱਚ ਦੇ ਨਾਲ ਜੋੜਦਾ ਹੈ। ਗੁਰੂ ਬਾਣੀ ਦੇ ਸਮੁੱਚੇ ਸ਼ਬਦ-ਗਿਆਨ ਦੀ ਅਸਲ ਭਾਵਨਾ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਢਾਲੀ ਰਖਣ ਦੇ ਯਤਨ ਵਿਚ ਲੱਗੇ ਰਹਿਣਾ ਹੀ ਗੁਰਮੁਖਤਾਈ ਹੈ। ਕਰਾਮਾਤਾਂ ਨਾਲ ਸਤਿਗੁਰੂ ਜੀ ਨੂੰ ਜੋੜਨਾਂ ਬ੍ਰਾਹਮਣ-ਵਾਦ ਹੈ। ਸਾਡੀ ਅਜੇਹੀ ਕਰਤੂਤ ਸਤਿਗੁਰਾਂ ਨੂੰ ਬੇਦਾਵਾ ਲਿਖ ਦੇਣ ਤੁੱਲ ਹੈ ਅਤੇ ਪਰਮ-ਸ਼ਕਤੀ ਵਾਹਿਗੁਰੂ ਤੋਂ ਬਗ਼ਾਵਤ ਹੈ।

੨੨- **ਤੂੰ ਕਰਤਾ ਕੀਆ ਸਭੁ ਤੇਰਾ ਕਿਆ ਕੋ ਕਰੇ ਪਰਾਣੀ ॥ ਜਾ ਕਉ ਨਦਰਿ ਕਰਹਿ ਤੂੰ ਅਪਣੀ**
**ਸਾਈ ਸਚਿ ਸਮਾਣੀ ॥ ੪ ॥ ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥**
**ਤਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥ ੫ ॥**[੪੨੩]-੧-੨੩

੬

# ਸਤਿਗੁਰ ਮੇਰਾ ਮਾਰਿ ਜੀਵਾਲੇ ॥

**ਸਤਿਗੁਰ ਮੇਰਾ ਮਾਰਿ ਜੀਵਾਲੈ ॥** ਮਹਾਂ ਵਾਕ ਨੂੰ ਵਰਤ ਕੇ ਭਿੰਡਰਾਂ ਵਾਲਿਆਂ ਮਹਾਂਪੁਰਖਾਂ ਨੇ ਆਪਣੀ ਪੁਸਤਕ ' ਗੁਰਮਤ ਰਹਿਤ ਮਰਯਾਦਾ ' ਵਿਚ ਇਹ ਲਿਖਿਆ ਹੋਇਆ ਹੈ ਕਿ ਦਸ਼ਮੇਸ਼ ਜੀ ਨੇ ਪੰਜਾਂ ਪਿਆਰਿਆਂ ਦੇ ਸੀਸ ਕੱਟ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟਾ ਕਰ ਦਿੱਤੇ ਸਨ ਅਤੇ ਫਿਰ ਲੋਥਾਂ ਤੇ ਅੰਮ੍ਰਿਤ ਦੇ ਛੱਟੇ ਮਾਰ ਕੇ ਉਨ੍ਹਾਂ ਵਿਚ ਸੁਆਸ ਪਾਏ ਸਨ। ਪਤਾ ਨਹੀਂ ਕਿਸ ਵਜਾਹ ਕਾਰਨ ਭਿੰਡਰਾਂ ਵਾਲਿਆਂ ਮਹਾਂਪੁਰਖਾਂ ਦੇ ਧਿਆਨ ਵਿਚ ਸਤਿਗੁਰਾਂ ਦਾ ਇਹ ਬਚਨ ਨਹੀਂ ਆਇਆ--**ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ ॥** (੪੪੭) ਨਹੀਂ ਤਾਂ ਉਨ੍ਹਾਂ ਇਸ ਮਹਾਂਵਾਕ ਨੂੰ ਵੀ ਜ਼ਰੂਰ ਵਰਤ ਲੈਣਾ ਸੀ। ਅਸਾਂ ਅਜੇ ਹੁਣੇ ਸਤਿਗੁਰਾਂ ਦੇ ਇਸ ਸਿਧਾਂਤ ਦੀ ਵਿਚਾਰ ਕੀਤੀ ਹੈ ਕਿ ਗੁਰਦੇਵ ਜੀ ਨੇ ਕਦੇ ਵੀ ਵਾਹਿਗੁਰੂ ਦੇ ਭਾਣੇ ਤੋਂ ਬਾਹਰ ਕਦਮ ਨਹੀਂ ਸੀ ਰਖਿਆ ਅਤੇ ਉਨ੍ਹਾਂ ਦਾ ਆਪਣਾ ਬਚਨ ਹੈ ਕਿ ਪ੍ਰਭੂ ਤੋਂ ਬਿਨਾ ਦੂਜਾ ਹੋਰ ਕੋਈ ਨਾ ਕਿਸੇ ਨੂੰ ਮਾਰ ਸਕਦਾ ਹੈ ਅਤੇ ਨਾ ਕਿਸੇ ਮੁਰਦਾ ਲਾਸ਼ ਨੂੰ ਜੀਵਾਲ ਹੀ ਸਕਦਾ ਹੈ। '**ਸਤਿਗੁਰ ਮੇਰਾ ਮਾਰਿ ਜੀਵਾਲੇ**'--ਗੁਰਬਾਣੀ ਵਾਕ ਦੇ ਅਰਥ ਜੇ ਏਹੀ ਹੋਣ ਕਿ ਗੁਰੂ ਨਾਨਕ ਜੀ ਅਥਵਾ ਉਨ੍ਹਾਂ ਦੇ ਬਾਕੀ ਨੌ ਰੂਪ ਮਨੁੱਖ ਨੂੰ ਜਾਨੋਂ ਮਾਰ ਕੇ ਫਿਰ ਸੁਰਜੀਤ ਕਰ ਲਿਆ ਕਰਦੇ ਸਨ ਤਾਂ ਫਿਰ ਇਹ ਪ੍ਰਸ਼ਨ ਉੱਠਦਾ ਹੈ ਕਿ, ਕੀ, ਸਤਿਗੁਰਾਂ ਨੇ ਅਪਣੇ ਬਚਨਾਂ ਨੂੰ ਆਪ ਹੀ ਝੂਠਾ ਕਰ ਦਿੱਤਾ ਸੀ ? ਫਿਰ ਕੀ ਇਹ ਸਮਝਿਆ ਜਾਵੇ ਕਿ ਗੁਰਬਾਣੀ ਦਾ ਕੋਈ ਵੀ ਸਿਧਾਂਤ ਅਟੱਲ ਨਹੀਂ ? ਨਹੀਂ ਅਜੇਹੀ ਵਿਚਾਰ ਮਨ ਵਿਚ ਆਉਣ ਦੇਣੀ ਮਨਮੁਖਤਾਈ ਹੈ ।

**ਮਾਰਿ ਜੀਵਾਲਣਾ- ਅਥਵਾ ਜੀਵਤ ਮਰਣਾ**--ਗੁਰਮਤਿ ਦਾ ਇੱਕ ਅੱਡਰਾ ਅਤੇ ਬੜਾ ਵਿਸ਼ਾਲ ਸਿਧਾਂਤ ਹੈ। ਸਤਿਗੁਰਾਂ ਦੇ ਇਸ ਅਟੱਲ ਸਿਧਾਂਤ ਨੂੰ ਚੰਗੀ ਤਰ੍ਹਾਂ ਸਮਝਣ ਲਈ ਵੀ ਆਉ, ਹਾਜ਼ਰਾ ਹਜ਼ੂਰ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਹੋਈਏ ਅਤੇ ਸਾਵਧਾਨੀ ਅਤੇ ਇਕਾਗਰਤਾ ਨਾਲ ਉਨ੍ਹਾਂ ਦੇ ਬਚਨ ਵਿਚਾਰੀਏ:---

ਪਹਿਲਾਂ ਫਿਰ ਯਾਦ ਕਰ ਲਈਏ ਕਿ ਸਤਿਗੁਰਾਂ ਨੇ, ਕਿਸ ਮਨੁੱਖ ਨੂੰ ਜੀਊਂਦਾ ਕਿਹਾ ਹੈ, ਅਤੇ ਕਿਸ ਨੂੰ ਮੁਰਦਾ ਮੰਨਿਆਂ ਹੈ?

੨੩- **ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥ ੪ ॥**[੨੨੯]-ਅਸਟ-੨-੧੮

**ਅਰਥ:**--ਮਾਇਆ ਦੇ ਮੋਹ ਵਿਚ ਸੁੱਤੇ (ਮਾਇਆ ਠੱਗਣ ਲਈ ਕਈ ਹੁਸ਼ਿਆਰੀਆਂ ਕਰਨ ਵਾਲੇ) ਨੂੰ ਜਗਤ ਆਖਦਾ ਹੈ ਕਿ ਇਹ ਜਾਗਦਾ ਹੈ ਸੁਚੇਤ ਹੈ, ਪਰ ਜਿਹੜਾ ਮਨੁੱਖ ( ਪਰਮਾਤਮਾ ਦੀ ਯਾਦ ਵਿਚ) ਜਾਗਦਾ ਹੈ ਸੁਚੇਤ ਹੈ, ਉਸ ਨੂੰ ਜਗਤ ਸੁੱਤਾ ਪਿਆ ਸਮਝਦਾ ਹੈ । ਪ੍ਰਭੂ ਦੀ ਭਗਤੀ ਦੀ ਬਰਕਤ ਨਾਲ ਜੀਊਂਦੇ ਆਤਮਕ ਜੀਵਨ ਵਾਲੇ ਮਨੁੱਖ ਨੂੰ ਜਗਤ ਆਖਦਾ ਹੈ ਕਿ ਇਹ ਸਾਡੇ ਭਾ ਦਾ ਮਰ ਚੁੱਕਾ ਹੈ (ਲੋਕਾਂ ਦੇ ਕਹੇ, ਨਾ ਝੂਠ ਬੋਲੇ, ਨਾ ਠੱਗੀਆਂ ਮਾਰਨ ਵਿਚ ਭਾਈਵਾਲ ਬਣੇ, ਨਾਂ ਝੂਠੀਆਂ ਗਵਾਈਆਂ ਦੇਵੇ, ਨਾਂ ਧੜੇ ਬੰਦੀ ਵਿਚ ਆਵੇ, ਲੋਕਾਂ ਨੇ ਆਪੇ ਉਸ ਨੂੰ ਮੁਰਦਾ ਹੀ ਸਮਝਣਾ ਹੋਇਆ) । ਪਰ ਆਤਮਕ ਮੌਤੇ ਮਰ ਚੁੱਕੇ ਮਨੁੱਖ ਨੂੰ ਵੇਖ ਕੇ ਕੋਈ ਅਫ਼ਸੋਸ ਨਹੀਂ ਕਰਦਾ । ੪ ।

ਮਾਇਆ ਦੇ ਮੋਹ ਕਾਰਨ ਆਤਮਕ ਮੌਤੇ ਮਰਿਆ ਸਤਿਗੁਰਾਂ ਨੇ ਮੁਰਦਾ ਮੰਨਿਆਂ ਹੈ ਅਤੇ ਪ੍ਰਭੂ ਨੂੰ ਅੰਗ-ਸੰਗ ਸਮਝਦਾ ਹੋਇਆ ਵਿਕਾਰਾਂ ਤੋਂ ਬਚਿਆ ਹੋਇਆ ਮਨੁੱਖ ਗੁਰਦੇਵ ਜੀ ਲਈ ਜੀਊਂਦਾ ਹੈ ।

੨੪- **ਹਉ ਪੂਛਉ ਅਪਨਾ ਸਤਿਗੁਰੁ ਦਾਤਾ, ਕਿਨ ਬਿਧਿ ਦੁਤਰੁ ਤਰੀਐ ਰਾਮ ॥ ਸਤਿਗੁਰ ਭਾਇ ਚਲਹੁ, ਜੀਵਤਿਆ ਇਵ ਮਰੀਐ ਰਾਮ ॥ ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ ਸਮਾਵੈ ॥ ਪੂਰਾ ਪੁਰਖੁ ਪਾਇਆ ਵਡਭਾਗੀ ਸਚਿ ਨਾਮਿ ਲਿਵ ਲਾਵੈ ॥ ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮ ਨਾਮਿ ਵਡਿਆਈ ॥ ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ ਜੋਤੀ ਜੋਤਿ ਮਿਲਾਈ ॥ ੪ ॥** [੭੭੫]-੧-੪

**ਅਰਥ:**--ਜਦੋਂ ਮੈਂ ਨਾਮ ਦੀ ਦਾਤ ਦੇਣ ਵਾਲੇ ਆਪਣੇ ਗੁਰੂ ਨੂੰ ਪੁੱਛਦਾ ਹਾਂ ਕਿ ਇਹ ਦੁੱਤਰ ਸੰਸਾਰ-ਸਮੁੰਦਰ ਕਿਸ ਤਰੀਕੇ ਨਾਲ ਲੰਘਿਆ ਜਾ ਸਕਦਾ ਹੈ (ਤਾਂ ਅੱਗੋਂ ਉੱਤਰ ਮਿਲਦਾ ਹੈ) ਕਿ ਗੁਰੂ ਦੀ ਰਜ਼ਾ ਵਿਚ ਜੀਵਨ ਤੋਰ ਤੁਰਦੇ ਰਹੋ, ਇਸ ਤਰ੍ਹਾਂ ਦੁਨੀਆਂ ਦੀ ਕਿਰਤ ਕਾਰ ਕਰਦਿਆਂ ਹੀ ਵਿਕਾਰਾਂ ਵਲੋਂ ਬਚੇ ਰਹੀਦਾ ਹੈ । ਗੁਰੂ ਦੀ ਰਜ਼ਾ ਵਿਚ ਤੁਰਿਆਂ ਵਿਕਾਰਾਂ ਵਲੋਂ ਮੌਤ ਹੋ ਜਾਂਦੀ ਹੈ ਅਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ । ਕਿਉਂਕਿ ਜਿਹੜਾ ਮਨੁੱਖ ਗੁਰੂ ਦੇ ਸਨਮੁਖ ਰਹਿੰਦਾ ਹੈ, ਉਹ ਪਰਮਾਤਮਾ ਦੇ ਨਾਮ ਵਿਚ ਲੀਨ ਰਹਿੰਦਾ ਹੈ, ਉਸ ਨੂੰ ਵੱਡੀ ਕਿਸਮਤ ਨਾਲ ਸਾਰੇ ਗੁਣਾਂ ਨਾਲ ਭਰਪੂਰ ਪ੍ਰਭੂ ਮਿਲ ਪੈਂਦਾ ਹੈ, ਸਦਾ-ਥਿਰ ਹਰਿ-ਨਾਮ ਵਿਚ ਉਹ ਸੁਰਤਿ ਜੋੜੀ ਰੱਖਦਾ ਹੈ । ਉਸ ਦੀ ਮਤਿ ਵਿਚ ਆਤਮਕ ਜੀਵਨ ਦੀ ਸੂਝ ਦਾ ਚਾਨਣ ਹੋ ਜਾਂਦਾ ਹੈ, ਉਸ ਦਾ ਮਨ ਨਾਮ ਵਿਚ ਪਤੀਜ ਜਾਂਦਾ ਹੈ, ਉਸ ਨੂੰ ਨਾਮ ਦੀ ਬਰਕਤਿ ਨਾਲ ਲੋਕ ਪਰਲੋਕ ਵਿਚ ਇੱਜ਼ਤ ਮਿਲ ਜਾਂਦੀ ਹੈ । ਗੁਰੂ ਦੇ ਸ਼ਬਦ-ਰੂਪ ਗਿਆਨ ਨੂੰ ਹਿਰਦੇ ਵਿਚ ਧਾਰਨ ਕਰ ਲੈਣ ਨਾਲ ਪ੍ਰਭੂ ਦੀ ਨੇੜਤਾ ਪ੍ਰਾਪਤ ਹੋ ਜਾਂਦੀ ਹੈ, ਉਸ ਦੀ ਜਿੰਦ ਪ੍ਰਭੂ ਦੀ ਜੋਤਿ ਵਿਚ ਇੱਕ-ਮਿੱਕ ਹੋਈ ਰਹਿੰਦੀ ਹੈ।

੨੫- **ਜੀਵਤ ਜੋ ਮਰੈ ਹਾਂ ॥ ਦੁਤਰੁ ਸੋ ਤਰੈ ਹਾਂ ॥ ਸਭ ਕੀ ਰੇਨੁ ਹੋਇ ਹਾਂ ॥ ਨਿਰਭਉ ਕਹਉ ਸੋਇ ਹਾਂ ॥ ਮਿਟੇ ਅੰਦੇਸਿਆ ਹਾਂ ॥ ਸੰਤ ਉਪਦੇਸਿਆ ਮੇਰੇ ਮਨਾ ॥ ੧ ॥**[੪੧੦]-੪-੧੬੦

**ਅਰਥ:**--ਹੇ ਮੇਰੇ ਮਨ ! ਜੇਹੜਾ ਮਨੁੱਖ ਕਿਰਤ-ਕਾਰ ਕਰਦਾ ਹੋਇਆ ਮਾਇਆ ਦੇ ਮੋਹ ਵਲੋਂ ਅਛੋਹ ਰਹਿੰਦਾ ਹੈ, ਉਹ ਮਨੁੱਖ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ, ਜਿਸ ਵਿਚੋਂ ਪਾਰ ਲੰਘਣਾ ਬਹੁਤ ਔਖਾ ਹੈ, ਉਹ ਮਨੁੱਖ ਸਭਨਾਂ ਦੇ ਚਰਨਾਂ ਦੀ ਧੂੜ ਹੋਇਆ ਰਹਿੰਦਾ ਹੈ । (ਹੇ ਮੇਰੇ ਮਨ ! ਜੇ ਗੁਰੂ ਦੀ ਕਿਰਪਾ ਹੋਵੇ ਤਾਂ ) ਮੈਂ ਵੀ ਉਸ ਨਿਰਭਉ ਪਰਮਾਤਮਾ ਦੀ ਸਿਫ਼ਤ-ਸਾਲਾਹ ਕਰਦਾ ਰਹਾਂ । ਜਿਸ ਮਨੁੱਖ ਨੂੰ ਸਤਿਗੁਰ ਦੀ ਸਿਖਿਆ ਪ੍ਰਾਪਤ ਹੋ ਜਾਂਦੀ ਹੈ ਉਸ ਦੇ ਸਾਰੇ ਚਿੰਤਾ ਫ਼ਿਕਰ ਮਿਟ ਜਾਂਦੇ ਹਨ । ੧ ।

੨੬- **ਜੀਵਤ ਮਰੈ ਬੁਝੈ ਪ੍ਰਭੁ ਸੋਇ ॥ ਤਿਸੁ ਜਨ ਕਰਮਿ ਪਰਾਪਤਿ ਹੋਇ ॥ ੧ ॥ ਸੁਣਿ ਸਾਜਨ ਇਉ ਦੁਤਰੁ ਤਰੀਐ ॥ ਮਿਲਿ ਸਾਧੂ ਹਰਿਨਾਮੁ ਉਚਰੀਐ ॥ ੧ ॥ ਰਹਾਉ ॥**[੭੪੧]-੫-੨੧

**ਅਰਥ:**--ਜਿਹੜਾ ਮਨੁੱਖ ਜੀਉਂਦਾ ਹੀ ਮਰ ਜਾਂਦਾ ਹੈ, ਭਾਵ, ਦੁਨੀਆਂ ਦੇ ਸਾਰੇ ਕਾਰ ਵਿਹਾਰ ਕਰਦਾ ਹੋਇਆ, ਵਿਕਾਰਾਂ ਅਤੇ ਮਾਇਆ-ਮੋਹ ਦੇ ਹਲਿਆਂ ਤੋਂ ਅਭਿੱਜ ਹੋ ਜਾਂਦਾ ਹੈ, ਉਹ ਮਨੁੱਖ ਪਰਮਾਤਮਾ ਨਾਲ ਸਾਂਝ ਪਾ ਲੈਂਦਾ ਹੈ । ਉਸ ਮਨੁੱਖ ਨੂੰ ਪਰਮਾਤਮਾ ਦੀ ਕਿਰਪਾ ਨਾਲ ਗੁਰੂ ਦਾ ਮਿਲਾਪ ਪਰਾਪਤ ਹੋ ਜਾਂਦਾ ਹੈ । ੧ । ਹੇ ਸੱਜਣ ! (ਮੇਰੀ ਬੇਨਤੀ) ਸੁਣ । ਸੰਸਾਰ-ਸਮੁੰਦਰ ਤੋਂ ਪਾਰ ਲੰਘਣਾ ਬਹੁਤ ਔਖਾ ਹੈ, ਇਸ ਤੋਂ ਸਿਰਫ਼ ਇਸ ਤਰੀਕੇ ਨਾਲ ਪਾਰ ਲੰਘ ਸਕੀਦਾ ਹੈ ਕਿ ਗੁਰੂ ਨੂੰ ਮਿਲਕੇ ਪਰਮਾਤਮਾ ਦਾ ਨਾਮ ਸਿਮਰਿਆ ਜਾਏ । ੧ । ਰਹਾਉ ।

ਜੀਵਤ ਮਰਨ ਦਾ ਗੁਰਮਤਿ ਸਿਧਾਂਤ ਸਮਝਣ ਉਪ੍ਰੰਤ ਹੁਣ ਇਹ ਸਮਝਣਾ ਹੈ ਕਿ ਸਤਿਗੁਰੂ ਜੀ ਮਨੁੱਖ ਨੂੰ ਕਿਸ ਮੌਤ ਤੋਂ ਸੁਰਜੀਤ ਕਰਕੇ ਉਸ ਨੂੰ ਕਿਸ ਪ੍ਰਕਾਰ ਦਾ ਜੀਵਨ ਬਖ਼ਸ਼ਸ਼ ਕਰਦੇ ਹਨ:---

੨੭- **ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥**
**ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥**
**ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥ ੨ ॥**[੬੦੧]-੪

**ਅਰਥ:**--ਅਸੀਂ ਜੀਵ ਗੁਰੂ ਦੇ ਉਪਦੇਸ਼-ਰੂਪੀ ਸ਼ਬਦ ਦੀ (ਰਾਹੀਂ ਵਿਕਾਰਾਂ) ਵਲੋਂ **ਮਰ** ਸਕਦੇ ਹਾਂ । ਸ਼ਬਦ ਦੀ ਰਾਹੀਂ (ਵਿਕਾਰਾਂ ਵਲੋਂ) **ਮਾਰ ਕੇ** (ਗੁਰੂ) **ਆਤਮਕ ਜੀਵਨ ਦੇਂਦਾ** ਹੈ, ਗੁਰੂ ਦੇ ਸ਼ਬਦ ਵਿਚ ਜੁੜਿਆਂ ਹੀ ਵਿਕਾਰਾਂ ਵਲੋਂ ਮੁਕਤੀ ਹੁੰਦੀ ਹੈ । ਗੁਰੂ ਦੇ ਸ਼ਬਦ ਦੀ ਰਾਹੀਂ ਹੀ ਮਨ ਪਵਿਤ੍ਰ ਹੁੰਦਾ ਹੈ, ਸਰੀਰ ਪਵਿਤ੍ਰ ਹੁੰਦਾ ਹੈ, ਅਤੇ ਪਰਮਾਤਮਾ ਮਨ ਵਿਚ ਆ ਵੱਸਦਾ ਹੈ । ਹੇ ਭਾਈ ! ਗੁਰੂ ਦਾ ਸ਼ਬਦ (ਹੀ ਨਾਮ ਦੀ ਦਾਤਿ) ਦੇਣ ਵਾਲਾ ਹੈ, ਜਦੋਂ ਸ਼ਬਦ ਵਿਚ ਮਨ ਰੰਗਿਆ ਜਾਂਦਾ ਹੈ, ਤਾਂ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ ।੨।

ਗੁਰੂ ਦੇ ਉਪਦੇਸ਼ ਰੂਪੀ ਕਿਰਪਾ ਨਾਲ ਮਨੁੱਖ ਦੇ ਅੰਦਰੋਂ ਆਪਾ-ਭਵ ਮਿਟ ਜਾਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ, ਤੋਂ ਪੈਦਾ ਹੋਣ ਵਾਲੇ ਵਿਕਾਰ ਮਨੁੱਖ ਦੇ ਆਚਰਨ ਤੇ ਆਪਣਾ ਪ੍ਰਭਾਵ ਨਹੀਂ ਪਾ ਸਕਦੇ। ਗੁਰੂ ਦੇ ਸ਼ਬਦ-ਗਿਆਨ ਦੀ ਬਰਕਤਿ ਨਾਲ ਮਨੁੱਖ ਵਿਕਾਰਾਂ ਲਈ ਮਾਨੋਂ ਮਰ ਗਿਆ ਹੁੰਦਾ ਹੈ। ਗੁਰ ਦੇ ਭਾਣੇ ਵਿਚ ਚਲਣ ਵਾਲੇ ਜੀਵ ਦੀ ਅਜੇਹੀ ਮੌਤ ਉਸ ਨੂੰ ਆਤਮਕ ਜਿੰਦਗੀ ਬਖ਼ਸ਼ਦੀ ਹੈ । ਇਸ ਗੁਰਮਤਿ-ਸਿਧਾਂਤ ਨੂੰ ਸਤਿਗੁਰਾਂ ਨੇ ਹੋਰ ਢੰਗ ਨਾਲ ਸਮਝਾਉਂਣ ਦੀ ਕਿਰਪਾ ਕੀਤੀ:--

੨੮- **ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥ ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥**
**ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥ ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥ ੧ ॥** [੧੩੯]-ਵਾ-੩

ਅੱਖਰੀ ਅਰਥਾਂ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਇਸ ਸਲੋਕ ਦੇ ਅਰਥ ਜਿਹੜੇ ਪ੍ਰਿੰਸੀਪਲ ਸਾਹਿਬ ਸਿੰਘ ਜੀ ਨੇ ਲਿਖੇ ਹਨ:--

**ਅਰਥ:**--ਜੇ ਅੱਖਾਂ ਤੋਂ ਬਿਨਾਂ ਵੇਖੀਏ (ਭਾਵ, ਜੇ ਪਰਾਇਆ ਰੂਪ ਤੱਕਣ ਦੀ ਵਾਦੀ ਵਲੋਂ ਇਨ੍ਹਾਂ ਅੱਖਾਂ ਨੂੰ ਹਟਾ ਕੇ ਜਗਤ ਵਿਚ ਵਸਦੇ ਅਦ੍ਰਿਸ਼ਟ ਪਰਮਾਤਮਾਂ ਨੂੰ ਵੇਖਣਾ ਸਿਖਾ ਲਈਏ), ਕੰਨਾਂ ਤੋਂ ਬਿਨਾਂ ਸੁਣੀਏ (ਭਾਵ, ਜੇ ਨਿੰਦਾ ਅਤੇ ਹੋਰ ਮੰਦ ਗੱਲਾਂ ਸੁਨਣ ਦੀ ਵਾਦੀ ਤੋਂ ਹਟਾ ਕੇ ਸ਼ੁੱਭ ਬਚਨ ਵੱਲ ਲਾਉਣ ਲਈ ਇਹ ਕੰਨ ਵਰਤੀਏ), ਜੇ ਪੈਰਾਂ ਤੋਂ ਬਿਨਾ ਤੁਰੀਏ (ਭਾਵ, ਜੇ ਮੰਦੇ ਪਾਸੇ ਵਲ ਦੌੜਨ ਤੋਂ ਪੈਰਾਂ ਨੂੰ ਵਰਜ ਰਖੀਏ), ਜੇ ਹੱਥਾਂ ਤੋਂ ਬਿਨਾ ਕੰਮ ਕਰੀਏ (ਭਾਵ, ਪਰਾਇਆ ਨੁਕਸਾਨ ਕਰਨ ਵਲੋਂ ਰੋਕ ਕੇ ਨੇਕੀ ਦੇ ਕੰਮਾਂ ਲਈ ਵਰਤੀਏ) ਜੇ ਜੀਭ ਤੋਂ ਬਿਨਾਂ ਬੋਲੀਏ, (ਭਾਵ ਜੇ ਕਿਸੇ ਨੂੰ ਦੁਖਾਂਵੀਂ ਗੱਲ ਕਹਿਣ ਦੀ ਵਾਦੀ ਹਟਾ ਕੇ ਜੀਭ ਤੋਂ ਸ਼ੁਭ ਬਚਨ ਬੋਲਣ ਦਾ ਕੰਮ ਲਈਏ),--ਇਸ ਤਰ੍ਹਾਂ ਜੀਊਂਦਿਆਂ ਮਰੀਦਾ ਹੈ (ਭਾਵ, ਜੇ ਇਹ ਸਮਝ ਲਈਏ ਕਿ ਖਸਮ ਪ੍ਰਭੂ ਵਲੋਂ ਅੱਖਾਂ ਆਦਿਕ ਇੰਦ੍ਰਿਆਂ ਨੂੰ ਕਿਵੇਂ ਵਰਤਣ ਦਾ ਹੁਕਮ ਹੈ, ਤਾਂ ਉਸ ਪ੍ਰਭੂ ਨੂੰ ਮਿਲ ਪਈਦਾ ਹੈ । ੧ ।

ਭਿੰਡਰਾਂ ਵਾਲੇ ਮਹਾਂਪੁਰਖ ਅਥਵਾ ਹੋਰ ਕਈ ਉਪਦੇਸ਼ਕ ਅਥਵਾ ਧਰਮ-ਆਗੂ--" **ਸਤਿਗੁਰ ਮੇਰਾ ਮਾਰਿ ਜੀਵਾਲੈ** " ਗੁਰੂ ਵਾਕ ਦੇ ਅਖਰੀ ਅਰਥਾਂ ਦੇ ਅਧਾਰ ਤੇ ਏਹੀ ਕਹਿੰਦੇ ਹਨ ਕਿ ਇਸ ਮਹਾਂਵਾਕ ਦਾ ਭਾਵ, ਜੀਵ ਨੂੰ ਜਾਨੋਂ ਮਾਰ ਕੇ ਜੀਵਾਲਣ ਤੋਂ ਹੀ ਹੈ। ਅਤੇ ਲਗ-ਪਗ ਸਾਰੇ ਪਾਠਕ ਅਤੇ ਸਰੋਤੇ ਉਨ੍ਹਾਂ ਦੇ ਕੀਤੇ ਇਹ ਅਰਥ ਠੀਕ ਮੰਨ ਰਹੇ ਹਨ। ਜੇ ਅੱਖਰੀ ਅਰਥ ਕਰਨੇ ਠੀਕ ਹਨ ਤਾਂ ਫਿਰ ਇਸ ਉਪ੍ਰੋਕਤ ਮਹਾਂਵਾਕ ਦੇ ਅਰਥ ਕੀ ਸਮਝਣੇ ਚਾਹੀਦੇ ਹਨ? ਕੀ ਸਤਿਗੁਰਾਂ ਦਾ ਫੁਰਮਾਨ ਇਹ ਹੈ ਕਿ ਅਖੀਆਂ ਤੋਂ ਬਿਨਾਂ ਵੇਖਣਾਂ, ਕੰਨਾਂ ਤੋਂ ਬਿਨਾਂ ਸੁਣਨਾ, ਪੈਰਾਂ ਤੋਂ ਬਿਨਾਂ ਚੱਲਣਾਂ, ਹੱਥਾਂ ਤੋਂ ਬਿਨਾਂ ਕੰਮ ਕਰਨਾਂ ਅਤੇ ਫਿਰ ਜਦੋਂ ਮਨੁੱਖ ਜੀਭ ਤੋਂ ਬਿਨਾਂ ਬੋਲਣਾਂ ਅਰੰਭ ਕਰ ਦੇਵੇ ਤਾਂ ਸਮਝੋ ਕਿ ਜੀਉਂਦਾ ਹੀ ਮਰ ਗਿਆ ਹੈ ? ਏਸੇ ਤਰ੍ਹਾਂ---(੧) **ਫੀਲੁ ਰਬਾਬੀ ਬਲਦੁ ਪਖਾਵਜ, ਕਊਆ ਤਾਲ ਬਜਾਵੈ ॥ ਪਹਿਰਿ ਚੋਲਨਾ ਗਦਹਾ ਨਾਚੈ, ਭੈਸਾ ਭਗਤਿ ਕਰਾਵੈ ॥**[੪੭੭]-੬-ਕੀ ਇਸ ਦੇ ਅਰਥ ਏਹੀ ਹੋਣਗੇ ਕਿ-ਹਾਥੀ ਰਬਾਬੀ ਹੈ, ਬਲਦ ਜੋੜੀ ਵਜਾਉਂਦਾ ਹੈ, ਕਾਂ ਛੈਣੇ ਵਜਾਉਂਦਾ ਹੈ, ਖੋਤਾ ਚੋਲਾ ਪਾ ਕੇ ਨੱਚਦਾ ਹੈ ਤੇ ਝੋਟਾ ਭਗਤੀ ਕਰਦਾ ਹੈ । (੨) **ਪਹਿਲਾ ਪੂਤੁ ਪਿਛੈ ਰੀ ਮਾਈ** ॥ [੪੮੧]-੯ ਪਹਿਲਾਂ ਪੁਤਰ ਹੋਇਆ ਤੇ ਮਾਂ ਪਿਛੋਂ ਪੈਦਾ ਹੋਈ । (੩) **ਗਊ ਕਉ ਚਾਰੇ ਸਾਰਦੂਲੁ** ॥ [੮੯੮]-੩੯ ਗਾਈਆਂ ਨੂੰ ਸ਼ੇਰ ਚਾਰਦਾ ਹੈ ।(੪) **ਈਧਨ ਤੇ ਬੈਸੰਤਰੁ ਭਾਗੈ ॥** [੯੦੦]-੪੩ ਸੁੱਕੇ ਬਾਲਣ ਤੋਂ ਅੱਗ ਦੂਰ ਦੌੜ ਜਾਂਦੀ ਹੈ ਅਤੇ (੫) **ਜਲ ਕੀ ਮਾਛੁਲੀ ਚਰੈ ਖਜੂਰਿ ॥** [੭੧੮]--੧ ਜਲ ਵਿਚ ਰਹਿਣ ਵਾਲੀ ਮੱਛੀ ਖਜੂਰ ਤੇ ਚੜ੍ਹ ਗਈ ।

ਉਪਰਲੀਆਂ ਪੰਜੇ ਪਾਵਨ ਤੁਕਾਂ ਦੇ ਅੱਖਰੀ ਅਰਥ ਜੋ ਨਾਲੋ ਨਾਲ ਲਿਖੇ ਗਏ ਹਨ ਉਹ ਪਰਚਲਤ ਬੋਲੀ ਦੇ ਨਿਯਮਾਂ ਦੇ ਅਧਾਰ ਤੇ ਅਰਥ-ਹੀਨ ਹਨ। ਜਿਸ ਸਿਆਣੇ ਮਨੁੱਖ ਨੂੰ ਇਹ ਪੱਕਾ ਭਰੋਸਾ ਹੈ ਕਿ ਸਾਡੇ ਗੁਰਦੇਵ ਜੀ ਰੱਬ ਵਾਂਗ ਅਭੁੱਲ ਹਨ ਅਤੇ ਅਭੁੱਲ ਗੁਰਦੇਵ ਜੀ ਦੀ ਉਚਾਰੀ ਬਾਣੀ ਦਾ ਕੋਈ ਬਚਨ ਵੀ ਕਿਸੇ ਭੁੱਲ ਜਾਂ ਭੁਲੇਖੇ ਕਾਰਨ ਨਹੀਂ ਉਚਾਰਿਆ ਹੋਇਆ। ਉਹ ਕਦੇ ਨਹੀਂ ਮੰਨ ਸਕਦਾ ਕਿ ਧੁਰ ਕੀ ਬਾਣੀ ਦੀਆਂ ਇਨ੍ਹਾਂ ਪਾਵਨ ਤੁਕਾਂ ਦਾ ਭਾਵ ਏਹੀ ਹੋਵੇਗਾ ਜੋ ਨਾਲੋ ਨਾਲ ਲਿਖਿਆ ਗਿਆ ਹੈ। ਪਰਚਲਤ ਬੋਲੀ ਵਿਚ ਜਿਹੜੀ ਗੱਲ ਅਨਹੋਣੀ ਜਾਂ ਹਾਸੋ-ਹੀਣੀ ਹੋਵੇ ਉਸ ਨੂੰ ਗੁਰਬਾਣੀ ਦਾ ਗਿਆਨ ਮੰਨ ਲੈਣਾ ਸਿਖੀ ਨਹੀਂ ਹੈ। ਸਾਨੂੰ ਇਹ ਪੱਕਾ ਯਕੀਨ ਹੋਣਾ ਚਾਹੀਦਾ ਕਿ ਇਨ੍ਹਾਂ ਪਾਵਨ ਤੁਕਾਂ ਵਿਚ ਸਤਿਗੁਰਾਂ ਨੇ ਕੋਈ ਅਜੇਹੀ ਵਡਮੁੱਲੀ ਸਿਖਿਆ ਜਰੂਰ ਸਮੋਈ ਹੋਈ ਹੈ ਜਿਹੜੀ ਮਨੁੱਖਤਾ ਲਈ ਲਾਹੇਵੰਦ ਹੈ ।

ਸਪੱਸ਼ਟ ਹੈ ਕਿ ਪਰਚਲਤ ਬੋਲੀ ਦੇ ਨਿਯਮਾਂ ਦੀ ਖੰਡਨਾਂ ਕਰਨ ਵਾਲੀ ਕੋਈ ਗੱਲ ਅਰਥਹੀਨ ਬਣ ਜਾਂਦੀ ਹੈ। ਏਸੇ ਤਰ੍ਹਾਂ ਹੀ ਜਦ ਸਤਿਗੁਰਾਂ ਦੀ ਬਖ਼ਸ਼ਸ਼ ਨਾਲ ਸਾਨੂੰ ਗੁਰਮਤਿ ਦੇ ਸਾਰੇ ਸਿਧਾਤਾਂ ਦਾ ਗਿਆਨ ਹੋ ਜਾਂਦਾ ਹੈ ਤਾਂ ਅਸੀਂ ਗੁਰਬਾਣੀ ਦੇ ਅਜੇਹੇ ਅਰਥ ਕਿਸੇ ਹਾਲਤ ਵਿਚ ਠੀਕ ਨਹੀਂ ਮੰਨ ਸਕਦੇ ਜਿਹੜੇ ਸਤਿਗੁਰਾਂ ਦੇ ਕਿਸੇ ਦੂਜੇ ਸਿਧਾਂਤ ਦੀ ਖੰਡਨਾਂ ਕਰਦੇ ਹੋਣ। ਉਪੱਰਲੀ ਵਿਚਾਰ ਤੋਂ ਗੁਰਮਤਿ ਦੇ ਤਿੰਨ ਬੜੇ ਜ਼ਰੂਰੀ ਸਿਧਾਂਤ ਸਪੱਸ਼ਟ ਹੋਏ ਹਨ। ਹੇਠ ਲਿਖੇ ਇਨ੍ਹਾਂ ਸਿਧਾਂਤਾਂ ਵਿਚੋਂ ਕਿਸੇ ਦੀ ਵੀ ਉਲੰਙਣਾ ਨਹੀਂ ਹੋਣੀ ਚਾਹੀਦੀ:--

(੧) ਸਤਿਗੁਰੂ ਜੀ ਸਰੀਰ ਦੀ ਮੌਤ ਅਤੇ ਜੰਮਣ ਨੂੰ ਰੱਬੀ ਹੁਕਮ ਦੇ ਅਧੀਨ ਮੰਨਦੇ ਹਨ । ਅਤੇ ਵਾਹਿਗੁਰੂ ਦੇ ਇਸ ਹੁਕਮ ਵਿਚ, ਪ੍ਰਭੂ ਦੇ ਇਸ ਭਾਣੇ ਵਿਚ, ਸੰਜੋਗ ਵਿਜੋਗ ਦੇ ਨੀਯਮ ਅਨੁਸਾਰ ਚਲ ਰਹੀ ਅਕਾਲ ਪੁਰਖ ਦੀ ਇਸ ਕਾਰ ਵਿਚ, ਗੁਰੂ ਨਾਨਕ ਪਾਤਸ਼ਾਹ ਜੀ ਨੇ ਦਖ਼ਲ ਕਦੇ ਨਹੀਂ ਦਿੱਤਾ ।

(੨) ਆਚਰਨ ਹੀਣ ਅਤੇ ਰੱਬ ਤੋਂ ਟੁੱਟੇ ਹੋਏ ਮਨੁੱਖ ਨੂੰ ਗੁਰਦੇਵ ਜੀ ਮੁਰਦਾ ਗਿਣਦੇ ਹਨ ਭਾਂਵੇਂ ਉਹ ਰਾਜਾ ਮਹਾਰਾਜਾ ਹੀ ਹੋਵੇ ।

(੩) ਸਤਿਗੁਰਾਂ ਨੇ ਕੇਵਲ ਉਸ ਮਨੁੱਖ ਨੂੰ ਜੀਊਂਦਾ ਸਮਝਿਆ ਹੈ ਜਿਸ ਨੇ ਗੁਰੂ ਦੀ ਮਤਿ ਅਨੁਸਾਰ ਚਲ ਕੇ ਆਪਣਾ ਆਚਰਨ ਉਚਾ ਕਰ ਲਿਆ ਅਤੇ ਹਰ ਸਮੇਂ ਅਕਾਲ ਪੁਰਖ ਦੀ ਯਾਦ ਵਿਚ, ਉਸ ਦੇ ਭਾਣੇ ਵਿਚ ਅਥਵਾ ਪ੍ਰਭੂ ਦੇ ਨਿਰਮਲ ਭੈ ਵਿਚ ਵਿਚਰਦੇ ਰਹਿਣ ਨਾਲ ਜਿਸ ਦਾ ਆਤਮਕ ਜੀਵਨ ਉੱਚਾ ਹੋ ਚੁੱਕਾ ਹੈ ।

(੪) ਤਿਆਗੀ ਜਾਂ ਵਿਰਕਤ ਹੋ ਜਾਣ ਵਾਲੀ ਪਰਚਲਤ ਗੱਲ ਤੋਂ ਸਤਿਗੁਰੂ ਜੀ ਸੰਤੁਸ਼ਟ ਨਹੀਂ ਹਨ। ਮਾਇਆ ਦੇ ਪ੍ਰਭਾਵ ਤੋਂ ਉਪਜਦੇ ਵਿਕਾਰਾਂ ਵਾਸਤੇ ਮਨੁੱਖ ਮਰ ਚੁੱਕਾ ਹੋਣਾ ਚਾਹੀਦਾ ਹੈ। ਜਿਵੇਂ ਮੁਰਦਾ ਲਾਸ਼ ਕਿਸੇ ਪ੍ਰਕਾਰ ਦਾ ਕੋਈ ਅਸਰ ਨਹੀਂ ਕਬੂਲ ਸਕਦੀ ਏਸੇ ਤਰ੍ਹਾਂ **ਵਿਕਾਰਾਂ ਦੀ ਪਹੁੰਚ ਲਈ** ਮਨੁੱਖ ਮਰ ਚੁੱਕਾ ਹੋਵੇ । ਤਿਆਗੀ ਦਾ ਮੰਨ ਡੋਲ ਸਕਦਾ ਹੈ (ਜਿਵੇਂ ਬ੍ਰਾਹਮਣ ਦੀ ਲਿਖੀ ਗਾਥਾ ਅਨੁਸਾਰ ਜੰਗਲਾਂ ਵਿਚ ਬੈਠ ਕੇ ਤਪ ਕਰਦੇ ਵਿਸ਼ਵਾ-ਮਿੱਤ੍ਰ ਰਿਸ਼ੀ ਦਾ ਮਨ ਇਸਤ੍ਰੀ ਤੇ ਡੋਲ ਗਿਆ ਸੀ ਅਤੇ ਮਹਾਨ ਰਿਸ਼ੀ ਨੇ ਉਸ ਨੂੰ ਗਰਭਵਤੀ ਕਰ ਦਿੱਤਾ ਸੀ । ਪੁਰਾਣਾ ਵਿਚੋਂ ਅਜੇਹੇ ਜਪੀਆਂ ਤਪੀਆਂ ਅਤੇ ਕਥਿਤ ਤਿਆਗੀਆਂ ਦੀਆਂ ਮਾਇਆ ਤੇ ਡੋਲ ਖਲੋਣ ਦੀਆਂ ਬੇਅੰਤ ਉਦਾਹਰਣਾ ਮਿਲਦੀਆਂ ਹਨ)। ਪਰ ਮੁਰਦਾ ਹੋ ਚੁੱਕੇ ਤੇ ਮਾਇਆ ਦੇ ਕਿਸੇ ਰੂਪ ਦਾ ਵੀ ਕੋਈ ਅਸਰ ਨਹੀਂ ਹੋ ਸਕਦਾ ।

(੫) ਸਤਿਗੁਰਾਂ ਦੇ ਸ਼ਬਦ-ਰੂਪ ਉਪਦੇਸ਼ ਦੀ ਬਰਕਤਿ ਨਾਲ ਵਿਕਾਰਾਂ ਤੋਂ ਮੌਤ ਹੋ ਜਾਂਦੀ ਹੈ ਅਤੇ ਫਿਰ ਸਤਿਗੁਰਾਂ ਦੀ ਹੀ ਮਿਹਰ ਦੇ ਕਾਰਨ ਆਪਾ ਭਾਵ ਮਿਟਾ ਕੇ ਮੁਰਦਾ ਹੋ ਚੁੱਕੇ ਉਸ ਮਨੁੱਖ ਨੂੰ ਸਦੀਵੀ ਜਿੰਦਗੀ ਦੀ ਬਖ਼ਸ਼ਸ਼ ਹੋ ਜਾਂਦੀ ਹੈ, ਸਤਿਗੁਰਾਂ ਦੀ ਏਸੇ ਮਿਹਰ ਦਾ ਨਾਮ-- ' **ਸਤਿਗੁਰ ਮੇਰਾ ਮਾਰਿ ਜੀਵਾਲੇ** ' -- ਹੈ ।

ਪਰਮ-ਗਿਆਨੀ ਸੂਰਮੇ ਸਤਿਗੁਰੂ ਜੀ ਦੇ ਸ਼ਬਦ-ਬਾਣ ਨਾਲ ਸੁਧ-ਬੁਧ ਗੁਆਚ ਗਈ । ਅਤੇ ਆਪਾ ਭਾਵ ਦੇ ਮਰਦਿਆਂ ਹੀ ਅਲੋਕਿਕ ਜੀਵਨ ਦੀ ਪ੍ਰਾਪਤੀ ਹੋ ਗਈ :----

੨੯- **ਕਬੀਰ ਗੂੰਗਾ ਹੂਆ ਬਾਵਰਾ, ਬਹਰਾ ਹੂਆ ਕਾਨ ॥**
**ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ** ॥੧੯੩ ॥
**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ** ॥
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ** ॥੧੯੪ ॥ [੧੩੭੪ ]

ਅੱਖਰੀ ਅਰਥਾਂ ਨਾਲ ਇਨ੍ਹਾਂ ਗੁਰੂਬਾਣੀ ਸਲੋਕਾਂ ਤੋਂ ਵੀ ਕੋਈ ਨਰੋਈ ਸੇਧ ਨਹੀਂ ਮਿਲੇਗੀ। ਪਰ ਅਸਲ ਭਾਵ ਅਰਥ ਇਸ ਪ੍ਰਕਾਰ ਹੈ:--

**ਅਰਥ:**--ਹੇ ਕਬੀਰ ! ਜਿਸ ਮਨੁੱਖ ਦੇ ਹਿਰਦੇ ਵਿਚ ਸਤਿਗੁਰੂ ਆਪਣੇ ਸ਼ਬਦ ਦਾ ਤੀਰ ਮਾਰਦਾ ਹੈ, ਉਹ (ਦੁਨੀਆਂ ਦੇ ਭਾਣੇ) ਗੂੰਗਾ, ਕਮਲਾ ਬੋਲਾ ਤੇ ਲੂਲ੍ਹਾ ਹੋ ਜਾਂਦਾ ਹੈ (ਕਿਉਂਕਿ ਉਹ, ਪਹਿਲਾਂ ਵਾਂਗ ਮੰਦੇ ਬੋਲ ਨਹੀਂ ਬੋਲਦਾ , ਉਸ ਨੂੰ ਕਿਸੇ ਦੀ ਮੁਥਾਜੀ ਨਹੀਂ ਹੁੰਦੀ, ਕੰਨਾਂ ਨਾਲ ਨਿੰਦਣ ਜੋਗ ਬਚਨ ਨਹੀਂ ਸੁਣਦਾ, ਅਤੇ ਪੈਰਾਂ ਨਾਲ ਮੰਦੇ ਪਾਸੇ ਵਲ ਤੁਰ ਕੇ ਨਹੀਂ ਜਾਂਦਾ) । **੧੯੩** । ਜਿਸ ਮਨੁੱਖ ਨੂੰ ਸੂਰਮਾਂ ਸਤਿਗੁਰੂ ਆਪਣੇ ਸ਼ਬਦ ਦਾ ਇੱਕ ਤੀਰ ਮਾਰਦਾ ਹੈ, ਤੀਰ ਵੱਜਦਿਆਂ ਹੀ ਉਹ ਮਨੁੱਖ ਨਿਰ-ਹੰਕਾਰ ਹੋ ਜਾਂਦਾ ਹੈ, ਉਸ ਦਾ ਹਿਰਦਾ ਪ੍ਰਭੂ ਚਰਨਾਂ ਨਾਲ ਪ੍ਰੋਤਾ ਜਾਂਦਾ ਹੈ । **੧੯੪** ।

ਇਸ ਲੰਮੀ ਵਿਚਾਰ ਦੇ ਉਪ੍ਰੰਤ ਆਉ ਹੁਣ ਅੱਡਰੇ ਤੌਰ ਤੇ--**ਸਤਿਗੁਰ ਮੇਰਾ ਮਾਰਿ ਜੀਵਾਲੇ**--ਮਹਾਂਵਾਕ ਦੀ ਵਿਚਾਰ ਕਰ ਵੇਖੀਏ। ਮਹਾਂਪੁਰਖ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਆਪਣੀ ਪੁਸਤਕ " ਗੁਰਮਤ ਰਹਿਤ ਮਰਯਾਦਾ " ਦੇ ੫੨ ਸਫੇ ਤੇ ਇਸ ਮਹਾਂਵਕ ਨੂੰ ਵਰਤ ਕੇ ਆਪਣੀ ਇਸ ਝੂਠ-ਕਹਾਣੀ ਨੂੰ ਸੱਚ ਦਾ ਰੂਪ ਦੇਣ ਦਾ ਯਤਨ ਕੀਤਾ ਹੋਇਆ ਹੈ ਕਿ ਦਸ਼ਮੇਸ਼ ਜੀ ਨੇ ਪਹਿਲਾਂ ਪੰਜਾਂ ਪਿਆਰਿਆਂ ਦੇ ਸੀਸ ਵੱਢ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟਾ ਕਰ ਦਿੱਤੇ ਸਨ ਅਤੇ ਫਿਰ ਅੰਮ੍ਰਿਤ ਤਿਆਰ ਕਰਕੇ ਉਸ ਵਿਚੋਂ ਛੱਟੇ ਮਾਰ ਕੇ ਉਨ੍ਹਾਂ ਵਿਚ ਮੁੜ ਜਾਨ ਪਾ ਦਿੱਤੀ ਸੀ । ਭੈਰਉ ਰਾਗ ਵਿਚ ਉਚਰੇ ਹੋਏ ਪੰਚਮ ਗੁਰੂ ਨਾਨਕ ਜੀ ਦੇ ਪਾਵਨ ਸ਼ਬਦ ਦੀ ਪੂਰੀ ਤੁਕ ਇਸ ਪ੍ਰਕਾਰ ਹੈ:---

੩੦- **ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥**
**ਸਤਿਗੁਰ ਮੇਰੇ ਕੀ ਵਡਿਆਈ ॥ ਪ੍ਰਗਟੁ ਭਈ ਹੈ ਸਭਨੀ ਥਾਈ ॥ ੨ ॥**[੧੧੪੨]-੧੧-੧੪

**ਅਰਥ:**--ਮੇਰਾ ਸਤਿਗੁਰੂ (ਸ਼ਰਨ ਆਏ) ਸਭ ਜੀਵਾਂ ਦੀ ਰੱਖਿਆ ਕਰਦਾ ਹੈ, (ਜਿਹੜਾ ਮਨੁੱਖ ਉਸ ਦੇ ਦਰ ਤੇ ਸ਼ਰਧਾ ਧਾਰ ਕੇ ਆਉਂਦਾ ਹੈ, ਉਸ ਨੂੰ ਮਾਇਆ ਦੇ ਮੋਹ ਵਲੋ ਅਤੇ ਹੰਕਾਰ ਵਲੋਂ) ਮਾਰ ਕੇ ਆਤਮਕ ਜੀਵਨ ਦੇ ਦਿੰਦਾ ਹੈ । ਹੇ ਭਾਈ ! ਗੁਰੂ ਦੀ ਇਹ ਉੱਚੀ ਸੋਭਾ ਸਭਨੀ ਥਾਈਂ ਰੌਸ਼ਨ ਹੋ ਗਈ ਹੈ । ੨ ।

ਪ੍ਰਿੰਸੀਪਲ ਸਾਹਿਬ ਸਿੰਘ ਜੀ ਵਲੋਂ ਕੀਤੇ ਉਪਰਲੇ ਅਰਥਾਂ ਨਾਲ ਅਸਹਿਮਤੀ ਕਰਕੇ ਇਸ ਗੁਰੂ ਵਾਕ ਦੇ ਅਰਥ ਜਦ ਇਉਂ ਕੀਤੇ ਜਾਂਦੇ ਹਨ, ਕਿ, ਗੁਰੂ ਮਾਹਾਰਾਜ ਜੀ, ਦਿਲ ਕਰੇ ਤਾਂ ਕਿਸੇ ਮਨੁੱਖ ਨੂੰ ਜਾਨੋਂ ਮਾਰ ਕੇ ਉਸ ਦੀ ਮੁਰਦਾ ਲੋਥ ਵਿਚ ਸੁਆਸ ਮੁੜ ਚਾਲੂ ਕਰ ਦੇਂਦੇ ਸਨ ਤਾਂ ਸਮਝੋ ਕਿ ਉੱਪਰ ਲਿਖੇ ਗੁਰਮਤਿ ਦੇ ਸਿਧਾਂਤਾਂ ਦੀ ਉਲੰਙਣਾਂ ਹੋਈ ਹੈ। ਇਹ ਅਰਥ ਵੀ ਉਵੇਂ ਹੀ ਹਾਸੋ ਹੀਣੇ ਹਨ ਜਿਵੇਂ ਅਸਾਂ ਉਪੱਰ ਪੰਜ ਗੁਰੂ ਵਾਕਾਂ ਦੇ ਅਰਥ ਬੋਲੀ ਦੇ ਨੇਯਮਾਂ ਦੇ ਅਧਾਰ ਤੇ ਅਰਥਹੀਨ ਮੰਨੇ ਸਨ। ਭਿੰਡਰਾਂ ਵਾਲੇ ਸੰਤਾਂ ਮਹਾਂ ਪੁਰਖਾਂ ਕੋਲ ਇਸ ਪ੍ਰਸ਼ਨ ਦਾ ਬਾਦਲੀਲ ਉੱਤਰ ਕੋਈ ਨਹੀ ਹੈ ਕਿ ਪੰਚਮ ਪਾਤਿਸ਼ਾਹ ਜੀ ਦੇ ਵੇਲੇ ਤੱਕ ਚਾਰ ਸਰੂਪਾਂ ਵਿਚ ਵਿਚਰਦੇ ਸਮੇ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਿੰਨੇ ਕੁ ਮਨੁੱਖਾਂ ਨੂੰ ਅਥਵਾ ਹੋਰ ਜੀਵਾਂ ਨੂੰ ਜਾਨੋਂ ਮਾਰ ਕੇ ਮੁੜ ਸੁਰਜੀਤ ਕਰ ਦਿੱਤਾ ਸੀ? ਅਤੇ ਕੀ ਉਨ੍ਹਾਂ ਦੀ ਇਸ ਕਥਿਤ ਸਦੁਤੀ ਕਰਮਾਤੀ ਕੌਤਕ ਤੋਂ ਸੰਸਾਰ ਦੇ ਸਾਰੇ ਇਤਿਹਾਸਕਾਰ ਕਿਸ ਕਾਰਨ ਜਾਣੂੰ ਨਹੀਂ ਸਨ ਹੋ ਸਕੇ ? ਜੇ ਉਨ੍ਹਾਂ ਬਾਰੇ ਕਦੇ ਅਜੇਹਾ ਰੌਲਾ ਪਿਆ ਹੁੰਦਾ ਤਾਂ ਇਤਿਹਾਸ ਦੇ ਬੇਅੰਤ ਪੰਨੇ ਅਜੇਹੀਆਂ ਕਈ ਸਾਖੀਆਂ ਨਾਲ ਭਰੇ ਹੁੰਦੇ। ਪਰ (ਬ੍ਰਾਹਮਣੀ ਸੋਚ ਦੇ ਅਸਰ ਹੇਠ ਆਏ ਪੁਰਾਤਨ ਲਿਖਾਰੀਆਂ ਨੂੰ ਛੱਡ ਕੇ) ਕਿਸੇ ਵੀ ਸੁਹਿਰਦ ਖੋਜੀ ਵਿਦਵਾਨ ਇਤਿਹਾਸਕਾਰ ਨੇ ਦਸਾਂ ਸਤਿਗੁਰਾਂ ਵਿਚੋਂ ਕਿਸੇ ਦੇ ਜੀਵਨ ਇਤਿਹਾਸ ਵਿਚ ਵੀ ਅਜੇਹਾ ਕੁਝ ਨਹੀਂ ਲਿਖਿਆ ।

ਅੱਡਰੀਆਂ ਗੱਦੀਆਂ ਚਲਾਉਂਣ ਦੀ ਲਾਲਸਾ ਗ੍ਰਸੇ ਸੰਤ-ਬਾਣੇ ਵਾਲੇ ਹੀ ਅਜੇਹੀਆਂ ਨਿਰਮੂਲ, ਗੱਲਾਂ ਦਾ ਭਰਮ ਪਾ ਸਕਦੇ ਹਨ। ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਰਹਿੰਦਾ ਕਿ ਜਿਵੇਂ ਬ੍ਰਾਹਮਣ ਆਪਣੇ ਬਣਾਏ ਸਾਰੇ ਧਰਮ-ਕਰਮਾਂ ਨੂੰ ਅਤੇ ਸਾਰੇ ਇਸ਼ਟ-ਦੇਵਾਂ ਨੂੰ ਆਪਣੀ ਪ੍ਰਭੁਤਾ ਵਧਾਉਣ ਦੇ ਸਾਧਨਾਂ ਤੋਂ ਵੱਧ ਹੋਰ ਕੁੱਛ ਨਹੀਂ ਮੰਨਦਾ ਏਵੇਂ ਹੀ ਸਿੱਖੀ ਵਿਚ ਆ ਵੜੇ ਇਹ ਡੇਰੇਦਾਰ ਸੰਤ ਮਹਾਂਪੁਰਖ ਵੀ ਗੁਰੂਬਾਣੀ ਨੂੰ ਆਪਣੀ ਯੋਜਨਾਂ

ਅਨੁਸਾਰ ਵਰਤ ਕੇ ਲੋਕਾਂ ਨੂੰ ਠੱਗਣ ਵਾਲਾ ਪਰਪੰਚ ਹੀ ਖਿਲਾਰੀ ਬੈਠੇ ਹਨ। ਗੰਧਰਬ ਨਗਰੀ ਵਿਚ ਲੈ ਵੜਨ ਵਾਲੇ, ਸ਼ਹਿਦ ਵਰਗੇ ਮਿੱਠੇ ਸ਼ਬਦਾਂ ਵਿਚ ਗਲੇਫੇ ਮਿਠੇ **ਝੂਠ** ਤੋਂ ਸਿਵਾ ਇਨ੍ਹਾਂ ਗ਼ੱਦੀਦਾਰ-ਸਾਧਾਂ ਦੇ ਪੱਲੇ ਹੋਰ ਕੱਖ ਨਹੀਂ ਹੈ। ਗੱਦੀਦਾਰਾਂ ਦੇ ਖ਼ਿਆਲ ਅਨੁਸਾਰ ਸਿਰਫ਼ ਪੰਜ ਸਿੰਘ ਹੀ ਮਰ ਕੇ ਮੁੜ ਜੀਵੇ ਸਨ, ਪਰ ਸਤਿਗੁਰੂ ਗ੍ਰੰਥ ਸਾਹਿਬ ਦਾ ਤਾਂ ਫ਼ਤਵਾ ਹੈ ਕਿ--**ਮੂਏ ਬਿਨੁ ਜੀਵਨੁ ਨਾਹੀ ॥ ੧ ॥** [੬੫੫]-੬ ਇਹ ਹੋਕਾ ਤਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਹਿਲੇ ਸਰੂਪ ਵਿਚ ਹੀ ਦੇ ਦਿੱਤਾ ਸੀ, ਕਿ ਹੇ ਭਾਈ ! ਜੇ ਤੈਨੂੰ ਪ੍ਰਭੂ ਨਾਲ ਪਿਆਰ-ਖੇਡ ਖੇਡਣ ਦਾ ਸ਼ੌਂਕ ਹੈ ਤਾਂ ਮਾਇਆ-ਮੋਹ ਦੇ ਕਾਰਨ ਉਪਜਦੇ ਵਿਕਾਰਾਂ ਵੱਲ ਲੈ ਜਾਣ ਵਾਲੇ ਸਿਰ ਨੂੰ ਉਤਾਰ ਕੇ ਮੇਰੇ ਵਿਦਿਆਲੇ ਵਿਚ ਆਉਣਾ ਪੈਣਾ ਹੈ--**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**[੧੪੧੨] ਗੁਰੂ ਨਾਨਕ ਜੀ ਦੇ ਸਾਰੇ ਦੇ ਸਾਰੇ ਨਿਕਟ ਵਰਤੀ ਸਿੱਖ ਮਰ-ਜੀਵੇ ਸਨ। ਸਾਰਿਆਂ ਨੂੰ ਨਵਾਂ ਜੀਵਨ ਮਿਲਿਆ ਹੋਇਆ ਸੀ ।

ਗੁਰੂ ਨਾਨਕ ਜੀ ਦੇ ਵਿਦਿਆਲੇ ਵਿਚ ਦਾਖ਼ਲ ਹੋਣ ਆਉਣ ਵਾਲਿਆਂ ਸਾਂਰਿਆਂ ਲਈ ਏਹੀ ਸੁਨੇਹਾ ਸੀ--**ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸਿ ॥** {੧੧੦੨] ਇਹ ਸੁਨੇਹਾ ਕੋਈ ਸਰੀਰਕ ਮੌਤ ਮਰ ਜਾਣ ਦਾ ਸੀ? ਸਤਿਗੁਰਾਂ ਦੇ ਕੋਲ ਕਾਂਸ਼ੀ ਵਾਲਾ ਬ੍ਰਾਹਮਣੀ-ਕਰਵੱਤ ਤੇ ਕੋਈ ਨਹੀਂ ਪਿਆ ਹੋਇਆ। ਸਰੀਰ ਦੀ ਮੌਤ ਦੀ ਗੱਲ ਨਹੀਂ ਕੇਵਲ ਮਾਇਆ ਦੇ ਮੋਹ ਵੱਲੋ ਮੁਰਦਾ ਹੋਣਾ ਹੈ। ਇਸ ਗੁਰਮਤਿ ਸਿਧਾਂਤ ਨੂੰ ਹੋਰ ਸਪੱਸ਼ਟ ਕਰ ਲੈਣ ਲਈ ਆਉ ਕੁਝ ਹੋਰ ਗੁਰਬਾਣੀ ਸ਼ਬਦਾਂ ਦੀ ਵਿਚਾਰ ਕਰ ਲਈਏ:---

੩੧- **ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮਗਿਆਨੀ ਅਲਿਪਾਇ ॥ ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ ॥ ੪ ॥**
**ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥ ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ**
**ਜਨ ਨਾਨਕ ਸੰਕਟ ਜੋਨਿ ਨ ਪਾਇ ॥ ੫ ॥ ਰੇ ਨਰ ਇਨ ਬਿਧਿ ਪਾਰਿ ਪਰਾਇ ॥ ਧਿਆਇ ਹਰਿ ਜੀਉ ਹੋਇ**
**ਮਿਰਤਕੁ ਤਿਆਗਿ ਦੂਜਾ ਭਾਉ ॥ ੨ ॥** [੧੦੦੧ ]-੧੧

**ਅਰਥ:**--ਜਿਹੜਾ ਮਨੁੱਖ ਪ੍ਰਭੂ ਨਾਲ ਡੂੰਘੀ ਸਾਂਝ ਪਾਈ ਰੱਖਦਾ ਹੈ ਉਹ ਮਾਇਆ ਤੋਂ ਇਉ ਨਿਰਲੇਪ ਰਹਿੰਦਾ ਹੈ ਜਿਵੇਂ ਸੂਰਜ (ਚੰਗੇ ਮੰਦੇ ਹਰੇਕ ਥਾਂ ਆਪਣੀ ਰੌਸ਼ਨੀ ਦੇ ਕੇ) ਮੈਲ ਆਦਿਕ ਤੋਂ ਸਾਫ਼ ਹੈ, ਜਿਵੇਂ ਚੰਦ੍ਰਮਾਂ ਵੀ (ਇਸੇ ਤਰ੍ਹਾਂ) ਸਾਫ਼ ਹੈ । ਬ੍ਰਹਮ ਨਾਲ ਜਾਣ-ਪਛਾਣ ਰੱਖਣ ਵਾਲਾ ਇਉਂ ਸੋਹਣਾ ਲੱਗਦਾ ਹੈ ਜਿਵੇਂ ਹਰੇਕ ਕਿਸਮ ਦੀ ਮੈਲ ਨੂੰ ਸਾੜ ਕੇ ਵੀ ਅੱਗ ਮੈਲ ਤੋਂ ਨਿਰਲੇਪ ਹੈ ਅਤੇ ਸਦਾ ਨਿਰਮਲ ਹੈ **। ੪ ।** ਜਿਸ ਮਨੁੱਖ ਦਾ ਭਾਗ ਜਾਗ ਪੈਂਦਾ ਹੈ, ਜਿਸ ਨੇ ਗੁਰੂ ਦੀ ਸਰਨ ਵਿਚ ਰਹਿ ਕੇ ਪ੍ਰੇਮ ਨਾਲ ਰਜ਼ਾ ਨੂੰ ਮੰਨ ਲਿਆ ਉਸ ਦੀਆਂ ਅੱਖਾਂ ਤੋਂ ਮਾਇਆ ਦੇ ਮੋਹ ਦਾ ਪੜਦਾ ਲਹਿ ਜਾਂਦਾ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ--ਜਿਸ ਨੂੰ ਗੁਰੂ ਦੇ ਨਾਮ-ਮੰਤ੍ਰ ਦੇ ਦਿੱਤਾ, ਨਾਮ-ਦਾਰੂ ਦੇ ਦਿੱਤਾ, ਉਹ ਮਨੁੱਖ ਚੌਰਾਸੀ ਲਖ ਜੂਨਾਂ ਦੇ ਕਲੇਸ਼ ਨਹੀਂ ਪੈਂਦਾ । ੫ ।

ਹੇ ਭਾਈ ! ਇਸ ਤਰ੍ਹਾਂ ਮਨੁੱਖ ਸੰਸਾਰ-ਸਾਗਰ ਤੋਂ ਪਾਰ ਲੰਘ ਜਾਂਦਾ ਹੈ । ਤੂੰ ਵੀ ਪਰਮਾਤਮਾ ਦਾ ਧਿਆਨ ਧਰਿਆ ਕਰ, ਵਿਕਾਰਾਂ ਵਲੋਂ ਮੁਰਦਾ ਹੋ ਜਾ, ਅਤੇ ਪ੍ਰਭੂ ਤੋਂ ਬਿਨਾ ਹੋਰ ਹੋਰ ਪਿਆਰ ਛੱਡ ਦੇਹ । ਰਹਾਉ ਦੂਜਾ । ੨ । ੧੧ ।

੩੨- **ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ ॥**
**ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ ॥ ੨ ॥** [੭੫੦]-੧੧-੫੮

**ਅਰਥ:**--ਅੱਠੇ ਪਹਰ ਆਪਣੇ ਮਾਲਕ-ਪ੍ਰਭੂ ਦਾ ਧਿਆਨ ਧਰਨਾ ਚਾਹੀਦਾ ਹੈ, ਇਸ ਤਰ੍ਹਾਂ ਗੁਰੂ ਦੀ ਕਿਰਪਾ ਨਾਲ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ । ਆਪਾ-ਭਾਵ ਛੱਡ ਕੇ ਸਭਨਾ ਦੇ ਚਰਨਾ ਦੀ ਧੂੜ ਬਣ ਜਾਣਾ ਚਾਹੀਦਾ ਹੈ, ਇਸ ਤਰ੍ਹਾਂ ਦੁਨੀਆਂ ਦੀ ਕਿਰਤ ਕਾਰ ਕਰਦਿਆ ਹੀ ਨਿਰਮੋਹ ਹੋ ਜਾਈਦਾ ਹੈ । ੨ ।

੩੩- **ਜੀਵਤ ਮਰੈ ਮਰਿ ਮਰਣ ਸਵਾਰੈ ॥ ਗੁਰ ਕੈ ਸਬਦਿ ਸਾਚੁ ਉਰਧਾਰੈ ॥ ੧ ॥ ਰਹਾਉ ॥** [੧੧੭੪]-੯

**ਅਰਥ:**--ਜਿਹੜਾ ਮਨੁੱਖ ਗੁਰੂ ਦੇ ਸਬਦ ਦੇ ਰਾਹੀਂ ਸਦਾ ਕਾਇਮ ਰਹਿਣ ਵਾਲੇ ਹਰਿ-ਨਾਮ ਨੂੰ ਆਪਣੇ ਹਿਰਦੇ ਵਿਚ ਵਸਾਉਂਦਾ, ਉਹ ਮਨੁੱਖ ਦੁਨੀਆਂ ਦੀ ਕਾਰ ਕਰਦਾ ਹੋਇਆ ਹੀ ਮਾਇਆ ਦੇ ਮੋਹ ਤੋਂ ਬਚਿਆ ਰਹਿੰਦਾ ਹੈ । ਵਿਕਾਰਾਂ ਵਲੋਂ ਮਰ ਕੇ ਉਹ ਮਨੁੱਖ ਵਿਕਾਰਾਂ ਤੋਂ ਬਚੇ ਹੋਏ ਆਪਣੇ ਜੀਵਨ ਨੂੰ ਸੋਹਣਾ ਬਣਾ ਲੈਂਦਾ ਹੈ ॥ ੧ ॥ ਰਹਾਉ ॥

੩੪- **ਕਾਂਇਆ ਸਾਧੈ, ਉਰਧ ਤਪੁ ਕਰੈ, ਵਿਚਹੁ ਹਉਮੈ ਨ ਜਾਇ ॥ ਅਧਿਆਤਮ ਕਰਮ ਜੇ ਕਰੇ ਨਾਮ ਨ ਕਬਹੀ ਪਾਇ ॥**
**ਗੁਰ ਕੈ ਸਬਦਿ ਜੀਵਤ ਮਰੈ ਹਰਿ ਨਾਮੁ ਵਸੈ ਮਨਿ ਆਇ ॥ ੧ ॥** [੩੩]-੧੯-੫੧

**ਅਰਥ:**--ਮਨੁੱਖਾ ਸਰੀਰ ਨੂੰ (ਭਾਵ, ਗਿਆਨ-ਇੰਦ੍ਰਿਆਂ ਨੂੰ) ਵੱਸ ਵਿਚ ਰੱਖਣ ਦੇ ਕਈ ਜਤਨ ਕਰਦਾ ਹੈ, ਪੁੱਠਾ ਲਟਕ ਕੇ ਤਪ ਕਰਦਾ ਹੈ, (ਪਰ ਇਸ ਤਰ੍ਹਾਂ) ਅੰਦਰੋਂ ਹਉਮੈ ਦੂਰ ਨਹੀਂ ਹੁੰਦੀ । ਜੇ ਮਨੁੱਖ ਆਤਮਕ ਉੱਨਤੀ ਸੰਬੰਧੀ (ਅਜੇਹੇ ਮਿਥੇ ਹੋਏ ਧਾਰਮਿਕ) ਕੰਮ ਕਰਦਾ ਰਹੇ, ਤਾਂ ਕਦੇ ਵੀ ਉਹ ਪਰਮਾਤਮਾ ਦਾ ਨਾਮ ਪ੍ਰਾਪਤ ਨਹੀਂ ਕਰ ਸਕਦਾ । ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਸਹਾਇਤਾ ਨਾਲ ਦੁਨੀਆਂ ਦੀ ਕਿਰਤ-ਕਾਰ ਕਰਦਾ ਹੋਇਆ ਹੀ ਵਿਕਾਰਾਂ ਵਲੋਂ ਮਰਿਆ ਰਹਿੰਦਾ ਹੈ (ਪੂਰਨ ਤੌਰ ਤੇ ਬਚਿਆ ਰਹਿੰਦਾ ਹੈ) ਉਸ ਦੇ ਮਨ ਵਿਚ ਪ੍ਰਭੂ ਦਾ ਨਾਮ ਆ ਵਸਦਾ ਹੈ । ੧ । (ਵਿਧੀਆਂ ਅਤੇ ਸਮਗ਼ਰੀਆਂ ਵਾਲੇ ਕਈ ਨਾਵਾਂ ਵਾਲੇ ਪਾਠ ਕਰਾਉਣੇ, ਲੰਗਰ ਦੇਣੇ, ਦਾਨ-ਪੁੰਨ ਕਰਨੇ, ਜਾਂ ਉਚੇਚਾ ਪਵਿੱਤਰ ਕਰਮ ਸਮਝ ਕੇ ਸਰੋਵਰਾਂ ਵਿਚ ਇਸ਼ਨਾਨ ਕਰਨੇ, ਆਦਿ ਸਿੱਖੀ ਵਿਚਲੇ ਧਰਮ-ਕਰਮ ਬਣ ਗਏ)

੩੫- **ਜੀਵਦਿਆ ਮਰੁ ਮਾਰਿ ਨ ਪਛੋਤਾਈਐ ॥ ਝੂਠਾ ਇਹੁ ਸੰਸਾਰੁ, ਕਿਨਿ ਸਮਝਾਈਐ ॥**
**ਸਚਿ ਨ ਧਰੈ ਪਿਆਰੁ ਧੰਧੈ ਧਾਈਐ ॥ ਕਾਲੁ ਬੁਰਾ ਖੈ ਕਾਲੁ ਸਿਰਿ ਦੁਨੀਆਈਐ ॥**
**ਹੁਕਮੀ ਸਿਰਿ ਜੰਦਾਰੁ, ਮਾਰੇ ਦਾਈਐ ॥ ਆਪੇ ਦੇਇ ਪਿਆਰੁ ਮੰਨਿ ਵਸਾਈਐ ॥**
**ਮੁਹਤੁ ਨ ਚਸਾ ਵਿਲੰਮੁ ਭਰੀਐ ਪਾਈਐ ॥ ਗੁਰ ਪਰਸਾਦੀ ਬੁਝਿ ਸਚਿ ਸਮਾਈਐ ॥ ੨੦ ॥**[੧੪੭]

**ਅਰਥ:**--(ਹੇ ਬੰਦੇ ! ਇਸ ਆਪਾ ਭਾਵ ਨੂੰ) ਮਾਰ ਕੇ ਜੀਊਂਦਿਆਂ ਹੀ ਮਰ ਤਾਂ ਜੋ ਅੰਤ ਨੂੰ ਪਛਤਾਉਣਾਂ ਨਾ ਪਏ । ਕਿਸੇ ਵਿਰਲੇ ਨੂੰ ਸਮਝ ਆਈ ਹੈ ਕਿ ਇਹ ਸੰਸਾਰ ਝੂਠ ਹੈ, (ਆਮ ਤੌਰ ਤੇ ਜੀਵ ਤ੍ਰਿਸ਼ਨਾ ਅਧੀਨ ਹੋ ਕੇ) ਜਗਤ ਦੇ ਧੰਧੇ ਵਿਚ ਭਟਕਦਾ ਫਿਰਦਾ ਹੈ ਸੱਚ ਵਿਚ ਪਿਆਰ ਨਹੀਂ ਪਾਉਂਦਾ, (ਇਹ ਗੱਲ ਚੇਤੇ ਨਹੀ ਰੱਖਦਾ ਕਿ) ਨਾਸ ਕਰਨ ਵਾਲਾ ਇਹ ਭੈੜਾ ਕਾਲ ਦੁਨੀਆਂ ਦੇ ਸਿਰ ਤੇ ਖੜਾ ਹੈ, ਇਹ (ਕਾਲ ਰੂਪੀ-) ਜਮ ਪ੍ਰਭੂ ਦੇ ਹੁਕਮ ਵਿਚ ਹਰੇਕ ਦੇ ਸਿਰ ਤੇ (ਤੱਕ ਲਾਈ ਬੈਠਾ ਹੈ) ਅਤੇ ਦਾਅ ਲਾ ਕੇ ਹੈ ਮਾਰਦਾ ਹੈ । (ਪ੍ਰਭੂ ਦੇ ਸਾਰੇ ਚੋਜਾਂ ਨੂੰ ਸਮਝਣ ਵਾਲੇ ਗੁਰੂ ਨਾਨਕ ਨਿਰੰਕਾਰੀ ਜੀ ਤਰਸ ਭਰੇ ਹਿਰਦੇ ਨਾਲ ਫ਼ੁਰਮਾਨ ਕਰਦੇ ਹਨ ਕਿ- ਇਨ੍ਹਾਂ ਜੀਵਾਂ ਦੇ ਕੀ ਵੱਸ ਹੈ ?) ਪ੍ਰਭੂ ਆਪ ਹੀ ਆਪਣਾ ਪਿਆਰ ਬਖ਼ਸ਼ਦਾ ਹੈ (ਤੇ ਜੀਵ ਦੇ) ਮਨ ਵਿਚ ਆਪਣਾ ਆਪ ਵਸਾਉਂਦਾ ਹੈ । ਜਦੋਂ ਸੁਆਸ ਪੂਰੇ ਹੋ ਜਾਂਦੇ ਹਨ, ਪਲਕ-ਮਾਤ੍ਰ ਇਥੇ ਢਿੱਲ ਨਹੀਂ ਲਾਈ ਜਾ ਸਕਦੀ, ਇਹ ਗਲ ਸਤਿਗੁਰਾਂ ਦੀ ਮਿਹਰ ਨਾਲ ਕੋਈ ਵਿਰਲੇ ਬੰਦਾ ਸਮਝ ਕੇ ਸੱਚ ਵਿਚ ਜੁੜਦਾ ਹੈ । ੨੦ ।

ਹੰਕਾਰ ਦਾ ਤਿਆਗ ਕਰਨਾ, ਦੁਨੀਆਂ ਨੂੰ ਸਰਾਂ ਸਮਝ ਕੇ ਆਪਣੇ ਆਪ ਨੂੰ ਮੁਸਾਫ਼ਰ ਜਾਣਨਾ, ਭਾਣਾ ਮੰਨਣਾ, ਖਿਮਾ ਅਤੇ ਧੀਰਜ ਨੂੰ ਦ੍ਰਿੜ ਕਰ ਕੇ ਧਾਰਣਾ, ਪਰ-ਉਪਕਾਰ ਲਈ ਤਨ ਮਨ ਧਨ ਕੁਰਬਾਨ ਕਰਨ ਵਿਚ ਕਿਸੇ ਪ੍ਰਕਾਰ ਦੇ ਮੋਹ ਦੇ ਵਿੱਚ ਨਾ ਫਸਣਾ, ਜੀਵਤ ਮਰਣ ਵਾਲੀ ਇਸ ਅਵਸਥਾ ਦਾ ਧਰਨੀ ਬਣਨ ਦੇ ਉਪਦੇਸ਼ ਵਾਲੇ ਹੋਰ ਬੇਅੰਤ ਗੁਰੂ-ਸ਼ਬਦ ਹਨ। ਕੁਝ ਦੀ ਸੂਚੀ ਇਸ ਪ੍ਰਕਾਰ ਹੈ:---

| | | | | | |
|---|---|---|---|---|---|
| ੧= [੨੨੨]-ਅਸਟ-੨(੫) | ੨= [੨੩੩]-੧-੯ | ੩= [੫੧੦]-ਵਾਰ-੪ | ੪= [੧੨੫]-੨੬-੨੭ | ੫= [੧੫੦]-ਵਾਰ-੨੬(੧) | ੬=[੨੮੬]-ਅਸਟ-੧੭(੫) |
| ੭= [੨੪੬]-ਛੰਤ-੪(੧) | ੮= [੩੩੭]-੧੩(੩) | ੯= [੩੬੨]-੭-੪੬(ਰਹਾਉ) | ੧੦-[੪੧੦]-੪-੧੬੦(੧) | ੧੧=[੪੮੦]-੫-੧੮(੫) | ੧੨=[੫੫੪]-ਵਾਰ-੧੬(੨) |
| ੧੩=[੫੮੦]-੩(੬) | ੧੪=[੬੫੦]-ਵਾਰ-੨੧(੨) | ੧੫=[੬੫੧]-ਵਾਰ-੨੨ | ੧੬=[੫੫੩]-ਵਾਰ-੧੩(੩) | ੧੭=[੭੩੦]-੧-੮ | ੧੮=[੧੦੬੮]--੨-੨੪(੬) |
| ੧੯=[੧੧੨੮]-੩(੪) | ੨੦=[੬੦੩]-੮(੧) | ੨੧=[੬੫੫]-੬(੧) | ੨੨=[੬੬੦]-੨(੫) | ੨੩=[੪੪੧]-੫-੨੧(੧) | ੨੪=[੯੩੩]-ਓ-੪੧ |
| ੨੫=[੯੪੮]-ਵਾਰ-੪(੨) | ੨੬=[੯੪੮]ਵਾ-੪(੩) | ੨੭=੧੧੭੦]-੮(੧) | ੨੮=[੧੧੭੨]-੧ | ੨੯=[੧੦੪੦]-ਸੋ-੩-੨੦(੧) | ੩੦=[੧੦੬੭]-੧-੨੩(੪) |
| ੩੧=[੧੧੦੩]-੪(੪) | ੩੨=[੧੧੭੫]-੧੨(੧) | ੩੩=[੧੧੮੯]-੪(੭) | ੩੪=[੧੩੯੪]-੧੭ | ੩੫=[੬੬੭]-ਵਾਰ-੧੨ | ੩੬=[੧੧੭੦]--੮(੧) |
| ੩੭=[੬੯]-੭-੨੪(੨) | ੩੮=[੧੫੩]-੯ | ੩੯=[੨੪੬]-ਛੰਤ-੪(੧) | ੪੦=[੫੦੬]-੧-੬(੭) | ੪੧=[੫੪੯]-ਵਾਰ-੪(੨) | ੪੨=[੯੪੦[-ਸਿੱਧ-੨੪ |
| ੪੩=[੧੨੮੯]-ਵਾਰ੨੪-(੨) | ੪੪=[੧੩੪੩]-੩(੮) | ੪੫=[੧੩੬੪]-੫ | ੪੬=[੧੧੪੨]-੧੧-੨੪(੨) | ੪੭=[੧੩੩੨]੮-੧੮(੩) | ੪੮=[੫੭]-੮-(੭) |
| ੪੯=[੧੨੩]-੨੩-੨੪(੩) | ੫੦=[੧੪੭]ਵਾਰ-੨੦ | ੫੧=[੧੩੬੭]-੨੯ | ੫੨=[੩੪]-੨੦-੫੩(੪) | ੫੩=[੩੬੨]-੬-੪੫(ਰਹਾਉ) | |

੩੬- **ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥ ੧ ॥**
**ਅਬ ਕੈਸੇ ਮਰਉ, ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ, ਜਿਨ ਰਾਮੁ ਨ ਜਾਨਿਆ ॥**
**੧ ॥ ਰਹਾਉ ॥ ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜ ਮਰੈ, ਅਮਰੁ ਹੋਇ ਸੋਈ ॥**
**ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ, ਰਹਿਆ ਪਰਮਾਨੰਦਾ ॥ ੩ ॥** [੩੨੭]-੨੦
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ੨੨ ॥** [੧੩੬੫]

# ਦੂਜਾ ਕਾਂਡ

੧

## ਨਿਰਮਲ ਅਥਵਾ ਪਵਿੱਤਰ ?

**ਇਸ ਪੁਸਤਕ ਦੇ ਚੌਥੇ ਭਾਗ ਦੇ ਪਹਿਲੇ ਕਾਂਡ ਵਿਚ ਕੀਤੀ ਗੁਰਬਾਣੀ ਵਿਚਾਰ ਤੋਂ ਅਸੀਂ ਸੁੱਚ, ਜੂਠ, ਪਵਿੱਤ੍ਰਤਾ, ਮੈਲ, ਦੁਰਗੰਧ ਆਦਿ ਬਾਰੇ ਗੁਰਮਤਿ ਸਿਧਾਂਤ ਸਮਝ ਆਏ ਹਾਂ। ਸਤਿਗੁਰਾਂ ਨੇ ਰੱਬ ਤੋਂ ਟੁੱਟੇ ਅਥਵਾ ਵਿਕਾਰਾਂ ਦੀ ਮੈਲ ਨਾਲ ਲਿੱਬੜੇ ਹੋਏ ਮਨ ਵਾਲੇ ਮਨੁੱਖ ਨੂੰ ਹੀ ਅਪਵਿੱਤ੍ਰ ਅਥਵਾ ਮੈਲਾ ਮੰਨਿਆਂ ਹੈ। ਕੇਵਲ ਸਰੀਰ ਮੈਲਾ ਹੋਣ ਕਾਰਨ ਕਿਸੇ ਮਨੁੱਖ ਨੂੰ, ਬੇਸਮਝ, ਦਲਿੱਦਰੀ, ਕਮਲਾ, ਅਥਵਾ ਭਰਮੀ ਤਾਂ ਬੇਸ਼ੱਕ ਸਮਝਿਆ ਜਾਵੇ, ਪਰ ਉਸ ਨੂੰ ਵਿਕਾਰੀ ਅਥਵਾ ਆਚਰਨ-ਹੀਣ ਕਿਸੇ ਦਲੀਲ ਨਾਲ ਨਹੀਂ ਮਿਥਿਆ ਜਾ ਸਕਦਾ। ਏਥੇ ਅਸਾਂ ਪਵਿੱਤ੍ਰ ਅਥਵਾ ਨਿਰਮਲੇ ਬਾਰੇ ਗੁਰਮਤਿ ਵਿਚਰ ਕਰਨੀ ਹੈ। ਉਨ੍ਹਾਂ ਮਨੁੱਖਾਂ ਨੂੰ ਜਿਹੜੇ---(੧) ਖ਼ਾਸ ਨਮੂੰਨੇ ਦੇ ਸੀਤੇ ਹੋਏ ਚਿੱਟੇ ਚੋਲੇ ਪਾਉਣ ਦੇ ਨਾਲ ਖ਼ਾਸ ਬੰਧੇਜ ਵਾਲੀਆਂ ਗੋਲ ਚਿੱਟੀਆਂ ਦਸਤਾਰਾਂ ਸਜਾਉਂਣ ਵਾਲੇ ਅਥਵਾ ਹੱਥਾਂ ਵਿਚ ਸਿਮਰਨੇ ਫੇਰੀ ਰੱਖਣ ਵਾਲੇ,ਅਥਵਾ ਗ੍ਰਿਹਸਤ ਦੇ ਤਿਆਗੀਆਂ ਨੂੰ, (੨) ਉਚੇਚੀ ਸੁੱਚਮ ਅਤੇ ਭਿੱਟ ਦੇ ਬੰਧੇਜ ਨਾਲ ਭੋਜਨ ਤਿਆਰ ਕਰਕੇ ਉਚੇਚੇ ਸੁੱਚ-ਸੰਜਮ ਨਾਲ ਪ੍ਰਸ਼ਾਦੇ ਛਕਣ ਵਾਲਿਆਂ ਨੂੰ ਹੀ " ਨਿਰਮਲੇ " ਸਮਝਿਆ ਜਾਂਦਾ ਹੈ, ਕਿ ਜਾਂ ਸਤਿਗੁਰਾਂ ਨੇ ਕਿਸੇ ਹੋਰ ਸਿਫ਼ਤਾਂ ਵਾਲੇ ਮਨੁੱਖ ਨੂੰ ਨਿਰਮਲ, ਨਿਰਮਲਾ ਭਾਵ, ਪਵਿੱਤਰ ਫ਼ੁਰਮਾਨ ਕੀਤਾ ਹੈ ?**

**ਆਉ ਇਸ ਸ਼ੰਕੇ ਨੂੰ ਗੁਰ-ਫ਼ੁਰਮਾਨਾਂ ਦੀ ਵਿਚਾਰ ਨਾਲ ਨਿਵਿਰਤ ਕਰੀਏ:---**

੧- **ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ ॥ ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ ॥**
**ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ ॥ ੧ ॥ ਭਾਈ ਰੇ, ਮੈਲੁ ਨਾਹੀ ਨਿਰਮਲ ਜਲਿ ਨਾਇ ॥**
**ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥ ੧ ॥ ਰਹਾਉ ॥**[੫੭]-੭

**ਅਰਥ:**--(ਜਿਵੇਂ ਸਾਫ਼ ਪਾਣੀ ਵਿਚ ਨ੍ਹਤਿਆਂ ਸਰੀਰ ਦੀ ਮੈਲ ਲਹਿ ਜਾਂਦੀ ਹੈ, ਤਿਵੇਂ ਪਰਮਾਤਮਾ ਦੇ) ਪਵਿਤ੍ਰ ਨਾਮ-ਜਲ ਵਿਚ ਇਸ਼ਨਾਨ ਕਰਨ ਨਾਲ ਮਨ ਉੱਤੇ ਵਿਕਾਰਾਂ ਦੀ ਮੈਲ ਨਹੀਂ ਰਹਿੰਦੀ। (ਇਸ ਵਾਸਤੇ, ਹੇ ਭਾਈ ! ਉਸ ਆਤਮਕ ਇਸ਼ਨਾਨ ਦੀ ਖ਼ਾਤਰ ਪਰਮਾਤਮਾ ਦੀ ਸਿਫ਼ਤ ਸਾਲਾਹ ਕਰ ਤੇ ਆਖ--ਹੇ ਪ੍ਰਭੂ !) ਸਿਰਫ਼ ਤੂੰ ਸਦਾ-ਥਿਰ ਪਰਮਾਤਮਾ ਹੀ ਪਵਿਤ੍ਰ ਹੈਂ, ਬਾਕੀ ਹੋਰ ਹਰੇਕ ਥਾਂ (ਮਾਇਆ ਦੇ ਮੋਹ ਦੀ) ਮੈਲ ਨਾਲ ਭਰੀ ਹੋਈ ਹੈ **। ੧ । ਰਹਾਉ ।** ਗੁਰੂ ਦੇ ਰਾਹੀਂ ਹੀ ਉਸ ਪਵਿਤ੍ਰ ਨਾਮ-ਜਲ ਨਾਲ ਸਾਂਝ ਪੈਂਦੀ ਹੈ, ਤੇ ਮਨੁੱਖ ਦਾ ਸਰੀਰ ਪਵਿਤ੍ਰ ਹੋ ਜਾਂਦਾ ਹੈ (ਭਾਵ, ਸਾਰੇ ਗਿਆਨ-ਇੰਦ੍ਰੇ ਵਿਕਾਰਾਂ ਦੀ ਮੈਲ ਤੋਂ ਬਚੇ ਰਹਿੰਦੇ ਹਨ)। ( ਗੁਰੂ ਦੀ ਕਿਰਪਾ ਨਾਲ) ਉਹ ਸਦਾ-ਥਿਰ ਪਵਿਤ੍ਰ ਪ੍ਰਭੂ ਜੋ ਮਨੁੱਖ ਦੇ ਅੰਦਰ ਦੀ ਵੇਦਨ ਜਾਣਦਾ ਹੈ, ਮਨੁੱਖ ਦੇ ਮਨ ਵਿਚ ਆ ਪਰਗਟਦਾ ਹੈ (ਇਸ ਪ੍ਰਕਾਸ਼ ਦੀ ਬਰਕਤ ਨਾਲ ਮਨ ਸਹਿਜ ਅਵਸਥਾ ਵਿਚ ਟਿਕ ਜਾਂਦਾ ਹੈ) ਸਹਿਜ ਅਵਸਥਾ ਤੋਂ ਬਹੁਤ ਆਤਮਕ ਅਨੰਦ ਉਪਜਦਾ ਹੈ, ਮੌਤ ਦਾ ਡੈ ਵੀ ਨਹੀਂ ਵਿਆਪਦਾ। ੧।

੨- **ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥ ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥**
**ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥ ੮ ॥**[੨੭੯]-ਅਸਟ--੧੨

**ਅਰਥ:**--ਤੇਰੀ ਨਿਰਮਲ ਤੋਂ ਨਿਰਮਲ ਬੋਲੀ (ਤੇਰੀ ਮਿਠੀ ਤੋਂ ਮਿਠੀ ਬੋਲੀ) ਹਰੇਕ ਸਰੀਰ ਵਿਚ ਕੰਨਾਂ ਦੁਆਰਾ ਸੁਣੀ ਜਾ ਰਹੀ ਹੈ, ਤੇ ਜੀਭ ਨਾਲ ਉਚਾਰੀ ਜਾ ਰਹੀ ਹੈ, (ਭਾਵ, ਹਰੇਕ ਸਰੀਰ ਵਿਚ ਤੂੰ ਆਪ ਹੀ ਆਪ ਬੋਲ ਰਿਹਾ ਹੈਂ)। ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ ਕਿ, (ਜੋ ਅਜੇਹੇ ਪ੍ਰਭੂ ਦਾ) ਨਾਮ ਪ੍ਰੀਤ ਨਾਲ ਮਨ ਵਿਚ ਜਪਦਾ ਹੈ, ਉਹ ਪਵਿਤ੍ਰ ਹੀ ਪਵਿਤ੍ਰ ਹੋ ਜਾਂਦਾ ਹੈ। ੮।

੩- **ਰਾਜੁ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ ॥**

**ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ ਇਹੁ ਨਾਨਕ ਹਰਿ ਧਨੁ ਖਾਟਿਆ ॥ ੪ ॥** [੨੦੭]-੧੦-੧੩੧

**ਅਰਥ:**--ਗੁਰਦੇਵ ਜੀ ਦਾ ਫ਼ੁਰਮਾਨ ਹੈ--ਹਕੂਮਤ ਜਵਾਨੀ ਉਮਰ ਜੋ ਕੁਝ ਵੀ ਜਗਤ ਵਿਚ (ਸਾਂਭਣ-ਜੋਗ) ਦਿੱਸਦਾ ਹੈ ਇਹ ਘਟਦਾ ਹੀ ਜਾਂਦਾ ਹੈ। ਪਰਮਾਤਮਾ ਦਾ ਨਾਮ ਹੀ ਇੱਕ ਐਸਾ ਖ਼ਜ਼ਾਨਾ ਹੈ ਜੋ ਸਦਾ ਨਵਾਂ ਰਹਿੰਦਾ ਹੈ, ਤੇ ਹੈ ਵੀ ਪਵਿਤ੍ਰ (ਭਾਵ, ਇਸ ਨਾਮ-ਖ਼ਜ਼ਾਨੇ ਨਾਲ ਮਨ ਵਿਗੜਨ ਦੀ ਥਾਂ ਪਵਿੱਤ੍ਰ ਹੁੰਦਾ ਜਾਂਦਾ ਹੈ)। ਗੁਰਮੁਖ ਜਨ ਇਹ ਨਾਮ-ਧਨ ਹੀ ਸਦਾ ਖੱਟਦੇ-ਕਮਾਂਦੇ ਰਹਿੰਦੇ ਹਨ। ੪।

੪- **ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ ॥**
**ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ ॥ ੧ ॥ ਰਹਾਉ ॥** [੪੨੬]-੭-੨੯

**ਅਰਥ:**---ਪਰਮਾਤਾਮਾ ਨਿਰੋਲ ਨਿਰਮਲ ਪਵਿਤ੍ਰ ਹੈ, ਉਸ ਦਾ ਨਿਵਾਸ ਪਵਿਤ੍ਰ ਮਨ ਵਿਚ ਹੀ ਹੋ ਸਕਦਾ ਹੈ। ਜੇ ਗੁਰੂ ਦੀ ਮਤਿ ਉਤੇ ਤੁਰ ਕੇ ਪਰਮਾਤਮਾ ਦੀ ਸਿਫਤਿ ਸਾਲਾਹ ਕਰਦੇ ਰਹੀਏ ਤਾਂ ਮਾਇਆ ਵਿਚ ਰਹਿੰਦਿਆਂ ਹੀ ਮਾਇਆ ਤੋਂ ਨਿਰਲੇਪ ਹੋ ਸਕੀਦਾ ਹੈ। ੧ ਰਹਾਉ।

੫- **ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ ॥ ਰਾਮ ਰੰਗਿ ਨਿਰਮਲ ਪਰਤਾਪੁ ॥ ੨ ॥** [੧੯੮]-੯੨-੧੬੧

**ਅਰਥ:**--ਉਹੀ ਸਰੀਰ ਪਵਿਤ੍ਰ ਜਿਸ ਵਿਚ ਕੋਈ ਪਾਪ ਜਨਮ ਨਹੀਂ ਲੈਂਦਾ। ਪਰਮਾਤਮਾ ਦੇ ਪ੍ਰੇਮ ਰੰਗ ਦੀ ਬਰਕਤਿ ਨਾਲ ਪਵਿਤ੍ਰ ਹੋਏ ਮਨੁੱਖ ਦਾ ਤੇਜ ਪ੍ਰਤਾਪ ਚਮਕਦਾ ਹੈ।

੬- **ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ ॥**
**ਨਾਨਕ ਆਏ ਸੇ ਪਰਵਾਣੁ ਹਹਿ ਜਿਨ ਗੁਰਮਤੀ ਹਰਿ ਧਿਆਇ ॥ ੪ ॥** [੨੮]-੫-੩੮

**ਅਰਥ:**--ਜਿੰਨ੍ਹਾਂ ਬੰਦਿਆਂ ਨੇ ਗੁਰੂ ਦੀ ਸਰਨ ਪੈ ਕੇ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰ ਕੇ ਪਰਮਾਤਮਾ ਦਾ ਨਾਮ ਸਿਮਰਿਆ ਹੈ, ਉਹ ਬੰਦੇ ਸਦਾ-ਥਿਰ ਪ੍ਰਭੂ ਵਿਚ ਲੀਨ ਹੋ ਕੇ ਉਸ ਦਾ ਰੂਪ ਬਣ ਕੇ ਅੰਦਰੋਂ ਬਾਹਰੋਂ ਪਵਿੱਤ੍ਰ ਹੋ ਜਾਂਦੇ ਹਨ (ਭਾਵ, ਉਨ੍ਹਾਂ ਦਾ ਆਤਮਕ ਜੀਵਨ ਪਵਿਤ੍ਰ ਹੋ ਜਾਂਦਾ ਹੈ, ਤੇ ਉਹ ਖ਼ਲਕਤ ਨਾਲ ਵੀ ਵਰਤਣ-ਵਿਹਾਰ ਸੁਚੱਜਾ ਰੱਖਦੇ ਹਨ)।

੭- **ਗੋਬਿੰਦ ਪ੍ਰੀਤਿ ਸਿਉ ਇਕੁ ਸਹਜੁ ਉਪਜਿਆ ਵੇਖੁ ਜੈਸੀ ਭਗਤਿ ਬਨੀ ॥**
**ਆਪ ਸੇਤੀ ਆਪੁ ਖਾਇਆ ਤਾ ਮਨੁ ਨਿਰਮਲੁ ਹੋਆ ਜੋਤੀ ਜੋਤਿ ਸਮਈ ॥ ੨ ॥** [੪੯੦]--੧-੩

**ਅਰਥ:**--ਪਰਮਾਤਮਾ ਨਾਲ ਪਿਆਰ ਪਾਇਆਂ (ਮਨੁੱਖ ਦੇ ਅੰਦਰ) ਇਕ ਅਚਰਜ ਆਤਮਕ ਅਡੋਲਤਾ ਪੈਦਾ ਹੁੰਦੀ ਹੈ, ਹੈਰਾਨ ਕਰਨ ਵਾਲੀ ਭਗਤੀ ਦਾ ਰੰਗ ਬਣਦਾ ਹੈ। ਅੰਦਰੇ ਅੰਦਰ ਹੀ (ਮਨੁੱਖ ਦੇ ਅੰਦਰੋਂ) ਆਪਾ-ਭਾਵ (ਹੰਕਾਰ) ਮੁੱਕ ਜਾਂਦਾ ਹੈ, (ਜਦੋਂ ਆਪਾ-ਭਾਵ ਮੁੱਕਦਾ ਹੈ) ਤਦੋਂ ਮਨ ਪਵਿਤ੍ਰ ਹੋ ਜਾਂਦਾ ਹੈ, ਤਦੋਂ ਮਨੁੱਖ ਦੀ ਸੁਰਤਿ ਰੱਬੀ ਨੂਰ ਵਿਚ ਲੀਨ ਰਹਿੰਦੀ ਹੈ। ੨।

੮- **ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥**
**ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟੁ ਹੋਇ ॥ ੧ ॥** [੪੨੬]-੯-੩੧

**ਅਰਥ:**--ਜਿਹੜੇ ਮਨੁੱਖ ਸੱਚੇ ਪ੍ਰਭੂ (ਦੇ ਨਾਮ-ਰੰਗ) ਵਿਚ ਰੰਗੇ ਰਹਿੰਦੇ ਹਨ ਉਹ ਪਵਿਤ੍ਰ ਜੀਵਨ ਵਾਲੇ ਹੋ ਜਾਂਦੇ ਹਨ ਉਨ੍ਹਾਂ ਨੂੰ ਸਦਾ ਕਾਇਮ ਰਹਿਣ ਵਾਲੀ ਸੋਭਾ ਮਿਲਦੀ ਹੈ, ਇਸ ਦੁਨੀਆਂ ਵਿਚ ਉਹ ਹਰੇਕ ਘਰ ਵਿਚ ਉੱਘੇ ਹੋ ਜਾਂਦੇ ਹਨ, ਅਗਾਂਹ ਪਰਲੋਕ ਵਿਚ ਵੀ ਉਨ੍ਹਾਂ ਦੀ ਸੋਭਾ ਸਦਾ ਲਈ ਉਜਾਗਰ ਹੋ ਜਾਂਦੀ ਹੈ। ੧।

੯- **ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ, ਜੋ ਰਾਮਹਿ ਜਾਨ ॥੬ ॥** [੧੧੫੮]--੩

**ਅਰਥ:**--ਕਬੀਰ ਸਾਹਿਬ ਦਾ ਫ਼ੁਰਮਾਨ, ਸਿਰਫ਼ ਉਹ ਮਨੁੱਖ (ਪ੍ਰਭੂ ਦਰ ਤੇ) ਕਬੂਲ ਹਨ, ਸਿਰਫ਼ ਉਹ ਮਨੁੱਖ ਪਵਿੱਤ੍ਰ ਹਨ ਜਿਨ੍ਹਾਂ ਨੇ ਪ੍ਰਭੂ ਨਾਲ ਸਾਂਝ ਪਾਈ ਹੈ। ੬।

੧੦- **ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥ ਨਿਰਮਲ ਬਾਣੀ ਹਰਿ ਸਾਲਾਹੀ, ਜਪਿ ਹਰਿ ਨਿਰਮਲੁ, ਮੈਲੁ ਗਵਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਸੁਖ ਦਾਤਾ ਮੰਨਿ ਵਸਾਵਣਿਆ ॥ ਹਰਿ ਨਿਰਮਲੁ ਗੁਰ ਸਬਦਿ ਸਾਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ ॥ ੧ ॥ ਰਹਾਉ ॥ ਨਿਰਮਲ ਨਾਮੁ ਵਸਿਆ ਮਨ ਆਏ ॥ ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥ ਨਿਰਮਲ ਗੁਣ ਗਾਵੈ ਨਿਤ ਸਾਚੇ ਕੇ, ਨਿਰਮਲ ਨਾਦੁ ਵਜਾਵਣਿਆ ॥ ੨ ॥ ਨਿਰਮਲ ਅੰਮ੍ਰਿਤ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥ ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਸਾਵਣਿਆ ॥ ੩ ॥ ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥ ਨਿਰਮਲ ਵਾਜੇ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥ ੪ ॥ ਨਿਰਮਲ ਤੇ ਸਭ ਨਿਰਮਲ ਹੋਵੈ ॥ ਨਿਰਮਲੁ ਮਨੂਆ ਹਰ ਸਬਦਿ ਪਰੋਵੈ ॥ ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥੫॥ ਸੋ ਨਿਰਮਲੁ ਜੋ ਸਬਦੇ ਸੋਹੈ ॥ ਨਿਰਮਲੁ ਨਾਮਿ ਮਨੁ ਤਨੁ ਮੋਹੈ ॥ ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਉਜਲੁ ਸਚੁ ਕਰਾਵਣਿਆ ॥ ੬ ॥ ਮਨੁ ਮੈਲਾ ਹੈ ਦੂਜੈ ਭਾਇ ॥ ਮੈਲਾ ਚਉਕਾ ਮੈਲੈ ਥਾਇ ॥ ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥ ੭ ॥ ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥ ਸੇ ਨਿਰਮਲ ਜੋ ਹਰਿ ਸਾਚੇ ਭਾਏ ॥ ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥ ੮ ॥**[੧੨੧]-੧੯-੨੦

ਭਾਵ ਅਰਥ--ਪਰਮਾਤਮਾ ਦੀ ਪਵਿੱਤ੍ਰ ਜੋਤਿ ਸਾਰੇ ਜੀਵਾਂ ਵਿਚ ਸਮਾਈ ਹੋਈ ਹੈ। ਉਸ ਦੀ ਸਿਫ਼ਤ-ਸਾਲਾਹ ਦੀ ਬਾਣੀ ਸਭ ਨੂੰ ਪਵਿੱਤ੍ਰ ਕਰਨ ਵਾਲੀ ਹੈ। ਸਿਫ਼ਤ-ਸਾਲਾਹ ਵਾਲੀ ਇਸ ਬਾਣੀ ਵਿਚ ਮਨ ਜੋੜ ਕੇ ਵਿਕਾਰਾਂ ਦੀ ਮੈਲ ਮਨ ਵਿਚੋਂ ਦੂਰ ਕਰ ਲਈਦੀ ਹੈ। ਉਹ ਮਨੁੱਖ ਧੰਨਤਾ ਜੋਗ ਹਨ ਜਿਹੜੇ ਸੁਖ ਦੇਣ ਵਾਲੇ ਪਰਮਾਤਮਾ ਨੂੰ ਆਪਨੇ ਮਨ ਵਿਚ ਵਸਾਉਂਦੇ ਹਨ ਅਤੇ ਆਪਣੇ ਅੰਦਰੋਂ ਮਾਇਆ ਦੀ ਤ੍ਰਿਸ਼ਨਾਂ ਮਿਟਾ ਲੈਂਦੇ ਹਨ। ਜਿਸ ਮਨੁਖ ਦੇ ਮਨ ਵਿਚ ਪਵਿੱਤ੍ਰ ਪ੍ਰਭੂ ਦਾ ਨਾਮ ਆ ਵੱਸਦਾ ਹੈ ਉਸ ਦਾ ਮਨ ਅਤੇ ਤਨ (ਭਾਵ, ਗਿਆਨ ਇੰਦ੍ਰੇ) ਪਵਿੱਤ੍ਰ ਹੋ ਜਾਂਦਾ ਹੈ। ਜਿਸ ਮਨੁੱਖ ਨੇ ਆਪਣੇ ਗੁਰੂ ਪਾਸੋਂ ਪਵਿੱਤ੍ਰ ਪਰਮਾਤਮਾ ਦਾ ਆਤਮਕ-ਜੀਵਨ ਦੇਣ ਵਾਲਾ ਨਾਮ ਜਲ ਪ੍ਰਾਪਤ ਕਰ ਲਿਆ ਉਸ ਦੇ ਅੰਦਰੋਂ ਆਪਾ ਭਾਵ ਮੁੱਕ ਜਾਂਦਾ ਹੈ, ਉਸ ਦੇ ਹਿਰਦੇ ਵਿਚ ਮਾਇਆ ਦਾ ਮੋਹ ਨਹੀਂ ਰਹਿੰਦਾ। ਜਿਉਂ ਜਿਉਂ ਮਨੁੱਖ ਪਰਮਾਤਮਾ ਦੀ ਸਿਫ਼ਤ-ਸਾਲਾਹ ਦੀ ਬਾਣੀ ਆਪਣੇ ਮਨ ਵਿਚ ਵਸਾਉਂਦਾ ਹੈ ਪਰਮਾਤਮਾ ਨਾਲ ਉਸ ਦੀ ਡੂੰਘੀ ਸਾਂਝ ਬਣ ਜਾਂਦੀ ਹੈ। ਪਵਿਤ੍ਰ ਪਰਮਾਤਮਾ ਦੀ ਨਾਮ-ਛੁਹ ਨਾਲ ਸਾਰੀ ਲੁਕਾਈ ਪਵਿੱਤ੍ਰ ਹੋ ਜਾਂਦੀ ਹੈ। ਪਰਮਾਤਮਾ ਦੇ ਪਵਿੱਤ੍ਰ ਨਾਮ ਵਿਚ ਲੀਨ ਰਹਿਣ ਵਾਲੇ ਮਨੁੱਖ ਪਵਿਤ੍ਰ ਜੀਵਨ ਵਾਲੇ ਹੋ ਜਾਂਦੇ ਹਨ। ਸਦਾ ਨਾਮ ਦੀ ਮਸਤੀ ਰਹਿੰਦੀ ਹੋਣ ਕਾਰਣ ਉਸ ਦੀ ਜੀਵਨ ਜੁਗਤ ਸੋਹਣੀ ਹੋ ਜਾਂਦੀ ਹੈ। ਉਸ ਨੂੰ ਵਿਕਾਰਾਂ ਦੀ ਮੈਲ ਨਹੀਂ ਲੱਗਦੀ।

ਪਰ ਜਿਹੜਾ ਮਨੁੱਖ ਮਾਇਆ ਦੇ ਪਿਆਰ ਵਿਚ ਮਸਤ ਰਹਿੰਦਾ ਹੈ, ਉਸ ਦਾ ਮਨ ਵਿਕਾਰਾਂ ਦੀ ਮੈਲ ਨਾਲ ਮੈਲਾ ਹੋ ਜਾਂਦਾ ਹੈ । ਉਹ ਲਕੀਰਾਂ ਕੱਢ ਕੱਢ ਕੇ ਬੇਸ਼ੱਕ ਸੁੱਚੇ ਚੌਂਕੇ ਬਣਾਏ ਪਰ ਉਸ ਦੇ ਹਿਰਦੇ ਦਾ ਚੌਕਾ ਸਦਾ ਮੈਲਾ ਹੀ ਰਹਿੰਦਾ ਹੈ, ਅਤੇ ਉਹ ਮਨਮੁਖ ਆਤਮਕ ਸੁੱਖ ਤੋਂ ਵਾਂਜਿਆ ਜਿੰਦਗੀ ਗੁਜ਼ਾਰ ਰਿਹਾ ਹੁੰਦਾ ਹੈ । ਜਿਸ ਪਰਮਾਤਮਾਂ ਦੇ ਹੁਕਮ ਵਿਚ ਇਹ ਸੱਭ ਕੁਝ ਵਰਤਦਾ ਹੈ, ਉਸ ਦੇ ਚਰਨਾਂ ਵਿਚ ਸਤਿਗੁਰੂ ਜੀ ਬੇਨਤੀ ਕਰਦੇ ਹਨ ਕਿ, ਪ੍ਰਾਣੀ ਨੂੰ ਪਵਿੱਤ੍ਰ ਜੀਵਨ ਵਾਲਾ ਬਣਨ ਦੀ ਸ਼ਕਤੀ ਬਖ਼ਸ਼ੇ । ਪਰਮਾਤਮਾਂ ਦੀ ਮਿਹਰ ਦੇ ਪਾਤ੍ਰ ਬਣਨ ਦਾ ਰਾਹ ਸਤਿਗਰਾਂ ਨੇ ਏਹੀ ਦੱਸਿਆ ਹੈ ਕਿ, ਮਨੁੱਖ ਗੁਰੂ (ਗ੍ਰੰਥ ਸਾਹਿਬ) ਦੀ ਸਿਖਿਆ ਅਨੁਸਾਰ ਆਪਣਾ ਜੀਵਨ ਢਾਲ ਲਵੇ । ਕੋਈ ਮੰਨੇ ਜਾਂ ਨਾ ਮੰਨੇ ਪਰ ਇਹ ਅਟੱਲ ਸਚਾਈ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਸਿੱਖਾਂ ਦੇ ਹੀ ਸਿਖਿਆ ਦਾਤਾ ਨਹੀਂ ਹਨ, ਇਹ ਅਨੂਪਮ ਸਤਿਗੁਰੂ ਸੰਸਾਰ ਦੇ ਮਨੁੱਖ-ਮਾਤ੍ਰ ਦੇ ਸੱਚੇ ਗੁਰੂ ਹਨ ।

ਸ਼ਬਦ ਵਿਚਾਰ ਤੋ ਮਿਲਦੇ ਗਿਆਨ ਦੀ ਸਿੱਕ ਰਖਣ ਵਾਲੇ ਸ਼ਰਧਾਲੂ ਗੁਰਸਿੱਖਾਂ ਲਈ ਅਜੇਹੇ ਹੋਰ ਗੁਰੂਸ਼ਬਦਾਂ ਦੀ ਸੂਚੀ:-- ׃

| | | | | | |
|---|---|---|---|---|---|
| ੧= [੩੧]--੧੪-੪੭(੪) | ੨= [੫੧੫]-ਵਾਰ-੧੬(੨) | ੩= [੭੮੬]-ਵਾਰ-੨ | ੪= [੪੫]--੧੦-੮੦(੨) | ੫= [੪੬]-੧੧-੮੧(੧) | ੬= [੪੮]--੭-੪੮(੩) |
| ੭= [੪੯]--੧੯-੮੯(੨) | ੮= [੬੯]--੨੫(੧) | ੯= [੩੨]--੧੬-੪੯(ਰਹਾਉ) | ੧੦=[੫੭]-੮(-੬) | ੧੧=[੩੭੪]-੧੪(੪) | ੧੨=[੫੪੩]-੩(੨) |
| ੧੩=[੯੬੧]-ਵਾਰ-੮ | ੧੪=[੧੦੧੧]-ਅਸ-੫(੮) | ੧੫=[੨੮੯]-੧੯(੬) | ੧੬=[੨੭੬]-੧੨(੮) | ੧੭=[੩੨੮]-੨੬ | ੧੮=[੫੧੬]-੧੯ |
| ੧੯=[੬੦੦]-੩(੩) | ੨੦=[੬੩੬]-ਆਸ਼ਤ-੪ | ੨੧=[੬੪੪]-ਵਾਰ-੬ | ੨੨=[੬੬੪]--੪(ਰਹਾਉ) | ੨੩=੧੪੧੧]-ਵ-ਵ-੯ | ੨੪=[੧੩੯]-ਵਾਰ-੩ |
| ੨੫=[੧੪੯]-੨੪(੧) | ੨੬=[੧੮੩੧]-੨੩-੯੨(੪) | ੨੭=[੧੯੯]-੯੫-੧੬੪ | ੨੮=[੨੦੭]-੮-੧੨੯(੨) | ੨੯=[੨੦੯]-੧੦-੧੩੧(੪) | ੩੦=[੨੩੧]-ਆਸ਼ਤ-੫(੬) |
| ੩੧=[੨੩੨]--੭(੩) | ੩੨=[੨੬੬]--੩(੮) | ੩੩=[੨੮੩]-ਅਸਟ-੧੫(੭) | ੩੪=[੨੯੬]-ਅਸਟ--੨੪(੮) | ੩੫=[੩੦੪]-ਵਾਰ-੧੦ | ੩੬=[੩੨੮]-੨੬(ਰਹਾਉ) |
| ੩੭=[੩੪੭]-੧੭ | ੩੮=[੩੬੨]--੪-੪੩(੪) | ੩੯=[੩੮੩]-੧੧-੫੦(੨) | ੪੦=[੪੨੬][-੭-੨੯ (ਰਹਾਉ) | ੪੧=[੪੨੭]-ਅਸਤ-੯--੩੧(੨) | ੪੨=[੪੨੯]-ਅਸਟ-੧੧-੩੩(੫) |
| ੪੩=[੫੧੫]-ਵਾਰ-੧੬ | ੪੪=[੫੬੫]-ਅਸਟ-੨(੩) | ੪੫=[੫੯੦]-ਵਾਰ-੧੧ | ੪੬=[੪੩੦]-੨੨-੧੫(੨) | ੪੭=[੪੩੧]--੧-੨-੩(ਰਹਾਉ] | ੪੮=[੪੯੧]-੫-੭(੨) |
| ੪੯=[੪੯੬]-੩-੬(ਰਹਾਉ) | ੫੦=[੬੩੬]-੪-(੫) | ੫੧=[੨੩੪]-੧-੯(੭) | ੫੨=[੭੧੬]-੫-੨੪(੨) | ੫੩=[੭੧੭]-੬-੨੫(੨) | ੫੪=[੭੫੩]-੨(੬) |
| ੫੫=[੬੧੬]-੧੬-੨੭(੨) | ੫੬=[੬੩੬]-ਅਸਟ-੪(੨) | ੫੭=[੬੧੭]-੬-੨੫(੧) | ੫੮=[੬੬੮]-੨(੨) | ੫੯=[੭੭੦]-੪-੫ | ੬੦=[੮੧੧]-੧੩-੪੩(ਰਹਾਉ) |
| ੬੧=[੮੨੧]-੧-੮੭(੪) | ੬੨=[੯੧੯]-ਅਨੰਦ-੧੭ | ੬੩=[੯੪੧]-੨੭ | ੬੪=[੯੫੪]-੬੪ | ੬੫=[੯੮੫]-੫ | ੬੬=[੭੮੫]-ਵਾਰ-੨ |
| ੬੭=[੧੧੬੫]-੪੫ | ੬੮=[੯੩੯]-੧੪ | ੬੯=[੯੧੯]-ਅਨੰਦ-੨੦ | ੭੦=[੧੦੦੩]-੧੫(੪) | ੭੧=[੧੦੨੫]-੬(੪) | ੭੨=[੧੦੪੫]-੩(੨) |
| ੭੩=[੧੦੫੯]-੧੬(੬) | ੭੪=[੧੨੩੪]-ਅਸਟ-੩ | ੭੫=[੧੩੭੫]-੧੯੬ | ੭੬=[੧੧੭੩]-੫(੨) | ੭੭=[੧੨੬੨]--੪-੧੩-੯-੨੨(੫) | ੭੮=[੧੨੭੬]-੧-੫(੧) |
| ੭੯=[੧੨੬੮]-੪-(੨) | ੮੦=[੧੨੮੫]-੧੮ | ੮੧=[੧੩੨੫]-੪(੫) | ੮੨=[੧੪੧੧]-ਵ-ਵ੧੦ | ੮੩=[੧੩੩੨]-੨(੨) | ੮੪=[੧੩੩੪]੫(੨) |
| ੮੫=[੧੩੪੬]-੨(੮) | ੮੬=[੧੪੧੩]-੧੧ | ੮੭=[੧੭੮]-੮-੭੭(੨) | ੮੮=[੧੦੫੪]-੧--੧੦(੧੪) | ੮੯=[੬੮੫]-ਅਸਟ-੨(੪) | ੯੦=[੮੩੪]ਅਸਟ-੨(੭) |
| ੯੧=[੯੩੩]ਓਂ-੨੭ | ੯੨=[੧੦੧੧]-ਅਸਟ-੫(੮) | ੯੩=[੧੦੫੫]-੨-੧੧(੧੫) | ੯੪=[੧੨੨੫]੮੭-੧੧੦(੧) | | |

੧੧- **ਨਿਰਮਲ ਭਏ ਊਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ ॥**
**ਚਰਨ ਕਮਲ ਸਿਉ ਡੋਰੀ ਰਾਚੀ ਭੇਟਿਓ ਪੁਰਖ ਅਪਾਰੋ ॥ ੧ ॥**
**ਕਰੁ ਗਹਿ ਲੀਨੇ ਸਰਬਸੁ ਦੀਨੇ ਦੀਪਕ ਭਇਓ ਉਜਾਰੋ ॥**
**ਨਾਨਕ ਨਾਮਿ ਰਸਕਿ ਬੈਰਾਗੀ ਕੁਲਹ ਸਮੂਹਾਂ ਤਾਰੋ ॥੨॥**[੧੨੨੫]-੮੭-੧੧੦

੨

## ਨਿਰਮਲੇ (<u>ਧਰਮ ਧੁਜਾ ਅਖਾੜਾ</u>)

ਇਸ ਪੁਸਤਕ ਦੇ ਪਹਿਲੇ ਭਾਗ ਤੋਂ ਬਿੱਪ੍ਰ ਦੀ ਜੀਵਨ ਕਥਾ ਤੋਂ ਅਰੰਭ ਹੋਈ ਅਤੇ ਪ੍ਰੋਹਿਤ ਜੀ ਤੰਗ ਦਿਲੀ ਦੇ ਇਸ ਪੱਖ ਦਾ ਵੇਰਵਾ ਕਈ ਥਾਂਈ ਵਿਚਾਰਿਆ ਗਿਆ ਹੈ, ਕਿ **ਬਿੱਪ੍ਰ ਆਪਣੀ ਬਣਾਈ ਮਰਯਾਦਾ ਦਾ ਖੰਡਨ ਕਰਨ ਵਾਲੇ ਕਿਸੇ ਦੂਜੇ ਧਰਮ ਨੂੰ ਭਾਰਤ ਵਿਚ ਪ੍ਰਫੁੱਲਤ ਹੁੰਦਾ ਨਹੀਂ ਝੱਲ ਸਕਦਾ ।** ਗੁਰੂ ਨਾਨਕ ਜੀ ਦੇ ਗਿਆਨ ਤੋਂ ਜਿਹੜੀ ਚਿੰਤਾ ਬਿੱਪ੍ਰ ਨੂੰ ਵਾਪਰੀ ਸੀ, ਉਸ ਦਾ ਵੇਰਵਾ, ਅਤੇ ਫਿਰ ਇਸ ਨਿਆਰੇ ਗਿਆਨ ਤੋਂ ਗੁਰੂ ਕੇ ਸਿੱਖ ਨੂੰ ਤੋੜ ਦੇਣ ਦੇ ਜਿਹੜੇ ਸਫ਼ਲ ਯਤਨ ਬਿੱਪ੍ਰ ਨੇ ਕੀਤੇ ਸਨ, ਉਨ੍ਹਾਂ ਦਾ ਜਿਕਰ ਵੀ, ਪੁਸਤਕ ਪਹਿਲੇ ਭਾਗ ਤੋਂ ਅਰੰਭ ਹੋ ਕੇ ਬਾਕੀ ਭਾਗਾਂ ਵਿਚ ਵੀ ਢੁਕਵੇਂ ਥਾਵਾਂ ਤੇ ਨਿਰੰਤਰ ਹੁੰਦਾ ਆ ਰਿਹਾ ਹੈ। ਪੁਸਤਕ ਦੇ ਪਹਿਲੇ ਭਾਗ ਦੇ " ਕ੍ਰਿਸ਼ਨ ਅਵਤਾਰ " ਲੇਖ ਵਿਚ ਅਤੇ ਦੂਜੇ ਭਾਗ ਦੇ ਆਖ਼ਰੀ " ਸੁੱਖਣਾ " ਲੇਖ ਵਿਚ ਪੰਥ ਵਿਰੋਧੀ ਪ੍ਰੋਹਿਤਵਾਦੀ ਕੁਟਲਨੀਤੀਆਂ ਦਾ ਵੇਰਵਾ ਹੋਰ ਵੀ ਵੱਧ ਵਿਸਥਾਰ ਨਾਲ ਲਿਖਿਆ ਜਾ ਚੁਕਾ ਹੈ। ਚੌਥੇ ਭਾਗ ਵਿਚ ਉਦਾਸੀਆਂ ਬਾਰੇ ਕੀਤੀ ਵਿਚਾਰ ਵਿਚ ਹੀ ਇਹ ਪੱਖ ਵਿਚਾਰਿਆ ਗਿਆ ਸੀ।

ਮਨੁੱਖ ਨੂੰ ਆਪਣੀ ਆਮਦਨ ਦਾ ਸਦੀਵੀ ਸਾਧਨ ਬਣਾਈ ਰੱਖਣ ਲਈ, ਬ੍ਰਾਹਮਣ ਦਾ ਪਰਖਿਆ ਹੋਇਆ ਸਫ਼ਲ ਹਥਿਆਰ--**ਫੁੱਟ**--ਹੈ। ਇਹ ਵੀ ਸੁਣਿਆਂ ਜਾਂਦਾ ਹੈ ਕਿ ਅੰਗ੍ਰੇਜ਼ ਦੀ ਵੀ Devide and rule " ਨੀਤੀ ਨੇ, ਉਸ ਦਾ ਰਾਜ ਸਾਰੇ ਸੰਸਾਰ ਤੇ ਕਰਾ ਦਿੱਤਾ ਸੀ। ਭਰਾ ਨੂੰ ਭਰਾ ਨਾਲੋਂ ਪਾੜੀ ਰੱਖਣ ਵਿਚ ਬ੍ਰਾਹਮਣ ਨੂੰ ਆਪਣੀਆਂ ' ਪੰਜੇ ਉਂਗਲਾਂ ਘਿਉ ਵਿਚ ' ਡੁੱਬਿਆਂ ਨਜ਼ਰ ਆਉਂਦੀਆਂ ਸਨ। ਮਨੁੱਖ ਨੂੰ ਅੱਡ ਅੱਡ ਭਗਵਾਨਾਂ ਦੀ ਪੂਜਾ ਨਾਲ ਜੋੜ ਦੇਣਾ ਸਦੀਵੀ ਫੁੱਟ ਪਾਈ ਰੱਖਣ ਵਾਲਾ ਬੜਾ ਸਫ਼ਲ ' ਯੰਤ੍ਰ ' ਸਿੱਧ ਹੋ ਚੁੱਕਾ ਸੀ। ਬ੍ਰਾਹਮਣ ਗੁਰੂ ਦੇ ਚੇਲਿਆਂ ਦੇ ਪਰਵਾਰ ਵਿਚ, ਪਿਉ ਤਾਂ ਕ੍ਰਿਸ਼ਨ ਉਪਾਸ਼ਕ ਹੈ ਪਰ ਔਲਾਦ ਵਿਚੋਂ ਕੋਈ ਰਾਮ ਭਗਤ ਹੈ, ਕੋਈ ਸ਼ਿਵ ਭਗਤ ਅਤੇ ਕੋਈ ਵੈਸ਼ਨੋ ਦੇਵੀ ਦਾ ਭਗਤ

ਹੈ- ਆਦਿ ਆਦਿ। ਹਰ ਕੋਈ ਆਪਣੇ ਇਸ਼ਟ ਨੂੰ ਚੰਗਾ ਕਹਿ ਕੇ ਦੂਜੇ ਨੂੰ (ਅੰਦਰ ਖਾਤੇ,ਅਥਵਾ ਖੁਲ੍ਹ ਕੇ ) ਘ੍ਰਿਣਾ ਕਰਦਾ ਹੈ। ਦੇਵੀ ਦੇਵਤਿਆਂ ਦੀ ਪੂਜਾ ਨੇ ਪਰਵਾਰ ਹੀ ਲੀਰੋ ਲੀਰ ਕਰ ਦਿੱਤਾ ?

ਹਿੰਦੂਆਂ ਵਿਚ ੩੩ ਕਰੋੜ ਦੇਵੀ ਦੇਵਤਿਆਂ ਦੀ ਹੋਂਦ ਦਾ ਅਤੇ ਉਨ੍ਹਾਂ ਦੀਆਂ ਅਦਭੁਤ ਸ਼ਕਤੀਆਂ ਦਾ ਭਰਮ ਬਣਾ ਕੇ ਕਈ ਤੀਰਥ ਅਸਥਾਨ ਬਣਾ ਲੈਣ ਦੇ ਬ੍ਰਾਹਮਣੀ-ਢੰਗ ਦਾ ਇਤਿਹਾਸ, ਪੁਸਤਕ ਦੇ ਤੀਜੇ ਭਾਗ ਵਿਚ ਬੜੇ ਵਿਸਥਾਰ ਨਾਲ ਆ ਚੁਕਾ ਹੈ। ਇਸ ਸਚਾਈ ਬਾਰੇ ਵੀ ਖੁੱਲ੍ਹੀ ਵਿਚਾਰ ਹੋ ਚੁਕੀ ਹੈ ਕਿ ਹਿੰਦੂ ਧਰਮ ਵਿਚ ਸਾਧ, ਸੰਤ, ਜੋਗੀ, ਜੰਗਮ, ਸਿੱਧ ਸਾਧਕ, ਸੰਨਿਆਸੀ, ਰਿਸ਼ੀ, ਮੁਨੀ, ਦਿਗੰਬਰ, ਸਰੇਵੜੇ, ਆਦਿ ਕਈ ਭੇਖਾਂ ਵਾਲੇ ਡੇਰੇ ਚੱਲ ਤੁਰਨੇ ਵੀ ਬ੍ਰਹਮਣ ਦੀ ਉਸੇ ਫੁੱਟ-ਨੀਤੀ ਅਥਵਾ ਲੁੱਟ-ਨੀਤੀ ਦਾ ਹੀ ਸਿੱਟਾ ਹੈ। ਪ੍ਰੋਹਿਤਵਾਦੀ ਨੀਤੀ ਦੀ ਉਪਜ ਸਾਧ-ਸੰਤ ਜਿਵੇਂ ਹਿੰਦੂ ਧਰਮ ਵਿਚ **ਪ੍ਰਤੱਖ ਦੇਵਤੇ** ਬਣ ਚੁੱਕੇ ਸਨ, ਇਸ ਦੀ ਗਾਥਾ ਵੀ ਪੁਸਤਕ ਦੇ ਦੇ ਛਪ ਚੁੱਕੇ ਹਿੱਸਿਆਂ ਵਿਚ ਆ ਚੁੱਕੀ ਹੈ । ਭਾਵ, ਬ੍ਰਾਹਮਣ ਦਾ ਤਜਰਬਾ ਸੀ ਕਿ ਉਸ ਵਲੋਂ ਪਰਚੱਲਤ ਕੀਤੇ ਭੇਖਾਂ ਵਾਲੇ ਸਾਧ ਸੰਤ, ਭਾਂਵੇਂ ਮੰਗਤੇ ਹੋਣ ਤੇ ਭਾਂਵੇਂ ਤਿਆਗੀ ਬਣ ਕੇ ਜੰਗਲੀ ਵੱਸਦੇ ਹੋਣ, ਲੋਕਾਂ ਵਾਸਤੇ ਪ੍ਰਤੱਖ ਭਗਵਾਨ ਹੀ ਹਨ। ਉਨ੍ਹਾਂ ਜੀਉਂਦੇ ਜਾਗਦੇ ਪ੍ਰਤੱਖ ਦੇਵਤਿਆਂ (ਰੱਬ ਨੇੜੇ ਕਿ ਘਸੁੰਨ ?) ਦੀਆਂ ਪਰਦੱਖਣਾਂ ਸਗੋਂ ਵੱਧ ਸ਼ਰਧਾ ਨਾਲ ਹੋਣੀਆਂ ਅਰੰਭ ਹੋ ਜਾਣ ਦਾ ਬਿੱਪ੍ਰ ਨੂੰ ਖੁਲ੍ਹਾ ਤਜਰਬਾ ਸੀ। ਬਿੱਪ੍ਰ ਜਾਣਦਾ ਸੀ ਕਿ, ਅਜੇਹੇ ਸਾਧ-ਭੇਖਾਂ ਵਾਲਿਆਂ ਦੀਆਂ ਗੱਦੀਆਂ ਅਥਵਾ ਉਨ੍ਹਾਂ ਦੇ ਡੇਰੇ, ਲੋਕਾਂ ਲਈ-" ਕਰਾਮਾਤੀ ਤੀਰਥ ਅਸਥਾਨ " ਬਣ ਜਾਣ ਵਿਚ, ਬਹੁਤਾ ਸਮਾ ਨਹੀਂ ਲਾਉਂਦੇ। ਅਤੇ ਫਿਰ ਇਹ ਵੀ ਨੰਗਾ-ਚਿੱਟਾ ਸੱਚ ਸੀ ਕਿ ਇਨ੍ਹਾਂ ਥਾਵਾਂ ਦੇ ਮੁਖੀ, ਵਰਾਂ-ਸਰਾਪਾਂ ਅਸੀਸਾਂ, ਬਦ-ਅਸੀਸਾਂ ਦੇ ਮਾਲਕ, ਹਿਰਦੇ ਤੋਂ ਭਾਵੇਂ ਪੱਕੇ ਠੱਗ ਹੀ ਹੋਣ ਪਰ ਲੋਕਾਂ ਵਿਚ ਇਹ ਪੂਜਨੀਕ " ਮਹਾਂਪੁਰਖ " ਮੰਨੇ ਜਾਂਦੇ ਹਨ। ਇਹ ਵੀ ਪ੍ਰਤੱਖ ਸਚਾਈ ਬਣ ਚੁੱਕੀ ਸੀ ਕਿ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਵਾਲੇ ਮੰਦਰਾਂ ਨਾਲੋਂ ਇਨ੍ਹਾਂ ਪਰਤੱਖ ਭਗਵਾਨਾਂ ਦੇ ਗਿਰਦੇ ਲੋਕਾਂ ਦੀਆਂ ਭੀੜਾ ਦਿਨੋਂ ਦਿਨ ਵਾਧੇ ਤੇ ਹੀ ਰਹਿੰਦੀਆਂ ਸਨ।

ਖੋਟੇ ਖਰੇ ਦੀ ਪਰਖ ਕਰ ਸਕਣ ਦੇ ਸਮਰਥ ਕੋਈ ਇਕ ਅੱਧ ਬਿਬੇਕ-ਬੁਧੀ ਭਲਾ ਮਨੁੱਖ ਜੇ ਇਨ੍ਹਾਂ ਠੱਗ ਡੇਰਿਆਂ ਦੇ ਦੀ ਅਸਲੀਅਤ ਦੱਸਣ ਦਾ ਹੌਸਲਾ ਕਰਨ ਦੀ ਭੁੱਲ ਕਰਦਾ ਹੈ, ਅਵੱਲ ਤਾਂ ਡੇਰੇਦਾਰਾਂ ਦੇ ਪਾਲਤੂ ਗੁੰਡੇ ਸੱਚ ਦਾ ਮੂੰਹ ਉਂਜ ਹੀ ਸਦਾ ਲਈ ਬੰਦ ਕਰ ਦਿੰਦੇ ਹਨ, ਨਹੀਂ ਤਾਂ ਉਸ ਨੂੰ ਸਿਰ ਫਿਰਿਆ ਕਹਿ ਕੇ ਅਣਸੁਣਿਆਂ ਕਰ ਦਿੱਤਾ ਜਾਂਦਾ ਹੈ। ਇਹ ਤੱਥ ਵੀ ਅਸੀਂ ਪਿਛੇ ਵਿਸਥਾਰ ਨਾਲ ਸਮਝਦੇ ਆ ਰਹੇ ਹਾਂ ਕਿ, ਸਿਖੀ ਸਿਧਾਂਤ ਦਾ ਵੈਰੀ ਪ੍ਰੋਹਿਤ, ਗੁਰੂ ਨਾਨਕ ਸਾਹਿਬ ਜੀ ਦੇ ਚਲਾਏ ਪੰਥ ਨੂੰ ਹਿੰਦੂ ਧਰਮ ਵਿਚ ਜਜ਼ਬ ਕਰਕੇ, (ਬੁੱਧ ਧਰਮ ਵਾਂਗ) ਇਸ ਦੀ ਹੋਂਦ ਹੀ ਮਿਟਾ ਦੇਣ ਦੇ ਆਹਰ ਵਿਚ, (ਸਿੱਖੀ ਦੇ) ਅਰੰਭ ਤੋਂ ਹੀ, ਤਨੋ ਮਨੋਂ ਜੁੱਟਿਆ ਹੋਇਆ ਸੀ (=ਹੈ?) । ਪ੍ਰੋਹਿਤ ਜੀ ਨੂੰ ਆਪਣੀਆਂ ਕੁਟਲ ਚਾਲਾਂ ਦੇ ਨੰਗੇ ਹੋ ਜਾਣ ਦਾ ਜਿਹੜਾ ਡਰ, ਸਤਿਗੁਰਾਂ ਤੋਂ ਬਣਿਆਂ ਰਹਿੰਦਾ ਸੀ ਅਜੇਹਾ ਤੌਖਲਾ ਉਸ ਨੂੰ ਭਾਰਤ ਦੇ ਹੋ ਕਿਸੇ ਸੁਧਾਰਕ ਮਹਾਂਪੁਰਖ ਤੋਂ ਕਦੇ ਨਹੀਂ ਸੀ ਵਾਪਰਿਆ। ਬਿੱਪ੍ਰ ਜੀ ਦਾ ਦਾ ਇਹ ਤੌਖ਼ਲਾ ਉਦੋਂ ਸਮਾਪਤ ਹੋ ਗਿਆ ਜਦੋ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ **ਸਦੀਵੀ ਗੁਰਿਆਈ**, ਸ੍ਰੀ ਗੁਰੂ ਗ੍ਰੰਥ ਸਾਹਬ ਨੂੰ ਸੌਂਪ ਕੇ, ਦਸ਼ਮੇਸ਼ ਪਿਤਾ ਜੀ ਆਪਣੇ ਨਿਜ-ਧਾਮ ਨੂੰ ਪਿਆਣਾ ਕਰ ਗਏ।

ਬ੍ਰਾਹਮਣ ਨਿੱਜੀ ਤਜਰਬਿਆਂ ਦੇ ਅਧਾਰ ਤੇ ਇਨ੍ਹਾਂ ਤੱਥਾਂ ਤੋਂ ਚੰਗੀ ਤਰ੍ਹਾਂ ਸੁਚੇਤ ਸੀ ਕਿ--

**(੧)** ਇਹ ਕਦੇ ਹੋ ਹੀ ਨਹੀਂ ਸਕਦਾ ਕਿ ਪੱਥਰਾਂ ਨੂੰ ਜਾਂ ਤਸਵੀਰ ਨੂੰ ਰੱਬ ਮੰਨ ਕੇ ਪੂਜਾ ਅਰੰਭ ਕਰ ਦੇਣ ਵਾਲਾ ਮਨੁੱਖ, ਜਿਉਂਦੇ ਜਾਗਦੇ ਮਨੁੱਖ ਨੂੰ ਭਗਵਾਨ ਮੰਨ ਲੈਣ ਵਿਚ ਕੋਈ ਢਿੱਲ ਕਰੇ,

**(੨)** ਆਖ਼ਰ ਇਹ ਸਿੱਖ ਵੀ ਕੱਲ੍ਹ ਮੇਰੇ ਹੀ ਚੇਲੇ ਸਨ, ਇਹ ਵੀ ਤਾਂ ਮੇਰੇ ਬਣਾਏ ਰੰਗ ਬਰੰਗੇ ਇਸ਼ਟਾਂ ਨੂੰ ਪੂਜਦੇ ਹੀ ਰਹੇ ਸਨ,

**(੩)** ਗੁਰੂ ਨਾਨਕ ਜੀ ਦੇ ਗਿਆਨ ਦੀ ਚੜ੍ਹੀ ਹੋਈ ਪਾਣ ਦੇ ਅਸਰ ਕਾਰਨ ਇਹ ਸਿੱਖ ਪੱਥਰਾਂ ਦੀ ਪੂਜਾ ਅਰੰਭ ਕਰ ਦੇਣ ਤੋਂ ਬੇਸ਼ੱਕ ਸੰਗਦੇ ਰਹਿਣ ਪਰ, ਸੰਤਤਾਈ ਦੇ ਜਾਲ ਵਿਚ ਫ਼ਸਣੋ ਕਦੇ ਨਹੀਂ ਬਚ ਸਕਦੇ ।

ਪੰਥ ਨੂੰ ਅਖੰਡ ਪਾਠਾਂ ਦੀ ਮਹਿਮਾ ਨਾਲ ਜੋੜ ਦੇਣ ਵਾਲਾ ਲੋਹੜੇ ਦਾ ਹੁਸ਼ਿਆਰ ਬਿੱਪਰ ਇਹ ਵੀ ਜਾਣਦਾ ਸੀ ਕਿ ਸਿੱਖ ਹੁਣ, ਗੁਰਬਾਣੀ ਦੇ ਗਿਆਨ ਤੋਂ ਲੱਗ ਪੱਗ ਕੋਰਾ ਰਹਣ ਵਿਚ ਹੀ ਖ਼ੁਸ਼ੀ ਮੰਨਣ ਲੱਗ ਪਿਆ ਹੈ। ਉਸ ਨੇ ਭਾਪ ਲਿਆ ਸੀ ਸਤਿਗੁਰਾਂ ਦੀ ਥਾਂ ਪੰਥਕ ਮਰਯਾਦਾ ਵਲ ਧਿਆਨ ਰੱਖਣ ਵਾਲਾ ਗੁਰਮੁਖ ਜਥੇਦਾਰ ਪੂਰੀ ਤਰ੍ਹਾਂ ਜੰਗਾਂ ਜੁਧਾਂ ਵਿਚ ਫਸ ਚੁੱਕਾ ਹੈ। ਕਿਸੇ ਗੂੜ੍ਹ ਗਿਆਨ ਦੀ ਬਹੁਤੀ ਲੋੜ ਨਹੀਂ, ਕਿਸੇ ਨੂੰ ਮਹਾਂਪੁਰਖ ਸਿੱਧ ਕਰਨ ਲਈ ਸਾਧ ਦਾ ਭੇਖ ਹੀ ਕਾਫ਼ੀ ਹੈ। ਇਸ ਅਸਲੀਯਤ ਨੂੰ ਕੌਣ ਜਾਣੇ ਕਿ ਗੁਰਬਾਣੀ ਵਿਚ ਸਤਿਗੁਰਾਂ ਨੇ ਕਿਸ ਨੂੰ ਸਾਧੂ ਕਹਿ ਕੇ ਸੰਤ ਦੀ ਉਸਤਤ ਕੀਤੀ ਹੈ ?* (*Foot Note:-ਸਾਧ-ਸੰਤ ਬਾਰੇ ਗੁਰਬਾਣੀ ਸਿਧਾਂਤ ਸਮਝਣ ਲਈ ਪੜ੍ਹੋ ਦੂਜੇ ਭਾਗ ਦਾ ਛੇਵਾਂ ਕਾਂਡ ਲੇਖ ਨੰ: ੨੧-**ਸਾਧ-ਸੰਤ ਅਤੇ ਗੁਰਮਤਿ**) <<<<<ਸਿੱਖੀ ਦਾ ਦੁਸ਼ਮਣ ਕੱਛਾਂ ਵਜਾ ਰਿਹਾ ਸੀ--" ਬਸ ਜਿੰਨੇ ਸਾਧਾਂ ਦੇ ਡੇਰੇ ਉਨੇ ਹੀ ਸਿੱਖਾਂ ਵਿਚ ਧੜੇ "। ਬਿੱਪ੍ਰ ਆਪਣੇ ਚੇਲਿਆਂ ਵਿਚ ਬੈਠਾਂ ਗੁਟਕਦਾ ਸੀ ਕਿ--ਮੇਰੇ ਇਸ ਫੁੱਟ-ਹਥਿਆਰ ਦੇ ਸਫ਼ਲ ਹੁੰਦਿਆਂ ਹੀ, ਉਸ ਖ਼ਾਲਸੇ ਦੀ ਸ਼ਕਤੀ ਦਾ ਭੈ ਸਦਾ ਲਈ ਮੁੱਕਾ ਹੀ ਸਮਝੋ ਜਿਹੜਾ---**ਰਾਜ ਕਰੇਗਾ ਖ਼ਾਲਸਾ**--ਦੇ ਸੁਪਨੇ ਲੈ ਰਿਹਾ ਹੈ। ਸਿੱਖੀ ਦਾ ਘਾਤ ਕਰਨ ਲਈ, ਸਿੱਖਾਂ ਵਿਚ ਸਾਧਾਂ ਦੇ ਡੇਰੇ ਚਾਲੂ ਕਰ ਦੇਣ ਲਈ ਬਿੱਪਰ ਜੀ ਕਾਹਲੇ ਪੈ ਰਹੇ ਸਨ।

**ਉਦਾਸੀ ਸਾਧ-ਟੋਲਾ:-ਪੁਸਤਕ ਦੇ ਚੌਥੇ ਭਾਗ ਦੇ** ਪੰਜਵੇਂ ਕਾਂਡ ਵਿਚ ਅਸਾਂ ਬਾਬਾ ਸ੍ਰੀ ਚੰਦ ਜੀ ਦੇ ਉਦਾਸੀ ਮਤਿ ਦੀ ਅਸਲੀਯਤ ਬਾਰੇ ਵਿਸਥਾਰ ਨਾਲ ਪੜ੍ਹ ਆਏ ਹਾਂ। ਸ਼ਾਇਦ ਗੁਰਿਆਈ ਨਾ ਮਿਲ ਸਕਣ ਦੇ ਕਾਰਨ, ਸਿੱਖੀ ਸਰੂਪ ਵਿਚ ਰਹਿਣਾ ਬਾਬਾ ਸ੍ਰੀ ਚੰਦ ਜੀ ਨੂੰ ਪਸੰਦ ਨਹੀਂ ਸੀ। ਜਿਸ ਭੇਖ ਦੀ ਸ੍ਰੀ ਗੁਰੂ ਨਾਨਕ ਜੀ ਨੇ ਭਰਪੂਰ ਖੰਡਨਾ ਕੀਤੀ ਸੀ, ਬਾਬਾ ਸ੍ਰੀ ਚੰਦ ਜੀ ਨੇ ਉਹੀ ਉਦਾਸੀ ਭੇਖ ਧਾਰਨ ਕਰ ਲਿਆ। ਉਦਾਸੀ ਫਿਰਕਾ ਚਾਲੂ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਸਿੱਖਾਂ ਦੀ ਅਥਾਹ ਸ਼ਰਧਾ ਨੇ ਉਨ੍ਹਾਂ ਦੇ ਵੱਡੇ ਸਹਿਬਜ਼ਾਦੇ ਦੇ ਚਲਾਏ ਉਦਾਸੀਆਂ ਮਤ ਵਾਲਿਆਂ ਨੂੰ ਸਿੱਖੀ ਦੇ ਸੱਚੇ ਸੇਵਕ, ਆਪਣਾ ਹੀ ਅੰਗ ਮੰਨ ਲਿਆ। ਧਰਮਸ਼ਾਲਾਂ ਦੇ ਪ੍ਰਬੰਧ ਬਹੁਤਾ ਕਰਕੇ ਉਦਾਸੀਆਂ ਨੇ ਸਾਂਭ ਲਏ ਹੋਏ ਸਨ। ਉਦਾਸੀ ਬਾਣਾ ਪ੍ਰੋਹਿਤ ਜੀ ਲਈ ਬੜਾ ਲਾਹੇਵੰਦ ਸਿੱਧ ਹੋਇਆ। ਧੜਾ ਧੜ ਬਾਬਾ ਬਾਬਾ ਸ੍ਰੀ ਚੰਦ ਜੀ ਦੇ ਚੇਲੇ ਬਣ ਕੇ ਸਿੱਖਾਂ ਲਈ ਪੂਜਨੀਕ

ਬਣਦੇ ਗਏ। ਦਾਨੀ ਸੁਭ ਖ਼ਾਲਸਾ ਜੀ ਨੂੰ ਤ੍ਰਿਨ੍ਹਾਂ ਨੇ ਹੀ ਦੋਹੀਂ ਦੋਹੀਂ ਹੱਥੀ ਲੁੱਟਣਾ ਅਰੰਭ ਕਰ ਦਿੱਤਾ। ਸਿੱਖ ਜਗਤ ਵਿਚ ਸਤਿਕਾਰੇ ਜਾ ਰਹੇ ਉਦਾਸੀਆਂ ਦੇ ਡੇਰੇ ਸਿੱਖੀ ਮਰਯਾਦਾ ਦੇ ਨਿਰਮਲ ਸਰੋਵਰ ਵਿਚ ਬੜੀ ਸਫ਼ਲਤਾ ਨਾਲ ਹੌਲੀ ਹੌਲੀ, ਬ੍ਰਾਹਮਨੀ ਰੀਤ ਦੀ ਮੈਲ ਨਿਰੰਤਰ ਰਲਾਈ ਜਾਣ ਦੇ ਕਾਰਜ ਵਿਚ ਜੁੱਟ ਗਏ।

ਉਦਾਸੀਆਂ ਦਾ ਬਾਣਾ ਆਮ ਸਿੱਖਾਂ ਨੇ ਧਾਰਨ ਨਾ ਕੀਤਾ। ਸੋ ਜਿਸ ਆਸ਼ੇ ਨਾਲ ਉਦਾਸੀ ਸਿੱਖੀ ਦੇ ਧਰਮ ਅਸਥਾਨਾਂ ਦੇ ਸੰਭਾਲੂ ਬਣੇ ਸਨ ਉਸ ਅਨੁਸਾਰ ਉਦਾਸੀ ਬਾਣਾ ਲਾਹੇਵੰਦ ਸਿੱਧ ਨਹੀਂ ਸੀ ਹੋ ਰਿਹਾ। ਸਿੱਖੀ ਸਿਧਾਂਤ ਦੇ ਵੈਰੀ, ਇਸ ਵਿਦਵਾਨ ਬ੍ਰਾਹਮਣ ਨੇ ਸਿੱਖਾਂ ਨੂੰ ਸਾਧਾਂ ਦੇ ਡੇਰਿਆਂ ਨਾਲ ਜੋੜ ਦੇਣ ਲਈ ਕਈ ਹੱਥ ਪੈਰ ਮਾਰੇ, ਪਰ ਸਮੂਹਕ ਤੌਰ ਤੇ ਸਿੱਖਾਂ ਨੂੰ ਮੋਨੇ ਹਿੰਦੂ ਸਾਧਾਂ ਦੇ ਚੇਲੇ ਬਣਾ ਲੈਣਾਂ ਸੰਭਵ ਨਾ ਜਾਤਾ। ਮੁੜ ਉਹੀ ਢੰਗ ਚੇਤੇ ਆਇਆ ਜਿਹੜਾ ਇਸ ਨੇ ਬੁਧ ਧਰਮ ਦਾ ਭੋਗ ਪਾਉਣ ਲਈ ਵਰਤਿਆ ਸੀ। ਸਿੱਖੀ ਭੇਖ ਵਿਚ ਆ ਕੇ ਸਾਧ-ਡੇਰੇ ਬਾਣਾਉਣ ਦੀ ਯੋਜਨਾਂ ਘੜ ਲਈ। ਗੁਰੂ ਸਾਹਿਬਾਨ ਦੇ ਸਮੇਂ ਮਾਇਆ ਮੋਹ ਵਿਚ ਫਸੇ ਮਸੰਦਾਂ ਉਤੇ ਬ੍ਰਾਹਮਣੀ ਚਾਲ ਸਫ਼ਲ ਹੋ ਗਈ। ਮਸੰਦਾਂ ਨੇ ਅੱਡਰੀ ਗੱਦੀ ਚਲਾ ਲਈ ਅਤੇ ਪੂਜਣ ਜੋਗ ਬਣ ਬੈਠੇ। ਪਰ ਕਲਗੀਧਰ ਜੀ ਨੇ ਸਿੱਖ ਪੰਥ ਵਿਚੋਂ ਅਜੇਹੇ ਸੰਤ ਡੇਰਿਆਂ ਦਾ ਭੋਗ ਪਾ ਦਿੱਤਾ ਸੀ। **ਪ੍ਰਾਚੀਨ ਪੰਥ ਪ੍ਰਕਾਸ਼,** ਗ੍ਰੰਥ ਵਿਚ ਇਉਂ ਲਿਖਿਆ ਹੈ---**ਐਸੀ ਐਸੀ ਬਾਤ ਸੁਨ ਦਏ ਮਸੰਦ ਮਰਵਾਏ**--(ਪ੍ਰਚੀਨ ਪੰਥ ਪ੍ਰਕਾਸ਼ ਸਫ਼ਾ ੫੦) ਸੋ ਸਤਿਗੁਰਾਂ ਦੇ ਪੰਜ-ਭੂਤਕ ਸਰੀਰ ਸਮੇ ਖਾਲਸਾ ਪੰਥ ਵਿਚ ਅਡਰੇ ਡੇਰੇ-ਦਾਰ ਦੀ ਗੱਦੀ ਚਲਵਾ ਸਕਣ ਵਾਲਾ ਬ੍ਰਾਹਮਣੀ ਦਾਅ, ਨਹੀਂ ਸੀ ਫੱਬਿਆ। ਪਰ ਜਦੋ ਹੀ ਦਸਮ ਗੁਰੂ ਨਾਨਕ ਸਾਹਿਬ ਜੀ ਨੇ ਗੁਰਤਾ-ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤੀ, ਬ੍ਰਾਂਹਮਣ ਦੀਆਂ ਗੁਰਮਤਿ ਗਿਆਨ ਵਿਰੋਧੀ ਗਤੀ-ਵਿਧੀਆਂ ਤੇਜ਼ ਹੋ ਗਈਆਂ। ਗੁਰਮਤਿ ਦੀ ਖੰਡਨਾਂ ਕਰਨ ਵਾਲੀਆਂ ਕਈ ਸਾਖੀਆਂ ਅਜੇਹੇ ਮਨਮੋਹਣੇ ਅਤੇ ਮਨੋਰੰਜਕ ਢੰਗ ਨਾਲ ਲਿਖ ਕੇ ਸਿੱਖ ਇਤਿਹਾਸ ਵਿਚ ਰਲਾ ਦਿੱਤੀਆਂ ਕਿ ਪੜ੍ਹਨ ਵਾਲਿਆਂ ਨੇ ਉਸ ਸਭ ਕੁਝ ਨੂੰ ਸੱਚ ਮੰਨ ਲਿਆ ਅਤੇ ਨਵੇਂ ਲਿਖਾਰੀਆਂ ਨੇ ਉਨ੍ਹਾਂ ਝੂਠ-ਲਿਖਤਾਂ ਨੂੰ ਅਧਾਰ ਮੰਨ ਕੇ ਪ੍ਰੋਹਿਤ ਵਾਦੀ ਝੂਠ ਨੂੰ ਸਿੱਖ ਜਗਤ ਲਈ ਨਿਰੋਲ ਸੱਚ ਬਣਾ ਦਿੱਤਾ। ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੀ ਨਿਆਰੀ ਮਰਯਾਦਾ ਨੂੰ ਖੰਡਨ ਕਰਦੇ ਰਹਿਣ ਵਾਲੀਆਂ--ਸਾਧ-ਗੱਦੀਆਂ--ਖਾਲਸਾ ਪੰਥ ਵਿਚ ਬਣਨੀਆਂ ਅਰੰਭ ਹੋ ਗਈਆਂ।

### ਨਿਰਮਲੇ:--

ਫਿਰ ਦਿਲ ਲੁਭਾਉਂਣੇ ਨਿਬੱਗ-ਸਿਖੀ ਬਾਣੇ ਵਿਚ ਵੀ ਗੁਰਮਤਿ ਪਰਚਾਰ ਦੇ ਬੁਰਕੇ ਵਾਲਾ ਉਦਾਸੀਆਂ ਤੋਂ ਵੱਧ ਹਾਨੀਕਾਰਕ, ਇਕ ਹੋਰ ਗੱਦੀ-ਦਾਰ ਪ੍ਰਗਟ ਕਰ ਲਿਆ ਗਿਆ। ਬ੍ਰਾਹਮਣੀ ਵਿਦਿਆ ਵਿਚ ਨਿਪੁੰਨ ਇਨ੍ਹਾਂ ਮਿਠ-ਬੋਲੇ ਕਪਟੀ --" **ਹ੍ਰਿਦੈ ਕਪਟੁ ਮੁਖ ਗਿਆਨੀ** ॥[੬੫੬] ਚਿੱਟਕੱਪੜਏ ਡੇਰੇ-ਦਾਰਾਂ ਦਾ ਮਨਮੋਹਣੇ ਪਰਚਾਰ-ਢੰਗ, ਬੜਾ ਹੌਲੀ ਹੌਲੀ, ਅਛੋਪਲੇ ਹੀ ਬ੍ਰਾਹਮਣੀ ਰੀਤਾਂ ਦਾ ਬੜਾ ਗੂੜ੍ਹਾ ਰੰਗ ਚਾੜ੍ਹਨ ਲੱਗ ਪਿਆ।

ਪਹਿਲਾਂ ਵੀ ਲਿਖਿਆ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਿੱਖਾਂ ਨਾਲੋਂ ਕਈ ਗੁਣਾਂ ਵਧੇਰੇ ਬਰੀਕੀ ਨਾਲ ਬ੍ਰਾਹਮਣ ਨੇ ਪੜ੍ਹਿਆ ਸੀ। ਕਿਉਕਿ ਜਿਸ ਗਿਆਨ ਦੇ ਅਸਰ ਤੋਂ ਸਿੱਖਾਂ ਨੂੰ ਮੁਕਤ ਕਰਨਾਂ ਸੀ, ਉਸ ਗਿਆਨ ਦੇ ਹਰ ਪੱਖ ਤੋਂ ਅਤੇ ਉਸ ਦੇ ਇਨਕਲਾਬੀ ਗੁਣਾਂ ਤੋਂ ਪੂਰੀ ਤਰ੍ਹਾਂ ਜਾਣੂੰ ਹੋ ਜਾਣਾਂ ਬ੍ਰਾਹਮਣ ਲਈ ਬੜਾ ਜ਼ਰੂਰੀ ਸੀ। ਵਿਦਵਾਨ ਬ੍ਰਾਹਮਣ ਲਈ ਇਹ ਸਮਝ ਲੈਣਾ ਕੋਈ ਔਖੀ ਗੱਲ ਨਹੀਂ ਸੀ ਕਿ ਗੁਰਸਿੱਖ ਗੁਰਬਾਣੀ ਵਿਚਲੇ ਸ਼ਬਦਾਂ ਦੇ ਅਧਾਰ ਤੇ ਕੀਤੀ ਗੱਲ ਨੂੰ ਬੜੀ ਸ਼ਰਧਾ ਨਾਲ ਸੁਣਦਾ ਹੈ। ਗੁਰਬਾਣੀ ਵਿਚਲੇ ਕਈ ਸ਼ਬਦਾਂ ਦੀ ਗ਼ਲਤ ਵਰਤੋਂ ਕਰਕੇ ਸਿੱਖੀ ਭੇਖ ਵਾਲੇ ਸਾਧਾਂ ਦੇ ਡੇਰੇ, ਅਥਵਾ ਅੱਡਰੇ ਪੰਥ, ਅੱਜ ਵੀ ਸੌਖੇ ਚੱਲ ਨਿਕਲਦੇ ਹਨ। ਸੰਤ ਦੀ ਮਹਿਮਾਂ ਵਾਲੇ ਸ਼ਬਦਾਂ ਨੂੰ ਵਰਤ ਕੇ ਸਾਧ ਭੇਖਾਂ ਵਾਲੇ ਡੇਰੇਦਾਰ ਦੇ ਵਾਰੇ ਨਿਆਰੇ ਹੋ ਰਹੇ ਹਨ । ਜਿਵੇਂ:--

੧੨- **ਸੰਤ* ਕੀ ਧੂਰਿ ਮਿਟੇ ਅਘ ਕੋਟਿ ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥ ੧ ॥**
**ਸੰਤ ਕਾ ਦਰਸੁ ਪੂਰਨ ਇਸਨਾਨੁ ॥ ਸੰਤ ਕ੍ਰਿਪਾ ਤੇ ਜਪੀਐ ਨਾਮੁ ॥ ੧ ॥ ਰਹਾਉ** ॥[੧੯੯]-੪੬-੧੧੫

[* **Foot note:--** ਅਜੇਹੇ ਕਈ ਗੁਰੂ-ਸ਼ਬਦਾਂ ਦੇ ਅਧਾਰ ਤੇ ਸੰਤ ਅਥਵਾ ਅਸੰਤ ਬਾਰੇ ਵਿਥਾਰ ਪੂਰਬਕ ਗੁਰਮਤਿ ਵਿਚਾਰ, ਪੁਸਤਕ ਦੇ ਦੂਜੇ ਭਾਗ ਦੇ ਛੇਵੇਂ ਕਾਂਡ ਦੇ ੨੧ਵੇਂ ਲੇਖ ਵਿਚ ਲਿਖੀ ਜਾ ਚੁੱਕੀ ਹੈ]

ਅਜੇਹੇ ਬੇਅੰਤ ਸ਼ਬਦ* ਹਨ ਜਿਨ੍ਹਾਂ ਦੀ ਅਸਲੀਯਤ ਤੋਂ ਸਰੋਤਿਆਂ ਦੀ ਅਗਿਆਨਤਾਂ ਦੇ ਕਾਰਨ ਠੱਗ-ਭੇਖੀਆਂ ਦਾ ਦਾਅ ਫੱਬ ਰਿਹਾ ਹੈ । ਸੁਖਮਨੀ ਸਾਹਿਬ ਦੀ ਸਾਰੀ ਸਤਵੀਂ ਅਸਟਪਦੀ ਵਿਚ ਬਿਨਾ ਔਂਕੜ ਦੇ ਬਹੁਵਚਨ ਸਾਧਾਂ (ਭਾਵ-ਗੁਰੂ ਸੰਗਤਿ) ਦੀ ਮਹਿਮਾਂ ਹੈ--**ਸਾਧ ਕੈ ਸੰਗਿ ਮੁਖ ਊਜਲ ਹੋਤ**---ਅਤੇ ਹੋਰ ਕਈ ਸ਼ਬਦ ਹਨ ਜਿਵੇ :--**ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ ॥ ਮਿਲਤ ਸੰਗਿ ਸਭਿ ਭਰਮ ਮਿਟੇ ਗਤਿ ਭਈ ਹਮਾਰੀ ॥ ੧ ॥ ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ ॥ ਤਨੁ ਮਨੁ ਅਪਨੋ ਜੀਅਰਾ ਫਿਰਿ ਫਿਰਿ ਹਉ ਵਾਰੀ ॥ ੧ ॥ ਰਹਾਉ** ॥[੮੧੦] ਪਰ ਗੁਰਮਤਿ ਦਾ ਸਾਧ ਕੌਣ ਹੈ ? ਇਹ ਜਾਨਣ ਦੀ ਲੋੜ, ਨਾ ਕਦੇ ਕਿਸੇ ਭੇਖੀ-ਸਾਧ ਨੂੰ ਹੈ, ਅਤੇ ਨਾਂ ਹੀ ਉਸ ਦੇ ਸ਼ਰਧਾਲੂਆਂ ਨੂੰ ਹੈ। ਜਿਵੇਂ ਅਸ ਸੰਤ ਪਦ ਦੀ ਵਰਤੋਂ ਕਰਕੇ ਸਾਧ-ਡੇਰੇ ਚਲਦੇ ਵੇਖੇ ਤਾਂ >> [* **Foot note:-**ਜਿਵੇਂ " ਬਿਬੇਕ " ਪਦ ਵਾਲੇ ਗੁਰੂ ਸ਼ਬਦਾਂ ਦੀ ਵਰਤੋਂ ਕਰ ਕੇ " ਬਿਬੇਕੀਆਂ " ਦਾ ਪੰਥ ਚਲ ਤੁਰਿਆ :---

(੧) **ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥**
**ਓਹੁ ਹਮਾਰੈ ਮਾਥੈ ਕਾਇਮੁ ਅਉਰ ਹਮਰੈ ਨਿਕਟਿ ਨ ਆਵੈ** ॥[੪੭੬]--੪

(੨) **ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ** ॥[੧੧੫੦]

(੩) **ਸਤਿ ਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥ ੩** ॥[੪੮੧]

(੪) **ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥**
**ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰਸਬਦੀ ਗੁਣ ਗਾਵਣਿਆ ॥ ੩** ॥[੧੨੮]

(੫) **ਕਾਟੇ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸੁ ਬਿਬੇਕਾ ॥**
**ਜਿਉ ਜਲੁ ਤਰੰਗ ਫੇਨੁ ਹੋਈ ਹੈ ਸੇਵਕ ਠਾਕੁਰ ਭਏ ਏਕਾ ॥ ੧** ॥[੧੨੦੯]-੪ ]

**<<**ਵਦਵਾਨ ਪੰਥ-ਦੋਖੀ ਨੇ ਸੌਖਾ ਹੀ ਤਾੜ ਲਿਆ ਸੀ ਕਿ ਗੁਰਬਾਣੀ ਵਿਚਲੇ ਬੇਅੰਤ ਗੁਰੂ ਸ਼ਬਦਾਂ (ਜਿਨ੍ਹਾਂ ਦੀ ਵਿਚਾਰ ਅਸੀਂ ਪਿਛਲੇ ਲੇਖ ਵਿਚ ਕੀਤੀ ਹੈ) ਦੇ ਅਧਾਰ ਤੇ " ਨਿਰਮਲਿਆਂ " ਦਾ ਪੰਥ ਸੌਖਾ ਚਾਲੂ ਹੋ ਸਕਣਾ ਹੈ। ਸੋ ਉਦਾਸੀਨ ਅਖਾੜਿਆਂ ਦੇ ਮਗਰੋਂ ਖ਼ਾਲਸ-ਪੰਥ ਦੇ ਸੰਗਠਨ ਤੇ, ਸਭ ਤੋਂ ਵੱਧ ਦੁਖਦਾਈ ਪ੍ਰੋਹਿਤਵਾਦੀ ਚੋਟ, ਨਿਰਮਲੇ ਸਾਧੂ-ਸੰਤਾਂ ਦੇ ਡੇਰੇ, ਅਥਵਾ ਧਰਮ-ਧੁਜਾ ਅਖਾੜੇ ਨੇ ਮਾਰੀ ਹੈ। ਇਨ੍ਹਾਂ ਚਿੱਟ ਕਪੜੀਏ ਨਿਰਮਲਿਆਂ ਬਾਰੇ ਖੁਲ੍ਹੀ ਵਿਚਾਰ ਅਰੰਭ ਕਰਨ ਤੋਂ ਪਹਿਲਾਂ, ਧਰਮ-ਧੁਜਾ ਅਖਾੜਿਆਂ ਦੇ ਚਾਲੂ ਹੋਣ ਦਾ ਇਤਿਹਾਸ ਪੜ੍ਹ ਲਈਏ---

ਗੁਰਮਤ ਮਾਰਤੰਡ ਗ੍ਰੰਥ ਦੇ ੬੪੯ ਸਫ਼ੇ ਤੇ ਇਉਂ ਲਿਖਿਆ ਹੈ---ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜ ਸਿੰਘਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੱਘ, ਵੀਰ ਸਿੰਘ, ਸੋਭਾ ਸਿੰਘ) ਨੂੰ ਬ੍ਰਹਮਚਾਰੀ ਲਿਬਾਸ ਵਿੱਚ ਵਿਦਯਾ ਲੈਣ ਲਈ ਕਾਂਸ਼ੀ ਭੇਜਿਆ । ਜਿਨ੍ਹਾਂ ਨੇ ਦੇਸ਼ ਆ ਕੇ ਵਿਦਿਆ ਅਤੇ ਨਿਰਮਲ ਧਰਮ ਦਾ ਦੇਸ਼ ਦੇਸ਼ਾਤ੍ਰਾਂ ਵਿੱਚ ਪ੍ਰਚਾਰ ਕੀਤਾ । ਇਨ੍ਹਾਂ ਪੰਜਾਂ ਦੇ ਚਾਟੜੇ ਨਿਰਮਲ ਵਸਤ੍ਰ ਪਹਿਰ ਸ਼ਾਂਤ ਚਿੱਤ ਰਹਿ ਕੇ ਹਰਿ ਕੇ ਨਾਮ ਦਾ ਅਭਯਾਸ ਅਤੇ ਧਰਮ ਦਾ ਉਪਦੇਸ਼ ਕਰਦੇ ਰਹੇ, ਉਹ ਸਭ ਨਿਰਮਲੇ ਨਾਮ ਤੋਂ ਪ੍ਰਸਿੱਧ ਹੋਏ, ਨਿਰਮਲੇ ਸਾਧੂ ਸਿੱਖ ਕੌਮ ਵਿਚ ਵਿੱਦਯਾ ਦੇ ਪ੍ਰੇਮੀ ਅਰ ਵਿਚਾਰਵਾਨ ਸੱਜਣ ਹਨ, ਇਨ੍ਹਾਂ ਦਾ **ਧਰਮ ਧੁਜਾ** ਅਖਾੜਾ ਸਾਰੇ ਹਿੰਦੋਸਤਾਨ ਅੰਦਰ ਸਿੱਖ ਧਰਮ ਪ੍ਰਚਾਰ ਵਿੱਚ ਵੱਡਾ ਹਿੱਸਾ ਲੈਂਦਾ ਹੈ । [* ਨੋਟ--ਆਪਣੀ ਹੋਂਦ ਲਈ ਬਣੇ ਖ਼ਤਰੇ ਵਿਰੁੱਧ ਜੂਝਣ ਦੇ ਪੰਥਕ-ਸੰਘਰਸ਼ਾਂ ਵਿਚ ਅਥਵਾ ਗੁਰਦਆਰੇ ਆਜ਼ਾਦ ਕਰਵਾਉਣ ਵਾਲੇ ਕਿਸੇ ਕੌਮੀ ਸੰਘਰਸ਼ ਵਿਚ ਇਨ੍ਹਾਂ ਅਖਾੜਿਆਂ ਅਥਵਾ ਡੇਰਿਆਂ ਨੇ ਕਦੇ ਕੋਈ ਠੋਸ ਹਿੱਸਾ ਨਹੀਂ ਪਾਇਆ । ਸਿਖਾਂ ਦੀ ਕਮਾਈ ਤੇ ਪਲਣ ਵਾਲੇ ਇਹ ਮੁਫ਼ਤ-ਖੋਰੇ ਸਾਧ ਡੇਰੇਦਾਰ ਕੇਵਲ ਕੌਮੀ ਸੰਘਰਸ਼ ਨੂੰ ਤਮਾਸ਼ਾਈਆਂ ਵਾਂਗ ਹੀ ਵੇਖ ਰਹੇ ਹੁੰਦੇ ਹਨ। ਅਛੋਪਲੇ ਹੀ ਪੰਥ ਵਿਚ ਬਿੱਪਰਨ ਕੀ ਰੀਤ ਰਲਾਈ ਜਾ ਰਹੇ ਇਹ ਚਿੱਟ ਕੱਪੜੀਏ ਕ੍ਰੋੜਾਂ ਦਾ ਪੰਥਕ ਧਨ ਆਪਣੇ ਮੌਜ ਮੇਲੇ ਤੇ ਗਵਾ ਹਨ ]

**ਮਹਾਨ ਕੋਸ਼ ਦੇ ੩੮ ਅਤੇ ੩੯** ਸਫ਼ੇ ਤੇ, ਏਸੇ ਵਿਦਵਾਨ ਲਿਖਾਰੀ ਦੇ ਲਿਖੇ " ਅਖਾੜੇ " ਪਦ ਦੇ ਅਰਥਾਂ ਵਿਚੋਂ ਪੁਸਤਕ ਦੇ ਚੌਥੇ ਭਾਗ ਦੇ ਪੰਜਵੇਂ ਕਾਂਡ ਵਿਚ ਉਦਾਸੀਆਂ ਨਾਲ ਸੰਬਤ (ੳ) ਅਤੇ (ਅ) ਭਾਗ ਲਿਖ ਲਏ ਸਨ ਉਸ ਤੋਂ ਅਗਲਾ ਨਿਰਮਲਿਆਂ ਨਾਲ ਸੰਬਧਤ (ੲ) ਭਾਗ ਇਸ ਪ੍ਰਕਾਰ ਹੈ:--

ਉਦਾਸੀਆਂ ਦਾ ਦੂਜਾ ਰੂਪ ਇਹ ਨਿਰਮਲੇ ਸੰਤਾਂ ਨੇ ਜਦ ਆਪਣੇ ਮਤ ਦੇ ਸੰਤਾਂ ਦਾ ਤੀਰਥਾਂ ਤੇ ਦੂਜੇ ਸਾਧੂਆਂ ਤੋਂ ਅਪਮਾਨ ਡਿੱਠਾ ਤਾਂ ਇਨ੍ਹੰ ਦੇ ਮਨ ਵਿਚ ਭੀ ਆਪਣਾ ਜੁਦਾ ਅਖਾੜਾ ਬਨਾਉਣ ਦਾ ਖ਼ਿਆਲ ਆਇਆ। ਭਾਈ ਤੋਤਾ ਸਿੰਘ ਜੀ, ਰਾਮ ਸਿੰਘ ਜੀ, ਮਤਾਬ ਸਿੰਘ ਜੀ ਆਦਿਕ ਗੁਰਮੁਖ ਸੰਤਾਂ (**ਹੈ ! ਕੀ ਡੇਰੇਦਾਰ ਸੰਤਾਂ ਵਿਚ ਵੀ ਗੁਰਮਖਿ ਹੁੰਦੇ ਹਨ?)** ਦੀ ਪ੍ਰੇਰਨਾ ਕਰਕੇ ਸੰਮਤ ੧੯੧੮ ਵਿਚ ਮਹਾਰਾਜਾ ਨਰੇਂਦ੍ਰ ਸਿੰਘ ਜੀ ਪਟਿਆਲਾ ਪਤੀ, ਮਹਾਰਾਜਾ ਭਰਪੂਰ ਸਿੰਘ ਨਾਭਾ ਪਤੀ ਅਤੇ ਮਹਾਰਾਜਾ ਸਰੂਪ ਸਿੰਘ ਜੀ ਜੀਂਦ (ਸੰਗਰੂਰ) ਪਤੀ ਨ ਨਿਰਮਲੇ ਸੰਤਾਂ ਦਾ ਅਖਾੜਾ ਕਾਇਮ ਕੀਤਾ ਜਿਸ ਦਾ ਨਾਮ **ਧਰਮਧੁਜਾ** ਹੈ। ਭਾਈ ਮਹਤਾਬ ਸਿੰਘ ਇਸ ਦੇ ਪਹਿਲੇ ਮਹੰਤ ਥਾਪੇ ਗਏ। ਪਟਿਆਲੇ ਨੇ ੮੦੦੦੦) ਨਕਦ ਅਤੇ ੪੦੦੦) ਦੀ ਸਾਲਾਨਾ ਜਾਗੀਰ, ਨਾਭੇ ਨੇ ੧੬੦੦੦) ਨਕਦ ਅਤੇ ੫੭੫) ਦੀ ਜਾਗੀਰ, ਜੀਂਦ ਨੇ ੨੦੦੦੦) ਨਕਦ ਅਤੇ ੧੩੦੦ ਦੀ ਸਾਲਾਨਾ ਜਾਗੀਰ ਦਿੱਤੀ । ਤਿਨਾਂ ਰਿਆਸਤਾਂ ਵਲੋਂ ਇਹ ਸਾਂਝਾ ਲਿਖਿਆ ਗਿਆ:--

## ਦਸਤੂਰੁਲਅਮਲ

ਤਿੰਨਾ ਰਿਆਸਤਾਂ ਵਲੋਂ (=ਪਟਿਆਲਾ, ਨਾਭਾ ਤੇ ਜੀਂਦ)

ਵਾਸਤੇ ਅਖਾੜਾ ਨਿਰਮਲਾ ਪੰਥ **ਗੁਰੂ ਗੋਬਿੰਦ ਸਿੰਘ ਜੀ** ੧-

ਇੱਕ ਸ੍ਰੀ ਮਹੰਤ ਤਿੰਨਾਂ ਰਿਆਸਤਾਂ ਦੀ ਸਲਾਹ ਨਾਲ ਅਤੇ ਚਾਰ ਮਹੰਤ ਹੋਰ ਜੋ ਪੰਜਾ ਕੱਕਿਆਂ (ਕੱਛ,ਕ੍ਰਿਪਾਨ,ਕੇਸ,ਕੰਘੇ,ਕੜੇ ਦੀ ਰਹਿਤ ਵਾਲੇ ਹੋਣ, ਸ੍ਰੀ ਮਹੰਤ ਦੀ ਸਲਾਹ ਨਾਲ ਥਾਪੇ ਜਾਣਗੇ।

੨- ਲਾਂਗਰੀ ਅਖਾੜੇ ਵਿੱਚ ਪ੍ਰਸਾਦ ਤਿਆਰ ਕਰਨ ਵਾਲੇ ਹੋਣ, ਉਹ ਵੀ ਕੇਸ ਰਹਿਤ ਵਾਲੇ ਹੋਣਗੇ।

੩- ਦੋ ਕਰਬਾਰੀ, ਦੋ ਭੰਡਾਰੀ, ਜਿਨ੍ਹਾਂ ਦੇ ਸਪੁਰਦ ਲੰਗਰ ਦੀ ਸਮਗ੍ਰੀ ਹੋਵੇਗੀ, ਅਤੇ ਇਕ ਗ੍ਰੰਥੀ ਤੇ ਇੱਕ ਗਯਾਨੀ (ਅਰਥ ਕਰਨ ਵਾਲਾ) ਮਕੱਰਰ ਹੋਣਗੇ। ਇਹ ਛੇ ਭੀ ਰਹਿਤ ਵਾਲੇ ਹੋਣ ਅਤੇ ਇੱਕ ਜਾਂ ਦੋ ਚੋਬਦਾਰ ਮੁਕੱਰਰ ਕੀਤੇ ਜਾਣ।

੪- ਜੋ ਸ੍ਰੀ ਮਹੰਤ ਹੁਣ ਹੈ, ਇਸ ਲਈ **ਰਹਿਤ ਦੀ ਪਾਬੰਦੀ ਜ਼ਰੂਰੀ** ਨਹੀਂ, ਪਰ ਜੋ ਸ੍ਰੀ ਮਹੰਤ ਅੱਗੇ ਲਈ ਥਾਪਿਆ ਜਾਊਗਾ ਉਹ ਲਾਇਕ, ਵਿਰਕਤ ਅਤੇ ਰਹਿਤ ਵਾਲਾ ਹੋਵੇਗਾ।

੫- ਜਦ ਸ੍ਰੀ ਮਹੰਤ ਕਿਸੀ ਰਿਆਸਤ ਵਿਚ ਆਵੇ, ਜਾਂ ਰਈਸ ਨੂੰ ਕਿਸੀ ਅਖਾੜੇ ਵਿਚ ਜਾਣ ਦਾ ਸਮਾ ਮਿਲੇ ਤਾਂ ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਮਹੰਤ ਨੂੰ ਭੇਟਾ ਅਰਪਨ ਕੀਤੀ ਜਾਵੇਗੀ। ਹੋਰ ਕਿਸੇ ਮਹੰਤ ਨੂੰ ਜੁਦੀ ਜੁਦੀ ਪੂਜਾ ਨਹੀਂ ਦਿੱਤੀ ਜਾਵੇਗੀ।

੬- ਜੋ ਆਮਦਨੀ ਇਸ੍ਰ ਕਸਮ ਦੀ ਹੋਵੇਗੀ, ਭਾਵੇਂ ਕਿਸੇ ਥਾਂ ਤੋਂ ਆਵੇ, ਉਸ ਦਾ ਜਮਾਂ ਖਰਚ ਅਖਾੜੇ ਵਿੱਚ ਹੁੰਦਾ ਰਹੇਗੀ, ਜੇ ਕੋਈ ਮਹੰਤ ਬਾਹਰ ਤੋਂ ਕੁਝ ਲਿਆਵੇ ਤਾਂ ਉਸ ਭੀ ਅਖਾੜੇ ਵਿੱਚ ਜਮਾ ਕਰਾਵੇ, ਆਪਣੇ ਪਾਸ ਕੁਝ ਨਾ ਰੱਖੇ।

੭- ਜੇ ਸ੍ਰੀ ਮਹੰਤ ਧਰਮ ਅਰਥ ਕਿਸੇ ਸਾਧੂ ਬ੍ਰਹਮਣ ਜਾਂ ਅਪਾਹਜ ਨੂੰ ਲੋਈ ਜਾਂ ਨਕਦ ਰੁਪਇਆ ਤੀਰਥ-ਯਾਤ੍ਰਾ ਲਈ, ਜਾਂ ਕੋਈ ਵਸਤ੍ਰ ਦੇਣਾ ਚਾਹੇ ਤਾਂ ਦੇ ਸਕਦਾ ਹੈ, ਪਰ ਕਾਗ਼ਜ਼ਾਂ ਵਿੱਚ ਪੂਰਾ ਵੇਰਵਾ ਲਿਖਿਆ ਜਾਇਆ ਕਰੇ। ੮-

ਜੇ ਕਿਸੇ ਥਾਂ ਧਰਮਧੁਜਾ ਅਖਾੜਾ ਗੁਰੂ ਗੋਬਿੰਦ ਸਿੰਘ ਜੀ ਭੰਡਾਰਾ ਕਰਨਾ ਚਾਹੇ ਸ੍ਰੀ ਮਹੰਤ ਦੀ ਸਲਾਹ ਅਤੇ ਪ੍ਰਵਾਨਗੀ ਨਾਲ ਕਰੇ, ਸ੍ਰੀ ਮਹੰਤ ਦੀ ਮਨਜ਼ੂਰੀ ਤੋਂ ਬਗ਼ੈਰ ਖ਼ਰਚ ਕਰਨ ਦਾ ਅਧਿਕਾਰ ਨਹੀਂ ਭਲਾ ਜੇ ਕਦੀਂ ਕੋਈ ਐਸਾ ਸਮਾ ਹੋਵੇ ਕਿ ਖ਼ਾਸ ਕਿਸੇ ਕੰਮ ਲਈ ਕੁਝ ਖ਼ਰਚ ਕਰਨਾ ਪਵੇ ਅਤੇ ਉਸ ਸਮੇਂ ਛੇਤੀ ਸ੍ਰੀ ਮਹੰਤ ਜੀ ਦੀ ਮਨਜ਼ੂਰੀ ਨਹੀਂ ਆ ਸਕਦੀ, ਤਦ ਉਸ ਕੰਮ ਨੂੰ ਅਰੰਭ ਕਰ ਦੇਣ, ਪਰ ਉਸ ਦੀ ਇਤਲਾਹ ਸ੍ਰੀ ਮਹੰਤ ਨੂੰ ਦੇ ਦੇਣ।

੯- ਜੇ ਕੋਈ ਐਸੀ ਲੋੜ ਹੋਵੇ ਕਿ ਨਵਾਂ ਮਹੰਤ ਥਾਪਣਾ ਹੈ ਤਾਂ ਉਸ ਪਾਸੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਸਮ ਲਈ ਜਾਵੇ ਕਿ ਮੈਂ ਰਹਿਤ ਵਿੱਚ ਚੰਗੀ ਤਰ੍ਹਾਂ ਰਹਾਂਗਾ ਅਤੇ ਜੋ ਆਮਦਨੀ ਕਿਸੇਤਰਾਂ ਦੀ ਭੀ ਹੋਵੇਗੀ, ਉਹ ਅਖਾੜੇ ਵਿੱਚ ਜਮਾ ਕਰਾ ਦਿਆ ਕਰਾਂਗਾ।

੧੦- ਸ੍ਰੀ ਮਹੰਤ ਲਈ ਅਤੇ ਦੂਜੇ ਮਹੰਤਾਂ ਲਈ ਜ਼ਰੂਰੀ ਹੋਊਗਾ ਕਿ ਜੇ ਕੋਈ ਸਿੱਖ ਜਾਗੀਰਦਾਰ ਜਾਂ ਸਰਦਾਰ ਅਖਾੜੇ ਲਈ ਭੰਡਾਰਾ ਕਰਨਾ ਚਾਹੇ ਤਾਂ ਜੈਸੀ ਉਸ ਦੀ ਸ਼ਰਧਾ ਹੋਵੇ ਵੈਸੇ ਕਰੇਗਾ। ਮਹੰਤਾਂ ਨੂੰ ਚਾਹੀਦਾ ਹੈ ਕਿ ਕਿਸੀ ਤਰ੍ਹਾਂ ਦਾ ਤਕਰਾਰ ਨਾ ਕਰਨ, ਉਸ ਦੀ ਇਜ਼ੱਤ ਦਾ ਖਯਾਲ ਰੱਖਣ। ੧੧-

ਇਸ ਤਰ੍ਹਾਂ ਜੇ ਕੋਈ ਸਿੱਖ ਇਸ ਫਿਰਕੇ ਦਾ ਡੇਰੇਦਾਰ ਅਖਾੜੇ ਲਈ ਭੀ ਉੱਪਰਲੀ ਦਫ਼ਾ (ਨੰਬਰ ੧੦) ਅਨੁਸਾਰ ਅਮਲ ਕੀਤਾ ਜਾਵੇ, ਹਾਂ, ਜੇ ਕਰ ਇਹ ਗੱਲ ਪਾਈ

ਜਾਵੇ ਕਿ ਕਿ ਉਹ ਗੁਜ਼ਾਰੇ ਵਾਲਾ ਹੈ ਅਤੇ ਜਾਣ ਬੁੱਝ ਕੇ ਕਮਜ਼ੋਰੀ ਜ਼ਾਹਰ ਕਰਦਾ ਹੈ, ਤਾਂ ਜਿਸ ਰਿਆਸਤ ਨਾਲ ਉਹ ਸੰਬੰਧ ਰੱਖਦਾ ਹੋਵੇ, ਉਸ ਰਿਆਸਤ ਪਾਸ ਤਜਵੀਜ਼ ਕਰਕੇ ਉਸ ਦਾ ਰੁਪਯਾ ਜ਼ਬਤ ਕਰਾ ਦਿੱਤਾ ਕਰਨ ।

੧੨- ਸਫ਼ਰ ਵਿਚ ਅਖਾੜੇ ਨੂੰ ਜੇ ਕੋਈ ਗੁਰਦੁਆਰਾ ਆ ਜਾਏ ਤਾਂ ਤਾਂ ਦਰਸ਼ਨ ਕੀਤੇ ਬਿਨਾ ਨਾ ਲੰਘੇ, ਦਰਸ਼ਨ ਕਰਕੇ ਜਾਵੇ।

੧੩- ਬੈਠਨ ਦੇ ਕਾਇਦੇ ਇਸ ਤਰੀਕੇ ਨਾਲ ਰੱਖਣੇ ਚਾਹੀਏ, ਵਿਚਕਾਰ ਸਵਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਉਸ ਦ ਸੱਜੇ ਪਾਸੇ ਸ੍ਰੀ ਮਹੰਤ ਅਤੇ ਫੇਰ ਹੋਰ ਸਾਧੂ ਸਿੱਖ, ਖੱਬੇ ਪਾਸੇ ਗਯਾਨੀ ਸਿੱਖ ਅਰਥ ਕਰਨ ਵਾਲੇ, ਉਸ ਤੋਂ ਬਾਦ ਹੋਰ ਸਿੱਖ ਸਾਧੂ, ਇਨ੍ਹਾਂ ਤੋਂ ਬਗ਼ੈਰ ਭਾਵੇਂ ਹੋਰ ਕੋਈ ਸਾਧੂ ਵਿਦਵਾਨ ਮਹਾਤਮਾ ਹੋਵੇ ਪਰ ਦਰਬਾਰ ਦੇ ਵੇਲੇ ਆਪਣੇ ਥਾਈਂ ਬੈਠੇ, ਮਹੰਤਾਂ ਤੋਂ ਪਹਿਲਾਂ ਨਹੀਂ ਬਠਾਇਆ ਜਾਵੇਗਾ, ਇਸ ਵਿਚ ਉਹਦੇ ਦਾ ਖ਼ਿਆਲ ਰਖਿਆ ਜਾਵੇਗਾ ਵਿਦਯਾ ਦਾ ਨਹੀਂ। ਜੇ ਕਰ ਦੂਜੇ ਪੰਥ ਦਾ ਮਹੰਤ ਆ ਜਾਵੇ ਤਾਂ ਗਯਾਨੀ ਸਿੱਖ ਦੇ ਖੱਬੇ ਪਾਸੇ ਥਾਂ ਦਿੱਤਾ ਜਾਵੇ। ਜੇ ਕਰ ਸੱਜੇ ਪਾਸੇ ਬੈਠਣ ਲਈ ਥਾਂ ਦਿੱਤੀ ਜਾਵੇ ਤਾਂ ਮਹੰਤ ਦੇ ਬਾਦ ਦਿੱਤੀ ਜਾਵੇ ਤਾਂ ਮਹੰਤਾਂ ਦੇ ਬਾਦ ਵਿਚ ਦਿੱਤੀ ਜਾਵੇ।

੧੪- ਜਿਹੜੇ ਕੋਈ ਖ਼ਾਸ ਮਕਾਨ ਸ੍ਰੀ ਮਹੰਤ ਦੇ ਰਹਿਣ ਵਾਲੇ ਹੋਣ ਉਨ੍ਹਾਂ ਵਿਚ ਸ੍ਰੀ ਮਹੰਤ ਬਿਨਾ ਹੋਰ ਸਾਧੂ ਨਾ ਰਹੇ, ਹਾਂ ਜੇ ਦੋ ਚਾਰ ਸਾਧੂ ਟਹਿਲ ਸੇਵਾ ਵਾਲੇ ਹੋਣ ਉਹ ਬੇਸ਼ੱਕ ਰਹਿਣ। ਇਸ ਤਰ੍ਹਾਂ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਵਾਰਾ ਹੋਵੇ ਉਸ ਮਕਾਨ ਵਿਚ ਵੀ ਕੋਈ ਸੌਣਾ ਨਾ ਪਾਵੇ, ਕਿਉਂਕਿ ਬੇਅਦਬੀ ਹੁੰਦੀ ਹੈ।

੧੫- ਕੋਈ ਸਿੱਖ ਸਾਧੂ ਜਾਂ ਗ੍ਰਹਸਥੀ ਆਦਮੀ ਮੱਥਾ ਟੇਕਣ ਆਵੇ ਤਾਂ ਉਸ ਨੂੰ ਮਨਾਹੀ ਨਾ ਹੋਵੇ। ਜੈਸਾ ਅਧਿਕਾਰੀ ਹੋਵੇ ਵੈਸੀ ਉਸ ਨੂੰ ਬੈਠਣ ਲਈ ਥਾਂ ਦਿਤੀ ਜਾਵੇ।

੧੬- ਸ੍ਰੀ ਮਹੰਤ ਲਈ ਅਤੇ ਦੂਜੇ ਚੋ ਮਹੰਤਾਂ ਲਈ ਜ਼ਰੂਰੀ ਹੈ ਕਿ ਕਿਸੀ ਰਿਆਸਤ ਵਿੱਚ ਕਿਸੀ ਅਹਿਲਕਾਰ ਦੇ ਮਕਾਨ ਤੇ ਨਾ ਜਾਣ, ਜੇ ਕੋਈ ਲੋੜ ਪਵੇ ਤਾਂ ਕਾਰਬਾਰੀ, ਭੰਡਾਰੀ, ਚੋਬਦਾਰ ਮਹੰਤ ਨੂੰ ਭੇਜ ਦੇਣ, ਪਰ ਜੇ ਕੋਈ ਪ੍ਰਸ਼ਾਦ ਛਕਾਵੇ ਤਾਂ ਬਿਲਾ ਸ਼ੱਕ ਜਾਣ। ੧੭-
ਅਖਾੜੇ ਦੇ ਸਿੱਖਾਂ ਲਈ ਜ਼ਰੂਰੀ ਹੋਵੇਗਾ ਕਿ ਜਦ ਕੋਈ ਮਹੰਤ ਕਿਸੀ ਸਿੱਖ ਆਦਿਕ ਨੂੰ ਕੰਮ ਲਈ ਭੇਜੇ ਤਾਂ ਉਹ ਕੋਈ ਹੀਲਾ ਬਹਾਨਾ ਨਾ ਕਰੇ, ਜੇ ਕਰਨਗੇ ਤਾਂ ਜਰਮਾਨੇ ਦੇ ਭਾਗੀ ਹੋਣਗੇ, ਜੋ ਅਖਾੜੇ ਦਾ ਮਹੰਤ ਤਜਵੀਜ਼ ਕਰੇਗਾ । {ਭਾਵ, ਸ਼ਾਹੀ ਠਾਠ ਨਿਰਾ ਵਿਖਾਵੇ ਦਾ ਹੀ ਨਹੀਂ ਸੀ ਮਹੰਤ ਸਿਖਾਂ ਨੂੰ ਜੁਰਮਾਨੇ ਵੀ ਕਰ ਸਕਦਾ ਸੀ} ੧੮-
ਜੇ ਕੋਈ ਸਾਧੀ ਸਿੱਖ ਬਿਹੰਗਮ (ਵਿਰਕਤ) ਹੋ ਕੇ ਡੇਰੇ ਵਿਚ ਰਹਿਣਾ ਚਾਹੇ ਤਦ ਉਸ ਪਾਸੋਂ ਗੁਰੂ ਗ੍ਰੰਥ ਸਾਹਿਬ ਨੂੰ ਹੱਥ ਇਸ ਮਤਲਬ ਲਈ ਲਵਾਇਆ ਜਾਊਗਾ ਕਿ ਮੈਂ ਆਪਣੇ ਪਾਸ ਕੁਝ ਨਹੀਂ ਰਖਿਆ ਸਭ ਕੁਝ ਗੁਰਦੁਆਰੇ ਚੜ੍ਹਾ ਦਿੱਤਾ ਹੈ। ਸੰਗਤ ਵਿਚ ਕਾਇਮ ਰਹਾਂਗਾ, ਫੇਰ ਦਾਖ਼ਲ ਕਰ ਲਿਆ ਜਾਵੇ। ਜੇ ਕਰ ਇਸ ਤਰ੍ਹਾਂ ਦਾ ਪ੍ਰਣ ਨਾ ਦੇਵੇ, ਤਾਂ ਉਸ ਨੂੰ ਦਾਖ਼ਲ ਨਾ ਕਰਨ।

੧੯- ਮਹੰਤਾਂ ਨੂੰ ਚਾਹੀਦਾ ਹੈ ਕਿ ਰਹਿਤ ਵਾਲੇ ਸਿੱਖਾਂ ਦੇ ਹਥੋਂ ਪ੍ਰਸ਼ਾਦ ਛਕਣ। ਉਨ੍ਹਾਂ ਪਾਸੋਂ ਹੀ ਕਰਾਉਣ ਅਤੇ ਡੋਲ ਦੇ ਜਲ ਦਾ ਲੰਗਰ ਵਿਚ ਹੋਇਆ ਕਰੇ।

੨੦- ਇਹ ਰੋਕ ਨਹੀਂ ਕਿ ਕਿਸੇ ਦੂਜੇ ਸਿੱਖ ਸਾਧੂਆਂ ਨੂੰ ਭੋਜਨ ਨਾ ਦਿੱਤਾ ਜਾਵੇ। ਪ੍ਰਸ਼ਾਦ ਸਭ ਨੂੰ ਦੇਣਾ ਚਾਹੀਏ, ਪਰ ਇਹ ਖ਼ਿਆਲ ਕਿ ਰਹਿਤ ਵਾਲਿਆਂ ਦੀ ਪੰਗਤ ਤੋਂ ਜੁਦੇ ਹੋ ਜਾਇਆ ਕਰਨ। ਉਨ੍ਹਾਂ ਦੀ ਪੰਗਤ ਜੁਦੀ ਹੋਵੇ।

੨੧- ਇਸਤ੍ਰੀ ਨੂੰ ਅਖਾੜੇ ਵਿਚ ਕਦੀ ਨਾ ਵੜਨ ਦਿੱਤਾ ਜਾਵੇ, ਅਤੇ ਨਸ਼ੇ ਸ਼ਰਾਬ ਆਦਿਕ ਲਈ ਭੀ ਰੋਕ ਹੈ, ਮਗਰ ਅਫ਼ੀਮ ਅਤੇ ਭੰਗ ਦੀ ਰੋਕ ਨਹੀਂ। ੨੨-
ਜੇ ਕੋਈ ਰਹਿਤ ਨਾ ਰੱਖਣ ਵਾਲਾ ਕਿਸੀ ਕੌਮ ਦਾ ਪ੍ਰੇਮੀ ਪ੍ਰਸ਼ਾਦ ਕਰਾਉਣਾ ਚਾਹੇ, ਤਾਂ ਨਾਹ ਨਹੀਂ ਕਰਨੀ, ਸੁੱਕਾ ਸੀਧਾ ਲੈਕੇ ਆਪਣੇ ਨਾਂਗਰੀਆਂ ਪਾਸੋਂ ਤਿਆਰ ਕਰਾ ਲੈਣਾ। ੨੩-
ਜਿਹੜੀ ਰਕਮ ਪਹਿਲਾਂ ਤੋਂ ਪੇਸ਼ਗੀ ਅਖਾੜੇ ਦੇ ਸਪੁਰਦ ਕੀਤੀ ਗਈ ਹੈ ਉਸ ਦੀ ਆਮਦਨੀ ਸੂਦ ਅਤੇ ਨਫ਼ਾ ਤਜਾਰਤ ਤੋਂ ਕਾਰਰਵਾਈ ਲੰਗਰ ਤੇ ਮੁਰੰਮਤ ਹੋਵੇ, ਅਸਲ ਰਕਮ ਨਾ ਖ਼ਰਚੀ ਜਾਵੇ।

੨੪- ਖ਼ਜ਼ਾਨੇ ਦਾ ਪ੍ਰਬੰਦ ਇਸ ਤਰ੍ਹਾਂ ਰਹੇਗਾ, ਜੋ ਹਰ ਤਿੰਨੇ ਮਹੰਤ ਹਰ ਤਿੰਨੇ ਸਰਕਾਰਾਂ ਵਿਚ ਹਨ ਉਨ੍ਹਾਂ ਦੇ ਸਪੁਰਦ ਕਰੇਗਾ। ਉਹ ਮਹੰਤ ਆਪਣੀ ਆਪਣੀ ਕੋਸ਼ਸ਼ ਨਾਲ ਉਸ ਰੁਪਯੇ ਦੀ ਆਮਦਨ ਸੂਦ ਅਤੇ ਤਿਜਾਰਤ ਵਧਾਉਣ ਅਤੇ ਅਖਾੜੇ ਵਿੱਚ ਖ਼ਰਚ ਕਰਨ, ਸਾਲ ਭਰ ਵਿਚ ਇੱਕ ਵਾਰ ਅਖਾੜੇ ਦ ਖਾਤੇ ਹੂੰ ਦੇਖ ਲਿਆ ਕਰਨ, ਅਤੇ ਸ੍ਰੀ ਮਹੰਤ ਨੂੰ ਮੁਲਾਹਜ਼ਾ ਕਰਾਇਆ ਕਰਨ।

੨੫- ਸ੍ਰੀ ਮਹੰਤ ਆਪਣੇ ਜੀਊਂਦੇ ਜੀ ਜੇ ਕਰ ਕਿਸੇ ਨੂੰ ਆਪਣੀ ਥਾਂ ਅੱਗੇ ਲਈ ਕਰਨਾ ਚਾਹੇ, ਤਾਂ ਤਿੰਨਾਂ ਰਿਆਸਤਾਂ ਦੇ ਅਖਾੜਿਆਂ ਦੀ ਸਲਾਹ ਨਾਲ ਆਪਣੀ ਜ਼ਿੰਦਗੀ ਵਿੱਚ ਮੁਕੱਰਰ ਕਰ ਸਕੇਗਾ। ੨੬-
ਜੇ ਮਹੰਤ ਨੇ ਆਪਣੇ ਜੀਊਂਦਿਆਂ ਕਿਸੀ ਨੂੰ ਸ੍ਰੀ ਮਹੰਤ ਥਾਪ ਦਿੱਤਾ ਹੈ ਅਤੇ ਉਸ ਨੇ ਆਪਣੇ ਸਮੇਂ ਵਿਚ ਚੰਗਾ ਕੰਮ ਨਹੀਂ ਕੀਤਾ, ਤਾਂ ਤਿੰਨਾ ਸਰਕਾਰਾਂ ਇਤਫਾਕ ਨਾਲ ਉਸ ਨੂੰ ਬਰਖ਼ਾਤ ਕਰ ਦੇਣਗੀਆਂ।

੨੭- ਜੇ ਕੋਈ ਮਹੰਤ ਇਸ ਰਹਿਤ ਦੇ ਉਲਟ ਅਮਲ ਕਰੇਗਾ ਤਾਂ ਤਿੰਨਾ ਰਿਆਸਤਾਂ ਨੂੰ ਅਖ਼ਤਿਆਰ ਹੈ ਕਿ ਆਪਣੀ ਸਲਾਹ ਨਾਲ ਉਸ ਨੂੰ ਮਹੰਤੀ ਤੋਂ ਹਟਾ ਦੇਣ।

੨੮- ਹਰ ਪੰਜ ਮਹੰਤਾਂ ਪਾਸੋਂ ਪਹਿਲਾਂ ਇਕਰਾਰਨਾਮੇ ਲਏ ਜਾਣ, ਕਿ ਅਸੀਂ ਇਸ ਦਸਤੂਰੁਲਅਮਲ ਦੇ ਉਲਟ ਅਮਲ ਨਹੀਂ ਕਰਾਂਗੇ। ਜੋ ਤਿੰਨੇ ਸਰਕਾਰਾਂ ਲਿਖਿਆ ਕਰਨ ਉਨ੍ਹਾਂ ਦੀ ਨਕਲ ਦਸਤੂਰੁਲ ਅਮਲ ਵਜੋਂ ਗੁਰਮੁਖੀ ਵਿੱਚ ਆਪਣੇ ਪਾਸ ਰੱਖਣ, ਅਤੇ ਜੋ ਦਸਤੂਰੁਲਅਮਲ ਦੀ ਨਕਲਾਂ ਮਹੰਤ ਨੂੰ ਦਿੱਤੀਆਂ ਜਾਣ, ਉਨ੍ਹਾਂ ਤੇ ਮੁਹਰਾਂ ਲਾਕੇ ਹਰ ਤਿੰਨਾ ਦਰਬਾਰਾਂ ਨੂੰ ਦੇਣ, ਜੋ ਮਿਸਲਾਂ ਵਿੱਚ ਰੱਖੀਆਂ ਰਹਿਣ।

੨੯- ਅਖਾੜੇ ਦੇ ਸਿੱਖਾਂ ਲਈ ਜ਼ਰੂਰੀ ਹੋਵੇਗਾ ਕਿ ਇਕ ਬਸਤਰ ਸ਼ਿੰਗਰਫ਼ੀ ਰਖਣ ਬਾਕੀ ਸਫ਼ੇਦ, ਰਿਵਾਜ ਅਨੁਸਾਰ ਇਹ ਕੇਵਲ ਨਿਸ਼ਾਨ ਹੈ। ਗ੍ਰਹਸਤ ਦਾ ਤਿਆਕ ਅਤੇ ਦਰਵੇਸ਼ੀ ਦਾ ਅਮਲ। ੩੦-
ਤੂੰਬੀ ਜਾਂ ਚਿੱਪੀ ਦੀ ਥਾਂ ਗਡਵਾ ਜਾਂ ਲੋਹੇ ਧਾਤੁ ਦਾ ਕਮੰਡਲ ਰੱਖਣ, ਕਿਉਂਕਿ ਤੂੰਬਾ ਅਤੇ ਚਿੱਪੀ ਅਸ਼ੁੱਧ ਹਨ, ਮਿੱਟੀ ਨਾਲ ਸਾਫ਼ ਸ਼ੁੱਧ ਨਹੀਂ ਕੀਤੇ ਜਾ ਸਕਦੇ।

## ਨਿਰਮਲੇ ਮਹੰਤਾਂ ਦੇ ਅਖਾੜੇ ਦੀ ਮਰਯਾਦਾ ਦੀ ਪਰਖ, ਗੁਰਮਤਿ ਦੀ ਕਸਵੱਟੀ ਤੇ--

**(੧)** ਉਪ੍ਰੋਕਤ ਸਿਰਲੇਖ ਅਨੁਸਰ ਕੀ ਇਹ ਦਸਤੂਰ, ਵਾਕਿਆ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਨਿਰਮਲੇ ਪੰਥ ਦਾ ਹੈ? ਇਸ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਦਾ, ਨਿੱਤ ਨੇਮ ਅਤੇ ਰੋਜ਼ ਪੜ੍ਹਨ ਵਾਲੀਆਂ ਬਾਣੀਆਂ ਦਾ, ਕਿਰਤ ਕਰਕੇ ਵੰਡ ਛਕਣ ਦਾ ਅਤੇ ਨਾਮ ਸਿਮਰਣ ਦਾ ਸਿੱਖੀ ਦੀ ਰਹਿਤ, ਕਕਾਰਾਂ ਦਾ ਵੇਰਵਾ, ਅਤੇ ਚੌਹਾਂ ਬੱਜਰ ਕੁਰਹਿਤਾਂ ਦਾ ਜ਼ਿਕਰ ਤੱਕ ਨਹੀਂ ਕਿਸ ਕਾਰਨ ਨਹੀਂ? ਕੀ ਇਸ ਪੰਥ ਵਿਚ ਪਰ-ਇਸਤ੍ਰੀ ਗਾਮੀ ਹੋਣ ਦੀ, ਧੂਮਰਪਾਨ ਕਰਨ ਦੀ, ਕੁੱਠਾ ਛਕਣ ਆਦਿ ਦੀ ਖੁੱਲ੍ਹ ਸੀ?

**(੨)** ਉਪ੍ਰੋਕਤ ਪੰਜਵੀ ਧਾਰਾ ਅਨੁਸਾਰ ਮਹੰਤ ਦੀ ਪੂਜਾ ਭੇਟਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੋਣ ਦੇ ਕਾਰਨ ਨਿਰਮਲਿਆਂ ਦੇ ਮਹੰਤਾਂ ਨੂੰ ਸਤਿਗੁਰੂ ਜੀ ਦੀ ਬਰਾਬਰਤਾ ਮਿਲ ਗਈ। ਏਹੀ ਕਾਰਨ ਹੈ ਕਿ ਇਨ੍ਹਾਂ ਮਹੰਤਾਂ ਨੇ ਗੁਰੂ ਨਾਨਕ ਸਾਹਿਬ ਜੀ ਦੀ ਧਰਮਸ਼ਾਲਾ

ਦੀ ਰੂਪ ਰੇਖਾ ਆਪਣੀ ਵਿਉਂਤ ਅਨੁਸਾਰ ਵਿਗਾੜ ਕੇ ਨਿਆਰੇ ਗਿਆਨ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਿਰਜਿੰਦ ਦੇਵਤੇ ਦੇ ਮੰਦਰ ਜਿਹਾ ਬਣਾ ਦਿੱਤਾ।

**(੩)** ਪੰਥਕ ਰਹਿਤ ਮਰਯਾਦਾ ਅਨੁਸਾਰ ਗੁਰੂ ਦਰਬਾਰ ਵਿਚ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਦਬ ਨਾਲ ਮੱਥਾ ਟੇਕ ਕੇ ਸੰਗਤਿ ਨੂੰ ਫ਼ਤਹਿ ਬੁਲਾ ਕੇ ਜਿਥੇ ਵੀ ਥਾਂ ਮਿਲੇ ਬੈਠ ਸਕਣ ਦੀ ਖੁੱਲ੍ਹ ਹੈ ਪਰ ਇਸ ਦਸਤੂਰ ਵਿਚ ਸਤਿਗੁਰਾਂ ਨੂੰ ਸੀਸ ਨਿਵਾਉਣ ਦੀ ਕੋਈ ਮਰਯਾਦਾ ਨਹੀਂ ਅਤੇ ਬੈਠਣ ਲੱਗਿਆ ਮਹੰਤੀ ਟੋਲੇ ਦੇ ਰੁਤਬਿਆਂ ਨੂੰ ਧਿਆਨ ਵਿਚ ਰੱਖ ਸੱਜੇ ਜਾਂ ਖੱਬੇ ਬੈਠਣ ਦੀ ਪਾਬੰਦੀ ਹੈ। ਗੁਰੂ ਦਰਬਾਰ ਦੇ ਸਰਬ ਸ:ਝੇ ਅਤੇ ਉਚ ਨੀਚ ਦੇ ਵਿਚਾਰ ਤੋਂ ਬਿਨਾਂ ਸਰਬੱਤ ਨਾਲ ਇੱਕ ਸਾਰ ਸਲੂਕ ਦੀ ਗੁਰਮਤਿ ਮਰਯਾਦਾ ਦ: ਖ਼ਾਤਮਾ ਕਰ ਦਿੱਤਾ।

**(੪)** ਇਸ ਲਿਖਤ ਦੇ ੨੧ਵੇਂ ਪੈਰੇ ਵਿਚ ਲਿਖਿਆ ਹੈ ਕਿ---**(੧) ਇਸਤ੍ਰੀ ਨੂੰ ਅਖਾੜੇ ਵਿਚ ਕਦੀ ਨਹੀਂ ਵੜਨ ਦਿੱਤਾ ਜਾਵੇਗਾ,** ਸ਼ਰਾਬ ਲਈ ਰੋਕ ਹੈ ਪਰ **(੨) ਅਫ਼ੀਮ ਅਤੇ ਭੰਗ ਦੀ ਕੋਈ ਰੋਕ ਨਹੀਂ** । ਇਸ ਅਖਾੜੇ ਦਾ ਅਮਲ ਦਰਵੇਸ਼ੀ ਹੈ ਅਤੇ **(੩) ਗ੍ਰਿਹਸਤ ਦਾ ਤਿਆਗ ਹੈ** । ਮਹੰਤ ਆਪਣੇ ਜੀਉਂਦਿਆਂ ਅਗਲਾ ਮਹੰਤ ਬਣਾ ਸਕਦਾ ਹੈ। ਦਸਤੂਰ ਦੇ ਸਾਰੇ ਨਿਯਮ ਗੁਰਮਤਿ ਤੋਂ ਖੁਲ੍ਹੀ ਬਗ਼ਾਵਤ ਹੈ ਅਤੇ ਗਦੀ-ਦਾਰ ਮਹੰਤਾਂ ਦੀ ਪ੍ਰਭਤਾ ਗੁਰੂ ਸਾਹਿਬ ਜੀ ਦੇ ਪਾਵਨ ਸਰੂਪ ਨਾਲੋਂ ਵਧਾਉਣ ਲਈ ਉਚੇਚੇ ਤੌਰ ਤੇ ਬਣੇ ਸਿੱਧ ਹੋ ਰਹੇ ਹਨ।

**(੫)** ਗੁਰਬਾਣੀ ਵਿਚ ਇਸਤ੍ਰੀ ਦਾ ਦਰਜਾ ਬਰਾਬਰਤਾ ਵਾਲਾ ਕਰਨ ਲਈ--' **ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ** ' ਤੇ ਅਜੇਹੇ ਹੋਰ ਗੁਰੂ ਫ਼ੁਰਮਾਨ ਹਨ । ਕਲਗ਼ੀਧਰ ਜੀ ਨੇ ਇਸਤ੍ਰੀ ਨੂੰ ' ਕੌਰ ' (ਕੰਵਰ) ਆਖ ਕੇ ਸਿੰਘ ਦੇ ਬਰਾਬਰ ਦਾ ਸਤਿਕਾਰ ਦਿੱਤਾ । ਪਰ ਨਿਰਮਲਿਆਂ ਨੇ ਤਾਂ ਗੁਰਮਤਿ ਸਿਧਾਂਤ ਵਿਚ ਬ੍ਰਾਹਮਣੀ ਰੀਤ ਦਾ ਭਰਪੂਰ ਰਲਾ ਪਾਉਣਾ ਸੀ। ਗੁਰਮਤਿ ਗਿਆਨ ਦੇ ਪਰਦਾ ਤਾਣ ਕੇ ਸਿੱਖੀ ਦੇ ਨਿਆਰੇ ਸਿਧਾਂਤ ਨੂੰ ਦੂਸ਼ਤ ਕਰਨਾ ਇਨ੍ਹਾਂ ਦਾ ਮੁੱਖ ਧਰਮ ਸੀ । ਕਿਉਂਕਿ--ਸਿਖਾਂ ਕੋਲ ਤੇਜ ਪ੍ਰਤਾਪ ਰਹਿਣਾ ਹੀ ਉਨਾਂ ਚਿਰ ਸੀ ਜਿੰਨਾ ਚਿਰ ਇਹ ਹਰ ਪੱਖੋਂ ਨਿਆਰਾ ਰਹਿੰਦਾ--**ਜਬ ਲਗ ਖ਼ਾਲਸਾ ਰਹੇ ਨਿਆਰਾ । ਰਬ ਲਗ ਤੇਜ ਦੀਆ ਮੈਂ ਸਾਰਾ**।

**(੬)** ਪੁਰਾਤਨ ਰਹਿਤ ਨਾਮਿਆਂ ਅਨੁਸਾਰ ਸਿਵਾਏ ਅੰਨ ਦੇ ਨਸ਼ੇ ਦੇ ਹੋਰ ਸਾਰਿਆਂ ਨਸ਼ਿਆਂ ਦੀ ਮਨਾਹੀ ਹੈ। ਭੰਗ ਅਤੇ ਅਫ਼ੀਮ ਹਾਨੀ ਕਾਰਕ ਨਸ਼ੇ ਮੰਨੇ ਹਨ। ਗੁਰਮਤਿ ਅਨੁਸਾਰ ਇਹ ਦੋਵੇਂ ਨਸ਼ੇ ਵਰਜਿਤ ਹਨ (ਪਰ ਭੰਗ ਅਫ਼ੀਮ ਛਕਣ ਬਾਰੇ ਨਿਰਮਲਿਆਂ ਨੂੰ ਮਿਲੀ ਲਿਖਤੀ ਖੁਲ੍ਹ ਅਸਾਂ ਉਪਰ ਪੜ੍ਹ ਚੁੱਕੇ ਹਾਂ ਹੈ) ।

**(੫)** ਗੁਰਮਤ ਮਾਰਤੰਡ-- ਗ੍ਰੰਥ ਦੇ ਹੀ ੪੫੭ ਸਫ਼ੇ ਤੇ ਗ੍ਰਿਹਸਤ ਬਾਰੇ ਇਉਂ ਲਿਖਿਆ ਹੈ--ਗੁਰਮਤਿ ਵਿਚ ਗ੍ਰਿਹਸਤ ਆਸ਼ਰਮ ਦੀ ਸਭ ਤੋਂ ਵੱਧ ਮਹਿਮਾਂ ਹੈ, ਜੋ ਧਰਮ ਕਿਰਤ ਨਾਲ ਉਪਜੀਵਕਾ ਕਰਦੇ ਹਨ, ਉਪਕਾਰੀ ਹੋ ਕੇ ਦੂਜਿਆਂ ਨੂੰ ਲਾਭ ਪਹੁੰਚਾਉਂਦੇ ਹਨ, ਅਰ ਸੰਸਾਰ ਦੇ ਵਿਹਾਰਾਂ ਨੂੰ ਚੰਗੀ ਰੀਤਿ ਨਾਲ ਕਰਦੇ ਹੋਏ ਹਰ ਵੇਲੇ ਆਪਣੇ ਮਾਲਿਕ ਨੂੰ ਯਾਦ ਰੱਖਦੇ ਹਨ, ਉਹ ਉੱਤਮ ਗ੍ਰਿਹਸਤੀ ਸਿੱਖ ਹਨ । ।

ਫਿਰ ਜਦ ਸਤਿਗੁਰਾਂ ਨੇ ਗ੍ਰਿਹਸਤ ਜੀਵਨ ਨੂੰ ਪ੍ਰਧਾਨ ਮੰਨਿਆ ਹੈ ਤਾਂ ਕੀ ਮਹੰਤ ਡੇਰੇ-ਦਾਰ ਆਪਣੇ ਆਪ ਨੂੰ ਸਤਿਗੁਰਾਂ ਨਾਲੋਂ ਵੀ ਵੱਧ ਤਿਆਗੀ ਬਣਨ ਦਾ ਪਖੰਡ ਨਹੀਂ ਕਰ ਰਹੇ ? ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਫ਼ੁਰਮਨ--(੧) --**ਜਤਨ ਕਰੈ ਬਿੰਦੁ ਕਿਵੈਂ ਨਾ ਰਹਾਈ** "॥[੯੦੬] (੨) --**ਬਿੰਦੁ ਰਾਖਿ ਜੋ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ ॥**[੩੨੪] ਅਤੇ (੩) --**ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥**[੧੦੧੨] ਚੌਥੇ ਭਾਗ ਦੇ ਪੰਜਵੇਂ ਕਾਂਡ ਵਿਚ ਉਦਾਸੀਆਂ ਬਾਰੇ ਲਿਖੇ ਲਰਖ ਵਿਚ ਅਰਥਾਂ ਸਮੇਤ ਲਿਖੇ ਗੁਰਬਾਣੀ ਦੇ ਸ਼ਬਦਾਂ ਦੇ ਹਵਾਲੇ ਨਾਲ ਸਤਿਗੁਰਾਂ ਦੇ ਸਪੱਸ਼ਟ--**ਜਤਨ ਕਰੇ ਬਿੰਦੁ ਕਿਵੇ ਨਾ ਰਹਾਈ** " ਫ਼ਤਵੇ ਬਾਰੇ ਬੜੇ ਵਿਸਥਾਰ ਨਾਲ ਵਿਚਾਰ ਲਿਖੀ ਜਾ ਚੁੱਕੀ ਹੈ। ਯਾਦ ਤਾਜ਼ਾ ਕਰਨ ਲਈ ਵਣਗੀ ਮਾਤਰ ਉਸ ਵਿਚਾਰ ਦਾ ਵੇਰਵਾ ਇਸ ਪ੍ਰਕਾਰ ਹੈ:---

**(A)** ਕੁਦਰਤ ਦੇ ਪੱਕੇ ਨਿਯਮ ਅਨੁਸਾਰ ਜਿੰਨੀ ਬਿੰਦ ਅਥਵਾ ਜਿੰਨੇ ਵੀਰਜ ਨੇ ਸਰੀਰ ਵਿਚੋਂ ਖ਼ਾਰਜ ਹੋ ਜਾਣਾਂ ਹੁੰਦਾ ਹੈ ਉਸ ਨੂੰ ਕਿਸੇ ਵੀ ਯਤਨ ਨਾਲ ਸਰੀਰ ਵਿਚ ਨਹੀਂ ਰਖਿਆ ਜਾ ਸਕਦਾ ॥ ਇਸ ਦਾ ਇਹ ਭਾਵ ਵੀ ਹੈ ਕਿ ਕਾਮ ਨੂੰ ਪੂਰਨ ਰੂਪ ਵਿਚ ਵੱਸ ਕਰ ਲੈਣ ਦੀ ਗੱਲ ਕਰਨ ਵਾਲੇ ਝੂਠੇ ਹਨ ਅਥਵਾ ਅਜੇਹੇ ਲੋਕ ਖ਼ਤਰਨਾਕ ਕਿਸਮ ਦੇ ਧੋਖੇਬਾਜ਼ ਪਖੰਡੀ ਹਨ ।

**(B)** ਜੇ ਬਾਲਜਤੀ ਰਿਹਾਂ (ਸੰਸਾਰ-ਸਮੁੰਦਰ ਤੋਂ) ਤਰ ਸਕੀਦਾ ਹੈ ਤਾਂ ਖ਼ੁਸਰੇ ਨੂੰ ਕਿਉਂ ਉਚੀ ਆਤਮਕ ਅਵਸਥਾ ਪ੍ਰਾਪਤ ਨਹੀਂ ਹੋਈ ? ਭਾਵ, ਜਤੀ ਰਹਿਣ ਵਾਲਾ ਡਰਾਮਾ ਇੱਕ ਪਖੰਡ ਹੈ । ਲੋਕਾਂ ਨੂੰ ਭਰਮਾ ਕੇ ਠੱਗੀਆਂ ਮਾਰਨ ਵਾਲਾ ਧੋਖਾ ਹੈ ।

**(C)** ਗ੍ਰਿਹਸਤ ਦਾ ਤਿਆਗ, ਭਾਵ ਆਪਣੀ ਇਸਤ੍ਰੀ ਦਾ ਤਿਆਗ ਕਰਨ ਵਾਲੇ, ਪਖੰਡੀ ਆਪਣੀ ਕਾਮ-ਭੁੱਖ ਨੂੰ ਪੂਰੀ ਕਰਨ ਵਾਸਤੇ (ਭਾਂਵੇਂ ਸਰੀਰ ਕਰਕੇ ਤੇ ਭਾਵੇਂ ਮਨ ਕਰਕੇ) ਪਰਾਈਆਂ ਇਸਤ੍ਰੀਆਂ ਦੇ ਪਿੱਛੇ ਭਟਕਣੋ ਕਦੇ ਨਹੀਂ ਰਹਿ ਸਕਦੇ ।

ਅਜੇਹੇ ਤਿਆਗੀ ਨਿਰਮਲ-ਪੰਥੀਆਂ ਦਾ ਅੰਮ੍ਰਿਤਸਰ ਵਿਚ ਸੰਮਤ ੧੯੩੯ ਵਿਚ ਅਤੇ ਸੰਤੋਖਸਰ ਵਾਲਾ ਅਖਾੜਾ ਸੰਮਤ ੧੯੪੩ ਵਿਚ ਬਣਿਆ ਜੋ ਹੁਣ ਰਮਤੇ (ਮੰਗ ਖਾਣੇ) ਸਾਧੂਆਂ ਦੇ ਹੀ ਡੇਰੇ ਬਣ ਚੁੱਕੇ ਹਨ। ਕਾਂਸ਼ੀ ਵਿਚ ਕਰੀਬ ਚਾਲੀ ਥਾਂਈ ਨਿਰਮਲਿਆਂ ਦੇ ਡੇਰੇ ਹਨ । ਏਸੇ ਤਰ੍ਹਾਂ ਪ੍ਰਯਾਗ ਆਦਿ ਤੀਰਥਾਂ ਤੇ ਵੀ ਨਿਰਮਲਿਆਂ ਦੇ ਅਖਾੜੇ ਚੱਲ ਰਹੇ ਹਨ। ਜਿਨ੍ਹੰ ਦਾ ਦਸਤੂਰੇ ਅਮਲ ਗੁਰਮਤਿ ਦੇ ਅਨਕੂਲ ਨਹੀਂ ਉਨ੍ਹਾਂ ਨੇ ਪੰਥ ਨੂੰ ਨਿਆਰਾ ਕਿਵੇਂ ਰੱਖਣਾ ਸੀ?

ਸਿੱਖੀ ਦੇ ਜਨਮ ਤੋਂ ਢੇਰ ਚਿਰ ਪਹਿਲਾਂ ਈਸਾਈ ਧਰਮ ਸੰਸਾਰ ਵਿਚ ਫੈਲਣਾ ਅਰੰਭ ਹੋ ਚੁਕਿਆ ਸੀ। ਈਸਾਈ ਧਰਮ ਨੇ ਬੜੀ ਯੋਜਨਾ ਬੱਧ ਢੰਗ ਨਾਲ ਆਪਣੇ ਰਾਜ ਦੀਆਂ ਹੱਦਾਂ ਵੀ ਵਧਾਉਣੀਆਂ ਧਰਮ ਦਾ ਅੰਗ ਬਣਾ ਲਿਆ ਹੋਇਆ ਸੀ। ਜਿਨ੍ਹਾਂ ਮਹਾਰਾਜਿਆਂ ਨੇ ਉਪ੍ਰੋਕਤ ਦਸਤੂਰ ਬਣਾਇਆ ਅਤੇ ਕ੍ਰੋੜਾਂ ਦੀ ਜਾਇਆਦਾਦ ਵਿਹਲੜ ਝੋਲੀ ਚੁੱਕਾਂ ਦੀ ਪਾਲਣਾ ਤੇ ਖਰਚ ਕਰਨੀ ਅਰੰਭ ਕਰ ਦਿੱਤੀ ਸੀ, ਉਨ੍ਹਾਂ ਦੇ ਵੇਲੇ ਤੱਕ ਤਾਂ ਅੰਗ੍ਰੇਜ਼ਾਂ ਨੇ ਭਾਰਤ ਵਿਚਲੇ ਸਾਰੇ ਰਜਵਾੜੇ ਆਪਣੇ ਪੈਰਾਂ ਹੇਠ ਨੱਪ ਲਏ ਹੋਏ ਸਨ। ਇਹ ਮੰਨਿਆਂ ਹੀ ਨਹੀਂ ਜਾ ਸਕਦਾ ਕਿ ਨਿਰਮਲਿਆਂ

ਵਰਗੇ ਵਿਦਵਾਨ ਧਰਮ ਆਗੂਆਂ ਨੂੰ ਈਸਾਈਆਂ ਦੇ ਉਨ੍ਹਾਂ ਵਿਦਿਆਲਿਆਂ ਦਾ ਪਤਾ ਨਹੀਂ ਸੀ ਲੱਗ ਸਕਿਆ ਜਿਹੜੇ ਉਨ੍ਹਾਂ ਨੇ ਆਪਣੇ ਧਰਮ ਦੀ ਸਿਖਲਾਈ ਲਈ ੧੯ਵੀਂ ਸਦੀ ਤੱਕ ਪੂਰੀ ਯੋਜਨਾਂ-ਬੱਧ ਮਰਯਾਦਾ ਨਾਲ ਚਾਲੂ ਕਰ ਲਏ ਹੋਏ ਸਨ। ਗੁਰਸਿੱਖਾਂ ਨੂੰ ਗੁਰਮਤਿ ਗਿਆਨ ਵਿਚ ਪ੍ਰਬੀਨ ਕਰਨ ਲਈ ਵੀ ਈਸਾਈਆਂ ਵਰਗੇ ਹੀ ਉਚੇਚੇ ਵਿਦਿਆਲੇ ਚਾਲੂ ਕੀਤੇ ਜਾ ਸਕਦੇ ਸਨ। ਪਰ ਇਨ੍ਹਾਂ ਨਿਰਮਲਿਆਂ ਨੇ ਤਾਂ ਉਹ ਕਸਰ ਵੀ ਪੂਰੀ ਕਰਨੀ ਸੀ ਜਿਹੜੀ ਉਦਾਸੀਆਂ ਕੋਲੋਂ ਰਹਿ ਗਈ ਸੀ।

**ਖ਼ਾਲਸਾ ਪੰਥ ਵਿਚ--" ਜਬ ਲਗ ਖ਼ਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਆ ਮੈ ਸਾਰਾ ॥** ਪ੍ਰਚਲਤ ਹੋ ਚੁੱਕੇ ਬਚਨ ਨੇ ਸਿੱਖੀ ਦੇ ਵੈਰੀ ਦੀ ਨੀਂਦ ਹਰਾਮ ਕੀਤੀ ਹੋਈ ਸੀ। ਸਿੱਖਾਂ ਨੂੰ ਤੇਜ ਪ੍ਰਤਾਪ ਮਿਲ ਸਖਣ ਦੀ ਸੰਭਾਣਾ ਸਦੀਵੀ ਤੌਰ ਤੇ ਖ਼ਤਮ ਕਰ ਦੇਣ ਲਈ ਜ਼ਰੂਰੀ ਸੀ ਕਿ ਇਸ ਨੂੰ ਗੁਰਮਤਿ ਦੇ ਨਿਆਰੇ ਗਿਆਨ ਤੋਂ ਤੋੜ ਕੇ ਇਸ ਦੀ ਨਿਆਰੀ ਜੀਵਨ-ਮਰਯਾਦਾ ਅਤੇ ਇਸ ਦਾ ਨਿਆਰਾ ਆਚਰਣ ਵਿਗਾੜਨ ਲਈ ਇਸ ਦੇ ਧਰਮ ਅਸਥਨਾ ਵਿਲੀ ਨਿਆਰੀ ਗੁਰਮਤਿ ਮਰਯਾਦਾ ਨੂੰ ਪ੍ਰੋਹਿਤਵਾਦੀ ਮਰਯਾਦਾ ਦਾ ਗੂੜ੍ਹਾ ਰੰਗ ਚਾੜ੍ਹ ਦਿੱਤਾ ਜਾਵੇ। ਤਾਂ ਜੋ ਇਹ ਖ਼ਾਲਸਾ ਪੰਥ ਮੁੜ ਉਸੇ ਹੀ ਥਾਂ ਵਲਨੂੰ ਪਰਤ ਆਵੇ ਜਿਥੋਂ ਇਸ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਕੱਢ ਕੇ **ਨਿਰਮਲ ਪੰਥੀਆ** ਬਣਾਇਆ ਸੀ--**ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ** ॥ ਉਦਾਸੀ ਵੇਸ ਨੂੰ ਸਿੱਖੀ ਨੇ ਪੂਰੀ ਤਰ੍ਹਾਂ ਸਵੀਕਾਰ ਨਹੀਂ ਸੀ ਕੀਤਾ। ਇਸ ਵੇਸ ਨੇ ਸਿੱਖ ਰਜਵਾੜਿਆਂ ਨੂੰ ਪ੍ਰਭਾਵਤ ਨਹੀਂ ਸੀ ਕੀਤਾ। ਅਸਾਂ ਪਿੱਛੇ ਚੌਥੇ ਭਾਗ ਵਿਚ ਪੜ੍ਹ ਲਿਆ ਹੈ ਕਿ ਅਖਾੜੇ ਬਨਾਉਣ ਲਈ ਉਦਾਸੀਆਂ ਨੂੰ ਮਾਇਕ ਸਹਾਇਤਾ ਪੰਜਾਬ ਵਿਚੋਂ ਨਹੀਂ ਸਗੋਂ ਹੈਦਰਾਬਾਦ ਰਿਆਸਤ ਦੇ ਵਜ਼ੀਰ ਚੰਦੂ ਲਾਲ ਦੇ ਖ਼ਾਨਦਾਨ ਤੋਂ ਪ੍ਰਾਪਤ ਹੋਈ ਸੀ। ਏਸੇ ਲਈ ਹੁਣ ਸਿੱਖੀ ਸਰੂਪ ਵਾਲੇ ਵਿਦਵਾਨਾ ਦੇ ਰੂਪ ਵਿਚ ਨਿਰਮਲੇ ਪ੍ਰਗਟ ਹੋ ਗਏ ਅਤੇ ਗੁਰਮਤਿ ਤੋਂ ਅਗਿਆਨੀ ਰਾਜਿਆਂ ਦੇ ਮਨਾਂ ਵਿਚ ਇਹ ਭਰਮ ਪੱਕਾ ਕਰ ਦਿੱਤਾ ਕਿ ਉਹ ਦਸ਼ਮੇਸ਼ ਜੀ ਦੀ ਅਸ਼ੀਰਵਾਦ ਨਾਲ ਗੁਰਮਤਿ ਦੇ ਪਰਚਾਰਕ ਥਾਪੇ ਗਏ ਸਨ। ਗੁਰਮਤਿ ਦੀ ਪੂਰੀ ਜਾਣਕਾਰੀ ਨਾ ਹੋਣ ਦੇ ਕਾਰਨ ਸਿੱਖ ਰਾਜੇ ਨਿਰਮਲਿਆਂ ਦੇ ਭਰਮ-ਜਾਲ ਵਿਚ ਫਸ ਗਏ ਅਤੇ ਇਨ੍ਹਾਂ ਨੂੰ ਸਿੱਖੀ ਦੇ ਸੱਚੇ ਹਿਤੈਸ਼ੀ ਅਤੇ ਗੁਰਮਤਿ ਦੇ ਗਿਆਰਾ ਪ੍ਰਬੀਨ ਪਰਚਾਰਕ ਮੰਨ ਕੇ ਬੜੀ ਤਕੜੀ ਆਪਦਨ ਵਾਲੀਆਂ ਜਾਗੀਰਾਂ ਦੇ ਕੇ ਉਨ੍ਹਾਂ ਦੇ ਸਰਪ੍ਰੱਸਤ ਬਣ ਗਏ। ਇਨ੍ਹਾਂ ਨੇ ਵੀ ਉਦਾਸੀਆਂ ਵਾਂਗ ਹੀ ਆਪਣੇ ਐਸ਼-ਆਰਾਮ ਲਈ ਸ਼ਾਹੀ ਠਾਠ ਬਾਠ ਵਾਲੇ ਅਖਾੜੇ ਬਣਵਾ ਲਏ।

ਗੁਰੂ ਬਾਣੀ ਸਿਧਾਂਤ ਦੀ ਸਮਝ ਤੋਂ ਸਖਣੇ, ਇਨ੍ਹਾਂ ਮਹਾਰਾਜਿਆਂ ਦੀ ਮੱਤ ਤੇ ਰੋਣ ਆਉਂਦਾ ਹੈ, ਜਿਹੜੇ ਖੁਲ੍ਹੀ ਮਾਇਆ ਖ਼ਰਚ ਕੇ ਉਨ੍ਹਾਂ ਲੋਕਾਂ ਦੀਆਂ ਅੱਡਰੀਆਂ ਗੱਦੀਆਂ ਆਪਣੇ ਹੱਥੀਂ ਚਲਾਉਂਦੇ ਰਹੇ ਸਨ ਜਿਹੜੇ ਆਪਣੀ ਪੂਜਾ ਕਰਾਉਂਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਵਰਤ ਰਹੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਦੀ ਕਦਰ ਘਟਾਉਣ ਵਾਲੀ ਸਾਧ ਗੱਦੀਆਂ ਪੰਥ ਨੂੰ ਲੀਰੋ ਲੀਰ ਕਰ ਰਹੀਆਂ ਹਨ। ਸਾਧਾਂ ਦੇ ਇਸ ਮਾਇਆ ਜਾਲ ਵਿਚ ਫਸਣੋ ਬਾਚਈ ਰੱਖਣ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਫ਼ੁਰਮਾਨ, ਇਸ ਪ੍ਰਕਾਰ ਹੈ:--

੧੩- **ਸਲੋਕ ਮਃ ੧ ॥ ਕੁਲਹਾਂ ਦੇਂਦੇ ਬਾਵਲੇ, ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ, ਤਿਕਲਿ ਬੰਨ੍ਹੈ ਛਜ ॥ ਦੇਨ੍ਹਿ ਦੁਆਈ ਸੇ ਮਰਹਿ, ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥..੧॥**[੧੨੮੬]-ਵਾ-੧੯

ਜੇ ਕਿਤੇ ਗੁਰੂ ਨਾਨਕ ਜੀ ਦੇ ਗਿਆਨ ਤੋਂ ਸਿੱਖ ਜੰਤਾ ਨੂੰ ਜਾਣੂੰ ਕਰਾਉਣ ਦੀ ਸੱਚੀ ਚਿਟਕ ਇਨ੍ਹਾਂ ਸਿੱਖ ਮਹਾਰਾਜਿਆਂ ਨੂੰ ਲੱਗ ਗਈ ਹੁੰਦੀ ਤਾਂ ਕੇਂਦ੍ਰੀ ਪ੍ਰਬੰਧ ਦੀ ਦੇਖ-ਰੇਖ ਹੇਠਾਂ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੀਆਂ ਡਿਗਰੀਆਂ ਵੰਡਣ ਵਾਲਾ ਅਜੇਹਾ ਕਾਲਜ ਬਣਾਉਂਦੇ ਜਿਸ ਵਿਚੋਂ ਹਰ ਸਾਲ ਘੱਟੋ ਘੱਟ ੧੦੦ ਸਿੰਘ ਵਿਦਵਾਨ ਅਜੇਹੇ ਨਿਕਲਦੇ ਜਿਹੜੇ ਗੁਰਮਤਿ ਗਿਆਨ ਅਤੇ (ਕਿਸੇ ਰਲੇ ਤੋਂ ਰਹਿਤ) ਸੱਚੇ ਸਿੱਖ ਇਤਿਹਾਸ ਅਤੇ ਗੁਰੂ ਇਤਿਹਾਸ ਵਿਚ P.H.D. ਦੀ ਡਿਗਰੀ ਵਾਲੇ ਹੁੰਦੇ। ਉਨ੍ਹਾਂ ਸਾਰਿਆਂ ਨੂੰ ਹੀ ਪਹਿਲਾਂ ਦੇਸ਼ ਦੇ ਸਾਰੇ ਪ੍ਰਾਂਤਾਂ ਵਿਚ ਅਤੇ ਫਿਰ ਹਰ ਸਾਲ ਬਿਦੇਸ਼ਾਂ ਵਿਚ ਗੁਰਮਤਿ ਪ੍ਰਚਾਰ ਲਈ ਪੰਥਕ ਖ਼ਰਚ ਤੇ ਤੋਰਿਆਂ ਜਾਂਦਾ। ਉਸ ਕਾਲਜ ਵਿਚੋਂ ਘੱਟੋ ਘੱਟ ੫੦੦ ਗੁਰਮਤਿ ਦੀ M.A ਡਿਗਰੀ ਵਾਲੇ ਦਰਸ਼ਨੀ ਸਿੰਘ ਹਰ ਸਾਲ ਨਿਕਲਿਆ ਕਰਦੇ ਜਿਹੜੇ ਗੁਰੂ ਘਰਾਂ ਦੇ ਗ੍ਰੰਥੀ ਹੁੰਦੇ ਅਤੇ ਏਨੇ ਹੀ B.A ਦੀ ਡਿਗਰੀ ਵਾਲੇ ਰਾਗੀ ਢਾਡੀ ਅਤੇ ਪਰਚਾਰਕ ਨਿਕਲਿਆ ਕਰਦੇ, ਤਾਂ ਅੱਜ ਤਾਂਈ ਸਾਰੀ ਦੁਨੀਆਂ ਤੇ ਸਿੱਖੀ ਦਾ ਝੰਡਾ ਝੁੱਲਦਾ ਹੁੰਦਾ । ਪਰ ਲੋਕਾਂ ਨੂੰ ਉਲੂ ਬਣਾਈ ਰੱਖ ਕੇ ਆਪਣੇ ਪੰਜੇ ਹੇਠਾਂ ਰੱਖਣ ਦੀ ਯੋਜਨਾਂ ਅਧੀਨ ਜਿਵੇਂ ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣ ਨੇ ਦੇਸ਼ ਦਾ ਬੇਸ਼ੁਮਾਰ ਧਨ ਆਲੀਸ਼ਾਨ ਮੰਦਰਾਂ ਦੇ ਬਣਵਾਉਣ ਤੇ ਖ਼ਰਚਾਇਆ ਉਹੀ ਚਾਲ ਏਧਰ ਵੀ ਸਫ਼ਲ ਹੋ ਰਹੀ ਸੀ। ਅਰਬਾਂ ਖਰਬਾਂ ਦਾ ਪੰਥਕ ਧਨ ਜਾਂ ਕੰਧਾਂ ਕੋਠਿਆਂ ਦੀ ਉਸਾਰੀ ਵਿਚ ਅਤੇ ਜਾਂ ਧਰਮ-ਆਗੂਆਂ ਦੀਆਂ ਗੋਗੜਾਂ ਵਿਚ ਭਸਮ ਹੋਈ ਜਾ ਰਿਹਾ ਹੈ ।

ਪੁਸਤਕ ਦੇ ਪਹਿਲੇ ਭਾਗ ਵਿਚ ਅਸੀਂ ਹਰ ਪੱਖੋਂ ਖੁਲ੍ਹ ਕੇ ਵਿਚਾਰ ਕਰ ਆਏ ਹਾਂ ਕਿ ਮੰਦਰਾਂ ਵਿਚ ਮਾਇਆ ਦਾ ਚੜ੍ਹਤ ਚੜ੍ਹਵਾ ਅਰੰਭ ਹੋਣਾ ਬ੍ਰਾਹਮਣ ਦੀ ਲੁੱਟ ਨੀਤੀ ਦੀ ਉਪਜ ਹੈ। ਅਜੇਹੇ ਲੁੱਟ ਦੇ ਡੇਰੇ ਵੱਧ ਤੋਂ ਵੱਧ ਖਿੱਚ ਪਾਉਣ ਵਾਲੇ ਬਣਾਉਂਣੇ ਵੀ ਬ੍ਰਾਹਮਣੀ ਲੁੱਟ ਨੀਤਾ ਦਾ ਹੀ ਕੰਮ ਸੀ। ਹੈਰਾਨੀ ਹੈ ਕਿ ਜਿਸ ਭਗਵਾਨ ਨੂੰ ਸਰਬ-ਸ਼ਕਤੀਮਾਨ ਅਤੇ ਸਾਰਿਆਂ ਦਾ ਮਾਲਕ-ਪਾਲਕ ਕਿਹਾ ਜਾ ਰਿਹਾ ਹੋਵੇ ਉਸ ਭਗਵਾਨ ਦੇ ਰਹਿਣ ਲਈ ਮੰਦਰ ਮਨੁੱਖ ਬਣਾ ਰਿਹਾ ਹੈ। ਕੀ ਭਗਵਾਨ ਸਰਬ-ਵਿਆਪੀ ਨਹੀਂ ? ਅਤੇ ਜੇ ਉਸ ਨੂੰ ਲੋੜ ਹੈ, ਤਾਂ ਕੀ ਪ੍ਰਭੂ ਆਪਣੇ ਜੋਗਾ ਕੋਈ ਉਚੇਚਾ ਘਰ ਆਪ ਨਹੀਂ ਬਣਾ ਸਕਦਾ ? ਪਰ ਨਹੀਂ ਭਗਵਾਨ ਦੇ ਨਾਮ ਤੋਂ ਬਿਨਾ ਲੁੱਟ ਕਿਵੇਂ ਮਚਾਈ ਜਾ ਸਕਦੀ ਹੈ ? ਕੇਵਲ ਮਾਇਆ ਦੀ ਉਗਰਾਹੀ ਕਰਨ ਵਾਲੀਆਂ ਠੱਗ-ਵਿਧੀਆਂ ਬਣਾਉਂਣ ਦੀ ਸਿੱਖੀ ਨੂੰ ਤਾਂ ਕੋਈ ਲੋੜ ਹੈ ਹੀ ਨਹੀਂ ਸੀ। ਗੁਰੂ ਦਾ ਸਿੱਖ ਤਾਂ ਆਪਣੀ ਕਮਾਈ ਦਾ ਦਸਵਾਂ ਹਿੱਸਾ ਆਪ ਹੀ ਗੁਰੂ ਦੇ ਖ਼ਜ਼ਾਨੇ ਵਿਚ ਦਾਖ਼ਲ ਕਰਾਉਣਾ ਗਿੱਝ ਚੁੱਕਾ ਸੀ। ਗੁਰੂ ਨਨਕ ਦੇਵ ਜੀ ਨੇ ਤਾਂ ਸਿੱਖੀ ਧਰਮ ਅਸਥਾਨ ਦਾ ਨਾਮ " ਧਰਮ-ਸ਼ਾਲਾ " ਭਾਵ ਧਰਮ ਸਿੱਖਣ ਦੀ ਥਾਂ, ਰੱਖਿਆ ਸੀ। ਪਰ ਨਿਰਮਲਿਆਂ ਅਤੇ ਉਦਾਸੀਆਂ ਨੇ ਦੇਵ-ਮੰਦਰਾਂ ਵਾਂਗ ਏਧਰ ਵੀ ਸੁਖਣਃ ਦੇ ਅਤੇ ਦਾਨ-ਲੁਟ ਦੀ ਮਾਇਆ ਉਗ੍ਰਾਹੁਣ ਵਾਲੀਆਂ ਗੋਲਕਾਂ ਵਾਲੇ ਗੁਰੂ ਘਰ ਬਣਾਉਣੇ ਪੁੰਨ ਦਾ ਕੰਮ ਬਣਾ ਕੇ ਇਸ ਨੂੰ ਸਿੱਖੀ ਧਰਮ ਦਾ ਅੰਗ ਬਣਾ ਦਿੱਤਾ। ਸਿੱਖ ਨੇ ਵੀ ਅਰਬਾਂ ਖਰਬਾਂ ਦਾ ਧਨ, (ਜਿਸ ਨਾਲ ਸਿੱਖ ਦੇ ਹ੍ਰੇਕ ਬੱਚੇ ਨੂੰ ਗੁਰੂ ਨਾਨਕ ਦੇ ਗਿਆਨ ਨਾਲ ਵਿਦਵਾਨ ਬਣਾਇਆ ਜਾ ਸਕਣਾ ਸੀ)

ਵੱਧ ਤੋਂ ਵੱਧ ਆਲੀਸ਼ਾਨ ਬਿਲਡਗਾਂ ਬਣਾਉਣ ਤੇ ਖ਼ਰਚ ਕਰਨਾ ਧਰਮ ਕਰਮ ਮੰਨ ਲਿਆ। ਆਪਣੇ ਸਤਿਗੁਰੂ ਜੀ ਨੂੰ ਘਰਾਂ ਵਾਲਾ ਬਣਾਈ ਜਾਣ ਵਿਚ ਗੁਰੂ-ਪੰਥ ਦੀ ਸੇਵਾ ਮੰਨ ਲਈ। ਸਿੱਖ ਨੂੰ ਗੁਰੂ ਨਾਨਕ ਜੀ ਦੇ ਗਿਆਨ ਤੋ ਕੋਰਾ ਰੱਖ ਕੇ ਤੇਜ ਪ੍ਰਤਾਪ ਗੁਆ ਲਿਆ। ਅਜੇ ਕੱਲ੍ਹ ਜਿਹੜੇ ਰਾਜੇ ਨਿਰਮਲਿਆਂ ਦੇ ਪਾਲਕ ਬਣੇ ਬੈਠੇ ਸਨ ਅੱਜ ਉਹੀ ਸਿੱਖ ਰਾਜੇ-ਮਹਾਰਾਜੇ, ਰਾਜ ਭਾਗ ਗੁਆ ਕੇ ਗੁਮਨਾਮੀ ਦੇ ਹਨੇਰੇ ਵਿਚ ਗੁਆਚ ਰਹੇ ਹਨ ।

**ਗੰਭੀਰ ਸ਼ੰਕੇ** ਗੁਰੂ ਇਤਿਹਾਸ ਵਲ ਨਜ਼ਰ ਮਾਰੀਏ ਤਾਂ ਪੰਜ ਸਿੱਖਾਂ ਨੂੰ ਕਾਂਸ਼ੀ ਭੇਜਣ ਵਾਲੀ ਇਹ ਸਾਰੀ ਗਾਥਾ ਮਨ ਘੜਤ ਅਤੇ ਬ੍ਰਾਹਮਣੀ ਦਿਮਾਗ਼ ਦੀ ਉਪਜ ਸਿੱਧ ਹੁੰਦੀ ਹੈ। ਇਸ ਦਲੀਲ ਦੀ ਪੁਸ਼ਟੀ ਇਨ੍ਹਾਂ ਗੱਲਾਂ ਨਾਲ ਹੁੰਦੀ ਹੈ:--

੧) ਸ਼੍ਰੀ ਹਰਮੰਦਰ ਸਾਹਿਬ ਦੀ ਗੰਭੀਰ ਬੇਅਦਬੀ ਕਰਨ ਵਾਲੇ ਜ਼ਾਲਮ ਮੱਸੇ ਰੰਘੜ ਦਾ ਸਿਰ ਵੱਢ ਕੇ ਲੈ ਜਾਣ ਵਾਲੀ ਅਦੁਤੀ ਸੂਰਮਤਾਈ ਕਰਨ ਵਾਲੇ ਸਿੰਘ, ਸ: ਮਹਿਤਾਬ ਸਿੰਘ ਜੀ ਭੰਗੂ ਮੀਰਾਂ ਕੋਟੀਏ ਦੇ ਪੋਤ੍ਰੇ, ਸ: ਰਾਏ ਸਿੰਘ ਦੇ ਸਪੁੱਤ੍ਰ ਅਤੇ ਸ: ਸ਼ਾਮ ਸਿੰਘ ਜੀ ਕਰੋੜੀਆ ਦੇ ਦੋਹਤੇ, ਸ: ਰਤਨ ਸਿੰਘ ਭੰਗੂ ਨੇ--**ਪ੍ਰਾਚੀਨ ਪੰਥ ਪ੍ਰਕਾਸ਼ ਗ੍ਰੰਥ** ਲਿਖਿਆ ਜਿਸ ਦੀਆਂ ਅਰੰਭਕ ਸਤਰਾਂ ਇਉਂ ਹਨ---

ਅਬ ਮੈਂ ਲਿਖੋਂ ਸਿੰਘਨ ਕੀ ਸਾਖੀ । ਜਿਹ ਬਿਧ ਬਡਨ ਅਸਾਡਨ ਆਖੀ ।  
ਔਰ ਪੁਰਾਤਨ ਤੇ ਭੀ ਸੁਨੀ । ਹੁਤੇ ਜੁ ਬਿਰਧ ਸਿੱਖ ਬਹੁ ਗੁਨੀ ॥ ੨ ॥

ਭੰਗੂ ਜੀ ਲਿਖਦੇ ਹਨ, ਕਿ--ਜੋ ਕੁਝ ਮੈਂ ਆਪਣੇ ਵਡੇਰਿਆਂ ਦੇ ਮੂੰਹੋਂ ਸੁਣਿਆਂ ਕਰਦਾ ਸਾਂ ਅਤੇ ਜਾਂ ਵੱਡੇ ਗੁਨਵਾਨ ਬਿਰਧ ਸਿੱਖਾਂ ਕੋਲੋਂ ਸੁਣਦਾ ਰਿਹਾ ਹਾਂ ਉਨ੍ਹਾਂ ਦੇ ਅਧਾਰ ਤੇ ਸਿੰਘਾਂ ਦਾ ਸੱਚਾ ਇਤਿਹਾਸ ਲਿਖ ਰਿਹਾ ਹਾਂ। ਰਤਨ ਸਿੰਘ ਜੀ ਨੇ ਇਸ ਗ੍ਰੰਥ ਦਾ ਖਰੜਾ, ਸੰਨ ੧੮੦੯ ਵਿਚ ਤਿਆਰ ਕੀਤਾ ਸੀ। ਸਿੱਖ ਇਤਿਹਾਸ ਨੂੰ ਬਣਾਉਣ ਵਾਲੇ ਸਿਰਲੱਥ ਬਹਾਦਰ ਸਿੰਘਾਂ ਦੇ ਘਰ ਜਨਮੇਲ ਰਤਨ ਸਿੰਘ ਜੀ ਗੁਰੂ-ਇਤਿਹਾਸ ਬਚਪਨ ਤੋਂ ਸੁਣਦੇ ਰਹੇ ਸਨ। ਅਰਥਾਤ ਉਸ ਵੇਲੇ ਅਜੇਹੇ ਸਿੰਘ ਵੀ ਮਿਲ ਸਕਦੇ ਸਨ ਜਿਨ੍ਹਾਂ ਨੇ ਸ਼੍ਰੀ ਕਲਗੀਧਰ ਜੀ ਦੇ ਦਰਸ਼ਨ ਕੀਤੇ ਸਨ ਅਥਵਾ ਜਿਨ੍ਹਾਂ ਨੇ ਉਨ੍ਹਾਂ ਕੋਲੋਂ ਅੰਮ੍ਰਿਤ ਪਾਨ ਕੀਤਾ ਸੀ। ਸਿੰਘਾਂ ਨੂੰ ਪੜ੍ਹਨ ਲਈ ਕਾਂਸ਼ੀ ਭੇਜਣ ਵਾਲੀ ਗੱਲ ਰਤਨ ਸਿੰਘ ਜੀ ਤਾਂਈ ਜ਼ਰੂਰ ਪੁਜਣੀ ਸੀ। ਕਥਿਤ ਤੌਰ ਤੇ, ਜੇ ਨਿਰਮਲੇ ਸਿੰਘਾਂ ਨੇ ਕਲਗ਼ੀਧਰ ਜੀ ਦੇ ਹੁੰਦਿਆਂ ਹੀ ਸਿੱਖੀ ਦਾ ਪਰਚਾਰ ਬੜੀ ਯੋਗਤਾ ਨਾਲ ਕਰਨਾ ਅਰੰਭ ਕਰ ਦਿੱਤਾ ਹੁੰਦਾ ਤਾਂ ਰਤਨ ਸਿੰਘ ਜੀ, ਜਿਨ੍ਹਾਂ ਨੇ ਬੜੀ ਛੋਟੀ ਤੋਂ ਛੋਟੀ ਘਟਨਾ ਵੀ ਆਪਣੇ ਇਸ ਗ੍ਰੰਥ ਵਿਚ ਲਿਖੀ ਹੈ, ਸਿਖੀ ਭੇਸ ਵਟਾ ਲੈਣ ਦੀ ਆਗਿਆ ਦੇ ਕੇ ਬ੍ਰਾਹਮਣੀ ਵਿਦਿਆ ਪੜ੍ਹਨ ਲਈ ਭੇਜਣ ਦੀ ਏਡੀ ਵੱਡੀ ਅਤੇ ਅਚੰਭੇ ਵਾਲੀ ਗੱਲ ਲਿਖਣੀ, ਕਦੇ ਨਾ ਭੁੱਲਦੇ । ਪਰ ਉਨ੍ਹਾਂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਅਜੇਹੀ ਕੋਈ ਗੱਲ ਨਹੀਂ ਮਿਲਦੀ ।

੨) ਗਿਆਨੀ ਗਿਆਨ ਸਿੰਘ ਲੌਂਗੋਵਾਲੀਏ ਨੇ ਏਸੇ **ਪ੍ਰਾਚੀਨ ਪੰਥ ਪ੍ਰਕਾਸ਼** ਗ੍ਰੰਥ ਵਿਚਲੀ ਕਵਿਤਾ ਦੀ ਸੋਧ ਕਰਕੇ ਆਪਣੇ ਨਾ ਹੇਠਾਂ ਜਿਹੜਾ ਅੱਡਰਾ--**ਪੰਥ ਪ੍ਰਕਾਸ਼** --ਨਾਮਕ ਗ੍ਰੰਥ ਲਿਖਿਆ ਹੈ, (ਵੇਖੋ ਮਹਾਨ ਕੋਸ਼ ਸਫ਼ਾ- ੭੬੪) ਉਸ ਵਿਚ ਗਿਆਨੀ ਜੀ ਜਿਸ ਨੇ ਸਿੰਘਾਂ ਨੂੰ ਕਾਂਸ਼ੀ ਭੇਜਣ ਵਾਲੀ ਗਾਥਾ ਲਿਖੀ ਹੈ, ਨੇ ਇਹ ਵੀ ਲਿਖਆ ਹੈ ਕਿ ਦਸ਼ਮੇਸ਼ ਜੀ ਅਫ਼ੀਮ ਖਾਣ ਦੇ ਸ਼ੌਕੀਨ ਸਨ । ਇਸ ਨਕਲੀਏ ਲਿਖਾਰੀ ਗਿਆਨੀ ਜੀ ਦੀ ਲਿਖੀ ਅਫ਼ੀਮ ਵਾਲੀ ਗੱਲ ਨੂੰ ਸਾਰੇ ਸਿੰਘ ਝੂਠ ਅਤੇ ਸਤਿਗੁਰਾਂ ਦੀ ਨਿੰਦਿਆ ਮੰਨਦੇ ਹਨ, ਫਿਰ ਹੌਲੀ ਸੋਚ ਵਾਲੇ ਉਸੇ ਹੀ ਲਿਖਾਰੀ ਦੀ ਲਿਖੀ ਗੱਲ, ਕਿ, ਕਾਂਸ਼ੀ ਦੇ ਬ੍ਰਾਹਮਣਾਂ ਤੋਂ ਵਿਦਿਆ ਪ੍ਰਾਪਤ ਕਰ ਲੈਣ ਦੇ ਯਤਨ ਵਿਚ, ਝੂਠ ਦਾ ਆਸਰਾ ਲੈਣ ਦੀ ਸਿਖਿਆ ਆਪਣੇ ਸਿੰਘਾਂ ਨੂੰ ਦੇਣ ਵਾਲੀ ਅਣਹੋਣੀ ਗੱਲ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੁੜੀ ਸੱਚੀ ਮੰਨ ਲੈਣੀ ਅਫ਼ੀਮ ਖਾਣ ਵਾਲੀ ਗੱਲ ਨਾਲੋਂ ਵੀ ਵੱਧ ਦੁਖਦਾਈ ਹੈ । ਗ੍ਰੰਥ ਦੇ ਲਿਖਣ ਢੰਗ ਤੋਂ ਸਪੱਸ਼ਟ ਹੁੰਦਾ ਹੈ ਕਿ, ਗਿਆਨੀ ਗਿਆਨ ਸਿੰਘ ਜੀ, ਸਿੱਖ ਘੱਟ ਸਨ ਅਤੇ ਬ੍ਰਾਹਮਣ ਵੱਧ ਸਨ ।

੩) ਸਿੱਖ ਧਰਮ ਦਾ ਪਰਚਾਰ ਦਾ ਅਰੰਭ ਕਰਨ ਵਾਲੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਲਗ-ਪਗ ਅਧੀ ਦੁਨੀਆਂ ਦਾ ਪੈਦਲ ਸਫ਼ਰ ਕੀਤਾ । ਉਨ੍ਹਾਂ ਤੋਂ ਹੀ ਸਿਖਿਆ ਲੈ ਕੇ, ਬਾਬਾ ਬੁਢਾ ਜੀ, ਮਨਸੁਖ ਜੀ, ਸ਼ੀਹਾਂ ਜੀ, ਅਜਿੱਤਾ ਰੰਧਾਵਾ ਜੀ ਆਦਿ ਏਨੇ ਸਮਰਥ ਹੋ ਗਏ ਸਨ ਕਿ ਉਹ ਸਿੱਖੀ ਦਾ ਪਰਚਾਰ, ਬ੍ਰਾਹਮਣਾਂ ਦੇ ਗੜ੍ਹ, ਹਿੰਦੂ ਤੀਰਥਾਂ ਤੇ ਜਾ ਜਾ ਕੇ ਕਰਿਆ ਕਰਦੇ ਸਨ ।

੪) ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪਰਚਾਰ ਲਈ ਜਿਹੜੇ ਮਸੰਦ ਦੂਰ ਦੂਰ ਦੇਸ਼ਾਂ ਵਿਚ ਭੇਜੇ ਸਨ ਉਨ੍ਹਾਂ ਕੋਲ ਕੇਵਲ ਗੁਰੂ ਨਾਨਕ ਜੀ ਦਾ ਹੀ ਗਿਆਨ ਸੀ । ਕਿਸੇ ਨੂੰ ਵੀ ਬ੍ਰਾਹਮਣ ਕੋਲੋਂ ਵਿਦਿਆ ਲੈਣ ਦੀ ਲੋੜ ਅਨੁਭਵ ਨਹੀਂ ਸੀ ਹੋਈ ।

੫) ਗੁਰੂ ਨਾਨਕ ਜੀ ਦੇ ਨਿਆਰੇ ਗਿਆਨ ਤੋਂ ਜਾਣੂੰ ਕਰਾ ਕੇ ਬ੍ਰਾਹਮਣੀ ਕਰਮ-ਕਾਂਡੀ ਜੂਲੇ ਤੋਂ ਲੋਕਾਂ ਦੀ ਖ਼ਲਾਸੀ ਕਰਾਉਣ ਲਈ ਪੰਚਮ ਪਾਤਿਸ਼ਾਹ ਜੀ ਨੇ ਭਾਈ ਗੁਰਦਾਸ ਜੀ ਨੂੰ ਬਨਾਰਸ ਅਥਵਾ ਕਾਂਸੀ ਵਿਚ ਹੀ ਭੇਜਿਆ ਸੀ । ਕਾਂਸ਼ੀ ਦੇ ਵੱਡੇ ਵੱਡੇ ਵਿਦਵਾਨ ਬ੍ਰਾਹਮਣ ਉਸੇ ਭਾਈ ਸਾਹਿਬ ਜੀ ਦੇ ਅੱਗੇ ਗੋਡੇ ਟੇਕ ਖਲੋਤੇ ਸਨ, ਜਿਸ ਭਾਈ ਜੀ ਕੋਲ ਗੁਰੂ ਨਾਨਕ ਜੀ ਦੇ ਗਿਆਨ ਦਾ ਹੀ ਕੇਵਲ ਮਾਤ੍ਰ ਖੰਡਾ ਸੀ । ਭਾਈ ਸਾਹਿਬ ਕਈ ਸਾਲ ਸਿੱਖੀ ਦਾ ਪਰਚਾਰ ਕਰਦੇ ਰਹੇ ਅਤੇ ਕਈਆਂ ਨੂੰ ਗੁਰੂ ਘਰ ਦੇ ਸ਼ਰਧਾਲੂ ਬਣਾਇਆ । ਹੈਰਾਨੀ ਤਾਂ ਇਹ ਹੈ ਕਿ ਕਾਂਸ਼ੀ ਦੇ ਜਿਨ੍ਹਾਂ ਕਥਿਤ ਵਿਦਵਾਨ ਬ੍ਰਾਹਮਣਾ ਨੂੰ ਪੰਚਮ ਗੁਰੂ ਨਾਨਕ ਜੀ ਦਾ ਸਿੱਖ ਆਪ ਪੜ੍ਹਾਉਂਦਾ ਰਿਹਾ ਸੀ, ਦਸਮ ਗੁਰੂ ਨਾਨਕ ਜੀ ਦੇ ਸਮੇਂ ਤਾਂਈਂ ਕੀ ਭਾਣਾ ਵਰਤ ਗਿਆ ਸੀ ਜੋ ਦਸ਼ਮੇਸ਼ ਜੀ ਨੂੰ ਆਪਣੇ ਸਿੰਘ ਨੂੰ ਉਨ੍ਹਾਂ ਹੀ ਬ੍ਰਾਹਮਣਾਂ ਕੋਲੋਂ ਵਿਦਿਆ ਸਿੱਖਣ ਲਈ ਭੇਜਣਾ ਪਿਆ । ਫਿਰ ਇਹ ਕਿਵੇਂ ਸੱਚ ਮੰਨ ਲਿਆ ਜਾਵੇ ਕਿ ਆਪਣਾ ਭੇਸ ਅਤੇ ਨਾਮ ਪਤਾ ਬਦਲ ਲੈਣ ਵਰਗਾ ਠੱਗਾਂ ਵਾਲਾ ਕਰਮ ਵੀ ਸਤਿਗੁਰਾਂ ਨੇ ਆਪ ਹੀ ਕਰਵਾਇਆ ਸੀ?

੬) ਨੌ ਗੁਰੂ ਸਾਹਿਬਾਨ ਨੇ ਬ੍ਰਾਹਮਣੀ ਗੰਥਾਂ ਵਿਚਲੀ ਵਿਦਿਆ ਤੋਂ ਆਪਣੇ ਸਿੱਖਾਂ ਨੂੰ ਜਾਣੂੰ ਕਰਾ ਲੈਣ ਦੀ ਲੋੜ ਅਨੁਭਵ ਨਾ ਕੀਤੀ, ਤਾਂ ਦਸਵੇਂ ਸਰੂਪ ਸਮੇਂ ਸਿੱਖਾਂ ਨੂੰ ਕਾਂਸ਼ੀ ਭੇਜ ਕੇ ਵਿਦਿਆ ਪੜ੍ਹਾਉਂਣ ਦੀ ਲੋੜ ਕਿਸ ਕਾਰਨ ਆ ਪਈ ? ਕੀ ਸਤਿਗੁਰਾਂ ਕੋਲ ਅਜੇਹੀ ਵਿਦਿਆ ਦੀ ਥੁੜ ਸੀ ? ਕੀ ਦਸਵੇਂ ਸਰੂਪ ਵਿਚ ਆ ਕੇ ਗੁਰੂ ਨਾਨਕ ਸਾਹਿਬ ਜੀ ਨੂੰ ਵਿਦਿਆ ਚੁਰਾਉਣ ਦਾ ਖ਼ਿਆਲ ਆ ਗਿਆ ? ਜਿਹੜੇ ਸਿੱਖ ਇਸ ਬਾਣੀ ਨੂੰ ਕਲਗ਼ੀਧਰ ਜੀ ਦੀ ਉਚਾਰੀ ਗੁਰਬਾਣੀ ਮੰਨਦੇ ਹਨ--- **ਭੇਖ ਦਿਖਾਏ ਜਗਤ ਕੋ ਲੋਗਨ ਕੋ ਬੱਸ ਕੀਨ । ਅੰਤਕਾਲ ਕਾਤੀ ਕਟਿਉ ਵਾਸ ਨਰਕ ਮੋਹ ਲੀਨ** ॥ ਉਹੀ ਸਿੱਖ ਇਹ ਕਿਵੇਂ ਵਿਚਾਰ ਲੈਂਦੇ ਹਨ ਕਿ ਸਤਿਗੁਰਾਂ ਨੇ ਪਰਚੱਲਤ ਸਿੱਖੀ ਬਾਣਾ ਤਿਆਗ ਕੇ ਬ੍ਰਹਮਚਾਰੀ ਭੇਖ ਬਣਾ ਕੇ ਵਿਦਿਆ ਲੈਣ ਦੀ ਆਗਿਆ ਦੇ ਦਿੱਤੀ ਸੀ ? ਕੀ ਵਿਦਿਆ ਲੈਣ ਲਈ ਭੇਖ ਬਣਾ ਕੇ ਪਾਂਡਿਆਂ ਨੂੰ ਵੱਸ ਵਿਚ ਕਰ ਲੈਣ ਦੀ, ਉਤਲੇ ਗੁਰ-ਵਾਕ ਵਿਚ ਛੋਟ ਸੀ ? ਕੀ ਇਹ ਕਰਮ ਠੱਗੀ ਵਾਲਾ ਨਹੀਂ ਹੈ ? ਦਸਵੇਂ ਸਰੂਪ ਵਿਚ ਆ ਕੇ ਇਸ ਢੰਗ ਨਾਲ ਵਿਦਿਆ ਚੋਰੀ ਕਰਨ ਦਾ ਉਪਦੇਸ਼ ਸਿੱਖ ਗੁਰਮੁਖਾਂ ਨੂੰ ਕੀ ਉਸੇ ਗੁਰੂ ਨਾਨਕ ਜੀ ਨੇ ਦਿੱਤਾ ਸੀ ਜਿਨ੍ਹਾਂ ਦਾ ਆਪਣਾ ਹੀ ਫ਼ੁਰਮਾਨ ਹੈ ਕਿ--

੧੪- **ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥**  
**ਸਦ ਹੀ ਸਚ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥ ੫ ॥**[੧੦੫੮]-੧-੧੫

੭) ਫਿਰ ਅਜੇਹਾ ਅਨਰਥ ਉਸੇ ਗੁਰੂ ਸਰੂਪ ਨਾਲ ਕਿਉਂ ਜੋੜਿਆ ਗਿਆ ਜਿਸ ਨੇ ਅੱਗੇ ਤੋਂ ਗੱਦੀ ਪੰਜ ਭੂਤਕ ਸਰੀਰ ਵਿਚਲੇ ਗਿਆਨ ਨੂੰ ਨਹੀਂ ਸੀ ਦਿੱਤੀ ? ਗੁਰੂ ਗ੍ਰੰਥ ਸਾਹਿਬ-ਰੂਪ ਗਿਆਨ ਨੂੰ ਗੁਰਤਾ-ਗੱਦੀ ਸੌਂਪੀ ਜਾਣ ਦੇ ਉਪਰੰਤ ਅਜੇਹੇ ਹਮਲੇ ਕਿਸ ਕਾਰਨ ਤੇਜ਼ ਹੋ ਗਏ ? ਕੀ ਇਸ ਦਾ ਕਾਰਨ ਇਹ ਨਹੀਂ ਸੀ, ਕਿ ਫਿਰ ਸਿੱਖ ਇਤਿਹਾਸ ਵਿਚ ਰਲਾਏ ਗਏ ਅਜੇਹੇ ਝੂਠ ਦੀ ਖੰਡਨਾਂ ਕਰਨ ਦਾ ਭਾਰ ਗੁਰਦੇਵ ਜੀ ਤੇ ਨਹੀਂ ਸੀ ਰਿਹਾ ? ਜਿਸ ਸੂਰਮੇ ਸਿੰਘ ਨੇ

ਇਹ ਜ਼ਿਮੇਵਾਰੀ ਨਭਾਣੀ ਸੀ, ਉਹ ਤਾਂ ਜੰਗਾਂ ਜੁਧਾਂ ਵਿਚ ਫਸਿਆ, ਆਪਣੀ ਹੋਂਦ ਦੀ ਰਾਖੀ ਦੇ ਫ਼ਿਕਰ ਵਿਚ ਜੰਗਲਾਂ ਅਥਵਾ ਮਾਰੂ ਥਲਾਂ ਵਿਚ ਵਿਚਰਦਾ ਹੋਇਆ ਰਾਤ ਦਿਨ ਘੋੜੇ ਦੀ ਕਾਠੀ ਤੇ ਹੀ ਬੈਠ ਰਹਿੰਦਾ ਸੀ ?

੮) ਬ੍ਰਾਹਮਣਾਂ ਕੋਲੋ ਵਿਦਿਆ ਲੈਣ ਲਈ ਆਪਣੇ ਸਿੰਘ ਭੇਜਣ ਵਾਲੀ ਗੱਲ ਸੱਚੀ ਮੰਨਣ ਵਾਲਾ ਸਿੱਖ ਕੀ ਆਪਣੇ ਗੁਰੂ ਨੂੰ ਅਧੂਰਾ ਮੰਨਣ ਦਾ ਅਪਰਾਧ ਤੇ ਨਹੀਂ ਕਰ ਰਿਹਾ ? ਫ਼ਾਰਸੀ, ਬ੍ਰਿਜਭਾਸ਼ਾ, ਸੰਸਕ੍ਰਿਤ ਆਦਿ ਬੋਲੀਆਂ ਵਿਚ ਉੱਚ ਕੋਟੀ ਦੀ ਕਵਿਤਾ ਰਚਨ ਵਾਲੇ ਤ੍ਰੈਕਾਲ ਦਰਸੀ, ਮਹਾਨ ਵਿਦਵਾਨ ਕਲਗ਼ੀਧਰ ਜੀ ਨੂੰ ਬ੍ਰਾਹਮਣ ਦੀ ਕਿਹੜੀ ਵਿਦਿਆ ਦੀ ਲੋੜ ਆ ਪਈ ਸੀ ਜੋ ਉਹ ਆਪ ਆਪਣੇ ਸਿੱਖਾਂ ਨੂੰ ਨਹੀਂ ਸਨ ਪੜ੍ਹਾ ਸਕਦੇ ? ਕੀ ਦਸਵੇਂ ਸਰੂਪ ਵਿਚ ਆ ਕੇ ਗੁਰੂ ਨਾਨਕ ਸਾਹਿਬ ਜੀ ਨੂੰ ਉਸੇ ਬ੍ਰਾਹਮਣ ਦੀ ਸ਼ਰਨ ਵਿਚ ਆਪਣੇ ਸਿੱਖਾਂ ਨੂੰ ਭੇਜਣਾ ਪੈ ਗਿਆ ਸੀ ਜਿਹੜਾ ਉਨ੍ਹਾਂ ਨਾਲ ਗਿਆਨ ਚਰਚਾ ਕਰਨ ਲਈ ਅਪਣੀਆਂ ਧਰਮ-ਪੁਸਤਕਾਂ ਖੋਤੇ ਤੇ ਲਦ ਕੇ ਲੈ ਆਉਂਦਾ ਹੁੰਦਾ ਸੀ, ਪਰ ਫਿਰ ਵੀ ਸ਼ਰਮਿੰਦਾ ਹੋ ਕੇ ਮੁੜਦਾ ਹੁੰਦਾ ਸੀ ? ਕੀ ਅਜੇਹਾ ਕਹਿਣ ਵਾਲੇ ਸਿੱਖ ਇਹ ਨਹੀਂ ਕਹਿ ਰਹੇ ਕਿ ਅੰਤ ਵਿਚ ਸਤਿਗੁਰਾਂ ਨੇ ਵੀ (ਅਸਿਧੇ ਤੌਰ ਤੇ) ਬ੍ਰਾਹਮਣ ਨੂੰ ਹੀ ਆਪਣਾ ਗੁਰੂ ਮੰਨ ਲਿਆ ਸੀ ?

੯) ਕਿਡੇ ਡੂੰਘੇ ਦੁਖ ਵਾਲੀ ਗੱਲ ਹੈ ਕਿ ਜਿਹੜੇ ਸਿੱਖ ਬੜੇ ਵਿਸ਼ਵਾਸ਼ ਨਾਲ ਲੋਕਾਂ ਨੂੰ ਇਹ ਸੁਣਾਉਂਦੇ ਹਨ ਅਤੇ ਪੁਸਤਕਾਂ ਵਿਚ ਲਿਖਦੇ ਹਨ ਕਿ, ਗੁਰੂ ਹਰਿ ਕ੍ਰਿਸ਼ਨ ਜੀ ਦੀ ਮਿਹਰ ਭਰੀ ਨਿਗਾਹ ਨੇ ਜਮਾਂਦਰੂ ਗੂੰਗੇ ਅਤੇ ਬੋਲੇ ਝੀਵਰ ਨੂੰ ਮਹਾਂ ਵਿਦਵਾਨ ਬਣਾ ਦਿੱਤਾ ਸੀ, ਉਹੀ ਸਿੱਖ (ਰਿਸ਼ਤੇ ਵਿਚ ਅਠਵੇਂ ਗੁਰਦੇਵ ਜੀ ਦੇ ਚਾਚਾ ਜੀ) ਦਸਵੇਂ ਗੁਰੂ ਜੀ ਬਾਰੇ, ਇਹ ਕਹਿ ਰਹੇ ਹਨ, ਕਿ, ਉਨ੍ਹਾਂ ਨੇ (ਗੂੰਗੇ ਬੋਲੇ ਝੀਵਰ ਨੂੰ ਵਿਦਵਾਨ ਤਾਂ ਕੀ ਬਣਾ ਸਕਣਾ ਸੀ ਸਗੋਂ) ਬ੍ਰਾਹਮਣਾਂ ਕੋਲੋਂ ਵਿਦਿਆ ਲੈਣ ਲਈ ਆਪਣੇ ਸਿੱਖਾਂ ਵਿਚੋਂ ਤੀਖਣ ਬੁੱਧੀ ਵਾਲੇ ਸਿੱਖਾਂ ਨੂੰ ਭੇਸ ਵਟਾਉਣ ਦੀ, ਭਾਵ ਧੋਖਾ ਦੇਣ ਜੋਗੇ ਬਣ ਜਾਣ ਦੀ, ਸਲਾਹ ਦੇ ਦਿੱਤੀ ਸੀ ।

੧੦= ਸ਼ਾਹਿਨਸ਼ਾਹਾਂ ਦੇ ਸ਼ਾਹਿਨਸ਼ਾਹ ਜਿਸ ਦਸਮ ਗੁਰੂ ਨਾਨਕ ਜੀ ਦੇ ਸ਼ਾਹੀ ਦਰਬਾਰ ਵਿਚੋਂ ਮਿਲਦੀਆਂ ਵਡਿਆਈਆਂ ਅਤੇ ਬਖ਼ਸ਼ਸ਼ਾਂ ਦੀ ਚਰਚਾ ਸੁਣ ਕੇ ਦੇਸ਼ ਦੇ ਦੂਰ ਦੁਰਾਡੇ ਥਾਵਾਂ ਤੋਂ ਉੱਚ ਕੋਟੀ ਦੇ ਵਿਦਵਾਨ ਕਵੀ, ਗੁਰੂ ਦਰਬਾਰ ਦੀ ਆਨ ਸ਼ਾਨ ਵਧਾਉਣ ਲਈ ਸ੍ਰੀ ਅਨੰਦ ਪੁਰ ਸਾਹਿਬ ਆ ਜੁੜੇ ਸਨ ਅਤੇ ਸਤਿਗੁਰਾਂ ਦੀ ਵਿਦਵਤਾ ਦੇ ਸੋਹਲੇ ਗਾਉਂਦੇ ਥੱਕਦੇ ਨਹੀਂ ਸਨ, ਕੀ ਉਸੇ ਮਹਾਨ ਵਿਦਵਾਨ ਅਤੇ ਅੰਤਰਯਾਮੀ ਗੁਰੂ ਦੇ ਸਿੱਖ ਇਹ ਮੰਨ ਰਹੇ ਹਨ ਕਿ ਕਲਗ਼ੀ-ਧਰ ਜੀ ਨੇ ਆਪਣੇ ਸਿੱਖਾਂ ਨੂੰ ਕਾਂਸ਼ੀ ਦੇ ਬ੍ਰਾਹਮਣਾਂ ਕੋਲੋਂ ਵਿਦਿਆ ਪੜ੍ਹਨ ਲਈ ਭੇਜਿਆ ਸੀ ? ਅਤੇ ਫਿਰ ਇਹ ਕਹਿੰਦੇ ਨਹੀਂ ਸੰਗਦੇ ਕਿ, ਬ੍ਰਾਹਮਣ ਦੀ ਸਿਖਿਆ ਨਾਲ ਵਿਦਵਾਨ ਬਣੇ ਉਨ੍ਹਾਂ ਸਿੱਖਾਂ ਨੇ (ਉਸ ਚੁਰਾਈ ਹੋਈ ਵਿਦਿਆ ਦੇ ਜ਼ੋਰ ਤੇ) ਗੁਰਸਿੱਖੀ ਦਾ ਬੜਾ ਪਰਚਾਰ ਕੀਤਾ ਸੀ । ਹਾਲਾਂ ਕਿ ਸਿੱਖੀ ਵਿਚ ਬਿੱਪ੍ਰਨ ਕੀ ਰੀਤ ਵਾੜਨ ਦਾ ਨੀਂਹ ਪੱਥਰ ਰਖਿਆ ਹੀ ਨਿਰਮਲਿਆਂ ਅਤੇ ਉਦਾਸੀ ਮਹੰਤਾਂ ਨੇ ਸੀ ।

ਮਹਾਂ ਭਾਰਤ ਗਾਥਾ ਵਿਚ ਇੱਕ ਉਪਲੱਵਯ ਨਾਮੀ ਧਰਨੁਰ-ਧਾਰੀ ਨੇ ਦ੍ਰੋਨਾਚਾਰੀਆ ਤੋਂ ਪੁੱਛੇ ਬਿਨਾ ਧਣਖ-ਵਿਦਿਆ ਸਿੱਖ ਲਈ ਤਾਂ ਦ੍ਰੋਣ ਨੇ ਉਸ ਦੇ ਸੱਜੇ ਹੱਥ ਦਾ ਅੰਗੂਠਾ ਕਟਾ ਦਿੱਤਾ ਸੀ। ਉਸੇ ਗਾਥਾ ਵਿਚ ਹੀ ਕੁਆਰੀ ਕੁੰਤੀ ਦੇ ਪੁੱਤ੍ਰ ਕ੍ਰਣ ਨੇ ਭੇਸ ਵਟਾ ਕੇ ਪ੍ਰਸਰਾਮ ਕੋਲੋਂ ਵਿਦਿਆ ਪ੍ਰਪਤ ਕੀਤੀ ਦਰਾਸਈ ਹੋਈ ਹੈ । ਪਰ ਜਦ ਹੀ ਪਰਸਰਾਮ ਨੂੰ ਕਰਣ ਦੀ ਅਸਲੀਅਤ ਦਾ ਪਤਾ ਲੱਗਾ ਤਾਂ ਉਸ ਨੇ ਉਸ ਨੂੰ ਸਰਾਪ ਦੇ ਦਿੱਤਾ ਕਿ ਧੋਖੇ ਨਾਲ ਪ੍ਰਾਪਤ ਕੀਤੀ ਵਿਦਿਆ ਤੇਰਾ ਕੁਝ ਨਹੀਂ ਸੁਆਰੇਗੀ, ਅਤੇ ਇਹ ਵਿਦਿਆ ਤੈਨੂੰ ਉਸ ਸਮੇਂ ਧੋਖਾ ਦੇਵੇਗੀ ਜਦ ਤੈਨੂੰ ਇਸ ਦੀ ਸਖ਼ਤ ਲੋੜ ਹੋਵੇਗੀ । ਫਿਰ ਉਵੇਂ ਹੀ ਬੁਰੇ ਹਾਲੀਂ ਕਰਣ ਦੀ ਮੌਤ ਹੁੰਦੀ ਵੀ ਦਰਸਾਈ । ਭਾਵ, ਬ੍ਰਾਹਮਣ ਨੇ ਹੇਰਾ ਫੇਰੀ ਨਾਲ ਵਿਦਿਆ ਲੈਣ ਵਾਲੇ ਨੂੰ ਪਹਿਲਾਂ ਵੀ ਬੜਾ ਘਟੀਆ ਅਤੇ ਨੀਚ-ਕਰਮੀ ਸਿੱਧ ਕੀਤਾ ਹੋਇਆ ਸੀ। ਕੀ, ਇਸ ਪੱਖ ਤੇ ਵਿਚਾਰ ਨਹੀਂ ਸੀ ਕਰਨੀ ਚਾਹੀਦੀ ਕਿ, ਬ੍ਰਾਹਮਣ ਨੇ ਚਤੁਰਾਈ ਨਾਲ ਉਹੀ (ਧੋਖੇ ਨਾਲ ਵਿਦਿਆ ਪ੍ਰਾਪਤ ਕਰਨ ਵਾਲਾ ਕੁ-ਕਰਮ) ਕਲਗ਼ੀਧਰ ਜੀ ਦੇ ਮੱਥੇ ਮੜ੍ਹ ਕੇ ਕਿਤੇ ਪੂਰੇ ਖ਼ਾਲਸਾ ਪੰਥ ਦਾ ਮੌਜੂ ਤਾਂ ਨਹੀਂ ਉਡਾਇਆ ਹੋਇਆ? ਪਰ ਝੂਠੀਆਂ ਕਹਾਣੀਆਂ ਨੂੰ ਗੁਰਮਤਿ ਮੰਨ ਕੇ ਉਨ੍ਹਾਂ ਪ੍ਰਤੀ ਸ਼ਰਧਾ ਬਣਾਈ ਬੈਠਾ ਬਹਾਦਰ ਖ਼ਾਲਸਾ ਇਹ ਕਿਵੇਂ ਮੰਨ ਲਵੇ ਕਿ ਉਹ ਬ੍ਰਾਹਮਣ ਦੇ ਮਾਇਆ-ਜਾਲ ਵਿਚ ਫਸ ਚੁੱਕਾ ਹੈ ? ਭਾਵੇਂ ਇਹ ਸਾਰਾ ਭਾਣਾ ਦੇਖਾ ਦੇਖੀ ਅਥਵਾ ਅੱਗੇ ਜਾ ਰਹਿਆਂ ਦੇ ਮਗਰ ਦੌੜ ਪੈਣ ਵਾਲੀ ਭੇਡ-ਚਾਲ ਦੇ ਕਾਰਨ ਹੀ ਵਰਤਿਆ ਹੈ ਪਰ ਝੂਠੀ ਅਤੇ ਮੂਰਖ-ਹੈਂਕੜ ਵਿਚ ਫਸੇ ਅਸੀਂ ਕਿਵੇਂ ਮੰਨ ਲਈਏ ਕਿ ਪਿਛਲੇ ੨੦੦ ਸਾਲ ਤੋਂ ਅਸੀ ਸਭ ਕੁਝ ਗਲਤ ਕਰੀ ਆ ਰਹੇ ਹਾਂ। ਅੱਜ ਤਾਂ ਸਤਿਗੁਰੂ ਜੀ ਤਰਸ ਖਾ ਕੇ, ਆਪ ਹੀ ਮਿਹਰ ਕਰਨ ਅਤੇ (ਦੇਖਾ ਦੇਖੀ ਝੂਠ-ਹਨੇਰੇ ਵਿਚ ਠੇਡੇ ਖਾ ਰਹਿਆਂ ਨੂੰ ਸਾਨੂੰ) ਕਿਤੇ ਵਾਹਿਗੁਰੂ ਜੀ ਦੇ ਲੜ ਲਾ ਦੇਣ ਦੀ ਮਿਹਰ ਕਰ ਦੇਣ:--

੧੫- **ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥ ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥ ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ॥ ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥ ੫ ॥** [੨੮]-੪-੩੭

੩

# ਨਿਰਮਲਿਆਂ ਦੀ ਕਹਾਣੀ, ਗੁਰਬਾਣੀ ਦੀ ਕਸਵੱਟੀ ਤੇ ?

**੧)** ਵੇਦਕ ਗ੍ਰੰਥਾਂ ਦੀ ਵਿਦਿਆ ਸਿੱਖਣ ਲਈ ਸਿੰਘ ਨੂੰ ਭੇਜਣ ਵਾਲੀ ਕਹਾਣੀ ਤੇ ਇਤਬਾਰ ਕਰ ਲੈਣ ਵਾਲੇ ਗੁਰਸਿੱਖ ਵੀਰ, ਕੀ ਆਪਣੇ ਸਤਿਗੁਰੂ ਜੀ ਦੇ ਇਸ ਮਹਾਂ ਵਾਕ ਨੂੰ ਝੂਠਾ ਜਾਂ ਅਰਥ ਹੀਨ ਤਾਂ ਨਹੀਂ ਮੰਨ ਰਹੇ ?----

੧੬- **ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥**
**ਤਿਨ ਕਉ ਕਿਆ ਉਪਦੇਸੀਐ, ਜਿਨ ਗੁਰੁ ਨਾਨਕ ਦੇਉ ॥ ੨ ॥**[੧੫੦]-ਵਾਰ-੨੭

**ਅਰਥ:**--ਗੁਰੂ ਨਾਨਕ ਨਿਰੰਕਾਰੀ ਜੀ ਤੋਂ ਸਿਖਿਆ ਲੈ ਕੇ ਲਹਿਣੇ ਤੋਂ ਗੁਰੂ ਅੰਗਦ ਦੇਵ ਜੀ ਬਣ ਜਾਣ ਦੇ ਨਿੱਜੀ ਤਜਰਬੇ ਵਾਲੇ ਦੂਜੇ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ--ਜਿਨ੍ਹਾਂ ਦਾ ਗੁਰਦੇਵ ਹੈ (ਜਿਨ੍ਹਾਂ ਦੇ ਸਿਰ ਤੇ ਗੁਰੂਆਂ ਦਾ ਦੇਵ ਗੁਰੂ ਨਾਨਕ ਹੈ) ਜਿਨ੍ਹਾਂ ਨੂੰ ਗੁਰੂ ਨਾਨਕ ਜੀ ਨੇ ਸਿਖਿਆ ਦੇ ਕੇ ਗਿਆਨ ਦਿੱਤਾ ਹੈ ਤੇ ਸਿਫ਼ਤਿ-ਸਾਲਾਹ ਦੀ ਰਾਹੀਂ ਸੱਚ ਵਿਚ ਜੋੜਿਆ ਹੈ, ਉਨ੍ਹਾਂ ਨੂੰ ਹੋਰ ਉਪਦੇਸ਼ ਦੀ ਲੋੜ ਨਹੀਂ ਰਹਿੰਦੀ (ਪਰਭੂ ਦੇ ਨਾਮ ਵਿਚ ਜੁੜਨ ਦੀ ਸਿਖਿਆ ਤੋਂ ਉੱਚੀ ਹੋਰ ਕੋਈ ਸਿੱਖਿਆ ਨਹੀਂ ਹੈ ।੨।

ਜਿਸ ਮਨੁੱਖ ਨੇ ਗੁਰੂ ਨਾਨਕ ਜੀ ਦਾ ਉਪਦੇਸ਼ ਆਪਣੇ ਹਿਰਦੇ ਵਿਚ ਵਸਾ ਲਿਆ ਉਸ ਨੂੰ (ਬ੍ਰਹਮ ਗਿਆਨ ਦੀ ਸਿਖਿਆ ਲਈ) ਕਿਸੇ ਹੋਰ ਪਿਛੇ ਭਟਕਣ ਦੀ ਕੋਈ ਲੋੜ ਨਹੀਂ । ਉਹ ਤਾਂ ਆਪ ਹੀ ਗਿਆਨ ਦਾ ਸੁਖਦਾਈ ਝਰਣਾ ਬਣ ਜਾਂਦਾ ਹੈ ।

**੨)** ਆਓ ! ਆਪਣੀ ਸੋਚ ਨੂੰ ਗੁਰੂ ਚਰਨਾਂ ਵਿਚ ਜੋੜ ਕੇ ਸਤਿਗੁਰਾਂ ਦੇ ਇਸ ਸਪੱਸ਼ਟ ਮਹਾਂਵਾਕ ਦੀ ਮਹੱਤਤਾ ਨੂੰ ਸਮਝੀਏ:---

੧੭- **ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥ ਸਤਿਗੁਰ ਮਿਲਿਐ ਮਤਿ ਊਪਜੈ**

**ਤਾ ਇਹ ਸੋਝੀ ਪਾਇ ॥੧॥ ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ॥**
**ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ॥ ੧ ॥ ਰਹਾਉ ॥**[੪੯੧]-੬-੮

**ਅਰਥ:**--ਹੇ ਮੇਰੇ ਮਨ ! ਤੂੰ ਪ੍ਰਭੂ ਦੀ ਵਡਿਆਈ ਸੁਣਿਆਂ ਕਰ । ਗੁਰੂ ਦੇ ਉਪਦੇਸ਼ ਰੂਪੀ ਸ਼ਬਦ ਨੂੰ ਆਪਣੇ (ਮਨ) ਵਿਚ ਵਸਾਈ ਰੱਖ । (ਗੁਰੂ ਦੇ ਉਪਦੇਸ਼ ਅਨੁਸਾਰ ਜੀਵਨ ਢਾਲ ਲੈਣ ਦੀ ਬਰਕਤਿ ਨਾਲ) ਤੇਰੀ ਇਹ ਅਕਲ ਮਾਇਆ ਦੇ ਮੋਹ ਵਿਚ ਡੋਲਣੋਂ ਬਚੀ ਰਹੇਗੀ, ਤਦੋਂ ਤੇਰੇ ਅੰਦਰੋਂ ਭਟਕਣਾ ਦੂਰ ਹੋ ਜਾਵੇਗੀ ।੧। ਰਹਾਉ ।

ਹੇ ਭਾਈ ! ਨਾਂ ਹੀ ਕਾਂਸ਼ੀ (ਜਿਸ ਨੂੰ ਵਿਦਿਆ ਦਾ ਗੜ੍ਹ ਅਤੇ ਵੱਡਾ ਤੀਰਥ-ਅਸਥਾਨ ਮੰਨਿਆਂ ਜਾਂਦਾ ਹੈ) ਸੁਚੱਜੀ ਅਕਲ ਪੈਦਾ ਹੁੰਦੀ ਹੈ, ਅਤੇ ਨਾਂ ਹੀ (ਉਥੇ ਨਾ ਜਾਂਣ ਕਰਕੇ) ਚੰਗੀ ਅਕਲ ਦੂਰ ਹੀ ਹੁੰਦੀ ਹੈ । ਭਾਵ, ਕਾਂਸ਼ੀ ਜਾਣਾ ਜਾਂ ਨਾ ਜਾਣਾ ਇੱਕੋ ਗੱਲ ਹੈ) । ਗੁਰੂ (ਨਾਨਕ ਜੀ, ਭਾਵ, ਦਸਾਂ ਪਾਤਿਸ਼ਾਹੀਆਂ ਦੀ ਜੋਤਿ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਸ਼ਬਦ ਵਿਚਾਰ ਵਿਚ ਮਨ ਜੋੜਨਾਂ) ਨੂੰ ਮਿਲਿਆਂ (ਮਨੁੱਖ ਦੇ ਅੰਦਰ) ਚੰਗੀ ਅਕਲ ਪੈਦਾ ਹੁੰਦੀ ਹੈ ਅਤੇ ਪੂਰੀ ਸੋਝੀ ਆਉਂਦੀ ਹੈ ।੧।

ਸਤਿਗੁਰਾਂ ਨੇ ਆਪਣੇ ਤੀਸਰੇ ਸਰੂਪ ਸਮੇਂ ਹੀ ਮਤਿ ਅਥਵਾ ਵਿਦਿਆ ਨਾਲ ਜੋੜ ਕੇ **ਕਾਂਸ਼ੀ** ਦਾ ਜਿਕਰ ਉਚੇਚੇ ਤੌਰ ਤੇ ਕਿਸ ਕਾਰਨ ਕੀਤਾ ? ਹਜ਼ਾਰਾਂ ਸਾਲ ਪਹਿਲਾਂ, ਪੁਰਾਣਕ ਸਮੇਂ ਤੋਂ ਹੀ ਕਾਂਸ਼ੀ ਨੂੰ ਮਹਾਨ ਤੀਰਥ ਬਣਾ ਕੇ ਵੇਦਕ ਗਿਆਨ ਦੀ ਸਿਖਿਆ ਦਾ ਵੱਡਾ ਕੇਂਦਰ ਥਾਪ ਦੇਣ ਦੀ ਯੋਜਨਾਂ ਅਧੀਨ, ਗ੍ਰੰਥਾਂ ਵਿਚ ਲਿਖ ਦਿੱਤਾ ਕਿ ਗੰਗਾ ਨਦੀ ਵਾਂਗ ਕਾਂਸ਼ੀ ਸ਼ਹਿਰ ਵੀ ਸੁਰਗਾਂ ਤੋਂ ਹੀ ਉਤਰਿਆ ਹੋਇਆ ਹੈ। ਗੰਗਾ ਵਾਂਗ ਹੀ ਕਾਂਸ਼ੀ ਵੀ ਲੋਕ ਪਰਲੋਕ ਸੁਆਰ ਦੇਣ ਦੀ ਸ਼ਕਤੀ ਵਾਲਾ ਕਿਵੇਂ ਨ ਬਣਦਾ ? ਕਾਂਸ਼ੀ ਦੀ ਯਾਤਰਾ ਕਰਨੀ, ਕਾਂਸ਼ੀ ਦੇ ਪਾਂਡਿਆਂ ਤੋਂ ਕਾਂਸ਼ੀ ਵਿਚ ਰਹਿ ਕੇ ਵਿਦਿਆ ਲੈਣੀ, ਕਈ ਪਾਪਾਂ ਦਾ ਨਾਸ-ਕਰਤਾ, ਵਡਾ-ਪੁੰਨ ਕਰਮ ਅਤੇ ਕਾਂਸ਼ੀ ਵਿਚ ਰਹਿ ਕੇ ਦੇਹ ਤਿਆਗਣੀ ਸੁਰਗਾਂ ਵਿਚ ਪੱਕੀ ਥਾਂ ਪ੍ਰਾਪਤ ਹੋ ਜਾਣ ਦਾ ਵਿਸ਼ਵਾਸ਼, ਬ੍ਰਾਹਮਣੀ ਧਰਮ (ਹਿੰਦੂ ਧਰਮ) ਦਾ ਅਟੁਟ-ਅੰਗ ਬਣ ਚੁੱਕਾ ਸੀ।

ਅਸਲੀਅਤ ਇਹੀ ਹੈ ਕਿ, ਵੇਦਾਂ ਵਿਚਲੀ ਕਰਮਕਾਂਡੀ ਸਿਖਿਆ ਅਤੇ ਇੱਕ ਦੇ ਨਾਲ ਬੇਅੰਤ ਭਗਵਾਨਾਂ ਵਾਲੀਆਂ ਕਥਾ ਕਹਾਣੀਆਂ ਵਾਲੇ ਭਰਮ ਤੋਂ ਸਤਿਗੁਰੂ ਜੀ ਆਪਣੇ ਸਿੱਖ ਨੂੰ ਬਚਾਈ ਰੱਖਣਾਂ ਚਾਹੁੰਦੇ ਸਨ । ਏਸੇ ਮੰਤਵ ਲਈ ਉਨ੍ਹਾਂ ਨੇ ਪ੍ਰਯਾਗ-ਰਾਜ ਆਦਿ ਛੇ ਹੋਰ ਪਵਿੱਤਰ ਪੁਰੀਆਂ ਵਿਚੋ ਉਚੇਚੇ ਤੋਰ ਤੇ **ਵਿਦਿਆ ਰੂਪ=ਮਤਿ** ਦੇ ਨਾਲ -**ਕਾਂਸ਼ੀ**--ਦਾ ਜ਼ਿਕਰ ਕੀਤਾ ਹੈ । ਸੋ ਵਿਦਿਆ ਪੜ੍ਹਨ ਲਈ ਸਿੱਘਾਂ ਨੂੰ ਕਾਂਸ਼ੀ ਭੇਜ ਕੇ, ਧੁਰ ਕੀ ਬਾਣੀ ਰੂਪੀ ਆਪਣੇ ਇਸ ਬਚਨ ਨੂੰ ਰੱਦ ਵੀ, ਕੀ, ਦਸਮ-ਗੁਰੂ ਨਾਨਕ ਜੀ ਨੇ ਆਪ ਹੀ ਕਰ ਦੇਣਾ ਸੀ ? ਸਿੰਘਾਂ ਨੂੰ ਪੜ੍ਹਨ ਲਈ ਭੇਜਣ ਵਾਲੀ ਕਹਾਣੀ ਨਿਰਸੰਦੇਹ ਕਿਸੇ ਪੰਥ-ਦੁਸ਼ਮਣ ਦੀ ਸ਼ਰਾਰਤ ਹੈ ।

**(੩)** ਹਾਜ਼ਰਾ ਹਜ਼ੂਰ ਗੁਰੂ ਗ੍ਰੰਥ ਸਾਹਿਬ ਜੀ, ਕਾਂਸ਼ੀ ਸ਼ਹਿਰ ਨਾਲ ਜੁੜੇ ਬ੍ਰਾਹਮਣੀ ਕੁਟਲਤਾ ਦੀ ਉਪਜ ਅਜੇਹੇ ਵਿਸ਼ਵਾਸ਼ਾਂ ਦਾ ਖੰਡਨ, ਨਿਰੰਤਰ ਕਰ ਰਹੇ ਹਨ:---

੧੮- **ਜਿਉ, ਜਲ ਛੋਡਿ ਬਾਹਰਿ ਭਇਓ ਮੀਨਾ ॥ ਪੂਰਬ ਜਨਮ ਹਉ ਤਪ ਕਾ ਹੀਨਾ ॥ ੧ ॥**
**ਅਬ ਕਹੁ ਰਾਮ, ਕਵਨ ਗਤਿ ਮੋਰੀ ॥ ਤਜੀਲੇ ਬਨਾਰਸਿ, ਮਤਿ ਭਈ ਥੋਰੀ ॥ ੧ ॥ ਰਹਾਉ ॥**
**ਸਗਲ ਜਨਮੁ ਸਿਵਪੁਰੀ ਗਵਾਇਆ ॥ ਮਰਤੀ ਬਾਰ, ਮਗਹਰਿ ਉਠਿ ਆਇਆ ॥ ੨ ॥**
**ਬਹੁਤੁ ਬਰਸ ਤਪੁ ਕੀਆ ਕਾਸੀ ॥ ਮਰਨੁ ਭਇਆ ਮਗਹਰ ਕੀ ਬਾਸੀ ॥ ੩ ॥**
**ਕਾਸੀ ਮਗਹਰ ਸਮ ਬੀਚਾਰੀ ॥ ਓਛੀ ਭਗਤਿ ਕੈਸੇ ਉਤਰਸਿ ਪਾਰੀ ॥ ੪ ॥**
**ਕਹੁ ਗੁਰ ਗਜਿ ਸਿਵ ਸਭੁ ਕੋ ਜਾਨੈ ॥ ਮੁਆ ਕਬੀਰੁ ਰਮਤ ਸ੍ਰੀ ਰਾਮੈ ॥ ੫ ॥**[੩੨੬]-੧੫

**ਅਰਥ:**--(ਮੈਨੂੰ ਲੋਕ ਕਹਿ ਰਹੇ ਹਨ ਕਿ) ਜਿਵੇਂ ਮੱਛੀ ਪਾਣੀ ਛੱਡ ਕੇ ਬਾਹਰ ਨਿਕਲ ਆਉਂਦੀ ਹੈ (ਤਾਂ ਦੁਖੀ ਹੋ ਹੋ ਕੇ ਮਰ ਜਾਂਦੀ ਹੈ, ਤਿਵੇਂ) ਮੈਂ ਵੀ ਪਿਛਲੇ ਜਨਮ ਵਿਚ ਤਪ ਨਹੀਂ ਕੀਤਾ (ਤਾਹੀਏਂ ਮੁਕਤੀ ਦੇਣ ਵਾਲੀ ਕਾਂਸ਼ੀ ਨੂੰ ਛੱਡ ਕੇ ਮਗਹਰ ਆ ਗਿਆ ਹਾਂ) । ੧ ।

ਹੇ ਮੇਰੇ ਰਾਮ ! ਹੁਣ ਮੈਨੂੰ ਦੱਸ, ਮੇਰਾ ਕੀ ਹਾਲ ਹੋਵੇਗਾ ? ਮੈਂ ਕਾਂਸ਼ੀ ਛੱਡ ਆਇਆ ਹਾਂ (ਕੀ ਠੀਕ ਹੈ ਕਿ ਸਚ-ਮੁਚ ਹੀ) ਮੇਰੀ ਮੱਤ ਗਈ ਹੈ ? । ੧ । ਰਹਾਉ ।

(ਹੇ ਰਾਮ ਮੈਨੂੰ ਲੋਖ ਆਖਦੇ ਹਨ--) ਤੂੰ ਕਾਂਸ਼ੀ ਰਹਿ ਕੇ ਕਈ ਸਾਲ ਤਪ ਕੀਤਾ (ਪਰ ਉਸ ਦਾ ਕੀ ਲਾਭ ?) ਜਦੋਂ ਮਰਨ ਦਾ ਵੇਲਾ ਆਇਆ ਤਾਂ ਮਗਹਰ ਆ ਵੱਸਿਆ । ੩ । (ਹੇ ਰਾਮ ! ਲੋਕ ਬੋਲੀ ਮਾਰਦੇ ਹਨ--) ਤੂੰ ਕਾਂਸ਼ੀ ਤੇ ਮਗਹਰ ਨੂੰ ਇਕੋ ਜਿਹਾ ਸਮਝ ਲਿਆ ਹੈ, ਇਸ ਹੋਛੀ ਭਗਤੀ ਨਾਲ (ਜੋ ਤੂੰ ਕਾਂਸ਼ੀ ਤੋਂ ਬਾਹਰ ਆ ਕੇ ਕਰ ਰਿਹਾ ਹੈਂ) ਕਿਵੇਂ ਸੰਸਾਰ ਸਮੁੰਦਰ ਤੋਂ ਪੇ ਲੰਘੇਗਾ ? । ੪ । (ਹੇ ਕਬੀਰ !) ਆਖ--' ਹਰੇਕ ਮਨੁੱਖ ਗਣੇਸ਼ ਤੇ ਸ਼ਿਵ ਨੂੰ ਹੀ ਪਛਾਣਦਾ ਹੈ (ਭਾਵ, ਹਰੇਕ ਮਨੁੱਖ ਇਹੀ ਸਮਝਦਾ ਹੈ ਕਿ ਸ਼ਿਵ ਮੁਕਤੀ-ਦਾਤਾ ਹੈ ਤੇ ਗਣੇਸ਼ ਦੀ ਨਗਰੀ ਮੁਕਤੀ ਖੋਹਣ ਵਾਲੀ ਹੈ), ਪਰ ਕਬੀਰ ਤਾਂ ਪ੍ਰਭੂ ਦਾ ਸਿਮਰਨ ਕਰ ਕਰ ਕੇ ਆਪਾ-ਭਾਵ ਹੀ ਮਿਟਾ ਬੈਠਾ ਹੈ (ਕਬੀਰ ਨੂੰ ਇਹ ਪਤਾ ਕਰਨ ਦੀ ਲੋੜ ਹੀ ਨਹੀਂ ਰਹੀ ਕਿ ਉਸ ਦੀ ਕੀਹ ਗਤੀ ਹੋਵੇਗੀ) । ੫ ।

ਕਬੀਰ ਸਾਹਿਬ ਦੀ ਜ਼ਬਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਬ੍ਰਾਹਮਣ ਵਿਸ਼ਵਾਸ਼ ਵਾਲੇ ਜਪ ਤਪ ਦਾ ਅਤੇ ਕਾਂਸ਼ੀ-ਪੁਰੀ ਦੇ ਸੁਰਗ ਦਾਤੀ ਹੋਣ ਵਾਲੇ ਭਰਮ ਦਾ ਖੰਡਨ ਕੀਤਾ ਹੈ। ਬ੍ਰਾਹਮਨ ਕਹਿੰਦਾ ਹੈ ਕਿ ਬਨਾਰਸ (ਭਾਵ, ਕਾਂਸ਼ੀ) ਵਿਚ ਮਰਨ ਵਾਲਾ ਸੁਰਗਾਂ ਵਿਚ ਜਾਂਦਾ ਹੈ ਅਤੇ ਗਣੇਸ਼ ਦੀ ਨਗਰੀ ਮਗਹਰ ਮਰਨ ਵਾਲੇ ਦੀ ਗਤੀ ਨਹੀਂ ਹੁੰਦੀ । ਪਰ ਕਬੀਰ ਸਾਹਿਬ ਨੇ ਕਾਂਸ਼ੀ ਦਾ ਵਾਸਾ ਤਿਆਗ ਕੇ ਮਰਨ ਸਮੇ ਜਾਣ ਬੁੱਝ ਕੇ ਮਗਹਰ ਆ ਡੇਰਾ ਲਾਇਆ । ਪਹਿਲੇ ਸਰੂਪ ਸਮੇ ਸੰਭਾਲੀ ਇਸ ਬਾਣੀ ਨੂੰ ਦਸਵੇਂ ਜਾਮੇ ਵਿਚ ਦਸਮ ਗੁਰੂ ਨਾਨਕ ਸਾਹਿਬ ਜੀ ਬੇਲੋੜੀ ਨਹੀਂ ਸਨ ਮੰਨ ਸਕਦੇ ਜੋ ਆਪਣੇ ਸਿੱਖਾਂ ਨੂੰ ਵਿਦਿਆ ਸਿੱਖਣ ਲਈ ਲੋੜੀਂਦੀ ਹੇਰਾ-ਫੇਰੀ ਕਰ ਲੈਣ ਦੀ ਖੁੱਲ੍ਹ ਦੇ ਨਾਲ ਕਾਸ਼ੀਂ ਭੇਜਦੇ । ਇੱਕ ਪਾਸੇ ਤਾਂ ਇਹ ਲਿਖਿਆ ਜਾ ਰਿਹਾ ਹੈ ਕਿ ਦਸ਼ਮੇਸ਼ ਜੀ ਨੇ ਦਮਦਮਾ ਸਾਹਿਬ ਨੂੰ ਹੀ ਕਾਂਸ਼ੀ ਬਣਾ ਦਿੱਤਾ ਸੀ, ਪਰ ਦੂਜੇ ਪਾਸੇ ਕਾਂਸ਼ੀ ਪੁੱਜ ਕੇ ਵਿਦਿਆ ਚੁਰਾਉਣ ਲਈ ਸਿੱਖਾਂ ਨੂੰ ਭੇਜਣ ਦਾ ਦੋਸ਼ ਵੀ ਦਸ਼ਮੇਸ਼ ਜੀ ਤੇ ਹੀ ਮੜ੍ਹਿਆ ਜਾ ਰਿਹਾ ਹੈ । ਕੀ ੫੨ ਵਿਦਵਾਨ ਕਵੀਆਂ ਵਾਲੇ ਦਰਬਾਰ ਦੇ ਮਾਲਕ ਦਸ਼ਮੇਸ਼ ਦੀ ਦਾ ਪਉਂਟਾ ਸਾਹਿਬ ਅਤੇ ਫਿਰ ਸ੍ਰੀ ਅਨੰਦਪੁਰ ਸਾਹਿਬ ਕਾਂਸ਼ੀ ਨਾਲੋਂ ਘੱਟ ਸਨ ? ਜੇ ਸੰਸਕ੍ਰਿਤ ਪੜ੍ਹਨ ਦੀ ਅਥਵਾ ਜੇ ਬ੍ਰਹਮਣੀ ਵਿਦਿਆ ਪੜ੍ਹਨ ਦੀ ਪੰਥ ਵਿਚ ਕਮੀ ਅਨੁਭਵ ਕੀਤੀ ਹੀ ਗਈ ਸੀ ਤਾਂ, ਕਵੀਆਂ ਨੂੰ ਦੌਲਤ ਨਾਨਲ ਮਾਲਾ ਮਾਲ ਕਰ ਦੇਣ ਵਾਲੇ ਦਸ਼ਮੇਸ਼ ਜੀ ਕੀ ਆਪਣੇ ਸਿੱਖਾਂ ਲਈ ਕੋਈ ਵਿਦਵਾਨ ਬ੍ਰਾਹਮਣ ਨੂੰ ਮੂੰਹ ਮੰਗੀ ਮਾਇਆ ਦੇ ਕੇ ਭਾੜੇ ਤੇ ਨਹੀਂ ਸਨ ਰੱਖ ਸਕਦੇ ?

ਕਬੀਰ ਸਾਹਿਬ ਨੇ ਕਥਿਤ ਤੌਰ ਤੇ " **ਸਰਾਪੀ ਹੋਈ ਨਗਰੀ ਮਗਹਰ** " ਵਿਚ ਅਤੇ ਕਥਿਤ ਤੌਰ ਤੇ ਸੁਰਗਾਂ ਵਿਚ ਭੇਜਣ ਦੀ ਸ਼ਕਤੀ ਵਾਲੇ **ਕਾਂਸ਼ੀ-ਤੀਰਥ ਅਸਥਾਨ** ਵਿਚ ਜ਼ਰਾ ਵੀ ਫ਼ਰਕ ਨਹੀਂ ਸੀ ਵੇਖਿਆ--

੧੯- **ਤੋਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ ॥ ਪਹਿਲੇ ਦਰਸਨ ਮਗਹਰ ਪਾਇਓ**
**ਫੁਨਿ ਕਾਸੀ ਬਸੇ ਆਈ ॥ ੨ ॥ ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰਿ ਜਾਨੀ ॥**
**ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਫੂਟਿ ਗੁਮਾਨੀ ॥ ੩ ॥**[੯੬੯]-੩

ਕਾਂਸ਼ੀ ਨੂੰ ਮਗਹਰ ਦੀ ਪੱਧਰ ਤੇ ਲਿਆ ਕੇ ਕਾਂਸ਼ੀ ਵਿਚ ਕਿਸੇ ਗੁਣਕਾਰੀ ਵਿਦਿਆ ਦੇ ਜਾਂ ਜੀਵਨ-ਜੁਗਤ ਸੁਆਰਨ ਵਾਲੀ ਸਿਖਿਆ ਦੇ ਕਿਸੇ ਕੇਂਦਰ ਦੀ ਕਥਿਤ ਉਚੇਚੀ ਮਹੱਤਤਾ ਨੂੰ ਕਬੀਰ ਸਾਹਿਬ ਨੇ ਰੱਦ ਕਰ ਦਿੱਤਾ ਹੈ । ਉਚੇਚਾ ਧਿਆਨ ਦੇਣ ਗੋਚਰੀ ਇੱਕ ਬੜੀ ਜ਼ਰੂਰੀ ਗੱਲ ਇਹ ਵੀ ਹੈ ਕਿ ਕਬੀਰ ਸਾਹਿਬ ਜੀ ਦੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇ ਤੋਂ ਹੀ ਸਤਿਕਾਰੀ ਜਾਣ ਲੱਗ ਪਈ ਸੀ, ਅਤੇ ਆਖ਼ਰ ਇਹ ਬਾਣੀ ਬਾਕਾਇਦਾ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਹਿੱਸਾ ਬਣ ਕੇ ਗੁਰਿਆਈ ਦੀ ਮਾਲਕ ਬਣ ਗਈ । ਇਤਿਹਾਸ ਵਿਚ ਅਜੇਹੇ ਜ਼ਿਕਰ ਕਈ ਹਨ ਜਿੰਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਦਰਬਾਰਾਂ ਵਿਚ ਗੁਰਬਾਣੀ ਦੀ ਲੜੀ-ਵਾਰ ਕਥਾ ਵੀ ਹੋਇਆ ਕਰਦੀ ਸੀ । ਇਸ ਗੱਲ ਤੋਂ ਸਿੱਖ ਜਗਤ ਭਲੀ ਭਾਂਤ ਜਾਣੂ ਹੈ ਕਿ ਦਸਮੇਸ਼ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਲਗਾਂ-ਮਾਤ੍ਰਾਂ ਤੱਕ ਪੂਰਨ ਗਿਆਨ ਸੀ । ਸਪੱਸ਼ਟ ਹੈ ਕਿ ਦਸਮੇਸ਼ ਜੀ ਦੇ ਸਮੇਂ ਤੱਕ ਗੁਰਸਿੱਖਾਂ ਨੂੰ ਗੁਰਬਾਣੀ ਦਾ ਕਾਫ਼ੀ ਗਿਆਨ ਹੋ ਚੁੱਕਾ ਸੀ। ਗੁਰਬਾਣੀ ਦੇ ਇਸ ਫ਼ੁਰਮਾਨ ਤੋਂ ਗੁਰ-ਸਿੱਖ ਭਲੀ-ਭਾਂਤ ਸੁਚੇਤ ਸਨ:--

੨੦- **ਕਬੀਰ ਬਾਮਨ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥**
**ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ** ਮਾਹਿ ॥ ੨੩੭ ॥[੧੩੭੭]-

ਗੁਰਬਾਣੀ ਨੇ ਵੇਦ ਪਾਠੀ ਬ੍ਰਾਹਮਣ ਨੂੰ ਕਿਸੇ ਹਾਲਤ ਵਿਚ ਵੀ ਗੁਰੂ ਮੰਨਣ ਦੀ ਲੋੜ ਨੂੰ ਰੱਦ ਕਰ ਦਿੱਤਾ ਹੋਇਆ ਸੀ । ਬ੍ਰਾਹਮਣ ਕੋਲੋਂ ਵਿਦਿਆ ਸਿੱਖਣ ਲਈ ਆਪਣੇ ਸਿੰਘਾਂ ਨੂੰ ਭੇਜਣ ਦਾ ਅਰਥ ਸੀ ਕਿ, ਦਸਮਗੁਰੂ ਨਾਨਕ ਜੀ ਨੇ ਅਸਿਧੇ ਤੌਰ ਤੇ ਓਸੇ ਬ੍ਰਾਹਮਣ ਨੂੰ ਗੁਰੂ ਮੰਨ ਲਿਆ ਸੀ ਜਿਸ ਦੇ ਹੱਥੋ ਉਨ੍ਹਾਂ ਜਨੇਊ ਪਾਉਣਾ ਪਰਵਾਨ ਨਹੀਂ ਸੀ ਕੀਤਾ । ਹੈਰਾਨੀ ਹੈ ਕਿ ਦਸਮ ਗੁਰੂ ਨਾਨਕ ਜੀ ਨੂੰ ੨੦੦ ਸਾਲ ਤੋਂ ਵੱਧ ਸਮੇ ਪਿਛੋਂ ਉਹੀ ਵੇਦ-ਬਾਣੀ ਸਿੱਖਣ ਦੀ ਕਿਹੜੀ ਮਜਬੂਰੀ ਆ ਪਈ ਸੀ ਜਿਸ ਵੇਦ ਬਾਣੀ ਵਿਚ ਉਲਝ ਕੇ ਬ੍ਰਾਹਮਣ ਖ਼ੁਆਰ ਹੁੰਦਾ ਉਨ੍ਹਾਂ ਨੇ ਆਪ ਵੇਖ ਲਿਆ ਹੋਇਆ ਸੀ ? ਸੋ ਕਾਂਸ਼ੀ ਵਿਚ ਸਿੰਘਾਂ ਨੂੰ ਭੇਜਣ ਵਾਲੀ ਨਿਰਮੂਲ ਗੱਲ, ਸਿੱਖੀ ਦੇ ਵੈਰੀਆਂ ਦੀ ਚਲਾਈ ਹੋਈ ਹੈ ।

**੪)** ਗੁਰੂ ਨਾਨਕ ਪਾਤਸ਼ਾਹ ਜੀ ਦਾ ਆਗਮਨ, ਮਨੁੱਖ ਨੂੰ ਬ੍ਰਹਮ ਗਿਆਨ ਤੋਂ ਜਾਣੂੰ ਕਰਾ ਕੇ ਪਰਮਾਤਮਾਂ ਦੀ ਕੇਵਲ ਮਾਤ੍ਰ ਹੱਸਤੀ ਨਾਲ ਜੋੜਨ ਲਈ ਹੋਇਆ ਸੀ। ਮਨੁੱਖ ਨੂੰ ਕਰਮਕਾਂਡੀ ਮਰਯਾਦਾ ਵਿਚ ਫਸਾ ਕੇ ਆਪਣੀ ਲੁਟ ਸਾ ਸਾਧਨ ਬਣਾਉਣ ਵਾਲੇ, ਪਖੰਡੀ ਅਤੇ ਲੁਟੇਰੇ ਧਾਰਮਕ ਆਗੂਆਂ ਦੀ ਲੁੱਟ ਤੋਂ ਬਚਾਉਣ ਲਈ ਗੁਰਮਤਿ ਨਾਲ ਜੋੜਨ ਲਈ ਹੀ ਸਤਿਗੁਰਾਂ ਨੇ ਹਜ਼ਾਰਾਂ ਮੀਲ ਬਿਖੜੇ ਪੈਂਡੇ ਕਰਨ ਦੀ ਮਹਾਨ ਖੇਚਲ ਝੱਲੀ ਸੀ। ਗੁਰਦੇਵ ਜੀ ਮਨੁੱਖ ਨੂੰ ਅਜੇਹੀ ਵਿਦਿਆ ਦੇਣ ਲਈ ਆਏ ਸਨ ਜਿਸ ਕਾਰਨ ਇਸ ਨੇ ਸੁੱਚੇ ਅਤੇ ਉੱਚੇ ਆਤਮਕ ਜੀਵਨ ਵਾਲਾ ਬਣ ਸਕਣਾ ਸੀ। ਸੱਚੇ ਸਤਿਗੁਰਾਂ ਨੇ ਮਨੁੱਖ ਨੂੰ ਉਸ ਵਿਚਾਰ ਤੋਂ ਜਾਣੂੰ ਕਰਾਉਂਣ ਵਾਲੀ ਵਿਦਿਆ ਪੜ੍ਹਾਉਣੀ ਸੀ ਜਿਹੜੀ ਬ੍ਰਹਮ-ਵਿਚਾਰ (ਸਦੀਵੀ ਗੁਰੂ) ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਗਟ ਹੋ ਰਹੀ ਸੀ। ਗਰਦੇਵ ਜੀ ਨਾ ਕਿਸੇ ਨੂੰ ਸਾਂਇੰਸ ਪੜ੍ਹਾਉਣੀ ਸੀ, ਨਾ ਭੂਗੋਲ, ਅਤੇ ਨਾ ਹੀ ਪ੍ਰੋਹਿਤਵਾਦੀ ਕੂਟਨੀਤੀ ਦੀ ਉਪਜ, ਮਿਥਿਹਾਸ* ਦੀ ਉਚੇਚੀ ਜਾਣਕਾਰੀ ਦੇਣ ਵਾਲੀ ਵਿਦਿਆ ਪੜ੍ਹਾਉਣ ਸੀ। ਅਜੇਹੀ ਵਿਦਿਆ ਪੜ੍ਹ ਕੇ ਮਾਇਆ ਕਮਾਉਣ ਜੋਗਾ, ਬਣਨ ਲਈ ਜਾਂ ਕੋਈ ਨਾਮਣਾਂ ਖੱਟਣ ਜੋਗਾ ਬਣਨ ਨਾਲ ਮਨੁੱਖ ਦੀ ਨਿੱਜੀ ਤ੍ਰਿਸ਼ਨਾ ਦੀ ਪੂਰਤੀ ਦਾ ਸੰਬੰਧ ਸੰਸਾਰੀਆਂ ਨੇ ਕਈ ਵਿਦਿਆਲੇ ਬਣਾਏ ਹੋਏ ਹਨ। ਮਾਇਆ-ਪ੍ਰਾਪਤੀ ਦੀ ਲਾਲਸਾ ਦੀ ਪੂਰਤੀ ਲਈ, ਜੀਵ ਅਰੰਭ ਤੋਂ ਹੀ ਯਤਨ-ਸ਼ੀਲ ਹੈ। ਅਜੇਹੀ ਵਿਦਿਆ ਦੀ ਪ੍ਰਾਪਤੀ ਦੇ ਯਤਨਾ ਵਿਚ ਮਨੁੱਖ ਹਜ਼ਾਰਾਂ ਸਾਲਾਂ ਤੋਂ ਦੇਸੋਂ ਪਰਦੇਸ ਭੌਂਦਾ ਆ ਰਿਹਾ ਹੈ। ਪਰ ਗੁਰੂ ਨਾਨਕ ਜੀ ਦੀ (ਗੁਰੂ-) ਮਤਿ ਦਾ ਗਿਆਨ ਕੇਵਲ ਸਤਿਗੁਰਾਂ ਤੋਂ ਅਥਵਾ ਉਨ੍ਹਾਂ ਦੇ ਨਿਵਾਜੇ ਗੁਰਮੁਖਾਂ ਤੋਂ ਹੀ ਪ੍ਰਾਪਤ ਹੋ ਸਕਦਾ ਹੈ, ਕਿਸੇ ਬ੍ਰਾਹਮਨੀ ਵਿਦਿਆਲੇ ਵਿਚੋਂ ਮਾਇਆ ਠੱਗਣੇ ਠੱਗ ਹੀ ਪੈਦਾ ਹੁੰਦੇ ਰਹੇ ਹਨ। * [Foot note:--ਵੇਦਕ ਕਾਲ ਦੀਆਂ ਪੁਰਾਣਿਕ ਕਥਾ ਕਹਾਣੀਆਂ ਨੂੰ ਘਰ ਘਰ ਵਿਚ ਪੁਚਾਈ ਰੱਖਣ ਲਈ ਬ੍ਰਾਹਮਣ, ਸਤਿਗੁਰਾਂ ਦੇ ਆਗਮਨ ਸਮੇਂ ਦੇ ਬਹੁਤ ਚਿਰ ਪਹਿਲਾਂ ਤੋਂ ਹੀ ਹਰ ਇੱਕ ਘਰ ਦਾ ਪ੍ਰੋਹਿਤ ਬਣ ਚੁੱਕਾ ਹੋਇਆ ਸੀ । ਹਜ਼ਾਰਾਂ ਸਾਲਾਂ ਤੋਂ ਸੁਣਦੇ ਰਹਿਣ ਦੇ ਕਾਰਨ ਮਿਥਿਹਾਸਕ ਕਹਾਣੀ ਦਾ ਅਸਰ ਲੋਕਾਂ ਦੇ ਸੰਸਕਾਰਾਂ ਵਿਚ ਰਲ ਕੇ ਏਡਾ ਡੂੰਘਾ ਅਸਰ ਕਰ ਚੁੱਕਾ ਸੀ, ਕਿ ਆਪਣਾ ਗਿਆਨ ਸਮਝਾਉਣ ਲਈ ਵੀ ਸਤਿਗੁਰਾਂ ਨੂੰ ਬਾਰ ਬਾਰ ਇਨ੍ਹਾਂ ਮਿਥਿਹਾਸਕ ਕਹਾਣੀਆਂ ਦਾ ਹਵਾਲਾ ਦੇਣਾ ਪਿਆ । ਪ੍ਰੋਹਿਤਵਾਦੀ ਲੁੱਟ-ਯੋਜਨਾਂ ਦੀ ਉਪਜ ਮਿਥਿਹਾਸਕ ਕਥਾਕਹਾਣੀ ਦਾ ਹੋ ਚੁੱਕਿਆ ਡੂੰਘਾ ਅਸਰ ਦੂਰ ਕਰਨ ਦੇ ਯਤਨਾ ਵਿਚ ਹੀ,( ਗੁਰਮਤਿ ਨਾਲ ਕੋਈ ਸੰਬੰਧ ਨਾ ਹੋਣ ਦੇ ਬਾਵਜੂਦ ਵੀ) ਸੀਤਾ, ਰਾਮ, ਕ੍ਰਿਸ਼ਨ, ਬ੍ਰਹਮਾ, ਬਿਸ਼ਨ, ਮਹੇਸ਼ ਅਥਵਾ ਤੇਤੀ ਕ੍ਰੋੜ ਦੇਵਤੇ, ਦ੍ਰੋਪਦੀ, ਬਿਦਰ, ਰਾਜਾ ਜਨਮੇਜਾ, ਰਾਜਾ ਬਲ, ਪਾਂਡੋ, ਗਜਰਾਜ ਅਤੇ ਤੇਂਦੂਆ, ਧ੍ਰੂ, ਪ੍ਰਹਿਲਾਦ ਆਦਿ ਕਈ ਕਲਪਤ ਹਸਤੀਆਂ ਦਾ ਕਈ ਬਾਰ ਜ਼ਿਕਰ, ਗੁਰੂ ਬਾਣੀ ਵਿਚ ਮਿਲਦਾ ਹੈ । ਜਿਹੜਾ ਆਪਣਾ ਕੰਮ ਬ੍ਰਾਹਮਣ ਪਹਿਲਾਂ ਹੀ ਬੜੀ ਯੋਗਤਾ ਨਾਲ ਕਰੀ ਜਾ ਰਿਹਾ ਸੀ ਉਸੇ ਕੰਮ ਦਾ ਅਸਰ ਘਟਾਉਣਾ ਗੁਰਮਤਿ ਦਾ ਉਦੇਸ਼ ਸੀ । ਆਪਣੇ ਸਿਧਾਂਤ ਦੀ ਵਿਰੋਧਤਾ ਦਾ ਕਿੱਤਾ ਸਾਂਬਣ ਲਈ ਆਪਣੇ ਸਿੱਖਾਂ ਨੂੰ ਉਚੇਚੇ ਤੌਰ ਤੇ ਲਾਉਣ ਦੀ ਦਸ਼ਮੇਸ਼ ਜੀ ਨੂੰ ਕੀ ਲੋੜ ਸੀ ? ਨਿਰਮਲ-ਪੰਥੀਏ, ਬ੍ਰਾਹਮਣੀ ਕੁਟਲ-ਨੀਤੀ ਦੀ ਉਪਜ ਹੋਣ ਤੋਂ ਸਿਵਾ ਇਨ੍ਹਾਂ ਦੀ ਲੋੜ ਸਿੱਖ ਪੰਥ ਲਈ ਮੰਨਣੀ ਗੁਰਮੁਖਤਾਈ ਨਹੀਂ ਮੰਨੀ ਜਾ ਸਕਦੀ । ਦਾਸ ਨੂੰ ਬ੍ਰਾਹਮਣੀ ਕਥਾ ਕਹਾਣੀ ਦੀ ਡੂੰਘੀ ਜਾਣਕਾਰੀ ਬ੍ਰਾਹਮਣ ਦੇ ਹੀ ਪਰਚਾਰ ਸਾਧਨਾ ਤੋਂ ਹੋਈ ਹੈ । ਇਸ ਪੁਸਤਕ ਦੇ ਲਿਖਣ ਤੋਂ ਪਹਿਲਾਂ ਸਿਵਾਏ ਅਕਾਲ ਉਸਤਤ ਦੇ, ਦਾਸ ਨੂੰ ਬਚਿਤ੍ਰ ਨਾਨਟ ਤੋਂ ਵੀ ਕੋਈ ਜਾਣਕਾਰੀ ਨਹੀਂ ਸੀ । ਸੋ ਇਹ ਦਲੀਲ, ਕਿ ਦਸ਼ਮੇਸ਼ ਜੀ ਨੇ ਦਸਮ-ਗ੍ਰੰਥ ਲਿਖਣ ਵਾਲਾ ਅਤੇ ਨਿਰਮਲਿਆਂ ਦਾ ਪੰਥ ਤੋਰਨ ਵਾਲਾ ਉਚੇਚਾ ਉੱਦਮ, ਸਿਖਾਂ ਦੀ ਜਾਣਕਾਰੀ ਬ੍ਰਾਹਮਣੀ ਵਿਦਿਆ ਤੋਂ ਕਰਾਉਣ ਲਈ ਕੀਤਾ ਸੀ, ਮੁਢੋਂ ਹੀ ਨਿਰਮੂਲ ਹੈ]

ਅੱਖਰੀ ਵਿਦਿਆ ਦੇ ਹੰਕਾਰੀਆਂ ਨਾਲ ਸਤਿਗੁਰਾਂ ਨੂੰ ਕੋਈ ਵਾਸਤਾ ਨਹੀਂ ਸੀ। ਬ੍ਰਾਹਮਣਾ ਵਾਲੀ ਗਣਤ ਵਿਦਿਆ ਅਥਵਾ ਜੋਤਸ਼ ਵਿਦਿਆ ਦੇ ਹੰਕਾਰੀ ਅਤੇ ਲੋਭੀ ਮਨੁੱਖ ਨੂੰ ਮੂਰਖ ਕਹਿ ਕੇ ਅਸਲੀ ਵਿਦਿਆ ਪੜ੍ਹਨ ਦਾ ਉਪਦੇਸ ਬਖ਼ਸ਼ਸ਼ ਕਰਦੇ ਹੋਏ ਸਤਿਗੁਰੂ ਨਾਨਕ ਸਾਹਿਬ ਜੀ ਫ਼ੁਰਮਾਨ ਕਰਦੇ ਹਨ:---

੨੧- **ਮਾਹਾ ਰੁਤੀ ਸਭ ਤੂੰ, ਘੜੀ ਮੂਰਤ ਵੀਚਾਰਾ ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥**
**ਪੜਿਆ ਮੂਰਖੁ ਆਖੀਐ, ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ, ਗੁਰਮਤੀ ਵੀਚਾਰਾ ॥**

**ਗੁਰਮਤੀ ਨਾਮੁ ਧਨੁ ਖਟੀਐ ਭਗਤੀ ਭਰੈ ਭੰਡਾਰਾ ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥**
**ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥ ਸਾਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥ ੬॥**[੧੪੦]-ਵਾਰ-੬

**ਅਰਥ:**--(ਹੇ ਪ੍ਰਭੂ !) ਸਭ ਮਹੀਨਿਆਂ ਰੁੱਤਾਂ ਘੜੀਆਂ ਤੇ ਮਹੂਰਤਾਂ ਵਿਚ ਤੈਨੂੰ ਸਿਮਰਿਆ ਜਾ ਸਕਦਾ ਹੈ (ਭਾਵ, ਤੇਰੇ ਸਿਮਰਨ ਲਈ ਕਿਸੇ ਖ਼ਾਸ ਰੁੱਤ ਦੀ ਜਾਂ ਥਿੱਤਾ ਮਹੂਰਤਾਂ ਦਾ ਪਤਾ ਕਰਨ ਦੇ ਭਰਮ ਵਿਚ ਪੈਣ ਦੀ ਲੋੜ ਨਹੀਂ)। ਹੇ ਅਦ੍ਰਿਸ਼ਟ ਤੇ ਬੇਅੰਤ ਪ੍ਰਭੂ! ਥਿੱਤਾਂ ਦਾ ਲੇਖਾ ਗਿਣ ਕੇ ਕਿਸੇ (ਬ੍ਰਾਹਮਣਾ ਆਦਿ) ਨੇ ਤੈਨੂੰ ਨਹੀਂ ਲੱਭਿਆ, ਇਹੋ ਜਿਹੀ (ਥਿਤਾਂ ਮਹੂਰਤਾਂ ਵਾਲੀ ਪ੍ਰੋਹਿਤਵਾਦੀ ਵਿਦਿਆ) ਪੜ੍ਹੇ ਹੋਏ ਨੂੰ ਤਾਂ ਸਗੋਂ ਮੂਰਖ ਕਹਿਣਾ ਚਾਹੀਦਾ ਹੈ ਕਿਉਂਕਿ ਉਸ ਦੇ ਅੰਦਰ (ਅਜੇਹੀ ਵਿਦਿਆ ਦੇ ਕਾਰਨ) ਲੋਭ ਅਤੇ ਹੰਕਾਰ ਹੁੰਦਾ ਹੈ।

(ਕਿਸੇ ਥਿੱਤ ਮਹੂਰਤ ਦੇ ਭਰਮ ਦੀ ਲੋੜ ਨਹੀਂ, ਸਿਰਫ਼) ਸਤਿਗੁਰੂ (ਗ੍ਰੰਥ ਸਾਹਿਬ ਜੀ) ਦੀ ਦਿੱਤੀ ਮਤਿ ਨੂੰ ਵਿਚਾਰ ਕੇ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ ਤੇ (ਉਸ ਵਿਚ) ਸੁਰਤਿ ਜੋੜਨੀ ਚਾਹੀਦੀ ਹੈ। ਜਿੰਨ੍ਹਾਂ ਨੇ ਗੁਰੂ ਦੀ ਸਿਖਿਆ ਤੇ ਤੁਰ ਕੇ ਨਾਮ-ਰੂਪ ਧਨ ਕਮਾਇਆ ਹੈ, ਉਨ੍ਹਾਂ ਦੇ ਖ਼ਜਾਨੇ ਭਗਤੀ ਨਾਲ ਭਰ ਗਏ ਹਨ। ਜਿੰਨ੍ਹਾਂ ਪ੍ਰਭੂ ਦਾ ਪਵਿਤ੍ਰ ਨਾਮ ਕਬੂਲ ਕੀਤਾ ਹੈ, ਉਹ ਪ੍ਰਭੂ ਦੇ ਦਰ ਤੇ ਸੁਰਖ਼ਰੂ ਹੁੰਦੇ ਹਨ। ਹੇ ਪ੍ਰਭੂ ! ਤੂੰ ਸਦਾ ਟਿਕੇ ਰਹਿਣ ਵਾਲਾ ਸ਼ਾਹ ਹੈਂ, ਹੋਰ ਸਾਰਾ ਜਗਤ ਵਣਜਾਰਾ ਹੈ (ਭਾਵ, ਹੋਰ ਸਾਰੇ ਜੀਵ ਏਥੇ ਮਾਨੋ, ਫੇਰੀ ਲਾ ਕੇ ਸਉਦਾ ਕਰਨ ਆਏ ਹਨ)। ਤੇਰੇ ਹੀ ਬਖ਼ਸ਼ੇ ਹੋਏ ਜਿੰਦ ਪ੍ਰਾਣ ਹਰੇਕ ਜੀਵ ਨੂੰ ਮਿਲੇ ਹਨ, ਤੇਰੀ ਹੀ ਅਪਾਰ ਜੋਤਿ ਜੀਵ ਦੇ ਅੰਦਰ ਹੈ। ੬ ।

ਇਕੱਲੇ ਏਸੇ ਗੁਰੂ ਫ਼ੁਰਮਾਨ ਤੋਂ ਸਮਝ ਲੈਣਾ ਚਾਹੀਦਾ ਹੈ ਕਿ ਦਸਮਗੁਰੂ ਨਾਨਕ ਸਾਹਿਬ ਜੀ ਆਪਣੇ ਸਿੱਖਾਂ ਨੂੰ ਆਪਣੇ ਹੀ ਲਿਖੇ ਦੇ ਵਿਰੁੱਧ ਬ੍ਰਾਹਮਣੀ ਵਿਦਿਆ ਪੜ੍ਹਨ ਦੇ ਕਿਸੇ ਗੇੜ ਵਿਚ ਕਦੇ ਨਹੀਂ ਸਨ ਪਾ ਸਕਦੇ। ਪਰ ਪਾਠਕਾਂ ਦੀ ਤਸੱਲੀ ਲਈ ਅਜੇ ਹੋਰ ਗੁਰੂ ਬਾਣੀ ਸ਼ਬਦ ਵਿਚਾਰ ਕਰ ਲੈਂਦੇ ਹਾਂ। ਸੰਸਾਰੀ ਵਿਦਿਆ ਬਾਰੇ ਸਤਿਗੁਰਾਂ ਦੇ ਵਿਚਾਰ :--

੨੨- **ਪੜਣਾ ਗੁੜਣਾ ਸੰਸਾਰ ਕੀ ਕਾਰ ਹੈ, ਅੰਦਰਿ ਤ੍ਰਿਸਨਾ ਵਿਕਾਰੁ ॥ ਹਉਮੈ ਵਿਚਿ**
**ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥ ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ**
**ਕਰੇ ਵੀਚਾਰੁ ॥ ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ ਗੁਣ ਨਿਧਾਨੁ ਹਰਿ**
**ਪਾਇਆ ਸਹਜਿ ਕਰੇ ਵੀਚਾਰ ॥ ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥ ੧ ॥**[੬੫੦]-ਵਾ-੨੧

**ਅਰਥ:**--ਪੜ੍ਹਨਾ ਤੇ ਵਿਚਾਰਨਾ ਸੰਸਾਰ ਦਾ ਕੰਮ (ਹੀ ਹੋ ਗਿਆ) ਹੈ (ਭਾਵ, ਹੋਰ ਵਿਹਾਰਾਂ ਵਾਂਗ ਇਹ ਵੀ ਇੱਕ ਵਿਹਾਰ ਹੀ ਬਣ ਗਿਆ ਹੈ, ਪਰ) ਹਿਰਦੇ ਵਿਚ ਤ੍ਰਿਸ਼ਨਾਂ ਤੇ ਵਿਕਾਰ ਹੀ ਟਿਕੇ ਰਹਿੰਦੇ ਹਨ, ਹੰਕਾਰ ਵਿਚ ਸਾਰੇ ਪੰਡਿਤ ਪੜ੍ਹ ਪੜ੍ਹ ਕੇ ਥੱਕ ਗਏ ਹਨ, ਮਾਇਆ ਦੇ ਮੋਹ ਵਿਚ ਖ਼ੁਆਰ ਹੀ ਹੁੰਦੇ ਹਨ । ਉਹ ਮਨੁੱਖ ਪੜ੍ਹਿਆ ਹੋਇਆ ਤੇ ਸਿਆਣਾ ਹੈ (ਭਾਵ, ਉਸ ਮਨੁੱਖ ਨੂੰ ਪੰਡਿਤ ਸਮਝੋ) ਜੋ ਸਤਿਗੁਰੂ ਦੇ ਸ਼ਬਦ ਦੀ ਵਿਚਾਰ ਕਰਦਾ ਹੈ, ਜੋ ਆਪਣੇ ਮਨ ਨੂੰ ਖੋਜਦਾ ਹੈ, ਅੰਦਰੋਂ ਹਰੀ ਨੂੰ ਲੱਭ ਲੈਂਦਾ ਹੈ ਅਤੇ ਤ੍ਰਿਸ਼ਨਾਂ ਤੋਂ ਬਚਨ ਲਈ ਰਸਤਾ ਲੱਭ ਲੈਂਦਾ ਹੈ, ਜਿਸ ਤੋਂ ਗੁਣਾਂ ਦੇ ਖ਼ਜ਼ਾਨੇ ਹਰੀ ਨੂੰ ਪ੍ਰਾਪਤ ਕਰਦਾ ਹੈ, ਤੇ ਆਤਮਕ ਅਡੋਲਤਾ ਵਿਚ ਟਿਕ ਕੇ ਪਰਮਾਤਮਾ ਦੇ ਗੁਣਾਂ ਵਿਚ ਸੁਰਤਿ ਜੋੜੀ ਰੱਖਦਾ ਹੈ। ਹੇ ਨਾਨਕ ! ਇਸ ਤਰ੍ਹਾਂ ਸਤਿਗੁਰੂ ਦੇ ਸਨਮੁਖਿ ਹੋਏ ਮਨੁੱਖ ਨੂੰ ਨਾਮ ਆਸਰਾ (ਰੂਪ) ਹੈ, ਨਾਮ ਦਾ (ਅਜੇਹਾ) ਵਾਪਾਰੀ ਧੰਨਤਾ ਜੋਗ ਹੈ। ੧ ।

ਵੇਦਾਂ ਦੇ ਪਾਠੀ ਜਿਸ ਬ੍ਰਾਹਮਣ ਕੋਲ ਪੜ੍ਹਨ ਲਈ ਸਿੱਖਾਂ ਨੂੰ ਭੇਜਣਾ ਸੀ ਉਸ ਦੀ ਪੜ੍ਹਾਈ ਦੇ ਬਾਰੇ ਸਤਿਗੁਰਾਂ ਦੇ ਹੋਰ ਵਿਚਾਰ :--

੨੩- **ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥**
**ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥ ੪ ॥**[੩੫੫]-੨੧

**ਅਰਥ:**--ਪੰਡਿਤ ਲੋਕ ਵੇਦ ਪੜ੍ਹਦੇ ਹਨ ਤੇ ਹੋਰਨਾਂ ਨੂੰ ਵਿਆਖਿਆ ਕਰ ਕੇ ਸੁਣਾਉਂਦੇ ਹਨ, ਪਰ (ਨਿਰੀ ਵਿੱਦਿਆ ਦੇ ਮਾਣ ਵਿਚ ਰਹਿ ਕੇ) ਇਹ ਭੇਦ ਨਹੀਂ ਜਾਣਦੇ ਕਿ ਪਰਮਾਤਮਾ ਦਾ ਨਾਮ ਪਦਾਰਥ ਅੰਦਰ ਹੀ ਟਿਕਿਆ ਹੋਇਆ ਹੈ । (ਇਹ ਅਨਭਵ ਹੀ ਗੁਆ ਚੁੱਕੇ ਹਨ ਕਿ) ਸਦਾ ਥਿਰ ਪ੍ਰਭੂ ਹਰੇਕ ਦੇ ਅੰਦਰ ਵਿਆਪਕ ਹੈ, ਪਰ ਇਹ ਸਮਝ ਗੁਰੂ ਦੀ ਸਰਨ ਪੈਣ ਤੋਂ ਬਿਨਾਂ ਨਹੀਂ ਆਉਂਦੀ । ੪ ।

੨੪- **ਪਾਧਾ ਗੁਰਮੁਖਿ ਆਖੀਐ,ਚਾਟੜਿਆਂ ਮਤਿ ਦੇਇ ॥ ਨਾਮ ਸਮਾਲਹੁ ਨਾਮੁ ਸੰਗਰਹੁ,ਲਾਹਾ ਜਗ ਮਹਿ ਲੇਇ ॥ ਸਚੀ ਪਟੀ**
**ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥ ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ, ਜਿਸੁ ਰਾਮਨਾਮੁ ਗਲਿ ਹਾਰੁ ॥੫੪॥**[੯੩੮}

**ਅਰਥ:**--ਉਹ ਪਾਂਧਾ ਗੁਰਮੁਖ ਆਖਣਾ ਚਾਹੀਦਾ ਹੈ, (ਉਹ ਪਾਂਧਾ) ਦੁਨੀਆਂ ਵਿਚ ਅਸਲ ਨਫ਼ਾ ਖੱਟਦਾ ਹੈ ਜੋ ਆਪਣੇ ਸ਼ਾਗਿਰਦਾਂ ਨੂੰ ਸਿਖਿਆ ਦਿੰਦਾ ਹੈ ਕਿ, (ਹੇ ਵਿਦਿਆਰਥੀਓ !) ਪ੍ਰਭੂ ਦਾ ਨਾਮ ਜਪੋ ਅਤੇ ਨਾਮ-ਧਨ ਇਕੱਠਾ ਕਰੋ । ਸੱਚਾ ਪ੍ਰਭੂ ਮਨ ਵਿਚ ਵੱਸ ਪੈਣਾ--ਏਹੀ ਸੱਚੀ ਪੱਟੀ ਹੈ ਜੋ ਪਾਂਧਾ ਆਪਣੇ ਚਾਟੜਿਆਂ ਨੂੰ ਪੜ੍ਹਾਏ । (ਪ੍ਰਭੂ ਨੂੰ ਹਿਰਦੇ ਵਿਚ ਵਸਾ ਲੈਣ ਲਈ) ਸਤਿਗੁਰੂ ਦਾ ਸ੍ਰੇਸ਼ਟ ਸ਼ਬਦ ਪੜ੍ਹਨਾ ਚਾਹੀਦਾ ਹੈ । ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ--ਉਹੀ ਮਨੁੱਖ ਵਿਦਵਾਨ ਹੈ, ਉਹੀ ਪੰਡਿਤ ਹੈ ਤੇ ਉਹੀ ਸਿਆਣਾ ਹੈ ਜਿਸ ਦੇ ਗਲ ਵਿਚ ਪ੍ਰਭੂ ਦਾ ਨਾਮ-ਰੂਪੀ ਹਾਰ ਹੈ (ਭਾਵ, ਜੋ ਹਰ ਵੇਲੇ ਪ੍ਰਭੂ ਨੂੰ ਚੇਤੇ ਰੱਖਦਾ ਹੈ ਤੇ ਹਰ ਥਾਂ ਉਸ ਨੂੰ ਵੇਖਦਾ ਹੈ । ੫੪ ।

ਕੀ ਦਸਵੇਂ ਸਰੂਪ ਵਿਚ ਜਾ ਕੇ ਗੁਰੂ ਨਾਨਕ ਜੀ ਨੂੰ ਏਸੇ ਬ੍ਰਾਹਮਣ ਦੀ ਵਿਦਿਆ ਤੋਂ ਬਿਨਾਂ ਆਪਣੇ ਸਿੱਖ ਅਧੂਰੇ ਦਿੱਸਣ ਲੱਗ ਪਏ ਹੋਣਗੇ ? ਓਅੰਕਾਰ ਬਾਣੀ ਦੀ ਇਹ ਸਿਰਫ਼ ੫੪ਵੀਂ ਪਉੜੀ ਹੈ। ਸਾਰੀ ਬਾਣੀ ਵਿਚ ਸੰਬੋਧਨ ਬ੍ਰਾਹਮਣ ਨੂੰ ਹੀ ਕੀਤਾ ਹੋਇਆ ਹੈ:-

੨੫- **ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥ ਬਿਖਿਆ ਮਾਤੇ ਕਿਛੁ ਸੂਝੈ ਨਾਹੀ, ਫਿਰਿ ਫਿਰਿ ਜੂਨੀ ਆਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥ ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥ ੧ ॥ ਰਹਾਉ ॥ ਵੇਦ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥ ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥ ੨ ॥ ਅਕਥੋ ਕਥੀਐ ਸਬਦਿ ਸੁਹਾਵੈ ॥ ਗੁਰਮਤੀ ਮਨਿ ਸਚੋ ਭਾਵੈ ॥ ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥ ੩ ॥ ਜੋ ਸਚਿ ਰਾਤੇ ਤਿਨ ਸਚੋ ਭਾਵੈ ॥ ਆਪੇ ਦੇਇ ਨ ਪਛਤਾਵੈ ॥ ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥ ੪ ॥ ਕੂੜੁ ਕੁਸਤੁ ਤਿਨ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ ਜਾਗੈ ॥ ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥ ੫ ॥ ਤ੍ਰੈਗੁਣ ਪੜਹਿ ਹਰਿ ਏਕੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥ ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥ ੬ ॥ ਵੇਦੁ ਪੁਕਾਰੇ ਤ੍ਰਿਬਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥ ਤ੍ਰੈਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥ ੭ ॥ ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ ਗੁਰ ਸਬਦੀ ਸਹਸਾ ਦੂਖ ਚੁਕਾਏ ॥ ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥ ੮ ॥** [੧੨੭]-੩੦-੩੧

ਇਸ ਤਰ੍ਹਾਂ ਦੇ ਹੋਰ ਵੀ ਕਈ ਸ਼ਬਦ ਹਨ ਜਿਨ੍ਹਾਂ ਵਿਚ ਮਾਇਆ ਦੀ ਉਗ੍ਰਾਹੀ ਲਈ ਕਈ ਤਰ੍ਹਾਂ ਦੇ ਜਾਲ ਵਿਛਾਈ ਬੈਠੇ ਬ੍ਰਾਹਮਣ ਦੀ ਵਿਦਿਆ ਨੂੰ ਸਤਿਗੁਰਾਂ ਨੇ ਪਸੰਦ ਨਹੀਂ ਕੀਤਾ । ਅਜੇਹੇ ਮਨਮੁੱਖਾਂ ਦੀ ਸੰਗਤ ਵਿਚ ਰਹਿ ਕੇ ਵਿਦਿਆ ਪੜ੍ਹਨ ਲਈ, ਆਪਣੇ ਸਿੱਖਾਂ ਨੂੰ ਸਤਿਗੁਰੂ ਜੀ ਕਦੇ ਨਹੀਂ ਸਨ ਭੇਜ ਸਕਦੇ । ੩੩ ਕ੍ਰੋੜ ਦੇਵਤਿਆਂ ਦੀ ਹੋਂਦ ਅਤੇ ਉਨ੍ਹਾਂ ਦੀ ਦੈਵੀ ਸ਼ਕਤੀ ਤੇ ਸ਼ਰਧਾ ਰੱਖਣ ਵਾਲੇ, ਅਰਥਾਤ ਪਰਮਾਤਮਾਂ ਦੀ ਕੇਵਲ ਹਸਤੀ ਤੋਂ ਟੁਟੇ ਹੋਏ ਸਾਕਤ ਦੇ ਸੰਗ ਬਾਰੇ ਸਤਿਗੁਰਾਂ ਦਾ ਫ਼ੁਰਮਾਨ ਇਸ ਪ੍ਰਕਾਰ ਹੈ:---

੨੬- **ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ ॥ ਜਿਸੁ ਮਿਲਿਐ ਹਰਿ ਵਿਸਰੇ ਪਿਆਰੇ ਸੁੋ ਮੁਹਿ**
**ਕਾਲੇ ਉਠਿ ਜਾਇ ॥ ਮਨਮੁਖਿ ਢੋਈ ਨਹ ਮਿਲੈ ਪਿਆਰੇ, ਦਰਗਹ ਮਿਲੈ ਸਜਾਇ ॥ ਜੋ ਗੁਰ ਮੇਲਿ**
**ਸਵਾਰਿਆ ਪਿਆਰੇ, ਤਿਨਾ ਪੂਰੀ ਪਾਇ ॥ ੫ ॥** [੪੨੧]-੨

ਵਿਦਿਆ ਲੈਣ ਵਾਲਾ ਸੰਬੰਧ ਹੋਰ ਪ੍ਰਕਾਰ ਦੇ ਸਾਥ ਨਾਲੋਂ ਵਿਸ਼ੇਸ਼ ਅਸਰਾਂ ਵਾਲਾ ਸੰਗ ਹੁੰਦਾ ਹੈ । ਵਿਦਿਆ ਦਾਤੇ ਦੇ ਆਚਰਨ ਦਾ ਅਸਰ ਸ਼ਾਗਿਰਦਾਂ ਦੇ ਸੁਭਾਅ ਤੇ ਬਿਲਕੁਲ ਹੀ ਨਾ ਪਵੇ ਇਹ ਅਣਹੋਣੀ ਗੱਲ ਹੈ । ਸਤਿਗੁਰੂ ਸਚੇ ਪਾਤਿਸ਼ਾਹ ਕਿਸੇ ਹਾਲਤ ਵਿਚ ਵੀ ਆਪਣੇ ਸਿੰਘ ਨੂੰ ਅਜੇਹੇ ਸਾਕਤ (ਬ੍ਰਾਹਮਣ) ਕੋਲੋਂ ਵਿਦਿਆ ਲੈਣ ਨਹੀਂ ਸਨ ਭੇਜ ਸਕਦੇ । ਅਜੇਹਾ ਕਰਨਾਂ ਸਤਿਗੁਰਾਂ ਦੇ ਪ੍ਰਵਾਣਤ ਵਿਚਾਰਾਂ ਦੀ ਵਿਰੋਧਤਾ ਸੀ:--

੨੭- **ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹੁ ਜਾਈਐ ਭਾਗਿ ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ ੧੩੧ ॥**[੧੩੭੧]

**੫)** ਸਿੱਖੀ ਭੇਸ ਵਾਲੇ ਕਥਿਤ ਮਹਾਂਪੁਰਖ ਨਿਰਮਲਿਆਂ ਦੇ ਅਖਾੜੇ ਦੀ ਵਕਾਲਤ ਕਰਦੇ ਹੋਏ ਇਹ ਦਲੀਲ ਦਿੰਦੇ ਹਨ ਕਿ ਸਤਿਗੁਰਾਂ ਨੇ ਸਿੱਖਾਂ ਨੂੰ, ਬ੍ਰਾਹਮਣੀ ਧਰਮ ਗ੍ਰੰਥਾਂ ਵਿਚਲੀ ਸਿਖਿਆ ਤੋਂ ਜਾਣੂੰ ਕਰਾਉਣਾ ਸੀ ਇਸ ਲਈ ਬੜੇ ਬੁੱਧੀ-ਮਾਨ ਸਿੰਘਾਂ ਨੂੰ ਬ੍ਰਹਮਚਾਰੀ ਭੇਸ ਵਿਚ ਕਾਂਸ਼ੀ ਦੇ ਬ੍ਰਾਹਮਣਾਂ ਕੋਲੋਂ ਵਿਦਿਆ ਲੈਣ ਭੇਜਿਆ ਸੀ । ਉਨ੍ਹਾਂ ਦੇ ਇਸ ਕਥਨ ਤੋਂ ਏਹੀ ਸਿੱਧ ਹੁੰਦਾ ਹੈ ਕਿ (ਹਿੰਦੂ ਪਰਵਾਰਾਂ ਵਿਚ ਜਨਮੇ ਤ੍ਰੈਕਾਲ ਦਰਸ਼ੀ) ਗੁਰੂ ਨਾਨਕ ਜੀ, ਗੁਰੂ ਅੰਗਦ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੂੰ ਹਿੰਦੂ ਗ੍ਰੰਥਾਂ ਵਿਚਲੀ ਸਿਖਿਆ ਦਾ ਕੋਈ ਗਿਆਨ ਹੀ ਨਹੀਂ ਸੀ । ਅਤੇ ਏਸੇ ਕਰਕੇ ਗੁਰੂ ਦਾ ਸਿੱਖ ਕਲਗ਼ੀ ਧਰ ਜੀ ਦੇ ਸਮੇਂ ਤਾਂਈਂ, ਬ੍ਰਾਹਮਣੀ ਗ੍ਰੰਥਾਂ ਵਿਚਲੀ ਸਿਖਿਆ ਤੋਂ ਬਿਲਕੁਲ ਅਣਜਾਣ ਸੀ । ਅਜੇਹੇ ਵਿਚਾਰਾਂ ਵਾਲੇ ਲੋਕ ਜਾਂ ਗੁਰਬਾਣੀ ਤੋਂ ਅਣਜਾਣ ਹਨ ਅਤੇ ਜਾਂ ਬਿੱਪ੍ਰ ਦੇ ਏਜੰਟ ਅਤੇ ਗੁਰੂ ਘਰ ਦੇ ਨਿੰਦਕ ਹਨ । ਜ਼ਰਾ ਬਿਬੇਕਤਾ ਨਾਲ ਹੇਠ ਲਿਖੇ ਗੁਰੂ ਫ਼ੁਰਮਾਨ ਵਿਚਾਰੀਏ ਤਾਂ ਆਪਣੇ ਆਪ ਦਿਲ ਪੁਕਾਰ ਉਠੇਗਾ ਕਿ ਜਿਨ੍ਹਾਂ ਵੇਦਾਂ, ਸਿਮ੍ਰਿਤੀਆਂ ਆਦਿ ਦੀ ਸਤਿਗੁਰਾਂ ਨੂੰ ਏਡੀ ਡੂੰਘੀ ਜਾਣਕਾਰੀ ਸੀ ਉਸ ਵੇਦ-ਬਾਣੀ ਨੂੰ ਪੜ੍ਹਨ ਲਈ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਕਾਂਸ਼ੀ ਕਦੇ ਨਹੀਂ ਸਨ ਭੇਜ ਸਕਦੇ । ਇਹ ਗੱਲ ਵੀ ਨਹੀਂ ਭੁੱਲਣੀ ਚਾਹੀਦੀ ਕਿ ਸਤਿਗੁਰਾਂ ਦੇ ਜੰਞੂ ਪਾਉਣ ਤੋਂ ਇਨਕਾਰੀ ਹੋਣ ਵਾਲੇ ਦਿਨ ਤੋਂ ਹੀ ਪ੍ਰੋਹਿਤ-ਵਾਦ ਸਿੱਖੀ ਸਿਧਾਂਤ ਦਾ ਅਥਵਾ ਗੁਰੂ ਘਰ ਦਾ ਪੱਕਾ ਵੈਰੀ ਬਣ ਚੁੱਕਾ ਸੀ। ਵੇਦਾਂ ਦੀ ਬਾਣੀ ਬਾਰੇ ਗੁਰਬਾਣੀ ਸ਼ਬਦ:--

੨੮- **ਘੋਖੇ ਸਾਸਤ੍ਰ ਬੇਦ ਸਭ, ਆਨ ਨ ਕਥਤਉ ਕੋਇ ॥ ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ ॥ ੧ ॥**[੨੫੪]-ਵ੍ਹਾ-੨੦

**ਪਦ ਅਰਥ:**--ਘੋਖੇ=ਗਹੁ ਨਾਲ ਪੜ੍ਹ ਵੇਖੇ ਹਨ । ਆਨ=ਕੋਈ ਹੋਰ । ਜੁਗਾਦੀ=ਜੁਗਾਂ ਦੇ ਆਦਿ ਤੋਂ । ਹੋਵਤ=ਅਗਾਂਹ ਨੂੰ ਵੀ ਹੋਣ ਵਾਲਾ । ੧ ।

੨੯- **ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥ ੧ ॥** [੨੬੫]-ਅਸਟ-੩

**ਅਰਥ:**--ਬਹੁਤ ਸ਼ਾਸਤ੍ਰ ਤੇ ਬਹੁਤ ਸਾਰੇ ਅਸੀਂ ਚੰਗੀ ਤਰ੍ਹਾਂ ਖੋਜ ਵੇਖੇ ਹਨ, (ਇਹ ਪੁਸਤਕ ਕਈ ਤਰ੍ਹਾਂ ਦੀ ਗਿਆਨ-ਚਰਚਾ ਤੇ ਕਈ ਧਾਰਮਿਕ ਤੇ ਭਾਈਚਾਰਕ ਰਸਮਾਂ ਸਿਖਾਉਂਦੇ ਹਨ, ਪਰ ਇਹ) ਅਕਾਲਪੁਰਖ ਦੇ ਨਾਮ ਦੀ ਬਰਾਬਰੀ ਨਹੀਂ ਕੇ ਸਕਦੇ । ਹੇ ਨਾਨਕ ! ਪ੍ਰਭੂ ਦੇ ਨਾਮ ਦਾ ਮੁੱਲ ਨਹੀਂ ਪਾਇਆ ਜਾ ਸਕਦਾ । ੧ ।

੩੦- **ਪੜੇ ਰੇ ਸਗਲ ਬੇਦ, ਨਹ ਚੂਕੇ ਮਨ ਭੇਦ, ਇਕ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥**
**ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥ ੩ ॥** [੬੮੭]-੧-੩

ਹੇ ਸਾਰੇ ਵੇਦਾਂ ਦੇ ਗਿਆਤਾ, ਹੇ ਸਰਬ ਕਲਾ ਸਮਰਥ ਅੰਤਰਯਾਮੀ ਦਸਮ ਪਾਤਸ਼ਾਹ ਜੀਓ ! ਨਾਮ ਅੰਮ੍ਰਿਤ ਦੀ ਬਰਖਾ ਕਰਕੇ ਸਾਡੇ

ਸਾਡੀ ਬਦਕਿਸਮਤੀ ਇਹ ਹੈ ਕਿ ਤੇਰੇ ਹੀ ਪੰਥ ਦੇ ਸਿੱਖ ਵਿਦਵਾਨਾਂ ਨੇ ਤੁਹਾਡੇ ਤੇ ਹੀ ਇਹ ਦੋਸ਼ ਮੜ੍ਹਨ ਵਿਚ ਪੰਥ ਦੀ ਸੇਵਾ ਮੰਨੀ ਹੋਈ ਹੈ, ਕਿ ਤੁਸਾਂ ਆਪ ਪੰਜ ਸਿੱਖ ਬ੍ਰਾਹਮਣੀ ਵਿਦਿਆ ਪੜ੍ਹਨ ਲਈ ਕਾਂਸ਼ੀ ਭੇਜੇ ਅਤੇ ਪੰਥ ਨੂੰ ਬਿੱਪ੍ਰਨ ਕੀ ਰੀਤ ਨਾਲ ਜੋੜੀ ਜਾਣ ਵਾਲਾ ਨਿਰਮਲਿਆਂ ਦਾ **ਧਰਮਧੁਜਾ-ਖਾੜਾ**, ਪੰਥ ਨੂੰ ਤੁਹਾਡੀ ਆਪਣੀ ਹੀ ਦੇਣ ਹੈ। ਕਰੋ ਮਿਹਰ ਸਾਨੂੰ ਲਾਉ ਆਪਣੇ ਚਰਨੀ।

੩੧- **ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥**
**ਏਕੁ ਅਖਰੁ ਜੋ ਗੁਰਮੁਖਿ ਜਾਪੈ, ਤਿਸ ਕੀ ਨਿਰਮਲ ਸੋਈ ॥ ੩ ॥**[੭੪੭]-੩-੫੦

੩੨- **ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ ॥ ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥ ੭ ॥**[੨੨੬]-੧੧

ਜਿਸ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਦੀਵੀ ਗੁਰੂ ਥਾਪ ਦੇਣਾ ਸੀ, ਉਸ ਵਿਚਲੇ ਇਸ ਪ੍ਰਕਾਰ ਦੇ ਕਈ ਬਚਨਾਂ ਦੀ ਕੀਮਤ ਕੀ ਰਹਿ ਜਾਂਦੀ ਜੇ, ਵੇਦਬਾਣੀ ਪੜ੍ਹਨ ਵਾਸਤੇ ਦਸ਼ਮੇਸ਼ ਜੀ ਆਪਣੇ ਸਿੱਖਾਂ ਨੂੰ ਝੂਠ ਦਾ ਆਸਰਾ ਲੈ ਕੇ ਵੀ, ਬ੍ਰਾਹਮਣ ਦੀ ਸਿੱਖੀ ਸੇਵਕੀ ਸਵੀਕਾਰ ਕਰਨ ਲਈ ਕਾਂਸ਼ੀ ਭੇਜ ਦਿੰਦੇ ? ਅਤੇ ਫਿਰ ਆਪਣੇ ਸਿੰਘਾਂ ਨੂੰ ਬ੍ਰਾਹਮਣ ਦੇ ਚੇਲੇ ਬਨਾਉਣੇ ਮੰਨਣ ਦਾ ਅਰਥ ਸੀ ਕਿ ਦਸ਼ਮੇਸ਼ ਜੀ ਨੇ ਅਸਿਧੇ ਤੌਰ ਤੇ ਬ੍ਰਾਹਮਣ ਦੀ ਗੁਰਿਆਈ ਅੱਗੇ ਗੋਦੇ ਟੇਕ ਦਿੱਤੇ ਸਨ। ਅਜੇਹੇ ਵਿਚਾਰਾਂ ਦੇ ਇਸ ਪੱਖ ਨੂੰ ਵੀ ਧਿਆਨ ਵਿਚ ਰਖਣਾ ਚਾਹੀਦਾ ਹੈ।

**ਇਸ ਪੁਸਤਕ ਦੇ ਦੂਜੇ ਭਾਗ** ਵਿਚ--**ਵੇਦ ਸ਼ਾਸਤ੍ਰ ਆਦਿ ਹਿੰਦੂ ਧਰਮ-ਗ੍ਰੰਥ**–ਵੇਦਾਂ ਦੇ ਜਨਮ ਇਤਿਹਾਸ ਬਾਰੇ ਬ੍ਰਾਹਮਣੀ ਲਿਖਤਾਂ ਦੇ ਹਵਾਲੇ, ਅਤੇ ਉਨ੍ਹਾਂ ਧਰਮ-ਗ੍ਰੰਥਾਂ ਵਿਚਲੀ ਸਿਖਿਆ ਬਾਰੇ ਸਤਿਗੁਰਾਂ ਦੇ ਵਿਚਾਰ ਬੜੇ ਵਿਸਥਾਰ ਨਾਲ ਲਿਖੇ ਪਾਠਕਾਂ ਨੇ ਪੜ੍ਹ ਲਏ ਹਨ । ਵੇਦਾਂ ਦੀ ਸਿਖਿਆ ਨੂੰ ਸਤਿਗੁਰਾਂ ਨੇ ਮਨੁੱਖਤਾ ਲਈ ਹਾਨੀ ਕਾਰਕ ਲਿਖਿਆ ਹੈ। ਉਨ੍ਹਾਂ ਵਿਚਲੀਆਂ ਕਥਾ ਕਹਾਣੀਆਂ ਦਾ ਜ਼ਿਕਰ ਕਰਦਿਆਂ ਸਤਿਗੁਰਾਂ

ਨੇ ਵੇਦਾਂ ਨੂੰ ਪੁੰਨ-ਕਰਮਾਂ ਦੇ ਵੱਟੇ ਪਾਪ-ਕਰਮਾਂ ਦੀ ਸੌਦੇ ਬਾਜ਼ੀ ਸਿਖਾਉਣ ਵਾਲੇ ਵਪਾਰੀ ਕਿਹਾ ਹੈ । ਯਾਦ ਤਾਜ਼ਾ ਕਰਾਉਣ ਲਈ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਸ਼ਬਦ ਇਸ ਪ੍ਰਕਾਰ ਹੈ:--

੩੩- **ਬੇਦ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥ ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥ ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥ ਸਚੁ ਬੀਜੈ ਸਚੁ ਉਗਵੈ, ਦਰਗਹ ਪਾਈਐ ਥਾਉਂ ॥ ਬੇਦੁ ਵਪਾਰੀ ਗਿਆਨ ਰਾਸਿ ਕਰਮੀ ਪਲੈ ਹੋਇ ॥ ਨਾਨਕ ਰਾਸੀ ਬਾਹਰਾ, ਲਦਿ ਨ ਚਲਿਆ ਕੋਇ ॥ ੨ ॥** [੧੨੪੩]--ਵਾਰ-੧੬

ਗੁਰੂ ਅੰਗਦ ਜੀ ਦੂਸਰੇ ਸ੍ਰੀ ਗੁਰੂ ਨਾਨਕ ਜੀ ਨੇ, ਉੱਪਰ ਲਿਖੇ ਸਲੋਕ ਨਾਲ ਲਗ-ਪਗ ਮਿਲਦਾ ਜੁਲਦਾ ਅਤੇ ਉਸੇ ਵਿਚਲੀ ਸਿਖਿਆ ਨੂੰ ਦ੍ਰਿੜ ਕਰਾਉਣ ਵਾਲਾ ਇੱਕ ਸਲੋਕ ਲਿਖਿਆ ਹੈ । ਜਿਸ ਦਾ ਸੰਖੇਪ ਹਵਾਲਾ ਇਸ ਪ੍ਰਕਾਰ ਹੈ---

੩੪- **ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨ ਬੀਚਾਰੁ ॥ ਦੇ ਦੇ ਲੈਣਾ ਲੈ ਲੈ ਦੇਣਾ, ਨਰਕਿ ਸੁਰਗ ਅਵਤਾਰ ॥ ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰ ॥....**[੧੨੪੩]--ਵਾਰ-੧੬ (ਅਰਥ ਪਹਿਲੇ ਭਾਗ ਵਿਚ ਆ ਚੁੱਕੇ ਹਨ)

ਸ੍ਰੀ ਗੁਰੂ ਬ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿਚ ਵੇਦਾਂ ਦੀ ਕਰਮਕਾਂਡੀ ਤਾਲੀਮ ਦੇ ਅਸਰ ਤੋ ਬਚੇ ਰਹਿਣ ਦੀ ਸਿਖਿਆ ਵਾਲੇ ਗੁਰਬਾਣੀ ਵਿਚ ੧੦੦ ਤੋਂ ਵੱਧ ਗੁਰੂ ਫ਼ੁਰਮਾਨ ਹਨ। ਸਪੱਸ਼ਟ ਹੈ ਕਿ ਸਤਿਗੁਰਾਂ ਨੂੰ ਹਿੰਦੂ ਗ੍ਰੰਥਾਂ ਵਿਚਲੀ ਸਿਖਿਆ ਦਾ ਪੂਰਾ ਪੂਰਾ ਗਿਆਨ ਸੀ। ਤਲਵੰਡੀ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਨਵੀਂ ਬੀੜ ਤਿਆਰ ਕਰਵਾਉਂਣ ਸਮੇ ਸਤਿਗੁਰੂ ਕਲਗ਼ੀਧਰ ਸਾਹਿਬ ਜੀ ਨੇ ਕਈ ਢੁਕਵੀ ਥਾਂਈ ਲੋੜ ਅਨੁਸਾਰ ਅੱਖਰ ਬਦਲੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਸੌਂਪੀ ਜਾਣ ਵਾਲਾ ਪੂਰਨ ਸਰੂਪ ਦਿੱਤਾ ਸੀ। ਵੇਦਾਂ ਦੀ ਸਿਖਿਆ ਬਾਰੇ ਜਾਣਕਾਰੀ ਲੈਣ ਲਈ ਪੰਜਾਂ ਸਿੱਘਾਂ ਨੂੰ ਭੇਜਣ ਵਾਲੀ ਕਹਾਣੀ ਨੂੰ ਸੱਚ ਮੰਨਣ ਵਾਲੇ ਸੱਜਣ ਕੀ (ਬਿਨਾ ਕਹਿਉਂ) ਇਹ ਕਹਿ ਰਹੇ ਹਨ ਕਿ ਜਦੋਂ ਪੰਜ ਸਿੰਘ ਕਾਂਸ਼ੀ ਭੇਜੇ ਸਨ ਉਸ ਸਮੇ ਕਲਗ਼ੀਧਰ ਜੀ ਨੂੰ ਗੁਰਬਾਣੀ ਵਿਚ ਵੇਦਾਂ ਦੀ ਸਿਖਿਆ ਨੂੰ ਮਨੁੱਖਤਾ ਲਈ ਹਾਨੀ ਕਾਰਕ ਲਿਖੇ ਦਾ ਚੇਤਾ ਨਹੀਂ ਸੀ ਰਿਹਾ ? ਜਿਸ ਗਿਆਨ ਨੂੰ ਬੇਅੰਤ ਵਾਰ ਅਧੂਰਾ ਲਿਖਿਆ ਹੈ, ਵੇਦਾਂ ਦੇ ਜਿਸ ਗਿਆਨ ਨੂੰ ਕਰਮਕਾਂਡੀ ਮਾਇਆ ਜਾਲ ਨਾਲ ਜੋੜਨ ਵਾਲਾ ਲਿਖਿਆ ਹੈ, ਅਤੇ ਫਿਰ ਜਿਸ ਪ੍ਰੋਹਿਤ ਨੂੰ ਮਨਮੁੱਖ ਅਤੇ ਸਾਕਤ ਲਿਖਿਆ ਹੈ, ਜਿਸ ਸਾਕਤ ਦੀ ਸੰਗਤਿ ਤੋਂ ਦੂਰੋ ਭੱਜ ਜਾਣ ਦੀ ਸਿਖਿਆ ਸਤਿਗੁਰੂ ਜੀ ਆਪ ਹੀ ਦੇਂਦੇ ਰਹੇ ਸਨ, ਕੀ ਓਸੇ ਮਨਮਤਿ ਦੇ ਗੜ੍ਹ ਵਿਚ ਆਪਣੇ ਸਿੱਖਾਂ ਨੂੰ ਸਤਿਗੁਰਾਂ ਨੇ ਆਪ ਹੀ ਭੇਜ ਦੇਣਾ ਸੀ? ਕੀ ਦਸ਼ਮੇਸ਼ ਜੀ ਨੇ ਆਪ ਹੀ ਆਪਣੇ ਸਿੱਖਾਂ ਨੂੰ ਭੇਜਿਆ ਸੀ ਕਿ, ਜਾਉ ਕਾਂਸ਼ੀ ਚੁਣੇ ਹੋਏ ਮੇਰੇ ਤੀਖਣ ਬੁੱਧੀ ਸਿਖੋ, ਅਤੇ ਸਿੱਖੀ ਦਾ ਨਿਆਰਾ ਰੂਪ ਵਿਗਾੜਨ ਦੀ ਸਿਖਿਆ ਲੈ ਆਉ?

**੬)** ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ ਲੁਧਿਆਣਾ ਨਿਵਾਸੀ ਸੰਸਿਕ੍ਰਤ ਦੇ ਉੱਚ ਕੋਟੀ ਦੇ ਵਿਦਵਾਨ ਸਨ । ਉਨ੍ਹਾਂ ਨੇ ਸਾਰੇ ਹਿੰਦੂ ਗ੍ਰੰਥਾਂ ਦੀ ਚੰਗੀ ਤਰ੍ਹਾਂ ਘੋਖ ਕਰਕੇ ਵੇਦਾਂਤ ਦੇ ਗੂੜ੍ਹ ਅਤੇ ਗੁੰਝਲਦਾਰ ਵਿਸ਼ਿਆਂ ਬਾਰੇ ਤੱਤ ਨਿਤਾਰੇ । ਸਵਾਮੀ ਜੀ ਨੇ--**ਜੀਵਨ ਮੁਕਤੀ**- ਅਤੇ- **ਵਿਦਹ ਮੁਕਤੀ**--ਆਦਿ ਗ੍ਰੰਥ ਲਿਖੇ । ਉਨ੍ਹਾਂ ਨੇ ਹਿੰਦੂ ਵੇਦਾਂਤ ਦਰਸ਼ਨ ਬਾਰੇ ਉਚੇ ਤੇ ਡੂੰਘੇ ਗਿਆਨ ਦੇ ਵਿਸ਼ਿਆਂ ਉਤੇ ਡੇਢ ਦਰਜਨ ਹਿੰਦੀ ਬੋਲੀ ਵਿਚ ਅਤੇ ਏਨੇ ਹੀ ਸੰਸਕ੍ਰਿਤ ਜ਼ਬਾਨ ਵਿਚ ਗ੍ਰੰਥ ਲਿਖੇ । ਹਿੰਦੂ ਧਰਮ ਦੀ ਇਸ ਮਹਾਨ ਸੇਵਾ ਕਾਰਨ, ਉੱਚ ਕੋਟੀ ਦੇ ਹਿੰਦੂ-ਵਿਦਵਾਨਾਂ ਨੇ ਸੁਆਮੀ ਜੀ ਦੀ ਭਰਪੂਰ ਸ਼ਲਾਘਾ ਕੀਤੀ । ਹਿੰਦੂ-ਗ੍ਰੰਥਾਂ ਦੀ ਸਿਖਿਆ ਤੋਂ ਡੂੰਘੀ ਜਾਣਕਾਰੀ ਰੱਖਣ ਵਾਲੇ ਸਵਾਮੀ ਜੀ ਨੇ ਆਪਣੇ ਅੰਤਲੇ ਦਿਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਹਿਬ ਨੂੰ ਪੜ੍ਹ ਲਿਆ । ਗੁਰਮਤਿ ਗਿਆਨ ਤੋਂ ਜਾਣੂੰ ਹੁੰਦਿਆਂ ਹੀ ਸਵਾਮੀ ਜੀ ਦੇ ਜੀਵਨ ਨੇ ਅਜੇਹਾ ਪਲਟਾ ਖਾਧਾ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਬਣ ਗਏ । ਰੁੰਡ-ਮੁੰਡ ਸੁਆਮੀ ਰਾਮ ਤੀਰਥ ਜੀ ਨੇ ਕੇਸ ਰੱਖ ਲਏ, ਅਤੇ ਇੱਕ ਪੁਸਤਕ ਲਿਖੀ ਜਿਸ ਦਾ ਨਾ--**ਸਰਵੋਤਮ ਧਰਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰਵੋਤਮ ਪੰਥ, ਸਿਖ ਪੰਥ**--ਹੈ । ਇਸ ਪੁਸਤਕ ਵਿਚ ਸਵਾਮੀ ਜੀ ਨੇ ਹਿੰਦੂ ਗ੍ਰੰਥਾਂ ਦੀ ਸਿਖਿਆ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦੇ ਸਾਹਮਣੇ ਨਿਰਾ ਤੁੱਛ ਹੀ ਨਹੀਂ ਲਿਖਿਆ ਸਗੋਂ ਇਨ੍ਹਾਂ ਬ੍ਰਾਹਮਣੀ ਗ੍ਰੰਥਾਂ ਦੇ ਹਵਾਲੇ ਦੇ ਦੇ ਕੇ ਉਨ੍ਹਾਂ ਵਿਚਲੀ ਹਾਨੀ ਕਾਰਕ ਸਿਖਿਆ ਨੂੰ ਨੰਗਾ ਕੀਤਾ ਅਤੇ ਗੁਰਬਾਣੀ ਨੂੰ ਮਨੁੱਖਤਾ ਦੇ ਆਤਮਕ ਜੀਵਨ ਲਈ **ਅੰਮ੍ਰਿਤ** ਲਿਖਆ ਹੈ । ਸੁਆਮੀ ਜੀ ਦੇ ਜੀਵਨ ਵਿਚ ਪਲਟਾ ਆਉਣ ਵਾਲੀ ਇਹ ਘਟਨਾਂ ਅਤੇ ਉਨ੍ਹਾਂ ਦੀ ਲਿਖੀ ਪੁਸਤਕ, ਉਨ੍ਹਾਂ ਗੁਰਸਿੱਖਾਂ ਨੂੰ ਪੁਨਰ ਵਿਚਾਰ ਕਰਨ ਲਈ ਸੱਦਾ ਦੇ ਰਹੀ ਹੈ ਜੋ ਇਸ ਮਤ ਦੇ ਹਨ, ਕਿ, ' ਵੇਦਕ ਗ੍ਰੰਥਾਂ ਦੀ ਸਿਖਿਆ ਪ੍ਰਾਪਤ ਕਰਨ ਲਈ ਆਪਣੇ ਸਿੰਘਾਂ ਨੂੰ ਕਲਗ਼ੀਧਰ ਜੀ ਨੇ ਆਪ ਕਾਂਸ਼ੀ ਤੋਰਿਆ ਸੀ ।

**੭)** ਜਿਹੜੇ ਗੁਰਮੁਖਾਂ ਨੂੰ ਇਹ ਭਰਮ ਹੈ ਕਿ ਨਿਰਮਲਿਆਂ ਦੇ ਡੇਰੇ ਸਿੱਖੀ ਦਾ ਬੜਾ ਪਰਚਾਰ ਕਰਦੇ ਆ ਰਹੇ ਹਨ, ਕੀ ਉਹ ਇਹ ਦੱਸ ਸਕਦੇ ਹਨ ਕਿ ਅਜੇਹੇ ਡੇਰੇ ਦਾਰਾਂ ਨੇ ਕਿਸ ਦੇਸ਼ ਵਿਚ ਅਤੇ ਕਿੰਨੇ ਅਨ-ਧਰਮੀਆਂ ਨੂੰ ਸਿੱਖੀ ਸਿਧਾਂਤ ਤੋਂ ਜਾਣੂੰ ਕਰਾ ਕੇ ਗੁਰੂ ਨਾਨਕ ਜੀ ਦੇ ਸਿੱਖ ਬਣਾਇਆ ਹੈ ? ਇਨ੍ਹਾਂ ਗੱਦੀ ਦਾਰਾਂ ਨੇ ਕਿੰਨੇ ਕੁ ਅਜੇਹੇ ਉੱਚ ਕੋਟੀ ਦੇ ਮਿਠ ਬੋਲੜੇ ਵਿਦਵਾਨ ਪੈਦਾ ਕੀਤੇ ਹਨ ਜਿਹੜੇ, ਦੂਜੇ ਧਰਮਾ ਦੇ ਵਿਦਵਾਨਾਂ ਨਾਲ ਗਿਆਨ-ਵਿਚਾਰ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਨੂੰ ਸਰਬ ਸ੍ਰੇਸ਼ਟ ਸਾਬਤ ਕਰ ਕੇ, ਉਨ੍ਹਾਂ ਦੇ ਦਿਲਾਂ ਵਿਚ ਸਿਖੀ ਜੀਵਨ ਜੁਗਤ ਪ੍ਰਤੀ ਪਿਆਰ ਪੈਦਾ ਕਰ ਸਕਦੇ ਹੋਣ ? ਹਾਲਾਂਕਿ ਦਾਸ ਦਾ ਨਿੱਜੀ ਤਜਰਬਾ ਹੈ ਕਿ ਦੂਜੇ ਧਰਮ ਦੇ ਵਿਦਵਾਨ ਇਸ ਦਲੀਲ ਨੂੰ ਰੱਦ ਨਹੀਂ ਕਰ ਸਕਦੇ ਕਿ ਗੁਰੂ ਨਾਨਕ ਸਾਹਿਬ ਜੀ ਦਾ ਗਿਆਨ, ਸਰਬ ਸਾਂਝੇ ਉਪਦੇਸ਼ ਵਾਲਾ, ਸਰਬੱਤ ਦੇ ਭਲੇ ਵਾਲਾ, ਸਭ ਧਰਮਾਂ ਨਾਲੋਂ ਵੱਧ ਸਰਲ, ਵਹਿਮਾਂ ਧਰਮਾਂ ਤੋਂ ਰਹਿਤ, ਕਰਮਕਾਂਡੀ ਬੰਧਨਾਂ ਤੋਂ ਮੁਕਤ, ਅਤੇ ਸਰਬ-ਪਰਵਾਨਤ ਨਿਯਮਾਂ ਵਾਲਾ ਹੋਣ ਕਰਕੇ ਸਰਬ ਸ੍ਰੇਸ਼ਟ ਹੈ ? ਫਿਰ ਵੀ ਇਨ੍ਹਾਂ ਕਥਿਤ ਵਿਦਵਾਨ ਨਿਰਮਲਿਆਂ ਨੇ ਕਿੰਨੇ ਕੁ ਬਦੇਸ਼ੀਆਂ ਨੂੰ ਸਿਖ ਧਰਮ ਦੇ ਧਾਰਨੀ ਬਣਾਇਆ ਹੈ ? ਪੰਥਕ ਮਰਯਾਦਾ ਨੂੰ ਬੇਲੋੜਾ ਸਮਝਦਿਆਂ ਆਪਣੀ ਬਣਾਈ ਮਰਯਾਦਾ ਅਤੇ ਵਿਧੀ ਵਿਧਾਨ ਅਨੁਸਾਰ ਸਿੱਖ ਬੱਚਿਆਂ ਨੂੰ ਅੰਮ੍ਰਿਤ ਛਕਾ ਦੇਣਾ ਸਿੱਖੀ ਦੀ ਸੇਵਾ ਨਹੀਂ ਸਗੋਂ ਸਿੱਖ ਨੂੰ ਆਪਣੇ ਕੇਂਦਰ ਨਾਲੋਂ ਤੋੜ ਕੇ ਕੌਮੀ ਕਮਜ਼ੋਰੀ ਪੈਦਾ ਕਰਨ ਵਾਲੀ ਕੁਟਲਤਾ ਹੈ । ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਵਰਤੋਂ ਦੁਆਰਾ ਸਿੱਖ ਧਰਮ ਦੇ ਪਰਚਾਰ ਦੇ ਭੁਲੇਖੇ ਪਾ ਕੇ, ਇਹ ਲੋਕ ਆਪਣੀ ਦੁਕਾਨਦਾਰੀ ਗਰਮ ਕਰਦੇ ਹਨ ਅਤੇ ਪੰਥ ਵਿਚ ਅਜੋਕੀ ਪ੍ਰੋਹਿਤਵਾਦੀ ਰੀਤ ਸਾਰੀ ਇਨ੍ਹਾਂ ਹੀ

ਭੱਦਰ ਪੁਰਸ਼ਾਂ ਦੀ ਦੇਣ ਹੈ । ਜਦੋਂ ਵੀ ਡੇਰੇਦਾਰ ਬਾਹਰ ਦੇ ਮੁਲਕਾਂ ਦੇ ਦੌਰੇ ਤੇ ਨਿਕਲਦਾ ਹੈ ਅਗਿਆਨੀ ਸਿੱਖਾਂ ਨੂੰ ਆਪਣੇ ਭਰਮ-ਜਾਲ ਵਿਚ ਫਸਾ ਕੇ ਆਪਣੇ ਡੇਰੇ ਦੇ ਸ਼ਰਧਾਲੂ ਬਣਾ ਕੇ ਆਪਣੀ ਆਮਦਨ ਵਧਾਉਣ ਵਾਲੀ ਕੂਟਲਤਾ ਕਰਦਾ ਹੈ । ਮਾਇਆ ਦੀ ਉਗ੍ਰਾਹੀ ਲਈ ਦੇਸੋਂ ਪਰਦੇਸ ਫਿਰ ਰਹੇ ਅਜੇਹੇ ਕਪਟੀ ਧਰਮ-ਉਪਦੇਸ਼ਕ ਭੇਖੀਆਂ ਲਈ ਸਤਿਗੁਰਾਂ ਦਾ ਫ਼ੁਰਮਾਨ ਇਸ ਪ੍ਰਕਾਰ ਹੈ:--

੩੫- **ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬਲਾਇ ॥ ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ ॥ ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ ॥ ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ ॥ ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ ॥ ਜਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ ॥ ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ ਹਰਿ ਨਾਮੋ ਅੰਤਿ ਛਡਾਇ ॥ ੨ ॥** [੫੧੨]-ਵਾ-੧੦

੪

## ਨਿਰਮਲਾ-ਡੇਰਾਵਾਦ ਤੋਂ ਖ਼ਾਲਸਾ ਪੰਥ ਨੂੰ ਹੋਈ ਦੁਖਦਾਈ ਹਾਨੀ ਦਾ ਵੇਰਵਾ

ਬ੍ਰਾਹਮਣ ਦੇ ਲਿਖੇ ਧਰਮ ਗ੍ਰੰਥਾਂ ਦੀ ਜਾਣਕਾਰੀ ਲੈਣ ਲਈ ਗੁਰਸਿੱਖਾਂ ਨੂੰ ਕਾਂਸ਼ੀ ਭੇਜਣ ਵਾਲੀ ਨਿਰਮੂਲ ਕਹਾਣੀ ਕਲਗ਼ੀਧਰ ਜੀ ਦੇ ਨਾਮ ਨਾਲ ਮੜ੍ਹ ਦੇਣੀ ਸਿੱਖੀ ਸਿਧਾਂਤ ਦੇ ਵੈਰੀ ਦੀ ਬੜੀ ਵੱਡੀ ਜਿਤ ਹੈ। ਬਿੱਪ੍ਰਨ ਕੀ ਰੀਤ ਨੂੰ ਸਫ਼ਲਤਾ ਨਾਲ ਗੁਰਮਤਿ ਮਰਯਾਦਾ ਦਾ ਰੰਗ ਚਾੜ੍ਹ ਸਕਣ ਵਾਲੇ ਕਈ ਡੇਰੇ ਬੜੀ ਸਫ਼ਲਤਾ ਨਾਲ ਚਾਲੂ ਕਰ ਸਕਣ ਲਈ **ਧਰਮ-ਧੁਜਾ ਨਾਮਕ ਸੰਸਥਾ**, **ਪ੍ਰਭਾਵਸ਼ਾਲੀ ਅੱਡਾ** ਬਣਾ ਲੈਣਾ, ਖ਼ਤਰਨਾਕ ਪ੍ਰੋਹਿਤਵਾਦੀ ਸਫ਼ਲਤਾ ਸੀ। ਇਸ ਕਹਾਣੀ ਤੋਂ ਸਿੱਖਾਂ ਦੇ ਅੰਦਰ ਇਹ ਵਿਸ਼ਵਾਸ਼ ਬਣ ਗਿਆ ਕਿ ਵੇਦ ਆਦਿ ਹਿੰਦੂ ਧਰਮ-ਗ੍ਰੰਥਾਂ ਦੀ ਬਾਣੀ ਅਤੇ ਇਨ੍ਹਾਂ ਗਰੰਥਾਂ ਵਿਚਲਾ ਮਿਥਿਹਾਸ ਵੀ ਗੁਰਮਤਿ ਦੇ ਪਰਚਾਰ ਦਾ ਹਿੱਸਾ ਬਣ ਸਕਦਾ ਹੈ। ਨਿਰਮਲਿਆਂ ਦੇ ਡੇਰਿਆਂ ਵਿਚ ਵੇਦਾਂਤ ਦਾ ਪਰਚਾਰ ਸਿੱਖ ਮਰਯਾਦਾ ਦਾ ਹਿੱਸਾ ਬਣ ਚੁੱਕਾ ਸੀ। ਜਿਸ ਤੋਂ ਪ੍ਰੇਰਤ ਹੋ ਕੇ ਬਾਕੀ ਸਿੱਖ ਸਾਧਾਂ ਨੇ ਵੀ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਲਈ ਗੁਰਬਾਣੀ ਦੇ ਅਰਥ ਵੇਦਾਂ ਅਥਵਾ ਪੁਰਾਣਾਂ ਆਦਿ ਦੀ ਸਿਖਿਆ ਦੇ ਅਧਾਰ ਤੇ ਕਰਨੇ ਅਰੰਭ ਕਰ ਦਿੱਤੇ। ਗੁਰਮਤਿ ਦਾ ਇੱਕ ਪੱਕਾ ਸਿਧਾਂਤ ਨਾਂ ਰਹਿਣ ਦੇਣ ਲਈ ਵੇਦਾਂਤੀ ਭਾਸ਼ਾ ਵਰਗੀ ਗੂੜ੍ਹ ਬੋਲੀ ਵਿਚਲੇ ਸ਼ਬਦ ਵਰਤ ਵਰਤ ਕੇ, ਆਮ ਸਿੱਖ ਦੇ ਮਨ ਵਿਚ ਭਰਮ ਬਣਾ ਦਿੱਤਾ ਕਿ, ਧੁਰੋਂ ਆਈ ਇਸ ਬਾਣੀ ਦੇ ਅਰਥ ਸਮਝਣੇ ਅਸੰਭਵ ਹਨ। ਅਖੇ ਜਿੰਨੀ ਕਿਸੇ ਮਹਾਂ ਪੁਰਖ ਦੀ ਆਤਮਕ ਅਵਸਥਾ ਉਚੀ ਹੁੰਦੀ ਹੈ ਉਹ ਮਹਾਂ ਪੁਰਖ ਉਸੇ ਅਵਸਥਾ ਤੇ ਬੈਠ ਕੇ ਧੁਰੋਂ ਆਈ ਪ੍ਰੇਰਨਾਂ ਅਨੁਸਾਰ ਗੁਰਬਾਣੀ ਦੇ ਜੋ ਵੀ ਅਰਥ ਕਰਦਾ ਹੈ ਉਹੀ ਠੀਕ ਹੁੰਦੇ ਹਨ। ਉਹੀ ਅਰਥ ਟਕਸਾਲੀ ਹੁੰਦੇ ਹਨ ।

' ਧਰਮ ਧੁਜਾ ਅਖਾੜਾ ' ਨਾਂ ਹੇਠ, ਨਿਰਮਲਿਆਂ ਦੀ ਗੱਦੀ ਚਾਲੂ ਹੋ ਜਾਣ ਦੀ ਖੁਲ੍ਹ ਦਾ ਹੀ ਨਤੀਜਾ ਹੈ ਕਿ ਸਿੱਖ ਧਰਮ ਵਿਚਲੇ ਜਿਨੇ ਵੀ ਸੰਤਾਂ ਮਹਾਂਪੁਰਖਾਂ ਦੇ ਡੇਰੇ ਹਨ ਉਨ੍ਹਾਂ ਸਾਰਿਆਂ ਵਿਚ ਬ੍ਰਾਹਮਣੀ ਗ੍ਰੰਥਾਂ ਵਿਚਲੀਆਂ ਕਥਾ ਕਹਾਣੀਆਂ ਬੜੀਆਂ ਪਰਚਲਤ ਹਨ। ਸਿੱਖੀ ਭੇਖ ਵਾਲੇ ਇਹ ਸਾਰੇ ਗੱਦੀਦਾਰ, ਆਪਣੀ ਆਪਣੀ ਮਰਯਾਦਾ ਦਾ ਮਨਮੋਹਣਾ ਮਾਇਆ ਜਾਲ ਵਿਛਾ ਕੇ, **ਸਿਖੀ ਵਿਚ ਬਿੱਪ੍ਰਨ ਕੀ ਰੀਤ ਵਾੜੀ ਜਾ ਰਹੇ ਹਨ**। ਇਹ ਦੁਖਦਾਈ ਭਾਣਾ ਵਰਤਣਾਂ ਚਾਲੂ ਹੋ ਜਾਣ ਦਾ, ਕੇਵਲ ਅਤੇ ਕੇਵਲ ਕਾਰਨ ਉਹੀ ਨਿਰਮੂਲ ਕਹਾਣੀ (ਸਿੰਘਾ ਨੂੰ ਵਿਦਿਆ ਲੈਣ ਲਈ ਕਾਂਸੀ ਭੇਜਣ ਵਾਲੀ) ਹੈ, ਜਿਹੜੀ ਅਸਾਂ ਆਪਣੇ ਦਸਵੇਂ ਗੁਰੂ ਨਾਨਕ ਜੀ ਦੇ ਪਾਵਨ ਨਾਮ ਦੇ ਨਾਲ ਮੜ੍ਹੀ ਹੋਈ ਹੈ।

**<u>ਇਸ ਦਲੀਲ ਦੀ ਪੁਸ਼ਟੀ ਲਈ ਲਿਖਤੀ ਸਬੂਤ</u>**:--

੧) ਨਿਰਮਲੇ ਪੰਥ ਦੇ ਵਿਦਵਾਨ ਸ੍ਰੀ ਗੋਵਿੰਦ ਸਿੰਘ ਨਿਰਮਲ ਉਦਾਸੀ ਦੀ ਕ੍ਰਿਤ ' ਇਤਿਹਾਸ ਗੁਰੂ ਖਾਲਸਾ " ਪੁਸਤਕ (ਜਿਸ ਦੇ ਅਨੁਵਾਦਕ-ਸੰਪਾਦਕ ਸ਼੍ਰੀ ਪ੍ਰਿਥੀਪਾਲ ਸਿੰਘ ਕਪੂਰ ਹਨ ਅਤੇ ਜਿਸ ਨੂੰ " ਸਿੰਘ ਬ੍ਰਦਰਜ਼ " ਮਾਈ ਸੇਵਾਂ ਅੰਮ੍ਰਿਤਸਰ ਵਾਲਿਆਂ ਨੇ ੧੯੯੧ ਵਿਚ ਪ੍ਰਕਾਸ਼ਤ ਕੀਤਾ ਹੈ ) ਵਿਚ ਗੁਰਮਤਿ ਵਿਰੋਧੀ ਬਹੁਤ ਕੁਝ ਲਿਖਿਆ ਹੋਣ ਦੇ ਨਾਲ, ਇਸ ਪੁਸਤਕ ਦੇ ੨੨੩ ਸਫ਼ੇ ਤੇ ਲਿਖਿਆ ਹੈ ਕਿ--" ਸਿੱਖਾਂ ਵਿਚ ਇਸ **(ਅੰਮ੍ਰਿਤ) ਸੰਸਕਾਰ** ਦਾ ਪਰਚਾਰ <u>ਜਨੇਊ ਸੰਸਕਾਰ</u> ਦੇ ਸਥਾਨ ਉਤੇ ਹੋਇਆ ਕਰਦਾ ਹੈ। ੨੨੨ ਸਫੇ ਤੇ ਪੰਜ ਪਿਆਰਿਆਂ ਨੂੰ ਪੰਜਾਂ ਪਾਂਡਵਾਂ ਦੀ ਤੁੱਲਣਾ ਦਿੱਤੀ ਹੈ ਫਿਰ ਏਸੇ ਤਰ੍ਹਾਂ ਪੰਜਾਂ ਕਰਕਾਰਾਂ ਨੂੰ **ਜਨੇਊ ਪਾਉਣ** ਦੇ ਬਰਾਬਰ ਕਿਹਾ ਹੈ। ਅਜੇਹਾ ਕਰਕੇ, ਅਸਿੱਧੇ ਢੰਗ ਨਾਲ ਬ੍ਰਾਹਮਣੀ ਰੀਤ ਨੂੰ ਸਿੱਖੀ ਦਾ ਅੰਗ ਸਾਬਤ ਕੀਤਾ ਹੋਇਆ ਹੈ ।

੨) ਨਿਰਮਲਿਆਂ ਦੇ ਸਮੱਰਥਕ, ਜਿਸ ਦਮਦਮੀ ਟਕਸਾਲ ਦੀ ਅੱਜ ਬੜੀ ਮਹਿਮਾਂ ਹੈ ਉਸ ਟਕਸਾਲ ਦੇ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦਾ ਸਤਿਕਾਰ ਵੀ ਪੰਥ ਵਿਚ ਬੜਾ ਹੈ। ਉਨ੍ਹਾਂ ਮਹਾਂਪੁਰਖਾਂ ਨੇ ੨੮ ਜੂਨ ੧੯੬੯ ਸ਼ਨਿਛਰ ਵਾਰ ਵਾਲੇ ਦਿਨ ਪਿੰਡ ਮਹਿਤਾ (ਅੰਮ੍ਰਿਤਸਰ) ਵਿਖੇ ਸਰੀਰ ਤਿਆਗਿਆ ਸੀ। ਮਹਾਂਪੁਰਖਾਂ ਦੀਆਂ ਅੱਖਾਂ ਬੰਦ ਹੁਦਿਆਂ ਹੀ ਭਿੰਡਰਾਂ ਵਾਲਿਆਂ ਦੀ ਗੱਦੀ ਦੇ ਦੋ ਵਾਰਸ-(੧) ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਮਾਝੇ ਤੋਂ ਅਤੇ (੨) ਸੰਤ ਗਿਆਨੀ ਮੋਹਣ ਸਿੰਘ ਜੀ ਖ਼ਾਲਸਾ ਮਾਲਵੇ ਤੋਂ, ਖੜੇ ਹੋ ਗਏ। ਝਗੜਾ ਸਰਕਾਰੇ ਦਰਬਾਰੇ ਜਾ ਵੜਿਆ। ਸੰਤ ਕਰਤਾਰ ਸਿੰਘ ਜੀ ਦੇ ਧੜੇ ਵਲੋਂ ਇਹ ਦੋਸ਼ ਲਾਇਆ ਗਿਆ ਕਿ ਜਸਟਿਸ ਗੁਰਨਾਮ ਸਿੰਘ ਜੀ, ਜਿਹੜੇ ਪੰਜਾਬ ਦੇ ਮੁੱਖ ਮੰਤ੍ਰੀ ਸਨ, ਨੇ ਆਪਣੇ ਮਲਵਈ ਭਰਾ ਦੀ ਸਹਾਇਤਾ ਕੀਤੀ ਅਤੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਭਿੰਡਰਾਂ ਤੋਂ ਭਜਾ ਕਢਿਆ। ਜਿਸ ਮਨੁੱਖ ਨੂੰ ਗੱਦੀ ਤੋਂ ਮਿਲਦੀਆਂ ਸਹੂਲਤਾਂ ਅਤੇ ਚੇਲਿਆਂ ਤੋਂ ਮਿਲਦੇ ਆਦਰ ਸਤਕਾਰ ਦਾ ਸੁਆਦ ਪੈ ਜਾਵੇ ਉਹ ਫਿਰ ਹੱਡ ਭੰਨ ਕੇ ਕਮਾਈ ਕਰਕੇ ਖਾਣੀ ਆਪਣੀ ਮੌਤ ਸਮਝਦਾ ਹੈ। ਸੰਤ ਕਰਤਾਰ ਸਿੰਘ ਜੀ ਨੇ ਸਚਖੰਡ ਵਾਸੀ ਸੰਤ ਗੁਰਬਚਨ ਸਿੰਘ ਦੇ ਅਕਾਲਚਲਾਣੇ ਵਾਲੀ ਥਾਂ

ਪਿੰਡ ਮਹਿਤਾ ਵਿਚ ਭਿੰਡਰਾਂ ਵਾਲੀ ਗੱਦੀ ਦੇ ਨਾਮ ਤੇ ਗੁਰਦਰਸ਼ਨ ਪ੍ਰਕਾਸ਼ ਗੁਰਦਆਰਾ ਬਣਾ ਕੇ ਆਪਣੀ ਇੱਕ ਹੋਰ ਗੱਦੀ ਚਾਲੂ ਕਰ ਲਈ। ਸੰਤ ਜਰਨੈਲ ਸਿੰਘ ਜੀ, ਏਸੇ ਗੱਦੀ ਦੇ ਮੁਖੀ ਹਨ/ ਸਨ * ? * {

Fott note :--ਟਕਸਾਲ ਵਾਲੇ ਅਤੇ ਸੰਤਾਂ ਦਾ ਪਰਵਾਰ ਅੱਜ (ਜਨਵਰੀ ੧੯੯੮) ਤੱਕ ਕਹੀ ਜਾ ਰਿਹਾ ਹੈ ਕਿ ਸੰਤ ਜੀ ਜੀਊਂਦੇ ਕਿਸੇ ਲੁਕਵੇਂ ਥਾਂ ਬੈਠ ਕੇ ਕਿਸੇ ਢੁਕਵੇਂ ਸਮੇਂ ਦੀ ਉਡੀਕ ਕਰ ਰਹੇ ਹਨ। ਪਤਾ ਨਹੀਂ ਇਹ ਲੋਕ ਸੰਤਾਂ ਨੂੰ ਆਨ ਸ਼ਾਨ ਨਾਲ ਸ਼ਹੀਦੀ ਪ੍ਰਾਪਤ ਕਰ ਗਏ ਮੰਨ ਲੈਣ ਦੀ ਥਾਂ ਭਗਦੇ ਜੰਗ ਵਿਚੋਂ ਅਛੋਪਲੇ ਹੀ ਭਗੌੜੇ ਹੋ ਗਏ ਦੇ ਦੋਸ਼ੀ ਕਿਸ ਕਾਰਨ ਬਣਾ ਰਹੇ ਹਨ ? ]

ਜਿਸ ਸੰਤ ਮਹਾਂਪੁਰਖ ਗਿਆਨੀ ਗੁਰਬਚਨ ਸਿੰਘ ਦੀ ਮੌਤ ਨੇ ਡੇਰਾਵਾਦ ਦੀ ਨਵੀਂ ਗੱਦੀ ਚਾਲੂ ਕਰ ਦਿੱਤੀ ਉਨ੍ਹਾਂ ਨੇ ਇੱਕ ਪੁਸਤਕ-**ਗੁਰਮਤਿ ਰਹਿਤ ਮਰਯਦਾ**-- ਲਿਖੀ ਹੋਈ ਸੀ ਫਿਰ ਇੱਕ ਹੋਰ ਗ੍ਰੰਥ--**ਗੁਰਬਾਣੀ ਪਾਠ ਦਰਸ਼ਨ**--ਵੀ ਲਿਖਿਆ। ਉਸ ਗ੍ਰੰਥ ਦੇ ਦੋ ਭਾਗ ਹਨ। ਪਹਿਲੇ ਭਾਗ ਦੇ ਅਰੰਭਕ ਹਿੱਸੇ ਵਿਚ ਪਹਿਲੀ ਲਿਖੀ ਗੁਰਮਤਿ ਮਰਯਾਦਾ ਦਾ ਹੀ ਪੂਰਾ ਉਤਾਰਾ ਛਾਪਿਆ ਹੋਇਆ ਹੈ। ਫਿਰ ੨੩੯ ਸਫ਼ੇ ਤੇ ਮੁੱਖ ਬੰਦ ਹੈ। ਅੱਗੇ ੨੪੫ ਸਫ਼ੇ ਤੇ ਸੰਪ੍ਰਦਾਈ ਪ੍ਰਨਾਲੀ ਲਿਖੀ ਹੈ, ਜਿਸ ਵਿਚ ਤਿੰਨ ਤਰ੍ਹਾਂ ਦੀਆਂ ਗੱਦੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਹੀ ਚਾਲੂ ਹੋਈਆਂ ਦਰਸਾਈਆਂ ਹੋਈਆਂ ਹਨ। ਇਸ ਗ੍ਰੰਥ ਦੇ ੨੪੬ ਸਫ਼ੇ ਦੀ ਲਿਖਤ ਇਸ ਪ੍ਰਕਾਰ ਹੈ :---

"ਸੰਪ੍ਰਦਾਈ ਪਾਠ ਤੇ ਅਰਥ ਗਿਆਨੀ ਭਗਵਾਨ ਸਿੰਘ ਜੀ ਤਕ ਸੀਨਾ ਬਸੀਨਾ ਜਿਉਂ ਦੇ ਤਿਉਂ ਚਲੇ ਆਏ ਹਨ । ਮਗਰੋਂ **ਵਿਦਾਂਤਕ** ਤੇ **ਸੂਫ਼ੀਆਨਾ** ਖ਼ਿਆਲਾਂ ਦੇ ਵਿਦਵਾਨਾਂ ਨੇ **ਆਪੋ ਆਪਣੀ ਰੰਗਣ ਚਾੜ੍ਹਨੀ** ਸ਼ੁਰੂ ਕਰ ਦਿੱਤੀ " ।

ਵੇਦਾਂਤ ਦਾ ਅਰਥ ਹੈ ਵੇਦਾਂ ਦਾ ਅੰਤ, ਭਾਵ ਵੇਦਾਂ ਦੇ ਗਿਆਨ ਦਾ ਨਿਚੋੜ, ਭਾਵ, ਵੇਦਾਂ ਦੀ ਸਿਖਿਆ ਦੇ ਨਿਚੋੜ ਵਾਲਾ ਸਿਧਾਂਤ। ਅਤੇ ਸੂਫ਼ੀਆਨਾਂ ਸਿਧਾਂਤ ਨੇ ਮੁਸਲਮਾਨਾਂ ਦੀ ਕੱਟੜਵਾਦੀ ਸ਼ਰ੍ਹਾਂ ਤੋਂ ਦੁਖੀ ਹੋ ਕੇ ਜਨਮ ਲਿਆ ਸੀ। ਭਾਵ ਦੋਹਾਂ ਦਾ ਹੀ ਗੁਰਮਤਿ ਮਰਯਾਦਾ ਨਾਲ ਕੋਈ ਸੰਬੰਧ ਨਹੀਂ। ਸਪੱਸ਼ਟ ਹੈ ਕਿ ਭਿੰਡਰਾਂ ਵਾਲੀ ਟਕਸਾਲੀ ਸੰਸਥਾ ਦੀ ਮਰਯਾਦਾ ਉਹ ਨਹੀਂ ਹੈ ਜਿਸ ਨੂੰ ਗੁਰਦੇਵ ਜੀ ਨੇ **ਨਿਆਰੀ** ਕਿਹਾ ਸੀ ਅਤੇ ਜਿਸ ਨਿਆਰੀ ਮਰਯਾਦਾ ਦੀ ਸੰਭਾਲ ਕਰੀ ਰੱਖਣ ਦੀ ਦਸ਼ਮੇਸ਼ ਜੀ ਨੇ ਤਾਕੀਦ ਕੀਤੀ ਸੀ। ਅਰਥਾਤ ਡੇਰਿਆਂ ਵਿਚ ਗੁਰਮਤਿ ਦੀ ਨਿਆਰੀ ਮਰਯਾਦਾ ਦਾ ਭੋਗ ਪੈ ਚੁੱਕਾ ਹੈ। ਇਹ ਸਾਰੇ ਡੇਰੇਦਾਰ ਪਰਚਾਰ ਤਾਂ ਏਹੀ ਕਰਦੇ ਹਨ ਕਿ--" **ਜਬ ਲਗ ਰਹੇ ਖ਼ਾਲਸਾ ਨਿਆਰਾ । ਤਬ ਲੱਗ ਤੇਜ ਦਿਉ ਮੈ ਸਾਰਾ ॥ ਜਬ ਇਹ ਗਹੇ ਬਿੱਪ੍ਰਨ ਕੀ ਰੀਤ । ਮੈ ਨਾ ਕਰੂ ਇਨ ਕੀ ਪ੍ਰਤੀਤ ॥** " ਦਸ਼ਮੇਸ਼ ਜੀ ਦਾ ਹੀ ਫ਼ੁਰਮਾਨ ਹੈ ਪਰ ਅੰਦਰ-ਖਾਤੇ ਇਨ੍ਹਾਂ ਗੱਦੀ ਦਾਰਾਂ ਨੇ ਇਸ ਫ਼ੁਰਮਾਨ ਨੂੰ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੂਰਨ ਸਿਧਾਂਤ ਨੂੰ, ਬੇਲੋੜਾ ਸਮਝ ਰਖਿਆ ਹੋਇਆ ਹੈ। ਇਹ **ਸਾਧ-ਡੇਰੇ** ਅਤੇ **ਧਰਮ-ਧੁਜਾ ਮੱਠ**, ਕੇਵਲ ਹਾਥੀ ਦੇ ਹੀ ਦੰਦ ਹਨ, ਵਿਖਾਵਾ ਹੋਰ ਹੈ ਤੇ ਅਸਲੀਅਤ ਬਿਲਕੁਲ ਹੀ ਹੋਰ ।

ਡੇਰਾਵਾਦ ਦੀ ਅਸਲੀਅਤ ਨੂੰ ਸਮਝਣ ਲਈ ਸਤਿਗੁਰਾਂ ਦੇ ਗਿਆਨ ਤੋਂ ਸਹੀ ਜਾਣਕਾਰੀ ਪ੍ਰਾਪਤ ਕੀਤੀ ਜਾਣੀ ਬੜੀ ਜ਼ਰੂਰੀ ਸੀ। ਪਰ ਇਸ ਜ਼ਰੂਰੀ ਕਾਰਜ ਵਾਲੇ ਪਾਸੇ ਪੰਥ ਦੇ ਜਥੇਦਾਰ ਨੇ ਧਿਆਨ ਦੇਣ ਦੀ ਲੋੜ ਮੁਕਾ ਦਿੱਤੀ ਹੋਈ ਹੈ ਅਤੇ ਵਾਸਤਵ ਵਿਚ ਇਹ ਅਤੀਅੰਤ ਜ਼ਰੂਰੀ ਅਤੇ ਸੂਖ਼ਸ਼ਮ ਸੇਵਾ, ਡੇਰਾਵਾਦ ਦੇ ਜਾਂ ਸਵੈ ਲਾਲਸਾ ਨਾਲ ਬਣੇ ਪਰਚਾਰਕ-ਵਾਦ ਦੇ ਹਵਾਲੇ ਹੀ ਕਰ ਦਿੱਤੀ ਹੋਈ ਹੈ। ਨਿਰਮਲ ਪੰਥੀਆਂ ਤੋਂ ਉੱਤਰ ਕੇ ਇਸ ਸਮੇਂ ਦਮਦਮੀ ਟਕਸਾਲ ਭਿੰਡਰਾਂ ਵਾਲਿਆਂ ਦੇ ਬਾਰੇ ਪੰਥ ਵਿਚ ਬੜਾ ਡੂੰਘਾ ਵਿਸ਼ਵਾਸ ਬਣ ਰਿਹਾ ਹੈ ਕਿ, ਉਹ ਗੁਰਬਾਣੀ ਗਿਆਨ ਦੀ ਟਕਸਾਲੀ ਸਿਖਿਆ ਦੇ ਕੇ ਸਿੱਖੀ ਦਾ ਬੜਾ ਲਾਹੇਵੰਦ ਪਰਚਾਰ ਕਰ ਰਹੇ ਹਨ। ਭਿੰਡਰਾਂ ਵਾਲਿਆਂ ਦੇ ਸੰਤਾਂ ਦੀਆਂ ਪੁਸਤਕਾਂ ਪੜ੍ਹ ਕੇ, ਭਿੰਡਰੀਂ ਅਤੇ ਮਹਿਤੇ, ਦੋਹੀ ਥਾਈਂ ਦਾਸ ਨੇ ਮਿਤੀ ੭-੧੨-੯੨ ਨੂੰ ਰਜਿਸ਼ਟ੍ਰੀ ਚਿੱਠੀ ਭੇਜੀ ਸੀ। ਸਤਿਗੁਰਾਂ ਦਾ ਵਾਸਤਾ ਪਾ ਕੇ ਬੇਨਤੀਆਂ ਕੀਤੀਆਂ ਸਨ ਕਿ ਦੋਵੇਂ ਸੰਤ ਜੀ ਆਪਣਾ ਪੱਖ ਲਿਖ ਭੇਜਣ ਤਾਂ ਜੋ ਗੁਰਮੁਖ ਅਤੇ ਵਿਦਵਾਨ ਪਾਠਕਾਂ ਦੀ ਕਚਿਹਰੀ ਵਿਚ ਦੋਵੇਂ ਪੱਖ ਪੇਸ਼ ਹੋ ਸਕਣ। ਪਰ ਸਵਾਏ ਚੁੱਪ ਦੇ ਕਿਤੋ ਕੋਈ ਉੱਤਰ ਨਹੀਂ ਆਇਆ। ਉਹ ਚਿੱਠੀ ਪੁਸਤਕ " ਮਾਸੁ ਮਾਸੁ ਕਰਿ ਮੂਰਖੁ ਝਗੜੈ" ਵਿਚ ਛਪ ਚੁੱਕੀ ਹੈ। ਉਸ ਨੂੰ ਪੜ੍ਹ ਕੇ ਸੂਝਵਾਨ ਪਾਠਕ ਆਪ ਹੀ ਅਨੁਮਾਨ ਲਾ ਲੈਣ, ਕਿ ਇਹ ਡੇਰੇ ਗੁਰਮਤ ਦਾ ਪਰਚਾਰ ਕਰ ਰਹੇ ਹਨ ਕਿ ਜਾਂ ਸਿਖੀ ਦੇ ਪਰਚਾਰ ਦਾ ਭਰਮ ਬਣਾ ਦੇ ਸਿੱਖਾਂ ਨੂੰ ਬਿੱਪ੍ਰਨ ਕੀ ਰੀਤ ਦਾ ਧਾਰਨੀ ਬਣਾ ਕੇ ਅਛੋਪਲੇ ਹੀ ਸਿੱਖੀ ਦਾ ਘਾਤ ਕਰੀ ਜਾ ਰਹੇ ਹਨ ?

੩੬- **ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥**

**ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥ ੨ ॥**[੩੨੦]-ਵਾ-੯

## ੫

## ਨਿਰਮਲ ਪੰਥ

ਵਿਦਿਆ ਦਾ ਕੇਵਲ-ਮਾਤ੍ਰ ਮਾਲਕ ਹੋਣ ਕਰਕੇ ਵੇਦਾਂ ਆਦਿ ਹਿੰਦੂਆਂ ਦੇ ਸਾਰੇ ਧਰਮ ਗ੍ਰੰਥਾਂ ਦਾ ਲਿਖਾਰੀ ਬ੍ਰਾਹਮਣ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ। ਭਾਰਤੀ ਜਨਤਾ ਦੇ ਮਨਾਂ ਵਿਚ ਇਹ ਵਿਸ਼ਵਾਸ਼ ਵੀ ਬ੍ਰਾਹਮਣ ਨੇ ਹੀ ਬਣਾਇਆ ਹੋਇਆ ਹੈ ਕਿ--ਜਦੋਂ ਪਾਪਾਂ ਦਾ ਭਾਰ ਧਰਤੀ ਲਈ ਅਸਹਿ ਬਣ ਜਾਂਦਾ ਹੈ ਤਾਂ ਉਹ ਭਗਵਾਨ ਕੋਲ ਸਹਾਇਤਾ ਲਈ ਪੁਕਾਰ ਕਰਦੀ ਹੈ, ਤਾਂ ਭਗਵਾਨ ਪਾਪਆਂ ਦਾ ਨਾਸ ਕਰਨ ਲਈ ਧਰਤੀ ਤੇ ਅਵਤਾਰ ਧਾਰਦਾ ਹੈ। ਭਾਰਤ ਸਰਕਾਰ ਨੇ ਰਾਮਾਇਣ ਗਾਥਾ ਦੀ ਜੋ Documentry T.V. ਤੇ ਵਿਖਾਈ ਸੀ, ਉਸ ਵਿਚ ਧਰਤੀ, ਜਿਸ ਨੇ ਇਸਤ੍ਰੀ ਦਾ ਰੂਪ ਧਾਰਿਆ ਹੋਇਆ ਸੀ ਆਪਣੇ ਨਾਲ, ਬ੍ਰਹਮਾ, ਸ਼ਿਵ, ਇੰਦ੍ਰ, ਨਾਰਦ ਆਦਿ ਮੁਖੀ ਦੇਵਤਿਆਂ ਦੀ ਅਗਵਾਈ ਵਿਚ ਹੋਰ ਕਈ ਦੇਵੀ ਦੇਵਤੇ ਅਤੇ ਵੱਡੇ ਵੱਡੇ ਰਿਖੀਆਂ ਮੁਨੀਆਂ ਆਦਿ ਨੂੰ ਆਪਣੇ ਨਾਲ ਲੈ ਕੇ, ਖੀਰ ਸਮੁੰਦਰ ਵਿਚ ਬਿਰਾਜਮਾਨ ਭਗਵਾਨ ਵਿਸ਼ਨੂੰ ਜੀ ਦੀ ਸੇਵਾ ਵਿਚ ਪੁੱਜਦੀ ਹੈ। ਨੂਰੀ ਦੇਵਤਿਆਂ ਦਾ ਅਤੇ ਖ਼ਾਕੀ ਰਿਸ਼ੀਆਂ ਮੁਨੀਆਂ ਦਾ ਇਹ ਰਲਵਾਂ ਫਰਿਆਦੀ ਟੋਲਾ, ਭਗਵਾਨ ਵਿਸ਼ਨੂੰ ਜੀ ਕੋਲ ਇੱਕ ਜ਼ਬਾਨ ਹੋ ਕੇ **ਲੰਕਾ ਪਤੀ ਰਾਵਣ** ਦੇ ਜ਼ੁਲਮਾਂ ਦਾ ਰੋਣਾ ਰੋਂਦਾ ਹੈ। ਫ਼ਰਿਆਦ ਸੁਣ ਕੇ ਵਿਸ਼ਨੂੰ ਭਗਾਵਾਨ ਜੀ ਨੇ ਬਚਨ ਕੀਤਾ ਕਿ ਉਹ ਰਾਵਣ ਦਾ ਅਤੇ

ਰਿਸ਼ੀਆਂ ਨੂੰ ਦੁਖੀ ਕਰਨ ਵਾਲੇ ਹੋਰ ਪਾਪੀਆਂ ਦਾ (ਪਾਪਾਂ ਦਾ ਨਹੀਂ?) ਨਾਸ ਕਰਕੇ ਆਪਣੇ ਭਗਤਾਂ ਦੀ (ਸਾਰੇ ਮਜ਼ਲੂਮਾਂ ਦੀ ਨਹੀ ?) ਰੱਖਿਆ ਕਰਨ ਲਈ ਅਜੁਧਿਆ ਦੇ ਰਾਜੇ ਦਸ਼ਰਥ ਦੇ ਘਰ ਆਪਣੀ ਕਲਾਂ ਸਮੇਤ ਜਨਮ ਲੈਣਗੇ। ਭਗਵਾਨ ਜੀ ਆਪਣੇ ਚਾਰ ਵੀਰਾਂ ਸਮੇਤ ਕਈ ਦੇਸ਼ਾਂ ਵਾਲੀ ਬੜੀ ਵਿਸ਼ਾਲ ਧਰਤੀ ਦੇ ਇੱਕ ਛੋਟੇ ਜਿਹੇ ਟੁਕੜੇ U.P. ਦੇ ਅਜੁਧਿਆ ਸ਼ਹਿਰ ਵਿਚ ਪੈਦਾ ਹੋਏ। ਉਸੇ ਇਲਾਕੇ ਦੇ ਕੁਝ ਰਿਸ਼ੀਆਂ ਨੂੰ ਕਥਿਤ ਤੌਰ ਤੇ ਖਾ ਜਾਣ ਵਾਲੇ ਰਾਖਸ਼ਾਂ ਦਾ ਸੰਘਾਰ ਕਰਦੇ ਰਾਮ ਜੀ ਨੂੰ ਦਰਸਾਇਆ ਗਿਆ ਹੈ। ਬਨਬਾਸ ਦੇ ਸਮੇ ਰਾਵਨ ਦੀ ਭੈਣ ਸਰੂਪਨਖਾ ਦਾ ਨੱਕ ਵਢਣ ਕਰਕੇ ਰਾਖਸ਼ਾਂ ਨਾਲ ਝਗੜਾ ਵਧ ਗਿਆ ਵਿਚ ਰਾਵਣ ਸੀਤਾ ਜੀ ਨੂੰ ਧੱਕੇ ਨਾਲ ਚੁੱਕ ਕੇ ਲੰਕਾ ਲੈ ਗਿਆ। ਸੀਤਾ ਜੀ ਨੂੰ ਵਾਪਸ ਲੈਣ ਲਈ ਸ੍ਰੀ ਰਾਮ ਜੀ ਲੰਕਾ ਗਏ ਅਤੇ ਰਾਣ ਨੂੰ ਉਸ ਦੇ ਪਰਵਾਰ ਪਰਵਾਰ ਅਤੇ ਸਾਥੀਆਂ ਸਮੇਤ ਜਮਲੋਕ ਪੁਚਾ ਕੇ ਆਪਣੀ ਇਸਤ੍ਰੀ ਸੀਤਾ ਜੀ ਅਤੇ ਭਰਾਤਾ ਲਛਮਣ ਜੀ ਨਾਲ ਅਜੁਧਿਆ ਪਰਤ ਆਏ। ਦੋਬਾਰਾ ਅਜੁਧਿਆ ਨਗਰੀ ਤੋਂ ਬਾਹਰ ਜਾਂਦੇ ਕੇਵਲ ਇੱਕ ਵਾਰੀ ਹੀ ਦਰਸਾਏ ਹਨ ਜਦ ਉਨ੍ਹੰ ਨੇ ਪਹਾੜਾਂ ਦੇ ਸੰਘਣੇ ਜੰਗਲਾਂ ਵਿਚ ਵੜ ਕੇ ਇੱਕ ਅਜੇਹੇ ਗ਼ਰੀਬ ਸ਼ੂਦਰ ਦਾ ਸੀਸ ਉਤਾਰਿਆ ਜੋ ਲੁਕ ਕਰ ਈਸ਼ਵਰ ਦੀ ਭਗਤੀ ਕਰ ਰਿਹਾ ਸੀ। ਗੋਸੁਆਮੀ ਤੁਲਸੀ ਦਾਸ ਦੀ ਰਾਮਾਇਣ-' ਰਾਮ ਚਰਿਤ੍ਰ ਮਾਣਸ ਅਨੁਸਾਰ ਕਈ ਸਾਲ ਅਜੁਧਿਆ ਨਗਰੀ ਤੇ ਰਾਜ ਕਰਦੇ ਰਹੇ ਅਤੇ ਉਥੋਂ ਸੁਰਗਾਂ ਨੂੰ ਪਰਤ ਗਏ ਸਨ। ਏਸੇ ਤਰ੍ਹਾਂ ਹੀ ਸ੍ਰੀ ਕ੍ਰਿਸ਼ਨ ਜੀ ਆਪਣੇ ਮਾਮੇ ਕੰਸ ਦੇ ਅਤਿਆਚਾਰਾਂ ਤੋਂ ਬ੍ਰਾਹਮਣ ਰਿਸ਼ੀਆਂ ਦੀ ਖ਼ਲਾਸੀ ਕਰਾਉਣ ਲਈ ਆਏ, ਜੋ ਵੀ (ਸਾਰੀ ਧਰਤੀ ਦੇ ਟਾਕਰੇ ਤੇ) ਉਸੇ ਰੀਣ ਕੁ ਜਿੰਨੇ ਥਾਂ U.P. ਵਿਚਲੇ ਬ੍ਰਿੰਦਾ-ਬਨ ਵਿਚ ਕਈ ਤਰ੍ਹਾਂ ਦਾ ' ਰੰਗ ' ਕਰਦੇ ਰਹਿਣ ਉਪ੍ਰੰਤ ਇਕੋ ਖ਼ਾਨਦਾਨ ਵਿਚ ਮਹਾਂਭਾਰਤ ਨਾਮਕ ਵਡਾ ਯੁੱਧ ਕਰਵਾ ਕੇ ਕਥਿਤ ਤੌਰ ਤੇ ਧਰਤੀ ਸੂਰਮਿਆਂ ਤੋਂ ਖ਼ਾਲੀ ਕਰਨ ਵਾਲੀ ਮਹਾਨ " ਕ੍ਰਿਸ਼ਨ ਲੀਲ੍ਹਾ '

>>>* {* Foot not:--ਸ੍ਰੀ ਰਾਮ ਚੰਦ੍ਰ ਜੀ ਦੇ ਆਉਣ ਦੀ ਅਸਲੀਯਤ, ਅਤੇ ਸ੍ਰੀ ਕ੍ਰਿਸ਼ਨ ਜੀ ਦੀ " ਲੀਲ੍ਹਾ ਆਦਿ ਦੀ ਅਸਲੀਯਤ ਜਾਨਣ ਲਈ ਪੜ੍ਹੋ ਇਸ ਪੁਰਤਕ ਦਾ ਪਹਿਲਾ ਭਾਗ, ਦੇ ਚੌਥਾ ਕਾਂਡ ]

<<<<< ਦਰਸਾਈ।* ਬੜੀ ਹਾਸੋ ਹੀਣੀ ਗਾਥਾ ਹੈ। ਫ਼ਰਿਆਦ ਕਰਦੀ ਤਾਂ ਸਾਰੀ ਧਰਤੀ (**TV** ਤੇ ਦਰਸਾਈ Documentry ਵਿਚ ਇਸਤ੍ਰੀ ਰੂਪ ਧਰਤੀ ਦੇ ਨਾਲ ਪੂਰੀ ਧਰਤੀ ਦਾ ਗੋਲਾ **Globe** ਘੁੰਮਦਾ ਵੀ ਨਾਲ ਹੀ ਵਿਖਾਇਆ ਹੋਇਆ ਹੈ) ਦਰਸਾਈ ਹੋਈ ਹੈ ਪਰ ਸ੍ਰੀ ਰਾਮਚੰਦ੍ਰ ਜੀ ਅਤੇ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਦੋਵੇਂ ਭਾਰਤ ਦੇ ਕੇਵਲ ਥੁਹੜੇ ਜਿਹੇ ਨੱਗਰ ਵਾਸੀਆਂ ਦੀ ਅਤੇ ਜਾਂ ਉਸ ਇਲਾਕੇ ਦੇ ਜੰਗਲ-ਵਾਸੀਆਂ ਦੀ ਸਹਾਇਤਾ ਕਰਕੇ ਵਾਪਸ ਪਰਤ ਕਏ ਦਰਸਾਏ ਹੋਏ ਹਨ

[* Foot note:-- ਦੁਰਗਿਆਣਾਂ ਮੰਦਰ ਵਾਲੇ ਹਿੰਦੂਆਂ ਦੇ ਗੜ੍ਹ, ਸ੍ਰੀ ਅੰਮ੍ਰਿਤਸਰ ਵਿਖੇ ਛਪ ਕੇ, ਇਸ ਪੁਸਤਕ ਦੇ ਪਹਿਲੇ ਭਾਗ ਦੀ ਲਗ-ਪਗ ਇੱਕ ਹਜ਼ਾਰ ਕਾਪੀ ਜਨਵਰੀ ੧੯੯੫ ਤੋਂ ਪਾਠਕਾਂ ਦੇ ਹੱਥ ਵਿਚ ਪੁਜ ਚੁੱਕੀ ਹੈ । ਉਸ ਵਿਚ ਬੜੇ ਵਿਸਥਾਰ ਨਾਲ ਲਿਖਿਆ ਜਾ ਚੁਕਿਆ ਹੈ ਕਿ, ਕਥਿਤ ਅਵਤਾਰ- " ਸ੍ਰੀ ਰਾਮਚੰਦ੍ਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ " ਦੋਵੇਂ ਬ੍ਰਾਹਮਣ ਦੀ ਕਲਪਣਾ ਦੀ ਉਪਜ ਕਹਾਣੀਆਂ ਦੇ ਪਾੱਤਰਾਂ ਤੋਂ ਵੱਧ ਹੋਰ ਕੁਝ ਨਹੀਂ ਹਨ । ਉਨ੍ਹਾਂ ਲੇਖਾਂ ਵਿਚ ਇਹ ਵੀ ਸਪੱਸ਼ਟ ਕੀਤਾ ਜਾ ਚੁੱਕਿਆ ਹੈ ਕਿ ਇਨ੍ਹਾਂ ਦੋਹਾਂ ਅਵਾਤਾਰਾਂ ਨੂੰ ਪੈਦਾ ਕਰ ਕੇ ਕਹਾਣੀਆਂ ਦੁਆਰਾ ਪਰਚਾਰਨ ਵਿਚ ਬ੍ਰਾਹਮਣ ਦਾ ਨਿੱਜੀ ਸੁਆਰਥ ਕੀ ਸੀ ? ਅੱਜ ੧੯੯੭ ਜੂਨ ਤੱਕ ਕਿਸੇ ਵੀ ਬ੍ਰਾਹਮਣ ਜਾਂ ਹਿੰਦੂ ਨੇ ਉਨ੍ਹਾਂ ਲੇਖਾਂ ਨੂੰ ਝੂਠ ਕਹਿ ਕੇ ਦਾਸ ਵਿਰੁੱਧ ਅਦਾਲਤੀ ਕਾਰਵਾਈ ਤਾਂ ਕੀ ਕਰਨੀ ਸੀ, ਦਾਸ ਨੂੰ ਕੋਈ ਰੋਸ-ਪੱਤਰ ਵੀ ਕੋਈ ਨਹੀਂ ਲਿਖਿਆ। ਬੁੱਧ, ਈਸਾਈ, ਇਸਲਾਮ ਆਦਿ ਕਿਸੇ ਵੀ ਧਰਮ ਦੇ ਪੈਗੰਬਰ ਬਾਰੇ ਅਜੇਹੀ ਗੱਲ ਲਿਖਦਿਆਂ ਸਾਰ ਸਾਰੀ ਕੌਮ ਦਾ ਜੋਸ਼ ਉਬਾਲੇ ਖ਼ਾਣ ਲੱਗ ਪੈਂਦਾ ਹੈ। ਸਪੱਸ਼ਟ ਹੈ ਕਿ ਸੂਝਵਾਨ ਹਿੰਦੂ (ਖ਼ਿਸ਼ ਕਰਕੇ ਆਰੀਆ ਸਮਾਜੀ) ਅਥਵਾ ਬ੍ਰਾਹਮਣ ਵੀ ਰਾਮਾਇਣ ਅਤੇ ਮਹਾਂਭਾਰ ਗਾਥਾਵਾਂ ਨੂੰ ਕਲਪਣਾ ਦੀ ਉਪਜ ਝੂਠ ਹੀ ਸਮਝਦੇ ਹਨ। ਭਾਵ, ਹਿੰਦੂ ਜਗਤ ਤਾਂ ਉਨ੍ਹਾਂ ਦੋਹਾਂ ਅਵਤਾਰਾਂ ਦੀ ਬੇਸ਼ੱਕ ਕਲਪਣਾ ਦੀ ਉਪਜ ਮੰਨਦੇ ਹੋਣ, ਪਰ ਆਪਣੇ ਆਪ ਨੂੰ ਸੱਚ ਦਾ ਪੁਜਾਰੀ ਕਹਿਣ ਵਾਲੇ **ਖਾਲਸਾ** ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਅੱਠ ਗੁਰੂ ਸਾਹਿਬਾਨ ਨੂੰ ਖ਼ਿਆਲੀ ਸ੍ਰੀ ਰਾਮ ਚੰਦਰ ਦੇ (ਭਾਵ, ਝੂਠ ਦੇ) ਵੰਸ਼ਕ ਮੰਨ ਕੇ ਹੇਮਕੁੰਡ ਦੇ ਪੁਜਾਰੀ ਬਣ ਰਹੇ ਹਨ। ਵੱਡੀ ਹੈਰਾਨੀ ਤਾਂ ਇਹ ਹੈ ਕਿ ਸਾਰੀ ਮਰਯਾਦਾ ਅਤੇ ਧਾਰਮਿਕ ਸੋਚ ਹਿੰਦੂਆਂ ਵਾਲੀ ਅਪਣਾਈ ਤੁਰਿਆ ਜਾ ਰਿਹਾ ਸਿੱਖ ਆਪਣੇ ਆਪ ਨੂੰ ਨਿਆਰਾ ਹੀ ਸਮਝੀ ਜਾਣ ਦੇ ਭਰਮ-ਜਾਲ ਵਿਚ ਫਸਿਆ ਹੋਇਆ ਹੈ ?]

ਗੁਰੂ ਨਾਨਕ ਪਾਤਿਸ਼ਾਹ ਜੀ ਦਾ ਆਗਮਨ ਧਰਤੀ ਦੇ ਕਿਸੇ ਟੁਕੜੇ ਦੀ ਫ਼ਰਿਆਦ ਦੇ ਕਾਰਨ ਨਹੀਂ ਸੀ ਹੋਇਆ। ਨਾਂ ਉਹ (ਜਾਂ ਉਨ੍ਹਾਂ ਦੇ ਬਾਕੀ ਨੌਂ ਸਰੂਪਾਂ ਵਿਚੋਂ ਕੋਈ ਵੀ), ਰਾਵਣ ਅਥਵਾ ਕੰਸ ਜਿਹੇ ਕਿਸੇ ਖ਼ਾਸ ਪਾਪੀ ਨੂੰ ਮਾਰਨ ਲਈ ਆਏ ਸਨ। ਸਤਿਗੁਰੂ ਨਾਨਕ ਸਾਹਿਬ ਜੀ ਦਾ ਮਨੋਰਥ ਕਿਸੇ ਖ਼ਾਸ ਰਿਸ਼ੀ-ਮੁਨੀ ਦੀ ਰਖਿਆ ਕਰਨ ਤੱਕ ਸੀਮਤ ਨਹੀਂ ਸੀ। ਨਰਸਿੰਘ, ਵਰਾਹ, ਰਾਮ, ਕ੍ਰਿਸ਼ਨ ਆਦਿ ਸਾਰੇ ਦੇ ਸਾਰੇ ਕਥਿਤ ਅਵਤਾਰ ਕਰਮਵਾਰ, ਕਥਿਤ ਪ੍ਰਹਿਲਾਦ ਭਗਤ ਨੂੰ ਦੁਖੀ ਕਰਨ ਵਾਲੇ ਹਰਣਾਕਸ਼ ਦੈਂਤ ਨੂੰ, ਧਰਤੀ ਨੂੰ ਚੁੱਕ ਕੇ ਦੌੜ ਜਾਣ ਵਾਲੇ ਹਰਨਕਿਸ਼ਪ ਨੂੰ, ਰਾਵਣ ਨੂੰ ਅਥਵਾ ਕੰਸ ਆਦਿ ਕਥਿਤ ਦੈਂਤਾਂ ਨੂੰ ਜਾਨੋ ਮਾਰ ਮੁਕਾਉਂਣ ਲਈ ਹੀ ਆਏ ਦਰਸਾਏ ਹੋਏ ਹਨ। ਪਰ ਸਤਿਗੁਰੂ ਨਾਨਕ ਪਾਤਸ਼ਾਹ ਜੀ, ਕਿਸੇ ਖ਼ਾਸ ਪਾਪੀਆਂ ਨੂੰ ਜਾਨੋਂ ਮਾਰਨ ਲਈ ਨਹੀਂ ਸਨ ਆਏ, ਸਗੋਂ ਪਾਪੀਆਂ ਦੇ ਮਨਾ ਵਿਚੋਂ **ਪਾਪਾਂ** ਦੀ ਮੈਲ ਧੋ ਕੇ ਉਨ੍ਹਾਂ ਨੂੰ ਨਿਰਮਲ ਕਰਨ ਆਏ ਸਨ। ਜਗਤ-ਗੁਰਦੇਵ ਜੀ ਨਿਰੇ ਭਲੇ ਲੋਕਾਂ ਦੇ ਹੀ ਰਾਖੇ ਨਹੀਂ ਸਨ ਉਹ ਤਾਂ ਪਾਪੀਆਂ ਦੀ ਆਤਮਾਂ ਦੀ ਵੀ ਉਵੇਂ ਹੀ ਰਖਿਆ ਕਰਦੇ ਸਨ ਜਿਵੇਂ ਹੋਰ ਭੁੱਲੜ ਦੁਖਿਆਰਿਆਂ ਦੀ ਆਤਮਾ ਦੀ ਸੰਭਾਲ ਕਰਦੇ ਸਨ। ਕਿਸੇ ਖ਼ਾਸ ਸਾਧ-ਸੰਤ ਦੀ ਰਖਿਆ ਦੀ ਚਿੰਤਾ ਕਰਨ ਨਾਲੋਂ, ਮਨੁੱਖ-ਮਾਤ੍ਰ ਨੂੰ ਸੰਤਤਾਈ ਵਾਲੇ ਸ਼ੁਭ ਗੁਣਾਂ ਦੀ ਸੰਭਾਲ ਕਰਨ ਦੀ ਜਾਚ ਸਿਖਾਉਂਣ ਆਏ ਸਨ ਬੀਬੀ ਨਾਨਕੀ ਜੀ ਦੇ ਵੀਰਨ ਸਤਿਗੁਰੂ ਨਾਨਕ ਸਾਹਿਬ ਜੀ। ਗੁਰੂ ਬਾਬਾ ਜੀ, U.P. ਜਿਹੇ ਕਿਸੇ ਖ਼ਾਸ ਪ੍ਰਾਂਤ ਦੇ ਲੋਕਾਂ ਵਿਚ ਲੀਲ੍ਹਾ ਰਚਾਉਣ ਲਈ ਨਹੀਂ ਸਨ ਆਏ, ਉਨ੍ਹਾਂ ਦਾ ਟੀਚਾ ਸਾਰੇ ਜਗਤ ਨੂੰ ਹੀ ਸੰਤ ਬਣਾ ਦੇਣ ਦਾ ਸੀ। ਸੰਸਾਰ ਦਾ ਮਨੁੱਖ ਪਾਪਾਂ ਅਤੇ ਵਿਕਾਰਾਂ ਦੀ ਮੈਲ ਵਿਚ ਸਿਰ ਤੋਂ ਪੈਰਾਂ ਤੱਕ ਡੁੱਬਾ ਹੋਇਆ ਸੀ। ਅਜੇਹੀ ਹਰ ਪ੍ਰਕਾਰ ਦੀ **ਮੈਲ ਤੋਂ ਮਨੁੱਖ ਨੂੰ ਨਿਰਮਲ ਕਰਕੇ, ਸਤਿਗੁਰੂ ਨਾਨਕ ਪਾਤਸ਼ਾਹ ਜੀ, ਨਿਰਮਲ ਪੰਥ ਚਲਾਉਣ ਆਏ ਸਨ ।**

**ਭਾਈ ਗੁਰਦਾਸ ਜੀ ਨੇ** ਆਪਣੀ ਪਹਿਲੀ ਵਾਰ ਦੀਆਂ ੨੨ ਪਉੜੀਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਦੇ ਸੰਸਾਰਕ ਹਾਲਾਤ ਦਾ ਵਰਣਨ ਕੀਤਾ ਹੈ । ੨੩ਵੀ ਪਉੜੀ ਇਉਂ ਹੈ--

**ਸੁਣੀ ਪੁਕਾਰ** ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ **ਪਠਾਇਆ** । ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ ।
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ । ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ ।
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ । ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸੁ ਨਿਵਾਇਆ ।

ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ। **ਕਲਿ ਤਾਰਣਿ ਗੁਰੁ ਨਾਨਕ ਆਇਆ** ॥੨੩॥
ਭਾਵ, ਵਾਹਿਗੁਰੂ ਜੀ ਨੇ ਆਖ਼ਰ ਦੁਖੀਆਂ ਦੀ ਪੁਕਾਰ ਸੁਣ ਲਈ, ਧਰਮ ਦੇ ਠੇਕੇਦਾਰ ਨਿਰਦਈ ਲਹੂਪੀਣੇ ਠੱਗਾਂ ਕੋਲੋਂ, ਜਾਬਰ ਅਤੇ ਬੇਰਹਿਮ ਹਾਕਮਾਂ ਕੋਲੋਂ, ਰੋਮ ਰੋਮ ਦੁਖੀ ਮਨੁੱਖਤਾ ਦੀ ਫਰਿਆਦ ਸੁਣ ਲਈ ਅਤੇ ਉਸ ਪਰਮ-ਪਿਤਾ ਪਰਮਾਤਮਾ ਨੇ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਜਗਤ ਕਲਿਆਣ ਲਈ ਭੇਜਿਆ। ਇਸ ਤੋਂ ਅੱਗੇ ਏਸੇ ਆਗਮਨ ਵਾਲੀ ਪਉੜੀ ਵਿਚ ਹੀ ਭਾਈ ਸਾਹਿਬ, ਗੁਰੂ ਬਾਬਾ ਜੀ ਦੀ ਜਗਤ ਨੂੰ ਦੇਣ ਦਾ ਸੰਖੇਪ ਰੂਪ ਚਿਤਰਦੇ ਹਨ--ਚਰਨ ਧੋ ਕੇ ਚਰਣਾਂਮ੍ਰਿਤ ਪਿਲਾਉਣ ਦਾ ਅਰਥ ਹੈ ਆਪਾ ਭਾਵ ਮਿਟਾ ਦੇਣ ਵਾਲੀ ਨਿਮਰਤਾ ਅਤੇ ਮਨ ਵਿਚ ਗ਼ਰੀਬੀ ਭਾਵ ਵਾਲੀ ਪ੍ਰੇਮਾ-ਭਗਤੀ ਦੀ ਰੀਤ ਸਤਿਗੁਰਾਂ ਨੇ ਚਲਾਈ। ਆਪਸੀ ਫੁੱਟ ਅਤੇ ਘਿਰਣਾ ਪੈਦਾ ਕਰਨ ਵਾਲੀ **ਅਨੇਕਤਾ** ਦੇ ਕਰਮਕਾਂਡੀ-ਪੂਜਾ-ਬੰਧਨ ਤੋਂ ਮੁਕਤ ਕਰਕੇ **ਏਕਤਾ** ਦਾ ਪਾਠ ਸੰਸਾਰ ਨੂੰ ਦ੍ਰਿੜ ਕਰਾਇਆ। ਸਹੀ ਧਰਮ ਦੀ ਸਿਖਿਆ ਦੇ ਕੇ ਵੇਦ ਪੁਰਾਣਾ ਆਦਿ ਹਿੰਦੂ ਗ੍ਰੰਥਾਂ ਦੀ ਸਿਖਿਆ ਤੋਂ ਬਣੇ ਚਾਰ ਵਰਨਾਂ (ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ) ਦਾ ਭੇਤ ਮਿਟਾ ਕੇ ਸਹੋਦਰਤਾ ਭਾਵ ਨਾਲ ਇੱਕ ਥਾਂ ਰਹਿਣ ਦੀ ਜਾਚ ਸਿਖਾਈ। ਇਸ ਤਰ੍ਹਾਂ ਦੇ ਧਰਮ-ਭਾਵ ਵਿਚ ਗ਼ਰੀਬੀ ਅਮੀਰੀ ਦੀ ਵਿੱਥ ਮਿਟਾ ਕੇ ਸਹੋਦਰਤਾ ਭਾਵ, (ਮਾਂ ਜਾਇਆਂ ਵਾਲਾ ਪਿਆਰ) ਸਿਖਾਇਆ। ਜੰਨਤਾ ਦੀ ਵੰਡ ਚੌਹਾਂ ਵਰਨਾਂ ਵਿਚ ਕਰਨ ਸਮੇਂ ਤੋਂ ਹੀ ਸ਼ੂਦਰ ਨੂੰ " **ਪੈਰ** " ਮਿਥ ਕੇ ਬ੍ਰਾਹਮਣ ਆਪ " **ਸਿਰ** " ਅਥਵਾ **ਸੀਸ** ਬਣ ਬੈਠਾ ਸੀ ਅਤੇ ਇਹ ' ਸਿਰ ' ਦੂਜਿਆਂ ਨੂੰ ਸਦਾ ਭਿੱਟੜ ਮੰਨ ਕੇ ਬੜੀ ਆਕੜ ਭਰੇ ਹੰਕਾਰ ਵਿਚ ਸੀ। ਏਹੀ ਆਕੜ ਰਾਜਿਆਂ ਅਤੇ ਅਮੀਰਾਂ ਵਿਚ ਆ ਚੁੱਕੀ ਸੀ। ਬ੍ਰਾਹਮਣ ਖੱਤ੍ਰੀ ਵੈਸ਼ **ਮਾਇਆ ਧਾਰੀ ਲੋਕ ਹੰਕਾਰ ਦੀ ਟੀਸੀ ਤੇ ਬੈਠੇ ਮਾਨੋਂ " ਸੀਸ** ' ਬਣ ਚੁੱਕੇ ਸਨ। ਜੋ ਗ਼ਰੀਬਾਂ ਨਿਤਾਣਿਆਂ ਨੂੰ ਕੇਵਲ ਪੈਰ ਦੀ ਜੁੱਤੀ ਹੀ ਸਮਝਦੇ ਸਨ। ਭਾਈ ਸਹਿਬ ਛੇਵੀਂ ਪੰਗਤੀ ਵਿਚ ਫ਼ਰਮਾਨ ਕਰਦੇ ਹਨ ਕਿ ਪਰਮੇਸ਼ਰ ਦਾ ਇਹ ਕਥਿਤ ਭਾਣਾ ਹੁਣ ਉਲਟ ਗਿਆ। ਹੰਕਾਰੀ ਮਨੁੱਖ ਗ਼ਰੀਬਾਂ ਦੇ ਚਰਣਾ ਤੇ ਸੀਸ ਝੁਕਾਉਣਾ ਸਿੱਖ ਗਿਆ। ਭਾਵ, ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਨੇ, ਲੋਭ, ਲਾਲਚ, ਤ੍ਰਿਸ਼ਨਾ, ਕਾਮ, ਅਤੇ ਹੋਰ ਵਿਕਾਰਾਂ ਦੇ ਮੂਲ, ਹੰਕਾਰ-ਰੋਗ ਦਾ ਕਾਰੀ ਦਾਰੂ, ਨਿਮਰਤਾ, ਗ਼ਰੀਬੀ, ਧੀਰਜ, ਸਹਿਣਸ਼ੀਲਤਾ, ਖਿਮਾ ਆਦਿ ਸ਼ੁਭ ਗੁਣਾ ਵਿਚ ਵੇਖਿਆ। ਸੀਸੁ (ਸਰਬ-ਸ੍ਰੇਸ਼ਟ) ਬਣੇ ਬੈਠੇ ਹੰਕਾਰੀ-ਬ੍ਰਾਹਮਣ ਨੂੰ ਗ਼ਰੀਬ ਸ਼ੂਦਰ-ਰੂਪ ਚਰਨਾਂ ਉੱਤੇ ਝੁਕਾ ਦਿੱਤਾ। ਹਜ਼ਾਰਾਂ ਸਾਲਾਂ ਤੋਂ ਜਿਸ ਦੇ ਅੱਗੇ ਡੰਡੌਤਾਂ ਕਰਨੀਆਂ ਰੱਬ ਦਾ ਭਾਣਾ ਮੰਨ ਲਿਆ ਹੋਇਆ ਸੀ, ਉਹੀ ਬ੍ਰਾਹਮ-ਰੂਪ ਸੀਸ, ਜਦ ਸ਼ੂਦਰ ਦੇ ਚਰਣੀ ਜਾ ਲੱਗਾ ਤਾਂ ਲੋਕਾਂ ਲਈ ਇਹ ਕੌਤਕ ਇਉਂ ਸੀ ਜਿਵੇ ' ਅਕਾਲ ਪੁਰਖ ਦਾ ਖੇਲ ਹੀ ਉਲਟ ਗਿਆ ਹੋਵੇ। ਸਤਿਨਾਮ ਦੇ ਉਪਦੇਸ਼ ਨਾਲ ਸਤਿਗੁਰਾਂ ਨੇ ਕਲਿਜੁਗ ਨੂੰ, ਭਾਵ ਸਾਰੀ ਲੋਕਾਈ ਤਾਰ ਦਿੱਤਾ।

ਅੰਤ ਵਿਚ ਭਾਈ ਸਾਹਿਬ ਨੇ-- " ਕਲਿ ਤਾਰਣਿ ਗੁਰ ਨਾਨਕ ਆਇਆ " ਲਿਖ ਕੇ ਸਮਝਾ ਦਿੱਤਾ ਕਿ, ਗੁਰੂ ਨਾਨਕ ਮਹਾਰਾਜ ਜੀ, ਇਸ ਤਰ੍ਹਾਂ ਊਚ ਨੀਚ ਦਾ ਭੇਤ ਭਾਵ ਮਿਟਾ ਕੇ ਪਰਸਪਰ ਪਿਆਰ ਨਾਲ ਸਾਰੇ ਜੀਵਾਂ ਵਿਚ ਪ੍ਰਭੂ ਦੇ ਦੀਦਾਰੇ ਕਰਨ ਵਾਲੀ ਅੱਖ ਦੇ ਕੇ ਸਾਰੇ ਜਗਤ ਦੀ ਕਲਿਆਣ ਕਰਨ ਆਏ ਸਨ। ਭਾਵ, ਦੁਖੀਆਂ ਦੀ ਪੁਕਾਰ ਸੁਣ ਕੇ ਆਏ ਗੁਰੂ ਬਾਬਾ ਜੀ ਦੇ ਪੰਥ ਵਿਚ, ਪਹਿਲੇ ਬਣੇ ਚਾਰੇ ਵਰਨ ਸਮਾ ਰਹੇ ਸਨ। " ਚਾਰ ਵਰਨ ਇਕ ਵਰਨ ਕਰਾਇਆ '। ਸਤਿਗੁਰੂ ਦੀ ' ਜਨਮ ਸਾਖੀ ' ਲਿਖਣ ਦੇ ਅਰੰਭ ਵਿਚ ਹੀ ਭਾਈ ਗੁਰਦਾਸ ਜੀ ਨੇ ਸਾਫ਼ ਕਰ ਦਿੱਤਾ, ਕਿ ਗੁਰੂ ਨਾਨਕ ਜੀ ਦਾ ਆਗਮਨ, ਇਕ ਅਕਾਲ ਦਾ ਪੁਜਾਰੀ, ਸਰਬ-ਸਾਂਝੀਵਾਲਤਾ ਦਾ ਪ੍ਰਤੀਕ, **ਤੀਸਰਾ ਪੰਥ** ਚਲਾਉਣ ਲਈ ਹੋਇਆ ਸੀ। ਗ਼ਰੀਬੀ, ਨਿਮਰਤਾ, ਖਿਮਾ, ਧੀਰਜ ਆਦਿ ਸ਼ੁਭ ਗੁਣਾ ਵਾਲੇ ਸੰਤ ਸੂਰਮੇ ਮਨੁੱਖ ਦੀ ਸਿਰਜਣਾ ਦਾ ਅਰੰਭ ਕਿਵੇਂ ਹੋਇਆ ? ਇਹ ਸਭ ਕੁਝ ਭਾਈ ਸਾਹਿਬ ਜੀ ਨੇ ੨੪ਵੀਂ ਪਉੜੀ ਇਸ ਪ੍ਰਕਾਰ ਕੀਤਾ ਹੈ:--

ਪਹਿਲਾ ਬਾਬੇ ਪਾਯਾ ਬਖਸੁ ਦਰਿ, ਪਿਛੋ ਦੇ ਫਿਰਿ ਘਾਲ ਕਮਾਈ। ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ। ਬਾਬਾ ਪੈਧਾ ਸਚ-ਖੰਡਿ ਨਉ ਨਿਧਿ ਨਾਮੁ ਗ਼ਰੀਬੀ ਪਾਈ।
ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ। ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਦਿਸਿ ਆਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ। ਚੜ੍ਹਿਆ ਸੋਧਣਿ ਧਰਤਿ ਲੁਕਾਈ ॥੨੪॥

ਭਾਵ, ਗੁਰੂ ਬਾਬਾ ਜੀ ਅਕਾਲਪੁਰਖ ਦੇ ਏਨੇ ਪਿਆਰੇ ਸਨ ਕਿ ਉਨ੍ਹਾਂ ਤੇ ਕਰਤਾਰ ਦੀਆਂ ਸਾਰੀਆ ਬਖ਼ਸ਼ਸ਼ਾਂ ਹੋ ਚੁਕੀਆਂ ਸਨ। ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਬਖ਼ਸ਼ਿਸ਼ਾਂ ਦੇ ਮਾਲਕ ਬਣ ਕੇ ਹੀ ਸੰਸਾਰ ਵਿਚ ਆਏ ਸਨ। ਸੰਸਾਰ ਵਿਚ ਆ ਕੇ ਸਦਾ ਪ੍ਰੇਮਾ ਭਗਤੀ ਵਿਚ ਰਹਿਣ ਦੀ ਘਾਲਣਾ ਘਾਲੀ ਅਤੇ ਵਾਹਿਗੁਰੂ ਦਾ ਪਿਆਰ ਜਿੱਤ ਲਿਆ। ਭਾਵ, ਪਹਿਲਾਂ ਬਖ਼ਸ਼ਸ਼ ਦੀ ਪ੍ਰਾਪਤੀ ਹੋਈ, ਫਿਰ ਘਾਲਣਾ ਕਰਕੇ ਪ੍ਰਭੂ ਦੇ ਪਿਆਰੇ ਬਣ ਗਏ।

ਜਿਹੋ ਜਿਹੇ ਮਨੁੱਖ ਦੀ ਸਿਰਜਣਾ ਕਰਨੀ ਸੀ ਉਸ ਲਈ ਸਤਿਗੁਰਾਂ ਨੇ ਪਹਿਲਾਂ ਆਪ ਪੂਰਨੇ ਪਾਉਣੇ ਸਨ। ਰੇਤ ਅੱਕ ਦਾ ਭੋਜਨ ਕਰਨ ਤੋਂ ਭਾਵ ਹੈ ਕਿ ਗੁਰੂ ਬਾਬਾ ਜੀ ਨੇ ਦੁਖਾਂ ਕਲੇਸ਼ਾਂ ਨੂੰ ਸਹਾਰਿਆ (ਦੁਖੀਆਂ ਲੋੜਵੰਦਾ ਤੱਕ ਪੁੱਜ ਕੇ ਉਨ੍ਹਾਂ ਨੂੰ ਜੀਵਨ-ਦਾਨ ਦੇਣ ਲਈ, ਜਾਨ ਲੇਵਾ ਖ਼ਤਰਿਆਂ ਨਾਲ ਅਤੇ ਤੁਰਨਾ ਔਖਾ ਕਰਨ ਵਾਲੇ ਰੋੜਾਂ ਨਾਲ ਅਤੇ ਤਿੱਖੇ ਵਿਸ਼ੈਲੇ ਕੰਡਿਆਂ ਨਾਲ ਭਰੇ, ਅੰਨ ਪਾਣੀ ਦੀ ਅਣਹੋਂਦ ਵਾਲੇ ਜੰਗਲਾਂ, ਮਾਰੂ ਥਲਾਂ, ਵਿਚਦੀ ਹਜ਼ਾਰਾਂ ਮੀਲ ਪੈਂਡੇ ਕੀਤੇ ) ਇਸ ਕਰੜੀ ਤਪੱਸਿਆ ਤੋਂ ਅਕਾਲ ਪੁਰਖ ਨਾਲ ਬਣ ਆਈ ਤਾਂ ਉਸ ਦੇ ਦਰੋਂ ਗੁਰੂ ਬਾਬਾ ਜੀ ਨੂੰ ਨਾਮ, ਗ਼ਰੀਬੀ, ਨਿਮਰਤਾ ਦੇ ਅਤੁੱਟ ਖ਼ਜ਼ਾਨਿਆਂ ਦੀ ਬਖ਼ਸ਼ਸ਼ ਹੋਈ। ਅਜੇਹੀਆਂ ਬੇਅੰਤ ਸ਼ੁਭ-ਗੁਣ-ਰਤਨਾਂ ਦੇ ਅਥਾਹ ਸਾਗਰ ਜਗਤ-ਗੁਰੂ ਬਾਬਾ ਜੀ ਨੇ ਦਿਬ ਦ੍ਰਿਸ਼ਟ ਨਾਲ ਵੇਖਿਆ ਤਾਂ ਸਾਰੀ ਪ੍ਰਿਥਵੀ ਦੇ ਲੋਕ, ਈਰਖਾ, ਦਵੈਤ, ਹੰਕਾਰ, ਤ੍ਰਿਸ਼ਨਾਂ ਆਦਿ ਅਗਨੀਆਂ ਨਾਲ ਝੁਲਸਦੇ ਅਥਵਾ ਪਾਪਾਂ ਕਾਰਨ ਪੀੜਤ ਵੇਖ ਕੇ ਸਾਤਿਗੁਰਾਂ ਦਾ ਹਿਰਦਾ ਦ੍ਰਵ ਗਿਆ। ਸਤਿਗੁਰਾਂ ਨੇ ਵੇਖ ਲਿਆ ਕਿ ਸੱਚ ਦਾ ਮਾਰਗ ਦੱਸ ਕੇ ਫੋਕਟ ਭਰਮਾਂ ਦਾ ਪਾਜ ਨੰਗਾ ਕਰਨ ਵਾਲੇ ਗੁਰੂ ਤੋਂ ਬਿਨਾ, ਵਿਕਾਰਾਂ ਵਿਚ ਫਸੀ ਲੁਕਾਈ ਸਰੀਰਕ ਅਤੇ ਆਤਮਕ ਰੋਗਾਂ ਵਿਚ ਫਸੀ ਦੁਖੀ ਹੋ ਰਹੀ ਹੈ। ਗ਼ਰੀਬਾਂ ਨਿਤਾਣਿਆਂ ਦੇ ਦਰਦੀ ਬਾਬਾ ਜੀ ਨੇ-'ਉਦਾਸੀ ਕੀ ਰੀਤਿ ਚਲਾਈ (ਭੇਖੀ ਉਦਾਸੀਆਂ ਵਾਲਾ ਮਾਰਗ ਨਹੀਂ ਸੀ ਚਲਾਇਆ) ਉਦਾਸੀ ਦੀ ਰੀਤ ਦਾ ਭਾਵ ਹੈ ਕਿ, ਮਾਯਾ ਤੋਂ ਉਦਾਸ ਰਹਿਣ ਦੀ ਰੀਤ ਤੋਰੀ ਅਤੇ ਧਰਤੀ ਤੋਂ ਪਾਪਾਂ ਦੀ ਸੁਧਾਈ ਕਰਨ ਲਈ ਬਾਬਾ ਜੀ ਚੜ੍ਹ ਤੁਰੇ।

ਇਸ ਤੋਂ ਅਗਲੀਆਂ ੨੦ ਪਉੜੀਆਂ ਵਿਚ ਭਾਈ ਗੁਰਦਾਸ ਜੀ ਨੇ ਆਪਣੀ ਨਿਆਰੀ ਕਵਿਤਾ-ਸ਼ੈਲੀ ਦੁਆਰਾ, ਸਤਿਗੁਰਾਂ ਦੀ ਜੀਵਨ ਲੀਲ੍ਹਾ ਦੇ ਸਮੇ ਦੀਆਂ ਪ੍ਰਾਪਤੀਆਂ ਦੇ ਵਿਸ਼ਾਲ ਗੁਰੂ-ਇਤਿਹਾਸ ਦਾ ਸੰਖੇਪ-ਰੂਪ, ਬੜੇ ਅਰਥ ਭਰਪੂਰ ਸ਼ਬਦਾਂ ਵਿਚ ਅੰਕਿਤ ਕੀਤਾ ਹੋਇਆ ਹੈ । ਗੁਰੂ ਨਾਨਕ ਸਾਹਿਬ ਜੀ ਵਾਲੀ ਜੋਤਿ ਦੁਆਰਾ ਬਾਬਾ ਲਹਿਣਾ ਜੀ ਤੋਂ ਗੁਰੂ ਅੰਗਦ ਜੀ ਬਣ ਕੇ ਕਰਤਾਰ ਪੁਰ ਤੋਂ ਖਡੂਰ ਜਾਣ ਦੀ ਅਤੇ ਫਿਰ ਉਹੀ ਜੋਤਿ ਗੁਰੂ ਅਮਰਦਾਸ ਵਿਚ ਪ੍ਰਗ਼ਟ ਹੋ ਕੇ ਗੋਇੰਦਵਾਲੁ ਵਸਾਉਣ ਤੱਕ ਦੀ ਸਾਖੀ ਭਰਨ ਵਾਲੀ ੪੬ਵੀਂ ਪਉੜੀ ਤੋਂ ਪਹਿਲਾਂ ੪੫ਵੀਂ ਪਉੜੀ ਇਉਂ ਹੈ:--

ਜ਼ਾਰਤ ਕਰਿ ਮੁਲਤਾਨ ਦੀ ਫਿਰਿ ਕਰਤਾਰ ਪੁਰੇ ਨੋ ਆਇਆ । ਚੜ੍ਹੇ ਸਵਾਈ ਦਿਹਿ ਦਿਹ,ੀ ਕਲਿਜੁਗ ਨਾਨਕ ਨਾਮੁ ਧਿਆਇਆ ।
ਵਿਣੁ ਨਾਵੈ ਹੋਰੁ ਮੰਗਣਾ ਸਿਰਿ ਦੁਖਾ ਦੇ ਦੁਖ ਸਬਾਇਆ । **ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ ।**
ਥਾਪਿਆ ਲਹਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ । ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ ।
ਲਖਿ ਨਾ ਕੋਈ ਸਕਈ ਆਚਰਜੇ ਆਚਰਜ ਦਿਖਾਇਆ । ਕਾਇਆ ਪਲਟਿ ਸਰੂਪ ਬਣਾਇਆ ॥ ੪੫ ॥

ਭਾਵ, ਮੁਲਤਾਨ ਦੀ ਯਾਤਰਾ (ਵਿਚ ਗੁਰਮਤਿ ਗਿਆਨ ਦਾ ਡੰਕਾ ਵਜਦਾ ) ਕਰਕੇ ਫਿਰ ਗੁਰੂ ਬਾਬਾ ਜੀ ਕਰਤਾਰ ਪੁਰ ਪੁੱਜੇ । ਕਿਉਂਕਿ ਨਾਮ ਤੋਂ ਬਿਨਾ ਹੋਰ ਮਾਇਕ ਪਦਾਰਥ ਮੰਗਣ ਨਾਲ ਦੁਖਾਂ ਕਲੇਸ਼ਾਂ ਵਿਚ ਵਾਧਾ ਹੁੰਦਾ ਸੀ ਇਸ ਲਈ ਸਤਿਗੁਰਾਂ ਨੇ ਸਦੀਵੀ ਸੁਖ ਦੇਣ ਵਾਲੇ ਪ੍ਰਭੂ ਦੇ ਨਾਮ ਦਾ ਜਾਪ ਕਰਾਇਆ ਅਤੇ ਸਤਿਗੁਰਾਂ ਦੀ ਕੀਰਤੀ ਕਲਿਜੁਗ ਵਿਚ ਵਧੀ । ਸਤਿਗੁਰਾਂ ਨੇ ਅਜੇਹੇ ਸਰਬ-ਪ੍ਰਵਾਣਤ ਨਿਯਮ ਰੂਪੀ ਹੁਕਮ ਦਾ ਸਿੱਕਾ ਚਲਾ ਕੇ ( ਸਾਰੇ ਵਿਕਾਰਾਂ ਦੀ ਜੜ੍ਹ ਹਉਮੈ ਰੂਪੀ) **ਮੈਲ ਤੋਂ ਰਹਿਤ ਨਿਰਮਲ-ਪੰਥ ਤੋਰਿਆ** । ਗੁਰੂ ਨਾਨਕ ਜੀ ਨੇ ਜੀਊਂਦਿਆਂ ਆਪ ਹੀ ਆਪਣੀ ਜੋਤਿ ਬਾਬੇ ਲਹਿਣੇ ਵਿਚ ਪਾ ਕੇ ਉਨ੍ਹਾਂ ਨੂੰ ਆਪਣਾ ਰੂਪ ਬਣਾ ਦਿੱਤਾ । ਸਰੀਰ ਨੂੰ ਪਲਟ ਕੇ (ਗੁਰੂ ਅੰਗਦ ਜੀ ਦਾ) ਰੂਪ ਆਪਣੇ ਵਰਗਾ ਬਣਾ ਦੇਣ ਵਾਲੇ ਅਸਚਰਜ ਭੇਤ ਦੀ ਅਲੀਯਤ ਨੂੰ ਕੋਈ ਨਾ ਜਾਣ ਸਕਿਆ । ਅਜੇਹੇ ਵਿਸਥਾਰ ਨਾਲ ਸਪੱਸ਼ਟ ਕੀਤੇ ਭਾਈ ਗੁਰਦਾਸ ਜੀ ਦੇ ਫ਼ੁਰਮਾਨਾਂ ਨੂੰ ਭੁਲਾ ਕੇ ਇਹ ਕਹਿਣਾ ਕਿ ਤੀਸਰਾ ਪੰਥ ਦਸ਼ਮੇਸ਼ ਜੀ ਨੇ ਚਲਾਇਆ ਸੀ, ਭੁੱਲ ਹੈ ।

ਪੂਰੀ ਤਰ੍ਹਾਂ ਗੁਰਮਤਿ ਦਾ ਧਾਰਨੀ, ਸੰਤ ਅਤੇ ਸੂਰਮਾ ਬਣਾ ਕੇ ਅੰਤ ਵਿਚ ਜਿਸ ਪੰਥ ਨੂੰ " ਖ਼ਾਲਸਾ ਪੰਥ " ਕਹਿ ਕੇ ਨਿਵਾਜਣਾ ਸੀ, ਉਸ ਪੰਥਕ-ਮਹਲ ਦਾ ਨੀਂਹ-ਪੱਥਰ ਸ੍ਰੀ ਨਾਨਕਾਣਾ ਸਾਹਿਬ ਵਿਖੇ ਹੀ ਰਖਿਆ ਗਿਆ ਸੀ। ਖ਼ਾਲਸਾ ਪੰਥ ਦਾ ਉਦਘਾਟਨ **ਬੇਬੇ ਨਾਨਕੀ ਜੀ** ਤੋਂ ਹੋਇਆ ਸੀ, ਦੂਜਾ ਨਿਰਮਲ ਸਿੱਖ ਭਾਈ ਰਾਏ ਬੁਲਾਰ ਜੀ ਅਤੇ ਫਿਰ ਨਿਰਮਲ ਪੰਥੀਆਂ ਵਿਚ ਮਰਦਾਨਾ ਜੀ ਆਏ ਅਤੇ ਇਹ ਗਿਣਤੀ ਦੋ ਕ੍ਰੋੜ ਤੱਕ ਜਾ ਪੁੱਜੀ। ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਦਾ ਪ੍ਰਥਮ ਸਰੂਪ ਹੀ ਖ਼ਾਲਸੇ ਦਾ ਜਨਮ ਦਾਤਾ ਹੈ। ਬਾਕੀ ਸਰੂਪਾਂ ਸਮੇਂ **ਨਿਰਮਲ-ਪੰਥੀਆ**-ਰੂਪ **ਖ਼ਾਲਸੇ** ਜੀ ਦੇ ਆਚਰਨ ਵਿਚ ਪ੍ਰਪੱਕਤਾ ਲਿਉਣ ਦੀ ਘਾਲਣਾਂ ਘਾਲੀ ਜਾਂਦੀ ਰਹੀ ਹੈ। ਖ਼ਾਲਸ ਗੁਣਾਂ ਵਾਲੀ ਰਹਿਤ ਨਿਰਮਲ ਪੰਥੀਆ ਬਣਾਉਂਦੀ ਹੈ । ਨਿਰਮਲ ਆਚਰਨ, ਨਿਰਮਲ ਰਹਿਣੀ ਬਹਿਣੀ ਦਾ ਨਾਮ ਨਿਰਮਲ ਪੰਥ ਹੈ। ਕੇਵਲ ਕਿਸੇ ਖ਼ਾਸ ਬਾਣੇ ਅਤੇ ਖ਼ਾਸ ਚਿੰਨ੍ਹਾਂ ਵਿਚ ਫੱਬੇ ਹੋਏ ਮਨੁੱਖ ਦਾ ਨਾਮ ਖ਼ਾਲਸਾ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਅਨੁਸਾਰ ਆਪਣੀ ਜੀਵਨ ਜੁਗਤ ਸੁਆਰ ਕੇ ਸਤਿਗੁਰਾਂ ਦੀ ਬਖ਼ਸ਼ੀ, ਨਿਆਰੇ ਸੁੱਚੇ ਆਚਰਨ ਵਾਲੀ ਜੀਵਨ-ਮਰਯਾਦਾ ਵਾਲਾ, ਅਤੇ ਅਕਾਲਪੁਰਖ ਦੇ ਨਿਰਮਲ ਭੈ ਵਿਚ ਰਹਿੰਦਿਆਂ ਪੰਜਾਂ ਕਕਾਰਾਂ ਦਾ ਧਾਰਨੀ ਹੀ ਗੁਰੂ ਦਾ ਖ਼ਾਲਸਾ ਹੈ।

ਯਾਦ ਰਖਣ ਵਾਲਾ ਵਿਸ਼ਾ ਇਹ ਹੈ ਕਿ ਨਿਆਰਾ ਆਚਰਨ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਦੀ ਪਾਲਣਾਂ ਵਿਚ ਟਿਕਿਆ ਹੋਇਆ ਹੈ। ਨਿਆਰੀ ਸ਼ਕਲ ਸੂਰਤ ਜਾਂ ਨਿਆਰੇ ਬਾਣੇ ਵਿਚ ਆਪਣੇ ਆਪ ਹੀ ਨਿਆਰਾ ਆਚਰਨ ਆ ਵੱਸਦਾ ਹੈ--ਇਹ ਕੇਵਲ ਹਰਿਚੰਦਾਉਰੀ ਹੈ, ਮਾਇਆ-ਜਾਲ ਤੋਂ ਉਪਜਿਆ ਦੁਖਦਾਈ ਭਰਮ ਹੈ। ਨਿਆਰੇ ਆਚਰਨ ਦੀ ਮਰਯਾਦਾ ਨੂੰ ਦ੍ਰਿੜ ਕਰਾਉਣ ਵਿਚ ਤਾਂ ੨੦੦ ਸਾਲ ਤੋਂ ਵੱਧ ਸਮਾਂ ਲੱਗਾ ਸੀ, ਬਾਣਾਂ ਤਾਂ ਇੱਕ ਦਿਨ ਵਿਚ ਪੱਕਾ ਹੋ ਗਿਆ ਸੀ। ਸੋ ਆਚਰਨ ਪਹਿਲਾਂ ਤੇ ਬਾਣਾਂ ਪਿਛੋਂ। ਦੋਵੇਂ ਰਲ ਕੇ ਹੀ ਪੂਰਨ **ਖ਼ਾਲਸਾ** ਹੈ, ਉੱਚਾ ਅਤੇ ਸੁੱਚਾ ਆਚਰਨ ਅਤੇ ਹਰ ਪ੍ਰਕਾਰ ਦੇ ਵਿਕਾਰ ਦੀ ਮੈਲ ਤੋਂ ਬੇਦਾਗ਼ ਹੀ ਪੂਰਨ **ਖ਼ਾਲਸਾ-ਪੰਥ** ਹੈ। ਇੱਕ ਵਾਰੀ ਫ਼ੇਰ ਕਹਿ ਲਈਏ--ਏਹੀ ਹੈ ਉਹ ਪੰਥ ਜਿਸ ਨੂੰ ਭਾਈ ਗੁਰਦਾਸ ਜੀ ਨੇ ਨਿਰਮਲ ਪੰਥ ਲਿਖਿਆ ਹੈ--**ਮਾਰਿਆ ਸਿੱਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ**। ਪੰਥ ਦਾ ਭਾਵ ਮਾਰਗ ਹੈ। ਸਤਿਗੁਰਾਂ ਦੇ ਦੱਸੇ ਮਾਰਗ ਤੇ ਚਲਣਾ ਹੀ ਗੁਰਸਿੱਖੀ ਹੈ।

੩੭- **ਨਿਰਮਲ ਭਏ ਊਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ ॥**
**ਚਰਨ ਕਮਲ ਸਿਉ ਡੋਰੀ ਰਾਚੀ, ਭੇਟਿਓ ਪੁਰਖੁ ਅਪਾਰੋ ॥ ੧ ॥**
**ਕਰੁ ਗਹਿ ਲੀਨੇ ਸਰਬਸੁ ਦੀਨੇ, ਦੀਪਕ ਭਇਓ ਉਜਾਰੋ ॥**
**ਨਾਨਕ ਨਾਮਿ ਰਸਿਕ ਬੈਰਾਗੀ, ਕੁਲਹ ਸਮੂਹਾਂ ਤਾਰੋ ॥ ੨ ॥** [੧੨੨੫]-੮੭-੧੧੦

ਇਸ ਪੁਸਤਕ ਦੇ ਲਿਖੇ ਜਾਣ ਦਾ ਮੁੱਖ ਮੰਤਵ ਪੁਸਤਕ ਦੀ ਭੂਮਿਕਾ ਵਿਚ ਹੀ ਸਾਫ ਸ਼ਬਦਾਂ ਵਿਚ ਲਿਖਿਆ ਹੋਇਆ ਹੈ ਕਿ (੧) ਤੇਜ ਪ੍ਰਤਾਪ ਮੁੜਨਾ ਤਾਂ ਕਿਤੇ ਰਿਹਾ ਸਗੋਂ ਸਾਥੋਂ ਦੂਰ ਤੋਂ ਦੂਰ ਭਜਿਆ ਜਾ ਰਿਹਾ ਹੈ ਕੀ, ਕਿਤੇ ਅਸੀਂ ਆਪਣਾ ਨਿਆਰਾ-ਪਨ ਹੀ ਤਾਂ ਨਹੀਂ ਗੁਆ ਬੈਠੇ ਹੋਏ? (੨) ਕੀ ਕਿਤੇ ਅਸੀਂ ਬਿੱਪ੍ਰਨ ਕੀ ਰੀਤ ਦੇ ਧਾਰਨੀ ਵੀ ਤਾਂ ਨਹੀਂ ਬਣ ਗਏ ਹੋਏ, ਜੋਂ ਸਾਡੀ ਕੋਈ ਪੰਥਕ-ਅਰਦਾਸਿ ਵੀ ਨਹੀਂ ਸੁਣੀ ਜਾ ਰਹੀ? (੩) ਸਰਬ ਖ਼ਾਲਸਾ ਸੁਮੇਲਣਾ ਵਿਚ ਕੀਤੀ ਪੰਥ ਅਰਦਾਸ ਦਾ ਵੀ ਨਾ ਸੁਣਿਆਂ ਜਾਣਾ ਸਿੱਧ ਕਰਦਾ ਹੈ ਕਿ ਖ਼ਾਲਸਾ ਜੀ ਵਿਚ ਆ ਚੁੱਕੇ ਜਿਨ੍ਹਾਂ ਗੁਣਾ ਦੇ ਕਾਰਨ ਖ਼ਾਲਸਾ ਜੀ ਨੂੰ ਸਤਿਗੁਰਾਂ ਨੇ " ਸਤਿਗੁਰ ਪੂਰਾ " ਫ਼ੁਰਮਾਨ ਕੀਤਾ ਸੀ ਅਜੋਕਾ ਖ਼ਾਲਾਸਾ ਉਸ ਪੱਧਰ ਤੋਂ ਨੀਵਾਂ ਡਿੱਗ ਚੁੱਕਾ ਹੈ । ਜੇ ਅੱਜ ਵੀ ਅਸੀਂ ਉਹੀ ਹੁੰਦੇ ਤਾਂ ਇਹ ਕਦੇ ਹੋ ਹੀ ਨਹੀਂ ਸੀ ਸਕਦਾ ਕਿ " ਸਤਿਗੁਰ ਪੂਰੇ " ਦਾ ਬਚਨ ਕਦੇ ਪੂਰਾ ਨਾ ਹੁੰਦਾ । ਬਚਨ ਪੂਰਾ ਹੋਣ ਦੀ ਗੱਲ ਤਾਂ ਕਿਤੇ ਰਹਿ ਗਈ ਅੱਜ ਤਾਂ ਗਿੜਗੜਾ ਕੇ ਕੀਤੀ ਸਰਬੱਤ ਖ਼ਾਲਸੇ ਦੀ ਅਰਦਾਸ ਵੀ ਨਹੀਂ ਸੁਣੀ ਜਾ ਰਹੀ।

ਗੁਰਮਤਿ ਦੇ ਬੇਅੰਤ ਸਿਧਾਂਤ ਵਿਚਾਰ ਚੁੱਕੇ ਹਾਂ ਪਰ ਕਿਸੇ ਇਕ ਥਾਂ ਵੀ ਇਹ ਸਿੱਧ ਨਹੀਂ ਹੋਇਆ ਕਿ ਅਸੀਂ ਨਿਆਰੀ ਮਰਯਾਦਾ ਵਾਲੀ ਗੁਰਮਤਿ ਦੇ ਧਾਰਨੀ ਹਾਂ । ਹਰ ਥਾਂ ਮਨਮਤਿ ਅਥਵਾ ਬਿੱਪ੍ਰਨ ਕੀ ਰੀਤ ਪ੍ਰਧਾਨ ਹੋ ਚੁੱਕੀ ਵੇਖਦੇ ਆ ਰਹੇ ਹਾਂ । ਏਥੇ ਹੁਣ ਅਸਾਂ ਇਹ ਵਿਚਾਰ ਕਰਨੀ ਹੈ ਕਿਸੇ ਦੇ ਜਨਮ ਦਿਨ ਤੇ ਖ਼ੁਸ਼ੀ ਕਰਨੀ ਅਤੇ ਮਰਨ ਦਿਨ ਤੇ ਸੋਗ ਕਰਨਾ ਬਿੱਪ੍ਰਨ ਕੀ ਰੀਤ ਹੈ ਕਿ ਜਾਂ ਗੁਰਮਤਿ ਹੈ ? ਬ੍ਰਾਹਮਣੀ ਮਿਥਿਹਾਸ ਵੱਲ ਨਜ਼ਰ ਮਾਰੀਏ ਤਾਂ ਸ੍ਰੀ ਰਾਮ ਚੰਦ੍ਰ ਜੀ ਦਾ ਪਿਤਾ ਸੁਰਗਵਾਸ ਹੋਇਆ ਤਾਂ ਰਾਜ ਮਹਲਾਂ ਵਿਚ ਰੋਣਾ ਪਿੱਟਣਾ ਹੁੰਦਾ ਰਾਮਾਇਣ ਗਾਥਾ ਦੀ Documentary ਵਿਚ ਬ੍ਰਾਹਮਣ ਨੇ ਆਪ ਦਰਸਾਇਆ ਹੋਇਆ ਹੈ । ਸੀਤਾ ਕੇਵਲ ਥੋਹੜੇ ਸਮੇਂ ਲਈ ਵਿਛੁੜੀ ਹੀ ਸੀ ਅਤੇ ਲਛਮਣ ਮਰਿਆ ਨਹੀਂ ਸੀ ਕੇਵਲ ਬੇਹੋਸ਼ ਹੀ ਹੋਇਆ ਸੀ ਪਰ ਭਗਵਾਨ ਰਾਮ ਚੰਦ੍ਰ ਜੀ ਨੂੰ ਹਟਕੋਰਿਆਂ ਨਾਲ ਰੋਂਦੇ, ਹਉਕੇ ਭਰਦੇ ਅਤੇ ਸ਼ੋਕ ਵਿਚ ਏਨੇ ਅਧੀਰ ਹੋ ਗਏ, ਕਿ ਆਪ ਵੀ ਮਰਨ ਨੂੰ ਤਿਆਰ ਨਜ਼ਰੀਂ ਆ ਰਹੇ ਹਨ। ਗੁਰਬਾਣੀ ਵੀ ਇਸ ਤੱਥ ਦੀ ਗਵਾਹੀ ਭਰਦੀ ਹੈ--**ਰੋਵੈ ਰਾਮੁ ਨਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥** [੯੫੩/੫੪] ਹਿੰਦੂ ਧਰਮ ਦੇ ਉੱਘੇ ਗ੍ਰੰਥ, **ਗਰੁੜ ਪੁਰਾਣ** ਵਿਚ ਲਿਖਿਆ ਹੋਇਆ ਹੈ ਕਿ ਮੌਤ ਹੋ ਜਾਣ ਤੇ ਰੋਣਾ ਅਤੇ ਧਾਹਾਂ ਮਾਰਨੀਆਂ, ਘਰਦਿਆਂ ਲਈ ਅਤੇ ਵਿਛੁੜੀ ਆਤਮਾ ਦੋਹਾਂ ਲਈ ਲਾਹੇਵੰਦ ਹੈ। ਪਰ ਗੁਰਬਾਣੀ ਦਾ ਫ਼ੁਰਮਾਨ ਇਸ ਦੇ ਉਲਟ ਹੈ--**ਮਤਿ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨਾ ਭਾਇਆ ॥** [੯੨੩]

ਏਸੇ ਤਰ੍ਹਾਂ ਬ੍ਰਾਹਮਣ ਨੇ ਜਨਮ ਸੰਸਕਾਰ ਮਨਾਉਣ ਲਈ ਉਚੇਚੀਆਂ ਵਿਧੀਆਂ ਬਣਾਈਆਂ ਹਈਆਂ ਹਨ। ਰਾਮ ਅਤੇ ਕ੍ਰਿਸ਼ਨ ਕਥਿਤ ਅਵਤਾਰਾਂ ਦੇ ਜਨਮ ਤੇ ਉਚੇਚੇ ਢੋਲ-ਢਮੱਕੇ ਵੱਜਦੇ ਅਤੇ ਨਾਚ ਗਾਣੇ ਹੁੰਦੇ ਦਰਸਾਏ ਹੋਏ ਹਨ। ਲੜਕੇ ਦੇ ਜਨਮ ਤੇ ਉਚੇਚੀਆਂ ਖ਼ੁਸ਼ੀਆਂ ਮਨਾਉਣੀਆਂ ਬ੍ਰਾਹਮਣ ਦੀ ਦੇਣ ਹੈ। ਕਿਉਂਕਿ ਬ੍ਰਾਹਮਣੀ ਮਤਿ ਅਨੁਸਾਰ ਨਿਪੁੱਤੇ ਮਾਤਾ ਪਿਤਾ ਭਾਵੇਂ ਕਿੱਡੇ ਵੀ ਧਰਮਾਤਮਾ ਕਿਉਂ ਨਾ ਹੋਣ, ਸੁਰਗ ਵਿਚ ਕਦੇ ਨਹੀਂ ਜਾ ਸਕਦੇ। ਹਿੰਦੂ-ਧਰਮ ਗ੍ਰੰਥਾਂ ਵਿਚ ਪੁੱਤਰ ਨੂੰ ਨਰਕਾਂ ਤੋਂ ਬਚਾਉਣ ਵਾਲਾ ਲਿਖਿਆ ਹੋਇਆ ਹੈ, ਜਿਸ ਤੋਂ ਪੁੱਤ੍ਰ ਦੇ ਜਨਮ ਤੇ ਉਚੇਚੀਆਂ ਖ਼ੁਸ਼ੀਆਂ ਮਨਾਉਣੀਆਂ ਅਰੰਭ ਹੋ ਗਈਆਂ। ਪੁੱਤਰੀ ਨੇ ਕਿਸੇ ਦੂਜੇ ਨੂੰ ਸੁਰਗ ਭੇਜਣ ਵਿਚ ਸਹਾਈ ਕੀ ਹੋਣਾ ਹੈ, ਇਸਤ੍ਰੀ ਵਿਚਾਰੀ ਦੇ ਆਪਣੇ ਲਈ ਵੀ ਬ੍ਰਾਹਮਣ ਨੇ ਸੁਰਗਾਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਹੋਏ ਹਨ--ਸੁਰਗਾਂ ਦੀ ਅਧਿਕਾਰੀ ਬਣਨ ਲਈ ਇਸਤ੍ਰੀ ਲਈ ਜ਼ਰੂਰੀ ਸ਼ਰਤ ਹੈ ਕਿ ਉਹ ਮਰਦ ਹੋ ਕੇ ਜਨਮ ਲਏ। ਇਸ ਲਈ ਲੜਕੀ ਦਾ ਜਨਮ ਬਦਸ਼ਗਨੀ ਬਣ ਗਿਆ।

ਸਤਿਗੁਰਾਂ ਨੇ ਅਜੇਹੇ ਬ੍ਰਾਹਮਣੀ ਭਰਮਾਂ ਦਾ ਖੰਡਨ ਕੀਤਾ ਅਤੇ ਕਿਸੇ ਬੱਚੇ ਦੇ ਜਨਮ ਹੋਣ ਤੇ ਉਚੇਚੇ ਤੌਰ ਤੇ ਖ਼ੁਸ਼ੀਆਂ ਦਾ ਪ੍ਰਗਟਾਵਾ ਕਰਨਾ ਅਥਵਾ ਮੌਤ ਤੇ ਰੋਣਾ ਕੁਰਲਾਉਣਾ ਹੋਛੇ ਅਤੇ ਨਾਸ਼ੁਕਰੇ ਮਨੁੱਖ ਦੇ ਹਿੱਸੇ ਦੀ ਗੱਲ ਫ਼ੁਰਮਾਨ ਕੀਤੀ। ਮੁੰਡੇ ਦੇ ਜਨਮ ਦਿਨ ਤੇ ਉਚੇਚੀਆਂ ਪਾਰਟੀਆਂ, ਸ਼ਰਾਬਾਂ, ਖੁਸਰਿਆਂ ਦੇ ਨਾਚ, ਭੰਗੜੇ ਅਥਵਾ ਤੁਹਫ਼ਿਆਂ ਅਤੇ ਵਧਾਈਆਂ ਦਾ ਲੈਣ-ਦੇਣ, ਕਿਸੇ ਵੀ ਤਰ੍ਹਾਂ ਦੀ ਹੰਕਾਰ-ਪ੍ਰਦਰਸ਼ਨੀ ਗੁਰਮਤਿ ਵਿਚ ਬਿਵਰਜਿਤ ਹੈ। ਮੁੰਡੇ ਦੇ ਜਨਮ ਤੇ ਢੋਲ-ਢਮੱਕਿਆਂ ਵਾਲੇ ਇਸ ਸਾਰੇ ਸ਼ੋਰ-ਸ਼ਰਾਬੇ ਪ੍ਰਤੀ ਸਤਿਗੁਰਾਂ ਦਾ ਫ਼ੁਰਮਾਨ ਇਸ ਪ੍ਰਕਾਰ ਹੈ--

੩੮- **ਜਨਮੈ ਕਉ ਵਾਜਹਿ ਵਾਧਾਏ ॥ ਸੋਹਿਲੜੇ ਅਗਿਆਨੀ ਗਾਏ ॥**

**ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ ॥ ੬ ॥**[੧੦੩੨]੬-੧੨

**ਅਰਥ:**--(ਜਦੋਂ ਕੋਈ ਜੀਵ ਜੰਮਦਾ ਹੈ ਤਾਂ ਉਸ ਦੇ) ਜੰਮਣ ਤੇ ਵਾਜੇ ਵੱਜਦੇ ਹਨ, ਵਾਧਾਈਆਂ ਮਿਲਦੀਆਂ ਹਨ, ਗਿਆਨ ਤੋਂ ਸੱਖਣੇ ਲੋਕ ਖ਼ੁਸ਼ੀ ਦੇ ਗੀਤ ਗਾਉਂਦੇ ਹਨ । ਪਰ ਜਿਹੜਾ ਜੀਵ ਜੰਮਦਾ ਹੈ ਉਸ ਨੇ ਮਰਨਾ ਵੀ ਜ਼ਰੂਰ ਹੈ । ਹਰੇਕ ਜੀਵ ਦੇ ਕੀਤੇ ਕਰਮਾਂ ਅਨੁਸਾਰ (ਮੌਤ ਦਾ) ਮਹੂਰਤ ਉਸ ਦੇ ਮੱਥੇ ਤੇ ਲਿਖਿਆ ਹੁੰਦਾ ਹੈ । ੨ ।

ਭਾਵ ਜਨਮ ਦਿਨ ਮਨਾਉਂਣ ਵਾਲਿਆਂ ਨੂੰ ਜੇ ਉਸ ਵੇਲੇ ਇਹ ਯਾਦ ਹੋਵੇ ਕਿ ਜਿਸ ਦਾ ਜਨਮ ਹੋਇਆ ਹੈ ਉਸ ਲਈ ਮੌਤ ਦੀ ਘੜੀ ਪਤਾ ਨਹੀਂ ਕਿਹੜੇ ਵੇਲੇ ਆ ਜਾਣੀ ਹੈ, ਤਾਂ ਜਨਮ ਦਿਨ ਦੀਆਂ ਅਜੇਹੀ ਰੌਲੇ ਗੌਲੇ ਵਾਲੀਆਂ ਖ਼ੁਸ਼ੀਆਂ ਕਦੇ ਨਾ ਕਰੇ । ਵੇਖਣ ਵਿਚ ਆਉਂਦਾ ਹੈ ਕਿ ਜਿਹੜੇ ਲੋਕ ਜਨਮ ਦਿਨ ਦੀ ਖ਼ੁਸ਼ੀ ਵਿਚ ਭੰਗੜੇ ਪਾਉਂਦੇ ਹਨ, ਪਾਰਟੀਆਂ ਕਰਦੇ ਹਨ, ਉਹ ਮੌਤ ਹੋ ਜਾਣ ਤੇ ਰੋਂਦੇ ਪਿੱਟਦੇ ਵੀ ਉਡੇ ਹੀ ਜ਼ੋਰ ਨਾਲ ਹਨ । ਦੋਹੀ ਥਾਂਈ ਮਨੁੱਖ ਲੋਕਾਂ ਲਈ ਤਮਾਸ਼ਾ ਬਣਿਆਂ ਹੋਇਆ ਹੁੰਦਾ ਹੈ । ਏਸੇ ਲਈ ਗੁਰਮਤਿ ਵਿਚ ਖ਼ੁਸ਼ੀ ਗ਼ਮੀ ਵਿਚ ਇੱਕ ਸਾਰ, ਅਭਿੱਜ ਅਤੇ ਅਡੋਲ ਰਹਿਣ ਦਾ ਉਪਦੇਸ਼ ਹੈ ।

੩੯- **ਹਰਖ ਸੋਗ ਤੇ ਰਹਹਿ ਨਿਰਾਸਾ ॥ ਅੰਮ੍ਰਿਤੁ ਚਾਖਿ ਹਰਿ ਨਾਮਿ ਨਿਵਾਸਾ ॥**

**ਆਪੁ ਪਛਾਣਿ ਰਹੈ ਲਿਵ ਲਾਗਾ ॥ ਜਨਮੁ ਜੀਤਿ ਗੁਰਮਤਿ ਦੁਖੁ ਭਾਗਾ ॥ ੬ ॥**[੧੧੮੯]-੪

**ਅਰਥ:**--(ਗੁਰਮਖਿ ਜਨ) ਖ਼ੁਸ਼ੀ ਗ਼ਮੀ ਤੋਂ ਉਤਾਂਹ ਰਹਿੰਦੇ ਹਨ, ਆਤਮਕ ਜੀਵਨ ਦੇਣ ਵਾਲਾ ਨਾਮ-ਅੰਮ੍ਰਿਤ ਚੱਖ ਕੇ ਉਹ ਬੰਦੇ ਪਰਮਾਤਮਾ ਦੇ ਨਾਮ ਵਿਚ ਹੀ (ਆਪਣੇ ਮਨ ਦਾ) ਟਿਕਾਣਾ ਬਣਾ ਲੈਂਦੇ ਹਨ । ਜਿਹੜਾ ਮਨੁੱਖ ਆਪਣੇ ਆਤਮਕ ਜੀਵਨ ਨੂੰ ਪਰਖ ਕੇ ਪਰਮਾਤਮਾ ਦੀ ਯਾਦ ਵਿਚ ਸੁਰਤਿ ਜੋੜੀ ਰੱਖਦਾ ਹੈ, ਉਹ ਮਨੁੱਖਾ ਜੀਵਨ ਦੀ ਬਾਜ਼ੀ ਜਿੱਤ ਲੈਂਦਾ ਹੈ । ਗੁਰੂ ਦੀ ਮਤਿ ਤੇ ਤੁਰਨ ਨਾਲ ਉਸ ਦਾ (ਚੰਚਲਤਾ ਵਾਲਾ) ਦੁਖ ਦੂਰ ਹੋ ਜਾਂਦਾ ਹੈ । ੬ ।

੪੦- **ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**

**ਹਰਖ ਸੋਗ ਤੇ ਰਹੈ ਅਤੀਤਾ** ਤਿਨਿ ਜਗਿ ਤਤੁ ਪਛਾਨਾ ॥ ੧ ॥ [੨੧੯]-੧

**ਅਰਥ:**--ਜਿਹੜਾ ਮਨੁੱਖ ਸੁਖ ਅਤੇ ਦੁੱਖ ਦੋਹਾਂ ਨੂੰ ਇਕੋ ਜਿਹਾ ਜਾਣਦਾ ਹੈ, ਅਤੇ ਜਿਹੜਾ ਆਦਰ ਤੇ ਨਿਰਾਦਰੀ ਨੂੰ ਵੀ ਇੱਕ ਸਮਾਨ ਜਾਣਦਾ ਹੈ । (ਭਾਵ, ਕੋਈ ਮਨੁੱਖ ਉਸ ਦਾ ਆਦਰ ਕਰੇ ਤਾਂ ਵੀ ਪਰਵਾਹ ਨਹੀਂ, ਅਤੇ ਜੇ ਕੋਈ ਉਸ ਦੀ ਨਿਰਾਦਰੀ ਕਰੇ ਤਾਂ ਵੀ ਪਰਵਾਹ ਨਹੀ), ਤੇ ਜਿਹੜਾ ਮਨੁੱਖ ਖ਼ੁਸ਼ੀ ਅਤੇ ਗ਼ਮੀ ਦੋਹਾਂ ਤੋਂ ਨਿਰਲੇਪ ਰਹਿੰਦਾ ਹੈ (ਖ਼ੁਸ਼ੀ ਵੇਲੇ ਹੰਕਾਰ ਵਿਚ ਨਹੀਂ ਆਉਂਦਾ ਤੇ ਗ਼ਮੀ ਦੇ ਵੇਲੇ ਘਬਰਾਉਂਦਾ ਨਹੀ) ਉਸ ਨੇ ਜਗਤ ਵਿਚ ਜੀਵਨ ਦਾ ਭੇਤ ਸਮਝ ਲਿਆ ਹੈ । ੧ ।

੪੧- **ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ ॥ ਤਿਨ ਕੀ ਧੂੜਿ ਪਾਏ ਮਨੁ ਮੇਰਾ, ਜਾ ਦਇਆ ਕਰੇ ਭਗਵੰਤਾ ॥ ਕਹੁ ਨਾਨਕ ਗੁਰੁ ਪੂਰਾ ਮਿਲਿਆ ਤਾਂ ਉਤਰੀ ਮਨ ਕੀ ਚਿੰਤਾ ॥ ੪ ॥**[੧੦੦੩]-੬-੧੫

**ਅਰਥ:**--ਹਰੀ ਦੇ ਸੰਤ ਜਨ ਹੀ ਪਵਿੱਤਰ ਜੀਵਨ ਵਾਲੇ ਹਨ, ਉਹ ਖ਼ੁਸ਼ੀ ਗ਼ਮੀ ਮੋਹ ਆਦਿਕ ਤੋਂ ਬਚੇ ਰਹਿੰਦੇ ਹਨ । ਉਨ੍ਹਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਹੋਣੀ ਮੇਰੇ ਮਨ ਲਈ ਪ੍ਰਭੂ ਦੀ ਦਇਆ (ਦੀ ਨਿਸ਼ਾਨੀ) ਹੈ । ਪੂਰੇ ਗੁਰੂ ਦੇ ਮਿਲ ਜਾਣ ਤੇ ਚਿੰਤਾ ਦੂਰ ਹੋ ਜਾਂਦੀ ਹੈ । ੪ ।

੪੨- **ਮਨ ਸਤਿਗੁਰੁ ਸੇਵਿ ਹੋਇ ਪਰਮ ਗਤੇ ॥ ਹਰਖ ਸੋਗ**
**ਤੇ ਰਹਹਿ ਨਿਰਾਰਾ ਤਾਂ ਤੂ ਪਾਵਹਿ ਪ੍ਰਾਨਪਤੇ ॥ ੧ ॥ ਰਹਾਉ ॥** [੧੩੩੭]-੧

**ਅਰਥ:**--ਹੇ (ਮੇਰੇ ) ਮਨ ! ਗੁਰੂ ਦੀ ਸਰਨ ਪਿਆ ਰਹੁ (ਭਵ, ਹੇ ਮਨ ! ਗੁਰੂ ਦੀ ਮਤਿ ਅਨੁਸਾਰ ਚਲ, ਇਸ ਤਰ੍ਹਾਂ) ਸਭ ਤੋਂ ਉੱਚੀ ਆਤਮਕ ਅਵਸਥਾ ਪ੍ਰਾਪਤ ਜੋ ਜਾਂਦੀ ਹੈ । ਜੇ ਤੂੰ (ਇਸ ਤਰ੍ਹਾਂ ਗੁਰੂ ਦੇ ਹੁਕਮ ਤੇ ਚਲ ਕੇ) ਖ਼ੁਸ਼ੀ ਗ਼ਮੀ ਤੋਂ ਨਿਰਲੇਪ ਟਿਕਿਆ (ਰਹਿਣ ਦਾ ਸੁਭਾਅ ਬਣ ਲਵੇਂ) ਤਾਂ ਤੂੰ ਮਾਲਕ ਪ੍ਰਭੂ ਨੂੰ ਮਿਲ ਪਏਂਗਾ । ੧ । ਰਹਾਉ ।

ਦੁਖ ਸੁਖ ਵਿਚ ਇਕੋ ਜਿਹੇ ਰਹਿਣ ਦਾ ਗੁਰਮਤਿ ਸਿਧਾਂਤ ਪੁਸਤਕ ਦੇ ਚੌਥੇ ਭਾਗ ਵਿਚ ਬੇਅੰਤ ਗੁਰੂ ਸ਼ਬਦਾਂ ਦੇ ਅਧਾਰ ਤੇ, ਵਿਸਥਾਰ ਨਾਲ ਵਿਚਾਰ ਆਏ ਹਾਂ । ਹਰਖ ਸੋਗ ਵਿਚ ਇੱਕ ਸਾਰ ਰਹਿਣ ਦੇ ਉਪਦੇਸ਼ ਵਾਲੇ ਹੋਰ ਵੀ ਬੇਅੰਤ ਗੁਰੂ ਫ਼ੁਰਮਾਨ ਹਨ। ਪਰ ਅਸੀਂ ਆਪਣੀ ਮਤਿ ਦੇ ਏਡੇ ਹੰਕਾਰੀ ਬਣ ਚੁੱਕੇ ਹਾਂ ਕਿ ਸਤਿਗੁਰਾਂ ਦਾ ਉਪਦੇਸ਼ ਸੁਣਨ ਦੀ ਲੋੜ ਮੁਕਾਈ ਜਾ ਰਹੇ ਹਾਂ। ਗ਼ਮੀ ਖ਼ੁਸ਼ੀ ਵਿਚ ਸਦਾ ਪ੍ਰਭੂ ਦੇ ਸ਼ੁਕਰ ਗੁਜ਼ਾਰ ਰਹਿਣ ਤੋਂ ਮਿਲਦੀ ਠੰਢ ਨੂੰ ਅਸੀਂ ਕੀ ਜਾਣੀਏ? ਆਪਣੇ ਜਨਮ ਦਿਨ ਤੇ ਅਥਵਾ ਆਪਣੀ ਔਲਾਦ ਦੇ ਜਨਮ ਦਿਨਾਂ ਤੇ ਉਚੇਚੀਆਂ ਖ਼ੁਸ਼ੀਆਂ ਮਨਾਉਂਣ ਗਿਝੇ ਹੋਇਆਂ ਨੇ ਅਸਾਂ ਕੌਮੀ ਤੌਰ ਤੇ ਆਪਣਾ ਜਨਮ ਦਿਨ ਮਨਾ ਕੇ ਵਧਾਈਆਂ ਲੈਣ ਵਾਲਾ ਗੁਰਮਤਿ ਵਿਰੋਧੀ ਅਡੰਬਰ ਰਚ ਲਿਆ ਹੋਇਆ ਹੈ। ਇਉਂ ਲੱਗਦਾ ਹੈ ਜਿਵੇਂ, ਨਿੱਜੀ ਆਤਮਕ ਮੌਤ ਲਿਆਉਣ ਵਾਲੇ ਕਾਰਿਆਂ ਨਾਲ ਸਾਡਾ ਮਨ ਸੰਤੁਸ਼ਟ ਨਹੀਂ ਹੋਇਆ, ਜੋ ਅਸਾਂ ਕੌਮੀ ਤੌਰ ਤੇ ਆਤਮਕ ਮੌਤ ਲਿਉਣ ਵਾਲੇ ਨਿਯਮ ਅਪਣਾ ਲਏ। ਅਤੇ ਜਦ ਕੋਈ ਕੌਮ ਆਪਣੇ ਮੁਢਲੇ ਸਿਧਾਂਤ ਤੋਂ ਲਾਂਭੇ ਤੁਰ ਜਾਂਦੀ ਹੈ ਤਾਂ ਹੌਲੀ ਹੌਲੀ ਆਪਣੀ ਅੱਡਰੀ ਹੋਂਦ ਆਪਣੀ ਅੱਡਰੀ ਡਿੱਠ ਵਾਲੀ ਪੁਰਾਣੀ ਚੜ੍ਹਤ ਗੁਆ ਲੈਂਦੀ ਹੈ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ, ਅਸੀਂ ਹਿੰਦੂਆਂ ਦੇ ਉਸ ਬੜੇ ਵੱਡੇ ਸਾਗਰ ਵਿਚੋਂ ਉਤਾਂਹ ਉਭਰੇ ਹੋਏ ਹਾਂ ਜੋ ਨਿਰੰਤਰ ਸਾਡੇ ਦੁਆਲੇ ਛੱਲਾਂ ਮਾਰ ਮਾਰ ਕੇ ਆਪਣੇ ਵਿਚ ਲੀਨ ਕਰ ਲੈਣ ਲਈ ਆਪਣੀ ਕਿਸੇ ਨ ਕਿਸੇ ਬਿੱਪ੍ਰੀ ਰੀਤ ਦੇ ਪ੍ਰਭਾਵ-ਰੂਪੀ ਪਾਣੀ ਨਾਲ ਸਾਨੂੰ ਕਿਸੇ ਨ ਕਿਸੇ ਪਾਸਿਉਂ ਭਿਉਂਈ ਰੱਖਦਾ ਆ ਰਿਹਾ ਹੈ। ਗੁਰਮਤਿ ਵਾਲੀ ਸਾਡੀ ਨਿਆਰੀ ਜੀਵਨ-ਜੁਗਤ ਵਿਚ ਜਿਉਂ ਜਿਉਂ ਢਿੱਲ ਆ ਰਹੀ ਹੈ ਅਸੀਂ ਮੁੜ ਉਸੇ ਅਥਾਹ ਸਾਗਰ ਵਿਚ ਡੁੱਬਦੇ ਜਾਂ ਰਹੇ ਹਾਂ, ਜਿਸ ਕਰਮਕਾਂਡੀ ਬੰਧਨਾ ਵਾਲੇ ਸਾਗਰ ਤੋਂ ਸਤਿਗੁਰਾਂ ਨੇ ਸਾਨੂੰ ਨਿਰਲੇਪ ਕੀਤਾ ਸੀ। ਆਖ਼ਰ ਅਸੀਂ ਉਸ ਸਾਗਰ ਦੀਆਂ ਛੱਲਾਂ ਵਿਚ ਫਸ ਕੇ ਆਪਣੀ ਨੁਹਾਰ ਪੂਰਨ ਤੌਰ ਤੇ ਗੁਆ ਲੈਣੀ ਹੈ। ਗੁਰੂ ਨਾਨਕ ਜੀ ਦੇ ਨਾਮ ਲੇਵਾ ਤਾਂ ਨਜ਼ਰੀਂ ਆਉਂਦੇ ਰਹਿਣਗੇ, ਪਰ ਉਸ ਦੇ ਸਿਰਜੇ ਸੰਤ-ਸੂਰਮੇ ਪੂਰਨ ਤੌਰ ਤੇ ਅਲੋਪ ਹੋ ਚੁੱਕੇ ਹੋਣਗੇ। ਅਜੇ ਵੀ ਸਮਾ ਹੈ--ਸਤਿਗੁਰਾਂ ਦੀ ਬਾਣੀ ਨੂੰ ਸਮਝ ਕੇ ਉਸ ਅਨੁਸਾਰ ਆਪਣੀ ਜੀਵਨ-ਮਰਯਾਦਾ ਸੁਆਰਨ ਦੇ ਆਹਰੇ ਲਗ ਜਾਈਏ। ਕਦੇ ਕੇਵਲ ਏਹੀ ਕਹਿ ਕਹਿ ਕੇ ਪਛਤਾਵੇ ਦੀ ਅੱਗ ਵਿਚ ਸੜਨ ਜੋਗੇ ਹੀ ਨਾ ਰਹਿ ਜਾਈਏ ਕਿ----

੪੩- **ਕਬੀਰ ਦੀਨੁ ਗਵਾਇਆ ਦੁਨੀ ਸਿਉ, ਦੁਨੀ ਨ ਚਾਲੀ ਸਾਥਿ ॥**
**ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥ ੧੩ ॥** [੧੩੬੫]

ਇਸ ਲਈ ਹੇ ਸੂਰਮੇ ਖ਼ਾਲਸਾ ਜੀਓ ! ਆਪਣੇ ਨਿਆਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਫ਼ੁਰਮਾਨ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਤੇ ਅਮਲ ਕਰੋ:--

੪੪-- **ਕਬੀਰ ਕਾਲਿ ਕਰੰਤਾ ਅਬਹਿ ਕਰ, ਅਬ ਕਰਤਾ ਸੁ ਤਾਲ ॥**
**ਪਾਛੈ ਕਛੂ ਨ ਹੋਇਗਾ, ਜਉ ਸਿਰ ਪਰ ਆਵੈ ਕਾਲੁ ॥ ੧੩੮ ॥** [੧੩੭੧]

## ੬

## ਖ਼ਾਲਸੇ ਦਾ ਜਨਮ ਦਿਨ--?

ਉੱਪਰ ਤੀਜੇ ਕਾਂਡ ਵਿਚ ਅਸੀਂ ਚੰਗੀ ਤਰ੍ਹਾਂ ਸਮਝ ਆਏ ਹਾਂ ਕਿ ਨਿਰਮਲ ਪੰਥ ਦਾ ਅਥਵਾ ਖ਼ਾਲਸੇ ਦਾ ਜਨਮ ਗੁਰੂ ਨਾਨਕ ਜੀ ਦੇ ਪਹਿਲੇ ਸਰੂਪ ਨਾਲ ਜੁੜਿਆ ਹੋਇਆ ਹੈ। ਦਸ਼ਮੇਸ਼ ਜੀ ਨੇ ਕੋਈ ਅੱਡਰਾ ਤੀਸਰਾ ਪੰਥ ਨਹੀਂ ਸੀ ਚਲਾਇਆ। ਪੰਥ ਦੇ ਵੈਰੀ ਬਿੱਪਰ ਦੀ ਲਿਖਣ-ਕਰਾਮਾਤ ਹੈ ਕਿ, ਅਸਾਂ ਆਪਣਾ ਜਨਮ ਦਿਹਾੜਾ ਉਚੇਚੇ ਤੌਰ ਤੇ ਮਿਥ ਲਿਆ। ਕੌਮੀ ਜਨਮ-ਦਿਨ ਵਾਲਾ ਪੁਰਬ ਮਨਾਉਣ ਦਾ ਰਿਵਾਜ, ਪੰਥ ਦੇ ਸ਼ੁਭ-ਚਿੰਤਕਾਂ ਦੀ ਦੇਣ ਨਹੀਂ ਹੈ। ਨਿਰਮਲ-ਪੰਥ ਭਾਵ, ਖਾਲਸਾ-ਪੰਥ ਦਾ ਨਿਰਮਾਣ ਕਰਨ ਦੀ ਯੋਜਨਾਂ ਲੈ ਕੇ ਉਹੀ " ਪਰਮ ਖ਼ਾਲਸਾ " ਆਇਆ ਸੀ ਜਿਸ ਨੇ ਦੂਰ ਦੁਰਾਡੇ ਵੱਸਦੇ ਕਬੀਰ ਸਾਹਿਬ ਦੇ ਨਿਵਾਸ ਅਸਥਾਨ ਤੋਂ " **ਖ਼ਾਲਸਾ** " ਸ਼ਬਦ ਲਿਆ ਕੇ, ਗੁਰੂ ਬਾਣੀ ਦਾ ਹਿੱਸਾ ਬਣਾਇਆ ਸੀ " **ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤ ਜਿਹ ਜਾਨੀ ॥** [੬੫੪]-੩ " **ਪਰਮ-ਖ਼ਾਲਸਾ--ਸ੍ਰੀ ਗੁਰੂ ਨਾਨਕ ਦੇਵ ਜੀ** ਹੀ ਖਾਲਸਾ ਧਰਮ ਦੇ ਜਨਮ ਦਾਤਾ ਹਨ। ਗੁਰੂ-ਪਰਮੇਸ਼ਰ ਜੀ ਨੇ ਸਪੱਸ਼ਟ ਕਰ ਦਿੱਤਾ ਸੀ ਕਿ " ਉਨ੍ਹਾਂ ਦਾ ਖ਼ਾਲਸਾ ਉਹੀ ਹੋਣਾ ਹੈ ਜਿਸ ਨੇ ਇੱਕ ਵਾਹਿਗੁਰੂ ਦੀ ਪ੍ਰੇਮਾਂ-ਭਗਤੀ ਨਾਲ ਜੁੜ ਕੇ, ਆਤਮਕ ਮੌਤ ਲਿਆਉਣ ਵਾਲੇ ਕਰਮਕਾਂਡੀ ਬੰਧਨਾਂ ਤੋਂ ਆਜ਼ਾਦ ਵਿਚਰਨਾ ਹੈ । ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਵਾਲਾ ਸਾਕਾ ੨੦੦ ਸਾਲ ਤੋਂ ਵੱਧ ਸਮਾਂ ਪਹਿਲਾਂ ਸਿਰਜੇ ਜਾ ਚੁੱਕੇ **ਪੰਥ ਦੀ ਪ੍ਰੀਖਿਆ ਦਾ ਦਿਨ ਸੀ**। ਆਪਣੇ ਜਨਮ ਦਾਤਾ, ਸਦ-ਜੀਵੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅੱਡਰਾ ਆਪਣਾ ਜਨਮ ਦਿਨ ਮਨਾਉਣਾ ਹੰਕਾਰ ਦਾ ਪ੍ਰਗਟਾਵਾ ਹੈ। **ਗੁਰੂ ਨਾਨਕ ਦੇਵ ਜੀ ਦਾ ਆਗਮਨ ਦਿਨ ਹੀ ਖ਼ਾਲਸਾ ਜੀ ਦਾ ਜਨਮ ਦਿਹਾੜਾ** ਹੈ ।

ਸਦਜੀਵੇ ਪਿਤਾ ਦੇ ਆਗਮਨ ਦਿਨ ਨੂੰ ਆਪਣਾ ਜਨਮ ਦਿਨ ਸਮਝਣ ਵਾਲੇ ਆਪ ਵੀ ਸਦ-ਜੀਵੇ ਕਿਉਂ ਨਾ ਹੋਣ ? ਤੇਜ ਪ੍ਰਤਾਪ ਉਨ੍ਹਾਂ ਦਾ ਬਰਦਾ ਕਿਉਂ ਨਾ ਬਣ ਖਲੋਏ ? ਸਤਿਗੁਰਾਂ ਦੀ ਇਹ ਖ਼ਾਸ ਮਹਿਮਾਂ ਸੀ ਜੋ ਉਨ੍ਹਾਂ ਨੇ (ਪਹਿਲੇ ਸਰੂਪ ਸਮੇਂ) ਨਿਰਮਲ-ਪੰਥ ਦੀ ਸਿਖਲਾਈ ਵਾਲੇ ਵਿਦਿਆਲੇ ਵਿਚ ਦਾਖ਼ਲ ਹੋ ਰਹੇ ਵਿਦਿਆਰਥੀਆਂ ਨੂੰ ਝਟ-ਪਟ " **ਖਾਲਸਾ ਜੀ** " ਕਹਿ ਕੇ ਸੰਬੋਧਨ ਨਹੀਂ ਸੀ ਕੀਤਾ । ਕੀ, ਕਿਸੇ

ਸੁਪਰੀਮ-ਕਮਾਂਡਰ ਨੇ ਉਚੇਚੇ ਅਧਿਕਾਰਾਂ ਵਾਲਾ ਕੋਈ ਖ਼ਿਤਾਬ ਕਿਸੇ ਰੰਗਰੂਟ ਨੂੰ ਵੀ ਕਦੇ ਦਿੱਤਾ ਹੈ ? ਦਸਵੇ ਸਰੂਪ ਸਮੇਂ ਆਪਣੇ ਇਸ ਨਿਰਮਲ -ਪੰਥੀਆਂ ਦੀ ਕਰੜੀ ਪ੍ਰੀਖਿਆ ਲਈ। ਇਸ ਪ੍ਰੀਖਿਆ ਨੂੰ ਕੇਵਲ " ਕਰੜੀ " ਕਹਿਣਾ ਬੇਇਨਸਾਫ਼ੀ ਹੈ। ਸੰਸਾਰ ਦੇ ਇਤਿਹਾਸ ਵਿਚ ਅਜੇਹੀ ਕੋਈ ਉਦਾਹਰਣ ਨਹੀਂ ਮਿਲਦੀ ਜਿੱਥੇ ਕਿਸੇ ਗੁਰੂ ਨੇ ਆਪਣੇ ਸ਼ਿੱਸ਼ਯ ਕਲੋਂ ਗੁਰੂ-ਦੱਖਣਾ ਵਿਚ ਉਸ ਦਾ ਸੀਸ ਮੰਗ ਲਿਆ ਹੋਵੇ। ਸਿੱਖਾਂ ਕੋਲੋਂ ਸੀਸ ਦੀ ਮੰਗ ਕਰ ਲੈਣੀ, ਲਾਸਾਨੀ ਅਥਵਾ ਨਿਆਰੀ ਅਤੇ ਭਿਆਨਕ ਹੱਦ ਤੱਕ ਕਰੜੀ ਪ੍ਰੀਖਿਆ ਸੀ। ਅਜੇਹੀ ਪ੍ਰੀਖਿਆ ਵਿਚ ਨਿਰਮਲ ਪੰਥੀਆਂ ਦਾ ਪੂਰੇ ਦੇ ਪੂਰੇ ਨੰਬਰ ਲੈ ਕੇ ਪਾਸ ਹੋ ਜਾਣਾ ਮਾਮੂਲੀ ਘਟਨਾ ਨਹੀਂ ਸੀ। ਸਾਰੇ ਸੰਸਾਰ ਦੇ ਇਤਿਹਾਸਕਾਰਾਂ ਨੇ ਇੱਕ ਜਬਾਨ ਹੋ ਕਿ ਇਸ ਪ੍ਰੀਖਿਆ ਵਿਚ ਪਾਸ ਹੋ ਜਾਣ ਵਾਲੇ ਪੰਥ ਦੀ ਮਹਿਮਾ ਲਿਖੀ ਜਿਸ ਤੋਂ ਇਹ ਨਵ ਜਨਮਿਆਂ ਪੰਥ ਸੰਸਾਰ ਦੇ **ਇਤਿਹਾਸ ਵਿਚ ਵਿਸ਼ੇਸ ਥਾਂ ਮੱਲ ਕੇ ਸੰਸਾਰ ਵਿਚ- " ਪ੍ਰਗਟ " ਹੋਇਆ।** ਆਪਣੇ ਨਿਰਮਲ ਪੰਥੀਆਂ ਨੂੰ ਸਤਿਗੁਰਾਂ ਨੇ **" ਖ਼ਾਲਸਾ "** ਕਹਿ ਕੇ ਸੰਬੋਧਨ ਕੀਤਾ ਅਤੇ ਖੰਡੇ ਬਾਟੇ ਦੀ ਪਾਹੁਲ ਦੇ ਕੇ ਇਸ ਨੂੰ ਪੰਜ ਕਕਾਰਾਂ ਦਾ ਧਾਰਨੀ ਬਣਾ ਦੱਤਾ। ਹਰ ਪੱਖੋਂ ਸੁੱਚਾ ਅਤੇ ਨਿਆਰਾ ਆਚਰਨ ਅਤੇ ਨਿਆਰੀ ਸੂਰਤਿ ਦੀ ਬਖ਼ਸ਼ਸ਼ ਕਰਕੇ ਸਤਿਗਰਾਂ ਨੇ ਖ਼ਾਲਸਾ ਜੀ ਨੂੰ ਆਪਣਾ ਹੀ ਰੂਪ ਬਣਾ ਲਿਆ। **ਜਿਸ ਨਵੇਂ ਪੰਥ ਦੀ ਸਿਰਜਣਾ ਨਨਕਾਨਾ ਸਾਹਿਬ ਦੀ ਧਰਤੀ ਤੋਂ ਅਰੰਭ ਹੋਈ ਸੀ ਉਸੇ ਨਿਰਮਲ ਪੰਥ ਨੂੰ " ਖ਼ਾਲਸਾ "** ਕਹਿ ਕੇ ਨਿਵਾਜਿਆ ਸੀ । **ਖ਼ਾਲਸੇ ਦੇ ਪ੍ਰਗਟ ਹੋਣ ਵਾਲੇ ਦਿਨ ਨੂੰ ਜਨਮ ਦਿਨ ਮੰਨ ਲੈਣਾ ਪੰਥਕ ਹਿਤਾਂ ਲਈ ਲਾਹੇਵੰਦ ਸਿਧ ਨਹੀਂ ਹੋਇਆ।** ਧਿਆਨ ਵਿਚ ਲਿਆਉ ੧੬੯੯ ਦੀ ਵਿਸਾਖੀ ਦੇ ਦਿਨ ਤੱਕ ਬਣ ਚੁੱਕਿਆ ਆਪਣਾ ਪਿਛੋਕੜ। ਕਿਹੜੀ ਸਿਖ਼ਰ ਤੋਂ ਤੁਸੀਂ ਤੁਰੇ ਸਉ ਤੇ ਕਿਸ ਨਿਵਾਣ ਤੇ ਅੱਜ ਆ ਪਏ ਹੋਏ ਹੋ? ਪ੍ਰਗਟ ਹੋਏ ਖ਼ਾਲਸਾ ਜੀ ਨੂੰ ਸਤਿਗੁਰ ਪੂਰਾ ਕਹਿਣ ਵਾਲੇ ਦਸ਼ਮੇਸ਼ ਜੀ ਨੇ ਨਾਲ ਹੀ ਫ਼ੁਰਮਾ ਦਿੱਤਾ ਸੀ ਕਿ--" ਹੇ ਖ਼ਾਲਸਾ ਜੀਓ ! ਧਿਆਨ ਰੱਖੀਂ । ਜਿਨ੍ਹਾਂ ਖ਼ੂਬੀਆਂ ਅਤੇ ਗੁਣਾ ਦੇ ਕਾਰਨ ਤੂੰ ਅੱਜ ਸੰਸਾਰ ਵਿਚ ਪ੍ਰਗਟ ਹੋਇਆ ਹੈਂ ਜੇ ਉਹ ਨਿਆਰੀਆਂ ਸਿੱਫ਼ਤਾਂ ਨਾ ਰਹੀਆਂ ਤਾਂ ਸਾਰਾ ਮਾਣ ਸਤਿਕਾਰ, ਜੋ ਮੈ ਅੱਜ ਦੇ ਰਿਹਾ ਹਾਂ, ਤੇਰੇ ਕੋਲ ਨਹੀਂ ਰਹਿਣਾ। ਸੋ ਅਸੀਂ ਗੁਆਂਡੀਆਂ (ਪਾਕਿਸਤਾਨੀਆਂ) ਜਿੰਨਾ ਵੀ ਮਾਣ ਸਤਿਕਾਰ ਆਪਣੇ ਕੋਲ ਨਹੀਂ ਰੱਖ ਸਕੇ। ਆਪਣੇ ਗੁਰੂ ਪਰਮੇਸ਼ਰ ਦਾ ਕਿਹਾ ਵਿਸਾਰ ਕੇ ਗੁਰੂ ਪਰਮੇਸ਼ਰ ਦੀ ਗੱਲ ਸੁਣਨੀ ਵੀ ਵਿਸਾਰ ਬੈਠੇ-ਫਿਰ-- **ਪਰਮੇਸਰ ਤੇ ਭੁਲਿਆਂ----? ਅਸੀਂ ਆਪਣੇ ਹਿੱਸੇ ਦਾ ਰਾਜ ਉਨ੍ਹਾਂ ਕੋਲੋਂ ਨਾ ਮੰਗ ਸਕੇ ਜਿਹੜੇ ਜਾਣ ਲੱਗੇ ਸਾਨੂੰ ਵਾਜਾਂ ਮਾਰ ਮਾਰ ਕਹਿੰਦੇ ਰਹੇ ਕੇ ਜੋ ਅਸੀਂ ਦੇ ਰਹੇ ਹਾਂ ਤੁਸੀਂ ਲੈਂਦੇ ਕਿਉਂ ਨਹੀਂ । ਅੱਜ ਅਸੀਂ ਉਨ੍ਹਾਂ ਤੋਂ ਆਪਣਾ ਰਾਜ-ਭਾਗ ਮੰਗ ਰਹੇ ਹਾਂ ਜਿਹੜੀ ਸਾਡੀ ਸੂਰਤ-ਮੂਰਤਿ ਵੀ ਖੋਹ ਲੈਣ ਦੀ ਚਿੰਤਾ ਵਿਚ ਡੁੱਬੇ ਰਹਿੰਦੇ ਹਨ।**

ਸਿਰਜਣਹਾਰ ਦੇ ਨਿਯਮ ਅਨੁਸਾਰ ਕਿਸੇ ਵੀ ਕੌਮ ਦੇ ਸਾਰੇ ਮਨੁੱਖਾਂ ਦਾ ਜਨਮ ਅਤੇ ਮਰਨ, ਇੱਕ ਥਾਂ ਅਤੇ ਇੱਕ ਦਿਨ ਕਦੇ ਨਹੀਂ ਹੋਇਆ। ਏਸੇ ਕਰਕੇ ਸੰਸਾਰ ਵਿਚ ਅਜੇਹੀ ਹੋਰ ਕੋਈ ਕੌਮ ਨਹੀਂ ਹੈ ਜਿਸ ਨੇ ਕਦੇ ਆਪਣਾ ਜਨਮ ਦਿਨ ਮਨਾਇਆ ਹੋਵੇ । ਫਿਰ ਖ਼ਾਲਸਾ ਪੰਥ ਨੂੰ ਆਪਣਾ ਜਨਮ ਦਿਨ ਮਿਥ ਲੈਣ ਦਾ ਖ਼ਿਆਲ ਕਿਵੇਂ ਪੈਦਾ ਹੋ ਗਿਆ ? **ਨਿਸੰਦੇਹ ਇਹ ਭਾਣਾ ਬ੍ਰਾਹਮਣੀ ਲਿਖਤ ਦੀ ਕਰਮਾਤ ਨੇ ਹੀ ਵਰਤਾਇਆ ਹੈ। ਉਹ ਅਦਭੁਤ ਲਿਖਤ ਹੈ ਬਚਿਤ੍ਰ ਨਾਟਕ ।** ਜਿਸ ਨੂੰ ਵੀ ਗੁਰਬਾਣੀ ਦੀ ਕਸਵੱਟੀ ਤੇ ਪਰਖ ਕੇ ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਕਰਨ ਦਾ ਪੱਕ ਸੰਕਪ ਹੈ। ਅੱਗੇ ਜੋ ਸਤਿਗੁਰਾਂ ਨੂੰ ਭਾਵੇ। ਹਾਲੀ ਏਨਾ ਹੀ ਯਾਦ ਰੱਖੀਏ ਕਿ ਬਚਿਤ੍ਰ ਨਾਟਕ ਇਸ ਬਿਚਿਤ੍ਰ ਬਿੱਪ੍ਰ ਦਾ ਅਜੇਹਾ ਬਿਚਿਤ੍ਰ Time Bomb ਹੈ ਜਿਸ ਨੇ ਐਨ ਸਮੇ ਸਿਰ ਅਜੇਹਾ ਹੋਰ ਵੀ **ਵੱਧ ਬਿਚਿਤ੍ਰ** ਧਮਾਕਾ ਕਰਨਾ ਹੈ ਕਿ ਖ਼ਾਲਸਾ ਨੇ-- ਆਪਣੀ ਪਛਾਣ ਗੁਆ ਬੈਠਣੀ ਹੈ ।

੭

## ਜਨਮਿਆ ਕਿ ਪ੍ਰਗਟ ਹੋਇਆ ?

**" ਜਨਮ ਲੈਣਾ (=ਅਵਤਾਰ ਧਾਰਣਾ)** ਅਤੇ **ਪ੍ਰਗਟ ਹੋਣਾ** ਇਕੋ ਗੱਲ ਨਹੀਂ, ਦੋ ਅੱਡ ਅੱਡ ਹਾਲਤਾਂ ਹਨ। ਹੇਠ ਲਿਖੇ ਸਪੱਸ਼ਟੀ-ਕਰਨ ਦੇ ਕਾਰਨ ਦਾਸ ਨੇ ਇਸ ਕਥਨ ਨੂੰ ਗੁਰਮਤਿ ਅਨੁਸਾਰ ਮੰਨਿਆਂ ਹੈ:--

**" ਜਨਮ ਲੈਣ "** ਅਤੇ **" ਪ੍ਰਗਟ ਹੋਣ "** ਵਿਚ ਅੰਤਰ---

(੧) **ਜਨਮ ਲੈਣ** * ਦਾ ਅਰਥ ਮਾਤਾ ਦੇ ਗਰਭ ਤੋਂ ਪੈਦਾ ਹੋਣਾ ਹੈ। ਜੇਰਜ ਖਾਣੀ ਵਾਲਾ ਹਰ ਇੱਕ ਜੀਵ ਮਾਤਾ ਦੇ ਉਦਰ ਥਾਣੀ ਸੰਸਾਰ ਵਿਚ ਆਉਂਦਾ ਹੈ । ਜਨਮ ਤੋਂ ਰਹਿਤ ਕੇਵਲ ਅਕਾਲ ਪੁਰਖ ਹੀ ਹੈ --**ਨਾਨਕ ਭੰਡੇ ਬਾਹਰਾ ਏਕੋ ਸਚਾ ਸੋਇ ॥** [੪੭੩]

*{ Foot note:--ਪ੍ਰੋਹਤਵਾਦੀ ਲੁੱਟ ਨੀਤੀ ਦੀ ਉਪਜ, ਡੇਰਾਵਾਦ ਨੇ ਸਿੱਖ ਜਗਤ ਵਿਚ ਸ਼ੋਸ਼ਾ ਛੱਡਿਆ ਹੋਇਆ ਹੈ ਕਿ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਤੇ ਜਦ ਅਸੀਂ ਆਪਣਾ ਪਿਤਾ ਦਸ਼ਮੇਸ਼ ਜੀ ਅਤੇ ਮਾਤਾ ਸਾਹਿਬਦੇਵਾਂ ਜੀ ਮੰਨ ਲੈਂਦੇ ਹਾਂ ਤਾਂ ਉਸ ਦਿਨ ਅਸੀਂ **" ਸਤਿਗੁਰ ਕੈ ਜਨਮੇ "** ਗੁਰੂ ਵਾਕ ਅਨੁਸਾਰ ਗੁਰੂ ਦੇ ਘਰ ਜਨਮਦੇ ਹਾਂ । ਸੋ ਅੰਮ੍ਰਿਤ ਤਿਆਰ ਕਰਕੇ ਸਿੰਘਾਂ ਨੂੰ ਅੰਮ੍ਰਿਧਾਰੀ ਬਾਣਾਇਆ ਜਾਣ ਵਾਲਾ ੧੬੯੯ ਦਾ ਵਿਸਾਖੀ ਵਾਲਾ ਦਿਨ ਖ਼ਾਲਸੇ ਦਾ " ਜਨਮ ਦਿਨ " ਬਣ ਚੁੱਕਾ ਹੈ । ਅਤੇ ਏਸੇ ਅਧਾਰ ਤੇ ਖ਼ਾਲਸੇ ਦਾ ਜਨਮ ਦਿਨ ਮਨਾਇਆ ਜਾਂਦਾ ਹੈ । ਇਸ ਦਲੀਲ ਤੋਂ ਇਹ ਸੰਕੇ ਨਿਵਰਤੀ ਗੋਚਰੇ ਬਣ ਖਲੋਂਦੇ ਹਨ:---

(੧) ਦਸ਼ਮੇਸ਼ ਜੀ ਨੂੰ ਪਿਤਾ ਅਤੇ ਸਾਹਿਬ ਦੇਵਾਂ ਜੀ ਨੂੰ ਆਪਣੀ ਮਾਤਾ ਕਹਿਣ ਨਾਲ ਕੀ ਅਸੀਂ ਗੁਰੂ ਨਾਨਕ ਸਾਹਿਬ ਜੀ ਅਤੇ ਮਾਤਾ ਸੁਲਖਣੀ ਜੀ ਨਾਲੋਂ ਆਪਣਾ ਰਿਸ਼ਤਾ ਤੋੜ ਰਹੇ ਹੁੰਦੇ ਹਾਂ ?

(੨) ਕੀ ਅਸੀਂ ਬ੍ਰਾਹਮਣ ਦੀ ਇਹ ਇਛਿਆ ਪੂਰੀ ਨਹੀਂ ਕਰ ਰਹੇ ਹੁੰਦੇ ਕਿ ਦਸ਼ਮੇਸ਼ ਜੀ ਗੁਰੂ ਨਾਨਕ ਨਹੀਂ ਸਨ ਉਹ ਸਿਧੇ ਪਰਮਾਤਮਾਂ ਕੋਲੋਂ ਸ਼ਕਤੀਆਂ ਲੈ ਕੇ ਆਏ ਸਨ ? ਕੀ ਅਸੀਂ ਵਿਰੋਧੀਆਂ ਦੀ ਇਸ ਦਲੀਲ ਨੂੰ ਵੀ ਵਜ਼ਨਦਾਰ ਨਹੀਂ ਬਣਾ ਰਹੇ ਹੁੰਦੇ ਕਿ-" ਏਸੇ ਕਾਰਨ ਦਸ਼ਮੇਸ਼ ਜੀ ਨੇ ਆਪਣੇ ਆਪ ਨੂੰ ਕਿਸੇ ਥਾਂ ਵੀ ' ਨਾਨਕ ' ਨਹੀਂ ਲਿਖਿਆ ?

(੩) ਇਹ ਕਹਿਣਾ ਕਿ ਕਿਉਂਕਿ ਦਸ਼ਮੇਸ਼ ਜੀ ਵਿਚ ਵੀ ਸ੍ਰੀ ਗੁਰੂ ਨਾਨਕ ਜੀ ਦੀ ਹੀ ਜੋਤਿ ਸੀ ਇਸ ਲਈ ਦਸ਼ਮੇਸ਼ ਜੀ ਨੂੰ ਪਿਤਾਂ ਕਹਿਣ ਦਾ ਅਰਥ ਗੁਰੂ ਨਾਨਕ ਜੀ ਨੂੰ ਹੀ ਪਿਤਾ ਕਹਿਣ ਤੁੱਲ ਹੈ, ਅਰਥ ਹੀਣ ਹੈ ਕਿਉਂਕਿ-ਹੁਣੇ ਹੀ ਅਸਾਂ ਬਿਚਿਤ੍ਰ ਨਾਟਕ ਦੀ ਵਿਚਾਰ ਕਰਦਿਆਂ ਵੇਖਿਆ ਹੈ ਕਿ ਉਸ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਗੋਤ ਅਤੇ ਜਨਮ ਅਲੱਗ ਸਿੱਧ ਕਰਕੇ ਗੁਰੂ ਨਾਨਕ ਸਾਹਿਬ ਦੀ ਜੋਤਿ ਕੇਵਲ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਤੱਕ ਹੀ ਪੁੱਜੀ ਪੜ੍ਹ ਲਈ ਹੈ । (੨) ਮਾਤਾ ਸੁਲੱਖਣੀ ਜੀ ਦੀ ਥਾਂ ਮਾਤਾ ਸਾਹਿਬ ਦੇਵਾਂ ਜੀ ਕਿਵੇਂ ਲੈ ਸਕਦੇ ਸਨ ?

(੪) ਗੁਰਬਾਣੀ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਹੀ ਬਾਕੀ ਗੁਰੂ ਸਾਹਿਬਾਨ ਦਾ ਪਿਤਾਮਾ ਮੰਨਿਆਂ ਹੈ-**ਪਿਉ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥ ੧ ॥**

[੧੮੫]-੩੧--ਸਤਿਗੁਰੂ ਜੀ ਆਪਣੇ ਸਿੱਖ ਨੂੰ ਮਾਤਾ ਵਾਂਗ ਪਿਆਰ ਕਰਦਾ ਹੈ ---" **ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥ ਤਿਉ**

**ਸਤਿਗੁਰੁ ਗੁਰਿਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥ ੧ ॥**[੧੬੮]-੧੩-੫੧ ਮਾਤਾ ਸਾਹਿਬ ਦੇਵਾਂ (ਕੌਰ) ਜੀ ਅਤੇ ਦਸ਼ਮੇਸ਼ ਜੀ ਨੂੰ ਉਚੇਚੇ ਤੌਰ ਤੇ ਮਾਤਾ ਪਿਤਾ ਕਹਿਣ ਵਾਲੀ ਗੱਲ ਕਿਸ ਗ੍ਰੰਥ ਤੋਂ ਚੱਲੀ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵੱਧ ਪ੍ਰਮਾਨੀਕ ਗ੍ਰੰਥ ਸਾਡੇ ਕੋਲ ਹੋਰ ਕਿਹੜਾ ਹੈ ? ਦਾਸ ਕੋਲ ਇਨ੍ਹਾਂ ਸ਼ੰਕਿਆਂ ਦੀ ਨਿਵਿਰਤੀ ਲਈ ਕੋਈ ਠੋਸ ਦਲੀਲ ਕੋਈ ਨਹੀਂ ਹੈ ।

## " ਸਤਿਗੁਰ ਕੈ ਜਨਮੇ "

ਇਹ ਪਾਵਨ ਤੁਕ ਸਿਧ ਗੋਸਟਿ ਬਾਣੀ ਵਿਚੋਂ ਹੈ । ਸਿਧ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੇ ਪ੍ਰਸ਼ਨ ਕਰਦੇ ਹਨ--

**ਕਿਤੁ ਬਿਧਿ ਪੁਖਾ, ਜਨਮੁ ਵਟਾਇਆ ॥ ਕਾਹੇ ਕਉ, ਤੁਝੁ ਇਹੁ ਮਨੁ ਲਾਇਆ ॥ ਕਿਤੁ ਬਿਧਿ, ਆਸਾ ਮਨਸਾ ਖਾਈ ॥**
**ਕਿਤੁ ਬਿਧਿ, ਜੋਤਿ ਨਿਰੰਤਰਿ ਪਾਈ ॥ ਬਿਨ ਦੰਤਾ, ਕਿਉ ਖਾਈਐ ਸਾਰੁ ॥ ਨਾਨਕ, ਸਾਚਾ ਕਰਹੁ ਬੀਚਾਰੁ ॥ ੧੯ ॥**

ਸਿਧਾਂ ਦੇ ਇਸ ਪ੍ਰਸ਼ਨ ਦੇ ਉੱਤਰ ਵਿਚ ਸਤਿਗੁਰੂ ਜੀ ਦਾ ਫ਼ੁਰਮਾਨ--

**ਸਤਿਗੁਰ ਕੈ ਜਨਮੇ, ਗਵਨ ਮਿਟਾਇਆ ॥ ਅਨਹਤਿ ਰਾਤੇ, ਇਹੁ ਮਨੁ ਲਾਇਆ ॥ ਮਨਸਾ ਆਸਾ ਸਬਦਿ ਜਲਾਈ ॥**
**ਗੁਰਮੁਖਿ ਜੋਤਿ ਨਿਰੰਤਰਿ ਪਾਈ ॥ ਤ੍ਰੈਗੁਣ ਮੇਟੇ, ਖਾਈਐ ਸਾਰੁ ॥ ਨਾਨਕ, ਤਾਰੇ ਤਾਰਣਹਾਰੁ ॥ ੨੦ ॥**[੯੪੦]

**ਪਦ ਅਰਥ:**--ਸਤਿਗੁਰ ਕੈ= ਸਤਿਗੁਰੂ ਦੇ ਘਰ ਵਿਚ । ਸਤਿਗੁਰ ਕੈ ਜਨਮੈ=ਸਤਿਗੁਰੂ ਦੇ ਘਰ ਵਿਚ ਜਨਮ ਲਿਆ, ਜਦੋਂ ਗੁਰੂ ਦੀ ਸਰਣ ਆ ਕੇ ਪਿਛਲਾ ਸੁਭਾਉ ਮਿਟਾ ਦਿੱਤਾ । (-ਏਹ ਹੈ ਅਰਥ ਗੁਰੂ ਦੇ ਘਰ ਜਨਮ ਲੈਣ ਦਾ । ਆਪਣੀ ਪਹਿਲੀ ਮਤਿ ਤਿਆਗ ਕੇ ਗੁਰੂ ਦੀ ਮਤਿ ਦੇ ਧਾਰਨੀ ਬਣ ਜਾਣਾ ਹੀ " ਸਤਿਗੁਰ ਕੈ ਜਨਮੇ " ਮੰਨਿਆਂ ਜਾ ਸਕਦਾ ਹੈ । ਜੇ ਗੁਰੂ ਦੀ ਮਤਿ ਗ੍ਰਹਣ ਨਹੀਂ ਕਰਨੀ ਤਾਂ ' ਸਤਿਗੁਰ ਕੈ ਜਨਮੇ " ਨਹੀਂ ਅਖਵਾਇਆ ਜਾ ਸਕਦਾ । ਗੁਰਬਾਣੀ ਦਾ ਸਿਧਾਂਤ ਸਾਰਾ ਪੰਥ ਰਲ ਕੇ ਵੀ ਨਹੀਂ ਵਿਗਾੜ ਸਕਦਾ । ਪੰਥਕ ਰਹਿਤ ਮਰਯਾਦਾ ਵਿਚ " ਇਸ ਮਹਾਂ ਵਾਕ ਦੀ ਵਰਤੋਂ ਕਿਸ ਆਧਾਰ ਤੇ ਹੋਈ ਹੈ ਇਸ ਦਾ ਪਿਛੋਕੜ ਦਾਸ ਨੂੰ ਨਹੀਂ ਮਿਲ ਸਕਿਆ । ਸਤਿਗੁਰਾਂ ਦੇ ਬਚਨਾਂ ਅਨੁਸਾਰ ਆਪਣਾ ਆਚਰਨ ਬਣਾਉਂਣ ਦੀ ਗੱਲ ਤੋਂ ਬਿਨਾ ਹੀ ਕੇਵਲ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਨਾਲ ਸਤਿਗੁਰਾਂ ਦਾ ਪੁੱਤਰ ਬਣ ਜਾਣ ਦੀ ਗੱਲ, ਗੁਰਮਤਿ ਕਿਵੇਂ ਮੰਨ ਲਈ ਗਈ ? ਦਾਸ ਨੂੰ ਇਸ ਭੇਤ ਦੀ ਕੋਈ ਸਮਝ ਨਹੀਂ ਹੈ । ਸਰਬ ਉੱਚ ਪਦਵੀਆਂ ਦੇ ਮਾਲਕ ਜਥੇਦਾਰ ਸਾਹਿਬਾਨ ਕਿਸੇ ਸ਼ੰਕੇ ਦੀ ਨਿਵਰਤੀ ਕਰਨ ਲਈ ਲਿਖੀ ਚਿੱਠੀ ਦਾ ਉੱਤਰ ਦੇਣ ਦੀ ਖੇਚਲ ਨਹੀਂ ਝੱਲ ਰਹੇ)

**ਅਰਥ:**--ਜਿਉਂ ਜਿਉਂ ਸਤਿਗੁਰੂ ਦੀ ਸਿੱਖਿਆ ਤੇ ਤੁਰੇ, ਤਿਉਂ ਤਿਉਂ ਮਨ ਦੀ ਭਟਕਣਾ ਮੁੱਕਦੀ ਗਈ । ਜਿਉਂ ਜਿਉਂ ਇੱਕ-ਰਸ ਵਿਆਪਕ ਪ੍ਰਭੂ ਵਿਚ ਜੁੜਨ ਦਾ ਅਨੰਦ ਆਇਆ, ਤਿਉਂ ਤਿਉ ਇਹ ਮਨ ਪਰਚਦਾ ਗਿਆ । ਮਨ ਦੇ ਫੁਰਨੇ ਤੇ ਦੁਨੀਆ ਵਾਲੀਆਂ ਆਸਾਂ ਅਸਾਂ ਗੁਰੂ ਦੇ ਸ਼ਬਦ-ਗਿਆਨ ਦੀ ਰਾਹੀਂ ਸਾੜੀਆਂ ਹਨ, ਗੁਰੂ ਸੇ ਸਨਮੁਖ ਹੋਇਆਂ ਹੀ ਇੱਕ-ਰਸ ਰੱਬੀ ਪ੍ਰਕਾਸ਼ ਲੱਭਾ ਹੈ । (ਇਸ ਰੱਬੀ ਪ੍ਰਕਾਸ਼ ਦੀ ਬਰਕਤ ਨਾਲ) ਅਸਾਂ ਮਾਇਆ ਦੇ ਝਲਕੇ ਤੇ ਤਿੰਨਾਂ ਹੀ ਕਿਸਮਾਂ ਦੇ ਅਸਰ (ਤਮੋ, ਰਜੋ, ਸਤੋ) ਆਪਣੇ ਉਤੇ ਪੈਣ ਨਹੀਂ ਦਿੱਤੇ, ਤੇ (ਇਸ ਤਰ੍ਹਾਂ ਮਾਇਆ ਦੀ ਚੋਟ ਤੋਂ ਬਚਨ ਦਾ ਇਹ ਅੱਤਿ ਔਖਾ ਕੰਮ-ਰੂਪ) ਲੋਹਾ ਚੱਬਿਆ ਗਿਆ ਹੈ । (ਪਰ) ਹੇ ਨਾਨਕ ! (ਇਸ ' ਦੁੱਤਰ ਸਾਗਰ ' ਸਾਗਰ ਤੋਂ ਤਾਰਨ ਦੇ ਸਮਰੱਥ ਪ੍ਰਭੂ ਆਪ ਹੀ ਤਾਰਦਾ ਹੈ । ੨੦ ।

ਸੋ ਬੇਬੇ ਨਾਨਕੀ ਜੀ ਸੱਭ ਤੋਂ ਪਹਿਲਾਂ ' ਸਤਿਗਰ ਕੈ ਜਨਮੇ ' ਸਨ, ਫਿਰ ਰਾਏ ਬੁਲਾਰ ਜੀ 'ਸਤਿਗੁਰ ਦੇ ਘਰ ਜਨਮੇ ਸਨ। ਬਾਬਾ ਬੁੱਢਾ ਜੀ, ਭਾਈ ਮਨਸੁਖ ਜੀ, ਭਾਈ ਅਜਿੱਤਾ ਰੰਧਾਵਾ ਜੀ, ਸੱਜਣ ਨੇ ਠੱਗੀ ਛੱਡੀ " ਸਤਿਗੁਰ ਕੈ ਜਨਮੇ " ਬਣ ਕੇ ਭਾਈ ਸੱਜਣ ਜੀ ਬਣ ਗਏ ਕੋਡਾ ਰਾਕਸ਼ ਵੀ " ਸਤਿਗੁਰ ਕੈ ਜਨਮੇ " ਅਨੁਸਾਰ ਸਤਿਗੁਰੂ ਜੀ ਦਾ ਪੁੱਤਰ ਬਣਿਆਂ, ਬਾਬਾ ਲਹਿਣਾ ਜੀ ਵੀ " ਸਤਿਗੁਰ ਕੈ ਜਨਮੇ ' ਸਨ ਪਰ ਉਹ ਪੁੱਤਰ ਤੋਂ ਸਪੁੱਤਰ ਬਣ ਕੇ ਗੁਰੂ ਅੰਗਦ ਜੀ ਬਣੇ। ਏਸੇ ਤਰ੍ਹਾਂ ਬੇਅੰਤ ਸਿੱਖ ਆਪਣੀ ਮਤਿ ਤਿਆਗ ਕੇ ਸਤਿਗੁਰਾਂ ਦੀ ਮਤਿ ਅਨੁਸਾਰ ਜੀਵਨ ਢਾਲ ਲੈਣ ਦੇ ਯਤਨਾਂ ਵਿਚ ਪ੍ਰਪੱਕ ਹੁੰਦੇ ਗਏ। ਪਰ ਬਾਬਾ ਸ੍ਰੀਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ " ਸਤਿਗਰ ਕੈ ਜਨਮੇ " ਵਾਲੀ ਪਦਵੀ ਪ੍ਰਪਤ ਨਾ ਕਰ ਸਕੇ। ਸਤਿਗੁਰਾਂ ਦੇ ਬਿੰਦੀ ਪੁੱਤਰ ਪ੍ਰਿਥੀ ਚੰਦ, ਧੀਰ ਮਲ ਆਦਿ " ਸਤਿਗੁਰ ਕੈ ਜਨਮੇ " ਨਾ ਬਣ ਸਕੇ। " ਸਤਿਗੁਰ ਕੈ ਜਨਮੇ " ਕਿਸੇ ਵੀ ਸਿੱਖ ਨੇ ਕਦੇ ਆਪਣਾ ਉਹ ਜਨਮ ਦਿਨ ਨਹੀਂ ਮਨਾਇਆ ਜਿਸ ਦਿੱਨ ਉਸ ਨੇ ਆਪਣੀ ਮਤਿ ਤਿਆਗ ਕੇ ਸਤਿਗੁਰਾਂ ਦੀ ਮਤਿ ਅਨੁਸਾਰ ਜੀਣਾ ਅਰੰਭ ਕੀਤਾ ਸੀ। ਗੁਰੂ ਨਾਨਕ ਪਾਤਿਸ਼ਾਹ ਜੀ ਨੇ ਜਿਸ ਨੂੰ " ਸਤਿਗੁਰ ਕੈ ਜਨਮੇ ' ਮੰਨਿਆਂ ਹੈ ਉਹੋ ਜਿਹਾ ਕੋਈ ਵਿਰਲਾ ਹੀ ਬਣਦਾ ਹੈ। ਜਦ ਸਤਿਗੁਰਾਂ ਦੇ ਆਪਣੇ ਪਰਵਾਰ ਵਿਚ ਪੈਦਾ ਹੋਏ ਹੀ ਸਾਰੇ ਜੀ " ਸਤਿਗੁਰ ਕੈ ਜਨਮੇ " ਨਹੀਂ ਬਣ ਸਕੇ ਤਾਂ ਅੰਮ੍ਰਿਤਧਾਰੀਆਂ ਤੋਂ ਛੁੱਟ, ਬੇਅੰਮ੍ਰਿਤੀਏ ਕੇਸਾ ਧਾਰੀਆਂ, ਮੋਨਿਆਂ, ਸ਼ਰਾਬੀਆਂ, ਅਫ਼ੀਮੀਆਂ, ਵਿਕਾਰੀਆਂ ਆਦਿ ਵਾਲੀ ਸਾਰੀ ਪੂਰੀ ਸਿੱਖ ਕੌਮ ਨੂੰ " ਸਤਿਗੁਰ ਕੈ ਜਨਮੇ " ਮੰਨ ਕੇ ਕੌਮੀ ਪੱਧਰ ਤੇ ਜਨਮ ਦਿਨ ਮਨਾਉਂਣਾ ਗੁਰਮਤਿ ਨਹੀਂ ਮੰਨੀ ਜਾ ਸਕਦੀ। ਉਲਟਾ ਜਨਮ ਦਿਨ ਮਨਾਉਣ ਦਾ ਪਰਚੱਲਤ ਢੰਗ, ਹੰਕਾਰ ਦੀ ਪ੍ਰਦਰਸ਼ਨੀ ਵੱਧ ਅਤੇ ਕਿਸੇ ਪ੍ਰਾਪਤੀ ਦੀ ਆਸ ਨਫ਼ੀ ਬਰਾਬਰ ਹੈ ?

<<<**(੨)** **ਪ੍ਰਗਟ** ਹੋਣ ਦਾ ਅਰਥ ਹੈ, ਜਾਣਿਆਂ ਜਾਣਾ, ਪ੍ਰਸਿੱਧ ਹੋਣਾ, ਮਸ਼ਹੂਰ ਹੋਣਾ, ਤਥਾ ਮੁਸ਼ਕਣਾ। ਜੜੀ ਬੂਟੀ, ਰੁਖ, ਛੋਟੇ ਤੋਂ ਛੋਟੇ ਜੀਆਂ ਤੋਂ ਲੈ ਕੇ ਸੰਸਾਰ ਦੇ ਸਾਰੇ ਪਦਾਰਥ ਵੀ ਆਪਣੇ ਉਚੇਚੇ ਗੁਣਾ ਦੇ ਕਾਰਨ ਸੰਸਾਰ ਵਿਚ ਪ੍ਰਗਟ ਹੁੰਦੇ ਹਨ। ਜਿੱਡਾ ਬਹੁਤਾ ਨਿਆਰਾ ਗੁਣ ਅਉਗਣ ਹੋਵੇਗਾ ਉਡੀ ਛੇਤੀ ਜੀਵ ਜਾਂ ਪਦਾਰਥ ਸੰਸਾਰ ਵਿਚ ਜਾਣਿਆਂ ਜਾਂਦਾ ਹੈ। ਸ਼ੇਰ ਪਸ਼ੂ ਹੈ ਅਤੇ ਹੀਰਾ ਪਦਾਰਥ ਹੈ। ਦੋਵੇਂ ਆਪਣੇ ਉਚੇਚੇ ਗੁਣਾ ਦੇ ਕਾਰਨ ਪ੍ਰਸਿੱਧ ਹਨ, ਜਾਂ ਪਰਗੱਟ ਹਨ। ਪਰ ਇਹ ਗੱਲ ਮਨੁਖ ਤੇ ਨਹੀਂ ਢੁੱਕਦੀ। ਮਨੁੱਖਾਂ ਵਿਚੋਂ ਉਹੀ ਪ੍ਰਸਿੱਧ ਹੁੰਦਾ ਹੈ ਜਿਸ ਵਿਚ ਦੂਜੇ ਮਨੁੱਖਾਂ ਨਾਲੋਂ ਉਚੇਚੇ ਗੁਣ ਜਾਂ ਉਚੇਚੇ ਅਉਗਣ ਹੋਣਗੇ। (ਅਵਤਾਰੀ ਮਹਾਂਪੁਰਖ, ਅਥਵਾ ਭਗਤ ਜਨ ਗੁਣਾ ਦੇ ਕਾਰਨ ਪ੍ਰਸਿੱਧ ਹੋ ਕੇ ਧਰਮ ਗ੍ਰੰਥਾਂ ਦੀ ਸੋਭਾ ਬਣੇ ਹੋਏ ਹਨ, ਦੂਜੇ ਪਾਸੇ ਨਿਰਦਈ ਲੁਟੇਰੇ ਰਾਜੇ ਮਹਾਰਾਜੇ, ਜਰਨੈਲ ਆਦਿ ਆਪਣੇ (ਗੁਣ)-ਔਗੁਣਾ ਦੇ ਕਾਰਨ ਇਤਿਹਾਸਕ ਗ੍ਰੰਥਾਂ ਵਿਚ ਥਾਂ ਮੱਲੀ ਬੈਠੇ ਹਨ)। ਸੰਸਾਰ ਵਿਚ ਮਨੁੱਖ ਦਾ ਜਨਮ ਹਰ ਪਲ ਨਿਰੰਤਰ ਹੋ ਰਿਹਾ ਹੈ, ਪਰ ਸੰਸਾਰ ਵਿਚ ਪ੍ਰਗਟ ਉਹੀ ਮਨੁੱਖ ਹੁੰਦਾ ਹੈ ਜਿਸ ਵਿਚ ਨਿਆਰੇ ਅਤੇ ਬੜੇ ਉਚੇਚੇ ਗੁਣਾਂ ਦੇ ਹੋਣ ਦਾ ਪਤਾ ਲੱਗਦਾ ਹੈ। **ਸੋ ਜਨਮ ਲੈਣਾ** ਅਤੇ **ਪ੍ਰਗਟ ਹੋਣਾ**, ਇੱਕ ਗੱਲ ਨਹੀਂ ਹੈ ।

ਆਉ ਹੁਣ ਉਪ੍ਰੋਕਤ ਦਲੀਲ ਨੂੰ ਗੁਰੂਬਾਣੀ ਦੀ ਕਸਵੱਟੀ ਤੇ ਪਰਖੀਏ:--

੪੫- **ਗੁਰ ਪੂਰੇ ਰਾਖਿਆ ਦੇ ਹਾਥ ॥ ਪ੍ਰਗਟੁ ਭਇਆ ਜਨ ਕਾ ਪਰਤਾਪੁ ॥ ੧ ॥**[੩੯੬]-੮-੧੦੨

੪੬- **ਪ੍ਰਗਟਿਓ ਸੋ ਜਨੁ ਸਗਲੇ ਭਵਨ ॥ ਪਤਤਿ ਪੁਨੀਤ ਤਾ ਕੀ ਪਗ ਰੇਨ ॥**
**ਜਾ ਕਉ ਭੇਟਿਓ ਹਰਿ ਹਰਿ ਰਾਇ ॥ ਤਾ ਕੀ ਗਤਿ ਮਿਤਿ ਕਥਨੁ ਨ ਜਾਇ ॥ ੩ ॥**[੩੯੩]-੩੮-੮੯

੪੭- **ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ ॥**
**ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ ॥ ੧ ॥** [੨੫੪]-ਵਾ-੨੨

੪੮- **ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥ ਨਾਨਕ ਉਧਰੇ ਤਿਨ ਕੈ ਸਾਥੇ ॥ ੩ ॥** [੨੯੫]

੪੯- **ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥ ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥..੭ ॥**[੨੭੦]-ਅਸਟ-੬

੫੦- **ਚਰਣ ਕਮਲ ਰਿਦ ਅੰਤਰਿ ਧਾਰੇ ॥ ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥ ੨ ॥** [੩੭੫]-੧੭

੫੧- **ਪ੍ਰਗਟਿਆ ਸੂਰੁ ਜੋਤਿ ਉਜਿਆਰਾ ॥ ਸੇਜ ਵਿਛਾਈ ਸਰਧ ਅਪਾਰਾ ॥**
**ਨਵ ਰੰਗ ਲਾਲੁ ਸੇਜ ਰਾਵਣ ਆਇਆ ॥ ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥ ੪ ॥**[੭੩੭]-੪

੫੨- **ਪ੍ਰਘਟ ਭਏ ਸੰਸਾਰ ਮਹਿ ਫਿਰਤੇ ਪਹਨਾਮ ॥ ਨਾਨਕ ਤਿਸੁ ਸਰਣਾਗਤੀ ਘਟ ਘਟ ਸਭ ਜਾਨ ॥ ੨ ॥**[੮੧੯]-੧੨-੭੬

[**ਪਹਿਨਾਮ=** (ਫ਼ਾਰਸੀ-ਪਿਨਹਾਂ), ਲੁਕੇ ਹੋਏ, ਜਿਨ੍ਹਾਂ ਨੂੰ ਕੋਈ ਜਾਣਦਾ-ਬੁੱਝਦਾ ਹੀ ਕੋਈ ਨਹੀਂ ਸੀ ]

ਅਰਥ:--ਜਿਹੜੇ ਮਨੁੱਖਾਂ ਨੂੰ ਪਹਿਲਾਂ ਕੋਈ ਵੀ ਜਾਣਦਾ-ਸਿੰਞਾਣਦਾ ਨਹੀਂ ਸੀ (ਸਾਧ-ਗੁਰੂ-ਗ੍ਰੰਥ ਸਾਹਿਬ ਦੀ ਸੰਗਤਿ ਵਿਚ ਟਿਕ ਕੇ ਸਿਮਰਨ ਦੀ ਬਰਕਤਿ ਨਾਲ) ਉਹ ਜਗਤ ਵਿਚ ਨਾਮਣੇ ਵਾਲੇ ਹੋ ਜਾਂਦੇ ਹਨ । ਹੇ ਨਾਨਕ ! (ਸਾਧ-ਗੁਰੂ-ਗ੍ਰੰਥ ਸਾਹਿਬ ਜੀ ਦਾ ਆਸਰਾ ਲੈ ਕੇ ) ਉਸ ਪਰਮਾਤਮਾ ਦੀ ਸਦਾ ਸਰਨ ਪਏ ਰਹਿਣਾ ਚਾਹੀਦਾ ਜੇਹੜੇ ਹਰੇਕ ਜੀਵ ਦੇ ਹਿਰਦੇ ਦੀ ਹਰੇਕ ਗੱਲ ਜਾਣਦਾ ਹੈ । ੨ ।

੫੩- **ਪ੍ਰਗਟੁ ਭਇਆ ਖੰਡੀ ਬ੍ਰਹਮੰਡੀ ਕੀਤਾ ਆਪਣਾ ਪਾਇਆ ॥**

**ਨਾਨਕ ਸਰਣਿ ਨਿਰਭਉ ਕਰਤੇ ਕੀ ਅਨਦ ਮੰਗਲ ਗੁਣ ਗਾਇਆ ॥ ੨ ॥** [੧੨੨੪] -੮੩-੧੦੬ (

੫੪- **ਨਿੰਦਾ ਕਹਾ ਕਰਹੁ ਸੰਸਾਰਾ ॥ ਨਿੰਦਕ ਕਾ ਪਰਗਟਿ ਪਾਹਾਰਾ ॥**
**ਨਿੰਦਕੁ ਸੋਧਿ ਸਾਧਿ ਬੀਚਾਰਿਆ ॥ ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥ ੪ ॥**[੮੭੫]-੨-੧੧-੭-੨

੫੫- **ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ ॥** [੧੩੬੪]

੫੬- **ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥**
**ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥ ੪ ॥ ੧੧ ॥**[੬੧੧]

੫੭- **ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥**[੩੯੬]-੭-੧੦੧

ਇਸ ਇਕੋ ਤੁਕ ਵਿਚ ਸਤਿਗੁਰਾਂ ਨੇ ਜਨਮ ਲੈਣ ਦੇ ਅਤੇ ਪ੍ਰਗਟ ਹੋਣ ਦੇ ਅਰਥ ਸਮਝਾ ਦਿੱਤੇ ਹਨ। ਗੁਰਬਾਣੀ ਵਿਚ ਪ੍ਰਗਟ ਹੋਣ ਨੂੰ ਜਨਮਿਆਂ ਕਿਸੇ ਇੱਕ ਥਾਂ ਵੀ ਨਹੀਂ ਕਿਹਾ ਗਿਆ।

**ਭਾਈ ਗੁਰਦਾਸ ਜੀ**--

ਜਨਮ ਹੋਣ ਅਤੇ ਪ੍ਰਗਟ ਹੋਣ ਵਾਲੇ ਏਹੀ ਗੁਰਮਤਿ ਅਰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਵੀ ਸਪੱਸ਼ਟ ਹਨ--ਪਹਿਲੀ ਵਾਰ ਦੀ ੨੩ਵੀਂ ਪਉੜੀ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਧਰਤੀ ਤੇ ਆਗਮਨ ਹੋਣ ਦੇ ਕਾਰਨ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ:---

ਸੁਣੀ ਪੁਕਾਰ ਦਾਤਾਰਿ ਪ੍ਰਭੁ ਗੁਰ ਨਾਨਕ ਜਗ ਮਾਹਿ **ਪਠਾਇਆ** । .....

ਇਸ ਤੋਂ ਅੱਗਲੀਆਂ ਪਉੜਆਂ:--

.... ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ। ...
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜਿਆ ਸੋਧਣਿ ਧਰਤਿ ਲੁਕਾਈ **॥ ੨੪ ॥**
ਬਾਬਾ ਆਇਆ ਤੀਰਥੈ ਤੀਰਥ ਪੁਰਬ ਸਭੇ ਫਿਰਿ ਦੇਖੈ।
ਪੂਰਬ ਧਰਮ ਬਹੁ ਕਰਮ ਕਰਿ ਭਾਉ ਭਗਤ ਬਿਨੁ ਕਿਤੇ ਨ ਲੇਖੈ।
ਭਾਉ ਨ ਬ੍ਰਹਮੈ ਲਿਖਿਆ ਚਾਰਿ ਬੇਦਿ ਸਿੰਮ੍ਰਿਤਿ ਪੜਿ ਪੇਖੈ।
ਢੂੰਡੀ ਸਗਲੀ ਪ੍ਰਿਥਵੀ ਸਤਿਜੁਗਿ ਆਦਿ ਦੁਆਪਰਿ ਤ੍ਰੇਤੈ।
**ਕਲਿਜੁਗਿ ਧੁੰਧੂਕਾਰ ਹੈ ਭਰਮਿ ਭੁਲਾਈ ਬਹੁ ਬਿਧਿ ਭੇਖੈ । ...... ੨੫ ॥**

ਤੀਰਥਾਂ ਤੇ ਰਟਨ ਕਰਕੇ ਲੋਕਾਂ ਨੂੰ ਭਾਉ ਭਗਤ ਤੋਂ ਸੱਖਣੇ ਭਰਮਾ ਵਿਚ ਪਿਆ ਸਤਿਗੁਰਾਂ ਅੱਖੀਂ ਵੇਖ ਲਿਆ ਅਤੇ ਫਿਰ--

ਜਤੀ ਸਤੀ ਚਿਰੁਜੀਵਣੇ ਸਾਧਿਕ ਸਿਧ ਨਾਥ ਗੁਰ ਚੇਲੇ।
ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲਿ ਬਹੁ ਮੇਲੇ। ....
ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।
ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।
ਡਿੱਠੇ ਹਿੰਦੂ ਤੁਰਕਿ ਸਭਿ ਪੀਰ ਪੈਕੰਬਰਿ ਕਉਮਿ ਕਤੇਲੇ।
ਅੰਧੀ ਅੰਧ ਖੂਹੇ ਠੇਲੇ **॥ ੨੬ ॥**

ਭਾਵ, ਗੁਰੂ ਜੀ ਨੇ ਸਾਰੇ ਫਿਰ ਫਿਰ ਕੇ ਕੀ ਡਿੱਠਾ ?---ਆਗੂ ਅਤੇ ਚੇਲੇ ਸਭ ਹਉਮੈ ਵਿਚ ਫਸੇ ਪਏ ਦੁਖੀ ਹਨ। ਪਰਮਾਰਥ ਕਿਤੇ ਨਹੀਂ ਰਿਹਾ, ਸਭ ਥਾਂ ਧੋਖਾ ਤੇ ਠੱਗੀ-ਵਿਹਾਰ ਦਾ ਜਾਂ ਹੰਕਾਰ ਦਾ ਤੋਰਾ ਪੱਸਰ ਰਿਹਾ ਹੈ। ਮਾਇਆ ਗ੍ਰਸੇ ਧਰਮ ਆਗੂਆਂ ਦੀ ਹਾਲਤ ਦਾ ਵਰਣਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਤਰ੍ਹਾਂ ਫ਼ੁਰਮਾਨ ਕਰਦੇ ਹਨ:--

੨੨- **ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥ ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ ੯੮ ॥**[੧੩੬੯]

ਹਰ ਪਾਸੇ ਅਗਿਆਨਤਾ ਦੀ ਧੁੰਧ ਪੱਸਰ ਰਹੀ ਵੇਖੀ ਤਾਂ ਫਿਰ ਇਸ ਧੁੰਧ ਦੇ ਬੱਦਲਾਂ ਨੂੰ ਖੇਰੂੰ ਖੇਰੂੰ ਕਰਨ ਵਾਲੇ ਅਪਾਰ-ਗਿਆਨ ਰੂਪ ਸੂਰਜ ਨੇ ਆਪਣੀਆਂ ਕਿਰਣਾ ਖਿਲਾਰਣੀਆਂ ਅਰੰਭ ਕੀਤੀਆਂ ਤਾਂ ਹਨੇਰੇ ਵਿਚ ਚਮਕਣ ਵਾਲੇ ਤਾਰਿਆ ਨੂੰ (ਭਾਵ, ਅਗਿਆਨਤਾ ਦੇ ਹਨੇਰੇ ਵਿਚ ਲੁਟ ਮਚਾਉਣ ਵਾਲੇ ਧਰਮ ਆਗੂਆਂ ਨੂੰ ਭਾਜੜਾਂ ਪੈ ਗਈਆਂ। ਸਿਆਣਿਆਂ ਨੂੰ ਇਸ ਤਰ੍ਹਾਂ ਅਨੁਭਵ ਹੋਇਆ ਜਿਵੇ--ਭਰਮਾਂ ਭੁਲੇਖਿਆਂ ਦਾ ਨਾਸ ਕਰਕੇ, ਉੱਚੀ ਆਤਮਕ ਅਵਸਥਾ ਦੇ ਮਾਲਕ, ਸੰਤ ਸੂਰਮਿਆਂ ਵਾਲੇ ਸ਼ੁਭ-ਗੁਣਾ ਦਾ ਪ੍ਰਭਾਵ ਵਧ ਰਿਹਾ ਹੋਵੇ। (ਮਾਨੋ, ਸਤਿਗੁਰੂ ਬਾਬਾ ਨਾਨਕ ਜੀ ਦੇ ਨਿਆਰੇ ਗਿਆਨ ਦੀ), ਸ਼ੇਰਵਾਈ ਗਰਜਣਾ ਸੁਣ ਕੇ ਅਗਿਆਨਤਾ ਅਤੇ ਵਿਕਾਰ-ਰੂਪ ਹਨੇਰੇ ਜੰਗਲ ਵਿਚੋਂ, ਵਿਕਾਰ-ਰੂਪ ਹਰਨਾਂ ਦੀਆਂ ਡਾਰਾਂ, ਅਧੀਰ ਹੋਈਆਂ ਭੱਜੀਆਂ ਜਾ ਰਹੀਆਂ ਹੋਣ। ਜਿਥੇ ਵੀ ਗੁਰੂ ਬਾਬਾ ਜੀ ਚਰਨ ਪਾਉਂਦੇ ਸਨ ਉਹੀ ਅਸਥਾਨ ਪੂਜਣ-ਜੋਗ ਬਣ ਰਿਹਾ ਸੀ। ਚਿਰਾਂ ਤੋਂ ਬਣੇ **ਗੋਰਖ-ਮਤੇ** ਹੁਣ **ਨਾਨਕ ਮਤੇ** ਬਣ ਗਏ। ਘਰਾਂ ਵਿਚ ਇਲਾਹੀ ਸਿਫਤਿ ਸਾਲਾਹ ਰੂਪੀ ਕੀਰਤਨ ਦੀ ਮਾਨੋਂ ਵਿਸਾਖੀ ਮਨਾਈ ਜਾਣ ਲੱਗ ਪਈ। ਗੁਰੂ ਬਾਬੇ ਨੇ ਭਾਰਤ, ਬਰ੍ਹਮਾ, ਲੰਕਾ, ਨਿਪਾਲ, ਲੇਹ, ਲਦਾਖ਼, ਤਿੱਬਤ, ਅਫ਼ਗਾਂਨਿਸਤਾਨ, ਈਰਾਨ, ਅਰਬ, ਬਗ਼ਦਾਦ, ਰੂਸ, ਚੀਨ ਆਦਿ ਮਾਨੋ ਸਾਰਾ ਸੰਸਾਰ ਤਾਰ ਦਿੱਤਾ। ਅਤੇ ਹੁਣ ੨੭ਵੀਂ ਪਉੜੀ ਵਿਚ ਭਾਈ ਗੁਰਦਾਸ ਜੀ, ਉਸ **ਪ੍ਰਗਟ ਪਹਾਰੇ** ਦਾ ਵਰਣਨ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ---

**ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ ।**

**ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅਧੇਰ ਪਲੋਆ ।**
**ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ ।**
**ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ ।**
**ਸਿਧ ਆਸਣਿ ਸਭਿ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ ।**
**ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ ।**
**ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ ।**
**ਗੁਰਮੁਖਿ ਕਲਿ ਵਿਚਿ ਪਰਗਟ ਹੋਆ ॥ ੨੭ ॥**

ਅਵਤਾਰ ਧਾਰਨ ਨੂੰ, ਅਥਵਾ ਜਨਮ ਲੈਣ ਨੂੰ, ਭਾਈ ਸਾਹਿਬ ਨੇ ਵੀ **ਪ੍ਰਗਟ ਹੋਣਾ** ਨਹੀਂ ਕਿਹਾ । ਉਥੇ ਲਫ਼ਜ਼ " ਪਠਾਇਆ " ਹੈ । ਪਰ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ, ਉਦਾਸੀਆਂ ਤੇ ਚੜ੍ਹੇ ਹੋਏ, ਘਣਘੋਰ ਬੱਦਲਾਂ ਵਾਂਗ, ਨਿਆਰੇ ਗਿਆਨ ਦੀ ਬਰਖਾ ਕਰਕੇ ਅਗਿਆਨਤਾਂ ਦੀ ਧੁੰਧ ਮਿਟਾ ਰਹੇ ਸਨ, ਉਸ ਵੇਲੇ ਭਾਈ ਸਾਹਿਬ ਜੀ ਨੇ ਉਨ੍ਹਾਂ ਨੂੰ--**ਪ੍ਰਗਟ ਹੋਏ** ਮੰਨਿਆਂ ਹੈ । ਇਸ ਤਰ੍ਹਾਂ ਭਾਈ ਸਾਹਿਬ ਨੇ ਸਤਿਗੁਰਾਂ ਦੀ ਬਾਣੀ ਦੇ ਠੀਕ ਆਸ਼ੇ ਨੂੰ ਸਪੱਸ਼ਟ ਕੀਤਾ ਹੈ । ਸਾਰਾ ਪੰਥ ਰਲ ਕੇ ਵੀ ਗੁਰਮਤਿ ਦੇ ਇਸ ਆਸ਼ੇ ਨੂੰ ਨਹੀਂ ਸੀ ਬਦਲ ਸਕਦਾ । ਜੇ ਬਦਲਦਾ ਹੈ ਤਾਂ ਆਪਣੇ ਖ਼ਾਤਮੇ ਦੇ ਦਿਨਾਂ ਨੂੰ ਨੇੜੇ ਲਈ ਆ ਰਿਹਾ ਹੈ । ਕਾਰਨ ਅਗਲੀਆਂ ਸਤਰਾਂ ਪੜ੍ਹਿਆਂ ਸਮਝ ਵਿਚ ਆ ਜਾਵੇਗਾ ।

੨੦੦ ਤੋਂ ਵੱਧ ਸਾਲ ਦੇ ਸਮਾਂ, ਸਤਿਗੁਰਾਂ ਦੀ ਕਿਰਪਾ ਦੀ ਬਰਖਾ ਨਿਰੰਤਰ ਹੁੰਦੀ ਰਹੀ, ਜਿਸ ਤੋਂ ਖ਼ਾਲਸਾ ਅਜੇਹੇ ਸ਼ੁੱਭ ਉੱਤਮ ਗੁਣਾ ਦਾ ਭੰਡਾਰ ਬਣਦਾ ਗਿਆ ਕਿ ਉਸ ਨੇ ਅਕਾਲ ਪੁਰਖ ਨੂੰ ਆਪਣੇ ਤੇ ਰੀਝਾ ਲਿਆ । ਫਿਰ ' ਪਰਮਾਤਮਾ ਮੌਜ ਵਿਚ ਆਇਆ " ਅਤੇ ਮਿਹਰਾਂ ਕੀਤੀਆਂ । ੧੬੯੯ ਦੀ ਵਿਸਾਖੀ ਵਾਲੇ ਦਿਨ, ਉਚੇਚੇ ਕਿਸਮ ਦੀ, ਅਤੀਅੰਤ ਕਰੜੀ,' ਮਨੁੱਖ ਨੂੰ ਭੈ ਭੀਤ ਕਰ ਦੇਣ ਵਾਲੀ ਨਿਆਰੀ ਪ੍ਰੀਖਿਆ ਵਿਚੋਂ ਖ਼ਾਲਸਾ ਪਾਸ ਹੋ ਕੇ ਸੰਸਾਰ ਵਿਚ **ਪ੍ਰਗਟ** ਹੋਇਆ । ਅਸੱਫਲ, ਹੋ ਕੇ ਠੇਡੇ ਖਾ ਰਹੇ ਮਨੁੱਖ ਨੂੰ ਕੋਈ ਨਹੀਂ ਜਾਣਦਾ । ਸਦਾ ਉਹੀ ਵਿਦਿਆਰਥੀ ਸੰਸਾਰ ਵਿਚ ਪ੍ਰਗਟ ਹੁੰਦਾ ਹੈ ਜਿਹੜਾ ਉਚੇਚੇ ਨੰਬਰ ਲੈ ਕੇ ਸਰਬਓਤਮ ਘੋਸ਼ ਕੀਤਾ ਜਾਂਦਾ ਹੈ । ਸਫ਼ਲ ਹੋਏ ਅਥਵਾ ਪਾਸ ਹੋਏ ਨੂੰ **" ਜਨਮਿਆਂ "** ਸਿਵਾਏ ਸਿੱਖਾਂ ਦੇ ਹੋਰ ਕਦੇ ਕਿਸੇ ਨਹੀਂ ਕਿਹਾ । {ਬ੍ਰਾਹਮਣ ਨੇ ਚਤੁਰਾਈ ਕੀਤੀ ਅਤੇ ਸ੍ਰੀ ਰਾਮ ਜੀ, ਸ੍ਰੀ ਕ੍ਰਿਸ਼ਨ ਜੀ ਨੂੰ ਆਪਣੇ ਵਿਦਿਆਲੇ ਵਿਚ ਪੜ੍ਹਦੇ ਆਪਣੇ ਸ਼ਗਿਰਦ ਵਿਖਾ ਦਿੱਤਾ । ਸੋ ਬ੍ਰਾਹਮਣ ਜੇ ਉਨ੍ਹਾਂ ਸ਼ਗਰਿਦ-ਇਸ਼ਟਾਂ ਦੀ ਪਰਵਾਹ ਨਾ ਵੀ ਕਰੇ ਤਾਂ ਗੁਸਤਾਖ਼ੀ ਨਹੀਂ ਮੰਨੀ ਜਾ ਸਕਦੀ । ਪਰ ਸਦਕੇ ਜਾਈਏ ਸਿੰਘਾਂ ਤੋਂ ਜਿੰਨਾਂ ਨਿਆਰੇ ਗਿਆਨ ਦੇ ਦਾਤਾ ਆਪਣੇ ਸਤਿਗੁਰੂ ਜੀ ਦੇ, ਆਪ ਹੀ ਗੁਰੂ ਬਣ ਬੈਠੇ ਤਾਂ ਉਸ ਚੇਲੇ-ਗੁਰੂ ਦੇ ਕਿਸੇ ਗਿਆਨ ਅਨੁਸਾਰ ਚੱਲਣ ਦੀ ਕੀ ਲੋੜ ਹੋਵੇ ?}

ਉਪ੍ਰੋਕਤ ਸ਼ਬਦ ਵਿਚਾਰ ਦੇ ਅਧਾਰ ਤੇ, **" ਪ੍ਰਗਟ ਹੋਣ "** ਨੂੰ **" ਜਨਮ ਹੋਣਾ "** ਕਹਿਣਾ **ਗੁਰਮਤਿ ਨਹੀਂ ਹੈ** । ਦਸ਼ਮੇਸ਼ ਜੀ ਦੇ ਪੰਜ ਭੂਤਕ ਸਰੀਰ ਵਿਚ ਵਿਚਰਦੇ ਸਮੇ ਕਦੇ ਵੀ ਖ਼ਾਲਸੇ ਦਾ ਜਨਮ ਦਿਨ ਨਹੀਂ ਸੀ ਮਨਾਇਆ ਗਿਆ । **ਪ੍ਰਗਟਿਓ ਖ਼ਲਾਸਾ ਪਰਮਾਤਮ ਕੀ ਮੌਜ** " ਫ਼ੁਰਮਾਨ ਦੇ ਅਰਥ ਬਦਲ ਕੇ ਇਸ ਨੂੰ ਖ਼ਾਲਸੇ ਦਾ " ਜਨਮ ਦਿਨ " ਕਿਹੜੇ ਸਾਲ ਤੋਂ ਮਨਾਇਆ ਜਾਣਾ ਅਰੰਭ ਹੋਇਆ ਸੀ ? ਇਸ ਦਾ ਠੀਕ ਅਤੇ ਭਰੋਸੇ ਜੋਗ ਪਤਾ ਕਿਥੋਂ ਮਿਲੇ ? ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪਾਵਨ ਸਰੂਪ ਹੈ ਜਿਸ ਵਿਚ ਸਿੱਖੀ ਦਾ ਵੈਰੀ ਕੋਈ ਰਲਾ ਨਹੀਂ ਪਾ ਸਕਿਆ । ਹੋਰ ਬਥੇਰੇ ਹੱਥ-ਪੈਰ ਮਾਰੇ ਹਨ ਪਰ ਭਰੋਸੇ ਜੋਗ ਪੁਸਤਕ ਦਾਸ ਨੂੰ ਕਿਤੋਂ ਨਹੀਂ ਮਿਲ ਸਕੀ ਜਿਸ ਤੋਂ ਇਸ ਬਾਰੇ ਠੀਕ ਟੋਹ ਮਿਲ ਸਕੇ ਕਿ ਪ੍ਰਗਰਟ ਹੋਣ ਨੂੰ ਜਨਮ ਹੋਣ ਵਿਚ ਕਿਸ ਨੇ, ਕਦੋਂ ਅਤੇ ਕਿਹੜੀ ਕਰਾਮਾਤ ਨਾਲ ਬਦਲ ਦਿੱਤਾ ਸੀ। ਪੰਥ ਵਿਚ ਸਤਿਕਾਰਿਆ ਗਿਆ ਗੁਰਪ੍ਰਤਾਪ ਸੂਰਜ ਗ੍ਰੰਥ ੧੮੨੩ ਤੋਂ ੧੮੪੦ (ਸੰਤ ੧੮੮੦ ਤੋਂ ੧੯੦੦) ਤੱਕ ਲਿਖਿਆ ਗਿਆ ਹੈ। ਉਸ ਵਿਚ ਖ਼ਾਲਸੇ ਦੇ ਜਨਮ ਦਿਨ ਮਨਾਉਂਣ ਦੀ ਪ੍ਰੰਪਰਾ ਦਾ ਕੋਈ ਜ਼ਿਕਰ ਨਹੀਂ ਹੈ। ਖ਼ਾਲਸੇ ਦਾ ਜਨਮ ਦਿਨ ਮਨਾ ਕੇ ਜਨਮ ਦਿਨ ਦੀਆਂ (Happy birth day to you) ਵਧਾਈਆਂ ਲੈਣ ਦਾ ਰਿਵਾਜ ਨਿਰਸੰਦੇਹ ਡੇਰਾ-ਵਾਦ ਦੀ ਦੇਣ ਹੈ ।

## ਜਨਮ ਦਿਨ ਅਤੇ ਪ੍ਰਗਟ ਦਿਨ ਮਨਾਉਣ ਵਿਚ ਹਾਨੀ ਜਾਂ ਲਾਭ ?:--

ਉਪ੍ਰੋਕਤ ਵਿਚਾਰ ਤੋਂ ਅਸਾਂ ਸਮਝ ਲਿਆ ਹੈ ਕਿ ਜਨਮ ਹੋਣ ਵਿਚ ਕਿਸੇ ਦੀ ਕੋਈ ਨਿੱਜੀ ਵਡਿਆਈ ਨਹੀਂ ਮੰਨੀ ਜਾਂਦੀ। ਜੀਵ ਦੇ ਜਨਮ ਵਿਚ-- **ਘਲੇ ਆਵਹਿ ਨਾਨਕਾ**--ਵਾਲਾ ਹੁਕਮ ਵਰਤ ਰਿਹਾ ਹੁੰਦਾ ਹੈ। ਪਰ ਮਨੁੱਖ **' ਪਰਗਟ '** ਆਪਣੀ ਮਿਹਨਤ ਅਤੇ ਘਾਲਣਾ ਦੇ ਫਲ ਸਰੂਪ ਹੁੰਦਾ ਹੈ। ਸ਼ੁੱਭ ਗੁਣਾ ਦਾ ਸਦਕਾ ਜਿਸ ਲੀਡਰ ਨੂੰ ਸੁਣਨ ਲਈ ਲੱਖਾਂ ਲੋਕ ਵਹੀਰਾਂ ਪਾਈ ਆਇਆ ਕਰਦੇ ਸਨ, ਅਤੇ ਆਪਣੇ ਉਸ ਲੀਡਰ ਤੇ ਫੁੱਲਾਂ ਦੀ ਬਰਖਾ ਕਰਦੇ ਨਹੀਂ ਸਨ ਥੱਕਿਆ ਕਰਦੇ, ਪਰ ਪਦਵੀ ਦੇ ਹੰਕਾਰ ਵਿਚ ਉਹੀ ਲੀਡਰ ਜਦ ਆਪਣੇ ਉਹ ਗੁਣ, ਜਿਨ੍ਹਾਂ ਦਾ ਸਦਕਾ ਉਹ ਪ੍ਰਗਟ ਹੋਇਆ ਸੀ, ਗੁਆ ਕੇ ਅਵਗੁਣਾ ਦਾ ਧਾਰਨੀ ਬਣ ਜਾਂਦਾ, ਤਾਂ ਫੁੱਲਾਂ ਦੀ ਥਾਂ ਉਸੇ ਲੀਡਰ ਵਲ ਨੂੰ ਗੰਦੇ ਆਂਡੇ ਅਤੇ ਗਲੇ ਸੜੇ ਟਮਾਟਰ ਵਗਾਹੇ ਜਾ ਰਹੇ ਹੁੰਦੇ ਹਨ। ਕੋਈ ਉਸ ਦੇ ਮੂੰਹ ਲੱਗਣਾ ਪਸੰਦ ਨਹੀਂ ਕਰਦਾ। ਪਰ ਉਸ ਦੇ ਜਨਮ ਦਿਨ ਤੇ ਵਧਾਈ ਦੇਣ ਵਾਲੇ ਫੇਰ ਵੀ ਕਈ ਆ ਜੁੜਦੇ ਹਨ।

ਇੱਕ ਆਦਮੀ ਕਿਸੇ ਨਾ ਕਿਸੇ ਅਪਰਾਧ ਦੇ ਕਾਰਨ ਸਦਾ ਜੇਲ੍ਹ ਵਿਚ ਹੀ ਰਹਿੰਦਾਂ ਹੈ। ਪਰ ਜਦੋਂ ਉਹ ਆਪਣਾ ਜਨਮ ਦਿਨ ਮਨਾਉਂਦਾ ਹੈ, ਉਥੇ ਆਏ ਸਾਰੇ ਮਨੁੱਖ ਉਸ ਨੂੰ Happy birth day to you ਜ਼ਰੂਰ ਕਹਿ ਰਹੇ ਹੁੰਦੇ ਹਨ। ਉਂਜ ਵੀ ਮੂੰਹ ਰਖਣੀ ਕਰਨ ਵਾਲੇ ਭਲੇ ਲੋਕ ਵੀ ਉਸ ਦੇ ਜਨਮ ਦਿਨ ਦੀ ਵਧਾਈ ਦੇ ਦੇਣੀ ਵਡੀ ਗੱਲ ਨਹੀਂ ਸਮਝਦੇ। ਸੋ ਜਨਮ ਦਿਨ ਮਨਾਉਣ ਵਾਲੇ ਨੂੰ ਆਪਣੇ ਗੁਣ ਅਉਗਣ ਬਾਰੇ ਸੋਚਣ ਦੀ ਲੋੜ ਨਹੀਂ ਹੁੰਦੀ। ਮੰਦੇ ਸ਼ਚਰਨ ਵਾਲਾ ਵੀ ਆਪਣੇ ਜਨਮ ਦਿਨ ਦੀਆਂ ਪਾਰਟੀਆਂ ਵਿਚ ਸ਼ਰਾਬੀ ਹੋ ਕੇ ਹੰਕਾਰ ਦੀ

ਪਰਦਰਸ਼ਨੀ ਕਰਨ ਵਿਚ ਆਪਣੀ ਸ਼ਾਨ ਮੰਨ ਰਿਹਾ ਹੁੰਦਾ ਹੈ। ਪਰ ਪਰਗਟ ਹੋਏ ਮਨੁੱਖ ਲਈ ਜ਼ਰੂਰੀ ਹੈ ਕਿ ਉਹ ਆਪਣੇ ਉਨ੍ਹਾਂ ਗੁਣਾ ਵਿਚ ਸਦਾ ਵਾਧਾ ਕਰਦਾ ਰਹੇ ਜਿਨ੍ਹਾਂ ਦੇ ਕਾਂਰਨ ਉਹ ' ਪ੍ਰਗਟ-ਸੰਸਾਰ " ਹੋਇਆ ਸੀ।

ਏਹੀ ਸਮਝ ਆ ਰਹੀ ਹੈ ਕਿ ਬਿਪ੍ਰਨ ਕੀ ਰੀਤ ਦੇ ਧਾਰਨੀ ਹੋਏ ਗੁਰੂ ਦੇ ਲਾਲ ਨੇ ਜਦ ਤੇਜ ਪ੍ਰਤਾਪ ਗੁਆ ਲਿਆ ਤਾਂ ਆਪਣੇ ਪ੍ਰਗਟ ਹੋਣ ਦਾ ਦਿਆਹਾੜਾ ਕਿਸ ਮੂੰਹ ਨਾਲ ਮਨਾਉਂਦਾ? ਆਪਣੀ ਫੋਕੀ, ਚੋਧਰ ਵੀ ਬਣਾਈ ਰੱਖਣੀ ਜ਼ਰੂਰੀ ਸੀ। ਆਪਣੇ **Pets** ਦਾ ਜਨਮ ਮਨਾਉਂਦੇ ਅਤੇ ਉਨ੍ਹਾਂ (=ਕੁੱਤੇ, ਬਿੱਲੇ, ਘੋੜੇ ਆਦਿ ਪਸ਼ੂਆਂ) ਨੂੰ Happy birth day to you ਕਹਿੰਦੇ ਗੋਰਿਆਂ ਨੂੰ ਵੇਖ ਹੀ ਲਿਆ ਸੀ। ਬਸ ਆਪਣਾ ਪ੍ਰਗਟ ਦਿਨ ਮਨਾਉਣ ਦੇ ਥਾਂ ਝੂਠ ਦਾ ਆਸਰਾ ਲੈ ਕੇ ਆਪਣਾ ਜਨਮ ਦਿਨ ਮਨਾ ਕੇ ਵਧਾਈਆਂ ਲੈਣੀਆਂ ਅਰੰਭ ਲਈਆਂ। ਹੰਕਾਰ ਨੂੰ ਚੰਗੇ ਚੋਖੇ ਪੱਠੇ ਪੈ ਜਾਂਦੇ ਸਨ ਅਤੇ ਪੁਰਾਤਨ ਸੰਤ-ਸੂਰਮੇ ਸਿੰਘਾ ਦੇ ਸੋਹਲੇ ਗਾਉਣ ਨਾਲ ਲੋਕਾਂ ਦੀਆਂ ਨਜ਼ਰਾਂ ਵਿਚ ਠੁੱਕ ਵੀ ਚੰਗੀ ਬੱਝ ਜਾਂਦੀ ਸੀ। " **ਖ਼ਾਲਸਾ ਜੀ ! ਤੁਹਾਨੂੰ ਜਨਮ ਦਿਨ ਦੀ ਲੱਖ ਲੱਖ ਵਧਾਈ ਹੋਵੇ** " ਸੁਣਦੇ ਰਹਿਣ ਵਿਚ ਆਤਮਕ ਸੁਖ ਮਾਣ ਲੈਣ ਦਾ ਸਾਨੂੰ ਭੁੱਸ ਪੈ ਗਿਆ। ਗੁਰਮਤਿ ਦੇ ਪੱਖੋਂ ਪੰਥ ਦੀ ਚੜ੍ਹਦੀ ਕਲਾ ਦੀ ਹਾਲਤ ਹਰ ਪਾਸਿਓਂ ਦਿਨੋ ਦਿਨ ਨਿੱਘਰਦੀ ਹੀ ਤੁਰੀ ਗਈ। ਜਨਮ ਦਿਨ ਦੀ ਖ਼ੁਸ਼ੀ ਵਿਚ ਭੰਗੜੇ ਪਾਉਣੇ, ਗੋਲੇ ਚਲਾਉਣੇ, ਹਰ ਪਾਸੇ ਹੰਕਾਰ ਦੀ ਪ੍ਰਦਰਸ਼ਨੀ ਕਰਕੇ ਹਾਜ਼ਰਾ ਹਜ਼ੂਰ ਸਤਿਗੁਰਾਂ ਦੇ ਫ਼ੁਰਮਾਨ --

੫੮- **ਜਨਮੇ ਕਉ ਵਾਜਹਿ ਵਾਧਾਏ ॥ ਸੋਹਿਲੜੇ ਅਗਿਆਨੀ ਗਾਏ ॥**
**ਜੋ ਜਨਮੈ ਤਿਸੁ ਸਰਪਰ ਮਰਣਾ, ਕਿਰਤੁ ਪਇਆ ਸਿਰਿ ਸਾਹਾ ਹੇ ॥ ੭ ॥**[੧੦੩੨]

ਦੀ ਖਿੱਲੀ ਉਡਾਉਣ ਦੀ ਭੁੱਲ ਕੀਤੀ ਜਾ ਰਹੀ ਹੁੰਦੀ ਹੈ। ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਜੋ ਆਪਣਾ ਜਨਮ ਦਿਨ ਮਨਾਉਣ ਤੇ ਢੋਲ-ਢਮੱਕੇ ਵਜਾਉਂਦਾ ਹੋਇਆ ਭੰਗੜੇ ਪਾਉਂਦਾ ਹੈ ਉਸ ਨੂੰ ਮਰਨ ਦਿਨ ਤੇ ਧਾਹਾਂ ਮਾਰਦਿਆਂ ਰੋਣ ਕੁਰਲਾਉਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ--**(੧) ਜੋ ਜਨਮੈ ਸੋ ਜਾਨਹੁ ਮੂਆ** ॥ [੩੭੫] ਆਪਣਾ ਜਨਮ ਦਿਨ ਮਨਾਉਣ ਵਾਲੇ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਕਿ--**(੨) ਜੋ ਜਨਮੇ ਸੋ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ** ॥ [੩੫੨] (੩) **ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ ॥ ੭ ॥**[੧੦੩੨] ਜਿਸ ਜਨਮ ਦਿਨ ਨਾਲ ਏਨੇ ਰੋਗ ਚੰਬੜੇ ਹੋਏ ਹੋਣ ਉਸ ਨਾਲ ਜੁੜਨ ਦਾ ਕੀ ਲਾਭ? ਸੰਸਾਰ ਵਿਚ **ਪ੍ਰਗਟ ਹੋਣ** ਵਾਲਾ, ਸਦਾ ਚੜ੍ਹਦੀ ਕਲਾ ਵਿਚ ਰਹਿਣਾ ਹੀ ਆਪਣੀ ਜ਼ਿੰਦਗੀ ਸਮਝਦਾ ਹੈ, ਅਤੇ ਆਪਣੀ ਉਸ ਚੜ੍ਹਦੀ ਕਲਾ ਵਾਲੀ ਜ਼ਿਦਗੀ ਨੂੰ ਸਦੀਵੀ ਬਣਾਈ ਰੱਖਣ ਲਈ ਉਨ੍ਹਾਂ ਨੂੰ ਕੀਮਤੀ ਸਰਮਾਏ ਵਾਂਗ ਸੰਭਾਲੀ ਰੱਖਦਾ ਹੈ ਜਿਨ੍ਹਾਂ ਗੁਣਾ ਦੀ ਕਿਰਪਾ ਨਾਲ ਉਹ **ਸੰਸਾਰ** ਵਿਚ ਪ੍ਰਸਿੱਧ ਹੋਇਆ ਸੀ--**(੪) ਜਿਹ ਪ੍ਰਸਾਦੁ ਤੂ ਪ੍ਰਗਟਿ ਸੰਸਾਰਿ ॥ ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥** ਪਰ ਜਨਮ ਦਿਨ ਤੇ ਵਧਾਈਆਂ ਲੈਣ ਵਾਲਾ ਹੰਕਾਰੀ ਅਤੇ ਥੋਥਾ ਹੋਈ ਜਾਂਦਾ ਹੈ। ਏਸੇ ਕਰਕੇ ਹੀ, ਪਰਮਾਤਮ ਕੀ ਮੌਜ ਨਾਲ ' **ਪ੍ਰਗਟਿਆ ਖ਼ਾਲਸਾ** ' ਦੇ ਅਰਥ ਵਿਗਾੜ ਕੇ ਬਿੱਪ੍ਰ ਦੀ ਕਰਾਮਾਤ ਨੇ " **ਖਾਲਸੇ ਦਾ ਜਨਮ ਹੋਇਆ** " ਪ੍ਰਚਾਰ ਕੇ ਖ਼ਾਲਸੇ ਨੂੰ ਔਝੜੇ ਪਾ ਦਿੱਤਾ। ਜਨਮ ਦਿਨ ਮਨਾਉਣ ਦੀਆਂ ਖ਼ੁਸ਼ੀਆਂ ਵਿਚ ਖ਼ਾਲਸਾ ਜੀ ਉਨ੍ਹਾਂ ਸ਼ੁੱਭ ਗੁਣਾਂ ਨੂੰ ਭੁੱਲ ਬੈਠੇ ਜਿਨ੍ਹਾਂ ਨੇ ਇਸ ਨੂੰ ਸੰਸਾਰ ਵਿਚ ਪ੍ਰਗਟ ਕੀਤਾ ਸੀ। ਜਨਮ ਦਿਨ ਤੇ ਰਾਗ-ਭਿਜੀਆਂ ਖ਼ੁਸ਼ੀਆਂ, ਗਤਕੇ-ਬਾਜੀਆਂ, ਢੋਲ-ਢਮੱਕਿਆਂ, ਭੰਗੜਿਆਂ, ਵਧਾਈਆਂ ਦੇ ਲੈਣ ਦੇਣ ਦੇ ਸ਼ੋਰ ਸ਼ਰਾਬੇ ਵਿਚ ਹੰਕਾਰ ਨੇ ਅਛੋਪਲੇ ਹੀ ਆ ਡੇਰਾ ਲਾਇਆ। ਇਹ ਚੇਤਾ ਹੀ ਭੁੱਲ ਗਿਆ ਕਿ--**(੫) " ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ"** ॥ [੧੩੫]

ਗੁਰੂ ਨਾਨਕ ਪਾਤਸ਼ਾਹ ਜੀ ਦਾ ਆਗਮਨ ਦਿਵਸ ਹੀ ਨਿਆਰੇ ਖ਼ਾਲਸੇ ਦਾ ਅਸਲੀ ਆਗਮਨ ਦਿਵਸ ਹੈ। ਆਪਣੇ ਜਨਮ ਦਿੱਨ ਮਨਾਉਂਣੇ ਮੌਤ ਨੂੰ ਵਿਸਾਰੀ ਬੈਠੇ ਹੰਕਾਰੀ ਮਨੁੱਖਾਂ ਦਾ ਕੰਮ ਹੈ। ਅਸੀਂ ਕੌਮੀ ਤੌਰ ਤੇ ਹੰਕਾਰੀ ਬਣਦੇ ਆ ਰਹੇ ਹਾਂ। ਕੌਮ ਵਿਚੋਂ ਨਿਮਰਤਾ ਅਤੇ ਖਿਮਾ ਗੁਣ ਅਲੋਪ ਹੁੰਦੇ ਤੁਰੇ ਗਏ ਅਤੇ ਗੁਰਮਤਿ ਵਿਰੋਧੀ " ਬਦਲਾ ਲਊ " ਭਾਵਣਾ ਨੇ ਆ ਡੇਰਾ ਲਾਇਆ। ਖ਼ਾਲਸਾ ਇਸ " ਸੱਚ " ਨੂੰ ਸਮਝਣ ਦੀ ਲੋੜ ਭੁਲਾ ਬੈਠਾ ਕਿ ਗੁਰਮਤਿ ਦੇ ਪੱਖੋਂ ਅਸੀਂ ਦਿਨੋਂ ਦਿਨ ਢਹਿੰਦੀ ਕਲਾਂ ਵਲ ਨੂੰ ਕਿਸ ਕਾਰਨ ਦੌੜੇ ਜਾ ਰਹੇ ਹਾਂ। ਅਸੀਂ ਸਤਿਗੁਰਾਂ ਦੇ ਇਸ ਅਟੱਲ ਸਚਾਈ ਵਾਲੇ ਫ਼ੁਰਮਾਨ ਨੂੰ ਭੁੱਲ ਰਹੇ ਹਾਂ--**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ** ॥ [੫੬੦]- ਅਤੇ--**ਜਹਾਂ ਖਿਮਾ ਤਹ ਆਪਿ** [੧੩੭੨] ਅਤੇ ਫਿਰ--**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗੁ ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥**[੧੩੫] ਅਖੰਡ ਪਾਠਾਂ ਦੇ ਕਰਾਮਾਤੀ ਫਲਾਂ ਨਾਲ ਜੁੜ ਕੇ ਮੂਰਖਾਂ ਦੇ ਸੁਰਗਾਂ ਦੇ ਵਾਸੀ ਬਣ ਚੁੱਕੇ ਸਿੰਘ ਜੀ, ਹੁਣ ਇਹ ਦੁਹਾਈਆਂ ਕਿਵੇਂ ਸੁਣ ਲੈਣ ?--

੫੯- **ਫਰੀਦਾ ਕੂਕੇਦਿਆਂ ਚਾਂਗੇਦਿਆ ਮਤੀ ਦੇਦਿਆ ਨਿਤ ॥ ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥**[੧੩੭੮]

ਹੁਣ ਤਾਂ ਇਉਂ ਅਨੁਭਵ ਹੋ ਰਿਹਾ ਹੈ, ਜਿਵੇਂ ਬੜੇ ਘੱਟ ਗੁਰਮਾਖਾਂ ਦੇ ਮਨ ਵਿਚ ਗੁਰਮਤਿ ਸੁਣ ਕੇ ਉਸ ਨੂੰ ਮੰਨ ਲੈਣ ਦੀ ਇਛਿਆ ਬਾਕੀ ਬਚੀ ਰਹਿ ਸਕੀ ਹੋਵੇ? ਹੇ ਪਿਆਰੇ ਅਤੇ ਸਤਿਗੁਰਾਂ ਦੇ ਸੁਹਿਰਦ ਦੂਲੇ ਖ਼ਾਲਸਾ ਜੀਓ ! ਅਸੀਂ ਏਡੇ ਮਨਮੁੱਖ ਅਤੇ ਆਪ ਹੁਦਰੇ ਨਾ ਬਣਈਏ ਜਕਿ ਸੱਚ ਸੁਣਨ ਜੋਗੇ ਹੀ ਨਾ ਰਹੀਏ। ਆਉ ਅਸੀਂ ਰਲਮਿਲ ਕੇ ਆਪਣਾ ਆਪਾ ਫ਼ਰੋਲੀਏ ਕਿਤੇ ਸਾਡੇ ਅੰਦਰ ਹੰਕਾਰ ਗ੍ਰਸੀ ਤ੍ਰਿਸਨਾ-ਅਗਨੀ ਏਡੀ ਪਰਬੱਲ ਰੂਪ ਤਾਂ ਨਹੀਂ ਧਾਰ ਚੁੱਕੀ, ਕਿ ਇਸ ਗੱਲ ਦੇ ਬਾਵਜੂਦ ਕਿ ਸਤਿਗੁਰੂ ਜੀ ਬਾਹਾਂ ਖੜੀਆਂ ਕਰ ਕੇ ਦੁਹਾਈਆਂ ਦੇ ਕੇ ਸਾਨੂੰ ਸਦੀਵੀ ਸੁਖੀ ਬਨਾਉਣ ਵਾਲੀ ਮਤਿ ਤੇ ਤੋਰਨ ਲਈ ਸਾਨੂੰ ਸੰਤੋਂ, ਭਗਤੋ, ਭਾਈਉ ਆਖ ਆਖ ਕੇ ਵੀ ਪਏ ਬੁਲਾਉਂਦੇ ਰਹਿਣ,ਤੇ ਅਸੀਂ ਉਨ੍ਹਾਂ ਦੀ ਕੋਈ ਕੂਕ-ਪੁਕਾਰ ਸੁਣਨ ਲਈ ਤਿਆਰ ਹੀ ਨਾ ਹੁੰਦੇ ਹੋਈਏ? ਜਿਸ ਬਹਾਦਰ ਪੰਥ ਨੇ ਆਪਣੀਆਂ ਕਰਮਾਤੀ ਪ੍ਰਾਪਤੀਆਂ ਨਾਲ ਕਦੇ ਸਾਰੇ ਸੰਸਾਰ ਦੇ ਇਤਿਹਾਸਕਾਰਾਂ ਨੂੰ ਚਕ੍ਰਿਤ ਕਰ ਦਿੱਤਾ ਸੀ ਉਸ ਦੂਲੇ ਖ਼ਾਲਸਾ ਜੀ ਅੱਜ ਵੀ ਪੂਰਾ ਭਰੋਸਾ ਕੀਤਾ ਜਾ ਸਕਦਾ ਹੈ ਕਿ ਜਦੋਂ ਹੀ ਆਪਣੇ ਪਿਆਰੇ ਸਤਿਗੁਰਾਂ ਦੀ ਮਿੱਠੀ ਸੁਰ ਵਿਚ ਇਹ ਪੁਕਾਰ ਸੁਣੀ:--

੬੦- **ਸੰਤਹੁ ਸੁਨਹੁ ਸੁਨਹੁ ਜਨ ਭਾਈ, ਗੁਰ ਕਾਢੀ ਬਾਹ ਕੁਕੀਜੈ ॥**
**ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥ ੫ ॥** [੧੨੨੬]-੬-ਛਕਾ-੧

ਤਾਂ ਜ਼ਰੂਰ ਹੀ ਹੈ ਤੁਸਾਂ ਸਤਿਗੁਰਾਂ ਦਾ ਉਪਦਸ਼ ਸੁਣ ਕੇ ਮੰਨਣ ਲਈ ਹੱਥ ਬੰਨ੍ਹ ਖਲੋਣਾ ਹੈ। ਫਿਰ ਸਾਰੇ ਝਲਕੇ ਲਾਹ ਕੇ ਨਿਸੰਗ ਹੋ ਕੇ ਆਪਣੇ ਆ ਵੜੀ ਸਾਰੀ ਮਨਮਤਿ ਵਗਾਹ ਮਾਰਨੀ ਹੈ। ਹੇ ਆਪਣੇ ਸਤਿਗੁਰਾਂ ਦੇ ਪਿਆਰੇ ਗੁਰਸਿੱਖੋ ! ਸੁਣੋ ਆਪਣੇ ਸਤਿਗੁਰਾਂ ਦਾ ਉਪਦੇਸ਼ ਅਤੇ ਪਰਖੋ ਆਪਣੇ ਆਪੇ ਨੂੰ। ਫੋਕੀ ਲੋਕ ਲਾਜ ਨੂੰ ਤਲਾਂਜਲੀ ਦੇ ਕੇ ਨਿਕਲ ਆਉ ਬਾਹਰ ਉਸ ਭੂਲਭਲਈਆਂ ਵਿਚੋਂ ਜਿਸ ਵਿਚ ਤੁਹਾਡੇ ਵੈਰੀ ਨੇ ਤੁਹਾਨੂੰ ਫ਼ਸਾ ਲਿਆ ਹੋਇਆ ਹੈ। ਤੋੜ ਦਿਉ ਉਹ ਸਾਰੇ ਕਰਮਕਾਂਡੀ ਬੰਧਨ ਜਿਨ੍ਹਾਂ ਨੂੰ ਤੁਸਾਂ ਗੁਰਮਤਿ ਸਮਝ ਕੇ ਆਪਣਾਇਆ ਹੋਇਆ ਹੈ। ਪਰਤੋ ਆਪਣੇ ਅਸਲੇ ਵੱਲ ਤੇ ਬਣ ਜਾਉ ਮੁੜ ਉਸੇ ਤਰ੍ਹਾਂ ਦੇ ਹਰ ਪੱਖੋਂ ਨਿਆਰੇ, ਕਿ ਅੱਜ ਫ਼ੇਰ ਸਤਿਗਰੂ ਜੀ ਤੁਹਾਨੂੰ ਸੱਜਣ ਸੂਰਾ ਅਤੇ ਸਤਿਗੁਰ ਪੂਰਾ ਕਹਿ ਕੇ ਸੰਬੋਧਨ ਕਰਨ ਵਿਚ ਦਿਲੀ ਪ੍ਰਸੰਤਾ ਸਮਝਣ ਲੱਗ ਪੈਣ। ਤੁਹਾਡਾ ਇਸ ਤਰ੍ਹਾਂ ਮੋੜਾ ਖਾ ਲੈਣਾ ਆਪਣੇ ਆਪ ਵਿਚ ਏਡੀ ਵੱਡੀ ਕਰਮਾਤ ਸਿੱਧ ਹੋਣੀ ਹੈ ਕਿ ਨਾਲ ਇਤਿਹਾਸ ਕਾਰਾਂ ਲਈ ਸੱਚ ਮੰਨਣਾ ਕਫ਼ਨ ਹੋ ਜਾਣਾ ਹੈ। ਸੰਸਾਰ ਦੇ ਸਾਰੇ ਖੋਜੀ ਵਿਦਵਾਨਾਂ ਨੇ ਇੱਕ ਜ਼ਬਾਨ ਹੋ ਕੇ ਲਿਖਣਾ ਹੈ ਕਿ ਅੱਜ ਤੱਕ ਅਜੇਹਾ ਕਦੇ ਨਹੀਂ ਸੀ ਹੋਇਆ ਕਿ ਕੋਈ ਕੌਮ ਆਪਣੇ ਆਪੇ ਨੂੰ ਇਸ ਨੀਵੀਂ ਹੱਦ ਤੱਕ ਭੁੱਲ ਕੇ ਮੁੜ ਆਪਣੇ ਪਹਿਲੇ ਸਿਖ਼ਰ ਤੇ ਆ ਪੁੱਜੀ ਹੋਵੇ। ਖ਼ਾਲਸਾ ਜੀ ਤੁਸੀਂ ਵਾਕਿਆ ਹੀ ਹਰ ਪੱਖੋਂ ਨਿਆਰੇ ਹੋ। ਲੋਕਾਂ ਵਧਾਈਆਂ ਦੇ ਕੇ ਕਹਿਣਾ ਹੈ " ਹੇ ਖ਼ਾਲਸਾ ਜੀਓ ! ਤੁਸੀਂ ਧੰਨ ਹੋ ਜਿਹੜੇ ਮੁੜ ਸਤਿਗੁਰ ਪੂਰੇ ਅਤੇ ਸੱਜਣ ਸੂਰੇ ਬਣ ਗਏ ਹੋ "। ਬਸ ਮੋੜਾ ਖਾ ਲੈਣ ਦੀ ਢਿੱਲ ਹੈ, ਤੇਜ ਪ੍ਰਤਾਪ ਦੀ ਪ੍ਰਾਪਤੀ ਵਾਲੇ ਬਚਨ ਵੀ ਆਪਣੇ ਆਪ ਹੀ ਪ੍ਰਤੱਖ ਹੋ ਜਾਣੇ ਹਨ।

## ਖ਼ਾਲਸਾ ਜੀ ਦਾ ਆਗਮਨ ਦਿਵਸ ਅਤੇ ਜਨਮ ਅਸਥਾਨ ?:--

ਖ਼ਾਲਸੇ ਦਾ ਸਿਧਾਂਤ, ਅਥਵਾ ਨਿਆਰਾ ਗੁਰਮਤਿ ਗਿਆਨ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਸਰੀਰ ਦੁਆਰਾ ਸੰਸਾਰ ਤੇ ਪ੍ਰਗਟ ਹੋਇਆ। ਸੋ ਖ਼ਾਲਸੇ ਦੇ ਸਿਧਾਂਤ ਦਾ ਆਗਮਨ ਦਿਨ **ਵਿਸਾਖੀ** ਹੈ ਅਤੇ ਆਗਮਨ ਅਸਥਾਨ ਨਨਕਾਣਾ ਸਾਹਿਬ ਹੀ ਹੈ। ਗੁਰੂ ਨਾਨਕ ਜੀ ਦੁਆਰਾ ਧੁਰੋਂ ਆਇਆ ਗਿਆਨ ਸਾਰੇ ਜਗਤ ਦੀ ਅਮਾਨਤ ਹੈ। ਆਪਣੇ ਪਹਿਲੇ ਸਰੂਪ ਸਿਚ ਸੰਸਾਰ ਦੇ ਜਿੱਡੇ ਵਿਸ਼ਾਲ ਭਾਗ ਦੀ ਪੈਦਲ ਯਾਤਰਾ ਨਾਲ, ਧੁਰੋਂ ਲਿਆਂਦੇ ਗਿਆਨ ਦੀ ਵਰਖਾ ਕੀਤੀ ਉਸ ਦੀ ਮਿਸਾਲ ਸਾਰੇ ਜਗਤ ਦੇ ਇਤਿਹਾਸ ਵਿਚੋਂ ਕੋਈ ਨਹੀਂ ਮਿਲਦੀ। ਸਤਿਗੁਰਾਂ ਦੇ ਦਸਾਂ ਹੀ ਸਰੂਪਾਂ ਨੇ ਇਸ ਨਿਆਰੇ ਗਿਆਨ ਨੂੰ ਸੰਸਰ ਗੋਚਰਾ ਕਰਦੇ ਰਹਿਣ ਲਈ ਲਾਹੇਵੰਦ ਪਰਬੰਧ ਬਣਏ। ਗਿਆਨ ਅਥਵਾ ਸਿਧਾਂਤ ਮਨੁੱਖਾ ਸਰੀਰ ਤੋਂ ਬਿਨਾ ਸੰਸਾਰ ਵਿਚ ਨਾ ਆ ਸਕਦਾ ਅਤੇ ਨਾਂ ਕਿਸੇ ਸਰੀਰ ਅਕਾਰ ਤੋਂ ਬਿਨਾ ਸੰਸਾਰ ਵਿਚ ਟਿੱਕ ਹੀ ਸਕਦਾ ਹੈ। ਅੱਜ ਉਹ ਗੁਰਮਤਿ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਵਿਆਪਕ ਹੋ ਕੇ ਬੜੀ ਤਕੜੀ ਸੰਭਾਲ ਵਿਚ ਸੁਰੱਖਿਆਤ ਪਿਆ ਹੈ। ਜਿਵੇਂ ਅਸੀਂ ਹੁਣੇ ਹੀ ਸਮਛਿਆ ਹੈ ਕਿ ਇਸ ਮਹਾਨ ਗਿਆਨ ਦਾ **ਆਗਮਨ** ਸਾਰੇ ਜਗਤ ਦੇ ਮਨੁੱਖਾਂ ਦੇ ਹਿਰਦੇ ਦੀ ਸੰਭਾਲ ਗੋਚਰਾ ਹੋਣ ਲਈ ਹੋਇਆ ਸੀ। ਸਤਿਗੁਰਾਂ ਨੇ ਪੰਜਭੂਤਕ ਸਰੀਰ ਵਾਲੀ ਖੇਡ ਸਮਾਪਤ ਕਰਨ ਤੋਂ ਬਹੁਤ ਚਿਰ ਪਹਿਲਾਂ ਤੋਂ ਹੀ ਇਸ ਗਿਆਨ ਨੂੰ ਅਗਾਹਾਂ ਤੋਰੀ ਰੱਖਣ ਲਈ ਆਪਣੇ ਸਿੱਖ ਨੂੰ ਆਪਣੀ ਥਾਂ ਥਾਪ ਦਿੱਤਾ ਸੀ--**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ, ਗੁਰ ਉਪਦੇਸੁ ਚਲਾਏ ॥** [੪੪੪] ਸੰਸਾਰ ਦੇ ਮਨੁੱਖ ਦੇ ਹਿਰਦਿਆਂ ਵਿਚ ਇਸ ਗਿਆਨ ਨੂੰ ਦ੍ਰਿੜ ਕਰਾਉਣਾ ਖ਼ਾਲਸਾ ਜੀ ਦਾ ਮੁਖ ਧਰਮ ਸੀ। ਪਰ ਇਸ ਨੇ ਤਾਂ ਆਪ ਵੀ ਆਪਣੇ ਪਿਉ ਦਾਦੇ ਦੇ ਇਸ ਖ਼ਜ਼ਾਨੇ ਨੂੰ ਕਦੇ ਨਹੀਂ ਮਾਣਿਆਂ। ਜੇ ਕਿਤੇ ਇਸ ਖ਼ਜ਼ਾਨੇ ਨੂੰ ਖੋਹਲ ਕੇ ਆਪ ਮਾਣੇ ਆਤੇ ਦੁਜਿਆਂ ਵਿਚ ਵੰਡੇ, ਤਾਂ ਸਾਰਾ ਸੰਸਰਾ ਬ੍ਰਹਮ ਗਿਆਨ ਦਾ ਖ਼ਜ਼ਾਨਾ ਬਣ ਜਾਏ ਅਤੇ ਮਨੁੱਖ-ਮਾਤ੍ਰ ਦਾ ਮਨ ਨਿਆਰੇ ਆਨੰਦ ਦੇ ਧਨ ਨਾਲ ਮਾਲਾ ਮਾਲ ਹੋ ਜਾਏ---**ਪੀਉ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥ ੧ ॥ ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥ ੨ ॥ ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥ ੩ ॥** [੧੮੫]-੩੧-੧੦੦

ਮਾਇਆ ਦੀ ਤ੍ਰਿਸ਼ਨਾਂ-ਅੱਗ ਦੀ ਤਪਸ਼ ਨੂੰ ਮਿਟਾ ਕੇ ਪ੍ਰਭੂ ਦੀ ਪਛਾਣ ਕਰਾ ਦੇਣ ਵਾਲੇ ਅਤੇ ਹਿਰਦਿਆਂ ਵਿਚ ਪਿਆਰ ਦਾ ਰੰਗ ਭਰ ਦੇਣ ਵਾਲੇ, **ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਖ਼ਾਲਸਾ**, ਉਨ੍ਹਾਂ ਸਭ ਪ੍ਰਕਾਰ ਦੀਆਂ ਕਰਮ ਕਾਂਡੀ ਬੰਦਸ਼ਾਂ ਤੋਂ ਮੁਕਤ ਹੈ, ਜਿਨ੍ਹਾਂ ਵਿਚ ਬਿੱਪ੍ਰ ਨੇ ਲੋਕਾਂ ਨੂੰ ਜਕੜਿਆ ਹੋਇਆ ਸੀ। ਪਿਆਰੇ ਸੂਰਬੀਰ ਖ਼ਾਲਸਾ ਜੀਓ ! ਮਾਰੋ ਹੰਮਬਲਾ। ਤੋੜ ਕੇ ਵਗਾਹ ਮਾਰੋ ਸਾਰੇ ਜੰਜਾਲ ਅਤੇ ਬਣੋਂ ਮੁੜ ਉਹੀ ਤੱਤ ਖ਼ਾਲਸਾ ਜੀ, ਜਿਸ ਨੂੰ ਦਸਮਗੁਰੂ ਨਾਨਕ ਜੀ ਨੇ ਸਤਿਗੁਰ ਪੂਰਾ ਕਿਹਾ ਸੀ। ਮਿਲਾਉ ਆਪਣੀ ਪੁਕਾਰ ਪੰਚਮ ਪਾਤਸ਼ਾਹ ਜੀ ਦੀ ਮਿਠੀ ਸੁਰ ਵਿਚ, ਤੇ ਬੋਲੋ:---

੬੧- **ਤੈਡੀ ਬੰਦਸਿ ਮੈ ਕੋਇ ਨ, ਡਿਠਾ ਤੂ ਨਾਨਕ ਮਨਿ ਭਾਣਾ ॥**
**ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥ ੧ ॥** [੬੬੪]-ਵਾਰ-੧੫

# ਤੀਜਾ ਕਾਂਡ

੧

# ਨਾਮ-ਅੰਮ੍ਰਿਤ

ਅਸਾਂ ਸਤਿਗੁਰਾਂ ਦੇ ਇਸ ਫ਼ੁਰਮਾਨ ਨੂੰ ਚੰਗੀ ਤਰ੍ਹਾਂ ਵਿਚਾਰ ਲਿਆ ਹੋਇਆ ਹੈ ਕਿ ਸਾਰ ਦਿਸਦਾ ਜਾਂ ਅਣਦਿਸਦਾ ਸੰਸਾਰ-ਪਸਾਰਾ ਨਾਸਵੰਤ ਹੈ। ਸੰਸਾਰ ਦਾ ਕੋਈ ਵੀ ਪਦਾਰਥ ਸਦੀਵੀ ਸੱਚ ਨਹੀਂ। ਇਸ ਜਗਤ-ਪਸਾਰੇ ਵਿਚ ਕੋਈ ਚੀਜ਼ ਵੀ ਅਜੇਹੀ ਨਹੀਂ ਹੈ, ਜਿਸ ਦੇ ਵਜੂਦ ਤੇ ਕਾਲ (=ਸਮੇਂ) ਦਾ ਹਰ ਇਕ ਪਲ, ਆਪਣਾ ਅਸਰ ਨਾ ਪਾ ਰਿਹਾ ਹੋਵੇ। ਪਦਾਰਥਾਂ ਦੀਆਂ ਸ਼ਕਲਾਂ ਨਿਰੰਤਰ ਬਦਲ ਰਹੀਆਂ ਹਨ। ਇਸ ਲਈ ਦਿਸਦੇ ਅਥਵਾ ਅਣਦਿਸਦੇ ਸੰਸਾਰ ਵਿਚ ਕੋਈ ਵੀ ਅਜੇਹਾ ਪਦਾਰਥ ਨਹੀਂ ਹੈ ਜੋ ਜਾਂ ਨਿਰੰਤਰ ਵਧਦਾ, ਜਾਂ ਘਟਦਾ ਅਤੇ ਅੰਤ (ਕੋਈ ਦੂਜੀ ਸ਼ਕਲ ਧਾਰਨ ਕਰਨ ਲਈ) ਮਿਟਦਾ ਨਾ ਰਹਿੰਦਾ ਹੋਵੇ। ਸੰਸਾਰ ਦੇ ਕਿਸੇ ਵੀ ਦਿਸਦੇ ਜਾਂ ਅਣਦਿਸਦੇ ਪਦਾਰਥ ਨੂੰ ਅਮਰ ਸਮਝਣ ਵਾਲੀ ਸੰਭਾਵਣਾ ਨੂੰ,

ਗੁਰਮਤਿ ਮੁਢੋਂ ਹੀ ਰੱਦ ਕਰਦੀ ਹੈ। ਗੁਰਮਤਿ ਅਨੁਸਾਰ, ਸੰਸਾਰ ਵਿਚ ਦਿਸਦੀ ਜਾਂ ਅਣਦਿਸਦੀ (ਵਰ ਸਰਾਪ ਆਦਿ) ਕੋਈ ਵੀ ਅਜੇਹੀ ਸ਼ਕਤੀ ਨਹੀਂ ਹੈ, ਜੋ ਆਪ **ਨਾਸ ਰਹਿਤ (=ਅਮਰ)** ਹੋਵੇ ਅਤੇ (ਜਾਂ) ਕਿਸੇ ਦੂਜੇ ਨੂੰ ਅਮਰ ਕਰ ਸਕਣ ਦੇ ਸਮਰਥਾ ਵਾਲੀ ਹੈ। ਕੇਵਲ ਆਤਮਕ ਜੀਵਨ ਹੀ ਇੱਕ ਅਜੇਹੀ ਦਾਤ ਹੈ, ਜਿਸ ਨੂੰ, ਗੁਰਮਤਿ ਨੇ ਅਮਰ ਹੋਣ ਜੋਗ ਮੰਨਿਆਂ ਹੈ। ਅਤੇ ਇਹ ਤੱਥ ਵੀ ਗੁਰਮਤਿ ਨੇ ਹੀ ਸਮਝਾਇਆ ਹੈ ਕਿ, ਆਤਮਕ ਜੀਵਨ ਨੂੰ ਅਮਰ ਕਰ ਸਕਣ ਵਾਲੀ ਕੇਵਲ ਮਾਤਰ ਸ਼ਕਤੀ, ਉਸ ਸਿਰਜਣਹਾਰ ਦਾ **ਨਾਮ-ਅੰਮ੍ਰਿਤ ਹੀ ਹੈ**। ਆਤਮਕ ਜੀਵਨ ਨੂੰ ਅਮਰ ਕਰ ਦੇਣ ਵਾਲਾ ਉਹ ਨਾਮ-ਅੰਮ੍ਰਿਤ ਕਿੱਥੋਂ ਪ੍ਰਾਪਤ ਹੋਵੇ? ਕਾਲ-ਰਹਿਤ ਅਕਾਲ ਪੁਰਖ, ਵਿਧਾਤਾ ਜੀ ਦੇ ਨਾਮ-ਅੰਮ੍ਰਿਤ ਦਾ ਟਿਕਾਣਾ ਅਥਵਾ ਉਸ ਦਾ ਘਰ ਕਿਹੜਾ ਹੈ ? ਆਉ ! ਪਹਿਲਾਂ ਮਰਨ ਕਬੂਲ ਕੇ, ਹੰਕਾਰੀ ਜੀਵਨ ਜੀਊਣ ਦੀਆਂ ਸਰੀਆਂ ਆਸਾਂ ਛੱਡ ਕੇ, ਸਰਬੱਤ ਦੇ ਚਰਨਾਂ ਦੀ ਧੂੜ ਬਣ ਕੇ [**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੇ ਪਾਸਿ** ] ਆਪਾ ਭਾਵ ਗੁਆ ਕੇ, ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਈਏ ਅਤੇ ਨਾਮ-ਅੰਮ੍ਰਿਤ ਦੇ ਘਰ ਘਾਟ ਦਾ ਪਤਾ ਟਿਕਾਣਾ ਪਤਾ ਕਰਨ ਲਈ ਜੋਦੜੀਆਂ ਕਰੀਏ:--

੧- **ਪਉੜੀ ॥ ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ ॥ ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚੱਲੈ ॥**
**ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ ॥ ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ ॥**
**ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ ਮਲੈ ॥ ੮ ॥**[੩੨੦]-ਵਾਰ

**ਅਰਥ:**--ਉਸ (ਸਤਿਗੁਰੂ ਜੀ) ਨੂੰ ਹੇ ਬੰਦਿਓ ! ਸੇਵਹੁ ਜਿਸ ਦੇ ਪੱਲੇ ਪ੍ਰਭੂ ਦਾ ਨਾਮ ਹੈ (ਭਾਵ, ਜਿਸ ਤੋਂ ਨਾਮ-ਅੰਮ੍ਰਿਤ ਮਿਲ ਸਕਦਾ ਹੈ)। (ਇਸ ਤਰ੍ਹਾਂ) ਏਥੇ ਸੁਖੀ ਰਹੋਗੇ ਤੇ ਪਰਲੋਕ ਵਿਚ (ਇਹ ਨਾਮ) ਤੁਹਾਡੇ ਨਾਲ ਜਾਇਗਾ । (ਇਹ ਨਾਮ ਰੂਪ) ਪੱਕਾ ਥੰਮ੍ਹ ਗੱਡ ਕੇ ਸਦਾ ਕਾਇਮ ਰਹਿਣ ਵਾਲੇ ਧਰਮ ਦਾ ਮੰਦਰ (ਸਤਿਸੰਗ) ਬਣਾਉ, ਅਕਾਲ ਪੁਰਖ ਦੀ ਟੇਕ ਰੱਖੋ ਜੋ ਦੀਨ ਤੇ ਦੁਨੀਆ ਨੂੰ ਆਸਰਾ ਦੇਣ ਵਾਲਾ ਹੈ। ਹੇ ਨਾਨਕ ! ਜਿਸ ਮਨੁੱਖ ਨੇ ਪ੍ਰਭੂ ਦੇ ਪੈਰ ਫੜੇ ਹਨ ਉਹ ਪ੍ਰਭੂ ਦੀ ਦਰਗਾਹ ਮੱਲੀ ਰੱਖਦਾ ਹੈ। ੮ ।

ਅਹਿੱਲ ਥੰਮ੍ਹਾਂ ਤੇ ਬਣਿਆਂ ਉਹ ਘਰ ਸਤਿ ਗੁਰੂ ਦੀ ਸਤਿ-ਸੰਗਤ ਹੈ ਜਿਥੇ ਇੱਕੋ ਇੱਕ ਨਾਮ-ਅੰਮ੍ਰਿਤ ਵਰਤਾਇਆ ਜਾਂਦਾ ਹੈ। (**ਨੋਟ**-ਗੁਰਦੁਆਰੇ ਦੀਵਾਨ ਵਿਚ ਬੈਠੀ ਸੰਗਤ ਜੇ ਸਤਿਗੁਰੂ ਵਿਚ ਲੀਨ ਨਹੀਂ ਹੈ, ਭਾਵ, ਸ਼ਬਦ-ਗੁਰੂ ਦੀ ਵਿਚਾਰ ਵਿਚ ਸੁਰਤਿ ਜੋੜ ਕੇ ਸਤਿ ਨਾਲ ਸੰਗਤ ਨਹੀਂ ਕਰ ਰਹੀ ਸਗੋਂ ਕੇਵਲ ਕੰਨ-ਰਸ, ਜ਼ਬਾਨ-ਰਸ, ਹਉਮੈ-ਰਸ ਆਦਿ ਫੋਕਟ ਰਸ ਹੀ ਮਾਣ ਰਹੀ ਹੈ ਤਾਂ ਉਸ ਨੂੰ ਸਤਿਸੰਗਤ ਨਹੀਂ ਕਿਹਾ ਜਾਂਦਾ। ਸਤਿਗੁਰੂ ਦੀ ਹਜ਼ੂਰੀ ਵਿਚ ਬੈਠੀ ਹੋਈ ਵੀ ਅਜੇਹੀ ਸੰਗਤ ਝੂਠ-ਸੰਗਤ ਹੈ) ਕਿਸੇ ਪਦਾਰਥ ਨੂੰ ਅੰਮ੍ਰਿਤ ਮੰਨਣਾ ਅਗਿਆਨਤਾ ਹੈ, ਬ੍ਰਾਹਮਣ-ਵਾਦ ਹੈ। ਆਉ, ਅਹਿਲ ਥੰਮ੍ਹਾਂ ਵਾਲੇ ਉਸ ਘਰ ਦੇ ਦਰਸ਼ਨ ਕਰੀਏ ਜਿਥੇ ਸਦੀਵੀ ਜ਼ਿੰਦਗੀ ਦੇ ਕੇ ਸੁਖੀ ਕਰ ਦੇਣ ਵਾਲਾ ਨਾਮ-ਅੰਮ੍ਰਿਤ ਵੰਡਿਆ ਜਾ ਰਿਹਾ ਹੈ:-

੧/a- **ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥ ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ ॥**
**ਜਿਸ ਨੋ ਆਇਆ ਪ੍ਰੇਮ ਰਸੁ, ਤਿਸੈ ਹੀ ਜਰਣੇ ॥ ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥**
**ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ ॥ ੯ ॥**[੩੨੦]-ਵਾਰ

**ਅਰਥ:**--ਸਭ ਜੀਵਾਂ ਨੂੰ ਸੁਖੀ ਕਰਨ ਵਾਲਾ ਹਰੀ-ਨਾਮ-ਅੰਮ੍ਰਿਤ ਉਸ ਸਤਸੰਗ ਵਿਚ ਵੰਡੀਦਾ ਹੈ । (ਜੋ ਮਨੁੱਖ ਉਹ ਅੰਮ੍ਰਿਤ ਪ੍ਰਾਪਤ ਕਰਦੇ ਹਨ ਉਹ) ਜਮ ਦੇ ਰਾਹ ਤੇ ਨਹੀਂ ਜਾਂਦੇ, ਉਨ੍ਹਾਂ ਨੂੰ ਮੁੜ ਮੌਤ ਦਾ ਡਰ ਨਹੀਂ ਵਿਆਪਦਾ । ਜਿਸ ਮਨੁੱਖ ਨੂੰ ਹਰਿ-ਨਾਮ ਦੇ ਪਿਆਰ ਦਾ ਸੁਆਦ ਆਉਂਦਾ ਹੈ, ਉਹ ਇਸ ਸੁਆਦ ਨੂੰ ਆਪਣੇ ਅੰਦਰ ਟਿਕਾਉਂਦਾ ਹੈ । (ਸਤਸੰਗ ਵਿਚ) ਗੁਰਮੁਖ ਸਿਫਤਿ-ਸਾਲਾਹ ਦੀ ਬਾਣੀ ਉਚਾਰਦੇ ਹਨ ਓਥੇ ਅੰਮ੍ਰਿਤ ਦੇ ਫੁਹਾਰੇ ਚੱਲ ਪੈਂਦੇ ਹਨ । (ਗੁਰੂ) ਨਾਨਕ ਵੀ ਉਸ ਸਤਿਸੰਗ ਦਾ ਦਰਸ਼ਨ ਕਰਕੇ ਜਿਉਂ ਰਿਹਾ ਹੈ ਤੇ ਮਨ ਵਿਚ ਹਰਿ-ਨਾਮ ਨੂੰ ਧਾਰਨ ਕਰ ਰਿਹਾ ਹੈ । ੯ ।

ਮੁਰਦੇ ਨੂੰ ਜੀਊਂਦਾ ਕਰ ਦੇਣ ਵਾਲੇ ਅੰਮ੍ਰਿਤ ਦੇ ਦਰਸ਼ਨ :---

੨- **ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥ ਗੁਰੁ ਮੰਤ੍ਰੁ**
**ਦ੍ਰਿੜਾਏ, ਹਰਿ ਰਸਕਿ ਰਸਾਏ ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜੀਉ ॥ ਹਰਿ ਅੰਮ੍ਰਿਤ ਰਸੁ**
**ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ ॥ ਹਰਿ ਹਰਿ ਨਾਮੁ ਅਮਰ ਪਦੁ**
**ਪਾਇਆ ਹਰਿਨਾਮਿ ਸਮਾਵੈ ਸੋਈ ॥ ਜਨ ਨਾਨਕ ਨਾਮੁ ਅਧਾਰੁ ਟੇਕ ਹੈ ਬਿਨੁ ਨਾਵੈ ਅਵਰੁ ਨ ਕੋਇ**
**ਜੀਉ ॥ ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥ ੪ ॥**[੪੪੭]-ਛੰਤ-੬-੧੩

**ਅਰਥ:**--ਮਾਇਆ-ਗ੍ਰਸਿਆ ਜਗਤ ਮੁੜ ਮੁੜ ਜੰਮਦਾ ਹੈ ਮਰਦਾ ਹੈ, (ਭਾਵ, ਆਤਮਕ ਮੌਤੇ ਮਰਦਾ ਰਹਿੰਦਾ ਹੈ) ਗੁਰੂ ਦੀ ਰਾਹੀਂ ਪ੍ਰਭੂ-ਚਰਨਾਂ ਵਿਚ ਲੱਗ ਕੇ ਮਾਇਆ ਦੇ ਮੋਹ ਵਲੋਂ ਅਡੋਲ-ਚਿੱਤ ਹੋ ਜਾਂਦਾ ਹੈ। ਗੁਰੂ ਜਿਸ ਮਨੁੱਖ ਦੇ ਹਿਰਦੇ ਵਿਚ ਨਾਮ-ਮੰਤਰ ਪੱਕਾ ਕਰਦਾ ਹੈ, ਜਿਸ ਮਨੁੱਖ ਦੇ ਮੂੰਹ ਵਿਚ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਚੋਂਦਾ ਹੈ ਉਹ ਮਨੁੱਖ ਹਰਿ-ਨਾਮ-ਰਸ ਨੂੰ ਸੁਆਦ ਨਾਲ ਆਪਣੇ ਅੰਦਰ ਰਚਾ ਲੈਂਦਾ ਹੈ। ਜਦੋਂ ਉਹ ਗੁਰੂ ਪਾਸੋਂ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪ੍ਰਾਪਤ ਕਰਦਾ ਹੈ (ਪਹਿਲਾਂ ਆਤਮਕ ਮੌਤੇ) ਮੋਇਆ ਹੋਇਆ ਉਹ ਮਨੁੱਖ ਆਤਮਕ ਜੀਵਨ ਪ੍ਰਾਪਤ ਕਰ ਲੈਂਦਾ ਹੈ, ਮੁੜ ਉਸ ਨੂੰ ਇਹ (ਆਤਮਕ) ਮੌਤ ਨਹੀਂ ਵਿਆਪਦੀ। ਨਾਮ ਅੰਮ੍ਰਿਤ ਪ੍ਰਾਪਤ ਕਰ ਲੈਣ ਵਾਲਾ ਮਨੁੱਖ ਉਹ ਦਰਜਾ ਹਾਸਲ ਕਰ ਲੈਂਦਾ ਹੈ ਜਿਥੇ ਆਤਮਕ ਮੌਤ ਪੋਹ ਨਹੀਂ ਸਕਦੀ। ਅਜੇਹਾ ਮਨੁੱਖ ਪਰਮਾਤਮਾ ਦੇ ਨਾਮ ਵਿਚ ਲੀਨ ਰਹਿੰਦਾ ਹੈ। ਗੁਰਦੇਵ ਜੀ ਫੁਰਮਾਨ ਕਰਦੇ ਹਨ ਕਿ ਪ੍ਰਭੂ ਦਾ ਨਾਮ ਉਸ ਮਨੁੱਖ ਦੀ ਜ਼ਿੰਦਗੀ ਦਾ ਆਸਰਾ ਬਣ ਜਾਂਦਾ ਹੈ, ਨਾਮ ਤੋਂ ਬਿਨਾਂ ਹੋਰ ਕੋਈ ਪਦਾਰਥ ਆਤਮਕ ਜੀਵਨ ਦਾ ਸਹਾਰਾ ਨਹੀਂ ਬਣ ਸਕਦਾ।੪।

ਸਮੁੰਦਰ ਰਿੜਕਣ ਤੋਂ ਅੰਮ੍ਰਿਤ ਦਾ ਘੜਾ ਪ੍ਰਾਪਤ ਹੋਣ ਵਾਲੀ ਹਜ਼ਾਰਾਂ ਸਾਲ ਪੁਰਾਣੀ ਪੁਰਾਣਕ ਗਾਥਾ ਦੇ ਕਾਰਨ ਲੋਕਾਂ ਦੇ ਮਨਾਂ ਵਿਚ ਅੰਮ੍ਰਿਤ-ਜਲ ਦੀ ਬੜੀ ਮਹਿਮਾਂ ਸਮਾਈ ਹੋਈ ਸੀ । ਮਨੁੱਖ ਨੂੰ ਕੇਵਲ ਪਰਮਾਤਮਾਂ ਦੀ ਸ਼ਕਤੀ ਦਾ ਉਪਾਸ਼ਕ ਬਣਾਉਣ ਆਏ ਸਤਿਗੁਰੂ ਨਾਨਕ ਜੀ ਨੇ ਮਨੁੱਖ ਦੇ ਮਨ ਵਿਚੋਂ ਅਜੇਹੇ ਖ਼ਿਆਲੀ ਅੰਮ੍ਰਿਤ-ਜਲ ਦਾ ਭਰਮ ਦੂਰ ਕਰ ਕੇ ਨਾਮ-ਅੰਮ੍ਰਿਤ-ਦਾਤ ਦੀ ਵੰਡ ਇਉਂ ਵੀ ਕੀਤੀ:--

੩- **ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥**
**ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥ ੪ ॥**[੬੧੨]-੩-੧੪

**ਅਰਥ:**--ਮੈਨੂੰ ਗੁਰੂ ਨੇ ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਦੀ ਇਕ ਬੂੰਦ ਦਿੱਤੀ ਹੈ, ਹੁਣ ਮੇਰਾ ਆਤਮਾ (ਵਿਕਾਰਾਂ ਵਲੋਂ) ਅਡੋਲ ਹੋ ਗਿਆ ਹੈ, ਆਤਮਕ ਮੌਤ ਤੋਂ ਮੈਂ ਬਚ ਗਿਆ ਹਾਂ, ਜਦੋਂ ਗੁਰੂ ਨਾਨਕ ਨੂੰ ਪਰਮਾਤਮਾ ਦੀ ਭਗਤੀ ਦੇ ਖ਼ਜ਼ਾਨੇ ਬਖ਼ਸ਼ ਦਿੱਤੇ ਹਨ, ਉਸ ਤੋਂ ਪਿਛੋਂ ਕੀਤੇ ਕਰਮਾਂ ਦਾ ਹਿਸਾਬ ਉੱਕਾ ਹੀ ਨਹੀਂ ਮੰਗਿਆ ॥ ੪ ॥

੪- **ਜਰਾ ਮਰਾ ਨਹ ਵਿਆਪਈ ਫਿਰਿ ਦੁਖੁ ਨ ਪਾਇਆ ॥**

**ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥ ੨ ॥** [੮੦੮]-੩-੩੩

**ਪਦਅਰਥ:**--ਜਰਾ--ਬੁਢਾਪਾ । ਮਰਾ--ਮੌਤ, ਆਤਮਕ ਮੌਤ । ਨਹ ਵਿਆਪਈ--ਜੋਰ ਨਹੀਂ ਪਾ ਸਕਦਾ । ਪੀ--ਪੀ ਕੇ । ਆਘਾਨਿਆ--ਰੱਜ ਜਾਂਦਾ ਹੈ । ਗੁਰਿ--ਗੁਰੂ ਨੇ । ਅਮਰ--ਅਟੱਲ ਆਤਮਕ ਜੀਵਨ ਦਾ ਮਾਲਕ । ]

**ਅਰਥ:**--ਜਿਸ ਮਨੁੱਖ ਨੂੰ ਗੁਰੂ ਨੇ ਸਦੀਵੀ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਬਖਸ਼ ਦਿੱਤਾ ਉਹ ਉਸ ਨਾਮ ਜਲ ਨੂੰ ਪੀ ਕੇ ਮਾਇਆ ਦੀ ਭੁੱਖ ਵਲੋਂ ਰੱਜ ਗਿਆ । ਉਸ ਨੂੰ ਸਦੀਵੀ ਆਤਮਕ ਜੀਵਨ ਮਿਲ ਗਿਆ । ਉਸ ਦੀ ਆਤਮਕ ਉੱਚਤਾ ਨੂੰ ਬੁਢੇਪਾ ਜਾਂ ਮੌਤ ਕਦੇ ਨਹੀਂ ਆਉਂਦੀ । ਉਸ ਨੂੰ ਫਿਰ ਕਦੇ ਦੁੱਖ ਪੋਹ ਨਹੀਂ ਸਕਦਾ । ੨ ।

੫- **ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ । ਖਾਵਹੁ ਭੁੰਚਹੁ ਸਭਿ, ਗੁਰਮੁਖਿ ਛੁਟਈ ॥**
**ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ ॥ ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ ॥ ੧੭ ॥**[੧੩੬੩]

**ਅਰਥ:**--ਗੁਰੂ ਦੀ ਬਖ਼ਸ਼ੀ ਹੋਈ ਹਰਿ-ਨਾਮ-ਦਾਤਿ ਕਦੇ ਵੀ ਨਹੀਂ ਮੁੱਕਦੀ, ਬੇਸ਼ੱਕ ਤੁਸੀ ਸਾਰੇ ਇਸ ਦਾਤਿ ਨੂੰ ਵਰਤੋ । ਸਗੋਂ ਗੁਰੂ ਦੀ ਸਰਨ ਪੈ ਕੇ ( ਇਸ ਦਾਤਿ ਨੂੰ ਵਰਤਣ ਵਾਲਾ ਮਨੁੱਖ ਵਿਕਾਰਾਂ ਤੋਂ) ਬਚਿਆ ਰਹਿੰਦਾ ਹੈ । ਆਤਮਕ ਜੀਵਨ ਦੇਣ ਵਾਲਾ ਇਹ ਨਾਮ-ਖ਼ਜ਼ਾਨਾ ਪਰਮਾਤਮਾ ਆਪ ਹੀ ਖ਼ੁਸ਼ ਹੋ ਕੇ ਦਿੰਦਾ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ, ਕਿ ਹੇ ਭਾਈ ! ਸਦਾ ਨਾਮ ਨੂੰ ਸਿਮਿਰਿਆ ਕਰ, ਤੈਨੂੰ ਕਦੇ ਆਤਮਕ ਮੌਤ ਨਹੀਂ ਆਵੇਗੀ । ੨ ।

ਪੁਸਤਕ ਦੇ ਪਹਿਲੇ ਭਾਗ ਤੋਂ ਹੀ ਕਈ ਥਾਂਈ ਨਾਮ-ਅੰਮ੍ਰਿਤ ਦੀ ਗੁਰਮਤਿ ਸੋਝੀ ਮਿਲਦੀ ਰਹੀ ਹੈ ਸੋ ਇਸ ਪੰਜਵੇਂ ਭਾਗ ਦੇ ਅਰੰਭ ਤੋਂ ਕੀਤੀ ਹੁਣ ਤੱਕ ਦੀ ਲੰਮੀ ਸ਼ਬਦ ਵਿਚਾਰ ਤੋਂ ਗੁਰਮਤਿ ਦਾ ਇਹ ਸਿਧਾਂਤ ਸਪੱਸ਼ਟ ਹੋਣ ਵਿਚ ਕੋਈ ਕਿੰਤੂ ਨਹੀਂ ਰਿਹਾ ਕਿ ਸਰੀਰਕ ਸਦੀਵੀ ਜ਼ਿੰਦਗੀ ਅੱਜ ਤੱਕ ਕਿਸੇ ਨੂੰ ਨਹੀਂ ਮਿਲੀ। ਸਤਿਗੁਰਾਂ ਨੇ ਆਤਮਕ ਜ਼ਿੰਦਗੀ ਨੂੰ ਹੀ ਸਹੀ ਜੀਵਨ ਮੰਨਿਆ ਹੈ ਅਤੇ ਸਦੀਵੀ ਆਤਮਕ ਜ਼ਿੰਦਗੀ ਕੇਵਲ ਪ੍ਰਭੂ ਦੇ ਨਾਮ ਤੋਂ ਹੀ ਮਿਲਦੀ ਹੈ । ਕਿਸੇ ਪਦਾਰਥ ਦੇ ਖਾਣ ਨਾਲ ਜਾਂ ਪੀਣ ਨਾਲ ਨਾ ਸਰੀਰ ਅਮਰ ਹੁੰਦਾ ਹੈ ਅਤੇ ਨਾ ਹੀ ਆਤਮਕ ਉੱਚਤਾ ਪ੍ਰਾਪਤ ਹੁੰਦੀ ਹੈ ।

ਗੁਰਬਾਣੀ ਵਿਚ **ਅੰਮ੍ਰਿਤ** ਸ਼ਬਦ ਦੀ ਵਰਤੋਂ ਹੋਰ ਵੀ ਕਈ ਪ੍ਰਕਾਰ ਨਾਲ ਕੀਤੀ ਹੋਈ ਹੈ । ਆਉ, ਅੱਡ ਅੱਡ ਵਿਧੀਆਂ ਨਾਲ ਬ੍ਰਹਮ ਦੀ ਸੋਝੀ ਦੇਣ ਵਾਲੇ ਉਨ੍ਹਾਂ ਪਾਵਨ ਗੁਰੂ-ਸ਼ਬਦਾਂ ਤੋਂ ਜਾਣੂੰ ਹੋ ਕੇ ਗੁਰੂ ਦੀ ਸਿਖਿਆ ਲੈਣ ਜੋਗੇ ਬਣੀਏ। ਕਿਉਂਕਿ ਕਿਸੇ ਉਚੇਚੇ ਸਿਧਾਂਤ ਨੂੰ ਸਪੱਸ਼ਟ ਕਰਨ ਦੀ ਲੋੜ ਨਾਲ ਨਹੀਂ ਸਗੋਂ ਗੁਰਬਾਣੀ ਦੇ ਹਰ ਪੱਖ ਤੋਂ ਜਾਣਕਾਰੀ ਵਧਾਉਣ ਵਾਲੇ ਨਿਯਮ ਅਨੁਸਾਰ ਸ਼ਬਦ ਲਿਖ ਰਹੇ ਹਾਂ ਇਸ ਲਈ ਸਾਰਿਆਂ ਦੇ ਅਰਥ ਲਿਖਣ ਦੀ ਲੋੜ ਨਹੀਂ ਸਮਝੀ ਗਈ :--

੬- **ਮਹਾ ਉਦਿਆਨ ਪਾਵਕ ਸਾਗਰ ਭਏ ਹਰਖ ਸੋਗ ਮਹਿ ਬਸਨਾ ॥**
**ਸਤਿਗੁਰੁ ਭੇਟਿ ਭਇਆ ਮਨੁ ਨਿਰਮਲੁ ਜਪਿ ਅੰਮ੍ਰਿਤੁ ਹਰਿ ਰਸਨਾ ॥ ੨ ॥** [੩੮੩]-੧੧-੫੦

**ਅਰਥ:**--(ਪ੍ਰਭੂ ਤੋਂ ਵਿਛੜਿਆਂ ਇਹ ਜਗਤ ਮਨੁੱਖ ਵਾਸਤੇ) ਇਕ ਵਡਾ ਜੰਗਲ ਬਣ ਜਾਂਦਾ ਹੈ (ਜਿਸ ਵਿਚ ਮਨੁੱਖ ਭਟਕਦਾ ਫਿਰਦਾ ਹੈ) ਅੱਗ ਦਾ ਸਮੁੰਦਰ ਬਣ ਜਾਂਦਾ ਹੈ (ਜਿਸ ਵਿਚ ਮਨੁੱਖ ਸੜਦਾ ਰਹਿੰਦਾ ਹੈ) ਕਦੇ ਖ਼ੁਸ਼ੀ ਵਿਚ ਵੱਸਦਾ ਹੈ, ਕਦੇ ਗ਼ਮੀ ਵਿਚ ਵੱਸਦਾ ਹੈ । ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ ਜੀਭ ਨਾਲ ਜਪ ਕੇ ਉਸ ਮਨੁੱਖ ਦਾ ਮਨ ਪਵਿਤ੍ਰ ਹੋ ਜਾਂਦਾ ਹੈ । ੨ ।

੭- **ਆਰਾਧਿਹੁ ਸਚਾ ਸੋਇ ਸਭੁ ਕਿਛੁ ਜਿਸੁ ਪਾਸਿ ॥ ਦੁਹਾ ਸਿਰਿਆ ਖਸਮੁ ਆਪਿ ਖਿਨ ਮਹਿ ਕਰੇ ਰਾਸਿ ॥**
**ਤਿਆਗਹੁ ਸਗਲ ਉਪਾਵ ਤਿਸ ਕੀ ਓਟ ਗਹੁ ॥ ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ ॥**
**ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ ॥ ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ ॥**
**ਜਿਸ ਨੋ ਆਪਿ ਦਇਆਲੁ ਤਿਸੁ ਮਨਿ ਵੁਠਿਆ ॥ ਪਾਈਅਨਿ ਸਭਿ ਨਿਧਾਨ ਸਾਹਿਬਿ ਤੁਠਿਆ ॥ ੧੨ ॥**[੫੨੧]

**ਅਰਥ:**-- (ਹੇ ਭਾਈ !) ਉਸ ਸਦਾ ਥਿਰ ਰਹਿਣ ਵਾਲੇ ਪ੍ਰਭੂ ਨੂੰ ਸਿਮਰੋ, ਜਿਸ ਦੇ ਵਸ ਵਿਚ ਹਰੇਕ ਪਦਾਰਥ ਹੈ ਜੋ (ਮਾਇਆ ਦੀ ਖਿੱਚ ਤੇ ਨਾਮ-ਰਸ) ਦੋਹਾਂ ਪਾਸਿਆਂ ਦਾ ਖਸਮ ਹੈ (ਭਾਵ, ਜੋ ਮਾਇਆ ਦੇ ਮੋਹ ਵਿਚ ਫ਼ਸਾਉਣ ਵਾਲਾ ਵੀ ਹੈ ਤੇ ਨਾਮ-ਰਸ ਦੀ ਦਾਤ ਵੀ ਦੇਣ ਵਾਲਾ ਹੈ) ਜੋ (ਜੀਵਾਂ ਦੇ ਕੰਮ) ਇੱਕ ਪਲਕ ਵਿਚ ਸਿਰੇ ਚਾੜ੍ਹ ਦੇਂਦਾ ਹੈ। ਹੋਰ ਸਾਰੇ ਹੀਲੇ ਛੱਡੋ ਤੇ ਉਸ ਪਰਮਾਤਮਾ ਦਾ ਆਸਰਾ ਲਵੋ, ਦੌੜ ਕੇ ਉਸ ਪ੍ਰਭੂ ਦੀ ਸਰਣ ਪਉ ਤੇ ਸਭ ਤੋਂ ਚੰਗਾ ਸੁਖ ਹਾਸਲ ਕਰੋ। ਜੇ ਸੰਤਾਂ (ਗੁਰੂ ਗ੍ਰੰਥ ਸਾਹਿਬ ਜੀ) ਦੀ ਸੰਗਤਿ ਮਿਲੇ ਤਾਂ ਉੱਚੀ ਸਮਝ ਪ੍ਰਾਪਤ ਹੁੰਦੀ ਹੈ ਜੋ (ਮਾਨੋ) ਸਭ ਕਰਮਾਂ ਧਰਮਾਂ ਦਾ ਨਿਚੋੜ ਹੈ,ਜੇ ਪ੍ਰਭੂ ਦਾਅੰਮ੍ਰਿਤ-ਨਾਮ ਸਿਮਰੀਏ ਤਾਂ ਜੀਵਨ ਦਾ ਰਸਤਾ ਨਿਰਵਿਘਨ ਹੋ ਜਾਂਦਾ ਹੈ ( ਸੁਚੱਜੀ ਜ਼ਿੰਦਗੀ ਜੀਊਣ ਵਿਚ ਕੋਈ ਔਕੜ ਨਹੀਂ ਪੈਂਦੀ)। ਜਿਸ ਮਨੁੱਖ ਤੇ ਪ੍ਰਭੂ ਆਪ ਮਿਹਰਬਾਨ ਹੋਵੇ ਉਸ ਦੇ ਮਨ ਵਿਚ ਆ ਵੱਸਦਾ ਹੈ, ਪ੍ਰਭੂ-ਮਾਲਕ ਦੇ ਪ੍ਰਸੰਨ ਹੋਇਆ (ਮਾਨੋ) ਸਾਰੇ ਖ਼ਜ਼ਾਨੇ ਪਾ ਲਈਦੇ ਹਨ। ੧੨ ।

੮- **ਅੰਮ੍ਰਿਤ ਨਾਮੁ ਰਸਨ**[1] **ਨਿਤ ਜਾਪੈ**[2] **॥ ਰੋਗ ਰੂਪ ਮਾਇਆ ਨ ਬਿਆਪੈ**[3] ॥੪॥[੭੬੦]-੧-੨ ੧--ਜੀਭ । ੨--ਸਿਮਰੇ । ੩-ਜ਼ੋਰ ਨਹੀਂ ਪਾਉਂਦੀ ।

੯- **ਜਿਨ ਕਉ ਭਏ ਦਇਆਲ ਤਿਨ ਸਾਧੂ ਸੰਗੁ ਭਾਇਆ ॥**
**ਅੰਮ੍ਰਿਤੁ ਹਰਿ ਕਾ ਨਾਮੁ ਤਿਨੀ ਜਨੀ ਜਪਿ ਲਇਆ ॥ ੬ ॥**[੭੬੨]-੨-੫

੧੦- **ਗਰਿ ਪੂਰੇ ਮੇਰੀ ਰਾਖਿ ਲਈ ॥**
**ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ** ॥ ੧ ॥ ਰਹਾਉ ॥ [੮੨੩]-੧੨-੯੮

## ੨

# ਸ਼ਬਦ ਅੰਮ੍ਰਿਤ

੧੧- **ਅੰਮ੍ਰਿਤ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥ ੨ ॥** [੬੪੪]-ਵਾਰ-੪

**ਅਰਥ:**--ਗੁਰਦੇਵ ਜੀ ਦਾ ਫ਼ੁਰਮਾਨ ਹੈ--ਗੁਰੂ ਦਾ ਇਕ ਸ਼ਬਦ ਹੀ ਆਤਮਕ ਜੀਵਨ ਦੇਣ ਵਾਲਾ ਜਲ ਹੈ ਜੋ ਸਤਿਗੁਰੂ ਦੇ ਸਨਮੁਖ ਮਨੁੱਖ (ਭਾਵ, ਜਿਹੜਾ ਮਨੁੱਖ ਸਤਿਗੁਰਾਂ ਦੀ ਸਿਖਿਆ ਅਨੁਸਾਰ ਜੀਵਨ ਗੁਜ਼ਾਰਦਾ ਹੈ ਉਸ) ਨੂੰ ਮਿਲਦਾ ਹੈ । ੨ ।

੧੨- **ਗੁਰਮੁਖਿ ਗਾਵੈ ਗੁਰਮੁਖਿ ਬੋਲੈ ॥ ਗੁਰਮੁਖਿ ਤੋਲਿ ਤੋਲਾਵੈ ਤੋਲੈ ॥ ਗੁਰਮੁਖਿ ਆਵੈ ਜਾਇ ਨਿਸੰਗੁ ॥**
**ਪਰਹਰਿ ਮੈਲੁ ਜਲਾਇ ਕਲੰਕੁ ॥ ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਮਜਨੁ ਚਜੁ ਅਚਾਰ ॥**

**ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ ॥ ਨਾਨਕ ਗੁਰਮੁਖਿ ਪਾਵੈ ਪਾਰੁ ॥ ੨੨ ॥** [੯੩੨]-ਓਅੰਕਾਰ

**ਅਰਥ:**--ਹੇ ਪਾਂਡੇ ! ਗੋਪਾਲ ਦਾ ਨਾਮ ਗੁਰੂ ਦੇ ਸਨਮੁਖ ਹੋਇਆਂ ਹੀ ਮਨ ਦੀ ਪੱਟੀ ਉਤੇ ਲਿਖਿਆ ਜਾ ਸਕਦਾ ਹੈ।) ਗੁਰਮੁਖਿ ਹੀ (ਪ੍ਰਭੂ ਦੇ ਗੁਣ) ਗਾਉਂਦਾ ਹੈ ਤੇ ਤੇ ਪ੍ਰਭੂ ਦੀ ਸਿਫ਼ਤਿ) ਉਚਾਰਦਾ ਹੈ। ਗੁਰਮੁਖ ਹੀ (ਪ੍ਰਭੂ ਦੇ ਨਾਮ ਨੂੰ ਆਪਣੇ ਮਨ ਵਿਚ) ਤੋਲਦਾ ਹੈ (ਤੇ ਹੋਰਨਾਂ ਨੂੰ) ਤੋਲਣ ਲਈ ਪ੍ਰੇਰਦਾ ਹੈ। ਗੁਰਮੁਖ (ਜਗਤ ਵਿਚ) ਬੰਧਨ-ਰਹਿਤ ਆਉਂਦਾ ਹੈ ਤੇ ਬੰਧਨ-ਰਹਿਤ ਹੀ ਏਥੋਂ ਜਾਂਦਾ ਹੈ (ਭਾਵ, ਨਾ ਹੀ ਕਿਸੇ ਕਰਮਾਂ ਦੇ ਫਲ ਭੋਗਣ ਆਉਂਦਾ ਹੈ ਤੇ ਨਾ ਹੀ ਏਥੋਂ ਕੋਈ ਮੰਦ ਕਰਮਾ ਦੇ ਬੰਧਨ ਸਹੇੜ ਕੇ ਲੈ ਜਾਂਦਾ ਹੈ), (ਕਿਉਂਕਿ ਗੁਰਮੁਖ ਮਨੁੱਖ ਮਨ ਦੀ) ਮੈਲ ਦੂਰ ਕਰ ਕੇ ਵਿਕਾਰ ਨੂੰ (ਆਪਣੇ ਅੰਦਰੋਂ) ਮੁਕਾ ਚੁਕਾ ਹੁੰਦਾ ਹੈ। (ਪ੍ਰਭੂ ਦੇ ਗੁਣਾ ਦੀ) ਵਿਚਾਰ ਗੁਰਮੁਖ ਵਾਸਤੇ ਰਾਗ ਤੇ ਵੇਦ ਹੈ, ਉੱਚਾ ਆਚਰਣ (ਬਨਾਉਣਾ) ਗੁਰਮੁਖ ਦਾ (ਤੀਰਥ-) ਇਸ਼ਨਾਨ ਹੈ। (ਸਤਿਗੁਰ ਦਾ ਸ਼ਬਦ) ਗੁਰਮੁਖ ਲਈ ਸ੍ਰੇਸ਼ਟ ਅੰਮ੍ਰਿਤ ਹੈ । ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ--ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ (ਸੰਸਾਰ-ਸਮੁੰਦਰ) ਤੋਂ ਪਾਰ ਹੋ ਜਾਂਦਾ ਹੈ (ਭਾਵ, ਵਿਕਾਰਾਂ ਦੀਆਂ ਲਹਿਰਾਂ ਤੋਂ ਬਚ ਨਿਕਲਦਾ ਹੈ) । ੨੨।

੧੩- **ਗੁਰ ਕਾ ਸਬਦੁ ਅੰਮ੍ਰਿਤ ਰਸੁ ਖਾਇਣ ॥ ਨਾਨਕ ਜਿਸੁ ਮਨਿ ਵਸੈ ਤਿਸ ਕੇ ਸਭਿ ਦੂਖ ਮਿਟਾਇਣ ॥੧॥**[੯੬੨]-ਵਾ-੧੧

੧੪- **ਲਾਲ ਜਵੇਹਰ ਭਰੇ ਭੰਡਾਰ ॥ ਤੋਟਿ ਨ ਆਵੈ ਜਪਿ ਨਿਰੰਕਾਰ ॥ ਅੰਮ੍ਰਿਤ ਸਬਦੁ ਪੀਵੈ ਜਨੁ ਕੋਇ ॥
ਨਾਨਕ ਤਾ ਕੀ ਪਰਮ ਗਤਿ ਹੋਇ ॥ ੨ ॥** [੩੯੩]-੪੧-੯੨

**ਅਰਥ:**--ਗੁਰਦੇਵ ਜੀ ਦਾ ਫ਼ੁਰਮਾਨ ਹੈ--(ਉੱਚੇ ਆਤਮਕ ਜੀਵਨ ਵਾਲੇ ਗੁਣ, ਮਾਨੋ) ਹੀਰੇ ਜਵਾਹਰ ਹਨ, ਪਰਮਾਤਮਾ ਦਾ ਨਾਮ ਜਪ ਕੇ ਮਨੁੱਖ ਦੇ ਅੰਦਰ ਇਨ੍ਹਾਂ ਦੇ ਖ਼ਜ਼ਾਨੇ ਭਰ ਜਾਂਦੇ ਹਨ ਤੇ ਕਦੇ ਇਨ੍ਹਾਂ ਦੀ ਥੁੜ ਨਹੀਂ ਹੁੰਦੀ । ਗੁਰੂ ਦਾ ਸਬਦ ਆਤਮਕ ਜੀਵਨ ਦੇਣ ਵਾਲਾ ਜਲ ਹੈ, ਜਿਹੜਾ ਵੀ ਮਨੁੱਖ ਇਹ ਨਾਮ ਜਲ ਪੀਂਦਾ ਹੈ ਉਸ ਦੀ ਸਭ ਤੋ ਉਚੀ ਆਤਮਕ ਅਵਸਥਾ ਬਣ ਜਾਂਦੀ ਹੈ । ੨ ।

੧੫- **ਸਤਿਗੁਰ ਤੇ ਖਾਲੀ ਕੋ ਨਹੀ ਮੇਰੈ ਪ੍ਰਭਿ ਮੇਲਿ ਮਿਲਾਏ ॥ ਸਤਿਗੁਰ ਕਾ ਦਰਸਨੁ ਸਫਲੁ ਹੈ ਜੇਹਾ ਕੋ ਇਛੇ ਤੇਹਾ
ਫਲੁ ਪਾਏ ॥ ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ ॥ ਹਰਿ ਰਸ ਪੀ ਸੰਤੋਖੁ ਹੋਆ ਸਚੁ
ਵਸਿਆ ਮਨਿ ਆਏ ॥ ਸਚੁ ਧਿਆਇ ਅਮਰਾਪਦੁ ਪਾਇਆ ਅਨਹਦ ਸਬਦ ਵਜਾਏ ॥ ਸਚੋ ਦਹਦਿਸਿ ਪਸਰਿਆ
ਗੁਰ ਕੈ ਸਹਜਿ ਸੁਭਾਏ ॥ ਨਾਨਕ ਜਿਨ੍ ਅੰਦਰਿ ਸਚੁ ਹੈ ਸੇ ਜਨ ਛਪਹਿ ਨ ਕਿਸੈ ਦੇ ਛਪਾਏ ॥ ੧ ॥**[੯੫੦]-ਵਾਰ-੪

**ਅਰਥ:**--ਗੁਰੂ ਦੇ ਦਰ ਤੋਂ (ਕਦੇ) ਕੋਈ ਖ਼ਾਲੀ (ਨਿਰਾਸ) ਨਹੀਂ ਗਿਆ, (ਦਰ ਤੇ ਆਏ ਸਾਰਿਆਂ ਨੂੰ) ਪਿਆਰੇ ਪ੍ਰਭੂ ਵਿਚ ਪੂਰਨ ਤੌਰ ਤੇ ਮਿਲਾ ਦੇਂਦੇ ਹਨ॥ ਗੁਰੂ ਦਾ ਦੀਦਾਰ ਵੀ ਫਲ ਦੇਣ ਵਾਲਾ ਹੈ, ਜਿਹੋ ਜਿਹੀ ਕਿਸੇ ਦੀ ਭਾਵਨਾ ਹੁੰਦੀ ਹੈ ਉਹੋ ਜਿਹਾ ਉਸ ਨੂੰ ਫਲ ਮਿਲ ਜਾਂਦਾ ਹੈ। ਗੁਰੂ ਦਾ ਸ਼ਬਦ ਆਤਮਕ ਜੀਵਨ ਦੇਣ ਵਾਲਾ ਮਾਨੋ ਜਲ ਹੈ (ਜਿਵੇਂ ਜਲ ਪੀ ਕੇ ਤ੍ਰੇਹ ਮਿਟਾ ਲਈਦੀ ਹੈ, ਤਿਵੇਂ ਸ਼ਬਦ-ਜਲ ਦੀ ਬਰਕਤਿ ਨਾਲ ਮਨੁੱਖ ਦੇ ਅੰਦਰੋਂ ਮਾਇਆ ਦੀ ਤ੍ਰੇਹ ਭੁੱਖ ਸਾਰੀ ਮਿਟ ਜਾਂਦੀ ਹੈ । (ਗੁਰੂ ਦੇ ਸ਼ਬਦ ਦੇ ਰਾਹੀਂ) ਪਰਮਾਤਮਾਂ ਦਾ ਨਾਮ-ਰਸ ਪੀ ਕੇ ਮਨੁੱਖ ਦੇ ਅੰਦਰ ਸੰਤੋਖ ਪੈਦਾ ਹੋ ਜਾਂਦਾ ਹੈ । (ਗੁਰੂ ਦੇ ਸ਼ਬਦ ਰਾਹੀਂ) ਪਰਮਾਤਮਾ ਦਾ ਨਾਮ-ਰਸ ਪੀ ਕੇ (ਮਨੁੱਖ ਦੇ ਅੰਦਰ) ਸੰਤੋਖ ਪੈਦਾ ਹੁੰਦਾ ਹੈ, ਅਤੇ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਉਸ ਦੇ ਮਨ ਵਿਚ ਆ ਵੱਸਦਾ ਹੈ। ਜਿਹੜਾ ਮਨੁੱਖ ਗੁਰੂ ਦੀ ਰਾਹੀਂ ਅਡੋਲ ਅਵਸਥਾ ਵਿਚ ਪਿਆਰ-ਅਵਸਥਾ ਵਿਚ ਅੱਪੜਦਾ ਹੈ ਉਸ ਨੂੰ ਦਸੀਂ ਹੀ ਪਾਸੀਂ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਵਿਆਪਕ ਦਿੱਸਦਾ ਹੈ। ਸਦਾ ਥਿਰ ਰਹਿਣ ਵਾਲੇ ਪ੍ਰਭੂ ਨੂੰ ਸਿਮਰ ਕੇ ਉਸ ਨੂੰ ਐਸਾ ਆਤਮਕ ਦਰਜਾ ਮਿਲ ਜਾਂਦਾ ਹੈ ਜੋ ਕਦੇ ਨਾਸ ਨਹੀਂ ਹੁੰਦਾ, ਉਹ (ਆਪਣੇ ਅੰਦਰ ਸਿਫ਼ਤਿ ਸਾਲਾਹ ਦੇ) ਇਕ-ਰਸ ਵਾਜੇ ਵਜਾਉਂਦਾ ਹੈ। ਆਤਮਕ ਜੀਵਨ ਦੇਣ ਵਾਲੀ ਅਵਸਥਾ ਉਸ ਦੇ ਅੰਦਰ ਸਦਾ ਪ੍ਰਬੱਲ ਰਹਿੰਦੀ ਹੈ) । ਹੇ ਨਾਨਕ ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਸਦਾ-ਥਿਰ ਪ੍ਰਭੂ ਟਿਕਿਆ ਰਹਿੰਦਾ ਹੈ ਉਹ ਮਨੁੱਖ ਕਿਸੇ ਦੇ ਲੁਕਾਏ ਨਹੀਂ ਲੁਕਦੇ (ਕੋਈ ਮਨੁੱਖ ਉਨ੍ਹਾਂ ਦੀ ਸੋਭਾ ਨੂੰ ਮਿਟਾ ਨਹੀਂ

ਸਕਦਾ । ੧ ।

## ੩

## ਬਾਣੀ-ਅੰਮ੍ਰਿਤ

ਨਾਮ-ਅੰਮ੍ਰਿਤ ਦੀ ਸੋਝੀ ਬਖ਼ਸ਼ਣ ਵਾਲੀ ਸਤਿਗੁਰਾਂ ਦੀ ਬਾਣੀ ਵੀ ਅੰਮ੍ਰਿਤ ਹੈ:--

੧੬- **ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ ॥ ੧ ॥ ਰਹਾਉ ॥** [੪੨੨]-੧-੨੩

**ਅਰਥ:**--ਦਾਸ ਨਾਨਕ ਉਸ ਪਰਮਾਤਮਾ ਦੇ ਚਰਨਾਂ ਦਾ ਧਿਆਨ ਧਰੀ ਰੱਖਦਾ ਹੈ, ਆਤਮਕ ਜੀਵਨ ਦੇਣ ਵਾਲੀ ਉਸ ਦੀ ਸਿਫਤ ਸਾਲਾਹ ਦੀ ਬਾਣੀ ਉਚਾਰਦਾ ਹੈ । ੧ ।

੧੭- **ਧੀਰਜੁ ਧਰਮੁ ਗੁਰਮਤਿ ਹਰਿ ਪਾਇਆ ਨਿਤ ਹਰਿਨਾਮੈ ਹਰਿ ਸਿਉ ਚਿਤੁ ਲਾਵੈ ॥
ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤ ਪਾਵੈ ॥ ੨ ॥** [੪੯੪-੬

**ਅਰਥ:**--ਜਿਹੜਾ ਮਨੁੱਖ ਹਰਿ-ਨਾਮ ਵਿਚ ਲੀਨ ਰਹਿੰਦਾ ਹੈ ਪਰਮਾਤਮਾ ਨਾਲ ਚਿੱਤ ਜੋੜੀ ਰੱਖਦਾ ਹੈ, ਉਹ ਧੀਰਜ ਹਾਸਲ ਕਰ ਲੈਂਦਾ ਹੈ, ਉਹ ਧਰਮ ਕਮਾਉਣ ਲੱਗ ਪੈਂਦਾ ਹੈ, ਉਹ ਗੁਰੂ ਦੀ ਮਤਿ ਉਤੇ ਤੁਰ ਕੇ ਪਰਮਾਤਮਾ ਨੂੰ ਮਿਲ ਪੈਂਦਾ ਹੈ । ਸਤਿਗੁਰੂ ਦੀ ਬਾਣੀ ਆਤਮਕ ਜੀਵਨ ਦੇਣ ਵਾਲੇ ਬਚਨ ਹਨ, ਜਿਹੜਾ ਮਨੁੱਖ ਇਹ ਬਾਣੀ ਉਚਾਰਦਾ ਹੈ, ਉਹ ਮਨੁੱਖ ਆਪਣੇ ਮੂੰਹ ਵਿਚ ਆਤਮਕ ਜੀਵਨ ਦੇਣ ਵਾਲਾ ਜਲ ਪਾਉਂਦਾ ਹੈ । ੨ ।

੧੮- **ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ ਅਨਦਿਨੁ ਨਾਮੁ ਵਖਾਣਾ ਰਾਮ ॥ ਅੰਮ੍ਰਿਤ ਬਾਣੀ ਉਚਰਾ ਹਰਿ ਜਸੁ
ਮਿਠਾ ਲਾਗੈ ਤੇਰਾ ਭਾਣਾ ਰਾਮ ॥ ਕਰਿ ਦਇਆ ਮਇਆ ਗੋਪਾਲ ਗੋਬਿੰਦ ਕੋਇ ਨਾਹੀ ਤੁਝ ਬਿਨਾ ॥ ਸਮਰਥ
ਅਗਥ ਅਪਾਰ ਪੂਰਨ ਜੀਉ ਤਨੁ ਧਨੁ ਤੁਮ੍ ਮਨਾ ॥ ਮੂਰਖ ਮੁਗਧ ਅਨਾਥ ਚੰਚਲ ਬਲਹੀਨ ਨੀਚ ਅਜਾਣਾ ॥
ਬਿਨਵੰਤਿ ਨਾਨਕ ਸਰਣਿ ਤੇਰੀ ਰਖਿ ਲੇਹੁ ਆਵਣ ਜਾਣਾ ॥ ੧ ॥**[੫੪੩]-ਛੰਤ-੩

੧੯- **ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ ॥ ਮਨਿ ਤਨਿ ਹਿਰਦੈ ਸਿਮਰਿ ਹਰਿ
ਆਠ ਪਹਰ ਗੁਣ ਗਾਉ ॥ ਉਪਦੇਸੁ ਸੁਣਹੁ ਤੁਮ ਗੁਰਸਿਖਹੁ ਸਚਾ ਇਹੈ ਸੁਆਉ ॥ ਜਨਮੁ ਪਦਾਰਥੁ
ਸਫਲੁ ਹੋਇ ਮਨ ਮਹਿ ਲਾਇਹੁ ਭਾਉ ॥ ਸੂਖ ਸਹਜ ਆਨਦ ਘਣਾ ਪ੍ਰਭ ਜਪਤਿਆ ਦੁਖੁ ਜਾਇ ॥
ਨਾਨਕ ਨਾਮੁ ਜਪਤ ਸੁਖੁ ਊਪਜੈ ਦਰਗਹ ਪਾਈਐ ਥਾਉ ॥ ੧ ॥**[੯੬੩]-ਵਾਰ-੧੨

**ਅਰਥ:**--ਪ੍ਰਭੂ ਦਾ ਨਾਮ ਆਤਮਕ ਜੀਵਨ ਦੇਣ ਵਾਲਾ ਜਲ ਹੈ, ਅੰਮ੍ਰਿਤ ਦਾ ਸੁਆਦ ਹੈ, ਸਤਿਗੁਰ ਦੀ ਅੰਮ੍ਰਿਤ ਬਾਣੀ ਦੀ ਰਾਹੀਂ ਇਸ ਪ੍ਰਭੂ-ਨਾਮ ਨੂੰ ਮਨ ਵਿਚ, ਸਰੀਰ ਵਿਚ, ਹਿਰਦੇ ਵਿਚ ਸਿਮਰੋ ਤੇ ਅੱਠੇ ਪਹਿਰ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰੋ । ਹੇ ਗੁਰ ਸਿਖੋ ! (ਸਿਫ਼ਤਿ-ਸਾਲਾਹ ਵਾਲਾ ਇਹ) ਉਪਦੇਸ਼ ਸੁਣੋ, ਜ਼ਿੰਦਗੀ ਦਾ ਅਸਲ ਮਨੋਰਥ ਇਹੀ ਹੈ। ਮਨ ਵਿਚ (ਪ੍ਰਭੂ ਦਾ) ਪਿਆਰ ਟਿਕਾਓ, ਇਹ ਮਨੁੱਖਾ ਜੀਵਨ-ਰੂਪ ਕੀਮਤੀ ਦਾਤਿ ਸਫ਼ਲ ਹੋ ਜਾਇਗੀ। ਪ੍ਰਭੂ ਦਾ ਸਿਮਰਨ ਕੀਤਿਆਂ ਦੁੱਖ ਦੂਰ ਹੋ ਜਾਂਦਾ ਹੈ, ਸੁਖ, ਆਤਮਕ ਅਡੋਲਤਾ ਤੇ ਬੇਅੰਤ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਹੇ ਨਾਨਕ ! ਪ੍ਰਭੂ ਦਾ ਨਾਮ ਜਪਿਆਂ (ਇਸ ਲੋਕ ਵਿਚ) ਸੁਖ ਪੈਦਾ ਹੁੰਦਾ ਹੈ ਤੇ ਪ੍ਰਭੂ ਦੀ ਹਜ਼ੂਰੀ ਵਿਚ ਥਾਂ ਮਿਲਦੀ ਹੈ। ੧ ।

੨੦- **ਤਪਤਿ ਬੁਝਾਨੀ ਅੰਮ੍ਰਿਤ ਬਾਨੀ ਤ੍ਰਿਪਤੇ ਜਿਉ ਬਾਰਿਕ ਖੀਰ ॥**
**ਮਾਤ ਪਿਤਾ ਸਾਜਨ ਸੰਤ ਮੇਰੇ ਸੰਤ ਸਹਾਈ ਬੀਰ ॥ ੧ ॥**[੬੭੮]-੨-੩

**ਅਰਥ:**--(ਜਿਨ੍ਹਾਂ ਮਨੁੱਖਾਂ ਦੇ ਅੰਦਰੋਂ) ਸਤਿਗੁਰ ਦੀ ਆਤਮਕ ਜੀਵਨ ਦੇਣ ਵਾਲੀ ਬਾਣੀ ਨੇ ਮਾਇਆ ਦੀ ਤ੍ਰਿਸਨਾ ਦੀ ਤਪਸ਼ ਬੁਝਾ ਦਿੱਤੀ, ਉਹ (ਮਾਇਆ ਵਲੋਂ) ਇਉਂ ਰੱਜ ਗਏ ਜਿਵੇਂ ਬਾਲਕ ਦੁੱਧ ਨਾਲ ਰੱਜਦੇ ਹਨ । ਮੇਰੇ ਵਾਸਤੇ (ਗੁਰੂ-) ਸੰਤ ਜਨ ਹੀ ਮਾਪੇ ਹਨ, (ਗੁਰੂ-) ਸੰਤ ਜਨ ਹੀ ਸੱਜਣ ਭਰਾ ਮਦਦਗਾਰ ਹਨ । ੧ ।

੪

## ਅੰਮ੍ਰਿਤ-ਚੱਖਣਾ

੨੧- **ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥ ਕਾਰਜੁ ਦੇਇ ਸਵਾਰਿ, ਸਤਿਗੁਰ ਸਚੁ ਸਾਖੀਐ ॥**
**ਸੰਤਾ ਸੰਗਿ ਨਿਧਾਨੁ, ਅੰਮ੍ਰਿਤੁ ਚਾਖੀਐ ॥ ਭੈ ਭੰਜਨ ਮਿਹਰਵਾਨ, ਦਾਸ ਕੀ ਰਾਖੀਐ ॥**
**ਨਾਨਕ ਹਰਿ ਗੁਣ ਗਾਇ, ਅਲਖੁ ਪ੍ਰਭੁ ਲਾਖੀਐ ॥ ੨੦ ॥** {੯੧}

**ਅਰਥ:**-- (ਮਨੁੱਖਾ ਜਨਮ ਵਿਚ ਪ੍ਰਭੂ ਸਿਮਰਨ ਵਿਚ ਲੀਨ ਰਹਿ ਕੇ ਸਦਾ ਪਰ ਉਪਕਾਰ ਦੇ ਉੱਦਮ ਦਾ ) ਜੇਹੜਾ ਕੰਮ ਤੋੜ ਚਾੜ੍ਹਨ ਦੀ ਇੱਛਿਆ ਹੈ ਉਸ ਦੀ ਪੂਰਨਤਾ ਲਈ ਪ੍ਰਭੂ ਕੋਲ ਬੇਨਤੀ ਕਰਨੀ ਚਾਹੀਦੀ ਹੈ, ਇਸ ਤਰ੍ਹਾਂ ਸਤਿਗੁਰੂ ਦੀ ਸਿਖਿਆ ਦੀ ਰਾਹੀਂ ਸਦਾ-ਥਿਰ ਪ੍ਰਭੂ (ਮਨੁੱਖ ਨੂੰ ਆਪਣੇ ਵਿਚ ਲੀਨ ਕਰ ਲੈਣ ਦਾ) ਕਾਰਜ ਸਵਾਰ ਦਿੰਦਾ ਹੈ । ਸੰਤਾਂ (ਗੁਰੂ ਗ੍ਰੰਥ ਸਾਹਿਬ ਜੀ) ਦੀ ਸੰਗਤਿ ਵਿਚ ਨਾਮ-ਖ਼ਜ਼ਾਨਾ ਮਿਲਦਾ ਹੈ, ਤੇ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਚੱਖ ਸਕੀਦਾ ਹੈ । (ਸੋ ਇਹ ਬੇਨਤੀ ਕਰਨੀ ਚਾਹੀਦੀ ਹੈ) ਹੇ ਡਰ ਨਾਸ ਕਰਨ ਵਾਲੇ ਤੇ ਦਇਆ ਕਰਨ ਵਾਲੇ ਹਰੀ ! ਦਾਸ ਦੀ ਲਾਜ ਰੱਖ ਲੈ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ, ਪ੍ਰਭੂ ਦੀ ਸਿਫ਼ਤ ਸਾਲਾਹ ਕੀਤਿਆਂ ਪ੍ਰਭੂ ਨਾਲ ਸਾਂਝ ਪਾ ਲਈਦੀ ਹੈ । ੨੦ ।

੨੨- **ਚਰਨ ਸਾਧ ਕੇ ਧੋਇ ਧੋਇ ਪੀਉ ॥ ਅਰਪਿ ਸਾਧ ਕਉ ਅਪਨਾ ਜੀਉ ॥ ਸਾਧ ਕੀ ਧੂਰਿ ਕਰਹੁ ਇਸਨਾਨੁ ॥**
**ਸਾਧ ਉਪਰਿ ਜਾਈਐ ਕੁਰਬਾਨ ॥ ਅਨਿਕ ਬਿਘਨ ਤੇ ਸਾਧੂ ਰਾਖੈ ॥ ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥**
**ਓਟ ਗਹੀ ਸੰਤਹ ਦਰਿ ਆਇਆ ॥ ਸਰਬ ਸੂਖ ਨਾਨਕ ਤਿਹ ਪਾਇਆ ॥ ੬ ॥**[੨੮੩]-ਅਸਟ-੧੫

੨੩- **ਅੰਮ੍ਰਿਤੁ ਜਿਨ੍ਹਾ ਚਖਾਇਓਨੁ ਰਸੁ ਆਇਆ ਸਹਜਿ ਸੁਭਾਇ ॥**
**ਸਚਾ ਵੇਪਰਵਾਹੁ ਹੈ ਤਿਸ ਨੋ ਤਿਲੁ ਨ ਤਮਾਇ ॥ ੧ ॥**[੪੨੮]-੧੨-੩੮

**ਅਰਥ:**--ਜਿਨ੍ਹਾਂ ਨੂੰ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪਰਮਾਤਮਾ ਨੇ (ਗੁਰੂ ਦੀ ਰਾਹੀਂ) ਆਪ ਚਖਾਇਆ, ਉਨ੍ਹਾਂ ਨੂੰ ਆਤਮਕ ਅਡੋਲਤਾ ਵਿਚ ਟਿਕ ਕੇ ਉਸ ਦਾ ਸੁਆਦ ਆ ਗਿਆ (ਉਨ੍ਹਾਂ ਨੂੰ ਇਹ ਸਮਝ ਵੀ ਆ ਗਈ ਕਿ) ਉਹ ਸਚਾ ਪ੍ਰਭੂ -ਬੇ-ਮੁਥਾਜ ਹੈ ਉਸ ਨੂੰ ਰਤਾ ਭਰ ਵੀ ਕਿਸੇ ਕਿਸਮ ਦਾ ਕੋਈ ਲਾਲਚ ਨਹੀਂ ਹੈ ॥ ੧ ॥ (ਉਸ ਬੇਮੁਥਾਜ ਪ੍ਰਭੂ ਦੇ ਨਾਮ ਤੇ ਦਾਨ ਲੈਣ ਵਾਲੇ ਧਾਰਮਕ ਆਗੂ ਠੱਗੀਆਂ ਮਾਰ ਰਹੇ ਹਨ)

੨੪- **ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ ॥ ਸਤਿਗੁਰਿ ਦਿਤਾ ਹਰਿ ਨਾਮੁ ਅੰਮ੍ਰਿਤੁ ਚਖਿਆ ॥ ਸਾਧਾ ਸੰਗੁ ਅਪਾਰੁ ਅਨਦਿਨੁ ਹਰਿ ਗੁਣ ਰਵੈ ॥ ਪਾਏ ਮਨੋਰਥ ਸਭਿ ਜੋਨੀ ਨਹ ਭਵੈ ॥ ਸਭੁ ਕਿਛੁ ਕਰਤੇ ਹਥਿ ਕਾਰਣੁ ਜੋ ਕਰੈ ॥ ਨਾਨਕੁ ਮੰਗੈ ਦਾਨੁ ਸੰਤਾ ਧੂਰਿ ਤਰੈ ॥ ੧ ॥**[੫੨੩]-ਵਾ-੨੦

**ਪਦ ਅਰਥ:**--ਆਦਿ--ਸ਼ੁਰੂ ਵਿਚ । ਮਧਿ--ਵਿਚਕਾਰਲੇ ਸਮੇ । ਅੰਤਿ--ਅਖ਼ੀਰ ਵਿਚ । ਆਦਿ ਮਧਿ ਅਰੁ ਅੰਤਿ--ਭਾਵ, ਸਦਾ ਹੀ । ਪਰਮੇਸਰਿ--ਪਰਮੇਸਰ ਨੇ । ਰਵੈ--ਯਾਦ ਕਰਦਾ ਹੈ । ਸਭਿ--ਸਾਰੇ । ਕਾਰਣੁ--ਸਬੱਬ, ਵਸੀਲਾ । ਤਰੈ--ਤਰ ਜਾਏ ।

੨੫- **ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ ॥**
**ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ ਠਾਕੁਰ ਸਰਣਿ ਤੁਮਾਰੀ ॥ ੧ ॥**[੫੯੬]-੫

**ਅਰਥ:**---ਹੇ ਮੇਰੇ ਠਾਕੁਰ ! ਮੈਂ ਵਿਕਾਰੀ ਹਾਂ (ਹੇ ਜੀਵ ! ਤੂੰ ਵੀ ਦਿਲੋਂ ਕਬੂਲ ਕਰ ਅਤੇ ਪ੍ਰਭੂ ਦੀ ਹਜ਼ੂਰੀ ਵਿਚ ਹੱਥ ਬੰਨ੍ਹ ਖਲੋ ਅਤੇ ਕਹੁ ਕਿ) ਮੈਂ ਸਦਾ ਵਿਕਾਰਾਂ ਵਿਚ ਫਸਿਆ ਹੋਇਆ ਹੋਣ ਕਰਕੇ ਅਪਵਿਤਰ ਹਾਂ, ਬੜਾ ਪਖੰਡੀ ਹਾਂ, ਹੇ ਪ੍ਰਭੂ ! ਤੂੰ ਪਵਿੱਤ੍ਰ ਨਿਰੰਕਾਰ ਹੈਂ । (ਇਤਨੀ ਭਾਰੀ ਵਿਥ ਹੁੰਦਿਆਂ ਮੈ ਤੇਰੇ ਚਰਨਾਂ ਵਿਚ ਕਿਵੇਂ ਪਹੁੰਚਾਂ ?)। (ਪਰ ਹੇ ਦੀਨਾਨਾਥ ! ਤੂੰ ਸਰਨ ਪਏ ਦੀ ਲਾਜ ਰੱਖਦਾ ਹੈਂ) ਜੇਹੜੇ ਬੰਦੇ (ਦਿਲੋਂ ਪਛਤਾਵਾ ਕਰਕੇ) ਤੇਰੀ ਸਰਨ ਪੈਂਦੇ ਹਨ, (ਤੇਰਾ ਆਸਰਾ ਤੱਕਦੇ ਹਨ, ਤੇਰੀ ਸਦੀਵੀ ਯਾਦ ਵਿਚ ਜੁੜ ਜਾਂਦੇ ਹਨ) ਉਹ ਅਟੱਲ ਆਤਮਕ ਜੀਵਨ ਦੇਣ ਵਾਲਾ ਤੇਰਾ ਨਾਮ-ਰਸ ਚੱਖ ਕੇ ਉਸ ਸਭ ਤੋਂ ਉੱਚੇ ਰਸ ਵਿਚ ਮਸਤ ਰਹਿੰਦੇ ਹਨ । ੧ ।

ਆਪਣੀ ਮਰਜ਼ੀ ਨਾਲ ਬਣਾਈ ਯੋਜਨਾਂ ਅਨੁਸਾਰ ਗੁਰਬਾਣੀ ਦੇ ਅਰਥ ਕਰ ਕੇ ਲੋਕਾਂ ਨੂੰ ਭੁਲੇਖਿਆਂ ਵਿਚ ਪਾਉਣ ਵਾਲੇ ਠੱਗਾਂ ਦੇ ਇਸ ਫ਼ੁਰਮਾਨ ਬਾਰੇ ਕੀ ਵਿਚਾਰ ਬਣਦੀ ਹੈ ? ਕੀ ਉਹ ਹੁਣ ਏਹੀ ਕਹਿਣ ਗੇ ਕਿ ਸਤਿਗੁਰੂ ਜੀ ਤਾਂ ਆਪ ਹੀ ਮੰਨਦੇ ਹਨ ਕਿ ਉਹ ਪਾਪੀ ਪਤਿਤੁ ਪਰਮ-ਪਾਖੰਡੀ ਹਨ ? ਕੀ ਅਜੇਹੇ ਅਰਥਾਂ ਨੂੰ ਪਾਠਕ ਕਬੂਲ ਕਰ ਲੈਣਗੇ ? ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਸਤਿਗੁਰਾਂ ਬਾਰੇ ਅਜੇਹੇ ਵਿਚਾਰ ਬਣਾਉਣ ਵਾਲੇ ਠੱਗ ਦਾ ਦਰਸ਼ਨ ਸੁਹਿਰਦ ਗੁਰਸਿੱਖ ਕਦੇ ਨਹੀਂ ਕਰਨਗੇ । ਪਾਠਕਾਂ ਦੀ ਸੇਵਾ ਵਿਚ ਬਾਰ ਬਾਰ ਏਹੀ ਬੇਨਤੀ ਹੈ ਕਿ ਮਨਮਤੀ ਢੰਗ ਦੇ ਅਰਥ ਅਤੇ ਗੁਰਮਤਿ ਅਨੁਸਾਰ ਕੀਤੇ ਅਰਥਾਂ ਦਾ ਫ਼ਰਕ ਸਦਾ ਧਿਆਨ ਵਿਚ ਰੱਖਣਾ ਚਾਹੀਦਾ ਹੈ ।

ਕਿਸੇ ਦਾ ਦਿਲ ਦੁਖਾਉਣ ਤੋਂ ਬਿਨਾਂ ਸੱਚੀ ਗੱਲ ਸਮਝਾ ਦੇਣ ਵਾਲੇ ਨਿਆਰੇ ਉਪਦੇਸ਼-ਢੰਗ ਦੇ ਮਾਲਕ ਸਤਿਗੁਰਾਂ ਨੇ ਇਸ ਮਹਾਂਵਾਕ ਵਿੱਚ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦਾ ਬਹੁਮੁੱਲਾ ਉਪਦੇਸ਼ ਦਿੱਤਾ ਹੈ ਅਤੇ ਪ੍ਰਭੂ ਅੱਗੇ ਸਰਬੱਤ ਦੇ ਭਲੇ ਦੀ ਅਰਦਾਸ ਵੀ ਹੈ ।

# ਅੰਮ੍ਰਿਤ ਖਾਣਾ

੨੬- **ਨਾਮ ਰਤਨ ਕੋ ਕੋ ਬਿਉਹਾਰੀ ॥ ਅੰਮ੍ਰਿਤ ਭੋਜਨੁ ਕਰੇ ਆਹਾਰੀ ॥ ੧ ॥ ਰਹਾਉ ॥** [੧੯੧]-੧੬-੮੫

**ਅਰਥ:**--ਜੇਹੜਾ ਕੋਈ ਪਰਮਾਤਮਾ ਦੇ ਨਾਮ-ਰਤਨ ਦਾ ਅਸਲ ਵਪਾਰੀ ਹੈ, ਉਹ ਆਤਮਕ ਜੀਵਨ ਦੇਣ ਵਾਲੇ ਨਾਮ-ਭੋਜਨ ਨੂੰ ਆਪਣੀ ਜ਼ਿੰਦਗੀ ਦਾ ਆਹਾਰ (ਖ਼ੁਰਾਕ, ਆਸਰਾ) ਬਣਾਉਂਦਾ ਹੈ, ।੧। ਰਹਾਉ ।

੨੭= **ਫਿਰਤ ਫਿਰਤ ਸੰਤਨ ਪਹਿ ਆਇਆ ॥ ਦੂਖ ਭ੍ਰਮੁ ਹਮਾਰਾ ਸਗਲ ਮਿਟਾਇਆ ॥**
**ਮਹਲਿ ਬੁਲਾਇਆ ਪ੍ਰਭ ਅੰਮ੍ਰਿਤੁ ਭੂੰਚਾ ॥ ਕਹੁ ਨਾਨਕ ਪ੍ਰਭੁ ਮੇਰਾ ਊਚਾ ॥ ੪ ॥**[੫੬੨]-੧

**ਅਰਥ:**--ਭਾਲ ਕਰਦਾ ਕਰਦਾ ਮੈਂ ਗੁਰੂ ਕੋਲ ਆ ਪਹੁੰਚਿਆ, (ਗੁਰੂ ਦੇ ਉਪਦੇਸ਼ ਨੇ) ਮੇਰਾ ਸਾਰਾ ਦੁੱਖ ਤੇ ਭਰਮ ਦੂਰ ਕਰ ਦਿੱਤਾ । ਗੁਰੂ ਦੀ ਕਿਰਪਾ ਨਾਲ ਪ੍ਰਭੂ ਨੇ ਮੈਨੂੰ) ਆਪਣੀ ਹਜ਼ੂਰੀ ਵਿਚ ਸੱਦ ਲਿਆ, ਮੈਨੂੰ ਆਪਣੇ ਚਰਨਾਂ ਵਿਚ ਜੋੜ ਲਿਆ, ਤੇ) ਮੈਂ ਪ੍ਰਭੂ ਦਾ ਆਤਮਕ ਜੀਵਨ ਦੇਣ ਵਾਲਾ ਨਾਮ-ਅੰਮ੍ਰਿਤ ਛਕ ਲਿਆ ।੪।

੨੮- **ਸਭੁ ਕਿਹੁ ਤੇਰੈ ਵਸਿ ਹੈ ਤੂ ਸਚਾ ਸਾਹੁ ॥ ਭਗਤ ਰਤੇ ਰੰਗਿ ਏਕ ਕੈ ਪੂਰਾ ਵੇਸਾਹੁ ॥ ਅੰਮ੍ਰਿਤੁ**
**ਭੋਜਨੁ ਨਾਮੁ ਹਰਿ ਰਜਿ ਰਜਿ ਜਨ ਖਾਹੁ ॥ ਸਭਿ ਪਦਾਰਥ ਪਾਈਅਨਿ ਸਿਮਰਣੁ ਸਚੁ ਲਾਹੁ ॥**
**ਸੰਤ ਪਿਆਰੇ ਪਾਰਬ੍ਰਹਮ ਨਾਨਕ ਹਰਿ ਅਗਮ ਅਗਾਹੁ ॥ ੨੦ ॥** [੫੫੬]-ਵਾਰ

**ਅਰਥ:**--ਹੇ ਪ੍ਰਭੂ ! ਤੂੰ ਸੱਚਾ ਸ਼ਾਹ ਹੈਂ ਤੇ ਸਭ ਕੁਝ ਤੇਰੇ ਅਖ਼ਿਤਿਆਰ ਵਿਚ ਹੈ । ਭਜਨ ਕਰਨ ਵਾਲੇ ਦਾਸ ਇੱਕ ਹਰੀ ਦੇ (ਨਾਮ-) ਰੰਗ ਵਿਚ ਰੰਗੇ ਹੋਏ ਹਨ ਤੇ ਉਸ ਤੇ ਉਨ੍ਹਾਂ ਨੂੰ ਪੂਰਾ ਭਰੋਸਾ ਹੈ, ਉਹ ਦਾਸ ਪ੍ਰਭੂ ਦਾ ਨਾਮ (ਰੂਪ) ਅਮਰ ਕਰਨ ਵਾਲਾ ਭੋਜਨ ਰੱਜ ਰਜ ਖਾਂਦੇ ਹਨ, ਸਾਰੇ ਪਦਾਰਥ ਉਨ੍ਹਾਂ ਨੂੰ ਮਿਲਦੇ ਹਨ, ਕਿਉਂਕਿ ਉਹ ਨਾਮ ਸਿਮਰਨ ਰੂਪ ਸੱਚਾ ਲਾਹਾ ਖੱਟਦੇ ਹਨ । ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ (ਮੁਕਦੀ ਗੱਲ ਇਹ ਹੈ, ਕਿ) ਜੋ ਪਾਰਬ੍ਰਹਮ ਪਹੁੰਚ ਤੋਂ ਪਰੇ ਤੇ ਅਗਾਧ ਹੈ, ਭਜਨ ਕਰਨ ਵਾਲੇ ਦਾਸ ਉਸ ਦੇ ਪਿਆਰੇ ਹਨ ।੨੦।

੨੯- **ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ ॥ ਓਥੈ ਤੇਰੀ ਰਖ ਅਗਨੀ ਉਦਰ ਮਾਹਿ ॥ ਸੁਣਿ ਕੈ**
**ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥ ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ ॥**
**ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਇ ਖਾਹਿ ॥ ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥**
**ਸਭਸੈ ਨੋ ਕਿਰਪਾਲੁ ਸਮ੍ਹਾਲੇ ਸਾਹਿ ਸਾਹਿ ॥ ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ ॥ ੯ ॥**[੯੬੧]ਵਾ-੯

੩੦- **ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥**
**ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥ ਗੁਰਮੁਖਿ ਬੂਝੈ ਏਕ ਸਮਾਇ ॥ ੧ ॥** [੧੧੮੮]-੩

**ਅਰਥ:**--ਜਿਸ ਮਨੁੱਖ ਨੂੰ ਪਰਮਾਤਮਾ ਦੇ ਦਰਸ਼ਨ ਦੀ ਤਾਂਘ ਹੁੰਦੀ ਹੈ, ਉਹ ਪ੍ਰਭੂ ਤੋਂ ਬਿਨਾ ਹੋਰ ਆਸਰੇ ਦੀ ਝਾਕ ਛੱਡ ਕੇ ਪਰਮਾਤਮਾ ਦੇ ਨਾਮ ਵਿਚ ਮਸਤ ਰਹਿੰਦਾ ਹੈ । (ਜਿਵੇਂ ਦੁੱਧ ਰਿੜਕ ਕੇ, ਮੁੜ ਮੁੜ ਮਧਾਣੀ ਹਿਲਾ ਕੇ, ਮੱਖਣ ਕੱਢੀਦਾ ਹੈ ਤਿਵੇਂ) ਉਹ ਮਨੁੱਖ ਮੁੜ ਮੁੜ ਨਾਮ ਸਿਮਰ ਕੇ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਖਾਂਦਾ ਹੈ, ਤੇ ਉਸ ਦਾ ਦੁੱਖ-ਕਲੇਸ ਦੂਰ ਹੋ ਜਾਂਦਾ ਹੈ। ਅਜੇਹਾ ਗੁਰਮੁਖ ਗੁਰੂ ਦੀ ਸਰਨ ਪੈ ਕੇ (ਗੁਰੂ ਦੇ ਉਪਦੇਸ਼ ਤੇ ਤੁਰ ਕੇ ਪਰਮਾਤਮਾਂ ਦੇ ਸਹੀ ਸਰੂਪ ਨੂੰ) ਸਮਝ ਲੈਂਦਾ ਹੈ, ਤੇ ਉਸ ਇੱਕ ਪ੍ਰਭੂ ਦੇ ਨਾਮ ਵਿਚ ਲੀਨ ਰਹਿੰਦਾ ਹੈ ।੧।

## ੬
# ਅੰਮ੍ਰਿਤ ਪੀਣਾ

੩੧- **ਸਦਾ ਸੰਗੀ ਹਰਿ ਰੰਗ ਗੋਪਾਲਾ ॥ ਊਚ ਨੀਚ ਕਰੇ ਪ੍ਰਤਿਪਾਲਾ ॥**
**ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ ॥ ੩ ॥** [੯੯]-੯-੧੬

**ਅਰਥ:**--ਪਰਮਾਤਮਾ ਆਪਣੀ ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ ਹੈ, ਸਦਾ ਸਭ ਜੀਵਾਂ ਦੇ ਅੰਗ ਸੰਗ ਰਹਿੰਦਾ ਹੈ, ਤੇ ਸਭ ਸੁਖ ਦੇਣ ਵਾਲਾ ਹੈ । ਜਗਤ ਵਿਚ ਉੱਚੇ (ਅਖਵਾਉਣ ਵਾਲੇ) ਤੇ ਨੀਵੇਂ (ਸਮਝੇ ਜਾਣ ਵਾਲੇ), ਸਭ ਜੀਵਾਂ ਦੀ ਪਾਲਣਾ ਕਰਦਾ ਹੈ । ਪਰਮਾਤਮਾਂ ਦਾ ਨਾਮ ਸਭ ਰਸਾਂ ਦਾ ਸੋਮਾਂ ਹੈ, ਜੀਵਾਂ ਦੇ ਮਨ ਨੂੰ ਮਾਇਆ ਦੀ ਤ੍ਰਿਸ਼ਨਾ ਵਲੋਂ ਤ੍ਰਿਪਤ ਕਰਨ ਵਾਲਾ ਹੈ । ਗੁਰੂ ਦੀ ਸਰਨ ਪੈ ਕੇ ਆਤਮਕ ਜੀਵਨ ਦੇਣ ਵਾਲੇ ਉਸ ਨਾਮ ਰਸ ਨੂੰ ਮੈਂ ਪੀਂਦਾ ਰਹਿੰਦਾ ਹਾਂ ।੩।

੩੨- **ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥**
**ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥ ੧ ॥ ਰਹਾਉ ॥** [੮੧੫]-੨੯-੫੯

੩੩- **ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥**
**ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥ ੧੨ ॥**[੧੦੩੩]-੧-੧੩

**ਅਰਥ:**--ਜਿਸ ਗੁਰਮੁਖ ਨੂੰ ਸਤਿਗੁਰ ਨੇ ਨਾਮ-ਅੰਮ੍ਰਿਤ ਦਿੱਤਾ ਤੇ ਉਸ ਨੇ ਲੈ ਕੇ ਪੀਤਾ ਉਸ ਨੂੰ ਜਗਤ ਵਿਚ ਕਿਤੇ ਵੀ ਪਰਮਾਤਮਾ ਤੋਂ ਬਿਨਾ ਹੋਰ ਕੋਈ ਦੂਜਾ ਤੀਜਾ ਨਹੀਂ ਦਿਸਦਾ । (ਉਸ ਦੇ ਅੰਦਰ ਕੋਈ ਮੇਰ ਤੇਰ ਨਹੀਂ ਰਹਿ ਜਾਂਦੀ । (ਉਸ ਗੁਰਮੁਖ ਨੂੰ ਨਿਸਚਾ ਹੋ ਜਾਂਦਾ ਹੈ ਕਿ ਹਰ ਥਾਂ) ਇਕੋ ਇੱਕ ਅਪਰ ਅਪਾਰ ਪਰਮਾਤਮਾ ਆਪ ਹੀ ਹੈ, ਉਹ ਆਪ ਹੀ ਜੀਵਾਂ ਦੇ ਕਰਮਾਂ ਨੂੰ) ਪਰਖ ਕੇ (ਤੇ ਪਸੰਦ ਕਰ ਕੇ ਉਨ੍ਹਾਂ ਨੂੰ) ਆਪਣੇ ਖ਼ਜ਼ਾਨੇ ਵਿਚ ਰਲਾ ਲੈਂਦਾ ਹੈ ।੧੩।

੩੪- **ਭੈ ਬਿਚਿ ਭਾਉ, ਭਾਇ ਕੋਊ ਬੂਝਹਿ, ਹਰਿ ਰਸੁ ਪਾਵੈ ਭਾਈ ॥**
**ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ, ਭਾਵੈ ਤਿਸਹਿ ਪੀਆਈ ॥ ੨ ॥** [੧੧੨੩]-੩

**ਅਰਥ:**--ਹੇ ਭਾਈ ! ਜੋ ਜੋ ਮਨੁੱਖ ਇਸ ਹਰਿ-ਨਾਮ ਅੰਮ੍ਰਿਤ ਦਾ ਸੁਆਦ ਚੱਖਦਾ ਹੈ, ਪ੍ਰਭੂ ਦੇ ਡਰ ਵਿਚ ਰਹਿ ਕੇ ਉਸ ਦੇ ਅੰਦਰ ਪ੍ਰਭੂ ਦਾ ਪ੍ਰੇਮ ਪੈਦਾ ਹੋ ਜਾਂਦਾ ਹੈ । ਉਸ ਪ੍ਰੇਮ ਦੀ ਬਰਕਤਿ ਨਾਲ ਉਹ ਵਿਰਲੇ (ਭਾਗਾਂ ਵਾਲੇ) ਬੰਦੇ ਇਹ ਗੱਲ ਸਮਝ ਲੈਂਦੇ ਹਨ ਕਿ ਜਿਤਨੇ ਵੀ ਜੀਵ ਹਨ, ਉਨ੍ਹਾਂ ਸਭਨਾ ਦੇ ਅੰਦਰ ਇਹ ਨਾਮ-ਅੰਮ੍ਰਿਤ ਮੌਜੂਦ ਹੈ । ਪਰ, ਜੋ ਜੀਵ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ ਉਸ ਨੂੰ ਹੀ ਉਹ ਅੰਮ੍ਰਿਤ ਪਿਆਲਦਾ ਹੈ ।੨।

੩੫- **ਡੋਲਤ ਡੋਲਤ ਹੇ ਸਖੀ, ਫਾਟੇ ਚੀਰ ਸੀਗਾਰ ॥ ਡਾਹਪਣਿ ਤਨਿ ਸੁਖੁ ਨਹੀ, ਬਿਨੁ ਡਰ ਬਿਣਠੀ ਡਾਰ ॥ ਡਰਪਿ ਮੁਈ ਘਰਿ ਆਪਣੈ, ਡੀਠੀ ਕੰਤਿ ਸੁਜਾਣਿ ॥ ਡਰੁ ਰਾਖਿਆ ਗੁਰਿ ਆਪਣੈ, ਨਿਰਭਉ ਨਾਮੁ ਵਖਾਣਿ ॥ ਡੂਗਰਿ ਵਾਸੁ, ਤਿਖਾ ਘਣੀ, ਜਬ ਦੇਖਾ, ਨਹੀ ਦੂਰਿ ॥ ਤਿਖਾ ਨਿਵਾਰੀ ਸਬਦੁ ਮੰਨਿ, ਅੰਮ੍ਰਿਤੁ ਪੀਆ ਭਰਪੂਰਿ ॥ ਦੇਹਿ ਦੇਹਿ ਆਖੈ ਸਭੁ ਕੋਈ, ਜੈ ਭਾਵੈ ਤੈ ਦੇਇ ॥ ਗੁਰੂ ਦੁਆਰੈ ਦੇਵਸੀ, ਤਿਖਾ ਨਿਵਾਰੈ ਸੋਇ ॥ ੩੦ ॥**[੯੩੩]-ਓਅੰਕਾਰੁ

**ਅਰਥ:**--ਹੇ ਸਖੀ ! ਭਟਕ ਭਟਕ ਕੇ ਸਾਰੇ ਕੱਪੜੇ ਤੇ ਸ਼ਿੰਗਾਰ ਪਾਟ ਗਏ ਹਨ ਭਾਵ, ਤ੍ਰਿਸ਼ਨਾ ਦੀ ਅੱਗ ਦੇ ਕਾਰਨ ਹੋਰ ਹੋਰ ਆਸਰੇ ਤਕਿਆਂ ਸਾਰੇ ਧਾਰਮਿਕ ਉੱਦਮ ਵਿਅਰਥ ਜਾਂਦੇ ਹਨ), ਤਿਸ਼ਨਾਂ ਦੀ ਅੱਗ ਵਿਚ ਸੜਦਿਆਂ ਹਿਰਦੇ ਵਿਚ ਸੁਖ ਨਹੀਂ ਹੋ ਸਕਦਾ, (ਤ੍ਰਿਸ਼ਨਾ ਦੇ ਕਾਰਨ ਪ੍ਰਭੂ) ਡਰ ਹਿਰਦੇ ਵਿਚੋਂ ਗਵਾਇਆਂ ਬੇਅੰਤ ਜੀਵ ਖਪ ਰਹੇ ਹਨ । (ਜੋ ਜੀਵ ਇਸਤ੍ਰੀ ਪ੍ਰਭੂ ਦੇ) ਡਰ ਦੀ ਰਾਹੀਂ ਆਪਣੇ ਹਿਰਦੇ ਵਿਚ (ਤ੍ਰਿਸ਼ਨਾਂ ਵਲੋਂ) ਮਰ ਗਈ ਹੈ (ਭਾਵ, ਜਿਸ ਨੇ ਤ੍ਰਿਸ਼ਨਾ ਦੀ ਅੱਗ ਬੁਝਾ ਲਈ ਹੈ) ਉਸ ਨੂੰ ਸੁਜਾਨ ਕੰਤ-ਪ੍ਰਭੂ ਨੇ ਪਿਆਰ ਨਾਲ ਤੱਕਿਆ ਹੈ, ਆਪਣੇ ਗੁਰੂ ਦੀ ਰਾਹੀਂ ਉਸ ਨੇ ਨਿਰਭਉ ਪ੍ਰਭੂ ਦਾ ਨਾਮ ਸਿਮਰ ਕੇ (ਪ੍ਰਭੂ ਦਾ ) ਡਰ ਹਿਰਦੇ ਵਿਚ ਟਿਕਾਇਆ ਹੈ । (ਜਦੋਂ ਤੱਕ ਮੇਰਾ) ਵਾਸ ਪਰਬਤ ਉਤੇ ਰਿਹਾ, (ਭਾਵ, ਹਉਮੈ ਕਰ ਕੇ ਸਿਰ ਉਚੱਾ ਰਿਹਾ) ਮਾਇਆ ਦੀ ਤ੍ਰੇਹ ਬਹੁਤ ਸੀ, ਜਦੋਂ ਮੈਂ ਪ੍ਰਭੂ ਦਾ ਦੀਦਾਰ ਕਰ ਲਿਆ ਤਾਂ ਇਹ ਤ੍ਰੇਹ ਨੂੰ ਮਿਟਾ ਦੇਣ ਵਾਲਾ ਅੰਮ੍ਰਿਤ ਨੇੜੇ ਹੀ ਦਿਸ ਪਿਆ । ਮੈਂ ਗੁਰੂ ਦੇ ਸ਼ਬਦ ਨੂੰ ਮੰਨ ਕੇ (ਮਾਇਆ ਦੀ) ਤ੍ਰੇਹ ਦੂਰ ਕਰ ਲਈ ਤੇ (ਨਾਮ-)ਅੰਮ੍ਰਿਤ ਰੱਜ ਕੇ ਪੀ ਲਿਆ । ਹਰੇਕ ਜੀਵ ਆਖਦਾ ਹੈ--ਹੇ ਪ੍ਰਭੂ ! ਮੈਨੂੰ ਅੰਮ੍ਰਿਤ ਦੇਹ, ਮੈਨੂੰ ਇਹ ਅੰਮ੍ਰਿਤ ਦੇਹ) ਪਰ ਪ੍ਰਭੂ ਉਸ ਜੀਵ ਨੂੰ ਦਿੰਦਾ ਹੈ ਜੋ ਜੀਵ ਉਸ ਨੂੰ ਭਾਉਂਦਾ ਹੈ । ਪ੍ਰਭੂ ਜਿਸ ਨੂੰ ਸਤਿਗੁਰੂ ਦੀ ਰਾਹੀਂ ਇਹ ਅੰਮ੍ਰਿਤ ਦੇਵੇਗਾ, ਉਹੀ ਜੀਵ ਮਾਇਆ ਵਾਲੀ ਪਿਆਸ ਮਿਟਾ ਸਕੇਗਾ । ੩੦ ।

੩੬- **ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥ ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥ ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ ॥ ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ ॥ ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ ॥ ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ ॥ ੧ ॥**[੧੧੦੭]-੧

੭

## ਖਾਣ, ਪੀਣ ਪਹਿਨਣ ਅਤੇ ਤ੍ਰਿਪਤਿ ਕਰਨ ਵਾਲਾ ਨਾਮ-ਅੰਮ੍ਰਿਤ

੩੭- **ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥ ਹਰਿ ਪੈਨਣੁ ਨਾਮੁ ਭੋਜਨੁ ਥੀਆ ॥**
**ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ ॥ ੪ ॥**[੯੯]-੧੦-੧੭

**ਅਰਥ:**--ਗੁਰਦੇਵ ਜੀ ਦਾ ਫ਼ੁਰਮਾਨ ਹੈ--ਮੈਨੂੰ ਸਦੀਵੀ ਆਤਮਕ ਜ਼ਿੰਦਗੀ ਦੇਣ ਵਾਲਾ ਪਰਮਾਤਮਾ ਦਾ ਨਾਮ-ਰਸ ਦਾ ਸੁਆਦ ਗੁਰੂ ਤੋ ਪ੍ਰਾਪਤ ਹੋਇਆ । ਹੁਣ ਪਰਮਾਤਮਾ ਦਾ ਨਾਮ ਮੇਰਾ ਖਾਣ-ਪੀਣ ਹੈ ਤੇ ਨਾਮ ਹੀ ਮੇਰਾ ਹੰਡਾਉਣ ਹੈ, ਪ੍ਰਭੂ-ਨਾਮ ਵਿਚ ਜੁੜ ਕੇ ਰਹਿਣਾ ਹੀ ਮੇਰੇ ਵਾਸਤੇ ਦੁਨੀਆ ਦੀਆਂ ਖ਼ੁਸ਼ੀਆਂ ਹਨ, ਨਾਮ ਵਿਚ ਜੁੜੇ ਰਹਿਣਾ ਹੀ ਮੇਰੇ ਵਾਸਤੇ ਦੁਨੀਆਂ ਦੇ ਰੰਗ ਤਮਾਸ਼ੇ ਹਨ, ਪ੍ਰਭੂ ਨਾਮ ਹੀ ਮੇਰੇ ਵਾਸਤੇ ਦੁਨੀਆਂ ਦੇ ਭੋਗ ਬਿਲਾਸ ਹਨ । ੪ ।

੩੮- **ਜਿ ਸਤਿਗੁਰੁ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ ॥ ਸਭਨਾ ਉਪਾਵਾ ਸਿਰਿ ਉਪਾਉ ਹੈ,**
**ਹਰਿ ਨਾਮੁ ਪਰਾਪਤਿ ਹੋਇ ॥ ਅੰਤਰਿ ਸੀਤਲ ਸਾਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ ॥**
**ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨ੍ਣਾ ਨਾਨਕ ਨਾਮੁ ਵਡਾਈ ਹੋਇ ॥ ੧ ॥** [੫੧੧]-ਵਾ-੯

**ਅਰਥ:**--ਜੋ ਮਨੁੱਖ ਆਪਣੇ ਸਤਿਗੁਰੂ ਦੇ ਕਹੇ ਤੁਰਦਾ ਹੈ, ਹਰੇਕ ਬੰਦਾ ਉਸ ਦਾ ਆਦਰ ਕਰਦਾ ਹੈ, ਸੋ (ਜਗਤ ਵਿਚ ਮਾਣ ਹਾਸਲ ਕਰਨ ਲਈ) ਸਾਰੇ ਉਪਾਵਾਂ ਤੋਂ ਵਡਾ ਉਪਾਉ ਇਹੀ ਹੈ ਕਿ ਪ੍ਰਭੂ ਦਾ ਨਾਮ ਮਿਲ ਜਾਏ, ਨਾਮ ਜਪਿਆਂ ਸਦਾ ਹਿਰਦੇ ਵਿਚ ਸੁਖ ਹੁੰਦਾ ਹੈ, ਮਨ ਵਿਚ ਠੰਢ ਤੇ ਸ਼ਾਂਤੀ ਆ ਵੱਸਦੀ ਹੈ । (ਗੁਰੂ ਦੀ ਆਗਿਆ ਵਿਚ ਤੁਰ ਕੇ ਨਾਮ ਜਪਣ ਵਾਲੇ ਬੰਦੇ ਦੀ) ਖ਼ੁਰਾਕ ਤੇ ਪੁਸ਼ਾਕ ਅੰਮ੍ਰਿਤ (-ਨਾਮ) ਹੀ ਹੈ । ਹੇ ਨਾਨਕ ! ਨਾਮ ਹੀ ਉਸ ਲਈ ਆਦਰ ਮਾਣ ਹੈ । ੧ ।

ਥੋਹੜੇ ਫ਼ਰਕ ਨਾਲ ਸਤਿਗੁਰਾਂ ਨੇ ਏਹੀ ਸਲੋਕ ਦੋਬਾਰਾ ਲਿਖਿਆ ਹੈ :--

੩੯- **ਪੂਰੈ ਭਾਗਿ ਸਤਿਗੁਰੁ ਪਾਈਐ ਜੇ ਹਰਿ ਪ੍ਰਭੁ ਬਖਸ ਕਰੇਇ ॥ ਓਪਾਵਾ ਸਿਰਿ ਓਪਾਉ**
**ਹੈ ਨਾਉ ਪਰਾਪਤਿ ਹੋਇ ॥ ਅੰਦਰੁ ਸੀਤਲੁ ਸਾਂਤਿ ਹੈ ਹਿਰਦੈ ਸਦਾ ਸੁਖੁ ਹੋਇ ॥**
**ਅੰਮ੍ਰਿਤੁ ਖਾਣਾ ਪੈਨ੍ਣਾ ਨਾਨਕ ਨਾਇ ਵਡਿਆਈ ਹੋਇ ॥ ੧ ॥** [੮੫੧]-ਵਾਰ-੬

**ਅਰਥ:**--ਜੋ ਮਨੁੱਖ ਆਪਣੇ ਸਤਿਗੁਰੂ ਦੇ ਕਹੇ ਤੁਰਦਾ ਹੈ, ਹਰੇਕ ਬੰਦਾ ਉਸ ਦਾ ਆਦਰ ਕਰਦਾ ਹੈ, ਸੋ (ਜਗਤ ਵਿਚ ਮਾਣ ਹਾਸਲ ਕਰਨ ਲਈ) ਸਾਰੇ ਉਪਾਵਾਂ ਤੋਂ ਵਡਾ ਉਪਾਉ ਇਹੀ ਹੈ ਕਿ ਪ੍ਰਭੂ ਦਾ ਨਾਮ ਮਿਲ ਜਾਏ, ਨਾਮ ਜਪਿਆਂ ਸਦਾ ਹਿਰਦੇ ਵਿਚ ਸੁਖ ਹੁੰਦਾ ਹੈ, ਮਨ ਵਿਚ ਠੰਢ ਤੇ ਸ਼ਾਂਤੀ ਆ ਵੱਸਦੀ ਹੈ । (ਗੁਰੂ ਦੀ ਆਗਿਆ ਵਿਚ ਤੁਰ ਕੇ ਨਾਮ ਜਪਣ ਵਾਲੇ ਬੰਦੇ ਦੀ) ਖ਼ੁਰਾਕ ਤੇ ਪੁਸ਼ਾਕ ਅੰਮ੍ਰਿਤ (-ਨਾਮ) ਹੀ ਹੈ । ਹੇ ਨਾਨਕ ! ਨਾਮ ਹੀ ਉਸ ਲਈ ਆਦਰ ਮਾਣ ਹੈ । ੧ ।

੪੦- **ਅੰਮ੍ਰਿਤੁ ਨਾਮੁ ਤੁਮਾਰਾ ਪਿਆਰੇ ਸਾਧ ਸੰਗਿ ਰਸੁ ਪਾਇਆ ॥**
**ਤ੍ਰਿਪਤਿ ਅਘਾਇ ਸੇਈ ਜਨ ਪੂਰੇ ਸੁਖ ਨਿਧਾਨੁ ਹਰਿ ਗਾਇਆ ॥ ੨ ॥** [੩੮੦]-੧-੪੦

**ਅਰਥ:**--ਹੇ ਪਿਆਰੇ ਪ੍ਰਭੂ ! ਤੇਰੇ ਦਾਸਾਂ ਵਾਸਤੇ ਤੇਰਾ ਨਾਮ ਆਤਮਕ ਜੀਵਨ ਦੇਣ ਵਾਲਾ ਹੈ, ਸਾਧ (-ਗੁਰੂ ਦੀ) ਸੰਗਤਿ ਵਿਚ ਬੈਠ ਕੇ ਉਹ (ਤੇਰੇ ਨਾਮ ਦਾ) ਰਸ ਮਾਣਦੇ ਹਨ । (ਹੇ ਭਾਈ !) ਜਿਨ੍ਹਾਂ ਨੇ ਸੁਖਾਂ ਦੇ ਖ਼ਜ਼ਾਨੇ ਹਰੀ ਦੀ ਸਿਫ਼ਤ-ਸਾਲਾਹ ਕੀਤੀ ਉਹ ਮਨੁੱਖ ਗੁਣਾ ਨਾਲ ਭਰਪੂਰ ਹੋ ਗਏ, ਉਹੀ ਮਨੁੱਖ (ਮਾਇਆ ਦੀ ਤ੍ਰਿਸ਼ਨਾਂ ਵਲੋਂ) ਰੱਜ ਗਏ, ਤ੍ਰਿਪਤ ਹੋ ਗਏ । ੨ ।

੪੧- **ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥**
**ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤ ਸੰਗਿ ਮਿਲਾਤ ॥ ੨ ॥**[੮੨੦]-੪-੮੪

**ਅਰਥ:**--ਸੰਤ ਜਨ ਪ੍ਰਭੂ ਦਾ ਦਰਸਨ ਕਰਕੇ ਅਤੇ ਆਤਮਕ ਜੀਵਨ ਦੇਣ ਵਾਲਾ ਹਰੀ ਨਾਮ ਦਾ ਸੁਆਦਲਾ ਭੋਜਨ ਖਾ ਕੇ (ਮਾਇਆ ਦੀ ਤ੍ਰਿਸਨਾਂ ਵਲੋਂ) ਪੂਰੇ ਤੌਰ ਤੇ ਰੱਜੇ ਰਹਿੰਦੇ ਹਨ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ--ਹੇ ਪ੍ਰਭੂ ! ਜਿਹੜੇ ਮਨੁੱਖ ਤੇਰੇ ਚਰਨਾਂ ਦੀ ਸਰਨ ਪੈਂਦੇ ਹਨ, ਤੂੰ ਕਿਰਪਾ ਕਰਕੇ ਉਨ੍ਹਾਂ ਨੂੰ ਸੰਤ-ਗੁਰੂ (ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ ਮਿਲਾ ਦਿੰਦਾ ਹੈਂ (ਭਾਵ, ਪ੍ਰਭੂ ਉਨ੍ਹਾਂ ਨੂੰ ਗੁਰੂ ਦੀ ਸ਼ਬਦ ਵਿਚਾਰ ਤੋਂ ਸਿਖਿਆ ਲੈਣ ਦੀ ਚਿਟਕ ਲਾ ਦਿੰਦਾ ਹੈ) ।

੮

## ਨਾਮ-ਅੰਮ੍ਰਿਤ ਦਾ ਸੁਆਦ ਮਿੱਠਾ

੪੨- **ਅੰਮ੍ਰਿਤ ਨਾਮੁ ਸਦ ਮੀਠਾ ਲਾਗਾ ਗੁਰ ਸਬਦੀ ਸਾਦੁ ਆਇਆ ॥**
**ਸਚੀ ਬਾਣੀ ਸਹਜਿ ਸਮਾਣੀ ਹਰਿ ਜੀਉ ਮਨਿ ਵਸਾਇਆ ॥ ੧ ॥**[੫੫੯]-੫

**ਅਰਥ:**--(ਜਿਸ ਮਨੁੱਖ ਨੂੰ ਗੁਰੂ ਮਿਲ ਪਿਆ, ਉਸ ਨੂੰ) ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ ਸਦਾ ਮਿੱਠਾ ਲੱਗਣ ਲੱਗ ਪਿਆ, ਹਰਿ ਨਾਮ ਦਾ ਇਹ ਮਿੱਠਾ ਸੁਆਦ ਗੁਰੂ ਦੇ ਸ਼ਬਦ ਦੁਆਰਾ ਆਉਣ ਲੱਗ ਪਿਆ, ਸਦਾ-ਥਿਰ-ਪ੍ਰਭੂ ਦੀ ਸਿਫਤਿ ਸਾਲਾਹ ਦੀ ਬਾਣੀ ਦੀ ਰਾਹੀਂ ਆਤਮਕ ਅਡੋਲਤਾ ਵਿਚ ਉਸ ਦੀ ਲੀਨਤਾ ਹੋ ਗਈ, ਉਸ ਨੇ ਪਰਮਾਤਮਾ ਨੂੰ ਆਪਣੇ ਮਨ ਵਿਚ ਪ੍ਰੋ ਲਿਆ । ੧ ।

੪੩- **ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ ॥ ਜਨ ਚਾਖਿ ਅਘਾਣੇ**
**ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥ ਹਰਿ ਮਨਹਿ ਮੀਠਾ ਪ੍ਰਭੂ ਤੂਠਾ ਅਮਿਉ**
**ਵੂਠਾ ਸੁਖ ਭਏ ॥ ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ**
**ਜਏ ॥ ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ ॥ ਕਹੁ ਨਾਨਕ ਤਿਨ**
**ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥ ੩ ॥**[੫੭੭]-ਛੰਤ-੪

**ਅਰਥ:**--ਮੈਂ ਉਨ੍ਹਾਂ ਮਨੁੱਖਾਂ ਤੋਂ ਸਦਕੇ ਜਾਂਦਾ ਹਾਂ, ਜਿਨ੍ਹਾਂ ਮੇਰੇ ਹਰੀ-ਪ੍ਰਭੂ ਦਾ ਦਰਸਨ ਕਰ ਲਿਆ ਹੈ । ਉਹ ਮਨੁੱਖ (ਪਰਮਾਤਮਾ ਦਾ ਨਾਮ-ਰਸ) ਚੱਖ ਕੇ (ਦੁਨੀਆਂ ਦੇ ਪਦਾਰਥਾਂ ਵਲੋਂ) ਰੱਜ ਜਾਂਦੇ ਹਨ, ਉਨ੍ਹਾਂ ਨੂੰ ਆਤਮਕ ਜੀਵਨ ਦੇਣ ਵਾਲਾ ਪਰਮਾਤਮਾ ਦਾ ਨਾਮ-ਜਲ ਮਿੱਠਾ ਲੱਗਦਾ ਹੈ । ਪਰਮਾਤਮਾ ਉਨ੍ਹਾਂ ਨੂੰ ਆਪਣੇ ਮਨ ਵਿਚ ਪਿਆਰਾ ਲੱਗਦਾ ਹੈ, ਪਰਮਾਤਮਾ ਉਨ੍ਹਾਂ ਤੇ ਪ੍ਰਸੰਨ ਹੋ ਜਾਂਦਾ ਹੈ, ਉਨ੍ਹਾਂ ਦੇ ਅੰਦਰ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਆ ਵੱਸਦਾ ਹੈ, ਉਨ੍ਹਾਂ ਨੂੰ ਸਾਰੇ ਅਨੰਦ ਪ੍ਰਾਪਤ ਹੋ ਜਾਂਦੇ ਹਨ। ਜਗਤ ਦੇ ਮਾਲਕ-ਪ੍ਰਭੂ ਦੀ ਜੈ ਜੈਕਾਰ ਆਖ ਆਖ ਕੇ ਉਨ੍ਹਾਂ ਦੇ ਸਰੀਰ ਤੋਂ ਦੁੱਖ ਤੇ ਭਰਮ ਦੂਰ ਹੋ ਜਾਂਦੇ ਹਨ। ਉਹ ਮਨੁੱਖ ਮੋਹ ਤੋਂ ਰਹਿਤ ਹੋ ਜਾਂਦੇ ਹਨ, ਉਨ੍ਹਾਂ ਦੇ ਅੰਦਰੋਂ ਵਿਕਾਰ ਮੁੱਕ ਜਾਂਦੇ ਹਨ, ਕਾਮਾਦਿਕ ਪੰਜਾਂ ਨਾਲੋਂ ਉਨ੍ਹਾਂ ਦਾ ਸਾਥ ਟੁੱਟ ਜਾਂਦਾ ਹੈ। ਹੇ ਨਾਨਕ ! ਆਖ-- ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਮੇਰਾ ਪ੍ਰਭੂ ਆ ਵੱਸਿਆ ਹੈ ਮੈਂ ਉਨ੍ਹਾਂ ਤੋਂ ਸਦਕੇ ਕੁਰਬਾਨ ਜਾਂਦਾ ਹਾਂ। ੩ ।

੪੪- **ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰ ਮਰਣੁ ਨ ਹੋਈ ॥**
**ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥ ੩ ॥** [੬੦੩]-੧੧

**ਅਰਥ:**--ਹੇ ਭਾਈ ! ਗੁਰੂ ਦੇ ਉਪਦੇਸ਼-ਸ਼ਬਦ ਅਨੁਸਾਰ ਜੀਵਨ ਬਣਾ ਕੇ (ਵਿਕਾਰਾਂ ਵਲੋਂ) ਮਰ ਜਾਉ (ਭਾਵ, ਵਿਕਾਰਾਂ ਤੋਂ ਅਛੋਹ ਹੋ ਜਾਉ) ਫਿਰ ਤੁਸੀ ਸਦਾ ਲਈ ਆਤਮਕ ਜੀਵਨ ਜੀਉਂਦੇ ਰਹੋਗੇ, ਫਿਰ ਕਦੇ ਆਤਮਕ ਮੌਤ ਤੁਹਾਡੇ ਨੇੜੇ ਨਹੀਂ ਆਵੇਗੀ ।ਜਿਹੜਾ ਵੀ ਮਨੁੱਖ ਗੁਰੂ ਦੇ ਸ਼ਬਦ ਰਾਹੀਂ ਹਰਿਨਾਮ ਪ੍ਰਾਪਤ ਕਰ ਲੈਂਦਾ ਹੈ, ਉਸ ਨੂੰ ਇਹ ਆਤਮਕ ਜੀਵਨ ਦੇਣ ਵਾਲਾ ਨਾਮ ਸਦਾ ਲਈ ਮਨਿ ਵਿਚ ਮਿੱਠਾ ਲੱਗਣ ਲੱਗ ਪੈਂਦਾ ਹੈ । ੩ ।

੪੫- **ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ ॥ ਅੰਮ੍ਰਿਤ ਨਾਮੁ ਮਹਾਂਰਸੁ ਮੀਠਾ ਗੁਰਸਬਦੀ ਚਖਿ ਜਾਪੈ ॥ ਰਹਾਉ ॥**[੬੦੫]-੩

**ਅਰਥ:**--ਹੇ ਮੇਰੇ ਮਨ ! ਸਦਾ ਪਰਮਾਤਮਾ ਦਾ ਨਾਮ ਜਪਿਆ ਕਰ, (ਜਿਹੜਾ ਮਨੁੱਖ ਨਾਮ ਜਪਦਾ ਹੈ) ਨਾਮ ਦੇ ਰਸ ਨਾਲ ਮਾਇਆ ਵਲੋਂ ਰੱਜ ਜਾਂਦਾ ਹੈ । ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ-ਜਲ ਬਹੁਤ ਸੁਆਦਲਾ ਹੈ, ਬਹੁਤ ਮਿੱਠਾ ਹੈ । ਗੁਰੂ ਦੇ ਸ਼ਬਦ ਰਾਹੀਂ ਚੱਖ ਕੇ ਹੀ ਪਤਾ ਲੱਗਦਾ ਹੈ । ਰਹਾਉ ।

੪੬- **ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥**
**ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ੍ ਬਿਸਰੇ ਸਭਿ ਬਿਖ ਰਸਹੁ ॥ ੩ ॥** [੭੬੯]-੪

**ਅਰਥ:**--ਹੇ ਸੰਤ ਜਨੋ ! ਬੇ-ਸ਼ੱਕ ਚੱਖ ਕੇ ਵੇਖ ਲਵੋ, ਪਰਮਾਤਮਾ ਦਾ ਨਾਮ ਆਤਮਕ ਜੀਵਨ ਦੇਣ ਵਾਲਾ ਜਲ ਹੈ । ਗੁਰੂ ਦੀ ਸਿਖਿਆ ਉੱਤੇ ਤੁਰ ਕੇ ਜਿਨ੍ਹਾਂ ਮਨੁੱਖਾਂ ਨੂੰ ਇਹ ਨਾਮ ਰਸ ਮਿੱਠਾ ਲਗਦਾ ਹੈ, ਆਤਮਕ ਜੀਵਨ ਨੂੰ ਮਾਰ ਮਕਾਉਣ ਵਾਲੇ ਹੋਰ ਸਾਰੇ ਰਸ ਉਨ੍ਹਾਂ ਨੂੰ ਫਿੱਕੇ ਲੱਗਦੇ ਹਨ।

ਕਈ ਮੰਦ ਕਰਮੀਆਂ ਨੂੰ ਇਹ **ਨਾਮੁ ਰਸ ਕੌੜਾ** ਵੀ ਲੱਗਦਾ ਹੈ । ਪੰਚਮ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ :--

੪੭- **ਜੋ ਹਲਾਹਲ ੧ ਸੋ ਪੀਵੈ ਬਉਰਾ ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥** ੧=ਮਹੁਰਾ, ਜ਼ਹਿਰ ।
**ਸਾਧ ਸੰਗ ਕੈ ਨਾਹੀ ਨੇਰਿ ॥ ਲਖ ਚਉਰਾਸੀਹ ਭ੍ਰਮਤਾ ਫੇਰਿ ॥ ੩ ॥**[੧੯੦]-੧੩-੮੨

**ਅਰਥ**:--ਜਿਹੜਾ ਜ਼ਹਿਰ ਹੈ ਉਸ ਨੂੰ ਮਾਇਆ-ਗ੍ਰਸਿਆ ਮਨੁੱਖ ਖ਼ੁਸ਼ੀ ਨਾਲ ਪੀਂਦਾ ਹੈ । ਪਰਮਾਤਮਾ ਦਾ ਨਾਮ ਆਤਮਕ ਜੀਵਨ ਦੇਣ ਵਾਲਾ ਹੈ, ਇਸ ਨੂੰ ਮਨੁੱਖ ਕੌੜਾ ਜਾਣਦਾ ਹੈ । (ਮਾਇਆ-ਗ੍ਰਸਿਆ ਇਹ ਮਨੁੱਖ) ਸਾਧ-(ਗੁਰੂ ਗ੍ਰੰਥ ਸਾਹਿਬ ਦੀ) ਸੰਗਤਿ ਦੇ ਨੇੜੇ ਨਹੀਂ ਢੁਕਦਾ, (ਇਸ ਤਰ੍ਹਾਂ) ਚੌਰਾਸੀ ਲੱਖ ਜੂਨਾਂ ਵਿਚ ਭਟਕਦਾ ਫਿਰਦਾ ਹੈ । ੩ ।

**ਵਿਚਾਰ**--ਅਜੇਹੇ ਹੋਰ ਵੀ ਕਈ ਗੁਰੂ ਬਾਣੀ ਸ਼ਬਦ ਹਨ ਜਿਨ੍ਹਾਂ ਵਿਚ ਨਾਮ-ਅੰਮ੍ਰਿਤ ਨੂੰ ਅਤੀ ਮਿੱਠਾ ਕਿਹਾ ਹੈ । ਫਿਰ ਜਿਸ ਸਤਿਗੁਰਾਂ ਨੇ ਨਾਮ-ਅੰਮ੍ਰਿਤ ਨੂੰ ਬਾਰ ਬਾਰ ਮਿੱਠਾ ਵੀ ਆਪ ਹੀ ਫ਼ੁਰਮਾਨ ਕੀਤਾ ਹੈ ਉਨ੍ਹਾਂ ਨੇ ਨਾਮ-ਅੰਮ੍ਰਿਤ ਤੋਂ ਹੀ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰਨ ਸਮੇਂ ਪਦਾਰਥ-ਵਾਦੀ ਮਿੱਠਾ (ਪਤਾਸ਼ੇ-ਮਿੱਠਾ) ਕਿਸ ਕਾਰਨ ਪਾਉਣਾ ਸੀ ? ਅਜੇਹਾ ਸੋਚਣਾ ਵੀ ਮਹਾਂ ਪਾਪ ਹੋਵੇਗਾ ਕਿ---

**(੧)** ਦਸ਼ਮੇਸ਼ ਜੀ ਨੇ ਨਾਮ-ਅੰਮ੍ਰਿਤ ਨੂੰ ਫਿੱਕਾ ਅਥਵਾ ਕੌੜਾ ਜਾਣ ਲਿਆ ਸੀ,

**(੨)** ਕਿ ਕਲਗ਼ੀਧਰ ਜੀ ਪਤਾਸ਼ੇ ਪਾਉਣੇ ਭੁੱਲ ਗਏ ਸਨ, ਅਤੇ ਉਨ੍ਹਾਂ ਦੀ ਇਸ ਭੁੱਲ ਨੂੰ ਮਾਤਾ (ਜੀਤੋ) ਜੀ ਨੇ ਸੁਧਾਰਿਆ ਸੀ,

**(੩)** ਅਜੇਹਾ ਕਹਿ ਕੇ ਅਸੀਂ " **ਅਭੁਲੁ ਗੁਰੂ ਕਰਤਾਰੁ** " ਮਹਾਂਵਾਕ ਨੂੰ ਅਸੀਂ ਝੂਠਾ ਸਿੱਧ ਕਰ ਰਹੇ ਹੋਵਾਂਗੇ ।

ਖੋਜ ਤਾਂ ਇਸ ਗੱਲ ਦੀ ਕਰਨ ਦੀ ਲੋੜ ਹੈ ਕਿ, ਕੀ ਪਤਾਸ਼ੇ ਪਾਉਣ ਵਾਲੀ ਕਹਾਣੀ ਕਿਤੇ ਮਨ ਘੜਤ ਤਾਂ ਨਹੀਂ ? ਹੋਰ ਵਰਤੇ ਕਈ ਭਾਣਿਆਂ ਵਾਂਗ ਕੀ ਕਿਤੇ ਇਹ ਵੀ ਕਿਸੇ ਵੈਰੀ ਦੀ ਹੀ ਚਾਲ ਤਾਂ ਨਹੀਂ ? ਪਰ ਕੀ ਅੱਜ ਤੱਕ ਪੰਥ ਵਿਚੋਂ ਗੁਰਬਾਣੀ ਦੇ ਇਨ੍ਹਾਂ ਫ਼ੁਰਮਾਨਾਂ ਦੀ ਗੰਭੀਰਤਾ ਨਾਲ ਕਦੇ ਕਿਸੇ ਵੀ ਗੁਰਸਿੱਖ ਨੇ ਵੀ ਵਿਚਾਰ ਨਾ ਕੀਤੀ ਹੋਵੇਗੀ ? ਪੰਥ ਦੀ ਚੜ੍ਹਦੀ ਕਲਾ ਦਾ ਦਿਨੋਂ ਦਿਨ ਅਲੋਪ ਹੋਈ ਜਾਣਾ ਕਈ ਤਰ੍ਹਾਂ ਦੀਆਂ ਭੁੱਲਾਂ ਦਾ ਹੀ ਫਲ ਹੈ । ਪਰ ਵਡੇ ਦੁੱਖ ਵਾਲੀ ਗੱਲ ਇਹ ਬਣ ਚੁੱਕੀ ਹੈ ਕਿ ਅੱਜ ਖ਼ਾਲਸਾ ਜੀ ਗੁਰਬਾਣੀ ਨੂੰ ਝੂਠਾ ਸਿੱਧ ਕਰਨ ਲਈ ਤਾਂ ਕਈ ਦੁੱਚਰ ਘੜ ਲੈਣਗੇ ਪਰ ਆਪਣੀ ਬਣਾਈ ਕਰਮਕਾਂਡੀ ਰੀਤ ਵਿਚ ਗੁਰਬਾਣੀ ਅਨੁਸਾਰ ਸੋਧ ਕਰ ਲੈਣੀ ਨਹੀਂ ਮੰਨਦੇ।

੯

## ਅੰਮ੍ਰਿਤ ਗੁਣ

੪੮- **ਸਾਧ ਕੈ ਸੰਗਿ ਸਭ ਕੁ ਉਧਾਰੈ ॥ ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥**
**ਸਾਧੂ ਕੈ ਸੰਗਿ ਸੋ ਧਨੁ ਪਾਵੈ ॥ ਜਿਸੁ ਧਨ ਤੇ, ਸਭੁ ਕੋ ਵੇਸਾਵੈ ॥**
**ਸਾਧਸੰਗਿ ਧਰਮ ਰਾਇ ਕਰੇ ਸੇਵਾ ॥ ਸਾਧ ਕੈ ਸੰਗਿ ਸੋਭਾ ਸੁਰਦੇਵਾ ॥**
**ਸਾਧੂ ਕੈ ਸੰਗਿ ਪਾਪ ਪਲਾਇਨ ॥ ਸਾਧੂ ਸੰਗਿ ਅੰਮ੍ਰਿਤ ਗੁਨ ਗਾਇਨ ॥** ਪਲਾਇਨ--ਨਾਸ ਹੁੰਦੇ ਹਨ ।
**ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥ ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥**੫ ॥ [੨੭੧]-ਅਸਟ-੭

੪੯- **ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥**
**ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ ॥ ਰਹਾਉ ॥** [੮੦੭]-੧੨-੩੦

**ਅਰਥ:**--(ਜਿਸ ਮਨੁੱਖ ਉੱਤੇ ਗੁਰੂ ਦਇਆਵਾਨ ਹੁੰਦਾ ਹੈ, ਉਸ ਨੂੰ) ਪੂਰੇ ਗੁਰੂ ਨੇ ਆਤਮਕ ਅਡੋਲਤਾ ਵਿਚ ਇਕ-ਰਸ ਟਿਕਾਉ ਦੇ ਸਾਰੇ ਸੁਖ ਆਨੰਦ ਦੇ ਦਿੱਤੇ । ਪ੍ਰਭੂ ਉਸ ਮਨੁੱਖ ਦਾ ਮਦਦਗਾਰ ਬਣਿਆਂ ਰਹਿੰਦਾ ਹੈ, ਉਸ ਦੇ ਅੰਗ-ਸੰਗ ਰਹਿੰਦਾ ਹੈ, ਉਹ ਮਨੁੱਖ ਪ੍ਰਭੂ ਦੇ ਆਤਮਕ ਜੀਵਨ ਦੇਣ ਵਾਲੇ ਗੁਣ (ਆਪਣੇ ਮਨ ਵਿਚ) ਵਿਚਾਰਦਾ ਹੈ ।

੫੦- **ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥**
**ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥ ੨ ॥**[੮੧੩]-੨੧-੫੧

**ਅਰਥ:**--(ਮੇਰੀ ਇਹ ਅਰਦਾਸਿ ਹੈ ਜਿ ਸਾਧ ਸੰਗਤਿ ਵਿਚ) ਸੰਤ ਜਨ ਪਰਮਾਤਮਾ ਦੇ ਆਤਮਕ ਜੀਵਨ ਦੇਣ ਵਾਲੇ ਜੋ ਗੁਣ ਉਚਾਰਦੇ ਹਨ, ਉਨ੍ਹਾਂ ਨੂੰ ਸੁਣ ਕੇ ਮੈਂ ਆਪਣੇ ਮਨ ਨੂੰ ਨਾਮ-ਅੰਮ੍ਰਿਤ ਪਿਲਾਇਆ ਕਰਾਂ, ਨਾਮ-ਅੰਮ੍ਰਿਤ ਦੇ ਉਸ ਸੁਆਦ ਵਿਚ ਮੇਰੇ ਅੰਦਰ ਸ਼ਾਂਤੀ ਅਤੇ ਤ੍ਰਿਸ਼ਨਾਂ ਤੋਂ ਰਜੇਵਾਂ ਪੈਦਾ ਹੋਵੇ, (ਨਾਮ ਅੰਮ੍ਰਿਤ ਦੀ ਸਹਾਇਤਾ ਨਾਲ) ਮੈਂ ਆਪਣੇ ਅੰਦਰੋਂ ਵਿਸ਼ਿਆਂ ਦੀ ਸੜਨ ਬੁਝਾਂਉਂਦਾ ਰਹਾਂ । ੨ ।

੫੧- **ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ ॥ ਸੁਖ ਦਾਤਾ ਤੇਰੈ ਮਨਿ ਵਸੈ**
**ਹਉਮੈ ਜਾਇ ਅਭਿਮਾਨੁ ॥ ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ ॥ ੨ ॥** [੮੫੧]-ਵਾਰ-੬

**ਅਰਥ:**--ਹੇ ਮਨ ! ਗੁਰੂ ਦੀ ਸਿਖਿਆ ਆਪਣੇ ਅੰਦਰ ਵਸਾ ਇਸ ਤਰ੍ਹਾਂ ਤੂੰ ਗੁਣਾਂ ਦੇ ਖਜ਼ਾਨੇ ਪਰਮਾਤਮਾ ਨੂੰ ਲਭ ਲਏਂਗਾ । ਸਾਰੇ ਸੁਖ ਦੇਣ ਵਾਲਾ ਪਰਮਾਤਮਾ ਤੈਨੂੰ ਤੇਰੇ ਅੰਦਰ ਵੱਸਦਾ ਦਿੱਸ ਪਏਗਾ ਤੇਰੇ ਅੰਦਰੋਂ ਹਉਮੈ ਹੰਕਾਰ ਦੂਰ ਹੋ ਜਾਇਗਾ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ-ਆਤਮਕ ਜੀਵਨ ਦੇਣ ਵਾਲਾ ਤੇ ਗੁਣਾਂ ਦਾ ਖ਼ਜ਼ਾਨਾ ਪ੍ਰਭੂ (ਗੁਰੂ ਦੀ ਰਾਹੀਂ) ਆਪਣੀ ਮਿਹਰ ਦੀ ਨਿਗਾਹ ਨਾਲ ਹੀ ਮਿਲਦਾ ਹੈ । ੨ ।

੫੨- **ਜਿਹਵੇ ਅੰਮ੍ਰਿਤ ਗੁਣ ਹਰਿ ਗਾਉ ॥ ਹਰਿ ਹਰਿ ਬੋਲ,**
**ਕਥਾ ਸੁਨਿ ਹਰਿ ਕੀ ਉਚਰਹੁ ਪ੍ਰਭ ਕੋ ਨਾਉ ॥ ੧ । ਰਹਾਉ ॥**[੧੨੧੯]-੫੩-੭੬

**ਅਰਥ:**--ਹੇ ਮੇਰੀ ਜੀਭ ! ਪਰਮਾਤਮਾ ਦੇ ਆਤਮਕ ਜੀਵਨ ਦੇਣ ਵਾਲੇ ਗੁਣ ਗਾਇਆ ਕਰ । ਹੇ ਭਾਈ ! ਪਰਮਾਤਮਾ ਦਾ ਨਾਮ ਉਚਾਰਿਆ ਕਰ, ਪ੍ਰਭੂ ਦੀ ਸਿਫ਼ਤ ਸਾਲਾਹ ਸੁਣਿਆ ਕਰ, ਪ੍ਰਭੂ ਦਾ ਨਾਮ ਉਚਾਰਿਆ ਕਰ । ੧। ਰਹਾਉ ।

੧੦

## ਅੰਮ੍ਰਿਤ ਦ੍ਰਿਸ਼ਟਿ

੫੩- **ਸੂਕੇ ਹਰੇ ਕੀਏ ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥ ੧ ॥** [੧੯੧]-੫੮-੧੨੭

**ਅਰਥ:**--ਆਤਮਕ ਜੀਵਨ ਦੇਣ ਵਾਲੀ ਨਿਗਾਹ ਕਰ ਕੇ ਗੁਰੂ, ਨਾਮ-ਜਲ ਸਿੰਜ ਕੇ ਜਿਨ੍ਹਾਂ ਨੂੰ ਆਤਮਕ ਜੀਵਨ ਬਖ਼ਸ਼ਦਾ ਹੈ, ਉਨ੍ਹਾਂ ਆਤਮਕ ਜੀਵਨ ਦੇ ਰਸ ਤੋਂ ਸੁੱਕੇ ਹੋ ਚੁਕੇ ਮਨੁੱਖਾਂ ਨੂੰ ਗੁਰੂ ਇਕ ਖਿਨ ਵਿਚ ਹਰੇ (ਭਾਵ, ਆਤਮਕ ਜੀਵਨ ਵਾਲੇ) ਬਣਾ ਦਿੰਦਾ ਹੈ । ੧ ।

੫੪- **ਸਫਲ ਦਰਸਨੁ ਪੇਖਤ ਪੁਨੀਤ ॥ ਪਰਸਤ ਚਰਨ ਗਤਿ ਨਿਰਮਲ ਰੀਤਿ ॥ ਭੇਟਤ ਸੰਗਿ ਰਾਮ ਗੁਨ ਰਵੇ ॥**
**ਪਾਰਬ੍ਰਹਮ ਕੀ ਦਰਗਹ ਗਵੇ ॥ ਸੁਨਿ ਕਰਿ ਬਚਨ ਕਰਨ ਆਘਾਨੇ ॥ ਮਨਿ ਸੰਤੋਖੁ ਆਤਮ ਪਤੀਆਨੇ ॥**
**ਪੂਰਾ ਗੁਰੁ ਅਖੵਓ ਜਾ ਕਾ ਮੰਤ੍ਰ ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥ ਗੁਣ ਬਿਅੰਤਿ**
**ਕੀਮਤਿ ਨਹੀ ਪਾਇ ॥ ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥ ੪ ॥**[੨੮੭]-ਅਸਟ-੧੮

**ਅਰਥ:**--ਗੁਰੂ ਦਾ ਦੀਦਾਰ (ਸਾਰੇ) ਫਲ ਦੇਣ ਵਾਲਾ ਹੈ, ਦੀਦਾਰ ਕੀਤਿਆਂ ਪਵਿੱਤ੍ਰ ਹੋ ਜਾਇਦਾ ਹੈ। ਗੁਰੂ ਦੇ ਚਰਨ ਛੋਹਿਆਂ ਉਚੀ ਅਵਸਥਾ ਤੇ ਸੁੱਚੀ ਰਹੁ-ਰੀਤ ਹੋ ਜਾਂਦੀ ਹੈ। ਗੁਰੂ ਦੀ ਸੰਗਤਿ ਵਿਚ ਰਿਹਾਂ ਪ੍ਰਭੂ ਦੇ ਗੁਣ ਗ ਸਕੀਦੇ ਹਨ, ਤੇ ਅਕਾਲ-ਪੁਰਖ ਦੀ ਦਰਗਾਹ ਵਿਚ ਪਹੁੰਚ ਹੋ ਜਾਂਦੀ ਹੈ। ਗੁਰੂ ਦੇ ਬਚਨ ਸੁਣ ਕੇ ਕੰਨ ਰੱਜ ਜਾਂਦੇ ਹਨ, ਮਨ ਵਿਚ ਸੰਤੋਖ ਆ ਜਾਂਦਾ ਹੈ ਤੇ ਆਤਮਾ ਪਤੀਜ ਜਾਂਦੀ ਹੈ। ਸਤਿਗੁਰੂ ਪੂਰਨ ਪੁਰਖ ਹੈ, ਉਸ ਦਾ ਮੰਤ੍ਰ (ਉਪਦੇਸ਼) ਅਖੁਉ ਹੈ (ਭਾਵ ਸਦਾ ਲਈ ਅਟੱਲ ਹੈ) । ਮੇਰਾ ਗੁਰੂ ਜਿਸ ਵਲ ਅਮਰ ਕਰ ਦੇਣ ਵਾਲੀ ਨਜ਼ਰ ਨਾਲ ਤੱਕਦਾ ਹੈ ਓਹੀ ਸੰਤ ਹੋ ਜਾਂਦਾ ਹੈ । ਸਤਿਗੁਰੂ (ਜੀ) ਦੇ ਗੁਣ ਬੇਅੰਤ ਹਨ ਮੁੱਲ ਨਹੀਂ ਪੈ ਸਕਦਾ। ਹੇ ਨਾਨਕ ! ਜੋ ਜੀਵ (ਪ੍ਰਭੂ ਨੂੰ) ਚੰਗਾ ਲੱਗਦਾ ਹੈ, ਉਸ ਨੂੰ ਗੁਰੂ ਨਾਲ ਮਿਲਾਉਂਦਾ ਹੈ । ੪ ।

੫੫- **ਖੋਵਹੁ ਭਰਮੁ ਰਾਖੁ ਮੇਰੇ ਪ੍ਰੀਤਮ ਅੰਤਰਜਾਮੀ ਸੁਘੜ ਸੁਜਾਨ ॥**

**ਕੋਟਿ ਰਾਜ ਨਾਮ ਧਨੁ ਮੇਰੈ ਅੰਮ੍ਰਿਤ ਦ੍ਰਿਸਟਿ ਧਾਰਹੁ ਪ੍ਰਭ ਮਾਨ ॥ ੧ ॥** [੭੧੬]-੩-੨੧

**ਅਰਥ:**--ਹੇ ਮੇਰੇ ਪ੍ਰੀਤਮ ! ਹੇ ਅੰਤਰਜਾਮੀ ! ਹੇ ਸੋਹਣੇ ਸੁਜਾਨ ! ਮੇਰੇ ਮਨ ਦੀ ਭਟਕਣਾ ਦੂਰ ਕਰ, ਮੇਰੀ ਰੱਖਿਆ ਕਰ । ਹੇ ਪ੍ਰਭੂ ! ਮੇਰੇ ਉਤੇ ਆਤਮਕ ਜੀਵਨ ਦੇਣ ਵਾਲੀ ਨਿਗਾਹ ਕਰ ਮੇਰੇ ਵਾਸਤੇ ਤੇਰੇ ਨਾਮ ਦਾ ਧਨ ਕ੍ਰੋੜਾਂ ਬਾਦਸ਼ਾਹੀਆਂ ਦੇ ਬਰਾਬਰ ਹੈ । ੧ ।

੫੬- **ਹਉ ਕਿਛੁ ਨਾਹੀ ਏਕੋ ਤੂ ਹੈ ਆਪੇ ਆਪਿ ਸੁਜਾਨਾ ॥**
**ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਰੰਗ ਰਸ ਮਾਨਾ ॥- - ੨ ॥** [੭੭੯]-ਛੰਤ-੧-੪

**ਅਰਥ:**--ਮੇਰੀ ਕੁਝ ਵੀ ਪਾਇਆਂ ਨਹੀਂ ਹੈ, ਇੱਕ ਤੂੰ ਹੀ ਤੂੰ ਹੈਂ, ਤੂੰ ਆਪ ਹੀ ਆਪ ਸਭ ਕੁਝ ਜਾਨਣ ਵਾਲਾ ਹੈਂ । ਹੇ ਪ੍ਰਭੂ ! ਅੱਖ ਝਮਕਣ ਜਿਤਨੇ ਸਮੇਂ ਵਾਸਤੇ ਮਿਲੀ ਤੇਰੀ ਅੰਮ੍ਰਿਤ ਦ੍ਰਿਸ਼ਟੀ ਨਾਲ ਮੈਨੂੰ ਆਤਮਕ ਜੀਵਨ ਮਿਲ ਜਾਂਦਾ ਹੈ (ਇਉਂ ਹੁੰਦਾ ਹੈ ਜਿਵੇਂ) ਮੈਂ ਸਾਰੇ ਰੰਗ ਰਸ ਮਾਣ ਲਏ ਹਨ ।

ਸੁਖਮਨੀ ਸਾਹਿਦ ਦੀ ੨੨ਵੀ ਅਸਟਪਦੀ ਦਾ ਅਠਵਾਂ ਪਦਾ ਉਸ ਪ੍ਰਭੂ ਦੀ ਵਡਿਆਈਆਂ ਦਾ ਵਰਨਣ ਤੋਂ ਅਰੰਭ ਹੁੰਦਾ ਹੈ ਜਿਸ ਪ੍ਰਭ ਦੀ ਸਮਝ ਪੂਰਨ (Infalliable ਅਭੁੱਲ), ਹੈ, ਜਿਸ **ਦੀ ਨਜ਼ਰ ਵਿਚੋਂ ਅੰਮ੍ਰਿਤ ਵਗਦਾ** ਹੈ, ਉਸ ਦਾ ਦੀਦਾਰ ਕੀਤਿਆਂ ਜਗਤ ਦਾ ਉਧਾਰ ਹੁੰਦਾ ਹੈ:--

੫੭- **ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥ ਦਰਸਨੁ ਪੇਖਤ ਉਧਰਤ ਸ੍ਰਿਸਟਿ ॥**
**ਚਰਨ ਕਮਲ ਜਾ ਕਾ ਅਨੂਪ ॥ ਸਫਲ ਦਰਸਨੁ ਸੁੰਦਰ ਹਰਿ ਰੂਪ ॥**
**ਧੰਨੁ ਸੇਵਾ ਸੇਵਕੁ ਪਰਵਾਨੁ ॥ ਅੰਤਰਜਾਮੀ ਪੁਰਖੁ ਪ੍ਰਧਾਨੁ ॥**
**ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥ ਤਾ ਕੈ ਨਿਕਟਿ ਨ ਆਵਤ ਕਾਲ ॥**
**ਅਮਰ ਭਏ ਅਮਰਾ ਪਦੁ ਪਾਇਆ ॥ ਸਾਧ ਸੰਗਿ ਨਾਨਕ ਹਰਿ ਧਿਆਇਆ ॥ ੮ ॥**[੨੯੩]-ਅਸਟ-੨੨

੧੧

## ਅੰਮ੍ਰਿਤ ਫਲ

੫੮- **ਗੁਰਮੁਖਿ ਬ੍ਰਹਮੁ ਹਰਿਆਲਾ ਸਾਚੈ ਸਹਜਿ ਸੁਭਾਇ ॥ ਸਾਖਾ ਤੀਨ ਨਿਵਾਰੀਆ**
**ਏਕ ਸਬਦਿ ਲਿਵ ਲਾਇ ॥ ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ ॥ ੩ ॥** [੬੬]-੩-੨੦

**ਅਰਥ:**--ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ ਉਹ ਮਾਨੋ, ਇੱਕ ਹਰਾ-ਭਰਾ ਰੁੱਖ ਹੈ। (ਉਹ ਵਡਭਾਗੀ ਮਨੁੱਖ) ਸਦਾ-ਥਿਰ ਪ੍ਰਭੂ ਵਿਚ ਜੁੜਿਆ ਹੋਇਆ, ਆਤਮਕ ਅਡੋਲਤਾ ਵਿਚ ਟਿਕਿਆ ਰਹ ਕੇ ਪ੍ਰਭੂ ਦੇ ਪ੍ਰੇਮ ਵਿਚ ਜੁੜਿਆ ਰਹਿੰਦਾ ਹੈ। ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਸਬਦ ਵਿਚ ਸੁਰਤਿ ਜੋੜ ਕੇ (ਮਾਇਆ ਦੇ ਤਿੰਨੇ ਰੂਪ, ਮਾਨੋ) ਤਿੰਨ ਟਹਿਣੀਆਂ ਉਸ ਨੇ ਦੂਰ ਕਰ ਲਈਆਂ ਹੋਈਆਂ ਹਨ। ਉਸ ਨੂੰ ਆਤਮਕ ਜੀਵਨ ਦੇਣ ਵਾਲਾ ਸਿਰਫ਼ ਨਾਮ-ਫਲ ਲੱਗਦਾ ਹੈ। (ਪ੍ਰਭੂ ਮਿਹਰ ਕਰ ਕੇ) ਆਪ ਹੀ (ਉਸ ਨੂੰ ਇਹ ਫਲ) ਚਖਾ ਦੇਂਦਾ ਹੈ। ੩ ।,

ਵ੫੯- **ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥ ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥੬॥**
**ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ ॥ ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ ॥੭॥**[੪੨੧]-੨੦

**ਅਰਥ:**--ਜਿਨ੍ਹਾਂ ਬੰਦਿਆਂ ਨੇ ਆਪਣੇ ਆਤਮਕ ਜੀਵਨ ਨੂੰ ਪਰਖਿਆ ਪਛਾਣਿਆ ਹੈ ਉਹੀ ਬੰਦੇ ਪਰਮਾਤਮਾ ਨੂੰ ਪਛਾਣਦੇ ਹਨ । (ਉਹ ਸਮਝ ਲੈਂਦੇ ਹਨ ਕਿ) ਇਕ ਪਰਮਾਤਮਾ ਹੀ ਆਤਮਕ ਜੀਵਨ-ਰੂਪ ਫਲ ਦੇਣ ਵਾਲਾ ਰੁੱਖ ਹੈ, ਉਸ ਪ੍ਰਭੂ-ਰੁੱਖ ਦਾ ਫਲ ਸਦਾ ਅੰਮ੍ਰਿਤ ਰੂਪ ਹੈ । ੬ । ਜਿਨ੍ਹਾਂ ਮਨੁੱਖਾਂ ਨੇ ਆਤਮਕ ਜੀਵਨ ਦੇਣ ਵਾਲਾ ਨਾਮ-ਫਲ ਚੱਖ ਲਿਆ, ਉਹ ਸਦਾ-ਥਿਰ ਪ੍ਰਭੂ ਦੇ ਨਾਮ ਵਿਚ ਜੁੜ ਕੇ (ਹੋਰ ਸੁਆਦਾਂ ਵਲੋਂ) ਰੱਜੇ ਰਹਿੰਦੇ ਹਨ । ਉਨ੍ਹਾਂ ਨੂੰ (ਮਾਇਆ ਆਦਿਕ ਦੀ ਕੋਈ) ਭਟਕਣਾ ਨਹੀਂ ਰਹਿੰਦੀ, ਉਨ੍ਹਾਂ ਦੀ ਪਰਮਾਤਮਾ ਨਾਲੋਂ ਕੋਈ ਵਿਥ ਨਹੀਂ ਰਹਿੰਦੀ, ਉਨ੍ਹਾਂ ਦੀ ਜੀਭ ਪਰਮਾਤਮਾ ਦੇ ਨਾਮ-ਰਸ ਵਿਚ ਰਸੀ ਰਹਿੰਦੀ ਹੈ । ੭ ।

੬੦- **ਇਕਿ ਮੂਲਿ ਲਗੇ ਓਨੀ ਸੁਖੁ ਪਾਇਆ ॥ ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥**
**ਅੰਮ੍ਰਿਤ ਫਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੇ ॥ ੪ ॥**[੧੦੫੧]-੮

**ਅਰਥ:**--ਕਈ ਐਸੇ ਹਨ ਜੋ ਜਗਤ ਦੇ ਰਚਨਹਾਰ ਦੀ ਯਾਦ ਵਿਚ ਜੁੜੇ ਰਹਿੰਦੇ ਹਨ, ਉਹ ਆਤਮਕ ਆਨੰਦ ਮਾਣਦੇ ਹਨ । ਪਰ ਜਿਹੜੇ ਮਨੁੱਖ ਮਾਇਕ ਪਦਾਰਥਾਂ ਵਿਚ ਲੱਗੇ ਰਹਿੰਦੇ ਹਨ, ਉਨ੍ਹਾਂ ਨੇ ਆਪਣਾ ਜੀਵਨ ਗਵਾ ਲਿਆ ।ਆਤਮਕ ਜੀਵਨ ਦੇਣ ਵਾਲੇ ਫਲ ਉਨ੍ਹਾਂ ਨੂੰ ਹੀ ਲੱਗਦੇ ਹਨ ਜਿਹੜੇ ਆਤਮਕ ਜੀਵਨ ਦੇਣ ਵਾਲੇ (ਸਿਫ਼ਤਿ ਸਾਲਾਹ ਦੇ) ਬੋਲ ਬੋਲਦੇ ਹਨ । ੪ ।

੬੧- **ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ਹਉਮੈ ਤ੍ਰਿਸਨ ਬੁਝਾਈ ॥**
**ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ ਮਨਸਾ ਮਨਹਿ ਸਮਾਈ ॥ ੧ ॥** [੧੧੫੫]-੨-੩

**ਅਰਥ:**--ਜਿਸ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ ਫਲ ਪ੍ਰਾਪਤ ਕਰ ਲਿਆ, ਉਸ ਨੇ ਆਪਣੇ ਅੰਦਰੋਂ ਹਉਮੈ ਅਤੇ ਤ੍ਰਿਸਨਾਂ ਦੀ ਅੱਗ ਬੁਝਾ ਲਈ । ਪਰਮਾਤਮਾ ਦਾ ਨਾਮ ਉਸ ਦੇ ਮਨ ਵਿਚ ਉਸ ਦੇ ਹਿਰਦੇ ਵਿਚ ਵੱਸ ਪਿਆ, ਉਸ ਦੇ ਮਨ ਦਾ ਮਾਇਕ ਫੁਰਨਾਂ ਮਨ ਵਿਚ ਹੀ ਲੀਨ ਹੋ ਗਿਆ । ੧ ।

੬੨- **ਇਤੁ ਮਨਿ ਮਉਲਿਐ ਭਇਆ ਅਨੰਦੁ ॥ ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥ ੨ ॥** [੧੧੭੬]-੧੪

**ਅਰਥ:**--(ਜਿਸ ਮਨੁੱਖ ਨੇ ਗੁਰੂ ਦੀ ਸੰਗਤਿ ਵਿਚ) ਗੋਬਿੰਦ ਦਾ ਨਾਮ ਹਾਸਲ ਕਰ ਲਿਆ, ਆਤਮਕ ਜੀਵਨ ਦੇਣ ਵਾਲਾ ਨਾਮ-ਫਲ ਪ੍ਰਾਪਤ ਕਰ ਲਿਆ, ਉਸ ਦਾ ਇਹ ਮਨ ਖਿੜ ਪੈਣ ਨਾਲ ਉਸ ਦੇ ਅੰਦਰ ਆਤਮਕ ਆਨੰਦ ਪੈਦਾ ਹੋ ਗਿਆ । ੨ ।

੬੩- **ਏਕੁ ਬਗੀਚਾ ਪੇਡ ਘਨ ਕਰਿਆ ॥ ਅੰਮ੍ਰਿਤ ਨਾਮੁ ਤਹਾ ਮਹਿ ਫਲਿਆ ॥ ੧ ॥**
**ਐਸਾ ਕਰਹੁ ਬੀਚਾਰੁ ਗਿਆਨੀ ॥ ਜਾ ਤੇ ਪਾਈਐ ਪਦੁ ਨਿਰਬਾਨੀ ॥**
**ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ ॥ ੧ ॥ ਰਹਾਉ ॥**
**ਸਿੰਚਨਹਾਰੇ ਏਕੈ ਮਾਲੀ ॥ ਖਬਰਿ ਕਰਤੁ ਹੈ ਪਾਤ ਪਤ ਡਾਲੀ ॥ ੨ ॥**

**ਸਗਲ ਬਨਸਪਤਿ ਆਣਿ ਜੜਾਈ ॥ ਸਗਲੀ ਫੂਲੀ ਨਿਫਲ ਨ ਕਾਈ ॥ ੩ ॥**
**ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ ॥ ਨਾਨਕ ਦਾਸ ਤਰੀ ਤਿਨਿ ਮਾਇਆ ॥ ੪॥**[੩੯੫]-੫-੫੬

੧੨

# ਅੰਮ੍ਰਿਤ ਰਸ

ਪੁਸਤਕ ਦੇ ਨੌਵੇਂ ਭਾਗ ਦੇ ਸਤਵੇਂ ਕਾਂਡ ਦੇ ਛੇਵੇਂ ਲੇਖ ਵਿਚ ਰਸਾਂ ਬਾਰੇ ਵਿਸਥਾਰ ਨਾਲ ਗੁਰਮਤਿ ਵਿਚਾਰ ਲਿਖੀ ਹੋਈ ਹੈ। ਏਥੇ ਵਿਸ਼ਾ ਕੇਵਲ ਨਾਮ-ਅੰਮ੍ਰਿਤ-ਰਸ ਦੀ ਗੁਰਮਤਿ ਹੈ। ਸਤਿਗੁਰਾਂ ਨੇ **ਨਾਮ-ਅੰਮ੍ਰਿਤ ਦੇ ਰਸ** ਨੂੰ ਜੀਵਨ ਦਾ ਉਧਾਰ ਮੰਨਿਆਂ ਹੈ। ਪਦਾਰਥਾਂ ਦਾ ਚਸਕਾ ਪੈ ਜਾਵੇ ਤਾਂ ਜ਼ਿੰਦਗੀ ਲਈ ਕਈ ਸਰੀਰਕ ਰੋਗਾਂ ਦੇ ਨਾਲ ਜਨਮ ਮਰਨ ਦੇ ਗੇੜ ਦਾ ਸਬੱਬ ਵੀ ਬਣਦਾ ਹੈ। ਪਰ ਨਾਮ-ਅੰਮ੍ਰਿਤ ਦਾ ਜਿੰਨਾ ਵੱਧ ਚਸਕਾ ਜਾਂ ਸੁਆਦ ਪੈ ਜਾਵੇ ਓਨੇ ਹੀ ਵੱਧ ਭਾਗ ਜਾਗ ਪਏ। ਏਸੇ ਲਈ ਨਾਮ ਅੰਮ੍ਰਿਤ ਦਾ ਰਸ ਹੀ ਮਹਾਂ-ਰਸ ਹੈ:--

੬੪- **ਬਾਦਸਾਹ ਸਾਹ ਸਭ ਵਸਿ ਕਰਿ ਦੀਨੇ ॥ ਅੰਮ੍ਰਿਤ ਨਾਮ ਮਹਾ ਰਸ ਪੀਨੇ ॥ ੨ ॥** [੨੦੧]-੧੦੯

**ਅਰਥ:**--(ਨਾਮ ਰਸੀਆਂ ਭਗਤਾਂ ਨੂੰ) ਦੁਨੀਆਂ ਦੇ ਸ਼ਾਹਾਂ ਬਾਦਸ਼ਾਹਾਂ ਵਲੋਂ ਬੇ-ਮੁਥਾਜ ਕਰ ਦਿੱਤਾ ਹੈ, ਪਰਮੇਸਰ ਦੇ ਸੇਵਕ ਜੀਵਨ ਦੇਣ ਵਾਲਾ ਪਰਮੇਸਰ ਦਾ ਸਭ ਰਸਾਂ ਤੋਂ ਮਿੱਠਾ ਨਾਮ-ਰਸ ਪੀਂਦੇ ਰਹਿੰਦੇ ਹਨ ।

੬੫- **ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ, ਕਿਤੁ ਬਿਧਿ ਮਿਲੈ ਰਸੁ ਖਾਇ ॥ ਜਾਇ ਪੁਛਹੁ ਸੋਹਾਗਣੀ ਤੁਸਾ**
**ਕਿਉਕਰਿ ਮਿਲਿਆ ਪ੍ਰਭੁ ਆਇ ॥ ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥ ੧ ॥**[੪੧]-੫-੬੯

**ਅਰਥ:**--ਪਰਮਾਤਮਾ ਦਾ ਨਾਮ ਬੜਾ ਸ੍ਰੇਸ਼ਟ ਰਸ ਹੈ, ਆਤਮਕ ਜੀਵਨ ਦੇਣ ਵਾਲਾ ਹੈ । ਇਹ ਰਸ ਕਿਸ ਤਰ੍ਹਾਂ ਮਿਲ ਸਕਦਾ ਹੈ ? (ਜੇ ਇਹ ਭੇਤ ਸਮਝਣਾ ਹੈ ਤਾਂ ਹੇ ਭਾਈ !) ਉਨ੍ਹਾਂ ਜੀਵ-ਇਸਤ੍ਰੀਆਂ ਨੂੰ ਜਾ ਕੇ ਪੁੱਛੋ ਜਿਨ੍ਹਾਂ ਨੇ ਪ੍ਰਭੂ ਪਤੀ ਨੂੰ ਪ੍ਰਸੰਨ ਕਰ ਲਿਆ ਹੈ (ਉਨ੍ਹਾਂ ਨੂੰ ਪੁੱਛੋ ਕਿ ਤੁਹਾਨੂੰ) ਪ੍ਰਭੂ ਕਿਵੇਂ ਆ ਮਿਲਿਆ ? (ਜਿਨ੍ਹਾਂ ਜੀਵ ਇਸਤ੍ਰੀਆਂ ਨੂੰ ਪ੍ਰਭੂ-ਪਤੀ ਨੂੰ ਪ੍ਰਸੰਨ ਕਰ ਲਿਆ ਹੈ) ਉਹ (ਦੁਨੀਆਂ ਦੀ ਸੋਭਾ ਆਦਿਕ ਵਲੋ) ਬੇ ਮੁਥਾਜ ਹੋ ਜਾਂਦੀਆਂ ਹਨ (ਇਸ ਵਾਸਤੇ ਉਹ ਬਹੁਤਾ) ਨਹੀਂ ਬੋਲਦੀਆਂ । ਮੈਂ (ਜੀਵ-ਇਸਤ੍ਰੀ) ਉਨ੍ਹਾਂ ਦੇ ਪੈਰ ਮਲ ਮਲ ਕੇ ਧੋਂਦੀ ਹਾਂ । ੧ ।

੬੬- **ਸਤਿਗੁਰ ਦਾਤੈ ਨਾਮੁ ਦਿੜਾਇਆ ॥ ਵਡਭਾਗੀ ਗੁਰ ਦਰਸਨੁ ਪਾਇਆ ॥**
**ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥ ੩ ॥**[੯੫]-੬

੬੭- **ਪਵਨ ਸੂਤ ਸਭੁ ਨੀਕਾ ਕਰਿਆ ਸਤਿਗੁਰਿ ਸਬਦੁ ਵੀਚਾਰੇ ॥**
**ਨਿਜ ਘਰਿ ਜਾਇ ਅੰਮ੍ਰਿਤ ਰਸੁ ਪੀਆ ਬਿਨੁ ਨੈਨਾ ਜਗਤੁ ਨਿਹਾਰੇ ॥ ੭ ॥** [੯੯੩]-੫

**ਅਰਥ:**-ਜਿਸ ਮਨੁੱਖ ਨੇ ਗੁਰੂ (ਦੇ ਚਰਨਾਂ) ਵਿਚ ਜੁੜ ਕੇ ਗੁਰੂ ਦੇ ਸ਼ਬਦ ਨੂੰ ਆਪਣੀ ਸੁਰਤਿ ਵਿਚ ਟਿਕਾ ਕੇ (ਨਾਮ ਸਿਮਰਨ ਦੀ ਬਰਕਤਿ ਨਾਲ) ਆਪਣੇ ਸੁਆਸਾਂ ਦੀ ਲੜੀ ਨੂੰ ਸੋਹਣਾ ਬਣਾ ਲਿਆ, ਉਸ ਨੇ ਮਾਇਆ ਦਾ ਮੋਹ ਦੂਰ ਕਰ ਕੇ ਜਗਤ ਦੀ ਅਸਲੀਅਤ ਨੂੰ ਵੇਖ ਕੇ ਅੰਤਰ ਆਤਮੇ ਟਿਕ ਕੇ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਮਾਣਿਆਂ।੭।

੬੮- **ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ ॥ ਪ੍ਰਭੁ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ ॥ ੧ ॥**[੮੨੧]-੬-੮੬

**ਅਰਥ:**--ਪ੍ਰਭੂ ਨੇ ਆਪਣਾ ਹੱਥ ਬਾਲਕ ਦੇ ਸਿਰ ਉੱਤੇ ਰੱਖ ਕੇ ਬਾਲਕ ਨੂੰ (ਤਾਪ ਤੋਂ) ਬਚਾ ਲਿਆ ਅਤੇ ਆਤਮਕ ਜੀਵਨ ਦੇਣ ਵਾਲਾ ਤੇ ਸਭ ਤੋਂ ਸ੍ਰੇਸ਼ਟ ਰਸ ਵਾਲਾ ਆਪਣਾ ਨਾਮ ਵੀ ਦਿੱਤਾ ਹੈ । ੭ ।

**ਜ਼ਰੂਰੀ ਸੂਚਣਾ:**-- ਉਪ੍ਰੋਕਤ ਗੁਰੂ ਸ਼ਬਦਾਂ ਦੀ ਵਿਚਾਰ ਸਮੇ ਅਸਾਂ ਨਾਮ ਅੰਮ੍ਰਿਤ ਦੀ ਵਰਤੋਂ ਵਿਚ, ਚੱਖਣਾ, ਖਾਣਾ, ਪੀਣਾ, ਪ੍ਰਹਨਣਾ ਆਦਿ ਸ਼ਬਦ ਪੜ੍ਹੇ ਹਨ। ਇਨ੍ਹਾਂ ਦਾ ਅਰਥ ਗੁਰੂ ਸਿਖਿਆ ਨੂੰ ਜੀਵਨ ਵਿਚ ਢਾਲਣਾ ਹੈ। ਕੰਠ ਕਰਨਾ, ਜਾਪ ਕਰਨਾ ਕੇਵਲ ਡੰਡੇ ਜਾਂ ਪਉੜੀਆਂ ਮੰਨੀਆਂ ਜਾ ਸਕਦੀਆਂ ਹਨ ਪਰ ਅਸਲ ਟਿਕਾਣਾ ਜਿਥੇ ਪੁੱਜਣ ਦੀ ਗੱਲ ਹੈ, ਉਹ ਹੈ ਜੀਵਨ ਦਾ ਗੁਰੂ ਬਾਣੀ ਦੇ ਹੁਕਮਾਂ ਅਨੁਸਾਰ ਢਾਲ ਲੈਣਾ ।

੬੯- **ਹਮ ਅਵਗੁਣਿ ਭਰੇ, ਏਕੁ ਗੁਣੁ ਨਾਹੀ ॥ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥**
**ਮਾਯਾ ਮੋਹ ਭਰਮ ਪੈ ਭੂਲੇ, ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥ ਇਕੁ ਉਤਮ ਪੰਥੁ**
**ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥ ਇਕ ਅਰਦਾਸਿ**
**ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥ ੪ ॥** [੧੪੦੬]-੫੮

੧੩

# " ਅੰਮ੍ਰਿਤ " ਪਦ ਅੱਡ ਅੱਡ ਅਰਥਾਂ ਵਿਚ

ਸਰੀਰ ਨੂੰ ਅੰਮ੍ਰਿਤ ਅਥਵਾ ਅਮਰ ਸਮਝਣ ਦਾ ਭਰਮ:--

੭੦- **ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥**
**ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥ ੧ ॥**[੧੫੪]-੧-੧੩

**ਅਰਥ:**--ਇਹ ਸਰੀਰ ਆਪਣੇ ਆਪ ਨੂੰ ਅਮਰ ਜਾਣ ਕੇ ਸੁਖ ਮਾਨਣ ਵਿਚ ਹੀ ਲੱਗਾ ਰਹਿੰਦਾ ਹੈ, (ਇਹ ਨਹੀਂ ਸਮਝਦਾ ਕਿ) ਇਹ ਜਗਤ ਇੱਕ ਖੇਡ ਹੀ ਹੈ । ਹੇ ਮੇਰੇ ਸਰੀਰ ! ਤੂੰ ਲੱਬ ਲੋਭ ਕਰ ਰਿਹਾ ਹੈਂ, ਤੂੰ ਬਹੁਤ ਕੂੜ ਕਮਾ ਰਿਹਾ ਹੈਂ, ( ਇਹ ਸਭ ਵਿਅਰਥ ਦੌੜ ਭੱਜ ਹੀ ਕਰ ਰਿਹਾ ਹੈਂ) ਤੂੰ (ਆਪਣੇ ਉਤੇ ਲੱਬ ਲੋਭ ਕੂੜ ਆਦਿਕ ਦੇ ਅਸਰ ਹੇਠ ਕੀਤੇ ਕੰਮਾਂ ਦਾ) ਭਾਰ ਚੁਕਦਾ ਜਾ ਰਿਹਾ ਹੈਂ । ਹੇ ਮੇਰੇ ਸਰੀਰ ! ਮੈਂ ਤੇਰੇ ਵਰਗੇ ਇਉਂ ਰੁਲਦੇ ਵੇਖੇ ਹਨ ਜਿਵੇਂ ਧਰਤੀ ਤੇ ਸੁਆਹ । ੧ ।

੭੧- **ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾਧਨਾ ॥**

Radio Virsa New Zealand 107FM

**ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ ॥ ੨ ॥** [੧੫੫]-੨-੧੪

**ਪਦਅਰਥ:**--ਮੜੋਲੀ--ਸਰੀਰ-ਮਠ, ਦੇਹ । ਉਸਾਰਿ--ਉਸਾਰ ਕੇ । ਦੁਆਰਾ--ਦਰਵਾਜ਼ੇ (ਕੰਨ, ਨੱਕ, ਅਖਾਂ ਆਦਿਕ) ਭੀਤਰਿ--ਵਿਚ । ਸਾਧਨਾ--ਜੀਵ ਇਸਤ੍ਰੀ । ਅੰਮ੍ਰਿਤ--ਆਪਣੇ ਆਪ ਨੂੰ ਅਮਰ ਜਾਣਨ ਵਾਲੀ । ਕੇਲ--ਚੋਜ-ਤਮਾਸ਼ੇ, ਰੰਗ-ਰਲੀਆਂ । ਕਾਮਣਿ--ਜਿੰਦ-ਇਸਤ੍ਰੀ । ਲੁਟੇਨਿ--ਲੁੱਟਦੇ ਰਹਿੰਦੇ ਹਨ । ਸੁ--ਉਹ । ਪੰਚ ਜਨਾ--ਪੰਜੇ ਜਣੇ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) । ੨ ।

**ਅਰਥ:**--ਪਰਮਾਤਮਾ ਨੇ ਇਹ ਸਰੀਰ ਬਣਾ ਕੇ (ਇਸ ਦੇ ਕੰਨ ਨਕ ਆਦਿਕ) ਦਸ ਦਰਵਾਜ਼ੇ ਬਣਾ ਦਿੱਤੇ । (ਉਸ ਦੇ ਹੁਕਮ ਅਨੁਸਾਰ) ਇਸ ਸਰੀਰ ਵਿਚ ਜਿੰਦ-ਇਸਤ੍ਰੀ ਆ ਟਿਕੀ । ਪਰ ਇਹ ਜੀਵ-ਇਸਤ੍ਰੀ ਆਪਣੇ ਆਪ ਨੂੰ ਅਮਰ ਜਾਣ ਕੇ ਸਦਾ ਦੁਨੀਆਂ ਵਾਲੇ) ਚੋਜ ਤਮਾਸ਼ੇ ਕਰਦੀ ਰਹਿੰਦੀ ਹੈ, ਤੇ ਉਹ ਵੈਰੀ ਕਾਮਾਦਿਕ ਪੰਜੇ ਜਣੇ (ਅੰਦਰੋਂ ਭਲੇ ਗੁਣ) ਲੁੱਟਦੇ ਰਹਿੰਦੇ ਹਨ । ੨ ।

## (੨) ਅੰਮ੍ਰਿਤ ਸੱਜਣ

੭੨- **ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥ ੧ ॥** [੭੮੪]-ਛੰਤ-੧-੧੧

## (੩) ਜ਼ਹਿਰ ਤੇ ਅੰਮ੍ਰਿਤ ਦੇ ਅੱਡ ਅੱਡ ਰੂਪ

੭੩- **ਤਾ ਕਾ ਕਹਿਆ ਦਰਿ ਪਰਵਾਣੁ ॥ ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਣੁ ॥ ੧ ॥** [੧੩੨੮]-੫

**ਅਰਥ:**--ਜੋ ਮਨੁੱਖ ਜ਼ਹਿਰ ਤੇ ਅੰਮ੍ਰਿਤ (ਦੁਖ ਤੇ ਸੁਖ) ਦੋਹਾਂ ਨੂੰ ਇਕੋ ਜਿਹਾ ਸਮਝਣ ਜੋਗਾ ਹੋ ਜਾਂਦਾ ਹੈ (ਪਰਮਾਤਮਾ ਦੀ ਰਜ਼ਾ ਬਾਰੇ) ਉਸ ਮਨੁੱਖ ਦਾ ਬੋਲਿਆ ਹੋਇਆ ਬਚਨ ਪਰਮਾਤਮਾ ਦੇ ਦਰ ਤੇ ਠੀਕ ਮੰਨਿਆਂ ਜਾਂਦਾ ਹੈ ।

੭੪- **ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤੁ ਰਸੁ ਪਾਇਆ ॥ ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ ॥**
**ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ ॥ ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ ॥**
**ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥ ੧੬ ॥** [੧੨੪੪]-ਵਾਰ

**ਅਰਥ:**--ਜੇ ਨਿੰਮ ਦੇ ਰੁੱਖ ਨੂੰ ਅੰਮ੍ਰਿਤ-ਰਸ (ਬਹੁਤ ਮਿੱਠੇ ਪਾਣੀ) ਨਾਲ ਬਹੁਤ ਸਿੰਜੀਏ (ਤਾਂ ਵੀ ਨਿੰਮ ਦੀ ਕੁੜਿੱਤਣ ਨਹੀਂ ਜਾਂਦੀ), ਜੇ ਬਹੁਤ ਦੁੱਧ ਪਿਆਲ ਕੇ ਮੰਤ੍ਰ ਦੀ ਰਾਹੀਂ ਸੱਪ ਨੂੰ ਇਤਬਾਰ ਵਾਲਾ ਬਣਾ ਲਈਏ (ਭਾਵ, ਸੱਪ ਦਾ ਵਿਸਾਹ ਕਰਨ ਲੱਗ ਪਈਏ, ਫਿਰ ਵੀ ਉਹ ਡੰਗ ਮਾਰਨ ਦੇ ਸੁਭਾਵ ਨੂੰ ਨਹੀਂ ਛੱਡ ਸਕਦਾ) ਜਿਵੇਂ ਪੱਥਰ ਨੂੰ ਇਸ਼ਨਾਨ ਕਰਾਈਏ ਤਾਂ ਉਹ ਅੰਦਰੋਂ ਕੋਰੇ ਦਾ ਕੋਰਾ ਹੀ ਰਹਿੰਦਾ ਹੈ, ਏਸੇ ਤਰ੍ਹਾਂ) ਮਨ ਦ ਪਿਛੇ ਤੁਰਨ ਵਾਲੇ ਮਨੁੱਖ ਦਾ ਹਿਰਦਾ ਕਦੇ) ਭਿੱਜਦਾ ਨਹੀਂ, ਜੇ ਜ਼ਹਿਰ ਵਿਚ ਅੰਮ੍ਰਿਤ ਸਿੰਜੀਏ ਤਾਂ ਵੀ ਉਹ ਅੰਮ੍ਰਿਤ ਨਹੀਂ ਬਣਦਾ) ਜ਼ਹਿਰ ਦਾ ਹੀ ਫਲ ਪਾਈਦਾ ਹੈ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ, ਜੇ ਪ੍ਰਭੂ ਗੁਰਮੁਖਾਂ ਦੀ ਸੰਗਤਿ ਮੇਲੇ ਤਾਂ ਮਨ ਵਿਚੋਂ ਮਾਇਆ ਦੇ ਮੋਹ ਵਾਲੀ ਸਾਰੀ ਜ਼ਹਿਰ ਲਹਿ ਜਾਂਦੀ ਹੈ । ੧੬ ।

੭੫- **ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ ਬਿਸੁਕਾਰੇ ॥**
**ਜਿਉ ਜਿਉ ਨਿਵਹਿ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ ॥ ੫ ॥** [੯੮੩]-ਅਸ-੬

**ਅਰਥ:**--ਪਰਮਾਤਮਾ ਵਲੋਂ ਟੁੱਟਾ ਹੋਇਆ ਮਨੁੱਖ (ਮਾਨੋਂ, ਇਕ ਵਿਹੁਲਾ ਰੁੱਖ ਹੈ) ਉਸ ਨੂੰ ਭਾਵੇਂ ਕਿਤਨਾ ਹੀ ਅੰਮ੍ਰਿਤ ਸਿੰਜੀ ਜਾਓ, ਉਸ ਦੀਆਂ ਟਾਹਣੀਆਂ ਉਸ ਦੇ ਫੁੱਲ ਸਭ ਵਿਹੁਲੇ ਹੀ ਰਹਿਣਗੇ (ਉਸ ਦਾ ਵਤੀਰਾ ਮਾੜਾ ਹੀ ਰਹੇ ਗਾ)। ਸਾਕਤ ਮਨੁੱਖ ਨਾਲ ਜਿਉਂ ਜਿਉਂ ਨਿੰਮ੍ਰਤਾ ਕਰਦੇ ਹਨ, ਤਿਉਂ ਤਿਉਂ ਉਹ ਛੇੜ-ਖਾਨੀਆਂ ਕਰ ਕੇ ਆਪਣੇ ਅੰਦਰੋਂ) ਕੌੜਾ ਜ਼ਹਿਰ ਹੀ ਕੱਢਦਾ ਹੈ । ੫ ।

## (੪ ਬ੍ਰਹਮ-ਗਿਆਨੀ ਲਈ ਕੌੜਾ ਜ਼ਹਿਰ ਅਤੇ ਮਿੱਠਾ ਅੰਮ੍ਰਿਤ, ਇੱਕ ਸਮਾਨ?

੭੬- **ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥**
**ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀਂ ਬਿਓਗੁ ॥**
**ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥...੭ ॥** [੨੭੫]-ਅਸਟ-੯

## (੫) ਸੰਸਾਰ ਇੱਕ ਅੰਮ੍ਰਿਤ-ਬਗੀਚੀ

੭੭- **ਤਰਵਰੁ ਏਕੁ, ਅਨੰਤ ਡਾਰ ਸਾਖਾ, ਪੁਹਪ ਪਤ੍ਰ ਰਸ ਭਰੀਆ ॥**
**ਇਹ ਅੰਮ੍ਰਿਤ ਕੀ ਬਾੜੀ ਹੈ ਰੇ, ਤਿਨਿ ਹਰਿ ਪੂਰੈ ਕਰੀਆ ॥ ੧ ॥** [੯੭੦]-੬

**ਅਰਥ:**--ਸੰਸਾਰ ਇਕ ਰੁੱਖ (ਸਮਾਨ) ਹੈ, (ਜਗਤ ਦੇ ਜੀਆ-ਜੰਤ ਮਾਨੋ, ਉਸ ਰੁੱਖ ਦੀਆਂ) ਬੇਅੰਤ ਡਾਲੀਆਂ (ਸਮਾਨ) ਹਨ ਜੋ ਫੁੱਲਾਂ, ਪੱਤਰਾਂ ਤੇ ਰਸ ਨਾਲ ਲੱਦੀਆਂ ਹੋਈਆਂ ਹਨ । ਹੇ ਭਾਈ ! ਇਹ ਸੰਸਾਰ ਅੰਮ੍ਰਿਤ ਦੀ ਇੱਕ ਬਗੀਚੀ ਹੈ, ਜੋ ਉਸ ਪੂਰਨ ਪਰਮਾਤਮਾ ਨੇ ਬਣਾਈ ਹੈ । ੧ ।

## (੬) ਛੱਤੀ ਪਰਕਾਰ ਦੇ ਅੰਮ੍ਰਿਤ ਭੋਜਨ, ਭਾਵ ਕਈ ਪ੍ਰਕਾਰ ਦੇ ਸੁਆਦਲੇ ਅਤੇ ਮਿਠੇ ਭੋਜਨ

੭੮- **ਜਿਸ ਦਾ ਦਿਤਾ ਸਭੁ ਕਿਛੁ ਲੈਣਾ ॥ ਛਤੀਹ ਅੰਮ੍ਰਿਤ ਭੋਜਨੁ ਖਾਣਾ ॥**
**ਸੇਜ ਸੁਖਾਲੀ ਸੀਤਲੁ ਪਵਣਾ ਸਹਜ ਕੇਲ ਰੰਗ ਕਰਣਾ ਜੀਉ ॥ ੩ ॥** [੧੦੦]-੧੨-੧੯

**ਅਰਥ:**--ਜਿਸ ਪਰਮਾਤਮਾ ਦਾ ਦਿੱਤਾ ਹੋਇਆ ਸਾਨੂੰ ਸਭ ਕੁਝ ਮਿਲ ਰਿਹਾ ਹੈ, (ਜਿਸ ਦੀ ਮਿਹਰ ਨਾਲ) ਅਨੇਕਾਂ ਕਿਸਮਾਂ ਦਾ ਖਾਣਾ ਅਸੀਂ ਖਾ ਰਹੇ ਹਾਂ, (ਆਰਾਮ ਕਰਨ ਲਈ) ਸੁਖਦਾਈ ਮੰਜੇ-ਬਿਸਤ੍ਰੇ ਸਾਨੂੰ ਮਿਲੇ ਹੋਏ ਹਨ, ਠੰਡੀ ਹਵਾ ਅਸੀ ਮਾਣ ਰਹੇ ਹਾਂ, ਤੇ ਬੇਫ਼ਿਕਰੀ ਦੇ ਕਈ ਖੇਡ ਤਮਾਸ਼ੇ ਕਰਦੇ ਰਹਿੰਦੇ ਹਾਂ (ਉਸ ਨੂੰ ਕਦੇ ਵਿਸਾਰਨਾ ਨਹੀਂ ਚਾਹੀਦਾ)।

੭੯- **ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ ॥ ਇਕਨਾ ਛਤੀਹ ਅੰਮ੍ਰਿਤ ਪਾਹਿ ॥**
**ਇਕਿ ਮਿਟੀਆ ਮਹਿ ਮਿਟੀਆ ਖਾਹਿ ॥ ਇਕਿ ਪਉਣੁ ਸੁਮਾਰੀ ਪਉਣੁ ਸੁਮਾਰਿ ॥**
**ਇਕਿ ਨਿਰੰਕਾਰੀ ਨਾਮ ਆਧਾਰਿ ॥ ਜੀਵੈ ਦਾਤਾ ਮਰੈ ਨ ਕੋਇ ॥**
**ਨਾਨਕ ਮੁਠੇ ਜਾਹਿ, ਨਾਹੀ ਮਨਿ ਸੋਇ ॥ ੨ ॥**[੧੪੪]-ਵਾ-੧੪

੮੦- **ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ ॥ ਅੰਤਰਿ ਥਾਨ ਠਹਰਾਵਨ ਕਉ ਦੀਏ ॥**
**ਬਸੁਧਾ ਦੀਓ ਬਰਤਨਿ ਬਲਨਾ ॥ ਤਿਸੁ ਠਾਕੁਰ ਕੇ ਚਿਤਿ ਰਖੁ ਚਰਨਾ ॥ ੪ ॥** [੯੧੩]-੨

www.radiovirsa.com Radio Virsa New Zealand 107 FM

**ਅਰਥ:**--ਜਿਸ ਪਰਮਾਤਮਾ ਨੇ ਤੈਨੂੰ ਅਨੇਕਾਂ ਕਿਸਮਾਂ ਦੇ ਸੁਆਦਲੇ ਖਾਣੇ ਦਿੱਤੇ, ਇਨ੍ਹਾਂ ਖਾਣਿਆਂ ਨੂੰ ਹਜ਼ਮ ਕਰਨ ਲਈ ਤੇਰੇ ਅੰਦਰ ਮਿਹਦਾ ਆਦਿਕ ਅੰਗ ਬਣਾਏ, ਤੈਨੂੰ ਧਰਤੀ ਦਿਤੀ, ਤੈਨੂੰ ਹੋਰ ਵਰਤਨ ਵਲੇਵਾ ਦਿੱਤਾ, ਉਸ ਮਾਲਕ ਪ੍ਰਭੂ ਦੇ ਚਰਨ ਚਿੱਤ ਵਿਚ ਪ੍ਰੋਈ ਰੱਖ । ੪ ।

## (੭) ਅੰਮ੍ਰਿਤ ਦੁੱਧ, ਅੰਮ੍ਰਿਤ ਉੱਤਮ

੮੧- **ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥**
**ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥ ੩ ॥**[੪੮੯]੧

**ਅਰਥ:**--(ਇਸ ਧਰਤੀ ਤੇ ਮਨੁੱਖ, ਪਸ਼ੂ ਪੰਛੀ ਆਦਿਕ ਸਭ ਦਾ ਸਿਰਦਾਰ ਮੰਨਿਆਂ ਜਾਂਦਾ ਹੈ, ਪਰ) ਪਸ਼ੂਆਂ ਨੂੰ ਸ਼ਾਬਾਸ਼ੇ ਮਿਲਦੀਆਂ: ਹਨ, ਉਹ ਘਾ ਖਾਂਦੇ ਹਨ ਅਤੇ ਦੁੱਧ ਵਰਗਾ ਉਤੱਮ ਪਦਾਰਥ ਦਿੰਦੇ ਹਨ । ਨਾਮ ਤੋਂ ਸੱਖਣਾ ਮਨੁੱਖ ਦਾ ਜੀਵਨ ਫ਼ਿਟਕਾਰ, ਜੋਗ ਹੈ ਕਿਉਂਕਿ ਉਹ (ਨਾਮ ਵਿਸਾਰ ਕੇ ਹੋਰ ਹੋਰ) ਕੰਮ ਹੀ ਕਰਦੇ ਹਨ । ੩ ।

੮੨- **ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥**
**ਆਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥ ੩ ॥**[੯੯੦]-੪

**ਅਰਥ:**--ਦੁੱਧ ਵਿਚ (ਪਰਮਾਤਮਾ) ਖੰਡ ਤੇ ਸ਼ਹਿਦ ਵਰਗੀ ਅੰਮ੍ਰਿਤ ਮਿਠਾਸ ਇਕੱਠੀ ਕਰਦਾ ਹੈ, ਪਰ ਜਿਵੇਂ (ਥਣ ਨੂੰ ਚੰਬੜੇ ਹੋਏ) ਚਿੱਚੜ ਦੀ (ਲਹੂ ਨਾਲ ਹੀ) ਪ੍ਰੀਤ ਹੈ ਤਿਵੇਂ ਹੀ ਹੇ ਪਾਣੀ ਦੇ ਡੱਡੂ ! ਤੂੰ ਵੀ ਆਪਣਾ ਸੁਭਾਉ ਕਦੇ ਨਹੀਂ ਛੱਡਦਾ (ਪਾਣੀ ਵਿਚ ਵੱਸਦੇ ਕੌਲ ਫੁੱਲ ਦੀ ਤੈਨੂੰ ਸਾਰ ਨਹੀਂ, ਤੂੰ ਪਾਣੀ ਦਾ ਜਾਲਾ ਹੀ ਖ਼ੁਸ਼ ਹੋ ਕੇ ਖਾਂਦਾ ਹੈਂ)। ੩।

## (੮) ਗੁਰਮਤਿ-ਦੁਧ ਰਿੜਕਣ ਤੋਂ ਪ੍ਰਾਪਤ ਹੋਣ ਵਾਲ ਅੰਮ੍ਰਿਤ

੮੩- **ਮੇਰੇ ਰਾਮ ਐਸਾ ਖੀਰ ਬਿਲੋਈਐ ॥**
**ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤ ਪੀਓਈਐ ॥ ੧ ॥ ਰਹਾਉ ॥**[੩੩੩]-੨-੪੬

**ਅਰਥ:**--ਹੇ ਪਿਆਰੇ ਪ੍ਰਭੂ ! ਮੈਨੂੰ ਗੁਰੂ ਦੀ ਮਤ ਦੇ ਕੇ ਮੇਰਾ ਮਨ (ਮਾਇਆ ਵਲੋਂ) ਅਡੋਲ ਰੱਖ । ਹੇ ਪ੍ਰਭੂ ! ਤਦੋਂ ਹੀ ਦੁੱਧ ਰਿੜਕਿਆ ਜਾ ਸਕਦਾ ਹੈ (ਭਾਵ, ਸਿਮਰਨ ਦਾ ਸਫ਼ਲ ਉੱਦਮ ਕੀਤਾ ਜਾ ਸਕਦਾ ਹੈ) ਤੇ, ਇਸ ਤਰੀਕੇ ਨਾਲ ਹੀ (ਭਾਵ, ਜੇ ਤੂੰ ਮੇਰੇ ਮਨ ਨੂੰ ਅਡੋਲ ਰਖੇਂ) ਤੇਰਾ ਨਾਮ-ਅੰਮ੍ਰਿਤ ਪੀਤਾ ਜਾ ਸਕਦਾ ਹੈ । ੧ । ਰਹਾਉ ।

## (੯) ਅੰਮ੍ਰਿਤ ਵੇਲਾ

ਜਪੁਜੀ ਸਾਹਿਬ ਦੀ ਚੌਥੀ ਪਉੜੀ ਦੀ ਵਿਸਥਾਰ ਪੂਰਬਕ ਵਿਚਾਰ ਪੁਸਤਕ ਦੇ ਚੌਥੇ ਭਾਗ ਦੇ ਦੂਜੇ ਕਾਂਡ ਦੇ ਦੂਜੇ ਹੀ ਲੇਖ ਵਿਚ ਬੜੀ ਵਿਸਥਾਰ ਨਾਲ ਹੋ ਚੁੱਕੀ ਹੈ। " **ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ** "॥ ਉਸ (ਚੌਥੀ) ਪਉੜੀ ਦੀ ਪੰਜਵੀ ਤੁਕ ਹੈ। ਇਸ ਤੁਕ ਵਿਚ ਆਏ " **ਅੰਮ੍ਰਿਤ ਵੇਲਾ** " **ਦੀ ਵਿਚਾਰ ਨਾਲ ਸੰਬੰਧਤ, ਨਿੰਮਨ ਲਿਖੇ ਗੁਰਬਾਣੀ ਸ਼ਬਦ ਵੀ ਉਸੇ ਲੇਖ ਵਿਚ ਵਿਚਾਰੇ ਜਾ ਚੁੱਕੇ ਹਨ**--

੮੪- **ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ ॥**
**ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ।।.੪ ॥**[੭੩੪]-ਛੰ-੩-੧੦

੮੫- **ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥ ਮੇਘੈ ਨੋ ਫੁਰਮਾਨੁ ਹੋਆ, ਵਰਸਹੁ**
**ਕਿਰਪਾ ਧਾਰਿ ॥ ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥**
**ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥ ੧ ॥** [੧੨੮੫-]ਵਾਰ-੧੬

(ਨੋਟ:--ਗੁਰਮਤਿ ਦੇ ਇਸ ਅਟੱਲ ਸਿਧਾਂਤ ਨੂੰ ਵੀ ਯਾਦ ਵਿਚ ਰੱਖਣਾ ਹੈ ਕਿ ਕੋਈ ਵੇਲਾ ਵੀ ਆਪਣੇ ਆਪ ਵਿਚ ਅੰਮ੍ਰਿਤ ਨਹੀਂ ਹੁੰਦਾ। ਮਨੁੱਖ ਦੇ ਕਰਮ ਕਿਸੇ ਸਮੇ ਨੂੰ ਚੰਗਾ ਜਾਂ ਮੰਦਾ ਬਣਾਉਂਦੇ ਹਨ।)

੧੪

# ਅੰਮ੍ਰਿਤ-ਜਲ

੮੬- **ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਾਈਆ ॥**
**ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਾਈਆ ॥ ੪ ॥** [੮੩੪]-੩

**ਅਰਥ:**--ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਸਦਾ ਮਾਇਆ ਦੇ ਮੋਹ ਵਿਚ ਫ਼ਸੇ ਰਹਿੰਦੇ ਹਨ, ਉਨ੍ਹਾਂ ਦਾ ਇਹ ਮਨ ਮਾਇਆ ਦੀ ਤ੍ਰਿਸਨਾਂ ਦੀ ਅੱਗ ਵਿਚ ਸੜ੍ਹਾਦਾ ਰਹਿੰਦਾ ਹੈ । (ਜਿਸ ਮਨੁੱਖ ਨੇ) ਗੁਰੂ ਦੀ ਸਿਖਿਆ ਲੈ ਕੇ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਲੱਭ ਲਿਆ, (ਉਸ ਦੇ ਅੰਦਰੋਂ ਤ੍ਰਿਸ਼ਨਾਂ ਦੀ ਅੱਗ ਬੁੱਝ ਗਈ, ਇਹ ਅੱਗ ਗੁਰੂ ਦੇ ਸ਼ਬਦ-ਗਿਆਨ ਨੇ ਬੁਝਾ ਦਿੱਤੀ । ੪ ।

੮੭- **ਅਬ ਤਬ ਅਵਰੁ ਨਾ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ ॥**
**ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ ਹਰਿ ਜਸੁ ਦੀਜੈ ਕਿਰਪਾ ਧਾਰਿ ॥ ੮ ॥** [੫੦੩]-੨

**ਅਰਥ:**--ਮੈਂ ਕਦੇ ਵੀ ਪਰਮਾਤਮਾ ਕੋਲੋਂ ਹੋਰ ਕੁਝ ਨਹੀਂ ਮੰਗਦਾ । (ਮੈਂ ਇਹ ਅਰਦਾਸ ਕਰਦਾ ਹਾਂ--) ਹੇ ਨਿਰੰਜਨ ! ਪਿਆਰ ਦੀ ਨਿਗਾਹ ਨਾਲ ਮੈਨੂੰ ਆਪਣਾਂ ਨਾਮ ਬਖ਼ਸ਼ । (ਗੁਰੂ ਨਾਨਕ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ--ਮੈਂ ਪਪੀਹਾ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਮੰਗਦਾ ਹਾਂ ।ਹੇ ਹਰੀ ਕਿਰਪਾ ਕਰਕੇ ਆਪਣੀ ਸਿਫ਼ਤ ਸਾਲਾਹ ਦੇਹ।

੮੮- **ਮਨ ਰੇ ਹਰਿ ਕੀਰਤਿ ਤਰੁ ਤਾਰੀ ॥ ਗੁਰਮੁਖਿ ਨਾਮੁ**
**ਅੰਮ੍ਰਿਤੁ ਜਲੁ ਪਾਈਐ ਜਿਨ ਕਉ ਕ੍ਰਿਪਾ ਤੁਮਾਰੀ ॥ ਰਹਾਉ ॥** [੫੦੬]-੧-੭

**ਅਰਥ:**--ਹੇ ਮੇਰੇ ਮਨ ! ਪਰਮਾਤਮਾ ਦੀ ਸਿਫ਼ਤ ਸਾਲਾਹ ਦੀ ਰਾਹੀਂ (ਸੰਸਾਰ-ਸਮੁੰਦਰ ਤੋਂ) ਪਾਰ ਲੰਘਣ ਦਾ ਜਤਨ ਕਰ । ਹੇ ਮਨ ! ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ-ਜਲ ਗੁਰੂ ਦੀ ਸਰਨ ਪਿਆਂ ਮਿਲਦਾ ਹੈ । (ਪਰ, ਹੇ ਪ੍ਰਭੂ ! ਤੇਰਾ ਨਾਮ-ਜਲ ਉਨ੍ਹਾਂ ਨੂੰ ਹੀ ਮਿਲਦਾ ਹੈ) ਜਿਨ੍ਹਾਂ ਉਤੇ ਤੇਰੀ ਕਿਰਪਾ ਹੋਵੇ । ੧ । ਰਹਾਉ ।

੮੯- **ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥ ੪ ॥** [੬੧੬]-੧੭-੨੮

**ਅਰਥ:**--(ਹੰਕਾਰ ਦਾ ਰੋਗ ਦੂਰ ਕਰ ਦੇਣ ਵਾਲੀ) ਉਹ ਦਵਾਈ ਤਾਂ ਪਰਮਾਤਮਾ ਦਾ ਨਾਮ ਹੀ ਹੈ। ਆਤਮਕ ਜੀਵਨ ਦੇਣ ਵਾਲਾ ਪਵਿੱਤ੍ਰ ਅੰਮ੍ਰਿਤ-ਨਾਮ-ਜਲ ਹੀ ਹੈ। ਇਹ ਨਾਮ ਗੁਰੂ ਦੇ ਦਰ ਤੋਂ ਮਿਲਦਾ ਹੈ। ੪।

੯੦- **ਚਾਤ੍ਰਿਕ ਤੂ ਨਾ ਜਾਣਹੀ, ਕਿਆ ਤੁਧੁ ਵਿਚਿ ਤਿਖਾ ਹੈ, ਕਿਤੁ ਪੀਤੈ ਤਿਖ ਜਾਇ ॥ ਦੂਜੈ ਭਾਇ ਭਰੰਮਿਆ ਅੰਮ੍ਰਿਤ ਜਲ ਪਲੈ ਨਾ ਪਾਇ ॥ ਨਦਰਿ ਕਰੇ ਜੇ ਆਪਣੀ ਤਾਂ ਸਤਿਗੁਰੁ ਮਿਲੈ ਸੁਭਾਇ ॥ ਨਾਨਕ ਸਤਿਗੁਰ ਤੇ ਅੰਮ੍ਰਿਤਜਲੁ ਪਾਇਆ ਸਹਜੇ ਰਹਿਆ ਸਮਾਇ ॥ ੨ ॥** [੧੨੮੪]-ਵਾ-੧੫

**ਅਰਥ:**--ਹੇ ਪਪੀਹੇ ਜੀਵ! ਤੈਨੂੰ ਨਹੀਂ ਪਤਾ ਕਿ ਤੇਰੇ ਅੰਦਰ ਕਿਹੜੀ ਤ੍ਰੇਹ ਹੈ (ਜੋ ਤੈਨੂੰ ਭਟਕਣਾ ਵਿਚ ਪਾ ਰਹੀ ਹੈ, ਨਾ ਹੀ ਤੈਨੂੰ ਇਹ ਪਤਾ ਹੈ ਕਿ) ਕੀ ਪੀਤਿਆਂ ਇਹ ਪਿਆਸ ਮਿਟੇਗੀ। ਤੂੰ ਮਾਇਆ ਦੇ ਮੋਹ ਵਿਚ ਭਟਕ ਰਿਹਾ ਹੈਂ, ਤੈਨੂੰ (ਤ੍ਰੇਹ ਮਿਟਾਉਣ ਲਈ) ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਲੱਭਦਾ ਨਹੀਂ। ਜੇ ਅਕਾਲਪੁਰਖ ਆਪਣੀ ਮਿਹਰ ਦੀ ਨਜ਼ਰ ਕਰੇ ਤਾਂ ਉਸ ਦੀ ਰਜ਼ਾ ਵਿਚ ਗੁਰੂ (ਗ੍ਰੰਥ ਸਾਹਿਬ ਜੀ) ਮਿਲ ਪੈਂਦਾ ਹੈ। ਗੁਰਦੇਵ ਜੀ ਦਾ ਫ਼ੁਰਮਾਨ ਹੈ, ਗੁਰੂ ਤੋਂ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਮਿਲਦਾ ਹੈ (ਤੇ ਉਸ ਦੀ ਬਰਕਤਿ ਨਾਲ) ਅਡੋਲ ਅਵਸਥਾ ਵਿਚ ਟਿਕੇ ਰਹੀਦਾ ਹੈ। ੨।

ਉੱਪਰ ਕੀਤੀ ਲੰਮੀ ਸ਼ਬਦ-ਵਿਚਾਰ ਤੋਂ ਅੰਮ੍ਰਿਤ ਦੇ ਉਹ ਸਾਰੇ ਅਰਥ ਸਮਝਣ ਵਿਚ ਕੋਈ ਕਠਨਾਈ ਨਹੀਂ ਰਹੀ ਜਿਹੜੇ ਅਰਥ ਸਤਿਗੁਰੂ ਨਾਨਕ ਦੇਵ ਜੀ ਦੇ ਪਹਿਲੇ ਸਰੂਪ ਤੋਂ ਅਰੰਭ ਹੋ ਕੇ ਦਸਵੇਂ ਸਰੂਪ ਤੱਕ, (੨੦੦ ਸਾਲ ਤੋਂ ਵੱਧ ਸਮਾਂ ਲਾ ਕੇ) ਗੁਰਸਿੱਖ ਨੂੰ ਦ੍ਰਿੜ ਕਰਾਏ ਸਨ। ਅੰਮ੍ਰਿਤ ਪ੍ਰਥਾਏ ਅਜੇਹੇ ਗੁਰੂ-ਸ਼ਬਦ ਵਿਚੋਂ ਕੁਝ ਹੋਰ ਪਾਵਨ ਸ਼ਬਦਾਂ ਦੀ ਸੂਚੀ ਇਸ ਪ੍ਰਕਾਰ ਹੈ :--

| | | | | | |
|---|---|---|---|---|---|
| ੧= [੨੨੧]-ਅਸਢ-੨(੨) | ੨= [੧੫੮]-੨੩(੩) | ੩= [੫੬੨]-੧੦-੪ | ੪= [੬੧੧]-੧੧ | ੫= [੧੨੨੮]-੯੬ (੩) | ੬= [੯੧]-ਵਾਰ-੨੧ |
| ੭= [੨੩੭]-ਅਸਟ-੪ | ੮= [੧੯੪]-੭੩-੧੪੨(੪) | ੯= [੫੬੫]-੨(੫) | ੧੦=[੧੧੮]-੧੫-੭੦(੧) | ੧੧=[੩੮੫]-੫-੫੬(੪) | ੧੨=[੩੮੬]-੪-੧੦-੬੧(੨) |
| ੧੩=[੩੮੯]-੨੫-੭੬(੨) | ੧੪-੩੯੫]-੫-੧੦੦(੩) | ੧੫=[੩੯੯]-੧੪-੧੧੬(੪) | ੧੬=[੪੦੪]-੫-੧੩੪(ਰਹਾ) | ੧੭=[੪੧੦]-੬-੧੬੨(੨) | ੧੮=[੪੨੩]-੩-੨੫(੭) |
| ੧੯=[੨੯੫]-ਅਸਟ-੨੪(੪) | ੨੦=[੩੮੯]-੨੬-੭੬(੨) | ੨੧=[੩੧੮]-ਵਾਰ-੩ | ੨੨=[੭੬੦]-੧-੨(੪) | ੨੩=[੩੫੨]-੧੩(੪) | ੨੪=[੩੭੬]-੨੨(ਰਹਾਉ) |
| ੨੫=[੩੮੨]-੮-੪੭(੧) | ੨੬=[੪੪੦]-ਛੰਤ-੨-੭-੫(੪) | ੨੭=[੪੫੨]-ਛੰਤ-੧ | ੨੮=[੪੭੮]-੧-੧੦(੩) | ੨੯=[੪੮੧]-੭-੨੦(੫) | ੩੦=[੪੮੯]-੧(੩) |
| ੩੧=[੫੦੬]-੧-੭(ਰਹਾ) | ੩੨=[੫੧੪]-ਵਾਰ-੧੫ | ੩੩=[੫੧੪]-ਵਾਰ-੧੪ | ੩੪=[੫੧੫]-ਵਾ-੧੬ | ੩੫=[੫੧੮]-ਵਾ-੨੦ | ੩੬=[੫੨੭]-੩--੨ |
| ੩੭=[੫੨੩]-੨੦(੧) | ੩੮=[੫੩੦]-੯(ਰਹਾ) | ੩੯=[੫੩੯]ਛੰਤ-੩(੩) | ੪੦=[੫੩੯]ਛੰਤ-੩(੪) | ੪੧=[੫੫੪]-ਵਾਰ-੧੫(੨) | ੪੨=[੪੪੨]ਛੰਤ-੮(੧) |
| ੪੩=[੫੧੨]-ਵਾ-੯(੧) | ੪੪=[੫੩੮]-ਛੰ-੧(੨) | ੪੫=[੫੩੮]ਛੰਤ-੨(੧) | ੪੬=[੬੬੪]-ਵਾ-੪ | ੪੭=[੫੫੬]-ਵਾ-੨੦ | ੪੮=[੫੬੫]-ਅਸਟ-੫(੫) |
| ੪੯=[੫੬੫]ਛੰਤ-੧(੨) | ੫੦=[੫੬੬]ਛੰਤ-੨(੩) | ੫੧=[੫੭੩]ਛੰਤ-੨(੩) | ੫੨=[੫੮੨]-੧(੧) | ੫੩=[੫੮੬]-ਵਾ-੩(੨) | ੫੪=[੫੮੮]ਵਾ-੬ |
| ੫੫=[੫੯੪]-ਵਾ-੨੦ | ੫੫੬=[੬੦੪]-੧(ਰਹਾ) | ੫੭=[੬੧੧]-੧੦(ਰਹਾ) | ੫੮=[੬੧੧]-੧੧(੩) | ੫੯=[੬੨੩]-੮-੫੮(੩) | ੬੦=[੬੨੬]-੨-੬੬(੨) |
| ੬੧=[੬੩੪]-ਅਸਟ-੧(੭) | ੬੨=[੬੩੮]-ਅਸਟ-੨(੬) | ੬੩=[੬੪੧]ਅਸਟ-੨(੭) | ੬੪=[੬੪੬]-ਵਾਲ-੯(੧) | ੬੫=[੭੨੮]-੧-੨(੧) | ੬੬=[੪੪੮]ਛੰਤ-੯-੧੬ |
| ੬੭=[੫੬੩]-੬(੧) | ੬੮=[੫੭੬]-ਛੰਤ-੧(੧) | ੬੯=[੬੧੫]-੧੪-੨੫(੩) | ੭੦=[੬੬੭]-੩(੩) | ੭੧=[੧੯੫]-੭੬-੧੪੫(੩) | ੭੨=[੧੯੫]-੮੦-੧੪੯(ਰਹਾ) |
| ੭੩=[੬੬੫]-੭(੩) | ੭੪=[੬੭੧]-੩(੪) | ੭੫=[੬੭੧]-੫(੨) | ੭੬=[੬੭੩]-੯(੨) | ੭੭=[੬੭੪]-੧੩(੩) | ੭੮=[੬੭੯-੨-੩੩(੧) |
| ੭੯=[੬੮੫]-੧(!੦ | ੮੦=[੬੮੭]-੩(੩) | ੮੧=[੬੮੮]ਝਮਟ-੧(੩) | ੮੨=[੬੮੮]-੨(੪) | ੮੩=[੬੯੧]-੧-(੧) | ੮੪=[੬੯੪]-੨(੧) |
| ੮੫=[੬੯੫]-੧-(੪) | ੮੬=[੬੯੮]-੬(੧) | ੮੭[੬੯੮]-੧-੭(੨) | ੮੮=[੭੧੫]-੧-੧੬(੩) | ੮੯=[੭੨੬]-੨(੧੮) | ੯੦=[੭੨੬]-੪(੪) |
| ੯੧=[੭੫੦]-੧੧-੧੭(੨) | ੯੨=[੭੪੪]-੩੧-੩੭(ਰਹਾ) | ੯੩=[੭੪੪]-੩੨-੩੮(੨) | ੯੪=[੭੮੫]-੨-੪੨*(੩) | ੯੫=[੨੦੦]-੧੦੩-੧੭੨(੨) | ੯੬=[੨੦੯]-੧੫-੩੬(੨) |
| ੯੭=[੫੯੮][-੯(੧) | ੯੮=[੭੪੨]-੨੧-੨੭(੨) | ੯੯=[੭੪੯]-੯-੫੦(੨) | ੧੦੦=[੭੬੪]-੧-੨(੩) | ੧੦੧=[੭੬੫]-੧-੪(੩) | ੧੦੨=[੭੫੫]-ਅਸਟ-੧-੩(੮) |
| ੧੦੩=[੭੫੮]-੨-੧(ਰਹਾ-੩) | ੧੦੪=[੭੬੨]-੨-੫(੬) | ੧੦੫=[੭੭੭]ਛੰਤ-੨(੨) | ੧੦੬=[੭੭੯]ਛੰਤ-੧-੪(੨) | ੧੦੭=[੭੮੩]ਛੰਤ-੭-੧੦(੧) | ੧੦੮=[੭੮੪]-੧-੧੧(੧) |
| ੧੦੯=[੭੮੫]-ਵਾਰ-੩(੩) | ੧੧੦=[੮੦੨]-੧-੨(੩) | ੧੧੧=[੮੧੦]-੯-੩੯(੪) | ੧੧੨=[੮੧੫]-੧੦-੧੨(੧) | ੧੧੩=[੮੯੨]-੧੯-੩੦(੍ਰ) | ੧੧੪=[੯੧੮]-ਅਨੰ-੧੩ |
| ੧੧੫=[੮੦੬]-੨-੨੦(੨) | ੧੧੬=[੮੦੭]੧੨-੩੦(ਰਹਾ) | ੧੧੭=[੮੧੪]-੨੪-੪੮(੪) | ੧੧੮=[੮੧੪]-੨੫-੫੫(੨) | ੧੧੯=[੮੧੫]-੨੯-੫੯(ਰਹਾ) | ੧੨੦=[੮੨੦]-੨-੮੨(੧) |
| ੧੨੧=[੮੨੧]-੬-੮੬(੧) | ੧੨੨=[੮੪੦]-ਥਿਤੀ-੧੭- | ੧੨੩=[੮੪੯]ਛੰਤ-੧ | ੧੨੪=[੮੩੯]-ਛੰਤ-੨ | ੧੨੫=[੮੪੮]-੫-੯(੪) | ੧੨੬=[੮੫੧]-ਵਾ-੨ |
| ੧੨੭=[੮੫੩]-ਵਾ-੨(੧) | ੧੨੮=[੮੫੪=}-੧੧ | ੧੨੯=[੮੫੪]-ਵਾ-੧੨(੧) | ੧੩੦=[੮੭੭]-੫(੩) | ੧੩੧=[੮੮੨]-੬-੧੯(੨) | ੧੩੨=[੮੮੩]-੪(੧) |
| ੧੩੩=[੮੮੬]-੩-੧੪(੨) | ੧੩੪=[੮੮੭]-੪-੫(੧) | ੧੩੫=[੮੯੧=]-੧੬-੨੭ | ੧੩੬=[੮੯੩]-੨੩-੩੪(੩) | ੧੩੭=[੮੯੯]-੪੨-੫੩(੪) | ੧੩੮=[੯੧੫]-੧-੬(੮) |
| ੧੩੯=[੯੨੪]-ਛੰਤ-੧(੧) | ੧੪੦=[੮੧੫]--੧੦-੧੨(੧) | ੧੪੧=[੯੬੧]-ਵਾਰ-੨ | ੧੪੨=[੯੫੧]-ਵਾਰ-੯ | ੧੪੩=[੯੬੧]-ਵਾਰ-੯ | ੧੪੪=[੯੮੨]-੩(੭) |
| ੧੪੫=[੯੨੪]-੧(੩) | ੧੪੬=[੯੮੬]-੬-੧(੪) | ੧੪੭=[੯੯੩]-੧-੧੨(ਰਹਾ) | ੧੪੮=[੯੭੩]-੪(੮) | ੧੪੯=[੮੧੩]-੨੧-੫੧(੨) | ੧੫੦=[੯੪੪]-੬੧ |
| ੧੫੧=[੯੪੫]-੬੩ | ੧੫੨=[੧੦੧੦]-੩(੧) | ੧੫੩=[੧੦੬੯]-੧(੬) | ੧੫੪=[੧੦੩੪]੨-੧੬(੬) | ੧੫੫=[੧੦੩੬]-੪-੧੬(੭) | ੧੫੬=[੧੦੩੮]-੧-੧੮(ਪਤੋਂ ੮) |
| ੧੫੭=[੧੦੪੨-੪-੨੧(੪+੧੫) | ੧੫੮=[੧੦੪੯]-੮ | ੧੫੯=[੧੦੪੯]-੧੧-੧(੮+੧੫) | ੧੬੦=[੧੦੬੭]-੧-੨੩(੧੧) | ੧੬੧=[੧੦੬੮]-੨-੨੪(੧੩) | ੧੬੨=[੧੦੬੯]-੧(੧੩) |
| ੧੬੩=[੯੬੨]-ਵਾਰ੧੨(੧) | ੧੬੪=[੯੬੫]-ਵਾਰ-੧੯ | ੧੬੫=[੯੬੮]-੧(੩) | ੧੬੬=[੯੭੪]-੧(੩) | ੧੬੭=[੯੮੨]-੪(੫) | ੧੬੮=[੯੯੧]-੯(੩) |
| ੧੬੯=[੯੯੭]-੩-੫(੪) | ੧੭੦=[੯੯੭]-੪-੬(੨) | ੧੭੧=[੧੦੦੨]-੩-੧੨(੨) | ੧੭੨=[੧੦੦੭]-੭-੩੦(੨) | ੧੭੩=[੧੦੦੮]-੧(੩) | ੧੭੪=[੧੦੦੯]-੨(੮) |
| ੧੭੫=[੧੦੧੨]-੬(੨) | ੧੭੬=[੧੦੧੨]-੭(੫) | ੧੭੭=[੧੦੧੬]-੧(੧੦) | ੧੭੮=[੧੦੧੭]-੧(ਰਹਾ) | ੧੭੯=[੧੦੨੦]-੧੨-੨੦ | ੧੮੦=[੧੦੨੮]-੩-੮(੧੦) |
| ੧੮੧=[੯੯੭]-੧-੬(੨) | ੧੮੨=[੧੦੦੭]-੫-੨੮(ਰਹਾ) | ੧੮੩=[੧੦੧੮]-੩-੬(੧) | ੧੮੪=[੧੦੫੧]-੮(੪) | ੧੮੫=[੧੦੭੪]-੧-੩(੧੭) | ੧੮੬=[੧੧੦੭]-੪ |
| ੧੮੭=[੧੦੯੨]-ਵਾਰ-੧੮ | ੧੮੮=[੧੧੧੧]-੩(੨) | ੧੮੯=[੧੧੩੧]-੫-੧੫(ਰਹਾ) | ੧੯੦=[੧੨੨੦]੬੨-੮੫(ਰਹਾ) | ੧੯੧=[੧੩੧੩]-ਵਾਰ-੪(੧) | ੧੯੨=[੧੧੧੭]ਛੰਤ-੧-੧੧(੨) |
| ੧੯੩=[੧੧੭੦]=੮(੪) | ੧੯੪=[੧੧੭੨]-੧-(੪) | ੧੯੫=[੧੧੩੩]-੧(੩) | ੧੯੬=[੧੧੩੭]-੬(੪) | ੧੯੭=[੧੧੪੧]-੧੦-੨੩(੪) | ੧੯੮=[੧੧੪੨]-੧੩-੨੬(੨) |
| ੧੯੯=[੧੧੫੫]-੫੬(੧) | ੨੦੦=[੧੧੬੩]-੩(੨) | ੨੦੧=[੧੧੬੫]-੨-੮(੨) | ੨੦੨=[੧੧੭੭]-੧੮-੩੦(੨) | ੨੦੩=[੧੧੮੪]-੪-੧੭(੧) | ੨੦੪=[੧੧੮੮]-੩(੧) |
| ੨੦੫=[੧੧੮੯]-੪(੬+੭) | ੨੦੬=[੧੧੯੩]-੧(੧) | ੨੦੭=[੧੧੯੯]-੩(੧) | ੨੦੮=[੧੨੦੩]-੪(ਰਹਾ) | ੨੦੯=[੧੨੦੫]-੯(੧) | ੨੧੦=[੧੨੦੫-੧੦(੩) |
| ੨੧੧=[੧੨੧੨]-੧੭-੪੦(੨) | ੨੧੨=[੧੨੧੨]-੧੯-੪੨ | ੨੧੩=[੧੨੧੪]-੨੭-੫੦(੧) | ੨੧੪=[੧੨੧੫]-੩੧-੫੪(੧) | ੨੧੫=੧੦੭੫]-੧-੪(੭) | ੨੧੬=[੧੦੮੬]-੧-੧੪-੨੨(੧੧) |
| ੨੧੭=[੧੧੦੭]-੧ | ੨੧੮=[੧੧੧੩]-੧(੨) | ੨੧੯=[੧੧੨੧]-੪-੧੨(੨) | ੨੨੦=[੧੧੨੬]-੩-੪(੩) | ੨੨੧=[੧੧੨੬]-੫-੬(੨-੩) | ੨੨੨=[੧੨੨੮]-੯੬-੧੧੯(੨) |

| | | | | | |
|---|---|---|---|---|---|
| ੨੨੩=[੭੭੦]ਛੰਤ-੨ | ੨੨੪=[੯੩੨]-੨੨ | ੨੨੫=[੧੧੧੯]-੧(੨) | ੨੨੬=[੧੧੨੬]-੩-੪(੩) | ੨੨੭=[੧੩੬੩]-੪(੫) | ੨੨੮=[੧੨੮੩]-ਵਾਰ੧੧(੧) |
| ੨੨੯=[੧੨੫੮]-੩(੧) | ੨੩੦=[੧੨੦੮]-੫-੧੯(੧) | ੨੩੧=[੧੨੦੭]-੧-੨੦(੧) | ੨੩੨=[੧੨੩੮]-ਵਾਰ(੧) | ੨੩੩=[੨੧੫੮]-੪-(੫) | ੨੩੪=[੧੨੬੫]-੭(੨) |
| ੨੩੫=[੧੨੮੧]-ਵਾਰ-੮(੨) | ੨੩੬=[੧੨੮੭]-ਵਾਰ-੨੦ | ੨੩੭=[੧੩੧੬]-੮ | ੨੩੮=[੧੨੭੧]-੩-੨੧(੧) | ੨੩੯=[੧੨੯੨]-ਵਾਰ-੮ | ੨੪੦=[੧੨੯੦]-ਵਾਰ-੧ |
| ੨੪੧=[੧੩੧੧]-ਅਸਟ-੫ | ੨੪੨=[੧੩੧੪]-ਵਾਰ-੩ | ੨੪੩=[੧੩੨੩]-੧੦(੧) | ੨੪੪=[੧੩੨੬]-੫(੫) | ੨੪੫=[੧੩੨੮]-੪(੨) | ੨੪੬=[੧੩੨੮]-੫(੧-੨) |
| ੨੪੭=[੧੩੨੮]-੬(੧) | ੨੪੮=[੧੩੨੯]-੭(੧) | ੨੪੯=[੧੩੩੦]-੧੧(੧) | ੨੫੦=[੧੨੧੯]-੫੩-੨੬(੧) | ੨੫੧=[੧੨੧੯]-੫੫-੭੮(ਰਹਾ) | ੨੫੨=[੧੨੨੨]-੬੮-੯੧(ਰਹਾ) |
| ੨੫੩=[੧੨੪੫]-ਵਾਰ-੨੦ | ੨੫੪=[੧੨੪੬]-ਵਾਰ-੨੩ | ੨੫੫=[੧੨੫੪]-੧(੩) | ੨੫੬=[੧੨੫੪]-੨(ਰਹਾ) | ੨੫੭=[੧੨੫੮]-੩(੪) | ੨੫੮=[੧੨੬੫]-੬(੧) |
| ੨੫੯=[੧੩੯੭]-੯ | ੨੬੦=[੧੪੦੧]-੧੫(੩) | ੨੬੧=[੧੪੦੨]-੨ | ੨੬੨=[੧੩੩੧]-੧੪(੫) | ੨੬੩=[੧੩੩੧]-੧੫(੨) | ੨੬੪=[੧੩੩੩]-੩(੨) |
| ੨੬੫=[੧੩੩੪]-੫(੩) | ੨੬੬=[੧੩੩੪]-੭-੧੭(੧) | ੨੬੭=[੧੩੩੫]-੧(੧) | ੨੬੮=[੧੩੪੧]-੧੧(੪) | ੨੬੯=[੧੩੬੩]-੧੭(੯) | ੨੭੦=[੧੩੮੫]-੧ |
| ੨੭੧=[੧੩੮੬]-੬(੧) | ੨੭੨=[੧੪੨੪]-੨੫ | ੨੭੩=[੧੩੧੦]-੫(੧) | ੨੭੪[੧੪੧੪]-੧੬ | ੨੭੫=[੨੮]-੫-੩੮(੧) | ੨੭੬=[੪੧]-੫-੬੮(੪) |
| ੨੭੭=[੪੮]-੧੭-੮੭(੪) | ੨੭੮=[੧੪੮]-ਵਾਰ-੨੨ | ੨੭੯=[੩੫੨]-੧੪(੧) | ੨੮੦=[੩੬੦]-੪-੩੮(੪) | ੨੮੧=[੪੦੬]-੨-੧੪੨(੩) | ੨੮੨=[੪੧੯]-੧੫(੮) |
| ੨੮੩=[੫੦੩-੨(੮) | ੨੮੪=[੫੭੦]-੫(੨) | ੨੮੫=[੬੧੬]-੧੬-੨੭(੨) | ੨੮੬=[੬੫੯]-੧(੩) | ੨੮੭=[੬੯੦]-੧(੨) | ੨੮੮=[੮੫੧]-ਵਾਰ-੬(੨) |
| ੨੮੯=[੪੩੫]-੧(੧) | ੨੯੦=[੪੭੮]-੧-੧੦(੪) | ੨੯੧=[੧੦੦]-੧੨-੧੯(੩) | ੨੯੨=[੧੦੦]-੧੩-੨੦(੨) | ੨੯੩=[੩੯੯]-੧੪-੧੧੬(੪) | ੩੯੪=[੯੬੯]-੫(੫) |
| ੨੯੫=[੬੧੬]-੧੬-੨੭(੨) | ੨੯੬=[੫੫੯]-੫(੧) | ੨੯੭=[੩੫]-੨੨-੫੫(੨) | ੨੯੮=[੩੬]-੨੬-੫੯(ਰਹਾ) | ੨੯੯=[੧੨੪]-੨੪-੨੫(ਰਹਾ) | ੩੦੦=[੨੦]-੧੬(੩) |
| ੩੦੧=[੩੨]-੧੭-੫੦(੨) | ੩੦੨=[੪੬]-੧੨-੮੨(੧) | ੩੦੩=[੧੫੨]-੬(੧) | ੩੦੪=[੧੫੩]-੮(੧) | ੩੦੫=[੬੨]-੧੭-੩੭(੨) | ੩੦੬=[੧੬੫]-੬-੪੪(੩) |
| ੩੦੭=[੧੧੯]-੧੬-੧੭(੭) | ੩੦੮=[੧੨੫]-੨੬-੨੭(੩) | ੩੦੯=[੧੭੨]-੧-੨੭(੪) | ੩੧੦=[੧੦੨]-੧੯-੨੦(੨) | ੩੧੧=[੧੦੩]-੨੫-੩੨(੧) | ੩੧੨=[੧੦੫]-੩੧-੩੮(੩) |
| ੩੧੩=[੧੧੯]-੧੬-੧੭(ਰਹਾ) | ੩੧੪=[੯੪੪]-੬੦ | ੩੧੫=[੯੮੩]-੫(੭) | ੩੧੬=[੧੨੫੦]ਵਾਰ੩੩(੧) | ੩੧੭=[੧੨੬੦]-੮(੩) | ੩੧੮=[੧੨੭੬]੨(੪) |
| ੩੧੯=[੧੨੮੧]-ਵਾਰ੮(੨) | ੩੨੦=[੧੯੫]-੭੫-੧੪੪(ਰਹਾ) | ੩੨੧=[੧੪੯]-੮੦(੧) | ੩੨੨=[੨੬੪]-੩(੪) | ੩੨੩=[੨੭੧]-੭(੨) | ੩੨੪[੨੭੩]-੮(੩) |
| ੩੨੫=[੨੭੫]-੯(੧) | ੩੨੬=[੧੨੪]-੨੪-੨੫(ਰਹਾ) | ੩੨੭=[੧੭੦]-੧੯-੫੭(੩) | ੩੨੮=[੧੫੮]-੩-੨੩(੩) | ੩੨੯=[੧੯੧]-੫੧-੧੨੬(ਰਹਾ) | ੩੩੦=[੧੯੧]-੫੮-੧੨੭(੧) |
| ੩੩੧=[੧੯੯]-੯੫-੧੬੪(ਰਹਾ) | ੩੩੨=[੧੭੫]-੧-੭੦(੧) | ੩੩੩=[੧੮੧]-੧੬-੮੫(ਰਹਾ) | ੩੩੪=[੧੮੦]-੧੩-੮੨(੩) | ੩੩੫=[੧੮੬]-੩੪-੧੦੪(ਰਹਾ) | ੩੩੬=[੧੯੪]-੭੩-੧੪੨(੪) |
| ੩੩੭=[੧੯੫]-੭੫-੧੪੪(ਰਹਾ) | ੩੩੮=[੨੦੧]-੧੦੮-(੨) | ੩੩੯=[੨੨੦]-੩(੨) | ੩੪੦=[੨੨੧]-੧(੨) | ੩੪੧=[੨੨੩]-੪(੬) | ੩੪੨=[੨੨੬]-੧੨(੭) |
| ੩੪੩=[੨੨੮]੧੫-(੩) | ੩੪੪=[੨੫੪]-੨੦(੨) | ੩੪੫=[੨੫੮]-੩੭ | ੩੪੬=[੨੫੯]-੫੪(੧) | ੩੪੭=[੨੬੧]-੫੩ | ੩੪੮=[੨੭੧]-੭(੨) |
| ੩੪੯=[੨੮੧]-੧੪(੨) | ੩੫੦=[੨੮੩]-੧੫(੬) | ੩੫੧=[੧੮੪]-੨੫-੯੪(੧) | ੩੫੨=[੧੮੯]-੪੬-੧੧੫(੩) | ੩੫੩=[੧੯੩]-੬੮-੧੩੭(੨) | ੩੫੪=[੨੮੭]-੧੮(੪) |
| ੩੫੫=[੨੯੪]-੨੩(੧) | ੩੫੬=[੩੦੪]-ਵਾਰ-੯(੧) | ੩੫੭=[੨੯੩]-੨੨(੫) | ੩੫੮=[੨੯੯]-੧੨ | ੩੫੯=[੩੦੦]-ਵਾਰ-੧(੧) | ੩੬੦=[੩੦੩]-ਵਾਰ-੭(੧) |
| ੩੬੧=[੩੧੨]-ਵਾਰ-੨੦ | ੩੬੨=[੩੨੯]-੩੨(੧) | ੩੬੩=[੩੩੧]-੪੦(੧) | ੩੬੪=[੩੩੪]-੨ | ੩੬੫=[੨੦੦]-੧੦੩-੧੭੨(੨) | ੩੬੬=[੩੦੧]-ਵਾਰ-੧(੨) |
| ੩੬੭=[੩੫੧]-੮(ਰਹਾ) | ੩੬੮=[੩੬੬]-੩-੫੫(੪) | ੩੬੯=[੩੯੩]-੪੧-੯੨ | ੩੭੦=[੪੯੬]-੩੪(੩) | | |

**੯੧** **ਅੰਮ੍ਰਿਤ ਨਾਮੁ ਮੰਨਿ ਵਸਾਇ ॥ ਹਉਮੈ ਮੇਰਾ ਸਭੁ ਦੁਖੁ ਗਵਾਏ ॥**
**ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥ ੧ ॥**
**ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥**
**ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥ ੧ ॥ ਰਹਾਉ ॥**
**ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥**
**ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥ ੨ ॥**
**ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥ ਅੰਮ੍ਰਿਤੁ ਗੁਰ ਪਰਸਾਦੀ ਪਾਏ ॥**
**ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥ ੩ ॥**
**ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥**
**ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥ ੪ ॥**
**ਅਜਬ ਕੰਮ ਕਰਤੈ ਹਰਿ ਕੇਰੇ ॥ ਇਹੁ ਮਨੁ ਭੂਲਾ ਜਾਂਦਾ ਫੇਰੇ ॥**
**ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥ ੫ ॥**
**ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥**
**ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥ ੬ ॥**
**ਕਿਉ ਕਰਿ ਵੇਖਾ ਕਿਉ ਸਾਲਾਹੀ ॥ ਗੁਰਪਰਸਾਦੀ ਸਬਦਿ ਸਲਾਹੀ ॥**
**ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥ ੭ ॥**
**ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰਿ ਸੇਵਿਐ ਰਿਦੈ ਸਮਾਣੀ ॥**
**ਨਾਨਕ ਅੰਮ੍ਰਿਤ-ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥**[੧੧੮]--੧੫--੧੬

੧੫

## ਸਰਬ ਰੋਗ ਕਾ ਅਉਖਧ ਨਾਮੁ

ਸਤਿਗੁਰੂ ਨਾਨਕ ਨਿਰੰਕਾਰੀ ਜੀ ਨੇ ਨਾਮ ਨੂੰ ਹੀ ਸਾਰਿਆਂ ਦੁਖਾਂ ਦਾ ਦਾਰੂ ਫ਼ੁਰਮਾਨ ਕੀਤਾ ਹੈ :--

੯੨- **ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਕਿਲਬਿਖ ਕਾਟੇ ਨਿਰਮਲੁ ਥੀਆ ॥**
**ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ ॥ ੨ ॥**[੧੦੧]-੧੭-੨੪

**ਪਦ ਅਰਥ:**--ਅਉਖਧ--ਦਵਾਈ, ਦਾਰੂ । ਮੋ ਕਉ--ਮੈਨੂੰ । ਕਿਲਬਿਖ--ਪਾਪ । ਸਾਧੂ--ਗੁਰੂ (-ਗ੍ਰੰਥ ਸਾਹਿਬ ਜੀ) । ਪੀਰਾ--ਪੀੜ, ਦਰਦ, ਤਕਲੀਫ਼ । ਸਗਲੇ--ਸਾਰੇ । ੨ ।

੯੩- **ਜਿਸੁ ਮਨਿ ਵਸੈ ਤਰੈ ਜਨੁ ਸੋਇ ॥ ਜਾ ਕੈ ਕਰਮਿ ਪਰਾਪਤਿ ਹੋਇ ॥**
**ਦੂਖ ਰੋਗੁ ਕਛੁ ਭਉ ਨ ਬਿਆਪੈ ॥ ਅੰਮ੍ਰਿਤ ਨਾਮੁ ਰਿਦੈ ਹਰਿ ਜਾਪੈ ॥੧ ॥** [੧੯੪]-੨੫-੯੪

**ਪਦਅਰਥ:**--ਮਨਿ--ਮਨ ਵਿਚ । ਜਾ ਕੈ ਕਰਮਿ--ਜਿਸ ਪ੍ਰਭੂ ਦੀ ਬਖ਼ਸ਼ਸ਼ ਨਾਲ । ਬਿਆਪੈ--ਜ਼ੋਰ ਪਾ ਲੈਂਦਾ ਹੈ । ਰਿਦੈ--ਹਿਰਦੇ ਵਿਚ ।

੯੪- **ਲਲਾ ਲਾਵਉ ਅਉਖਧ ਜਾਹੂ ॥ ਦੂਖ ਦਰਦ ਤਿਹ ਮਿਟਹਿ ਖਿਨਾਹੂ ॥ ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥**
**ਤਾਹਿ ਰੋਗੁ ਸੁਪਨੈ ਨਹੀ ਆਵੈ ॥ ਹਰਿ ਅਉਖਧੁ ਸਭ ਘਟ ਹੈ ਭਾਈ ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥**
**ਗੁਰਿ ਪੂਰੈ ਸੰਜਮੁ ਕਰਿ ਦੀਆ ॥ ਨਾਨਕ ਤਉ ਫਿਰਿ ਦੂਖ ਨ ਥੀਆ ॥ ੪੫ ॥**[੨੫੯]ਬਾਵਨ ਅਖਰੀ

**ਅਰਥ:**--ਮੈਨੂੰ ਯਕੀਨ ਹੈ ਕਿ ਜਿਸ ਕਿਸੇ ਨੂੰ ਪ੍ਰਭੂ ਦੇ ਨਾਮ ਦੀ ਦਵਾਈ ਦਿੱਤੀ ਜਾਏ, ਇਕ ਖਿਨ ਵਿਚ ਹੀ ਉਸ ਦੇ (ਆਤਮਕ) ਦੁੱਖ-ਦਰਦ ਮਿਟ ਜਾਂਦੇ ਹਨ । ਜਿਸ ਮਨੁੱਖ ਨੂੰ ਆਪਣੇ ਹਿਰਦੇ ਵਿਚ ਰੋਗ-ਨਾਸਕ ਪ੍ਰਭੂ-ਨਾਮ ਪਿਆਰਾ ਲੱਗਣ ਲੱਗ ਪਏ, ਸੁਪਨੇ ਵਿਚ ਵੀ ਕੋਈ (ਆਤਮਕ) ਰੋਗ (ਵਿਕਾਰ) ਉਸ ਦੇ ਨੇੜੇ ਨਹੀਂ ਢੁੱਕਦਾ । ਹੇ ਭਾਈ ! ਹਰੀ-ਨਾਮ ਦਵਾਈ ਹਰੇਕ ਹਿਰਦੇ ਵਿਚ ਮੌਜੂਦ ਹੈ, ਪਰ ਪੂਰੇ ਗੁਰੂ ਤੋਂ ਬਿਨਾਂ (ਵਰਤਨ ਦਾ) ਢੰਗ ਕਾਮਯਾਬ ਨਹੀਂ ਹੁੰਦਾ । ਗੁਰੂ ਜੀ ਦਾ ਫ਼ੁਰਮਾਨ ਹੈ--ਪੂਰੇ ਗੁਰੂ ਨੇ (ਇਸ ਦਵਾਈ ਦੇ ਵਰਤਣ ਦਾ) ਪਰਹੇਜ਼ ਨੀਅਤ ਕਰ ਦਿੱਤਾ ਹੈ । (ਜੋ ਮਨੁੱਖ ਉਸ ਪਰਹੇਜ਼ ਅਨੁਸਾਰ ਦਵਾਈ ਵਰਤਦਾ ਹੈ) ਉਸ ਨੂੰ ਮੁੜ (ਕੋਈ ਵਿਕਾਰ) ਦੁੱਖ ਪੋਹ ਨਹੀਂ ਸਕਦਾ । ੪੫ ।

੯੫- **ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥ ਭਏ ਅਨੰਦ ਮਿਲਿ ਸਾਧੂ ਸੰਗਿ**
**ਅਬ ਮੇਰਾ ਮਨੁ ਕਤਹੀ ਨ ਜਾਇ ॥ ੧ ॥ ਤਪਤਿ ਬੁਝੀ ਗੁਰ ਸਬਦੀ ਮਾਇ ॥ ਬਿਨਸਿ ਗਇਓ**
**ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥ ੧ ॥ ਰਹਾਉ ॥ ਧਾਵਤ ਰਹੇ ਏਕੁ ਇਕੁ**
**ਬੂਝਿਆ ਆਇ ਬਸੇ ਅਬ ਨਿਹਚਲੁ ਥਾਇ ॥ ਜਗਤ ਉਧਾਰਨ ਸੰਤ ਤੁਮਾਰੇ ਦਰਸਨੁ ਪੇਖਤ ਰਹੇ**
**ਅਘਾਇ ॥ ੨ ॥ ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ ॥ ਸਹਜ ਧੁਨਿ ਗਾਵੈ**
**ਮੰਗਲ ਮਨੂਆ ਅਬ ਤਾ ਕਉ ਫੁਨਿ ਕਾਲੁ ਨ ਖਾਇ ॥੩॥ ਕਰਨ ਕਾਰਨ ਸਮਰਥ ਹਮਾਰੇ ਸੁਖਦਾਈ**
**ਮੇਰੇ ਹਰਿ ਹਰਿ ਰਾਇ ॥ ਨਾਮੁ ਤੇਰਾ ਜਪਿ ਜੀਵੈ ਨਾਨਕੁ ਓਤਿ ਪੋਤਿ ਮੇਰੈ ਸੰਗਿ ਸਹਾਇ ॥ ੪ ॥**[੩੭੩]-੯

**ਪਦ ਅਰਥ:**--ਭਏ ਗਤੁ--ਚਲੇ ਗਏ, ਦੂਰ ਹੋ ਗਏ । ਸਾਧੂ ਸੰਗ--ਗੁਰੂ (ਗ੍ਰੰਥ ਸਾਹਿਬ ਜੀ) ਦੀ ਸੰਗਤਿ ਵਿਚ (**ਨੋਟ**--ਸ਼ਬਦ-ਵਿਚਾਰ ਕਰਨੀ, ਜਾਂ ਗੁਰਬਾਣੀ ਦੀ ਕਥਾ ਸੁਣਨੀ, ਗੁਰਬਾਣੀ-ਵਿਚਾਰ ਸੁਰਤਿ ਜੋੜ ਕੇ ਪੜ੍ਹਨੀ, ਗੁਰ-ਗ੍ਰੰਥ ਸਾਹਿਬ ਜੀ ਦੀ ਸਰਬ-ਉੱਤਮ ਸੰਗਤ ਹੈ) । **੧** । ਸਹਸਾ--ਸਹਮ । ਸਹਜਿ--ਆਤਮਕ ਅਡੋਲਤਾ ਵਿਚ । ਸੁਭਾਇ--ਪ੍ਰੇਮ ਵਿਚ । **੧ । ਰਹਾਉ** । ਧਾਵਤ--ਦੌੜਨਾ-ਭੱਜਣਾ । ਰਹੈ--ਮੁੱਕ ਗਏ । ਥਾਇ--ਟਿਕਾਣੇ ਤੇ । ਨਿਹਚਲ--ਅਡੋਲ-ਚਿਤ ਹੋਕੇ । ਰਹੇ ਅਘਾਇ--ਰੱਜ ਗਏ, ਤ੍ਰਿਸ਼ਨਾਂ ਮੁੱਕ ਗਈ । **੨** । ਦੋਖ--ਐਬ । ਪਰੇ ਪਾਛੈ--ਪਿੱਛੇ ਰਹਿ ਗਏ ਹਨ । ਪਾਇ--ਪੈਰ । ਸਹਜ ਧੁਨਿ--ਆਤਮਕ ਅਡੋਲਤਾ ਦੀ ਸੁਰ ਨਾਲ । ਮੰਗਲ--ਸਿਫ਼ਤਿ-ਸਾਲਾਹ ਦੇ ਗੀਤ । ਫੁਨਿ--ਫੇਰ, ਮੁੜ । ਕਾਲ--ਆਤਮਕ ਮੌਤ । **੩** । ਓਤਿ--ਉਣੇ ਹੋਏ ਵਿਚ । ਪੋਤਿ--ਪ੍ਰੋਤੇ ਹੋਏ ਵਿਚ । ਓਤਿ ਪੋਤਿ--ਜਿਵੇਂ ਤਾਣੇ ਪੇਟੇ ਵਿਚ । ਸਹਾਇ--ਸਹਾਈ, ਸਾਥੀ । ੪ ।

੯੬- **ਅਉਖਧੁ ਖਾਇਓ ਹਰਿ ਕੋ ਨਾਉ ॥ ਸੁਖ ਪਾਏ ਦੁਖ ਬਿਨਸਿਆ ਥਾਉ ॥ ੧ ॥**
**ਤਾਪੁ ਗਇਆ ਬਚਨਿ ਗੁਰ ਪੂਰੇ ॥ ਅਨਦੁ ਭਇਆ ਸਭਿ ਮਿਟੇ ਵਿਸੂਰੇ ॥ ੧ ॥ ਰਹਾਉ ॥**
**ਜੀਅ ਜੰਤ ਸਗਲ ਸੁਖੁ ਪਾਇਆ ॥ ਪਾਰਬ੍ਰਹਮੁ ਨਾਨਕ ਮਨਿ ਧਿਆਇਆ ॥ ੨ ॥**[੩੭੮]-੩੨

**ਪਦ ਅਰਥ:**--ਦੁਖ ਥਾਉ--ਦੁਖਾਂ ਦਾਂ, ਦੁਖਾਂ ਦਾ ਸੋਮਾਂ (ਮਾਇਆ ਦਾ ਮੋਹ) । **੧** । ਬਚਨਿ--ਬਚਨ ਦੇ ਰਾਹੀਂ, ਉਪਦੇਸ਼ ਨਾਲ । ਵਿਸੂਰੇ--ਚਿੰਤਾ, ਫ਼ਿਕਰ । **੧ । ਰਹਾਉ** । ਜੀਅ (ਲਫ਼ਜ਼ 'ਜੀਉ' ਤੋਂ ਬਹੁ-ਵਚਨ । ਸਗਲੇ--ਸਾਰੇ । ਮਨਿ--ਮਨ ਵਿਚ । ੨ ।

੯੭- **ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥**
**ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥ ੪ ॥**[੬੨੧]-੩-੫੩

**ਅਰਥ:**--ਗੁਰਦੇਵ ਜੀ ਦਾ ਫ਼ੁਰਮਾਨ ਹੈ--(ਜੀਵਨ ਦੇ ਰਸਤੇ ਵਿਚੋਂ ਸਾਰੀਆਂ) ਰੁਕਾਵਟਾਂ ਦੂਰ ਕਰਨ ਵਾਲਾ, ਸਾਰੇ ਦੁੱਖ ਨਾਸ ਕਰਨ ਵਾਲਾ ਹਰਿ-ਨਾਮ ਗੁਰੂ ਨੇ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪੱਕਾ ਕਰ ਦਿੱਤਾ, ਉਨ੍ਹਾਂ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ, ਉਹ ਸਾਰੇ ਪਵਿਤ੍ਰ ਜੀਵਨ ਵਾਲੇ ਬਣ ਜਾਂਦੇ ਹਨ, ਉਹ ਆਤਮਕ ਆਨੰਦ ਨਾਲ ਅੰਤਰ-ਆਤਮੇ ਟਿਕੇ ਰਹਿੰਦੇ ਹਨ । ੪ ।

੯੮- **ਅਨਿਕ ਬੀਂਗ ਦਾਸ ਕੇ ਪਰਹਰਿਆ ॥ ਕਰਿ ਕਿਰਪਾ ਪ੍ਰਭੁ ਅਪਨਾ ਕਰਿਆ ॥ ੧ ॥**
**ਤੁਮਹਿ ਛਡਾਇ ਲੀਓ ਜਨੁ ਅਪਨਾ ॥ ਉਰਝਿ ਪਰਿਓ ਜਾਲੁ ਜਗੁ ਸੁਪਨਾ ॥ ੧ ॥ ਰਹਾਉ ॥**
**ਪਰਬਤ ਦੋਖ ਮਹਾ ਬਿਕਰਾਲਾ ॥ ਖਿਨ ਮਹਿ ਦੂਰਿ ਕੀਏ ਦਇਆਲਾ ॥ ੨ ॥**
**ਸੋਗ ਰੋਗ ਬਿਪਤਿ ਅਤਿ ਭਾਰੀ ॥ ਦੂਰਿ ਭਈ ਜਪਿ ਨਾਮੁ ਮੁਰਾਰੀ ॥ ੩ ॥**[੭੪੨]-੨੨-੨੮

**ਅਰਥ:**--ਹੇ ਪ੍ਰਭੂ ! ਸੁਪਨੇ ਵਰਗੇ ਜਗਤ (ਦਾ ਮੋਹ-) ਜਾਲ (ਤੇਰੇ ਸੇਵਕ ਦੇ ਦੁਆਲੇ) ਉਲਝ ਗਿਆ ਸੀ, ਪਰ ਤੂੰ ਆਪਣੇ ਸੇਵਕ ਨੂੰ ਉਸ ਵਿਚੋਂ ਆਪ ਕੱਢ ਲਿਆ । **੧ । ਰਹਾਉ** । ਪ੍ਰਭੂ ਨੇ ਆਪਣੇ ਸੇਵਕ ਦੇ ਅਨੇਕਾਂ ਵਿੰਗ ਦੂਰ ਕਰ ਦਿੱਤੇ, ਤੇ ਕਿਰਪਾ ਕਰ ਕੇ ਉਸ ਨੂੰ ਆਪਣਾ ਬਣਾ ਲਿਆ ਹੈ । ੧ । ਸਰਨ ਪਏ ਮਨੁੱਖ ਦੇ ਪਹਾੜਾਂ ਜਿਡੇ ਵਡੇ ਤੇ ਭਿਆਨਕ ਐਬ ਦੀਨਾਂ ਉਤੇ ਦਇਆ ਕਰਨ ਵਾਲੇ ਪਰਮਾਤਮਾ ਨੇ ਇਕ ਛਿਨ ਵਿਚ ਦੂਰ ਕਰ ਦਿੱਤੇ । ੨ । ਅਨੇਕਾਂ ਗ਼ਮ ਤੇ ਰੋਗ, ਵਡੀਆਂ ਭਾਰੀਆਂ ਮੁਸੀਬਤਾਂ ਪਰਮਾਤਮਾਂ ਦਾ ਨਾਮ ਜਪ ਕੇ ਦੂਰ ਹੋ ਗਈਆਂ । ੩ ।

੯੯- **ਅਉਖਧੁ ਹਰਿ ਕਾ ਨਾਮੁ ਹੈ ਜਿਤ ਰੋਗੁ ਨ ਵਿਆਪੈ ॥ ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖ ਨ ਜਾਪੈ ॥ ੨ ॥**
**ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ ॥ ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ ॥ ੩ ॥**
**ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ ॥ ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ ॥ ੪ ॥**[੮੧੪]-੨੩-੫੩

**ਪਦਅਰਥ:**--ਅਉਖਧ--ਦਵਾਈ । ਸਾਧਸੰਗਿ--ਸਾਧ-ਗੁਰੂ-(ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ । ਹਿਤੈ--(ਨਾਮ-ਦਵਾਈ) ਪਿਆਰੀ ਲੱਗਦੀ ਹੈ । ਨ ਜਾਪੈ--ਨਹੀਂ ਜਾਪਦਾ, ਪ੍ਰਤੀਤ ਨਹੀਂ ਹੁੰਦਾ । ੨ । ਜਾਪੀਐ--ਜਪਣਾ ਚਾਹੀਦਾ ਹੈ । ਕਿਲਵਿਖ--ਪਾਪ । ਸੁਧੁ--ਪਵਿਤ੍ਰ । ਸਾਧੂ--ਗੁਰੂ । ੩ । ਨਾਮ ਜਸ--ਨਾਮ ਦੀ ਵਡਿਆਈ । ਮਹਾਂ ਮੰਤ੍ਰੁ--ਸਭ ਤੋ ਵੱਡਾ ਮੰਤ੍ਰ, ਪ੍ਰਭੂ ਦਾ ਨਾਮ ।

੧੦੦- **ਰੋਗ ਦੋਖ ਗੁਰ ਸਬਦਿ ਨਿਵਾਰੇ ॥ ਨਾਮ ਅਉਖਧੁ ਮਨ ਭੀਤਰਿ ਸਾਰੇ ॥**

**ਗੁਰ ਭੇਟਤ ਮਨਿ ਭਇਆ ਅਨੰਦ ॥ ਸਰਬ ਨਿਧਾਨ ਨਾਮ ਭਗਵੰਤ ॥ ੨ ॥**[੧੧੪੮]-੨੯-੪੨

**ਪਦ ਅਰਥ:**--ਗੁਰ ਸਬਦਿ--ਗੁਰੂ ਦੇ ਸਬਦ ਦੀ ਰਾਹੀਂ । ਨਿਵਾਰੇ--ਦੂਰ ਕਰ ਲਏ । ਅਉਖਧੁ--ਦਵਾਈ । ਸਾਰੇ--ਸੰਭਾਲਦਾ ਹੈ, ਸਾਂਭ ਰੱਖਦਾ ਹੈ । ਗੁਰ ਭੇਟਤ--ਗੁਰੂ ਨੂੰ ਮਿਲਦਿਆਂ । ਮਨਿ--ਮਨ ਵਿਚ। ਨਿਧਾਨ--ਖ਼ਜ਼ਾਨੇ । ਦੋਖ--ਐਬ, ਵਿਕਾਰ । ੨ ।

੧੦੧- **ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥ ੧ ॥ ਰਹਾਉ ॥**[੧੩੨੭]-੨

**ਅਰਥ:**--(ਤੇਰੇ ਨਾਮ ਤੋਂ ਖੁੰਝ ਕੇ) ਇਹ ਸਾਰਾ ਜਗਤ ਵਿਕਾਰ ਹੀ ਵਿਕਾਰ ਸਹੇੜ ਰਿਹਾ ਹੈ । (ਇਸ ਵਿਕਾਰ-ਰੋਗ ਦੀ) ਦਵਾਈ ਸਿਰਫ਼ ਤੇਰਾ ਨਾਮ ਹੀ ਹੈ, (ਤੇਰੇ ਨਾਮ ਤੋਂ ਬਿਨਾਂ) ਹੋਰ ਕੋਈ ਦਵਾ-ਦਾਰੂ ਨਹੀਂ ਹੈ । (ਜਗਤ ਅਤੇ ਜਗਤ ਦੇ ਰੋਗਾਂ ਆਦਿ ਨੂੰ) ਬਣਾਉਂਣ ਵਾਲਾ ਤੂੰ ਬੇਅੰਤ ਪ੍ਰਭੂ ਆਪ ਹੀ ਹੈਂ । ੧ । ਰਹਾਉ ।

੧੦੨- **ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ ॥ ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ ॥ ਜਿਸੈ**
**ਪਰਾਪਤਿ ਹੋਇ ਤਿਸੈ ਹੀ ਪਾਵਣੇ ॥ ਹਰਿਹਾਂ ਹਉ ਬਲਿਹਾਰੀ ਤਿੰਨ ਜਿ ਹਰਿ ਰੰਗੁ ਰਾਵਣੇ ॥ ੨੨ ॥**[੧੩੬੩]

**ਅਰਥ:**--(ਆਤਮਕ ਰੋਗਾਂ ਨੂੰ ਦੂਰ ਕਰਨ ਲਈ ਪਰਮਾਤਮਾ ਦਾ) ਨਾਮ ਹੀ ਬਹੁਤ ਵਡੀ ਤੇ ਕੀਮਤੀ ਦਵਾਈ ਹੈ । (ਇਹ ਦਵਾਈ ਸਾਧ-ਗੁਰੂ ਗ੍ਰੰਥ ਸਾਹਿਬ ਦੀ ਸੰਗਤਿ ਵਿਚ) ਪ੍ਰਾਪਤ ਕੀਤੀ ਜਾ ਸਕਦੀ ਹੈ । ਸੰਤ ਜਨ ਸਦਾ ਮਿਲ ਕੇ (ਇਹ ਹਰਿ-ਨਾਮ ਦਵਾਈ) ਖਾਂਦੇ ਰਹਿੰਦੇ ਹਨ (ਜਿਹੜੇ ਵੀ ਵਡਭਾਗੀ ਸਾਧ ਸੰਗਤਿ ਵਿਚ ਜਾਂਦੇ ਹਨ ਉਨ੍ਹਾਂ) ਸਾਰਿਆਂ ਨੂੰ (ਇਹ ਨਾਮ-ਦਵਾਈ) ਵੰਡੀ ਜਾਂਦੀ ਹੈ । ਪਰ ਉਸੇ ਮਨੁੱਖ ਨੂੰ ਇਹ ਨਾਮ-ਦਵਾਈ ਮਿਲਦੀ ਹੈ, ਜਿਸ ਦੇ ਭਾਗਾਂ ਵਿਚ ਇਸ ਦਾ ਮਿਲਣਾ ਲਿਖਿਆ ਹੁੰਦਾ ਹੈ । ਹੇ ਭਾਈ ! ਮੈਂ ਸਦਕੇ ਜਾਂਦਾ ਹਾਂ ਉਨ੍ਹਾਂ ਤੋਂ ਜਿਹੜੇ (ਹਰਿ-ਨਾਮ ਜਪ ਕੇ) ਪ੍ਰਭੂ-ਮਿਲਾਪ ਦਾ ਅਨੰਦ ਮਾਣਦੇ ਹਨ । ੨੨ ।

੧੦੩- **ਅਉਖਧੁ ਮੰਤ੍ਰ ਤੰਤ੍ਰ ਪਰ ਦੁਖ ਹਰ, ਸਰਬ ਰੋਗ ਖੰਡਣ ਗੁਣਕਾਰੀ ॥**
**ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ, ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥**
**ਇਸਨਾਨ ਦਾਨ ਤਾਪਨ ਸੁਚਿ ਕਿਰਿਆ, ਚਰਣ ਕਮਲ ਹਿਰਦੈ ਪ੍ਰਭ ਧਾਰੀ ॥੯॥**{੧੩੮੯]

**ਅਰਥ:**--ਪਰਾਏ ਦੁੱਖ ਦੂਰ ਕਰਨ ਲਈ ਇਹ ਨਾਮ ਅਉਖਧੀ-ਰੂਪ ਹੈ, ਮੰਤ੍ਰ-ਰੂਪ ਹੈ, ਤੰਤ੍ਰ-ਰੂਪ ਹੈ, ਨਾਮ ਸਾਰੇ ਰੋਗਾਂ ਦੇ ਨਾਸ ਕਰਨ ਵਾਲਾ ਹੈ ਤੇ ਗੁਣ ਪੈਦਾ ਕਰਨ ਵਾਲਾ ਹੈ । ਹਰੀ-ਨਾਮ ਨੂੰ ਸਿਮਰਿਆਂ ਕਾਮ, ਕ੍ਰੋਧ, ਹੰਕਾਰ, ਈਰਖਾ ਤੇ ਤ੍ਰਿਸਨਾਂ--ਇਹ ਸਭ ਨਾਸ ਹੋ ਜਾਂਦੇ ਹਨ । (ਤੀਰਥਾਂ ਦੇ) ਇਸ਼ਨਾਨ ਕਰਨੇ, ਦਾਨ ਕਰਨੇ, ਤਪ ਕਰਨੇ ਤੇ ਸਰੀਰਕ ਸੁੱਚ ਦੇ ਕਰਮ ਕਰਨੇ--(ਇਨ੍ਹਾਂ ਸਭਨਾਂ ਦੀ ਥਾਂ) ਅਸਾਂ ਪ੍ਰਭੂ ਦੇ ਚਰਨ ਹਿਰਦੇ ਵਿਚ ਧਾਰ ਲਏ ਹਨ ।

੧੦੪- **ਅਨਿਕ ਉਪਾਵੀ ਰੋਗੁ ਨ ਜਾਇ ॥ ਰੋਗੁ ਮਿਟੈ ਹਰਿ ਅਵਖਧੁ ਲਾਇ ॥ - - ੨ ॥**[੨੮੮]-੧੯

ਕਈ ਜਤਨ ਕਰਨ ਨਾਲ ਵੀ ਦੂਰ ਨਾ ਹੋਣ ਵਾਲਾ (ਹਉਮੈ-)ਰੋਗ ਨਾਮ ਦਵਾਈ ਨਾਲ ਮਿਟ ਜਾਂਦਾ ਹੈ ।

੧੦੫- **ਹਉ ਮੈਲਾ ਮਲੁ ਕਬਹੁ ਨ ਧੋਵੈ ॥ ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥ -੩ ॥**[੨੬੪]-੨

**ਅਰਥ:**--ਹਉਮੈ ਨਾਲ ਮੈਲਾ ਹੋਇਆ ਜੀਵ ਕਦੇ ਇਹ ਮੈਲ ਧੋਂਦਾ ਨਹੀਂ, ਪਰ ਪ੍ਰਭੂ ਦਾ ਨਾਮ ਕਰੋੜਾਂ ਪਾਪ ਨਾਸ ਕਰ ਦਿੰਦਾ ਹੈ ।

੧੦੬- **ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥ ਮਿਟੰਤ ਸਗਲ**
**ਸਿਮਰੰਤ ਹਰਿ ਨਾਮ ਨਾਨਕ ॥ ਜੈਸੇ ਪਾਵਕੁ ਕਾਸਟ ਭਸਮੰ ਕਰੋਤਿ ॥ ੧੮ ॥**[੧੩੫੫]

**ਅਰਥ:**--ਭਿਆਨਕ ਦੁੱਖ-ਕਲੇਸ਼, (ਕੀਤੇ ਹੋਏ) ਅਨੇਕਾਂ ਖ਼ੂਨ-ਖ਼ਰਾਬੇ, ਜਨਮਾਂ ਜਨਮਾਂਤਰਾਂ ਦੀ ਗਰੀਬੀ, ਵਡੇ ਵਡੇ ਪੁਆੜੇ--ਇਹ ਸਾਰੇ, ਪਰਮਾਤਮਾ ਦਾ ਨਾਮ ਸਿਮਰਿਆਂ ਮਿਟ ਜਾਂਦੇ ਹਨ, ਜਿਵੇਂ ਅੱਗ ਲੱਕੜਾਂ ਨੂੰ ਸੁਆਹ ਕਰ ਦਿੰਦੀ ਹੈ । (ਭਾਵ, ਨਾਮ ਦਾ ਸਿਮਰਨ ਪਿਛਲੇ ਕੀਤੇ ਹੋਏ ਕੁਕਰਮਾਂ ਦੇ ਸੰਸਕਾਰਾਂ ਦਾ ਨਾਸ ਕਰ ਦਿੰਦਾ ਹੈ) ।

ਏਸੇ ਤਰ੍ਹਾਂ ਕੇਵਲ ਨਾਮ ਨੂੰ ਹੀ ਆਤਮਕ-ਰੋਗਾਂ ਦਾ ਦਾਰੂ ਸਮਝਣ ਦੀ ਸਿਖਿਆ ਦ੍ਰਿੜ ਕਰਾਉਣ ਵਾਲੇ ਬੇਅੰਤ ਗੁਰੂ-ਸ਼ਬਦਾਂ ਵਿਚੋਂ ਕੁਝ ਦੀ ਸੂਚੀ ਇਸ ਪ੍ਰਕਾਰ ਹੈ :---

| | | | | | |
|---|---|---|---|---|---|
| ੧= [੪੪]-੮-੭੮ | ੨=[੧੦੭]=੩੮-੪੫(੨) | ੩= [੧੫੬]-੪-੧੬(੧) | ੪= [੧੬੯]-੨-੧੬-੫੪(੨) | ੫= [੧੭੮]-੧੦-੭੯(੪) | ੬= [੧੬੫]-੨੭-੯੬(੩) |
| ੭= [੨੧੮]-੨-੧੭੦ | ੮= [੨੩੩]-੮(੬) | ੯= [੨੪੯]-੩(੩) | ੧੦=[੨੭੪]-ਅਸਟ-੯(੫) | ੧੧=[੨੮੮]-ਅਸਟ-੧੯(੧) | ੧੨=[੨੯੦]-ਅਸਟ-੨੦(੫) |
| ੧੩=[੨੯੩]-ਅਸਟ-੨੨(੬) | ੧੪=[੩੦੧]-ਵਾਰ-੨ | ੧੫=[੩੪੯]-੨(੧) | ੧੬=[੩੬੪]-੧੧-੫੦(੪) | ੧੭=[੨੫੪]-੩(੨) | ੧੮=[੪੫੬]-ਛੰਤ-੩-੬(੨) |
| ੧੯=[੩੨੦]-ਵਾਰ-੧੦(੧-੨) | ੨੦=[੫੨੪]-ਵਾਰ-੨੧(੧) | ੨੧=[੩੨੦]-ਵਾਰ-੧੧(੧) | ੨੨=[੧੪੯]-੮੦ | ੨੩=[੨੧੨]-੯-੧੯੭(੩) | ੨੪[=੧੧੮੩]-੧੩(੧) |
| ੨੫=[੧੦੮੦]-੨-੯(੨) | ੨੬=[੨੧੨]-੧੩-੧੫੧ | ੨੭=[੧੯੧]-੫੯-੧੨੮(੪) | ੨੮=[੨੫੩]-ਬਾਵ-੧੪(੧) | ੨੯=[੧੮੪]-੨੬-੯੫(੧) | ੩੦=[੪੩੮]-੧-੪(੪) |
| ੩੧=[੩੨੭]-੧੭ | ੩੨=[੪੦੭]-੮-੧੪੮ | ੩੩=[੫੨੦]-ਵਾਰ-੧(੧) | ੩੪=[੫੩੦]-ਵਾਰ-੧੨(੨) | ੩੫=[੫੪੦]-ਛੰਤ-੫(੨) | ੩੬=[੩੮੫]-੮-੫੯ |
| ੩੭=[੩੮੯]-੨੬-੭੭(ਰਹਾ) | ੩੮=[੪੧੬]-੯(੩-੪) | ੩੯=[੪੪੩]-ਛੰਤ-੨-੯(੨) | ੪੦=[੪੫੭]-ਛੰਤ-੫-੮(੧) | ੪੧=[੪੫੬]-੩-੬(੧) | ੪੨=[੫੦੦]੧੫-੨੪ |
| ੪੩=[੫੦੧]-੨-੨੮ | ੪੪=[੫੧੮]-ਵਾਰ-੨ | ੪੫=[੫੨੧]-ਵਾਰ-੧੩(੨) | ੪੬=[੫੫੪]-ਵਾਰ-੧੫(੨) | ੪੭=[੬੦੩]-੧੦(ਰਹਾ) | ੪੮=[੬੨੪]-੧੨-੬੨(੪) |
| ੪੯=[੬੫੧]-ਵਾਰ-੨੨ | ੫੦=[੬੭੦]-੧(੧) | ੫੧=[੬੭੭]-੩-੨੪(੨) | ੫੨=[੬੭੯]-੧-੩੨(੧) | ੫੩=[੭੦੭]-ਵਾਰ-੫ | ੫੪=[੭੧੪]-੮-੧੩(੧) |
| ੫੫=[੭੩੧]-੨(੧) | ੫੬=[੭੩੫]-੩-੧੪(ਰਹਾ) | ੫੭=[੭੪੧]-੧੬-੨੨(ਰਹਾ) | ੫੮=[੭੪੨]-੨੨-੨੮ | ੫੯=[੮੧੭]-੩੪-੬੪(੧) | ੬੦=[੮੧੯]-੧੧-੭੫(੧) |
| ੬੧=[੮੨੧]-੫-੮੫(ਰਹਾ) | ੬੨=[੮੬੬]-੧੩-੧੫(੩) | ੬੩=[੧੧੫੩]-੧(੯) | ੬੪=[੧੧੪੮]-੩੧-੪੪(ਰਹਾ) | ੬੫=[੧੧੮੯]-੪(੪) | ੬੬=[੧੧੪੦]੭-੨੦(੪) |
| ੬੭=੧੨੦੦]-੨-੯(੧) | ੬੮=[੧੨੫੦]-ਵਾਰ-੩੪(੩) | ੬੯=[੧੨੯੫]-੫(੪) | ੭੦=[੧੨੯੯]-੭(੨) | ੭੧=[੧੩੧੪]-ਵਾਰ-੩(੨) | ੭੨=[੧੩੨੭]-੨(ਰਹਾ) |
| ੭੩=[੧੩੩੯]-੫(੩) | ੭੪=[੫੪੬]-ਛੰਤ-੩-੬(੩) | ੭੫=[੬੧੮]-੬-੩੪(੧) | ੭੬=[੪੬੭]-੬-੭(੩) | ੭੭=[੧੦੯੬]-ਵਾਰ-੮(੨) | ੭੮=[੧੦੯੭]-ਵਾਰ-੮ |
| ੭੯=[੧੦੯੫]-ਵਾਰ-੨(੨) | ੮੦=[੫੭੪]-ਛੰਤ੪(੩) | ੮੧=[੧੬੩]-੬੭-੧੩੬(ਰਹਾ) | ੮੨=[੫੨੪]-ਵਾਰ-੨੧(੧) | ੮੩=[੮੧੩]-੧੯-੪੯(ਰਹਾ) | ੮੪=[੧੦੪੭]-੨੮-੪੧(੩) |
| ੮੫=੮੧੩]-੨੦-੫੦(ਰਹਾਉ) | ੮੬=[੮੧੪]-੨੩-੫੩(੩) | ੮੭=[੮੧੭]੧-੬੫(੨) | ੮੮=[੨੯੦]-ਅਸਟ-੨੦(੮) | ੮੯=[੩੨੦]-ਵਾਰ-੧੦(੧) | ੯੦=[੮੨੧}-੬-੮੬ |
| ੯੧=੩੭੮]-੩੧(੧) | ੯੨=[੮੯੩]-੨੨-੩੩(੪) | ੯੩=[੧੧੦੨]-ਵਾਰ-੨੩(੩) | ੯੪=[੧੩੩੮]-੪(੧) | ੯੫=[੬੧੬]-੨੭(੩) | ੯੬=[੬੧੯]-੧੩-੪੧(ਰਹਾ) |
| ੯੭=[੧੧੩੦]੧-੧੨(੧) | ੯੮]-੧੧੭੨]-੯(੩) | ੯੯=[੩੭੮]-੩੨(੨) | ੧੦੦=[੩੯੮]-੧੦-੧੧੨(੧) | ੧੦੧=[੫੨੦]-ਵਾਰ-੮ | ੧੦੨=[੧੩੮੫]-੨ |
| ੧੦੩=[੧੩੮੮]-੯ | ੧੦੪=[੪੬੧]-ਛੰਤ-੪-੧੩(੨) | ੧੦੫=[੪੬੬]-੧(੩) | ੧੦੬=[੧੧੩੦]-੩-੧੩(੨) | ੧੦੭=[੧੨੦੬]-੧੨(੩) | ੧੦੮=[੩੬੭]-੮-੬੦(ਰਹਾ) |
| ੧੦੯=[੫੦੨]-੪-੩੦(੧) | ੧੧੦=[੬੧੭]-੧੭-੨੮(੪) | ੧੧੧=[੬੨੨]-੬-੫੬(੨) | ੧੧੨=[੭੨੨]-੨(੨) | ੧੧੩=[੭੪੪]-੨੮-੩੪(ਰਹਾ) | ੧੧੪=[੮੦੭]-੧੦-੨੮(੨) |
| ੧੧੫=[੮੧੫]-੧੦-੧੨(ਰਹਾਉ | ੧੧੬=[੮੯੭]-੩੫-੪੬(੧) | ੧੧੭=[੯੦੧]-੨-੫੮(ਰਹਾ) | ੧੧੮=[੯੭੯]-੫-ਰਹਾ) | ੧੧੯=੯੮੭]-੫(੧) | |

ਜਿਉਂ ਜਿਉਂ ਸ਼ਬਦ-ਵਿਚਾਰ ਕਰੀਏ ਤਿਉਂ ਤਿਉਂ ਦਇਆਲੂ ਸਤਿਗੁਰੂ ਜੀ ਦੀ ਨਿਆਰੀ ਮਿਹਰ ਹੁੰਦੀ ਅਨੁਭਵ ਕਰਕੇ ਸ਼ਰਧਾ ਅਤੇ ਸਤਿਕਾਰ ਨਾਲ ਮਨ ਗੁਰੂ-ਚਰਨਾਂ ਦਾ ਭੌਰਾ ਬਣਦਾ ਜਾਂਦਾ ਹੈ। ਸਾਨੂੰ ਨਿਆਰੇ ਆਚਰਨ ਵਾਲਾ ਬਣਾਉਣ ਲਈ ਗੁਰਮਤਿ ਸਿਧਾਂਤ ਦਾ ਹਰ ਪੱਖ ਸਮਝਾਉਣ ਦੇ ਯਤਨਾਂ ਵਿਚ ਸਤਿਗੁਰਾਂ ਨੇ ਕਈ ਕਈ ਸ਼ਬਦ ਲਿਖਣ ਦੀ ਅਪਾਰ ਘਾਲਣਾ ਘਾਲੀ ਹੈ । ਗੁਰੂ ਗ੍ਰੰਥ ਸਾਹਿਬ ਜੀ ਦਾ ਹਰ ਸ਼ਬਦ ਪ੍ਰਭੂ ਨਾਮ ਦੀ ਮਹਿਮਾਂ ਨਾਲ ਜੋੜਨ ਹਿਤ ਹੈ। ਸਾਡੀ ਵਿਚਾਰ ਅਧੀਨ ਲੇਖ ਵਿਚ ਸਪੱਸ਼ਟ ਹੋਇਆ ਹੈ ਕਿ ਪਰਮਾਤਮਾ ਦਾ ਨਾਮ ਹੀ ਮਨੁੱਖ ਨੂੰ ਜਾਗਰਤ ਅਵਸਥਾ ਵਿਚ ਲਿਆਉਦਾ ਹੈ, ਨਾਮ ਹੀ ਮਰਜੀਵੜਾ ਬਣਾਉਦਾ ਹੈ, ਨਾਮ ਹੀ ਖਾਣ ਪੀਣ ਵਾਲਾ ਅਤੀਅੰਤ ਮਿੱਠਾ ਰਸ ਹੈ, ਨਾਮ ਹੀ ਪਹਿਨਣ ਤੇ ਹੰਡਾਉਣ ਲਈ ਉਤਮ ਵਰਤੋਂ ਹੈ, ਨਾਮ ਹੀ ਆਤਮਾਂ ਦੇ ਸਰਬ-ਰੋਗਾਂ ਦਾ ਨਾਸ ਕਰਤਾ ਹੈ, ਨਾਮ ਹੀ ਸਦੀਵੀ ਆਤਮਕ-ਜਿੰਦਗੀ ਦੀ ਬਖ਼ਸ਼ਸ਼ ਕਰਦਾ ਹੈ, ਭਾਵ, ਆਪਣੇ ਸਤਿਗੁਰੂ-ਗ੍ਰੰਥ ਸਾਹਿਬ ਜੀ ਦੇ ਹੁਕਮ ਵਿਚ ਰਹਿ ਕੇ ਪ੍ਰਭੂ-ਨਾਮ ਦੀ ਅਸਲੀਅਤ ਸਮਝ ਕੇ ਉਸ ਦਾ ਸਿਮਰਨ ਹੀ ਮਨੁੱਖ ਲਈ ਸਾਰੇ ਪਦਾਰਥ ਰਸੀਲੇ ਬਣਾਉਂਦਾ ਹੈ ਅਤੇ ਨਾਮ ਰਸੀਏ ਨੂੰ ਉੱਚੀ ਆਤਮਕ ਅਵਸਥਾ ਦਾ ਮਾਲਕ ਬਣਾ ਕੇ ਸੰਤ-ਸੂਰਮਾ ਬਣਾਉਂਦਾ ਹੈ। ਸਰੀਰ ਕਰਕੇ ਸਦਾ ਜੀਊਂਦੇ ਰਹਿਣ ਦੀ ਮਨੁੱਖ ਦੀ ਲਾਲਸਾ ਗੰਧਰਬ ਨਗਰੀ ਤੋਂ ਵੱਧ ਹੋਰ ਕੁੱਛ ਨਹੀਂ ਹੈ । ਇਹ ਇੱਕ ਕਦੇ ਵੀ ਸਾਕਾਰ ਨਾ ਹੋਣ ਵਾਲਾ ਸੁਪਨਾ ਹੈ, ਨਿਰਮੂਲ ਭਰਮ ਹੈ। ਸਤਿਗੁਰੂ ਜੀ ਸਦੀਵੀ ਆਤਮਕ-ਜਿੰਦਗੀ ਹਾਸਲ ਕਰ ਸਕਣ ਦਾ ਮਾਰਗ ਵਿਖਾਲਦੇ ਹਨ। ਸਰੀਰ ਦੇ ਜਨਮ ਮਰਨ ਨਾਲ ਗੁਰਬਾਣੀ ਦਾ ਏਨਾ ਹੀ ਵਾਸਤਾ ਹੈ ਕਿ ਜੀਵ ਜਨਮ ਮਰਨ ਦੇ ਗੇੜ ਵਿਚੋਂ ਨਿਕਲ ਕੇ ਆਪਣੇ ਅਸਲੇ ਵਿਚ ਲੀਨ ਹੋ ਜਾਏ। ਜੀਵਾਂ ਦੇ ਜਨਮ ਲੈਣ ਵਿਚ ਅਤੇ ਮੌਤ ਹੋਣ ਵਿਚ ਸਤਿਗੁਰਾਂ ਦਾ ਦਖ਼ਲ ਸਮਝਣਾ ਅਗਿਆਨਤਾ ਹੈ। ਸਤਿਗੁਰੂ ਜੀ ਦੇ ਗਿਆਨ ਅਨੁਸਾਰ ਜੀਵਨ-ਜੁਗਤ ਸੁਆਰ ਲੈਣ ਵਾਲੇ ਜੀਵ ਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ । ਉਂਜ ਮਨੁੱਖ ਦਾ ਜਨਮ ਮਰਨ ਕੇਵਲ ਅਤੇ ਕੇਵਲ ਪ੍ਰਭੂ ਦੇ ਭਾਣੇ ਵਿਚ ਹੈ। ਪ੍ਰਭੂ-ਨਾਮ ਦੇ ਥਾਂ ਕਿਸੇ ਪਦਾਰਥ ਨੂੰ ਅੰਮ੍ਰਿਤ ਮੰਨ ਲੈਣਾਂ ਬ੍ਰਾਹਮਣ ਵਾਦ ਹੈ, ਬਿੱਪ੍ਰਨ ਕੀ ਰੀਤ ਹੈ । ਗੁਰੂ ਤੋਂ ਬੇਮੁੱਖਤਾ ਹੈ ।

੧੦੭- **ਵਿਛੋਹੇ ਜੰਬੂਰ, ਖਵੇ ਨ ਵੰਞਨਿ ਗਾਖੜੇ ॥ ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ ॥ ੧ ।** [੫੨੧]-ਵਾਰ-੧(੧)

**ਅਰਥ:**--(ਪ੍ਰਭੂ ਦੇ ਚਰਨਾਂ ਨਾਲੋਂ (ਵਿਛੋੜੇ ਦੇ ਦੁੱਖ ਜੰਬੂਰ ਦੇ ਤਸੀਹੇ ਵਾਂਗ ਔਖੇ ਹਨ, ਸਹਾਰੇ ਨਹੀਂ ਜਾ ਸਕਦੇ, ਜੇ ਉਹ ਪ੍ਰਭੂ ਮਾਲਕ ਜੀ ਮਿਲ ਪੈਣ ਤਾਂ ਯਕੀਨਨ ਸਾਰੇ ਸੁਖ ਹੀ ਸੁੱਖ ਹੋ ਜਾਂਦੇ ਹਨ । ੧ ।

੧੦੮- **ਪਾਰਬ੍ਰਹਮੁ ਜਪਿ ਪਹਿਰਿ ਸਨਾਹ ॥** [ਸਨਾਹ--ਸੰਜੋਅ ਜ਼ਰਾ-ਬਕਤਰ]
**ਕੋਟਿ ਆਵਧ ਤਿਸੁ ਬੇਧਤ ਨਾਹਿ ॥ ੨॥**[੭੪੨]-੧੯- [ਆਵਧ--ਸ਼ਸਤਰ]

# ਚੌਥਾ ਕਾਂਡ

## ੧

## ਖੰਡੇ ਬਾਟੇ ਦਾ ਅੰਮ੍ਰਿਤ --

**' ਸੂਰਮਤਾਈ ',** ਮਨੁੱਖ ਦਾ ਬੜਾ ਸਨਮਾਨਤ ਗੁਣ ਹੈ। ਪਰ ਸੱਚੀ ਸੂਰਮਤਾਈ ਲਈ ਉੱਚੇ ਅਤੇ ਸੁੱਚੇ ਆਚਰਨ ਦਾ ਹੋਣਾ ਬੜਾ ਜ਼ਰੂਰੀ ਹੈ। ਹਰ ਪੱਖੋਂ ਨਿਘਰੇ ਹੋਏ ਸਮਾਜ ਵਿਚੋਂ ਸੰਤ-ਸੂਰਮੇ ਬਣਾਉਣ ਆਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਮਨੁੱਖ ਦੇ ਹਿਰਦੇ ਵਿਚ ਬ੍ਰਹਮ-ਗਿਆਨ ਦੀ ਜੋਤਿ ਜਗਾਉਣੀ ਜ਼ਰੂਰੀ ਜਾਤੀ। ਖੁਨਾਮੀ ਰਹਿਤ ਸੁੱਚਾ ਆਚਰਨ ਬਣਾਨਾਉਣ ਲਈ ਗੁਰਮਤਿ ਅਨੁਸਾਰ ਜੀਵਣੀ ਢਾਲ ਲੈਣ ਵਾਲੀ ਨਿਆਰੀ ਮਰਯਾਦਾ ਦਾ ਪਰਮੁੱਖ ਸਿਧਾਂਤ--**ਨਿਕਟਿ ਬੁਝੈ ਸੋ ਬੁਰਾ ਕਿਉ ਕਰੈ** ॥[੧੧੩੯] **ਪ੍ਰਭੂ ਨੂੰ ਸਦਾ ਅੰਗ-ਸੰਗ ਸਮਝਣ ਵਾਲਾ ਕਿਸੇ ਦਾ ਬੁਰਾ ਕਿਵੇਂ ਕਰ ਸਕਦਾ ਹੈ?** ਜਿਹੜੇ ਮਨੁੱਖ ਨੂੰ ਪੱਕਾ ਵਿਸ਼ਵਾਸ਼ ਹੋ ਜਾਵੇ, ਕਿ ਉਸ ਦੇ ਚੰਗੇ ਜਾਂ ਮਾੜੇ ਕਰਮਾਂ ਦੇ ਨਾਲ ਉਸ ਦੇ ਚੰਗੇ ਮਾੜੇ ਵਿਚਾਰਾਂ ਦਾ ਵੀ ਪੂਰਾ ਲੇਖਾ-ਜੋਖਾ ਕਰ ਕੇ ਉਸਦੀ ਪਰਖ ਨਾਲੋ ਨਾਲ ਕਰੀ ਜਾਣ ਵਾਲੇ ਸਿਰਜਣਹਾਰ ਦਾ ਦਰਬਾਰ ਉਸਦੇ ਆਪਣੇ ਅੰਦਰ ਹੀ ਲੱਗਾ ਹੋਇਆ ਹੈ--**ਅੰਦਰਿ ਰਾਜਾ ਤਖ਼ਤੁ ਹੈ ਆਪੇ ਕਰੇ ਨਿਆਉ ॥ ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ** ॥ [੧੦੯੨] ਤਾਂ ਅਜੇਹੇ ਕਰਮਾਂ ਵਾਲੇ ਨੇ ਕਿਸੇ ਦਾ ਬੁਰਾ ਕਰਨਾ ਤਾਂ ਕਿਤੇ ਰਿਹਾ, ਉਹ ਕਦੇ ਕਿਸੇ ਲਈ ਬੁਰੇ ਵਿਚਾਰ ਵੀ ਆਪਣੇ ਮਨ ਦੇ ਨੇੜੇ ਨਹੀਂ ਆਉਣ ਦਿੰਦਾ। ਧੁਰੋਂ ਲਿਆਂਦੇ ਆਪਣੇ ਅਜੇਹੇ ਨਿਆਰੇ ਦੈਵੀ--ਗਿਆਨ ਦੀਆਂ ਬਖ਼ਸ਼ਸ਼ਾਂ ਕਰਨ ਆਏ ਸਤਿਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਸੰਤ ਸੂਰਮਾ ਬਣਾਉਣ ਲਈ ਜ਼ਰੂਰੀ ਜਾਤਾ ਕਿ ਇਸ ਦੇ ਅੰਦਰ ਪਰਮਾਤਮਾਂ ਪ੍ਰਤੀ ਅਥਾਹ ਭਰੋਸੇ ਵਾਲ ਸੱਚਾ ਪ੍ਰੇਮ ਬਣਾਇਆ ਜਾਵੇ। ਸੱਚੇ ਪ੍ਰੇਮ ਦੇ ਵੱਸ ਹੋ ਕੇ ਅਥਵਾ, ਹਿਰਦੇ ਵਿਚ ਆ ਵੱਸੇ ਡੂੰਘੇ ਪਿਆਰ ਦੀ ਖ਼ਾਤਰ, ਮਨੁੱਖ ਵਡੀ ਤੋਂ ਵਡੀ ਕੁਰਬਾਨੀ ਕਰ ਗੁਜ਼ਰਦਾ ਹੈ। **" ਜੇਹਾ ਸੇਵੈ ਤੇਹੋ ਹੋਵੈ "** ਗੁਰਮਤਿ ਨਿਯਮ ਅਨੁਸਾਰ, ਨਿਰਭਉ ਅਤੇ ਨਿਰਵੈਰ ਪ੍ਰਭੂ ਨਾਲ ਸੱਚਾ ਪਿਆਰ ਮਨੁੱਖ ਨੂੰ ਨਿਸ਼ਕਪਟ ਨਿਰਭੈ ਸੂਰਮਾ ਬਣਾ ਦੇਵੇਗਾ। ਪ੍ਰੇਮ ਦੀ ਅਜੇਹੀ ਨਿਆਰੀ ਖੇਡ ਸਿਖਾਉਣ ਲਈ ਸਤਿਗੁਰਾਂ ਨੇ ਜੋ ਵਿਦਿਆਲਾ ਖੋਹਲਿਆ ਉਸ ਵਿਚ ਦਾਖ਼ਲੇ ਦੀ ਕੇਵਲ ਮਾਤ੍ਰ ਸ਼ਰਤ, (ਸਤਿਗੁਰਾਂ ਦੇ ਆਪਣੇ ਬਚਨਾਂ ਅਨੁਸਾਰ) ਇਹ ਸੀ --

੧- **ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥** [੧੪੧੨]*

[ *Foot note--ਸਤਿਗੁਰਾਂ ਦੇ ਇਸ ਮਹਾਂਵਾਕ ਤੋਂ ਇਹ ਸਮਝ ਲੈਣਾ ਸਿਆਣਪ ਨਹੀਂ ਹੋਵੇਗੀ ਕਿ ਸਤਿਗੁਰਾਂ ਨੇ ਪ੍ਰੇਮ ਦੀ ਖੇਡ ਖੇਡਣ ਦੇ ਚਾਅ ਨਾਲ ਆਉਣ ਵਾਲਿਆਂ ਲਈ ਇਹ ਹੁਕਮ ਕੀਤਾ ਸੀ ਕਿ ਉਹ ਆਪਣੇ ਸਿਰ ਨੂੰ ਧੜ ਨਾਲੋਂ ਅੱਡ ਕਰਕੇ ਬਾਬਾ ਦੀਪ ਸਿੰਘ ਜੀ ਵਾਂਗ ਤਲੀ ਤੇ ਰੱਖ ਕੇ ਆਏ । ਸਿਰ ਧੜ ਨਾਲੋਂ ਅੱਡ ਹੋ ਜਾਣ ਨਾਲ ਸਰੀਰ ਲਈ ਸੁਰਜੀਤ ਰਹਿਣਾ ਸੱਚੇ ਰੱਬ ਦੀ ਸੱਚੀ ਕੁਦਰਤ ਦੇ ਨਿਯਮ ਰੂਪੀ ਹੁਕਮ ਦੇ ਪ੍ਰਤਿਕੂਲ ਹੈ । ਵਾਹਿਗੁਰੂ ਦੇ ਹੁਕਮ ਵਿਚ ਰਹਿਣ ਦੀ ਜਾਚ ਦੱਸਣ ਆਏ ਗੁਰਦੇਵ ਜੀ ਨੇ ਰੱਬੀ ਭਾਣੇ ਦੀ ਖੰਡਨਾ ਵਾਲਾ ਹੁਕਮ ਕਿਉਂ ਦੇਣਾ ਸੀ ? ]

ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਹੇ ਜੀਵ ! ਜੇ ਤੈਨੂੰ ਪ੍ਰਭੂ-ਪ੍ਰੇਮ ਦੀ ਖੇਡ ਖੇਡਣ ਦੀ ਸੱਧਰ ਹੈ, ਤਾਂ ਹਉਮੈ ਵਾਲੀ ਨਿਜ-ਮੱਤ ਤਿਆਗ ਕੇ ਮੇਰੀ ਗਲੀ ਵਿਚ ਆ। ਇਸ ਰਸਤੇ ਉਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ ਜਦੋਂ ਕਰਮਕਾਂਡੀ ਰੀਤੀ ਰਿਵਾਜਾਂ ਨੂੰ ਤਿਆਗਣ ਵਿਚ ਕਿਸੇ ਪ੍ਰਕਾਰ ਦੀ ਲੋਕ-ਲਾਜ, ਵਾਲੀ ਕੋਈ ਝਿਜਕ ਜਾਂ ਸੰਗ, ਨਾ ਰਹਿ ਗਈ ਹੋਵੇ। ਸਤਿਗੁਰਾਂ ਦੇ ਵਿਦਿਆਲੇ ਵਿਚ ਆਉਣ ਵਾਲਾ ਸ਼ਰਧਾਲੂ ਪਹਿਲੇ ਵਿਚਾਰ ਲਾਂਭੇ ਰੱਖ ਕੇ ਹਉਮੈ ਵਾਲੀ ਮਤਿ ਤਿਆਗੇ। ਕਿਉਂਕਿ ਕਿਸੇ ਭਾਂਡੇ ਵਿਚ ਨਵੀਂ ਵਸਤੂ ਤਦ ਹੀ ਸਮਾ ਸਕਦੀ ਹੈ ਜੇ ਪਹਿਲੀ ਵਸਤੂ ਕੱਢ ਲਈ ਹੋਵੇ-- **ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥** [੪੭੪]

ਪਰਮ-ਖ਼ਾਲਸੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਮੁਸਲਮਾਨ ਦੋਹਾਂ ਧਰਮਾਂ ਤੋਂ ਨਿਆਰਾ ਤੀਸਰਾ **ਨਿਰਮਲ-ਪੰਥ** ਚਲਾ ਲਿਆ " ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ " । ਗੁਰੂ ਨਾਨਕ ਜੀ ਨੇ ਆਪਣੇ ਸਿੱਖ ਨੂੰ ਵਿਕਾਰ ਤਿਆਗਣ ਦਾ ਉਪਦੇਸ਼ ਦੇਣ ਸਮੇਂ ਵਿਕਾਰਾਂ ਵਲੋਂ ਮੁਰਦਾ ਹੋ ਜਾਣ ਦੀ ਸਿੱਖਿਆ ਦ੍ਰਿੜ ਕਰਾਈ। ਪਹਿਲੀ ਵਿਕਾਰਾਂ ਵਾਲੀ ਜਿੰਦਗੀ ਖ਼ਤਮ ਕਰ ਕੇ ਸਦੀਵੀ ਆਤਮਕ ਜਿੰਦਗੀ ਬਖ਼ਸ਼ਿਸ਼ ਕਰਨ ਵਾਲੇ ਸਤਿਗੁਰੂ ਜੀ ਨੇ ਮਨੁੱਖ ਨੂੰ ਅਕਾਲ-ਪੁਰਖ ਨਾਲ, ਸੱਚਾ ਪਿਆਰ ਬਣਾ ਲੈਣ ਜੋਗਾ ਬਣਾਉਣ ਲਈ ਫ਼ੁਰਮਾਨ ਕੀਤਾ :---

੨- **ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥**
**ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥ ੧ ॥**[੫੮]-੮

**ਅਰਥ:**--ਜਿਹੜਾ ਮਨੁੱਖ ਗੁਰੂ ਦੇ ਸ਼ਬਦ (-ਰੂਪੀ ਗਿਆਨ) ਵਿਚ ਜੁੜ ਕੇ (ਵਿਕਾਰਾਂ ਵਲੋਂ) ਮਰ ਜਾਂਦਾ ਹੈ ਉਹ ਇਹ ਮਰਨੀ ਮਰ ਕੇ ਅਸਥਿਰ ਹੋ ਜਾਂਦਾ ਹੈ ਭਾਵ, ਦੋਬਾਰਾ ਆਤਮਕ ਮੌਤ ਨਹੀਂ ਮਰਦਾ । (ਇਹ ਅਟੱਲ ਆਤਮਕ ਜੀਵਨ) ਗੁਰੂ ਸ਼ਬਦ-ਗਿਆਨ ਦੀ ਰਾਹੀਂ ਹੀ ਮਿਲਦਾ ਹੈ, ਗੁਰੂ ਦੇ ਸ਼ਬਦ-ਰੂਪੀ ਉਪਦੇਸ਼ ਦੀ ਬਰਕਤਿ ਨਾਲ ਹੀ) ਪ੍ਰਭੂ ਦੇ ਨਾਮ ਵਿਚ ਪਿਆਰ ਬਣਦਾ ਹੈ । ਗੁਰੂ ਦੇ ਸ਼ਬਦ-ਗਿਆਨ ਤੋਂ ਬਿਨਾਂ ਜਗਤ (ਜੀਵਨ-ਰਾਹ ਤੋਂ) ਖੁੰਝਿਆ ਹੋਇਆ ਮੁੜ ਮੁੜ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ । ੧ ।
ਅਜੇਹੀ ਮਰਨੀ ਮਰ ਕੇ ਜੀਊ ਰਹੇ ਮਨੁੱਖ ਹੀ ਨਿਰਮਲ-ਪੰਥੀਏ ਬਣਨੇ ਅਰੰਭ ਹੋ ਗਏ ਸਨ ।

੩- **ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥**
**ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥**
**ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥ ੨ ॥**[੬੦੧]-੪

ਧਰਤੀ ਨੂੰ ਧਰਮ-ਸਾਲ ਅਥਵਾ ਸਾਰੇ ਜਗਤ ਨੂੰ ਹਰਿਮੰਦਰ--" **ਹਰਿ ਮੰਦਰੁ ਏਹੁ ਜਗਤੁ ਹੈ .... ੬ ॥** [੧੩੪੬] ਸਮਝਣ ਵਾਲਾ ਸਿੱਖ, ਹਉਮੈ ਨੂੰ ਤਿਆਗ ਕੇ ਭਾਣਾਂ ਮੰਨਣ ਵਾਲਾ ਬਣ ਗਿਆ। ਗੁਰੂ ਦੇ ਸਿੱਖ ਲਈ ਆਚਰਨ-ਹੀਣ ਜਿੰਦਗੀ ਮੌਤ ਨਾਲੋਂ ਭੈੜੀ ਬਣਦੀ ਗਈ। ਖਿਮਾ ਅਤੇ ਧੀਰਜ ਵਰਗੇ ਉਚ ਗੁਣਾ ਨਾਲ ਸ਼ਿੰਗਾਰੀ ਹੋਈ ਰਹਿਣੀ ਵਾਲੇ ਅਤੇ ਪਰਉਪਕਾਰ ਲਈ ਕੁਰਬਾਣ ਹੋ ਜਾਣ ਨੂੰ ਧੰਨ ਭਾਗ ਜਾਨਣ ਵਾਲੇ ਨਾਮ-ਰਸੀਏ ਗੁਰ-ਸਿੱਖ ਲਈ, ਆਤਮਕ ਉੱਚਤਾ ਵਾਲਾ ਜੀਵਨ ਹੀ ਅਸਲੀ ਜੀਵਨ ਬਣਦਾ ਜਾ ਰਿਹਾ ਸੀ। ਗੁਰਸਿਖ ਨੇ " **ਸਰੀਰਕ ਜਨਮ-ਮਰਨ** " ਅਤੇ " **ਆਤਮਕ ਜਨਮ-ਮਰਨ** " ਦਾ ਫ਼ਰਕ ਸਮਝ ਲਿਆ ਸੀ । ਗੁਰੂ ਕੇ ਸਿੱਖ ਨੂੰ ਜੇ ਕਿਸੇ ਮੌਤ ਦਾ ਡਰ ਸੀ ਤਾਂ ਕੇਵਲ **ਆਤਮਕ ਮੌਤ** ਦਾ ਹੀ ਸੀ। ਗੁਰ-ਸਿੱਖ ਦੇ ਮਨ ਵਿਚ ਤੌਖ਼ਲਾ ਕੇਵਲ ਇਹੋ ਰਹਿ ਗਿਆ ਸੀ ਕਿ ' ਹਾਏ ! ਕਿਤੇ ਗੁਰੂ ਤੋਂ ਬੇਮੁੱਖ ਹੋ ਕੇ ਆਤਮਕ ਮੌਤ ਨਾਂ ਸਹੇੜ ਬੈਠਾਂ "। ਗੁਰੂ ਨਾਨਕ ਜੀ ਦੇ ਸਿੱਖ ਦੇ ਹਿਰਦੇ ਵਿਚ, ਸਦਾ ਆਪਣੇ ਗੁਰੂ ਦੀ ਮਤਿ ਅਨੁਸਾਰ ਜੀਵਨ ਬਣਾਈ ਰੱਖਣ ਦੀ ਪੱਕੀ ਲਗਨ ਲੱਗ ਚੁੱਕੀ ਸੀ ।

ਗ਼ਰੀਬਾਂ ਦੀ ਜਿਹੜੀ ਜਮਾਤ ਅਜੇ ਕੱਲ੍ਹ ਹੀ ਜਰਵਾਣਿਆਂ ਦੇ ਪੈਰਾਂ ਹੇਠ ਰੁਲਦੀ ਸਹਿਕ ਰਹੀ ਸੀ, ਅੱਜ ਗੁਰੂ ਨਾਨਕ ਜੀ ਦੇ ਗਿਆਨ ਦੀ ਬਰਕਤਿ ਨਾਲ ਸਰੀਰਕ ਮੌਤ ਤੋਂ ਲਾਪ੍ਰਵਾਹ ਹੋ ਚੁਕੀ ਸੀ। ਛੇਵੇਂ ਸਰੂਪ ਤਾਂਈਂ ਗੁਰੂ ਨਾਨਕ ਨਿਰੰਕਾਰੀ ਜੀ ਦਾ ਨਿਰਮਲ-ਪੰਥੀਆ ਸਿੱਖ, ਏਡਾ ਬਲਵਾਨ ਹੋ ਚੁੱਕਾ ਸੀ ਕਿ ਉਸ ਨੇ (ਵੈਰੀ ਬਣ ਕੇ ਚੜ੍ਹ ਆਈ) ਮੁਗ਼ਲ ਸਮਰਾਟ ਦੀ ਫ਼ੌਜ ਨੂੰ ਚਾਰ ਵਾਰੀ ਭਾਜੜਾਂ ਪਾ ਦਿੱਤੀਆਂ ਸਨ। ਨੌਵੇਂ ਸਰੂਪ ਦੇ ਸਮੇ ਤਾਂਈਂ ਏਹੀ ਨਿਰਮਲ-ਪੰਥੀਆ ਸਿੱਖ ਆਪਣੇ ਗੁਰੂ ਦਾ ਭਾਣਾ ਮੰਨਦਾ ਹੋਇਆ ਉਬਲਦੀ ਦੇਗ਼ ਵਿਚ ਬੈਠ ਸਕਦਾ ਸੀ, ਦੀਨ ਦੁਖੀਆਂ ਦੀ ਖ਼ਾਤਰ ਆਪਣੇ ਸਰੀਰ ਨੂੰ ਆਰਿਆਂ ਨਾਲ ਚਿਰਵਾ ਸਕਦਾ ਸੀ। ੧੬੯੯ ਦੀ ਵਿਸਾਖੀ ਤੋਂ ਪਹਿਲਾਂ ਦਸਮ-ਗੁਰੂ ਨਾਨਕ ਜੀ (ਭਾਵ, ਦਸ਼ਮੇਸ਼ ਜੀ) ਦੀ ਅਗਵਾਈ ਹੇਠ, ਇਸੇ ਪੰਥ ਨੇ ਕਈ ਮੁਹਿੰਮਾਂ ਸਰ ਕਰ ਲਈਆਂ ਸਨ । ਸਿੱਖੀ ਦੇ ਨਿਆਰੇ ਸਿਧਾਂਤ ਦੀਆਂ, ਅਤੇ ਦਿਲ ਮੋਹ ਲੈਣ ਵਾਲੇ ਪਿਆਰਾਂ ਲੱਦੇ ਉੱਚੇ ਸੁੱਚੇ ਆਚਰਨ ਦੀ ਅਨੋਖੀ ਚੜ੍ਹਤ ਦੀਆਂ ਸੋਆਂ ਨੇ ਦਿੱਲੀ ਦੇ ਜ਼ਾਲਮ ਤਾਜਦਾਰ ਦੀ ਨੀਂਦ ਹਰਾਮ ਕਰ ਦਿੱਤੀ । ੨੦੦ ਸਾਲਾਂ ਤੋਂ ਵੱਧ ਸਮੇ ਵਿਚ ਜਿੰਨਾਂ ਵੀ ਗਿਆਨ ਆਪਣੇ ਸਿੱਖ ਨੂੰ ਦਿੱਤਾ ਸੀ, ਉਸ ਸਾਰੇ ਗਿਆਨ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਪ ਧਾਰ ਲਿਆ ਹੋਇਆ ਸੀ । ਜਿਸ ਨਿਰਮਲ ਪੰਥ ਦੀ ਨੀਹਾਂ ਤਲਵੰਡੀ ਵਿਖੇ ਰੱਖੀ ਗਈ ਸੀ ਉਸ ਨੂੰ ਪਰਵਾਣ ਚੜ੍ਹ ਚੁੱਕਾ ਅਨੁਭਵ ਕਰ ਲਿਆ ਗਿਆ । ਪੰਜ ਭੂਤਕ ਸਰੀਰ ਵਿਚ ਵਿਚਰ ਕੇ ਸਿੱਖ ਨੂੰ ਹੋਰ ਸਿਖਿਆ ਦੇਣ ਦੀ ਲੋੜ, ਨਹੀਂ ਰਹੀ ਸੀ । ਅੱਗੇ ਤੋਂ ਗੁਰੂ-ਪਦਵੀ ਦਾ ਸਦੀਵੀ ਮਾਲਕ ਗੁਰੂ-ਬਾਣੀ ਨੂੰ ਬਣਾ ਦੇਣ ਦਾ ਫ਼ੈਸਲਾ ਹੋ ਗਿਆ ।

ਬਾਲ ਉਮਰ ਤੋਂ ਹੀ ਬ੍ਰਾਹਮਣ ਦੇ ਜਨੇਊ ਵਿਰੁੱਧ ਫਤਵਾ ਦੇ ਕੇ ਗੁਰੂ ਨਾਨਕ ਨਿਰੰਕਾਰੀ ਜੀ ਨੇ ਹਜ਼ਾਰਾਂ ਸਾਲਾਂ ਤੋਂ ਗੁਰੂ ਬਣੇ ਬ੍ਰਾਹਮਣ ਦੀ ਗੱਦੀ ਨੂੰ ਤਕੜਾ ਝਟਕਾ ਦੇ ਦਿੱਤਾ ਸੀ। ਸ਼ਕਤੀ ਸ਼ਾਲੀ ਰਾਜ ਦੇ ਮਾਲਕ ਬੁੱਧ ਧਰਮ ਦਾ ਫੱਕਾ ਮਾਰ ਲੈਣ ਵਾਲੀ ਬਿੱਪ੍ਰਨ ਕੀ ਰੀਤ ਸਿੱਖ ਧਰਮ ਨੂੰ ਨਿਗਲ ਜਾਣ ਲਈ ਉਸੱਲ-ਵੱਟੇ ਭੰਨ ਰਹੀ ਸੀ। ਸਤਿਗੁਰਾਂ ਨੇ ਸਿੱਖੀ ਲਈ ਕੇਵਲ ਮਾਤ੍ਰ ਖ਼ਤਰਾ, ਬ੍ਰਾਹਮਣੀ ਨੀਤੀ ਦੇ ਮਾਰੂ ਹਮਲੇ ਦਾ, ਹੀ ਸਮਝਿਆ। ਏਸੇ ਲਈ ਬਿੱਪ੍ਰਨ ਕੀ ਰੀਤ ਦੇ ਅਸਰ ਤੋਂ ਦੂਰ ਰਹਿਣ ਲਈ ਸਖ਼ਤ ਤਾੜਨਾਂ ਕੀਤੀ--" ਜਬ ਇਹ ਗਹੇ ਬਿੱਪਰਨ ਕੀ ਰੀਤ । ਮੈਂ ਨ ਕਰੂ

ਇਨ ਕੀ ਪ੍ਰਤੀਤ "। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਜਹੇ ਬੜੇ ਘੱਟ ਗੁਰੂ-ਸ਼ਬਦ ਜਿਨ੍ਹਾਂ ਵਿਚ ਮਨੁੱਖ ਨੂੰ ਬਿੱਪ੍ਰਨ ਦੀ ਰੀਤ ਤੋਂ ਸੁਚੇਤ ਰਹਿਣ ਦਾ ਸੰਕਤ ਨਾ ਮਿਲ ਰਿਹਾ ਹੋਵੇ ।

ਨਵੇਂ ਸਿਰਜੇ ਸੰਤ-ਸੂਰਮੇ ਦੀ ਆਤਮਕ-ਉੱਚਤਾ ਨੂੰ ਬਣਾਈ ਰੱਖਣਾ ਬੜਾ ਜ਼ਰੂਰੀ ਸੀ ਪਰ ਨਾਲ ਹੀ ਉਸ ਦੀ ਬਾਹਰਲੀ ਨਿਆਰੀ ਡਿੱਠ ਦੀ ਸੰਭਾਲ, ਉਸ ਤੋਂ ਵੀ ਵੱਧ ਜ਼ਰੂਰੀ ਸੀ। ਬ੍ਰਾਹਮਣੀ ਸਮਾਜ ਤਾਂ ਅਰੰਭ ਤੋਂ ਹੀ **ਸਿੱਖੀ**-ਸਿਧਾਂਤ ਦਾ ਵੈਰੀ ਬਣਿਆ ਹੋਇਆ ਸੀ, ਫਿਰ ਇਸਲਾਮੀ ਰਾਜ ਦੀ ਸਾਰੀ ਸਿਆਸੀ-ਸ਼ਕਤੀ **ਸਿਖੀ ਸਰੂਪ** ਦੀ ਕੱਟੜ ਵੈਰੀ ਬਣ ਖਲੋਤੀ ਸੀ। ਉਨ੍ਹਾਂ ਅਤੀਅੰਤ ਔਖੀਆਂ ਘੜੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਤੋਂ ਸਾਰੇ ਸਿੱਖਾਂ ਨੂੰ ਸਿਖਲਾਈ ਦਿੰਦੇ ਰਹਿਣ ਵਾਲਾ ਕੋਈ ਪੰਥਕ ਵਿਦਿਆਲਾ ਚਾਲੂ ਕਰ ਸਕਣਾਂ ਅਸੰਭਵ ਸੀ। ਸਿੱਖੀ ਦੀ ਨਿਆਰੀ ਰਹਿਤ ਮਰਯਾਦਾ ਨੂੰ ਸਦਾ ਲਈ ਸੰਭਾਲੀ ਰੱਖਣ ਵਾਲਾ ਪੱਕਾ ਪ੍ਰਬੰਧ ਕਰ ਲੈਣਾ ਬੜਾ ਜ਼ਰੂਰੀ ਸੀ। ਕੋਈ ਅਜੇਹਾ ਵਿਧਾਨ ਬਣਾਇਆ ਜਾਣਾ ਲੋੜੀਦਾ ਸੀ ਜਿਸ ਤੋਂ ਗੁਰੂ ਦੇ ਸਿੱਖ ਦੀ ਬਾਹਰਲੀ ਸੂਰਤ ਦੀ ਸੰਭਾਲ ਵੀ ਉਵੇਂ ਹੀ ਹੁੰਦੀ ਰਹੇ ਜਿਵੇ ਗੁਰੂ-ਸ਼ਬਦ-ਗਿਆਨ ਨੇ ਆਤਮਕ ਜੀਵਨ ਦੀ ਸੰਭਾਲ ਲਈ ਨਿਰੰਤਰ ਸੇਧ ਬਖ਼ਸ਼ਦੇ ਰਹਿਣਾ ਸੀ।

ਬ੍ਰਾਹਮਣ ਦੀ ਚਲਾਈ ਮਰਯਾਦਾ ਨੇ ਜਿਵੇਂ ਭਾਰਤੀ ਮਨੁੱਖ ਦੇ ਮਨ ਵਿਚ ਇਹ ਵਿਸ਼ਵਾਸ ਬਣਾ ਦਿੱਤਾ ਸੀ ਕਿ ਸ਼ਾਦੀ-ਵਿਆਹ ਦਾ ਧਾਰਮਿਕ ਸਮਾਗਮ ਇਸਤ੍ਰੀ ਅਤੇ ਮਰਦ ਦੇ ਨਾਤੇ ਨੂੰ ਜਨਮ-ਜਨਮਾਂਤਰਾਂ ਦਾ ਸਾਥੀ ਬਣਾ ਦਿੰਦਾ ਹੈ, ਏਵੇਂ ਹੀ ਕੋਈ ਅਜੇਹਾ ਸਮਾਗਮ ਰਚਿਆ ਜਾਣ ਦੀ ਲੋੜ ਅਨੁਭਵ ਕੀਤੀ ਗਈ, ਜਿਹੜਾ ਸਿੱਖ ਦਾ ਪੱਕਾ ਨਾਤਾ ਗੁਰੂ-ਮਰਯਾਦਾ ਨਾਲ ਜੋੜ ਦੇਣ ਦਾ ਪ੍ਰਤੀਕ ਬਣ ਜਾਵੇ। ਅਥਵਾ ਸੰਤ-ਸੂਰਮੇ ਸਿੱਖ ਨੂੰ ਸਦਾ ਲਈ ਤੇਜ-ਪਰਤਾਪ ਦਾ ਮਾਲਕ ਬਣਾਈ ਰੱਖਣ ਲਈ ਕੋਈ ਅਜੇਹਾ ਪੱਕਾ ਸਿਧਾਂਤ ਬਣਾ ਲੈਣਾ ਲੋੜੀਦਾ ਸੀ ਜਿਹੜਾ ਸਿੱਖ ਨੂੰ ਬਿੱਪ੍ਰਨ ਕੀ ਰੀਤ ਤੋਂ ਕੋਹਾਂ ਦੂਰ ਰੱਖ ਸਕਣ ਵਿਚ ਸਹਾਈ ਹੋਣ ਵਾਲਾ ਹੋਵੇ। ਬੜਾ ਕਠਨ ਮਸਲਾ ਸੀ ਇਹ। ਦਸਮ-ਗੁਰੂ ਨਾਨਕ ਜੀ ਨੇ ਸੋਚ ਵਿਚਾਰ ਕਰਦਿਆਂ ਕਾਫੀ ਸਮਾਂ ਪਹਾੜੀ ਇਲਾਕੇ ਦੀ ਇਕਾਂਤ ਵਿਚ ਬਿਤਾਇਆ। ਆਖ਼ਰ ਅਨੋਖੀ ਮਰਯਾਦਾ ਵਾਲੇ ਅਜੇਹੇ ਅਦੁਤੀ ਸਮਾਗਮ ਦੀ ਰੂਪ ਰੇਖਾ ਤਿਆਰ ਕਰ ਲਈ ਗਈ, ਜਿਸ ਨੇ ਗੁਰਸਿਖ ਦਾ **ਰਿਸ਼ਤਾ** ਆਪਣੇ, ਸਤਿਗੁਰਾਂ ਨਾਲ, ਸਤਿਗੁਰਾਂ ਦੀ ਬਣਾਈ-ਮਰਯਾਦਾ ਨਾਲ ਅਤੇ ਅਕਾਲਪੁਰਖ ਪ੍ਰਤੀ ਪਿਆਰ ਬਣਾਈ ਰੱਖਣ ਨਾਲ, ਸਦੀਵੀ (Eternal) ਬਣਾ ਦੇਣਾ ਸੀ। ਅਜੇਹਾ ਸਮਾਗਮ ਰਚਿਆ ਜਾਣਾ ਸੀ ਜਿਸ ਵਿਚ ਕੀਤੇ ਪ੍ਰਣ ਤੋਂ ਢਿੱਲ ਕਰਨ ਵਾਲੇ ਸਿੱਖ ਨੂੰ ਗੁਰ-ਸਿੱਖ ਭਾਈਚਾਰੇ ਵਿਚੋਂ ਛੇਕਿਆ ਜਾਣ ਦੇ ਡੰਡ ਦਾ ਦੋਸ਼ੀ ਬਣ ਜਾਣਾ ਸੀ। **ਖਰੇ ਪਰਖ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥** [੧੦੯੨] ਵਾਲੀ ਸੱਚੀ ਪਰਖ ਦਾ ਸਮਾ ਬਣ ਗਿਆ ਸੀ। ਸਿੱਖੀ ਮਰਯਾਦਾ ਦੇ ਨਿਰਮਲ ਸਰੋਵਰ ਵਿਚ ਗੰਦੀ ਮੱਛੀ ਕਿਉਂ ਰਹੇ ?

ਸਚਾਈ ਦੀ ਰਖਿਆ ਲਈ ਸਰਬੰਸ ਕੁਰਬਾਨ ਕਰ ਦੇਣ ਲਈ ਸਿਖ ਪੂਰੀ ਤਰ੍ਹਾਂ ਤਿਆਰ ਹੋ ਚੁੱਕਾ ਸੀ। ਗੁਰੂ ਨਾਨਕ ਜੀ ਦਾ ਪੰਥ ਆਤਮਕ ਤੌਰ ਤੇ ਭਾਵੇਂ ਪੂਰੀ ਤਰ੍ਹਾਂ ਮਰ-ਜੀਵਾ ਹੋ ਚੁੱਕਾ ਸੀ ਫਿਰ ਵੀ ਨਿਆਰੀ ਮਰਯਾਦਾ ਦੀ ਸੰਭਾਲ ਦੀ ਜਿੰਮੇਵਾਰੀ ਸਪੁਰਦ ਕਰਨ ਤੋਂ ਪਹਿਲਾਂ ਸਤਿਗੁਰਾਂ ਨੇ ਆਪਣੇ ਇਸ ਖ਼ਾਲਸ-ਪੰਥੀਏ ਦੀ ਪ੍ਰੀਖਿਆ ਲੈਣੀ ਉਚਿਤ ਜਾਣ ਲਈ। ਭਖਦੇ ਜੰਗ ਵਿਚ ਸਨਮੁਖ ਹੋ ਕੇ ਜੂਝ ਮਰਨਾ ਕਿਸੇ ਸੂਰਮੇ ਵਾਸਤੇ ਕੋਈ ਔਖੀ ਗੱਲ ਨਹੀਂ ਹੈ। ਕਿਸੇ ਟੀਚੇ ਦੀ ਪ੍ਰਾਪਤੀ ਲਈ ਯਤਨ ਕਰਦਿਆ ਮਰ ਮਿਟਣਾ ਵੀ ਸੂਰਮੇ ਲਈ ਇੱਕ ਖੇਡ ਹੈ। ਆਪਣੀ ਅਣਖ ਦੀ ਰਾਖੀ ਲਈ, ਆਪਣੇ ਧਰਮ ਦੀ ਖ਼ਾਤਰ ਜਾਂ ਕਿਸੇ ਦੀਨ ਦੁਖੀ ਦੀ ਖ਼ਾਤਰ ਅਨੇਕ ਤਰ੍ਹਾਂ ਦੀਆਂ ਕੁਰਬਾਨੀਆਂ ਵੀ ਹੁੰਦੀਆਂ ਆ ਰਹੀਆਂ ਹਨ। ਮੋਖਸ਼ ਦੀ ਪ੍ਰਾਪਤੀ ਹੋ ਜਾਣ ਦੇ ਲਾਲਚ ਵਿਚ ਜਾਂ ਸੁਰਗਾਂ ਵਿਚ ਥਾਂ ਮਿਲ ਸਕਣ ਦੇ ਭੁਲੇਖੇ ਵਿਚ ਫਸ ਕੇ ਕਈ ਅੰਧ-ਵਿਸ਼ਵਾਸ਼ੀ ਸ਼ਰਧਾਲੂ ਜਾਨਾਂ ਤੋਂ ਬੇਸ਼ੱਕ ਹੱਥ ਧੋਂਦੇ ਰਹੇ ਹੋਣਗੇ, ਪਰ ਸੰਸਾਰ ਦੇ ਇਤਿਹਾਸ ਵਿਚੋਂ ਅਜੇਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਇਸ਼ਟ ਦੀ ਮੰਗ ਤੇ ਕਿਸੇ ਸੇਵਕ ਨੇ, ਖਿੜੇ ਮੱਥੇ ਆਪਣਾ ਸਿਰ ਉਸ ਦੀ ਤਲਵਾਰ ਦੀ ਭੇਟਾ ਕਰ ਦਿੱਤਾ ਹੋਵੇ। ਆਪਣੇ ਗੁਰੂ ਦੀ, ਆਪਣੇ ਪੈਗੰਬਰ ਦੀ ਮੰਗ ਤੇ ਆਪਣਾ ਸੀਸ ਉਸ ਦੇ ਤਲਵਾਰ ਦੇ ਸਪੁਰਦ ਕਰ ਦੇਣਾ ਤਾਂ ਦੂਰ ਦੀ ਗੱਲ ਸੀ, ਇਸਲਾਮੀ ਇਤਿਹਾਸ ਗਵਾਹ ਹੈ ਕਿ, ਖ਼ੁਦਾ, ਅੱਲਾ ਅਥਵਾ ਅਕਾਲਪੁਰਖ ਦੀ ਮੰਗ ਤੇ, ਆਪਣੇ ਬੇਟੇ ਦੀ ਕੁਰਬਾਨੀ ਦੇਣ ਲੱਗਿਆਂ, ਹਜ਼ਰਤ ਇਬਰਾਹੀਮ ਜੀ ਨੇ ਆਪਣੀਆਂ ਅੱਖਾਂ ਤੇ ਪੱਟੀ ਬੰਨ੍ਹ ਲਈ ਸੀ। ਬਿਨਾਂ ਕਿਸੇ ਉਚੇਚੀ ਲੋੜ ਦੇ, ਜ਼ਾਹਰਾ ਤੌਰ ਬੇ-ਮਤਲਬੀ ਮੰਗ ਤੇ, ਸਿਰ ਕਟਵਾ ਲੈਣ ਦੀ ਮਿਸਾਲ ਤੋਂ ਸੰਸਾਰ ਦਾ ਇਤਿਹਾਸ, **ਹੀਣਾ** ਚਲਿਆ ਆ ਰਿਹਾ ਸੀ।

ਦਸਮ ਗੁਰੂ ਨਾਨਕ ਜੀ ਨੇ ਉਸ ਸਿੱਖ ਦੀ ਪ੍ਰੀਖਿਆ ਲੈਣੀ ਸੀ ਜਿਹੜਾ ਸੀਸ ਤਲੀ ਤੇ ਰੱਖਣ ਵਾਲੀ ਸ਼ਰਤ ਕਬੂਲ ਕਰਕੇ ਹੀ ਉਸ ਦੇ ਦੈਵੀ ਵਿਦਿਆਲੇ ਵਿਚ ਦਾਖ਼ਲ ਹੋਇਆ ਸੀ--ਜਿਸ ਨੇ ਗੁਰੂ ਦੇ ਕੋਲ ਆਉਣ ਤੋਂ ਪਹਿਲਾਂ ਮਰਨਾਂ ਕਬੂਲ ਕਰ ਲਿਆ ਸੀ--**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**[੧੧੦੨] ਪਰ ਉਹ ਹਉਮੈ ਵਾਲੀ ਮਤ ਦਾ ਤਿਆਗ ਸੀ। ਮੋਹ ਮਾਇਆ ਅਤੇ ਵਿਕਾਰਾਂ ਲਈ ਮਰਨਾ ਸੀ, ਆਪਣੀ ਅੱਡਰੀ ਹੋਂਦ ਦਾ ਮਾਰਨਾ ਸੀ, ਆਪਣੇ ਹੰਕਾਰ ਦਾ ਮਾਰਨਾਂ ਸੀ। ਇਸ ਪੱਖੋਂ ਸਿੱਖ ਪੂਰਨ ਤੌਰ ਤੇ ਮਰ-ਜੀਵਾ ਬਣ ਗਿਆ ਹੋਇਆ ਸੀ। ਪਰ ਕੀ ਉਹੀ ਸਿੱਖ ਅੱਜ ਆਪਣੇ ਗੁਰੂ ਦੀ ਮੰਗ ਤੇ ਸਚ-ਮੁਚ ਹੀ ਆਪਣਾ ਸਿਰ ਧੜ ਨਾਲੋਂ ਜੁਦਾ ਕਰਾ ਲੈਣ ਜੋਗਾ ਵੀ ਬਣ ਚੁੱਕਾ ਹੈ ? ਭਿਆਨਕ ਮੌਤ ਦੀ ਠਾਠਾਂ ਮਾਰਦੀ ਨਦੀ ਨੂੰ ਛਾਲਾਂ ਮਾਰਦਿਆਂ ਪਾਰ ਕਰ ਸਕਣ ਦੀ ਦ੍ਰਿੜ੍ਹਤਾ ਪਰਖਣ ਲਈ ਸਤਿਗੁਰਾਂ ਨੇ ਨਿਆਰਾ ਪ੍ਰੀਖਿਆ ਪੱਤ੍ਰ ਤਿਆਰ ਕਰ ਲਿਆ।

(੧੪੬੯ ਦੀ) **ਵਿਸਾਖੀ** ਵਾਲੇ ਦਿਨ ਪ੍ਰਗਟ ਹੋਣ ਵਾਲੇ ਪਰਮ-ਖ਼ਾਲਸੇ ਗੁਰੂ ਨਾਨਕ ਜੀ ਨੇ ਆਪਣੇ ਦਸਵੇਂ ਸਰੂਪ ਸਮੇ ਨਿਰਮਲ ਪੰਥੀਏ ਸਿੱਖ ਦੀ ਪ੍ਰੀਖਿਆ ਦਾ ਸਮਾਂ ਵੀ (੧੬੯੯ ਦੀ) **ਵਿਸਾਖੀ** ਦਾ ਦਿਨ ਹੀ ਚੁਣਿਆਂ। ਸਮੂਹ ਸੰਗਤਾਂ ਦੇ ਨਾਮ ਹੁਕਮਨਾਮੇ ਭੇਜ ਦਿੱਤੇ ਗਏ। ਸ੍ਰੀ ਅਨੰਦ ਪੁਰ ਸਾਹਿਬ ਲਗ-ਪਗ ਸਾਰਾ ਸਿੱਖ ਜਗਤ ਆ ਜੁੜਿਆ। ਸਾਰਿਆਂ ਦੀਆਂ ਨਜ਼ਰਾਂ ਸਟੇਜ ਤੇ ਲੱਗੀਆਂ ਹੋਈਆਂ ਸਨ। ਕਿ ਹੱਥ ਵਿਚ ਲਿਸ਼ਕਾਰੇ ਮਾਰਦੀ ਨੰਗੀ ਤਲਵਾਰ ਲਹਿਰਾਉਂਦੇ ਹੋਏ ਅਚਨਚੇਤ ਸਟੇਜ ਤੇ ਪ੍ਰਗਟ ਹੋ ਕੇ ਦਸਮ-ਗੁਰੂ ਨਾਨਕ ਜੀ ਨੇ ਗਰਜਵੀਂ ਆਵਾਜ਼ ਵਿਚ ਸੀਸ ਦੀ ਮੰਗ ਕੀਤੀ। ਸਾਰੇ ਚੁੱਪ ਵਰਤ ਗਈ। ' ਅੱਜ ਦਸਵੇਂ ਸਰੂਪ ਵਿਚ ਆ ਕੇ ਸਤਿਗੁਰਾਂ ਨੂੰ ਕੀ ਹੋ ਗਿਆ ?" ਇਹ ਨਵਾਂ ਭਾਣਾ ਕੀ ਵਰਤਣ ਲੱਗਾ ਹੈ ? ' ਸਟੇਜ ਤੋਂ ਦੂਜੀ ਵਾਰੀ ਗਰਜਣਾ ਹੋਈ, ' ਹੈ ਕੋਈ ਗੁਰੂ ਦਾ ਸਿੱਖ ਜੋ ਸਾਡੀ ਸ਼ਮਸ਼ੀਰ ਦੀ ਪਿਆਸ ਬੁਝਾਉਣ ਲਈ ਆਪਣਾ ਸੀਸ ਭੇਟਾ ਕਰ ਸਕੇ

?' ਸੰਗਤਿ ਵਿਚ ਘਬਰਾਹਟ ਵੱਧਣੀ ਕੁਦਰਤੀ ਸੀ ਗਈ*।**>>>>** { * **Foot note:--**ਕਈਆਂ ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਹੈ ਕਿ ਸੰਗਤਿ ਵਿਚੋਂ ਕਈ ਖਿਸਕ ਗਏ ਸਨ। ਹੋ ਸਕਦਾ ਹੈ ਆਪਣੀ ਮਤ ਨੂੰ ਉੱਚੀ ਸਮਝਣ ਵਾਲੇ ਮਨਮਤੀਏ ' ਸਿਆਣਿਆਂ ' ਦੇ ਮਨ ਵਿਚ ਅਜੇਹੇ ਵਿਚਾਰ ਵੀ ਆਏ ਹੋਣ-- ' ਗੁਰੂ ਦੀ ਤਲਵਾਰ ਦੀ ਤ੍ਰੇਹ ਬੁਝਾਉਂਣ ਲਈ ਆਪਣਾ ਸਿਰ ਵਢਾ ਲੈਣਾ ਵੀ, ਭਲਾ ਕੋਈ ਸਿਆਣਪ ਹੈ ? ਏਦਾ ਦੀ ਮੰਗ ਵੀ ਕਦੇ ਕਿਸੇ ਗੁਰੂ ਨੇ ਕੀਤੀ ਹੈ ? ਵਿਅਰਥ ਦੀ ਮੌਤੇ ਕਿਹੜਾ ਮਰੇ ? ਚਲੋ ਭੱਜ ਚਲੀਏ । ਕੀ ਭਰੋਸਾ ਹੈ ਕਿ ਅੱਜ ਕਿਹੜੇ ਵੇਲੇ ਕਲਗ਼ੀਧਰ ਜੀਂ ਪੱਧਰੇ ਹੀ ਕਟਾ-ਵਢੀ ਅਰੰਭ ਕਰ ਦੇਣ ' । ਰੌਣਕਾਂ ਵੇਖਣ ਅਤੇ ਪਰਸ਼ਾਦੇ ਛਕਣ ਆਇਆਂ ਦਾ ਟੋਲਾ ਖਿਸਕ ਤੁਰਨ ਦੀ ਗੱਲ ਵੀ ਸ਼ਇਦ ਸੋਚ ਰਿਹਾ ਹੋਵੇ? ਦੂਰ ਪਿੱਛੇ ਬੈਠਿਆਂ ਵਿਚੋਂ ਕਈ ਖਿਸਕ ਵੀ ਗਏ ਹੋਣ ਤਾਂ ਬੜੀ ਗੱਲ ਨਹੀਂ। ਪਰ ਦਸ਼ਮੇਸ਼ ਜੀ ਦੇ ਸਾਹਮਣੇ ਉਠ ਤੁਰਨ ਵਾਲੀ ਗੱਲ ਮੰਨਣ ਵਿਚ ਨਹੀਂ ਆਉਂਦੀ]

**<<<<**ਤੀਜੀ ਵਾਰੀ ਫਿਰ ਉਹੀ ਅਨੋਖੀ ਮੰਗ ਹੋਈ। ਲੋਕਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਲਾਹੌਰ ਦੇ ਵਸਨੀਕ ਭਾਈ ਦਯਾ ਰਾਮ ਜੀ ਗਲ ਵਿਚ ਪੱਲਾ ਪਾਈ ਹੱਥ ਜੋੜ ਕੇ ਬੇਨਤੀ ਕਰ ਰਹੇ ਸਨ--' ਸੱਚੇ ਪਾਤਿਸ਼ਾਹ ਜੀਓ ! ਝਿੱਜਕ ਅਤੇ ਦੇਰੀ ਕਰਨ ਦੀ ਖਿਮਾਂ ਕਰਦੇ ਹੋਏ ਇਸ ਨਿਮਾਣੇ ਸੀਸ ਨੂੰ ਕਬੂਲ ਕਰਕੇ ਇਸ ਨੂੰ ਮਾਣ ਵਾਲਾ ਬਣਾ ਦਿਉ। ' ਦੂਜੇ ਭਾਈ ਧਰਮ ਚੰਦ ਜੀ ਨੇ ਆਪਣਾ ਸੀਸ ਭੇਟਾ ਕਰਨ ਵਿਚ ਬਹੁਤਾ ਚਿਰ ਨਹੀਂ ਲਾਇਆ। ਤੀਜੇ ਭਾਈ ਹਿੰਮਤ ਰਾਏ ਜੀ ਸਿਰ ਨੀਵਾਂ ਕਰ ਖਲੋਤੇ। ਚੌਥੇ ਭਾਈ ਸਾਹਿਬ ਚੰਦ ਜੀ ਅਤੇ ਪੰਜਵੇਂ ਭਾਈ ਮੋਹਕਮ ਚੰਦ ਜੀ ਸਨ ਜਿਨਹਾਂ ਖੁਸ਼ੀ ਨਾਲ ਆਪਣਾ ਸੀਸ ਕਟਾਉਣਾ ਮੰਨ ਲਆ। ਸਤਿਗੁਰਾਂ ਦੀ ਪਰਖ ਵਿਚ ਪੰਥ ਪੂਰਾ ਉੱਤਰ ਆਇਆ ਸੀ। ਦਸ਼ਮੇਸ਼ ਜੀ ਨੇ ਪੰਜਾਂ ਮਰਜੀਵਬੜਿਆਂ ਦੀ ਭੇਟਾ ਮਨਜ਼ੂਰ ਕਰ ਲਈ। ਤੰਬੂ ਅੰਦਰ ਅਥਵਾ ਕਨਾਤ ਦੇ ਦੂਜੇ ਪਾਸੇ ਲੈ ਜਾ ਕੇ ਪੰਜਾ ਨੂੰ ਸਵੱਛ ਪੁਸ਼ਾਕੇ ਪੁਆਏ। ਕੱਛਿਹਰਾ, ਕੜਾ ਕੰਘਾ ਅਤੇ ਸੋਹਣੀ ਸ੍ਰੀ ਸਾਹਿਬ ਉਨ੍ਹਾਂ ਦੇ ਗਾਤਰੇ ਪੁਆਈ। ਪੰਜਾਂ ਨੂੰ ਕਮਰਕੱਸੇ ਕਰਵਾਏ ਅਤੇ ਆਪਣੇ ਪਿੱਛੇ ਕਤਾਰ ਵਿਚ ਤੋਰ ਕੇ ਮੁੜ ਸਟੇਜ ਤੇ ਲੈ ਆਏ।

ਪਰਮ-ਖਲਸਾ ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਨੇ ਅਵਤਾਰ ਧਾਰਨ ਵਾਲੇ ਵਿਸਾਖੀ ਵਾਲੇ ਦਿਨ ਹੀ ਨਿਰਮਲ-ਪੰਥੀਆਂ ਨੂੰ " ਖ਼ਾਲਸਾ ਜੀ " ਕਹਿ ਕੇ ਬੁਲਾਉਣ ਦਾ ਦਿਨ ਸੀ। ਇਤਹਾਸਕਾਰਾਂ ਦੀ ਲਿਖਤ ਅਨੁਸਾਰ, ਦਸ਼ਮੇਸ਼ ਜੀ ਨੇ ਲੋਹੇ ਦੇ ਬਾਟੇ ਵਿਚ ਜਲ ਅਤੇ ਪਤਾਸ਼ੇ ਪਾ ਕੇ, ਗੁਰਬਾਣੀ ਦਾ ਪਾਠ ਕਰਕੇ ਅੰਮ੍ਰਿਤ ਤਿਆਰ ਕੀਤਾ। ਅਤੇ ਉਨ੍ਹਾਂ ਪੰਜਾਂ ਤਿਆਗੀ ਸੂਰਬੀਰਾਂ ਨੂੰ ਛਕਾਇਆ। ਫਿਰ ਉੱਚੀ ਆਤਮਕ ਅਵਸਥਾ ਵਿਚ ਟਿਕੇ ਰਹਿਣ ਦੀ ਉਸੇ ਰਹਿਣੀ ਦਾ ਉਪਦੇਸ਼ ਦਿੱਤਾ ਜਿਹੜੀ ਪਹਿਲੇ ਸਰੂਪ ਦੇ ਸਮੇਂ ਤੋਂ ਸਮਝਾਈ ਜਾਣੀ ਅਰੰਭ ਹੋਈ ਸੀ। ਸਤਿਗੁਰਾਂ ਨੇ ਸੰਖੇਪ ਅਤੇ ਸਰਲ ਸ਼ਬਦਾਂ ਵਿਚ ਉਹੀ ਉਪਦੇਸ਼ ਦਿੱਤਾ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਨਿਰੰਤਰ ਦ੍ਰਿੜ ਕਰਾ ਰਹੇ ਹਨ। [ਇਸ ਹਥ ਵਿਚਲੀ ਪੁਸਤਕ ਦੇ ਲਿਖਣ ਦਾ ਮੁੱਖ ਮੰਤਵ, ਸਿੱਖ ਨੂੰ ਉਸੇ ਨਿਆਰੇ ਉਪਦੇਸ਼ ਤੋਂ ਜਾਣੂੰ ਕਰਾਉਣਾ ਹੈ । ਵੱਖ ਵੱਖ ਪ੍ਰਕਰਣਾ ਵਿਚ ਉਸੇ ਸੱਚ-ਦੇ-ਮਾਰਗ ਬਾਰੇ ਹੀ ਵਿਚਾਰਾਂ ਲਿਖੀਆਂ ਜਾ ਰਹੀਆਂ ਹਨ ]

**ਪਛਤਾਵਾ**:--ਸਤਿਗੁਰਾਂ ਦੀ ਮੰਗ ਤੇ ਆਪਣਾ ਸਿਰ ਵਢਾ ਲੈਣ ਲਈ ਤਿਆਰ ਹੋ ਜਾਣ ਨੂੰ ਜਿਹੜੇ ਲੋਕ " ਵਡੀ ਮੂਰਖਤਾਈ " ਸਮਝ ਰਹੇ ਸਨ ਅਥਵਾ ਜਿਹੜੇ ਇਸ ਨੂੰ ਅਜਾਈਂ ਮੌਤੇ ਮਰਨ ਦੀ ਗੱਲ ਸਮਝ ਕੇ ਖਿਸਕ ਤੁਰੇ ਸਨ, ਅੰਮ੍ਰਿਤ ਛਕਣ ਦੀਆਂ ਚਮਤਕਾਰੀ ਖ਼ਬਰਾਂ ਸੁਣ ਕੇ ਉਹ ਵੀ ਆ ਬੈਠੇ। ਇਲਹੀ ਰੰਙਣ ਵਿਚ ਰੰਗੇ ਪਮਜ਼ਾਂ ਹੀ ਸਿਰਲੱਥ ਸੂਰਬੀਰਾਂ ਨੂੰ ਵੇਖ ਕੇ ਅਜੇਹ ਲੋਕ ਪਛਤਾਵਾ ਕਰ ਰਹੇ ਸਨ ਕਿ ' ਬੜੀ ਭੁੱਲ ਹੋਈ ਜੋ ਉਪਕਾਰੀ ਸਤਿਗੁਰਾਂ ਦੀ ਮੰਗ ਤੇ ਕੋਝਾ ਸ਼ੰਕਾ ਕਰਕੇ ਅਸੀਂ ਪਿੱਠ ਦੇ ਗਏ। ਅਸਾਂ ਤੇ ਉਸ ਪਿਆਰੇ ਅਤੇ ਸਮਰੱਥ ਗੁਰੂ ਦੀ ਮੰਗ ਨੂੰ ਗ਼ਲਤ ਮੰਨ ਲਿਆ ਜਿਸ ਨੇ ਸਾਡੇ ਭਲੇ ਲਈ ਤੱਤੀ ਲੋਹ ਅਤੇ ਸੜਦੀ-ਬਲਦੀ ਰੇਤ ਦੇ ਤਸੀਹੇ ਝੱਲ ਕੇ ਸ਼ਹੀਦੀ ਪਾਈ ਸੀ, ਅਤੇ ਫਿਰ ਜਿਸ ਗੁਰੂ ਨਾਨਕ ਜੀ ਦੇ ਨੌਵੇਂ ਸਰੂਪ ਨੇ ਗ਼ਰੀਬਾਂ ਨਿਤਾਣਿਆਂ ਦੀ ਖ਼ਾਤਰ ਕਈ ਮਹੀਨੇ ਤਸੀਹੇ ਝੱਲ ਕੇ ਦਿੱਲੀ ਵਿਚ ਆਪਣਾ ਪਾਵਨ ਸੀਸ ਵਾਰਿਆ ਸੀ । ਅਸੀਂ ਨਿਕਰਮਣ ਆਪਣੇ ਗੁਰੂ ਦੀ ਮਹਾਨਤਾ ਨੂੰ ਭੁੱਲ ਗਏ ਸਾਂ । ਇੱਕ ਵਾਰੀ ਸਤਿਗੁਰੂ ਸਾਡੀ ਇਸ ਮੂਰਖ-ਭੁੱਲ ਨੂੰ ਬਖ਼ਸ਼ ਲੈਣ ਅੱਗੇ ਤੋਂ ਸਨਮੁੱਖ ਹੋ ਕੇ ਮਰਾਂਗੇ '। ਸੰਗਤਿ ਵਿਚ ਬੈਠੇ ਰਹਿਣ ਵਾਲਿਆਂ ਦੀ ਵਾਰੀ ਤਾਂ ਉਂਜ ਹੀ ਨਾ ਸੀ ਆਈ। ਉਹ ਆਪਣੇ ਆਪ ਨੂੰ ਇਸ ਗੱਲੋਂ ਮੰਦ-ਭਾਗੇ ਸਮਝ ਰਹੇ ਸਨ ਕਿ--ਹਾਏ ਮੈਂ ਦਇਆ ਰਾਮ ਜੀ ਤੋ ਪਹਿਲਾਂ ਕਿਉਂ ਨਾ ਉੱਠ ਪਿਆ, ਹਾਏ ਮੈਂ ਧਰਮ ਚੰਦ ਜੀ ਤੋ ਪਹਿਲਾਂ ਹੀ ਕਿਉਂ ਨਾ ਉਠ ਖਲੋਤਾ .......?

੨

## ਨਿਆਰੀ ਪ੍ਰੀਖਿਆ ਦਾ ਲਾਭ ਵੀ ਨਿਆਰਾ?

ਸੀਸ ਭੇਟ ਕਰਨ ਵਾਲਾ ਪ੍ਰੀਖਿਆ ਪੱਤਰ ਰੱਖ ਕੇ ਸਤਿਗੁਰਾਂ ਨੇ ਹਰ ਇੱਕ ਗੁਰਸਿੱਖ ਦੇ ਹਿਰਦੇ ਦੇ ਅੰਦਰ ਗੁਰੂ ਦੇ ਹੁਕਮ ਤੇ ਮਰ ਮਿਟਣ ਵਾਲੀ ਸੱਧਰ ਪੱਕੀ ਬਣਾ ਦਿੱਤੀ ਸੀ। ਇਸ ਪ੍ਰੀਖਿਆ ਦੇ ਕਾਰਨ ਸਿੱਖ ਜਗਤ ਅੰਦਰ ਆਇਆ ਇਹ ਇੱਕ ਅਲੋਕਾਰ ਇਨਕਲਾਬੀ-ਜੋਸ਼ ਸੀ। ਆਪਣੇ ਜਥੇਦਾਰ ਦੇ ਹੁਕਮ ਦੀ ਪਾਲਣਾ ਕਰਨ ਦਾ ਵਡਮੁੱਲਾ ਅਤੇ ਡੂੰਘੇ ਅਸਰਾਂ ਵਾਲਾ ਸੀ ਇਹ ਉਪਦੇਸ਼-ਢੰਗ। ਸਭਨਾਂ ਗੁਰ-ਸਿੱਖਾਂ ਦੇ ਮਨ ਅੰਦਰ ਪੱਕਾ ਵਿਸ਼ਵਾਸ਼ ਬਣ ਗਿਆ, ਕਿ ਆਪਣੇ ਗੁਰੂ ਅਥਵਾ ਆਪਣੇ ਜਥੇਦਾਰ ਦੇ ਹੁਕਮ ਤੇ ਆਪਣਾ ਸੀਸ ਵਾਰਨਾਂ, ਉੱਤਮ ਕਰਮਾਂ ਦੀ ਨਿਸ਼ਨੀ ਹੈ। ਇਸ ਵਿਸ਼ਵਾਸ਼ ਨੇ ਇਤਹਾਸ ਦੇ ਪੱਤਰਿਆਂ ਨੂੰ ਕਈ ਅਨੋਖੇ ਸਾਕਿਆਂ ਨਾਲ ਸ਼ੰਗਾਰਿਆ। ਵਨਗੀ ਮਾਤ੍ਰ ਉਦਾਹਰਣਾ ਇਸ ਪ੍ਰਕਾਰ ਹਨ:---

(ੳ) " ਤਲਵੰਡੀ ਸਾਬੋ " ਅਜੋਕਾ ਪੰਜਵਾਂ " **ਤਖ਼ਤ ਦਮਦਮਾ ਸਹਿਬ** " ਵਿਖੇ ਨਿਵਾਸ ਸਮੇ ਚੌਧਰੀ ਡੱਲਾ ਸਿੰਘ ਨੇ ਸਤਿਗੁਰਾਂ ਕੋਲ ਆਪਣੇ ਸੂਰਮਿਆਂ ਦੀ ਬਲਵਾਨਤਾ ਅਤੇ ਸੂਰਬੀਰਤਾ ਦੀ ਗੱਲ ਕਰਦਿਆਂ ਕਿਹਾ ਕਿ ਜੇ ਉਸ ਦੇ ਸੂਰਮੇ ਗੁਰੂ ਜੀ ਦੇ ਨਾਲ ਹੁੰਦੇ ਤਾਂ ਸ੍ਰੀ ਅਨੰਦਪੁਰ ਸਾਹਿਬ ਅਤੇ ਚਮਕੌਰ ਸਾਹਿਬ ਵਿਚਲੇ ਜੰਗਾਂ ਦਾ ਰੰਗ ਕੁਝ ਹੋਰ ਹੁੰਦਾ । ਅਤੇ ਕਿਹਾ ਕਿ ਸਾਹਿਬਜ਼ਾਦੇ ਅਤੇ ਮਾਤਾ ਜੀ ਕਦੇ ਵੀ ਦੁਸ਼ਮਣਾਂ ਦੇ ਹੱਥ ਨਾ ਲੱਗਦੇ । ਆਤਮਕ ਰੋਗਾਂ ਦੇ ਸੁਜਾਨ ਵੈਦ, ਸਤਿਗੁਰਾਂ ਆਪਣੇ ਸਿੱਖ ਦੇ ਮਨ ਵਿਚਲੇ ਭਰਮ-ਰੋਗ ਨੂੰ ਦੂਰ ਕਰਕੇ ਅਸਲ ਦ੍ਰਿੜਤਾ ਅਤੇ ਬਹਾਦਰੀ ਦੀ ਸੋਝੀ ਕਰਾਉਣੀ ਜ਼ਰੂਰੀ ਜਾਤੀ । ਡੱਲੇ ਨੂੰ ਢੁਕਵੇਂ ਸਮੇਂ ਦੀ ਉਡੀਕ ਕਰਨ ਦਾ ਹੁਕਮ ਮਿਲ ਗਿਆ । ਇੱਕ ਦਿਨ ਉਨ੍ਹਾਂ ਕੋਲ ਇੱਕ ਨਵੀਂ ਬੰਦੂਕ ਆਈ ਤਾਂ ਉਸਦੀ ਮਾਰ ਦੀ ਪਰਖ ਕਿਸੇ ਜਵਾਨ ਦੀ ਛਾਤੀ ਤੇ ਕਰਨੀ ਚਾਹੀ । ਪਰ ਨਾ ਕੋਈ ਡੱਲੇ ਦਾ ਜਵਾਨ ਅਤੇ ਨਾ ਡੱਲਾ ਆਪ ਹੀ ਅਜੇਹੀ ਅਜਾਂਈ ਮੌਤੇ ਮਰਨ ਨੂੰ ਤਿਆਰ ਹੋਇਆ । ਫਿਰ ਸਤਿਗੁਰਾਂ ਆਪਣੇ ਸਿੱਖਾਂ ਨੂੰ ਆਵਾਜ਼ ਮਾਰੀ--ਭਾਈ ! ਕੋਈ ਸਿੰਘ ਆਵੇ ਜਿਸ ਦੀ ਛਾਤੀ ਤੇ ਅਸੀਂ ਆਪਣੀ ਬੰਦੂਕ ਦੀ ਮਾਰ ਪਰਖ ਸਕੀਏ ? ਦੋ ਸਿੱਖ ਘੋੜਿਆਂ ਦੀ ਸੇਵਾ ਕਰ ਰਹੇ ਸਨ । ਨੇੜੇ ਹੋਣ ਕਰਕੇ ਸਿਰਫ਼ ਉਨ੍ਹਾਂ ਨੇ ਸਤਿਗੁਰਾਂ ਦੀ ਇਹ ਲਲਕਾਰ ਸੁਣੀ । ਦੋਵੇਂ ਭੱਜੇ ਆਏ ਅਤੇ ਸਤਿਗੁਰਾਂ ਦੀ ਬੰਦੂਕ ਦਾ ਨਿਸ਼ਾਨਾਂ ਬਣ ਜਾਣ ਲਈ ਕਾਹਲੇ ਪੈ ਰਹੇ ਵੇਖ ਕੇ ਡੱਲਾ ਅਤੇ ਉਸ ਦੇ ਜਵਾਨ ਹੈਰਾਨ ਹੋਏ ਉਂਗਲਾਂ ਮੂੰਹ ਵਿਚ ਪਾਉਣ ਲੱਗ ਪਏ । ਗੁਰੂ ਦੇ ਸਿੱਖ ਤਾਂ ਉਸ ਦਿਨ ਹੀ ਪਛੜ ਗਏ ਸਨ ਜਿਸ ਦਿਨ ਕੇਸਗੜ੍ਹ ਸਾਹਿਬ ਵਿਖੇ ਸੀਸ ਦੀ ਮੰਗ ਹੋਈ ਸੀ । ਹੁਣ ਕਿਹੜਾ ਗੁਰੂ ਕਾ ਲਾਲ ਹੈ ਜੋਂ ਗੁਰੂ ਜੀ ਦੀ ਮੰਗ ਤੇ ਆਪਣਾ ਸਰਬੰਸ ਵਾਰ ਦੇਣ ਵਿਚ ਜ਼ਰਾ ਜਿੰਨੀ ਢਿੱਲ ਕਰੇ ?

(ਅ) ਨਵਾਬ ਮੁਜ਼ੱਫ਼ਰਖਾਨ ਵਿਰੁੱਧ ਮੁਲਤਾਨ ਦੀਆਂ ਜੰਗਾਂ ਸਮੇਂ ਇੱਕ ਵਾਰ ਤੋਪ ਦਾ ਪਹੀਆ ਟੁੱਟ ਗਿਆ ਤਾਂ ਗੋਲਾ ਬਾਰੀ ਰੁਕ ਗਈ । ਮਹਾਰਾਜ ਸਾਹਿਬ ਨੇ ਛੇਤੀ ਗੋਲਾਬਾਰੀ ਅਰੰਭ ਕਰਨ ਦਾ ਤਰੀਕਾ ਪੁਛਿਆ ਤਾਂ ਤੋਪਚੀ ਨੇ ਕਿਹਾ---" ਜੇ ਕੁਝ ਜਵਾਨ ਤੋਪ ਦੇ ਧੁਰੇ ਹੇਠ ਆਪਣਾ ਮੋਢਾ ਦੇ ਕੇ ਤੋਪ ਦੇ ਮੂੰਹ ਨੂੰ ਨਿਸ਼ਾਨੇ ਵੱਲ ਕਰੀ ਰੱਖਣ ਤਾਂ ਗੋਲਾ ਬਾਰੀ ਜਾਰੀ ਰਹਿ ਸਕਦੀ ਹੈ ਅਤੇ ਕਿਲ੍ਹੇ ਦੀ ਕੰਧ ਛੇਤੀ ਢਹਿ ਢੇਰੀ ਹੋ ਜਾਵੇਗੀ, ਪਰ ਇਸ ਵਿਚ ਖ਼ਤਰਾ ਇਹ ਹੈ ਕਿ ਗੋਲਾ ਚਲਦਿਆਂ ਹੀ ਤੋਪ ਦੇ ਧੱਕੇ ਨਾਲ ਮੋਢਾ ਦੇਣ ਵਾਲੇ ਜਵਨਾਂ ਦੀਆਂ ਹੱਡੀਆਂ ਟੱਟ ਜਾਣ ਨਾਲ ਸਾਰਿਆਂ ਦੀ ਮੌਤ ਹੋ ਜਾਣੀ ਹੈ " । ਇਤਿਹਾਸ-ਕਾਰ ਲਿਖਦਾ ਹੈ ਕਿ ਆਪਣੇ ਮਹਾਰਾਜੇ ਦੀ ਲਲਕਾਰ ਸੁਣਦਿਆਂ ਹੀ, ਪੰਥਕ-ਆਨ-ਸ਼ਾਨ ਨੂੰ ਕਾਇਮ ਰੱਖ ਵਾਲਿਆਂ ਦੀ ਭੀੜ ਆ ਜੁੜੀ ਅਤੇ ਵਾਰੀ ਵਾਰੀ ਤੋਪ ਦੇ ਧੁਰੇ ਹੇਠ ਮੋਢੇ ਦੇ ਕੇ ਮਰ ਮਿਟਣ ਲਈ ਇੱਕ ਦੂਜੇ ਤੋਂ ਅੱਗੇ ਹੋ ਰਹੇ ਸਨ । ਦਸ਼ਮੇਸ਼ ਗੁਰੂ ਨਾਨਕ ਜੀ ਦੇ ਲਾਲਾਂ ਦੀ ਅਦੁਤੀ ਕੁਰਬਾਨੀ ਨੇ ਕੁਝ ਘੰਟਿਆਂ ਵਿਚ ਹੀ ਮੁਲਤਾਨ ਦਾ ਕਿਲ੍ਹਾ ਸਰ ਕਰ ਲਿਆ । ਅਜੇਹੇ ਹੀ ਹੋਰ ਕਈ ਸਮਿਆਂ ਤੇ ਗੁਰੂ ਦੇ ਸੰਤ ਸੂਰਮਿਆਂ ਨੇ ਆਪਣੀ ਜਾਨ ਨਾਲੋਂ ਪੰਥਕ ਸ਼ਾਨ ਅਤੇ ਪੰਥਕ-ਆਚਰਨ ਦੀ ਉੱਚਤਾ-ਸੁੱਚਤਾ ਨੂੰ ਕਿਤੇ ਵੱਧ ਮਹੱਤਤਾ ਦੇ ਕੇ ਸੰਸਾਰ ਦੇ ਇਤਿਹਾਸਕਾਰਾਂ ਨੂੰ ਹੈਰਾਨ ਕਰ ਦਿੱਤਾ । ਇਹ ਸੀ ਉਹ ਨਿਰਾਲਾ ਅਸਰ, ਜਿਹੜਾ ਸਤਿਗੁਰਾਂ ਦੀ ਉਸ (ਸੀਸ-ਭੇਟ ਵਾਲੀ) ਅਲੌਕਿਕ ਖੇਡ ਦੇ ਕਾਰਨ, ਸਿੰਘਾ ਦੇ ਸਿੱਖੀ-ਸਿਦਕ ਨੇ ਕਬੂਲਿਆ ।

(ਚ) ਏਸੇ ਤਰ੍ਹਾਂ ਦੇ ਇਕ ਹੋਰ ਮੌਕੇ ਤੇ ਜੰਗ ਨੂੰ ਛੇਤੀ ਸਮਾਪਤ ਕਰਨ ਲਈ ਮੁਲਤਾਨ ਦੇ ਹੀ ਕਿਲ੍ਹੇ ਦੀਆਂ ਨੀਹਾਂ ਵਿਚ ਬਰੂਦ ਭਰ ਕੇ ਕੰਧ ਨੂੰ ਉਡਾ ਦੇਣ ਦੀ ਲੋੜ ਅਨੁਭਵ ਕੀਤੀ ਗਈ। ਕੰਧ ਦੀਆਂ ਨੀਹਾਂ ਤੱਕ ਪੁੱਜਣ ਲਈ ਕੰਧ ਦੇ ਮੋਰਚਿਆਂ ਵਿਚ ਬੈਠੇ ਦੁਸ਼ਮਨ ਫੌਜੀਆਂ ਵਲੋਂ ਹੋ ਰਹੀ ਗੋਲਾ ਬਾਰੀ ਅਤੇ ਤੀਰਾਂ ਤੁਫੰਗਾਂ ਦੀ ਸਖ਼ਤ ਮਾਰ ਦਾ ਸਾਹਮਣਾ ਕਰਨਾ ਪੈਣਾ ਸੀ। ਸ਼ਹੀਦੀ ਦੀ ਸੰਭਾਵਣਾ ਹਰ ਪਲ ਦੇ ਬਣੀ ਰਹਿਣੀ ਸੀ। ਫਿਰ ਕੰਧ ਦੇ ਹੇਠਾਂ ਬੈਠ ਕੇ ਬਰੂਦ ਭਰ ਦੇਣ ਵਿਚ ਲੱਗਣ ਵਾਲਾ ਹਰ ਪਲ ਮੌਤ ਦੇ ਤਿੱਖੇ ਦੰਦਾਂ ਤੇ ਬੈਠੇ ਰਹਿਣ ਵਾਲਾ ਸਖ਼ਤ ਡਰਾਉਣਾ ਸਮਾ ਸੀ । ਉਸ ਤੋਂ ਉਪ੍ਰੰਤ ਬਰੂਦ ਦੇ ਫਟਣ ਨਾਲ ਕਿਲ੍ਹੇ ਦੀਆਂ ਕੰਧਾਂ ਦੇ ਪੱਥਰਾਂ ਨੇ ਹਵਾ ਵਿਚ ਉੱਡ ਕੇ ਦੂਰ ਦੂਰ ਖਿੱਲਰਨਾ ਸੀ। ਉਨ੍ਹਾਂ ਪੱਥਰਾਂ ਦੀ ਮਾਰ ਤੋਂ ਬਚ ਕੇ ਵਾਪਸ ਪੁੱਜ ਜਾਣ ਵਿਚ ਬੜੀ ਹੀ ਉਚੇਚੀ ਫੁਰਤੀ ਦੀ ਲੋੜ ਸੀ। ਆਪਣੇ ਮਹਾਰਾਜੇ ਦੀ ਲਲਕਾਰ ਤੇ, ਮਰ ਮਿਟਣ ਲਈ ਜਾਣ ਵਾਲਿਆਂ ਦੇ ਉਸ ਜਥੇ ਦੇ ਮੋਹਰੀ ਸ: ਹਰੀ ਸਿੰਘ ਜੀ ਨਲਵਾ ਗੰਭੀਰ ਜ਼ਖਮੀ ਹੋ ਗਏ ਅਤੇ ਕੁਝ ਸੂਰਮਿਆਂ ਨੇ ਸ਼ਹੀਦੀ ਵੀ ਪਾਈ। ਪਰ ਸਿੰਘ ਦੀ ਅਦੁਤੀ ਬਹਾਦਰੀ ਨੇ ਕਈ ਮਹੀਨਿਆਂ ਤੱਕ ਲਮਕੀ ਰਹਿਣ ਵਾਲੀ ਜੰਗ, ਕੁਝ ਘੰਟਿਆਂ ਵਿਚ ਹੀ ਸਮਾਪਤ ਕਰ ਦਿੱਤੀ ।

੪- **ਸਤਿਗੁਰ ਜੇਵਡੁ ਅਵਰੁ ਨ ਕੋਇ ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ॥**
**ਜਨਮ ਮਰਣ ਦੂਖ ਤੇ ਰਾਖੈ ॥ ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥ ੨ ॥**
**ਗੁਰ ਕੀ ਮਹਿਮਾ ਕਥਨੁ ਨ ਜਾਇ ॥ ਗੁਰੁ ਪਰਮੇਸਰੁ, ਸਾਚੈ ਨਾਇ ॥**
**ਸਚੁ ਸੰਜਮੁ ਕਰਣੀ ਸਭੁ ਸਾਚੀ ॥ ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ ॥ ੩ ॥**
**ਗੁਰੁ ਪੂਰਾ ਪਾਈਐ ਵਡ ਭਾਗਿ ॥ ਕਾਮੁ ਕ੍ਰੋਧੁ ਲੋਭੁ, ਮਨ ਤੇ ਤਿਆਗਿ ॥**
**ਕਰਿ ਕਿਰਪਾ ਗੁਰ ਚਰਣ ਨਿਵਾਸਿ ॥ ਨਾਨਕ ਕੀ ਪ੍ਰਭ ਸਚੁ ਅਰਦਾਸਿ ॥ ੪ ॥**[੨੨]-੪

੩

## ਤੰਬੂ ..? ਫਿਰ ਉਸ ਦੇ ਅੰਦਰ ਕੀ ਵਰਤੀ ?

ਦਾਸ ਇਤਿਹਾਸਕਾਰ ਨਹੀਂ ਹੈ। ਸਤਿਗੁਰਾਂ ਦੀ ਬਖ਼ਸ਼ੀ ਸੇਵਾ ਅਨੁਸਾਰ ਦਾਸ ਨੇ ਗੁਰੂ ਬਾਣੀ ਦੀ ਕਸਵੱਟੀ ਤੇ ਪਰਖ ਕਰਕੇ ਇਤਹਾਸ ਦੇ ਗੁਰਮਤਿ ਵਿਰੋਧੀ ਪੱਖ ਨੂੰ ਨੰਗਾ ਕਰਨ ਹੈ। ਬਚਪਨ ਤੋਂ ਸੁਣਦੇ ਅਤੇ ਪੜ੍ਹਦੇ ਆਏ ਹਾਂ ਕਿ ਸਤਿਗੁਰਾਂ ਨੇ ਪ੍ਰੀਖਿਆ ਲੈਣ ਲਈ ਇੱਕ ਵਿਸ਼ਾਲ ਤੰਬੂ ਵੀ ਲੁਆ ਰਖਿਆ ਸੀ। ਪੁਸਤਕ ਦੇ ਪਹਿਲੇ ਭਾਗ ਵਿਚ ਦਾਸ ਨੇ ਉਸ ਤੰਬੂ ਦਾ ਜ਼ਿਕਰ ਕੀਤਾ ਹੈ। ਪਰ ਗੁਰੂ ਬਾਣੀ ਦੀ ਵਿਚਾਰ ਮੁੜ ਮੁੜ ਕਰਦੇ ਰਹਿਣ ਤੇ ਅਤੇ ਗੁਰਬਾਣੀ ਦੇ ਗਿਆਤਾ ਹੋਰ ਵਿਦਵਾਨਾ ਦੇ ਵਿਚਾਰ ਪੜ੍ਹੇ ਤਾਂ ਸਿੱਖ ਸੰਗਤਾਂ ਕੋਲੋਂ ਕੋਈ ਉਚੇਚਾ ਉਹਲਾ ਰੱਖਣ ਦੀ ਖੇਡ ਸਤਿਗੁਰਾਂ ਦੇ ਪਾਵਨ ਨਾਮ ਨਾਲ ਜੋੜਨੀ ਗੁਰਮਤਿ ਵਿਰੋਧੀ ਹੋ ਦਿੱਸੀ। ਇਸ ਕਾਰਨ ਦਾਸ ਨੇ ਸਿੱਖਾਂ ਨੂੰ ਵਾਰੀ ਵਾਰੀ ਤੰਬੂ ਦੇ ਅੰਦਰ ਲੈ ਵੜਨ ਵਾਲੀ ਗੱਲ ਨਹੀਂ ਲਿਖੀ। ਉਸ ਬਾਰੇ ਏਥੇ ਅੱਡਰੀ ਗੁਰਮਤਿ ਵਿਚਾਰ ਕਰ ਲੈਂਦੇ ਹਾਂ:--

ਜਦ ਇਤਿਹਾਸ ਕਾਰਾਂ ਨੇ ਤੰਬੂ ਲਾਉਣ ਵਾਲੀ ਗੱਲ ਲਿਖਣੀ ਅਰੰਭ ਕਰ ਦਿੱਤੀ ਤਾਂ ਕਿਸੇ ਕਿੰਤੂਕਾਰ ਮਨਮੁਖ ਨੇ, ਜਾਂ ਗੁਰੂ ਘਰ ਦੇ ਕਿਸੇ ਵਿਰੋਧੀ ਨੇ, ਇਹ ਚਰਚਾ ਛੇੜ ਦਿੱਤੀ ਕਿ ਤੰਬੂ ਦੇ ਅੰਦਰ ਗਏ ਸਿੱਖਾਂ ਨਾਲ ਕੀ ਵਰਤੀ ? ਕੀ ਸਤਿਗੁਰਾਂ ਨੇ ਸੱਚ ਮੁਚ ਹੀ ਸਿੱਖਾਂ ਨੂੰ ਝਟਕਾ ਦਿੱਤਾ ਸੀ? ਬਸ ਪੰਥ ਵਿਚ ਇਸ ਸ਼ੰਕੇ ਦੇ ਜਨਮ ਲੈਂਦਿਆਂ ਹੀ ਖੋਜੀਆਂ ਨੇ ਭਾਂਤ ਭਾਂਤ ਦੀ ਬੋਲੀ ਬੋਲਣੀ ਅਤੇ ਲਿਖਣੀ ਅਰੰਭ ਕਰ ਦਿੱਤੀ :--

(ੳ) ਪੰਥ ਦੇ ਪ੍ਰਸਿਧ ਢਾਡੀ ਅਤੇ ਇਤਿਹਾਸ ਦੇ ਪੜਚੋਲੀਏ ਲਿਖਾਰੀ ਸੋਹਨ ਸਿੰਘ ਜੀ ਸੀਤਲ ਆਪਣੀ ਪੁਸਤਕ--" ਮਨੁੱਖਤਾ ਦੇ ਗੁਰੂ ਗੋਬਿੰਦ ਸਿੰਘ ਜੀ "--ਦੇ ੨੦੨ ਸਫ਼ੇ ਤੇ ਲਿਖਦੇ ਹਨ ਕਿ ਸਤਿਗੁਰਾਂ ਨੇ ਤੰਬੂ ਦੇ ਅੰਦਰ ਪਹਿਲਾਂ ਤੋਂ ਹੀ ਮੰਗਵਾਏ ਪੰਜ ਬੱਕਰੇ ਝਟਕਾਏ ਸਨ । ਉਨ੍ਹਾਂ ਨੇ ਅਜੇਹਾ ਲਿਖਣ ਵਾਲੇ ਹੋਰ ਲਿਖਾਰੀਆਂ ਦੀ ਲਿਸਟ ਇਸ ਪ੍ਰਕਾਰ ਦਿੱਤੀ ਹੈ:--੧= ਗੁਰ ਬਿਲਾਸ ਭਾਈ ਸੁਖਾ ਸਿੰਘ ਐਡੀਸ਼ਨ ੧੯੦੬ ਪੰਨਾ ੧੧੬ । ੨= ਸੂਰਜ ਪ੍ਰਕਾਸ਼ ਭਾਈ ਸੰਤੋਖ ਸਿੰਘ ਰੁੱਤ ਤੀਸਰੀ ਅੰਸੂ ੧੭ ਜਿਲਦ ਪੰਜਵੀਂ , ਪੰਨਾ ੬੧ । ੩= ਇੰਦੂ ਭੂਸ਼ਨ ਬੈਨਰਜੀ ਜਿਲਦ ਦੂਸਰੀ ਪੰਨਾ ੧੧੩ । ੪= ਗਿਆਨੀ ਪ੍ਰਤਾਪ ਸਿੰਘ ਜੀ, ਗੁਰਮਤਿ ਲੈਕਚਰ ਛੇਵੀਂ ਐਡੀਸ਼ਨ ਪੰਨਾ ੪੦੩। ੫= ਪ੍ਰੋਫ਼ੈਸਰ ਭਗਤ ਸਿੰਘ ' ਰਾਸ਼ਟਰ ਵੀਰ ਗੁਰੂ ਗੋਬਿੰਦ ਸਿੰਘ ' ਪਹਿਲੀ ਐਡੀਸ਼ਨ ਪੰਨਾ ੧੧੫ ।

(ਅ) ਜਿਨ੍ਹਾਂ ਸਿੰਘਾਂ ਨੂੰ ਕਾਂਸੀ ਜਾ ਕੇ ਵਿਦਿਆ ਪੜ੍ਹਨ ਲਈ ਕਥਿਤ ਤੌਰ ਤੇ ਭੇਜਿਆ ਸੀ ਅਤੇ ਜਿਨ੍ਹਾਂ ਨੇ ਆਪਣਾ ਅੱਡਰਾ ਨਿਰਮਲ-ਮਤ ਚਲਾ ਕੇ ਧਰਮ-ਧੁਜਾ ਅਖਾੜੇ ਬਣਾ ਕੇ ਕਈ ਗੱਦੀਆਂ ਚਲਾ ਲਈਆਂ ਸਨ, ਜਿਨ੍ਹਾਂ ਬਾਰੇ ਪੰਥ ਦੇ ਵਿਦਵਾਨ ਇਹ ਕਹਿੰਦੇ ਥੱਕਦੇ ਨਹੀਂ ਕਿ ਇਨ੍ਹਾਂ ਚਿੱਟ-ਕਪੜੀਏ ਵਿਦਵਾਨਾ ਨੇ ਪੰਥ ਦੀ ਬੜੀ ਸੇਵਾ ਕੀਤੀ ਹੈ, ਉਨ੍ਹਾਂ ਨਿਰਮਲਿਆਂ ਦੇ ਇੱਕ ਵਿਦਵਾਨ-- ਭਾਈ ਗੋਵਿੰਦ ਸਿੰਘ

ਨਿਰਮਲ ਉਦਾਸੀ ਜੀ ਨੇ " ਇਤਿਹਾਸ ਗੁਰੂ ਖਾਲਸਾ " ਪੁਸਤਕ ਲਿਖੀ ਹੈ। ਇਹ ਪੁਸਤਕ ਸਿੱਖ ਮਰਯਾਦਾ ਵਿਚ ਬਿੱਪ੍ਰਨ ਕੀ ਰੀਤ ਸ਼ਾਮਲ ਕਰਣ ਦੇ ਕੁ-ਕਾਰਜ ਵਿਚ ਤਕੜਾ ਹਿੱਸਾ ਪਾ ਰਹੀ ਹੈ। ਪੁਸਤਕ ਦੇ ੨੧੬ ਸਫ਼ੇ " **ਪੰਜ ਪਿਆਰਿਆਂ ਦੀ ਚੋਣ** " ਲੇਖ ਵਿਚ, ਨਿਰਮਲ ਉਦਾਸੀ ਜੀ ਨੇ ਪਹਿਲਾ ੪ ਸਫ਼ਿਆਂ ਵਿਚ ਦੇਵੀ ਪ੍ਰਗਟ ਕਰਨ ਦਾ ਹਾਲ ਲਿਖਿਆ ਹੈ। ਫ਼ਿਰ ਪੁਸਤਕ ਦੇ ੨੨੦ ਸਫ਼ੇ ਤੇ ਲਿਖਦੇ ਹਨ--ਕੁਝ ਵੀ ਹੋਵੇ ਗੁਰੂ ਜੀ ਦੀ ਦੇਵੀ ਪ੍ਰਗਟ ਕਰਨ ਵਾਲੀ ਚਰਚਾ ਦੇਸ਼ ਭਰ ਵਿਚ ਘਰ ਘਰ ਫੈਲ ਗਈ। ਪਿਛੋਂ ਗੁਰੂ ਜੀ ਨੇ ਇੱਕ ਵੱਡੇ ਬ੍ਰਾਹਮਣਾਂ ਦੇ ਇੱਕਠ ਨੂੰ ਭੋਜਨ ਛਕਾਇਆ ਤੇ ਗਰੀਬਾਂ ਅਨਾਥਾਂ ਨੂੰ ਵੰਡਿਆ ਅਤੇ ਨਕਦੀ ਕਪੜੇ ਆਦਿ ਅਨੇਕ ਪ੍ਰਕਾਰ ਦੀ ਦੱਛਣਾਂ ਦੇ ਕੇ ਸਭ ਨੂੰ ਖ਼ੁਸ਼ੀ ਖ਼ੁਸ਼ੀ ਵਿਦਾ ਕੀਤਾ।...

(੨੨੧ ਸਫ਼ੇ ਤੇ--) ਗੁਰੂ ਦੇ ਹੁਕਮ ਨਾਮੇ ਸੁਣਦੇ ਹੀ ਸੈਂਕੜੇ ਸਿੱਖ ਸਮੇਂ ਸਿਰ ਆਣ ਹਾਜ਼ਰ ਹੋਏ। ਉਤਸਵ ਦੇ ਲਈ ਅਨੰਦਪੁਰ ਦੇ ਕੋਲ ਕੇਸਗੜ੍ਹ ਦੇ ਟਿੱਲੇ ਤੇ **ਤੰਬੂ** ਕਨਾਤਾਂ ਚਾਂਦਨੀਆਂ ਲਾ ਦਿੱਤੇ ਗਏ। ਇਕ ਕਿਨਾਰੇ ਤੇ ਮੈਦਾਨ ਵਿਚ ਗੁਰੂ ਜੀ ਨੇ **ਆਪਣਾ ਤੰਬੂ ਲਗਾਇਆ** ਅਤੇ ਨਿਯਤ ਸਮੇਂ ਤੇ ਆਪਣੇ ਸਿੱਖਾਂ ਦੇ ਵੱਡੇ ਇਕੱਠ ਹੋਣ ਬਾਅਦ ਆਪ ਚਮਕਦੀ ਹੋਈ ਨੰਗੀ ਤਲਵਾਰ ਹੱਥ ਵਿਚ ਲੈ ਕੇ ਭਰੀ ਸਭਾ ਵਿਚ ਆਣ ਖੜੇ ਹੋਏ। - - - -ਗੁਰੂ ਜੀ ਨੇ ਹੱਥ ਵਿਚ ਤਲਵਾਰ ਨੂੰ ਉਚੀ ਕਰਕੇ ਪੁਕਾਰਿਆ ਕਿ ਕੀ ਕੋਈ ਇਸ ਭਰੀ ਸਭਾ ਵਿਚ ਐਸਾ ਵੀ ਗੁਰੂ ਦਾ ਪਿਆਰਾ ਹੈ ਜੋ ਆਪਣਾ ਆਪ ਗੁਰੂ ਦੇ ਅਰਪਣ ਕਰੇ। **ਸਾਨੂੰ ਵੀ ਪਿਆਰੇ ਸਿੱਖ ਦੀ ਬਲੀ ਦੇ ਕੇ ਇੱਕ ਵੱਡਾ ਦੇਵਤਾ ਖ਼ੁਸ਼ ਕਰਨ ਦੀ ਜ਼ਰੂਰਤ ਹੈ। ਸਿਖ ਨੂੰ ਸ਼ਾਸਤਰਾਂ ਵਿਚ ਪੁੱਤ੍ਰ ਲਿਖਿਆ ਹੈ। ਜੇ ਤੁਹਾਡੇ ਵਿਚੋਂ ਕੋਈ ਨਹੀਂ ਉਠੇਗਾ ਤਾਂ ਅਸੀਂ ਆਪਣੇ ਪੁੱਤਰ ਦੀ ਬਲੀ ਤਾਂ ਜ਼ਰੂਰ ਦੇਵਾਂਗੇ।** - - - ਸਾਰਿਆਂ ਦੇ ਮੂੰਹ ਪੀਲੇ ਪੈ ਗਏ - -ਲੋਕਾਂ ਨੂੰ ਨਿਸਚਾ ਹੋ ਗਿਆ ਕਿ ਗੁਰੂ ਦੀ ਬੁੱਧੀ ਇਸ ਸਮੇਂ ਟਿਕਾਣੇ ਨਹੀਂ ਹੈ। ਥੋਹੜੀ ਦੇਰ ਪਿਛੋਂ ਗੁਰੂ ਜੀ ਨੇ ਪੁਕਾਰਿਆ ਕਿ, ਕੀ ਸਾਡੇ ਸਿੱਖਾਂ ਵਿਚ ਕੋਈ ਵੀ ਧਰਮ ਉਤੇ ਸੀਸ ਦੇਣ ਵਾਲਾ ਨਹੀਂ ਹੈ ? ਤਾਂ ਲਾਹੌਰ ਦਾ ਖੱਤਰੀ ਕੁਲ ਦਾ ਭਾਈ ਦਇਆ ਰਾਮ ਹੱਥ ਜੋੜ ਕੇ ਬੋਲਿਆ ਕਿ ਗੁਰੂ ਜੀ ਇਸ ਦਾਸ ਦਾ ਸੀਸ ਧਰਮ ਉਤੇ ਬਲੀਦਾਨ ਹੋਣ ਲਈ ਆਪ ਦੀ ਸੇਵਾ ਵਿਚ ਹਾਜ਼ਰ ਹੈ। ਉਸ ਨੂੰ ਗੁਰੂ ਜੀ ਨੇ ਆਪਣੇ ਕੋਲ ਬੁਲਾ ਲਿਆ ਅਤੇ ਪਹਿਲਾਂ ਹੀ **ਤੰਬੂ ਦੇ ਅੰਦਰ ਜੋ ਪੰਜ_ਬੱਕਰੇ ਬੰਨ੍ਹ ਰੱਖੇ ਸਨ ਉਨ੍ਹਾਂ ਵਿਚੋਂ ਇੱਕ ਨੂੰ ਕੱਟ ਦਿੱਤਾ ਅਤੇ** ਖੂਨ ਲਿਬੜੀ ਤਲਵਾਰ ਨੂੰ ਲੈ ਕੇ ਫਿਰ ਬਾਹਰ ਸਭ ਦੇ ਸਿਰ ਤੇ ਆਣ ਖੜੇ ਹੋਏ। (ਏਸੇ ਤਰ੍ਹਾਂ ਹਰ ਵਾਰੀ ਬੱਕਰਾ ਕੱਟਣ ਬਾਰੇ ਲਿਖ ਕੇ ਪੰਜਾਂ ਪਿਆਰਿਆਂ ਨੂੰ ਪੰਜ ਪਾਂਡੋ ਅਤੇ ਦਸ਼ਮੇਸ਼ ਜੀ ਨੂੰ ਕ੍ਰਿਸ਼ਨ ਰੂਪ ਲਿਖਿਆ ਹੈ। ਇਸ ਤਰ੍ਹਾਂ ਨਿਰਮਲਿਆਂ ਦਾ ਪੰਥ ਸਿਖੀ ਨੂੰ ਬ੍ਰਾਹਮਣ ਦੀ ਝੋਲੀ ਵਿਚ ਪਾਈ ਜਾਣ ਦੀ ਸੇਵਾ ਬੜੇ ਜ਼ੋਰ-ਸ਼ੋਰ ਨਾਲ ਨਿਭਾ ਰਿਹਾ ਹੈ) ..... ।

ਏਸੇ ਸਨਮਾਨ ਜੋਗ ਲਿਖਾਰੀ ਨੇ ਪੁਸਤਕ ੨੨੩ ਸਫ਼ੇ ਤੇ " **ਖ਼ਾਲਸੇ ਦੀ ਰਚਨਾ** " ਸਿਰਲੇਖ ਹੇਠ ਇਸ ਪ੍ਰਕਾਰ ਲਿਖਿਆ ਹੈ:--

ਦੂਸਰੇ ਦਿਨ ਸੰਮਤ 1756 ਬਿਕ੍ਰਮੀ ਦੇ ਐਤਵਾਰ ਵਿਸਾਖੀ ਵਾਲੇ ਦਿਨ ਕੇਸਗੜ੍ਹ ਦੇ ਕਿਲ੍ਹੇ ਵਿਚ ਗੁਰੂ ਜੀ ਨੇ ਆਮ ਸਿਖਾਂ ਦਾ ਦਰਬਾਰ ਲਗਾਇਆ ਅਤੇ ਉਨ੍ਹਾਂ ਪ੍ਰੀਖਿਆ ਵਿਚ ਸਫ਼ਲ ਹੋਏ ਪੰਜ ਸਿਖਾਂ ਨੂੰ **ਸਮਾਜ ਦੇ ਸਾਮ੍ਹਣੇ ਖੜਾ ਕਰ ਦਿੱਤਾ** ਅਤੇ ਦਰਿਆ ਸਤਲੁਜ ਵਿਚੋਂ ਇਕ ਲੋਹੇ ਦੇ ਬਾਟੇ ਵਿਚ ਜਲ ਭਰ ਕੇ **ਪਤਾਸਿਆਂ ਦਾ ਸ਼ਰਬਤ ਬਣਾਇਆ**। ਫੇਰ ਜਪੁਜੀ, ਜਾਪ, ਸਵੱਯੇ, ਚੌਪਈ ਅਤੇ ਅਨੰਦ ਸਾਹਿਬ ਦਾ ਪਾਠ ਕਰਦੇ ਹੋਏ **ਉਸ ਸ਼ਰਬਤ ਵਿਚ** ਲੋਹੇ ਦੇ ਖੰਡੇ ਨੂੰ ਫੇਰਨ ਲੱਗੇ। ਜਦ ਸਭ ਬਾਣੀਆਂ ਦਾ ਪਾਠ ਪੂਰਾ ਹੋਇਆ ਤਾਂ ਗੁਰੂ ਬਾਣੀ ਨਾਲ **ਤਿਆਰ ਹੋਏ ਸ਼ਰਬਤ ਦਾ ਨਾਂ ਗੁਰੂ ਜੀ ਨੇ ਅੰਮ੍ਰਿਤ ਰੱਖਿਆ। ............** ਹਰ ਇਕ ਨੂੰ ਅੰਮ੍ਰਿਤ ਛਕਾਉਂਣ ਪਿਛੋਂ " ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ ਸ਼ਬਦ ਦਾ ਉੱਚੀ ਆਵਾਜ਼ ਵਿਚ ਉਚਾਰਨ ਕੀਤਾ ਗਿਆ। ਇਸੇ ਤਰ੍ਹਾਂ ਵਾਰੀ ਵਾਰੀ ਸਭ ਨੂੰ ਇਸੇ ਸੰਸਕਾਰ ਨਾਲ ਅੰਮ੍ਰਿਤ ਛਕਾਇਆ ਗਿਆ। ਪਿਛੋਂ ਲੋਹੇ ਦੇ ਬਾਟੇ ਵਿਚ ਪੰਜਾਂ ਨੂੰ ਕੜਾਹ ਪ੍ਰਸ਼ਾਦ ਖਾਣ ਨੂੰ ਦਿੱਤਾ, ਜਿਸ ਨੂੰ ਪੰਜਾਂ ਨੇ ਮਿਲਕੇ ਪ੍ਰੇਮ ਨਾਲ ਖਾਧਾ। ਗੁਰੂ ਗੋਬਿੰਦਸਿੰਘ ਜੀ ਨੇ ਇਸ ਸੰਸਕਾਰ ਦਾ ਨਾਮ ਅੰਮ੍ਰਿਤ ਸੰਸਕਾਰ ਰੱਖਿਆ, ਅਰਥਾਤ ਇਸ ਸੰਸਕਾਰ ਯੁਕਤ ਮਨੁੱਖ ਸੂਰਬੀਰ ਹੋ ਕੇ ਅਮਰ ਹੋ ਜਾਂਦਾ ਹੈ। **ਸਿਖਾਂ ਵਿਚ ਇਸ ਸੰਸਕਾਰ ਦਾ ਪਰਚਾਰ ਜਨੇਊ ਸੰਸਕਾਰ ਦੇ ਸਥਾਨ ਉਤੇ ਹੋਇਆ ਕਰਦਾ ਹੈ** "। ਅਜੇਹਾ ਕਈ ਕੁਝ ਲਿਖ ਕੇ ਸਤਿਗੁਰਾਂ ਨੂੰ ਹੀ ਬਿੱਪ੍ਰਨ ਕੀ ਰੀਤ ਦੇ ਧਾਰਨੀ ਦਰਸਾਇਆ ਹੈ ਅਤੇ ਗੁਰਮਤਿ ਸਿਧਾਂਤ ਦੀ ਖੰਡਨਾਂ ਕਰਨ ਵਾਲੀਆਂ ਕਈ ਗੱਲਾਂ ਲਿਖੀਆਂ ਹਨ।

**ਵਿਚਾਰ:**--ਇਸ ਨਿਰਮਲ ਸੰਨਿਆਸੀ ਜੀ ਨੇ ਨਿਰਾ ਅੰਮਿਤ ਸੰਚਾਰ ਨੂੰ ਜਨੇਊ ਸੰਸਕਾਰ ਵਰਗਾ ਹੀ ਨਹੀਂ ਲਿਖਿਆ ਸਗੋਂ, ਦੇਵੀ ਦੀ ਪੂਜਾ, ਦੇਵਤੇ ਨੂੰ ਬਲੀ ਦੇਣ ਦੀ ਗੱਲ, ਦਸ਼ਮੇਸ਼ ਜੀ ਦੇ ਮੁਖਾਰਬਿੰਦ ਵਿਚੋਂ ਕਹੀ ਦਰਸਾਉਣੀ, ਬ੍ਰਾਹਮਣਾਂ ਨੂੰ ਦਾਨ ਦੱਛਣਾ ਦੇਣੀ, ਖੱਤਰੀ ਧਰਮ ਦੀ ਪਾਲਣਾ ਦਾ ਉਪਦੇਸ਼ ਦੇਣਾ, ਵੇਦਾ ਦੀ ਸਿਖਿਆ ਦਾ ਸਤਕਾਰ ਕਰਨਾ, ਪੰਜਾਂ ਪਿਆਰਿਆਂ ਨੂੰ ਪੰਜ ਪਾਂਡੋ ਅਤੇ ਦਸ਼ਮੇਸ਼ ਜੀ ਨੂੰ ਸ੍ਰੀ ਕ੍ਰਿਸ਼ਨ ਲਿਖਣ ਜੇਹਾ ਕਈ ਕੁਝ, ਗੁਰੂ ਇਤਿਹਾਸ ਨੂੰ ਦੂਸ਼ਤ ਕਰਨ ਵਾਲਾ ਅਤੇ ਗੁਰਮਤ-ਸਿਧਾਂਤ ਦੀ ਖੰਡਨਾ ਕਰਨ ਵਾਲਾ ਅਥਵਾ ਖ਼ਾਲਸਾ ਜੀ ਨੂੰ ਬਿੱਪ੍ਰਨ ਕੀ ਰੀਤ ਦੇ ਧਾਰਨੀ ਬਣਾਉਣ ਵਾਲਾ ਹੈ। ਪਰ ਪੰਥਕ ਮਰਯਾਦਾ ਦੀ ਰਾਖੀ ਦੀ ਜ਼ਿਮੇਵਾਰੀ ਨਿਭਾਉਣ ਲਈ ਜਿਨ੍ਹਾਂ ਪੰਥਕ-ਜਥੇਦਾਰਾਂ ਨੂੰ ਦਸ਼ਮੇਸ਼ ਜੀ ਨੇ ਗੁਰ-ਗੱਦੀ ਦੀ ਭਾਈਵਾਲੀ ਬਖ਼ਸ਼ਸ਼ ਕੀਤੀ ਸੀ ਉਨ੍ਹਾਂ ਦੇ ਕੰਨ ਤੇ ਜੂੰ ਤੱਕ ਨਹੀਂ ਸਰਕੀ। ਬਾਰ ਬਾਰ ਮਨ ਵਿਚ ਏਹੀ ਚਿੰਤਾ ਡੇਰੇ ਆ ਲਾਉਂਦੀ ਕਿ ਅਜੇਹੀਆਂ ਅਣਗਹਿਲੀਆਂ ਕਰਨ ਵਾਲਿਆਂ ਨੂੰ ਸਾਨੂੰ ਕੀ ਤੇਜ ਪ੍ਰਤਾਪ ਮਿਲ ਸਕੇਗਾ? ਹੋਰ ਵੀ ਕਈ ਲਿਖਾਰੀਆਂ ਨੇ ਤੰਬੂ ਦੇ ਅੰਦਰ ਬੱਕਰੇ ਝਟਕਾਏ ਲਿਖੇ ਹਨ।

ਜਿਸ ਇਲਾਕੇ ਵਿਚੋਂ ਬੱਕਰੇ ਮੰਗਵਾਏ ਜਾਣੇ ਸਨ ਅਨੰਦ ਪੁਰ ਦੇ ਚੁਗਿਰਦੇ ਦੇ ਵਾਸੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਪਰੇ ਥਾਂ ਆ ਕੇ ਬੱਕਰੇ ਮੈਂ ਮੈਂ ਦਾ ਰੋਲਾ ਕੇਵਲ ਝਟਕਾਏ ਜਾਣ ਤੇ ਹੀ ਬੰਦ ਕਰਦੇ ਹਨ। ਬੱਕਰੇ ਵੇਚਣ ਵਾਲੇ ਅਤੇ ਖ਼ਰੀਦ ਕੇ ਲਿਆਉਣ ਵਾਲੇ, ਕਈ ਮਨੁੱਖਾਂ ਤਕ ਪੁੱਜ ਚੁੱਕੀ ਗੱਲ ਪ੍ਰੀਖਿਆ ਦੀ ਘੜੀ ਤੱਕ ਕਦੇ ਗੁਪਤ ਨਹੀਂ ਸੀ ਰਹਿ ਸਕਦੀ। ਜ਼ਰਾ ਵੀ ਹਵਾ ਬਾਹਰ ਨਿਕਲ ਜਾਣੀ ਪ੍ਰੀਖਿਆ ਦਾ ਮੰਤਵ ਨਸ਼ਟ ਕਰ ਸਕਦੀ ਸੀ। ਅਤੇ ਫਿਰ ਅਜੇਹੀ ਗੱਲ ਗੁਪਤ ਰੱਖਣ ਦੀ ਪਾਬੰਦੀ ਕੇਵਲ ਦਸ਼ਮੇਸ਼ ਜੀ ਹੀ ਲਾ ਸਕਦੇ ਸਨ। ਸੋ ਜ਼ਰਾ ਵਿਚਾਰ ਕਰੀਏ ਕਿ ਜਿਨ੍ਹਾਂ ਲੋਕਾਂ ਨੂੰ ਦਸ਼ਮੇਸ਼ ਜੀ ਨੇ ਭੇਤ ਦੇ ਸਾਂਝੀਵਾਲ ਬਣਾਉਣਾ ਸੀ ਉਨ੍ਹਾਂ ਦੀਆਂ ਨਜ਼ਰਾਂ ਵਿਚ ਸਤਿਗੁਰਾਂ ਦੀ ਇੱਜ਼ਤ ਕੀ ਰਹਿ ਜਾਣੀ ਸੀ? ਪਾਠਕ ਸੱਜਣ ਬਿਬੇਤਾ ਨਾਲ ਵਿਚਾਰ ਕਰਨ ਕਿ ਅਜੇਹਾ ਲਿਖਣ ਵਾਲਿਆਂ ਨੂੰ ਗੁਰਸਿੱਖ ਮਨਣਾ ਚਾਹੀਦਾ ਹੈ ਕਿ ਜਾਂ ਸਤਿਗੁਰਾਂ ਦੇ ਨਿੰਦਕ ਅਤੇ ਪੰਥ ਦੁਸ਼ਮਨ ?

(ਸ) ਉਰਦੂ ਜ਼ਬਾਨ ਵਿਚ ਇੱਕ ਮੁਹਵਰਾ ਹੈ--**ਛੋਟੇ ਮੀਆਂ ਸੋ ਛੋਟੇ ਮੀਆਂ, ਬੜੇ ਮੀਆਂ ਸੁਭਾਨ ਅੱਲਾਹ**--ਸ੍ਰੀ ਮਾਨ ਪੰਥ ਰਤਨ ਵਿਦਯਾ ਮਾਰਤੰਡ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ (ਸੱਚ ਖੰਡ ਵਾਸੀ) ਨੂੰ ਬੱਕਰੇ ਝਟਕਾਉਣ ਵਾਲੀ

ਗੱਲ ਚੰਗੀ ਨਹੀਂ ਲੱਗੀ। ਉਨ੍ਹਾਂ ਨੇ ਆਪਣੀ " ਗੁਰਮਤਿ ਰਹਿਤ ਮਰਯਾਦਾ " ਪੁਸਤਕ ਵਿਚ ਸੰਤਤਾਈ ਦੀ ਬੋਲੀ ਵਿਚ ਬਿਲਕੁਲ ਅੱਡਰੇ ਢੰਗ ਦੀ ਗੱਲ ਲਿਖੀ ਹੈ। ਸੰਤਾਂ ਮਹਾਂਪੁਰਖਾਂ ਦਾ ਕਥਨ ਹੈ ਕਿ ਸਤਿਗੁਰਾਂ ਨੇ **ਬੜੇ ਗੁਪਤ ਢੰਗ ਨਾਲ ਤੰਬੂ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼*** ਕਰਾ ਲਿਆ ਹੋਇਆ ਸੀ ਅਤੇ ਸਿੱਖਾਂ ਦੇ **ਸੀਸ ਵੱਢ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟਾ** ਕਰੀ ਜਾਂਦੇ ਸਨ।

[* **Foot note:--**ਮਾਸੁ ਮਾਸੁ ਕਰਿ ਮੂਰਖੁ ਝਗੜੇ " ਪੁਸਤਕ ਵਿਚ ਛਪ ਚੁੱਕੀ ਸੰਤਾਂ ਨੂੰ ਲਿਖੀ ਚਿੱਠੀ ਵਿਚ ਇਸ ਬਾਰੇ ਵਿਸਥਾਰ ਨਾਲ ਵਿਚਾਰ ਲਿਖੀ ਹੋਈ ਹੈ )

## ਵਿਚਾਰ:--

ਸੰਤ ਮਹਾਂ ਪੁਰਖ ਜੀ ਇੱਕ ਪਾਸੇ ਤਾਂ ਇਹ ਲਿਖਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਸ਼ਮੇਸ਼ ਜੀ **ਗੁਪਤ ਢੰਗ ਨਾਲ ਕਰਾਇਆ ਸੀ,** ਫਿਰ ਇਹ ਨਹੀਂ ਲਿਖਿਆ ਕਿ ਜਿਸ ਗੱਲ ਨੂੰ ਦਸ਼ਮੇਸ਼ ਜੀ ਨੇ ਗੁਪਤ ਰਖਿਆ ਸੀ ਉਸ ਦਾ ਪਤਾ ਉਨ੍ਹਾਂ (ਸੰਤ ਜੀ) ਨੂੰ ਕਿਵੇਂ ਲੱਗ ਗਿਆ? ਜਿਸ ਖ਼ਬਰ ਨੂੰ ਸਮਰੱਥ ਗੁਰੂ ਦਸ਼ਮੇਸ਼ ਜੀ, ਗੁਪਤ ਰੱਖਣੀ ਚਾਹੁੰਦੇ ਸਨ ਉਹ ਗੱਲ ਉਨ੍ਹਾਂ ਦੀ ਮਰਜ਼ੀ ਤੋਂ ਵਿਰੁੱਧ ਬਾਹਰ ਕਿਵੇਂ ਨਿਕਲੀ? ਕੀ ਸੰਤਾਂ ਦਾ ਇਹ ਭਾਵ ਹੈ ਕਿ, " ਆਪਣੇ ਵਲੋਂ ਬੜੀ ਸਾਵਧਾਨੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਪਤ ਢੰਗ ਨਾਲ ਕਰਾਇਆ ਸੀ ਪਰ ਦਸ਼ਮੇਸ਼ ਇਸ ਭੇਤ ਨੂੰ ਗੁਪਤ ਰੱਖਣ ਵਿਚ ਅਸਫ਼ਲ ਰਹੇ। ਕਿੱਡੀ ਅਸਚਰਜ ਗੱਲ ਹੈ ਕਿ ਦਸਮਗੁਰੂ ਨਾਨਕ ਜੀ ਦਾ ਇਹ ਗੁਝਾ ਭੇਤ ਸੰਤਾ ਦੀ ਪੁਸਤਕਾਂ ਵਿਚ ਛਪ ਗਿਆ? ਫਿਰ ਜਦ ਸੰਤ ਜੀ ਨੂੰ ਸਤਿਗੁਰਾਂ ਦੀ ਕਿਸੇ ਭੇਤ ਵਾਲੀ ਗੱਲ ਦਾ ਪਤਾ ਲੱਗ ਹੀ ਗਿਆ ਸੀ ਤਾਂ ਕੀ ਇਹ ਗੁਰਸਿੱਖ ਦਾ ਕਰਮ ਹੈ ਕਿ ਆਪਣੇ ਸਤਿਗੁਰਾਂ ਦਾ ਕੋਈ ਭੇਤ ਨਸ਼ਰ ਕਰੇ? ੮੦/੯੦ ਹਜ਼ਾਰ ਦੇ ਇਕੱਠ ਵਿਚ, ਤੰਬੂ ਦੇ ਅੰਦਰ ਦੀ ਕਿਸੇ ਗੱਲ ਦੀ ਜੇ ਜ਼ਰਾ ਭਿਣਕ ਵੀ ਬਾਹਰ ਪੈ ਜਾਂਦੀ, ਤਾਂ ਸਾਰੇ ਭਾਰਤ ਵਿਚ ਉਸ ਦੀ ਅਜੇਹੀ ਚਰਚਾ ਖਿੱਲਰ ਜਾਣੀ ਸੀ ਕਿ, ਇਤਿਹਾਸਕਾਰਾਂ ਲਈ ਅੰਦਰ ਦੀ ਘਟਣਾਂ ਬਾਰੇ ਅਨੁਮਾਣ ਲਾਉਣ ਦੀ ਲੋੜ ਮੁੱਕ ਗਈ ਹੁੰਦੀ। ਅਸਲ ਗੱਲ ਦਲ ਦਾ ਕਿਸੇ ਨੂੰ ਕੱਖ ਪਤਾ ਨਹੀਂ ਹੈ। ਸਭ ਗੁਰਮਤਿ ਵਿਰੋਧੀ ਢਕੌਂਸਲੇ ਬਾਜ਼ੀ ਹੈ।

**ਜੇ ਤੰਬੂ ਲਾਏ ਜਾਣ ਦੀ ਗੱਲ ਸੱਚ ਹੈ, ਤਾਂ, ਗੁਰੂ ਦੇ ਸਿਦਕੀ ਸਿੰਘ ਅਖਾਵਾਉਣ ਵਾਲਿਆ ਦੀ ਸਾਡੀ ਕੀ ਇਹ ਕਰਤੂਤ ਸਿੱਖੀ ਆਚਰਨ ਦੇ ਅਨਕੂਲ ਹੀ ਹੈ ?:-----**

ਆਮ ਹਾਲਤਾਂ ਵਿਚ ਵੀ ਜੇ ਕਿਸੇ ਨੇ ਕੋਈ ਪਰਦਾ ਕੀਤਾ ਹੋਇਆ ਹੋਵੇ ਤਾਂ ਭਲੇ ਲੋਕ ਉਸ ਪਰਦੇ ਦੀ ਹੱਦ ਨਹੀਂ ਟੱਪਦੇ। ਦੇਸ਼ ਦੀ ਵੰਡ ਸਮੇ ਜਦ ਹਜ਼ਾਰਾਂ ਲੋਕ ਆਪਣੀਆਂ ਜਾਂਨਾਂ ਬਚਾਉਣ ਲਈ ਜਥਿਆਂ ਦੀ ਸ਼ਕਲ ਵਿਚ ਆਪਣੇ ਆਪਣੇ ਦੇਸ਼ ਵੱਲ ਨੂੰ ਭੱਜੇ ਜਾ ਰਹੇ ਸਨ ਤਾਂ ਕਈ ਮਾਂਵਾਂ ਨੇ ਕੇਵਲ ਚਾਦਰ ਜਾਂ ਖੇਸ ਦੇ ਪਰਦੇ ਉਹਲੇ ਬਚਿਆਂ ਨੂੰ ਜਨਮ ਦਿੱਤਾ ਸੀ। ਕਿਸੇ ਨੀਚ ਤੋਂ ਨੀਚ ਰੁਚੀ ਵਾਲੇ ਮਨੁੱਖ ਨੇ ਵੀ ਪਰਦੇ ਤੋਂ ਪਰਲੇ ਬੰਨੇ ਨਹੀਂ ਸੀ ਝਾਕਿਆ। ਪਰਦਾ ਕਰ ਲੈਣ ਵਾਲੇ ਦੀ ਦਿਲੀ ਇਛਿਆ ਇਹ ਹੁੰਦੀ ਹੈ ਕਿ ਉਸ ਦੇ ਕੀਤੇ ਪਰਦੇ ਦੇ ਅੰਦਰ ਕੋਈ ਝਾਤੀ ਨਾ ਮਾਰੇ ।

ਮਨ ਲਉ ਕਿ, ਲਾਸਾਨੀ ਅਤੇ ਮਹਾਂਨ ਉਪਕਾਰੀ ਸਤਿਗੁਰੂ ਜੀ ਨੇ ਬੜਾ ਕੀਮਤੀ ਅਤੇ ਮਜ਼ਬੂਤ ਤੰਬੂ ਲਾ ਕੇ ਦੂਜਿਆਂ ਦੇ ਭਲੇ ਲਈ ਕੋਈ ਗੱਲ ਲੁਕਾਈ ਰੱਖਣੀ ਚਾਹੀ। ਕਿਸੇ ਵੈਰੀ ਨੇ ਤਾਂ ਭਾਂਵੇ ਸ਼ਰਮ ਕੀਤੀ ਹੀ ਹੋਵੇ, ਪਰ ਗੁਰੂ ਦੇ ਆਪਣੇ ਸਿੱਖ ਗੁਰੂ ਦੇ ਪਰਦੇ ਨੂੰ ਲੀਰੋ ਲੀਰ ਕਰ ਕੇ ਅੰਦਰ ਵੇਖਣ ਲਈ ਕਾਹਲੇ ਪਏ ਹੋਏ ਜ਼ਰਾ ਸ਼ਰਮ ਨਹੀਂ ਮੰਨ ਰਹੇ। ਸਤਿਗੁਰੂ ਜੀ ਤਾਂ ਰੋਜ਼ ਹੀ ਸਿੱਖ ਦੇ ਪਰਦੇ ਕੱਜਦੇ ਹਨ ਪਰ ਗੁਰੂ ਦਾ ਪਰਦਾ ਨੰਗਾ ਕਰ ਦੇਣ ਦੀ ਦੌੜ ਵਿਚ ਅੱਗੇ ਲੰਘ ਜਾਣ ਦੀ ਏਡੀ ਕਾਹਲ ਪਈ ਹੋਈ ਹੈ ਕਿ ਸੰਤ ਮਹਾਤਮਾਂ ਵੀ ਤੰਬੂ ਦੇ ਅੰਦਰ ਝਾਤੀਆਂ ਮਾਰਨੋਂ ਬਾਜ਼ ਨਹੀਂ ਆਉਂਦੇ। ਪਰਦੇ ਤੋਂ ਪਾਰ ਲੰਘਣ ਵਾਲਾ ਭਾਂਵੇਂ ਕੋਈ ਚਪਲ ਬੁੱਧੀ ਵਿਦਵਾਨ-ਲਿਖਾਰੀ ਸੀ ਤੇ ਭਾਂਵੇਂ ਕੋਈ ਵਿਦਿਆ ਮਾਰਤੰਡ ਸੰਤ ਮਹਾਂ ਪੁਰਖ ਸੀ, ਕਿਸੇ ਨੂੰ ਕੱਖ ਪਤਾ ਨਹੀਂ ਲੱਗ ਸਕਿਆ ਕਿ ਪੰਥ ਦੀ ਪ੍ਰੀਖਿਆ ਵਾਲੇ ਦਿਨ ਕੇਸ ਗੜ੍ਹ ਸਾਹਿਬ ਤੇ ਲੱਗੇ ਤੰਬੂ ਦੇ ਅੰਦਰ ਕੀ ਕੌਤਕ ਵਰਤਿਆ ਸੀ ? ਸ੍ਰੀ ਰਾਮ ਚੰਦ੍ਰ ਜੀ ਦੇ ਭਰਾ, ਲਛਮਣ ਦੀ ਖਿੱਚੀ ਲਕੀਰ ਨੂੰ ਟੱਪ ਜਾਣ ਵਾਲੀ ਮਾਈ ਸੀਤਾ ਜੀ, ਘਰ ਘਾਟ ਗੁਆ ਬੈਠੀ ਅਤੇ ਸਾਰੀ ਉਮਰ ਜੰਗਲਾਂ ਦੀ ਮਿੱਟੀ ਫੱਕਦੀ ਸੰਸਾਰ ਤੋਂ ਤੁਰ ਗਈ ਸੀ। ਜ਼ਰਾ ਵਿਚਾਰ ਕਰੀਏ, ਕਿ ਮਹਾਂ ਬਲੀ ਦਸ਼ਮੇਸ਼ ਜੀ ਦੇ ਲਾਏ ਪੜਦੇ ਦੀ ਹੱਦ ਨੂੰ ਟੱਪ ਜਾਣ ਵਾਲਾ ਕੋਝਾ ਕਾਰਾ, ਕਿਤੇ ਸਾਡੀ ਨਿੱਤ ਦੀ ਨਮੋਸ਼ੀ ਦਾ ਕਾਰਨ ਤਾਂ ਨਹੀਂ ਬਣ ਰਿਹਾ? ਵੇਖਣਾ ਤਾਂ ਇਹ ਸੀ ਕਿ ਪ੍ਰੀਖਿਆ ਪੱਤ੍ਰ ਵਿਚ ਕਿਤੇ ਕੋਈ ਕਮਜ਼ੋਰੀ ਤਾਂ ਨਹੀਂ ਸੀ ਰਹਿ ਗਈ। ਕੀ ਆਖ਼ਰੀ ਘੜੀਆਂ ਤੱਕ ਦੀਵਾਨ ਵਿਚ ਬੈਠੇ ਸਾਰੇ ਸਿੱਖਾਂ ਦੀਆਂ ਅੱਖੀਆਂ ਸਾਂਹਮਣੇ ਮੌਤ ਨਾਚ ਨਹੀਂ ਸੀ ਕਰਦੀ ਰਹੀ? ਕਲਗੀਧਰ ਜੀ ਅਤੇ ਪੰਜਾਂ ਪਿਆਰਿਆਂ ਦੇ ਸਟੇਜ ਤੇ ਆ ਜਾਣ ਤੋਂ ਪਹਿਲਾਂ, ਕੀ ਬਾਹਰ ਬੈਠੀ ਸੰਗਤ ਦੇ ਮਨ ਦਾ ਤੌਖ਼ਲਾ ਜ਼ਰਾ ਵੀ ਘੱਟ ਹੋਇਆ ਸੀ? ਏਡਾ ਸੱਖਤ ਭੇਤ ਭਰਿਆ ਸੀ ਦਸ਼ਮੇਸ਼ ਜੀ ਦਾ ਤਿਆਰ ਕੀਤਾ ਪ੍ਰੀਖਿਆ ਪੱਤ੍ਰ, ਕਿ ਮੌਤ ਤੋਂ ਡਰਦੇ ਮਾਰੇ ਕਈ ਸਿੱਖ ਕਮਜ਼ੋਰ ਹਿਰਦੇ ਵਾਲੇ ਸਿੱਖ ਉਂਜ ਹੀ ਪੱਤਰਾ ਵਾਚ ਗਏ ਵੀ ਇਨ੍ਹਾਂ ਲਿਖਾਰੀਆਂ ਨੇ ਆਪ ਹੀ ਲਿਖਿਆ ਹੈ।

ਤੰਬੂ ਦੇ ਅੰਦਰ ਕੀ ਹੋਇਆ ਸੀ ? ਇਹ ਜਾਣਨ ਦੀ ਇਛਿਆ ਪੈਦਾ ਹੋਣੀ ਹੀ, ਗੁਰੂ ਤੋਂ ਬੇਮੁਖਤਾ ਹੈ, ਆਪਣੇ ਪਿਆਰੇ ਸਤਿਗੁਰੂ ਜੀ ਤੋਂ ਬਗ਼ਾਵਤ ਹੈ। ਆਪਣੇ ਇਸ਼ਟ ਨਾਲ ਅਜੇਹੀ ਗੁਸਤਾਖੀ, ਜਾਂ ਬ੍ਰਾਹਮਣ ਕਰ ਸਕਦਾ ਹੈ ਅਤੇ ਜਾਂ ਫਿਰ ਗੱਦੀਦਾਰ-ਸੰਤ-ਮਹਾਂਪੁਰਖ ਹੀ ਕਰ ਸਕਦਾ ਹੈ। ਗੁਰੂ ਕੇ ਸਿਦਕੀ ਸਿੱਖ ਨੂੰ ਅਜੇਹਾ ਸੋਚਣ ਦੀ ਕੀ ਲੋੜ? ਓਧਰ ਸ੍ਰੀ ਕ੍ਰਿਸ਼ਨ ਜੀ ਦੀ ਜਾਨ ਲੈਣ ਵਾਸਤੇ ਯਸ਼ੋਧਰਾ ਮੱਯਾ ਦੇ ਵਿਹੜੇ ਅੰਦਰ ਕੋਈ ਬ੍ਰਾਹਮਣ ਹੀ ਲੰਘ ਸਕਦਾ ਸੀ, ਅਤੇ ਏਧਰ ਕੋਈ ਡੇਰੇਦਾਰ-ਮਹਾਂਪੁਰਖ ਹੀ ਸਤਿਗੁਰਾਂ ਦੇ ਪਰਦੇ ਦੀ ਲਕੀਰ ਤੋਂ ਪਾਰ ਲੰਘਣ ਦਾ ਪਾਪ ਕਰ ਸਕਦਾ ਹੈ, ਸਤਿਗੁਰਾਂ ਦਾ ਸਿੱਖ ਏਡਾ ਨੀਚ-ਕਰਮੀ ਕਿਉਂ ਬਣੇ? ਕੀ ਇਹ ਗੰਭੀਰਤਾ ਨਾਲ ਆਪਾ ਫ਼ਰੋਲਣ ਵਾਲਾ ਮਸਲਾ ਨਹੀ ਕਿ ਕਿਤੇ ਸਾਡੀਆਂ ਅਜੇਹੀਆਂ ਹੀ ਭੁੱਲਾਂ ਕਰਕੇ ਹੀ ' ਹਰ ਮੈਦਾਨ ਫ਼ਤਹ " ਵਾਲੀ ਸਾਡੀ ਮੰਗ ਅਰਦਾਸਾਂ ਦੇ ਬੋਲਾਂ ਤੱਕ ਹੀ ਅਟਕ ਚੁੱਕੀ ਹੈ। '

ਅਸਲ ਗੱਲ ਏਹੀ ਹੈ ਕਿ ਜਿਸ ਤੰਬੂ ਦੇ ਲੱਗਣ ਨਾਲ ਏਡੇ ਭਰਮ ਭੁਲੇਖੇ ਜੁੜੇ ਹੋਏ ਹਨ, ਤੰਬੂ ਲਾਉਣ ਵਾਲਾ ਅਜੇਹਾ ਭਰਮ-ਡਰਾਮਾ ਸਤਿਗੁਰਾਂ ਨੇ ਕੀਤਾ ਹੀ ਨਹੀਂ ਸੀ। ਜੋ ਹੋਇਆ ਸੰਸਾਰ ਦੇ ਵੇਖਦਿਆਂ, ਸਾਰਿਆਂ ਦੇ ਸਾਹਮਣੇ ਹੀ ਹੋਇਆ ਸੀ।

## <u>ਇੱਕ ਪੱਖ</u> ਇਹ ਵੀ ਹੈ---

ਗੁਰੁ-ਬਾਣੀ ਵਿਚ ਰਲਾ ਪਾਉਣ ਦੀ ਕੋਝੀ ਕਰਤੂਤ ਨਿਸਫ਼ਲ ਹੋ ਜਾਣ ਉਪ੍ਰੰਤ, ਪੰਥਕ ਦੋਖੀਆਂ ਨੇ ਸਿੱਖ ਨੂੰ ਗੁਰਮਤਿ ਗਿਆਨ ਤੋਂ ਅਨਜਾਣ ਰੱਖ ਕੇ ਗੁਰੂ ਇਤਿਹਾਸ ਨੂੰ ਬ੍ਰਾਹਮਣੀ ਰੰਗਤ ਦੇਣ ਦਾ ਯਤਨ ਨਿਰੰਤਰ ਜਾਰੀ ਰਖਿਆ ਹੈ। ਅਸੀਂ ਪਿੱਛੇ ਬੜੀ ਵਿਸਥਾਰ ਨਾਲ ਵਿਚਾਰ ਕਰ ਆਏ ਹਾਂ ਕਿ ਨਿਰਮਲਾ ਪੰਥ ਚਲਾਉਣ ਵਿਚ ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਪਾਵਨ ਨਾਉਂ ਨੂੰ ਵਰਤਣਾ ਕੋਰਾ ਪ੍ਰੋਹਿਤਵਾਦ ਹੈ । ਅਜੇਹੇ ਬੇਯੀਕੇਨੇ ਹਾਲਾਤ ਦੇ ਕਾਰਨ ਗੁਰੂ ਇਤਿਹਾਸ ਦੀ ਅਸਲੀਅਤ ਸਮਝਣ ਦੀ ਚਾਹਤ ਵਾਲੇ ਗੁਰਸਿੱਖਾਂ ਲਈ ਇਹ ਸੱਚ ਮਨ ਲੈਣਾ ਕਠਨ ਬਣ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਜੀ ਦੇ ਚਲਾਏ " ਨਿਰਮਲ ਪੰਥ " ਵਿਚਲੇ, ਤਿਆਗ, ਨਿਰਭੈਤਾ, ਸੂਰਮਤਾਈ ਅਤੇ ਕਰੁਬਾਨੀ ਦੇ ਗੁਣਾਂ ਦੀ ਪਰਖ, ਖੁਲ੍ਹੇ ਦੀਵਾਨ ਵਿਚ ਕਰ ਲੈਣ ਦੀ ਥਾਂ, ਸੱਚ ਦੇ ਅਵਤਾਰ ਮਹਾਂਬਲੀ ਦਸ਼ਮੇਸ਼ ਜੀ ਨੇ ਕੀ ਕੋਈ ਗੰਭੀਰ ਭੇਤ ਲੁਕਾਈ ਰੱਖਣ ਲਈ ਕੀ ਵਾਕਿਆ ਹੀ ਉਥੇ ਕੋਈ ਤੰਬੂ ਲਾ ਲਿਆ ਸੀ----

(ੳ) ਰਤਨ ਸਿੰਘ ਜੀ ਭੰਗੂ ਦੇ ਲਿਖੇ " ਪ੍ਰਾਚੀਨ ਪੰਥ ਪ੍ਰਕਾਸ "  ਵਿਚ ਤੰਬੂ ਆਦਿ ਲਾਉਣ ਦਾ ਜ਼ਿਕਰ ਨਹੀਂ ਹੈ । ਰਤਨ ਸਿੰਘ ਜੀ ਨੇ ਲਿਖਿਆ ਹੈ ਕਿ ਸਤਿਗੁਰਾਂ ਨੇ ਸੰਗਤ ਵਿਚ ਖਲੋਤਿਆਂ ਹੀ ਪੰਜ ਪਿਆਰਿਆਂ ਦੀ ਚੋਣ ਕਰ ਲਈ ਸੀ । ਨੰਗੀ ਤਲਵਾਰ ਕੱਢ ਖਲੋਣ ਦਾ ਵੀ ਕੋਈ ਜ਼ਕਰ ਨਹੀਂ ਹੈ, ਸਿਰਫ਼ ਏਨਾਂ ਹੀ ਲਿਖਿਆ ਹੈ " **ਪੰਜ ਭੁਜੰਗੀ ਲਏ ਉਠਾਇ । ਚਾਰੈ ਬਰਨ ਇਕ ਕੀਏ ਭਰਾਇ** "[ਪ੍ਰਾ:ਪੰਥ ਪ੍ਰ: ਸਫ਼ਾ ੪੩]

(ਅ) ਪ੍ਰੋਫ਼ੈਸਰ ਸਾਹਿਬ ਸਿੰਘ ਜੀ ਡੀ. ਲਿਟ. ਨੇ ਆਪਣੀ ਪੁਸਤਕ " ਸ੍ਰੀ ਗੁਰੂ ਗੋਬਿੰਦ ਸਿੰਘ ਜੀ " ਦੇ ੧੨੫ ਸਫ਼ੇ ਤੇ ਪੰਜ ਪਿਆਰਿਆਂ ਦੀ ਚੋਣ ਬਾਰੇ ਇਉਂ ਲਿਖਿਆ ਹੈ--" ਜਦੋਂ ਦੂਰੋਂ ਦੂਰੋਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਅਨੰਦਪਰ ਆ ਇਕੱਠੇ ਹੋਏ ਤਾਂ ਵੈਸਾਖੀ ਤੋਂ ਪਹਿਲੇ ਦਿਨ ਦੀਵਾਨ ਸਮੇ ਸ੍ਰੀ ਕੇਸਗੜ੍ਹ ਉਤੇ ਖਲੋ ਕੇ ਮਿਆਨ ਵਿਚੋਂ ਲਿਸ਼ਕਦੀ ਤਲਵਾਰ ਕੱਢ ਲਈ ਤੇ ਸ੍ਰੀ ਤਖ਼ਤ ਸਾਹਿਬ ਦੇ ਸਾਹਮਣੇ ਦੀਵਾਨ ਵਿਚ ਬੈਠੇ ਸਿੱਖਾਂ ਨੂੰ ਵੰਗਾਰ ਕੇ ਕਿਹਾ ਕਿ ਸਾਨੂੰ ਪੰਜ ਸਿਖਾਂ ਦੇ ਸਿਰਾਂ ਦੀ ਲੋੜ ਹੈ । ਸਿੱਖ-ਇਤਿਹਾਸਕਾਰ ਲਿਖਦਾ ਹੇ ਕਿ ਪਹਿਲਾਂ ਤੇ ਕੁਝ ਸਮੇ ਲਈ ਕੁਝ ਦਹਿਸ਼ਤ ਜਿਹੀ ਫੈਲ ਗਈ, ਆਖ਼ਰ ਇਕ ਇਕ ਕਰਕੇ ਵਾਰੀ ਵਾਰੀ ਪੰਜ ਸਿੱਖ ਖਲੋ ਗਏ, ਤੇ ਆਪਣੇ ਸੀਸ ਪੇਸ਼ ਕਰ ਦਿੱਤਓ ਨੇ । ਉਹਨਾਂ ਦੇ ਨਾਮ ਇਹ ਹਨ--ਭਾਈ ਦਇਆ ਰਾਮ, ਧਰਮ ਚੰਦ, ਹਿੰਮਤ ਰਾਇ, ਸਾਹਿਬ ਚੰਦ ਅਤੇ ਮੁਹਕਮ ਚੰਦ।

(ੲ) ਮਹਾਨ ਕੋਸ਼ ੭੯੧ ਸਫ਼ੇ ਦੀ ਲਿਖਤ ਇਸ ਪ੍ਰਕਾਰ ਹੈ--

> " ਖ਼ਾਸ ਕਰਕੇ ਭਾਈ ਦਯਾਸਿੰਘ ਜੀ, ਧਰਮ ਸਿੰਘ ਜੀ, ਮੁਹਕਮਸਿੰਘ ਜੀ, ਸਾਹਿਬ ਸਿੰਘ ਜੀ ਅਤੇ ਹਿੰਮਤ ਸਿੰਘ ਜੀ, ਇਹ ਪੰਜ ਮਹਾਂਪੁਰਖ " **ਪਯਾਰੇ** " ਇਸ ਲਈ  ਕਹੇ ਜਾਂਦੇ ਹਨ ਕਿ ੧ ਵੈਸਾਖ ਸੰਮਤ ੧੭੫੬ ਨੂੰ ਕੇਸਗੜ੍ਹ ਦੇ ਦੀਵਾਨ ਵਿੱਚ ਜਦ ਦਸ਼ਮੇਸ਼ ਜੀ ਨੇ ਨੰਗੀ ਤਲਵਾਰ  ਧੂਹਕੇ  ਫ਼ਰਮਾਇਆ ਕਿ ਜੋ ਪ੍ਰੇਮੀ ਸਿੱਖ ਹੈ ਉਹ ਮੈਨੂੰ ਸੀਸ ਅਰਪਣ ਕਰੇ, ਕਯੋਂਕਿ ਇਸ ਵੇਲੇ ਕੁਰਬਾਨੀ ਦੀ ਜ਼ਰੂਰਤ ਹੈ, ਤਦ ਸਭ ਤੋਂ  ਪਹਿਲਾਂ  ਇਨ੍ਹਾਂ  ਪੰਜਾ  ਨੇ  ਸੀਸ  ਅਰਪਣ  ਕੀਤੇ, ਪਰਮ ਪਿਤਾ ਨੇ ਇਨ੍ਹਾਂ ਨੂੰ ਛਾਤੀ ਨਾਲ ਲਾਕੇ " ਪਯਾਰਾ " ਕਹਿਕੇ ਸੰਬੋਧਨ ਕੀਤਾ ਅਰੇ ਅੰਮ੍ਰਿਤ ਛਕਾਕੇ ਖਾਲਸਾਪੰਥ ਦੀ ਨਿਉਂ ਰੱਖੀ । " ਅਤੇ

(ਸ) ਪ੍ਰੋਫ਼ੈਸਰ ਸ਼ੇਰ ਸਿੰਘ ਜੀ ਐਮ ਏ ਪੀ ਐਚ ਡੀ (ਲੰਡਨ) ਦੀ ਲਿਖੀ ਪੁਸਤਕ " ਗੁਰਮਤਿ ਦਰਸ਼ਨ " ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ਤ ਕੀਤਾ ਹੈ, ਦੇ ੬੭ ਸਫ਼ੇ ਤੇ ਇਸ ਪ੍ਰਕਾਰ ਲਿਖਿਆ ਹੈ--

> ਇਹ ਅਪਰੈਲ ਸੰਨ ੧੬੯੯ ਈਸਵੀ ਦੀ ਗੱਲ ਹੈ ਵੈਸਾਖੀ ਵਾਲੇ ਦਿਨ ਹਜ਼ਾਰਾਂ ਦੇ ਭਰੇ ਦੀਵਾਨ ਵਿਚ ਉਹਨਾਂ ਨੇ ਇਕ ਇਕ ਕਰ ਕੇ  ਪੰਜ ਸੀਸ ਮੰਗੇ ਤੇ ਉਹਨਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਆਪ ਭੀ ਉਹਨਾਂ ਕੋਲੋਂ ਛਕਿਆ । ਇਹ ' ਸਿਰੁ ਧਰਿ ਤਲੀ ' ਸਿਰ-ਲੱਥ ਸੂਰਬੀਰਾਂ ਦੀ ਜਥੇ-ਬੰਦੀ ਦੀ ਨੀਂਹ ਸੀ ਜੋ " ਖ਼ਾਲਸਾ ਪੰਥ " ਦੇ ਨਾਉਂ ਨਾਲ ਪ੍ਰਸਿਧ ਹੋਈ ।

(ਹ) ਭਾਈ ਵੀਰ ਸਿੰਘ ਜੀ ਦੇ ਲਿਖੇ " ਸ੍ਰੀ ਕਲਗ਼ੀਧਰ ਚਮਤਕਾਰ " ਗ੍ਰੰਥ ਜਿਸ ਦੀਆਂ ੧੪ ਐਡੀਸ਼ਨਾਂ ਛਪ ਚੁਕੀਆਂ ਹਨ, ਉਸ ਵਿਚੋਂ ਅੰਮ੍ਰਿਤ ਛਕਾਏ ਜਾਣ ਵਾਲੇ ਸਾਕੇ ਦਾ ਕੋਈ ਜ਼ਿਕਰ ਨਹੀਂ ਮਿਲਦਾ ।

ਕੁਝ ਵੀ ਹੋਵੇ, ਪਰ ਪ੍ਰੀਖਿਆ ਵਾਲਾ ਅਤੇ ਅੰਮ੍ਰਿਤ ਸੰਚਾਰ ਵਾਲਾ ਸਾਕਾ ਵਰਤਾਉਣਾ ਦਸ਼ਮੇਸ਼ ਜੀ ਦਾ ਬੜੇ ਅਦਭੁਤ ਸਿਟਿਆਂ ਵਾਲਾ ਚਮਤਕਾਰੀ ਕਾਰਨਾਮਾ ਹੈ। ਕਲਗ਼ੀ ਧਰ ਜੀ ਦੇ ਇਸ ਕੌਤਕ ਨੇ ਖ਼ਾਲਸਈ ਸ਼ਾਨ ਨੂੰ ਸੰਸਾਰ ਵਿਚ ਪ੍ਰਗਟ ਕੀਤਾ ਅਤੇ ਸਿੱਖੀ ਸਰੂਪ ਨੂੰ ਸੁਰੱਖਿਆਤ ਕਰ ਲਿਆ।

੫- **ਹਉ ਸਤਿਗੁਰ ਵਿਟਹੁ ਘੁਮਾਇਆ ॥ ਜਿਨਿ ਭ੍ਰਮਿ ਭੁਲਾ ਮਾਰਗਿ**
**ਪਾਇਆ ॥ ਨਦਰਿ  ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ ॥ ੧੪ ॥** [੭੨]-੧

## ੪
## ਬੱਜਰ ਕੁਰਹਿਤਾਂ

ਹੇਠ ਲਿਖੇ ਲਗ-ਪਗ ਸਾਰੇ ਐਬਾਂ ਤੋਂ ਬਚੇ ਰਹਿਣ ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ (ਪੰਦਰਵੀਂ ਸਦੀ) ਤੋਂ ਹੀ ਅਰੰਭ ਹੋ ਚੁੱਕਾ ਸੀ ਪਰ ਦਸ਼ਮੇਸ਼ ਜੀ ਨੇ ਇਨ੍ਹਾਂ ਨੂੰ ਸਪੱਸ਼ਟ ਤੌਰ ਤੇ ਬੱਜਰ ਕੁਰਹਿਤਾਂ ਘੋਸਤ ਕਰ ਦਿੱਤਾ ਅਤੇ ਬੱਜਰ ਕੁਰਹਿਤ ਕਰਨ ਦੀ ਭੁੱਲ ਕਰਨ ਵਾਲੇ ਸਿੰਘ ਨੂੰ ਸਿੰਘ-ਬਰਾਦਰੀ ਵਿਚੋਂ ਖ਼ਾਰਜ ਕੀਤਾ ਜਾਣ ਦਾ ਪੱਕਾ ਵਿਧਾਨ ਬਣਾ ਦਿੱਤਾ :---

**੧) <u>ਕੁਠਾ</u>**--

ਇਸਲਾਮੀ ਸ਼ਰ੍ਹਾ ਅਨੁਸਾਰ ਤਿਆਰ ਕੀਤਾ ਮਾਸ ਖਾਣਾ ਵਰਜਿਆ ਗਿਆ। ਗੁਰਬਾਣੀ ਗਿਆਨ ਤੋਂ ਅਗਿਆਨਤਾ ਦੇ ਕਾਰਨ ਸਿੱਖ ਧਰਮ ਵਿਚ " ਮਾਸ ਖਾਨ ਜਾਂ ਨਾ ਖਾਣ " ਵਾਲਾ ਮਸਲਾ ਬੜਾ ਗੰਭੀਰ ਸ਼ਕਲ ਫੜ ਚੁੱਕਾ ਸੀ, ਇਸ ਕਾਰਨ ਇਸ ਵਿਸ਼ੇ ਬਾਰੇ ਬੜੀ ਵਿਸਥਾਰ ਪੂਰਬਕ

ਵਿਚਾਰ " ਮਾਸੁ ਮਾਸੁ ਕਰਿ ਮੂਰਖੁ ਝਗੜੇ " ਨਾਮਕ ਅੱਡਰੀ ਪੁਸਤਕ ਵਿਚ ਲਿਖੀ ਜਾ ਚੁੱਕੀ ਹੈ। ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਜੇ, ਪੱਖ-ਪਾਤੀ ਰੁਚੀ ਤੋਂ ਰਹਿਤ ਹੋ ਕੇ, ਬਿਬੇਕ-ਧਿਆਨ ਨਾਲ ਇਸ ਪੁਸਤਕ ਨੂੰ ਪੜ੍ਹਿਆ ਜਾਵੇ ਤਾਂ ਗੁਰਮਤਿ ਵਿਰੋਧੀ ਭਰਮ ਦੂਰ ਹੋ ਜਾਂਦੇ ਹਨ।

**੨) ਤਮਾਕੂ--**

ਗੁਰੂ ਨਾਨਕ ਸਾਹਿਬ ਜੀ ਦੇ ਸਮੇ ਤਮਾਕੂ ਵਰਗੀ ਘਟੀਆ ਬੂਟੀ ਭਾਰਤ ਵਿਚ ਪੈਦਾ ਹੀ ਨਹੀਂ ਸੀ ਹੁੰਦੀ। ਕੁਝ ਇਤਿਹਾਸਕਾਰਾਂ ਦੇ ਲਿਖੇ ਅਨੁਸਾਰ ਤਮਾਕੂ ਵਰਗਾ ਨਾਮੁਰਾਦ ਬੂਟਾ ਮੁਗ਼ਲ ਸਮਰਾਟ ਅਕਬਰ ਦੇ ਸਮੇਂ ਅਤੇ ਕੁੱਝ ਦਾ ਵਿਚਾਰ ਹੈ ਕਿ ਇਹ ਦਿੱਲੀ ਤਖ਼ਤ ਦੇ ਮੁਗ਼ਲ ਤਾਜਦਾਰ ਜਹਾਂਗੀਰ ਦੇ ਸਮੇ ਭਾਰਤ ਵਿਚ ਆਇਆ ਸੀ। ਏਹੀ ਕਾਰਨ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਘਿਰਣਤ ਬੂਟੀ ਬਾਰੇ ਕੋਈ ਜ਼ਿਕਰ ਨਹੀਂ ਹੈ।

ਭੇੜੀ ਗੰਧ ਦਾ ਭੰਡਾਰ ਇਹ ਤਮਾਕੂ ਬੜੇ ਘਟੀਆ ਕਿਸਮ ਦਾ, ਅਤੇ ਵਾਯੂਮੰਡਲ ਨੂੰ ਦੂਸ਼ਤ ਕਰਨ ਵਾਲਾ ਨਸ਼ਾ ਹੈ। ਧੂਮਰ-ਪਾਨ ਨੂੰ ਸਤਿਗੁਰਾਂ ਨੇ ਸੈਂਕੜੇ ਸਾਲ ਪਹਿਲਾਂ ਚੰਗੇ ਸਮਾਜ ਲਈ ਅਤੇ ਮਨੁੱਖ ਦੀ ਅਰੋਗਤਾ ਲਈ, ਸਖ਼ਤ ਹਾਨੀ ਕਾਰਕ ਕਹਿ ਕੇ ਗੁਰਸਿੱਖੀ ਵਿਚੋਂ ਸਖ਼ਤੀ ਨਾਲ ਵਰਜ ਦਿੱਤਾ ਸੀ। ਅੱਜ ਸੰਸਾਰ ਦੇ ਲਗ-ਪਗ ਸਾਰੇ ਅਗਾਂਹ ਵਧੂ ਦੇਸ਼ ਇਸ ਬਦਬੂਦਾਰ ਨਸ਼ੇ ਤੋਂ ਛੁੱਟਕਾਰਾ ਪਾਉਣ ਲਈ ਤਨੋਂ ਮਨੋਂ ਜ਼ੋਰ ਲਾ ਰਹੇ ਹਨ। ਕੈਨਸਰ ਦੀ ਬਿਮਾਰੀ ਦੇ ਮੂਲ ਅਤੇ ਉੱਦਮ ਦੇ ਵੈਰੀ ਇਸ ਨਸ਼ੇ ਤੋਂ ਮਨੁੱਖ ਦਾ ਪਿੱਛਾ ਛੁੱਟਦਾ ਹੈ ਕਿ ਨਹੀਂ--ਇਸ ਪ੍ਰਸ਼ਨ ਦਾ ਉੱਤਰ ਕੇਵਲ ਸਮੇਂ ਕੋਲ ਹੀ ਹੈ। ਹਜ਼ਾਰਾਂ ਵਾਰੀ ਕੁਰਬਾਨ ਜਾਈਏ ਪੂਰਨ ਸਤਿਗੁਰੂ ਨਾਨਕ ਸਾਹਿਬ ਜੀ ਤੋਂ ਜਿਨ੍ਹਾਂ ਨੇ ਇਸ ਘਿਰਣਤ ਨਸ਼ੇ ਨੂੰ ਸਿੱਖੀ ਵਿਚ ਵੜਨ ਹੀ ਨਹੀਂ ਸੀ ਦਿੱਤਾ । ਪਰ ਸ਼ਰਾਬ?

## ਸ਼ਰਾਬ ਖ਼ਾਨਾ-ਖ਼ਰਾਬ

੬- **ਮਾਣਸ ਭਰਿਆ ਆਣਿਆ ਮਾਣਸੁ ਭਰਿਆ ਆਇ ॥ ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥ ੧ ॥** [੫੫੪]-ਵਾਰ-੧੬

**ਅਰਥ:**--ਜੋ ਮਨੁੱਖ (ਵਿਕਾਰਾਂ ਨਾਲ) ਲਿਬੜਿਆ ਹੋਇਆ (ਏਥੇ ਜਗਤ ਵਿਚ) ਲਿਆਂਦਾ ਗਿਆ, ਉਹ ਏਥੇ ਆ ਕੇ (ਹੋਰ ਵਿਕਾਰਾਂ ਵਿਚ ਹੀ) ਲਿੱਬੜਦਾ ਹੈ (ਤੇ ਸ਼ਰਾਬ ਆਦਿਕ ਕੁਕਰਮਾਂ ਵਿਚ ਪੈਂਦਾ ਹੈ) ਪਰ ਜਿਸ ਦੇ ਪੀਤਿਆਂ ਅਕਲ ਦੂਰ ਹੋ ਜਾਂਦੀ ਹੈ ਤੇ ਬਕਣ ਦਾ ਜੋਸ਼ ਆ ਚੜ੍ਹਦਾ ਹੈ, ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਮਾਲਕ ਵਲੋਂ ਧੱਕੇ ਪੈਂਦੇ ਹਨ, ਜਿਸ ਦੇ ਪੀਤਿਆਂ ਖ਼ਸਮ ਵਿਸਰਦਾ ਹੈ ਤੇ ਦਰਗਾਹ ਵਿਚ ਸਜ਼ਾ ਮਿਲਦੀ ਹੈ, ਐਸਾ ਚੰਦਰਾ ਸ਼ਰਾਬ, ਜਿਥੋਂ ਤੱਕ ਵੱਸ ਚੱਲੇ ਕਦੇ ਨਹੀਂ ਪੀਣਾ ਚਾਹੀਦਾ । ਗੁਰਦੇਵ ਜੀ ਦਾ ਫ਼ੁਰਮਾਨ ਹੈ, ਪ੍ਰਭੂ ਦੀ ਮੇਹਰ ਦੀ ਨਜਰ ਨਾਲ ' ਨਾਮ ' (ਉਸ ਮਨੁੱਖ ਨੂੰ) ਮਿਲਦਾ ਹੈ, ਜਿਸ ਨੂੰ ਗੁਰੂ ਆ ਕੇ ਮਿਲ ਪਏ, ਉਹ ਮਨੁੱਖ ਸਦਾ ਮਾਲਕ ਦੇ (ਨਾਮ ਦੇ) ਰੰਗ ਵਿਚ ਰਹਿੰਦਾ ਹੈ ਤੇ ਦਰਗਾਹ ਵਿਚ ਉਸ ਨੂੰ ਇੱਜ਼ਤ ਮਿਲਦੀ ਹੈ । ੧ । ॥

੭- **ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥ ੪ ॥** [੩੯੯]-੧੨-੧੧੪

**ਅਰਥ:**--ਖੋਟੀ ਮਤਿ ਮਾਨੋ ਸ਼ਰਾਬ ਹੈ । ਜੋ ਮਨੁੱਖ ਇਹ ਸ਼ਰਾਬ ਪੀਣ ਲੱਗ ਪੈਂਦੇ ਹਨ (ਜੋ ਗੁਰੂ ਦਾ ਆਸਰਾ ਛੱਡ ਕੇ ਖੋਟੀ ਮਤਿ ਦੇ ਪਿੱਛੇ ਤੁਰਨ ਲੱਗ ਪੈਂਦੇ ਹਨ) ਉਹ ਦੁਰਾਚਾਰੀ ਹੋ ਜਾਂਦੇ ਹਨ ਉਹ ਵਿਕਾਰਾਂ ਵਿਚ ਝੱਲੇ ਹੋ ਜਾਂਦੇ ਹਨ । ਪਰ ਪਰਮਾਤਮਾ ਦੇ ਨਾਮ ਦੇ ਸ੍ਰੇਸ਼ਟ ਰਸ ਵਿਚ ਮਸਤ ਰਹਿੰਦੇ ਹਨ ਉਨ੍ਹਾਂ ਨੂੰ ਸਦਾ ਥਿਰ ਰਹਿਣ ਵਾਲੇ ਪਰਮਾਤਮਾਂ ਦੇ ਨਾਮ ਦਾ ਅਮਲ ਲੱਗ ਜਾਂਦਾ ਹੈ ।

੮- **ਮਰਦਾਨਾ ੧ ॥ ਕਾਇਆ ਲਾਹਣਿ, ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥ ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮ ਕਾਲੁ ॥ ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥ ਗਿਆਨੁ ਗੁੜੁ ਸਾਲਾਹ ਮੰਡੇ, ਭਉ ਮਾਸੁ ਆਹਾਰੁ ॥ ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥ ੨ ॥** [੫੫੩]-ਵਾਰ-੧੨

**ਅਰਥ:**--ਸਰੀਰ (ਮਾਨੋਂ ਸ਼ਰਾਬ ਕੱਢਣ ਵਾਲੀ ਸਮਗਰੀ ਸਮੇਤ) ਮੱਟੀ ਹੈ, ਹੰਕਾਰ ਸ਼ਰਾਬ, ਤੇ ਤ੍ਰਿਸ਼ਨਾਂ ਵਿਚ ਭੱਟਕਣਾਂ (ਮਾਨੋਂ) ਮਹਫ਼ਲ ਹੈ, ਕੂੜ ਨਾਲ ਭਰੀ ਹੋਈ ਵਾਸ਼ਨਾਂ ਮਾਨੋਂ) ਕਟੋਰੀ ਹੈ ਤੇ ਜਮ ਕਾਲ (ਮਾਨੋਂ ਪਿਲਾਉਂਦਾ ਹੈ । ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ--ਇਸ ਸ਼ਰਾਬ ਦੇ ਪੀਤਿਆਂ ਬਹੁਤੇ ਵਿਕਾਰ ਖੱਟੇ ਜਾਂਦੇ ਹਨ (ਭਾਵ, ਹੰਕਾਰ ਤ੍ਰਿਸ਼ਨਾਂ ਕੂੜ ਆਦਿਕ ਦੇ ਕਾਰਨ ਵਿਕਾਰ ਪੈਦਾ ਹੋ ਰਹੇ ਹਨ) । ਪ੍ਰਭੂ ਦਾ ਗਿਆਨ (ਮਾਨੋ) ਗੁੜ ਹੋਵੇ, ਸਿਫ਼ਤਿ ਸਾਲਾਹ ਰੋਟੀਆਂ, (ਪ੍ਰਭੂ ਦਾ) ਡਰ ਮਾਸ--ਇਹ ਖ਼ੁਰਾਕ ਹੋਵੇ, ਇਹ ਸੱਚਾ ਭੋਜਨ ਹੈ, ਕਿਉਂਕਿ ਸੱਚਾ ਨਾਮ ਹੀ (ਜੰਦਗੀ ਦਾ) ਆਸਰਾ ਹੋ ਸਕਦਾ ਹੈ । ੨ । ਜਿਨ੍ਹਾਂ ਪਦਾਰਥਾਂ ਦੀ ਵਰਤੋਂ ਨਾਲ ਵਿਕਾਰ ਖਟਣ ਦੀ ਗੱਲ ਕੀਤੀ ਹੈ ਉਨ੍ਹਾਂ ਵਿਚ ਮਾਸ ਦਾ ਜਿਕਰ ਨਹੀਂ ਹੈ । ੨।

੯- **ਸਭ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥ ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥ ੧ ॥ ਬਾਬਾ, ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥**[੧੬]-੭

**ਅਰਥ:**--ਜੇ ਮਨ ਪ੍ਰਭੂ ਦੀ ਯਾਦ ਵਿਚ ਪਰਚ ਜਾਏ, ਤਾਂ ਇਸ ਨੂੰ (ਦੁਨੀਆਂ ਦੇ) ਸਾਰੇ ਮਿੱਠੇ ਸੁਆਦ ਵਾਲੇ ਪਦਾਰਥ ਸਮਝੋ। ਜੇ ਸੁਰਤਿ ਹਰੀ ਦੇ ਨਾਮ ਵਿਚ ਜੁੜਨ ਲੱਗ ਪਏ, ਤਾਂ ਇਸ ਨੂੰ ਲੂਣ ਵਾਲੇ ਪਦਾਰਥ ਜਾਣੋ। ਮੂੰਹ ਨਾਲ ਪ੍ਰਭੂ ਦਾ ਨਾਮ ਉਚਾਰਨਾ ਖੱਟੇ ਸੁਆਦ ਵਾਲੇ ਪਦਾਰਥ ਸਮਝੋ। ਪਰਮਾਤਮਾ ਦੀ ਸਿਫਤਿ ਸਾਲਾਹ ਦਾ ਕੀਰਤਨ ਮਸਾਲੇ ਜਾਣੋ। ਪਰਮਾਤਮਾ ਨਾਲ ਇੱਕ-ਰਸ ਪ੍ਰੇਮ ਛੱਤੀ ਕਿਸਮਾਂ ਦੇ ਸੁਆਦਲੇ ਭੋਜਨ ਹਨ । (ਪਰ ਇਹ ਉਚੀ ਦਾਤਿ ਉਸੇ ਨੂੰ ਮਿਲਦੀ ਹੈ) ਜਿਸ ਉਤੇ (ਪ੍ਰਭੂ ਮਿਹਰ ਦੀ) ਨਜ਼ਰ ਕਰਦਾ ਹੈ ।੧। ਹੇ ਭਾਈ ! ਜਿਨ੍ਹਾਂ ਪਦਾਰਥਾਂ ਦੇ ਖਾਣ ਨਾਲ ਸਰੀਰ ਰੋਗੀ ਹੋ ਜਾਂਦਾ ਹੈ, ਅਤੇ ਮਨ ਵਿਚ ਵੀ ਕਈ ਮੰਦੇ ਵਿਚਾਰ ਤੁਰ ਪੈਂਦੇ ਹਨ, ਉਨ੍ਹਾਂ ਪਦਾਰਥਾਂ ਨੂੰ ਖਾਣ ਦੀ ਖ਼ੁਸ਼ੀ, (ਅਸਲ ਵਿਚ) ਖ਼ੁਆਰ ਕਰਨ ਵਾਲੀ ਹੁੰਦੀ ਹੈ । ੧ । ਰਹਾਉ ।

ਆਤਮਾਂ ਨੂੰ ਨਰੋਈ ਰੱਖਣ ਵਾਲਾ ਭੋਜਨ ਦੱਸ ਕੇ ਫਿਰ, ਰਹਾਉ ਦੀ ਤੁਕ ਵਿਚ (ਦੇਹੀ ਦੀ ਸੰਭਾਲ ਵਾਸਤੇ ਅਤੇ ਆਤਮਾਂ ਦੀ ਸਵੱਛਤਾ ਲਈ) ਉਚ ਕੋਟੀ ਦਾ ਗਿਆਨ ਬਖ਼ਸ਼ਸ਼ ਕੀਤਾ ਹੈ। ਗੁਰੂ ਨਾਨਕ ਨਿਰੰਕਾਰੀ ਜੀ ਨੇ, ਸਰਬ-ਸਾਂਝਾ ਅਤੇ ਸਰਬ-ਪ੍ਰਵਾਨਤ ਸਾਰੇ ਸੰਸਾਰ ਦੇ ਦੇਸ਼ਾਂ ਦੇ ਪੌਣ ਪਾਣੀ ਦੇ ਅਨਕੂਲ, ਸਰਬੱਤ ਦੇ ਭਲੇ ਵਾਲਾ ਖਾਣ ਪੀਣ ਦਾ ਵਡਮੁੱਲਾ ਸਿਧਾਂਤ ਸਮਝਾਉਂਣ ਦੀ ਕਿਰਪਾ ਕੀਤੀ ਹੈ ।

[ਨੋਟ--ਮਾਸ ਨਾ ਖਾਣ ਦਾ ਝਗੜਾ ਖੜਾ ਕਰਨ ਵਾਲੇ ਵਿਦਵਾਨਾਂ ਨੇ ਸਤਗੁਰਾਂ ਦੇ ਇਸ ਵਡਮੁੱਲੇ ਅਤੇ ਸਰਬ ਸਾਂਝੇ ਉਪਦੇਸ਼ ਦੇ ਅਰਥ ਵੀ ਮਨਮਤਿ ਵਾਲੇ ਕਰਕੇ ਗੁਰੂ-ਬਾਣੀ ਦੀ ਅਵੱਗਿਆ ਕੀਤਾ ਹੈ । ਪੜ੍ਹੋ ਪੁਸਤਕ--" ਮਾਸੁ ਮਾਸੁ ਕਰਿ ਮੂਰਖ ਝਗੜੇ " ]

੧੦- **ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥ ਉਰਝਿ ਰਹਿਓ ਰੇ**
**ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ ॥ ੧ ॥ ਰਹਾਉ ॥**
**ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ ॥**
**ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥ ੧ ॥**
**ਪੇਖਿ ਪੇਖਿ ਰੇ ਕਸੁੰਭ ਕੀ ਲੀਲੀ ਰਾਚਿ ਮਾਚਿ ਤਿਨ ਹੂੰ ਲਉ ਹਸੂਆ ॥**
**ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ ॥ ੨ ॥**
**ਕਰਤ ਕਰਤ ਇਵ ਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੂਆ ॥**
**ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ ॥ ੩ ॥**
**ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ ॥**
**ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥ ੪ ॥**[੨੦੬]-੬-੧੨੭

## ੩) ਪੁਰ-ਇਸਤ੍ਰੀ ਪਰ ਪੁਰਖ ਗਮਨ--

**ਅਖੀਂ ਸੂਤਕੁ ਵੇਖਣਾ ਪਰ-ਤ੍ਰਿਅ ਪਰ-ਧਨ ਰੂਪੁ ॥**[੪੭੩]-ਵਾਰ-੧੮ । ਭਾਂਵੇਂ ਇਸ ਪੁਸਤਕ ਦੇ ਪਹਿਲੇ ਭਾਗ ਦੇ ਚੌਥੇ ਕਾਂਡ ਵਿਚਲੇ ੧੬ਵੇਂ ਲੇਖ--**ਸੁੱਚ ਆਚਾਰ ਅਤੇ ਗੁਰਮਤਿ**--ਵਿਚ ਅਤੇ ਫਿਰ " ਮਾਸੁ ਮਾਸੁ ਕਰਿ ਮੂਰਖੁ ਝਗੜੇ " ਪੁਸਤਕ ਵਿਚ ਇਸ ਵਿਸ਼ੇ ਬਾਰੇ ਵੀ ਬੜੀ ਖੁਲ੍ਹੀ ਗੁਰਮਤਿ ਵਿਚਾਰ ਪਾਠਕਾਂ ਤੱਕ ਪੁੱਜ ਚੁੱਕੀ ਹੈ। ਕਿਉਂਕਿ ਸਤਿਗੁਰਾਂ ਨੇ ਆਪਣੇ ਪਹਿਲੇ ਸਰੂਪ ਸਮੇਂ ਤੋਂ ਹੀ ਮਨੁੱਖਤਾ ਦੇ ਸ਼ੁੱਭ ਗੁਣਾ ਦੇ ਵੈਰੀ ਇਸ ਵਿਕਾਰ ਤੋਂ ਬਚੇ ਰਹਿਣ ਲਈ ਸਖ਼ਤ ਤਾਕੀਦਾਂ ਕਰਨੀਆਂ ਅਰੰਭ ਕਰ ਦਿੱਤਆਂ ਸਨ, ਇਸ ਲਈ, ਅੰਮ੍ਰਿਤ ਪਰਚਾਰ ਸਮੇਂ ਦੱਸੀ ਜਾਣ ਵਾਲੀ ਇਸ ਬੱਜਰ ਕੁਰਹਿਤ ਬਾਰੇ ਗੁਰਮਿਤ ਉਪਦੇਸ਼ ਨੂੰ ਮੁੜ ਦੋਹਰਾ ਕੇ ਦ੍ਰਿੜ ਕਰ ਲੈਣਾ ਚਾਹੀਦਾ ਹੈ :---

ਪੁਸਤਕ " ਤਤ ਗੁਰਮਤਿ ਨਿਰਣਯ " ਦੇ ੧੭੮ ਸਫ਼ੇ ਤੇ ਭਾਈ ਰਣਧੀਰ ਸਿੰਘ ਜੀ ਦੇ ਇਹ ਬਚਨ--ਜਿਸ ਪ੍ਰਕਾਰ ਚਾਰ ਕੁਰਹਿਤਾਂ ਵਿਚੋਂ ਅਗੇ ਉਸ ' ਮੁਸਲੀ ਧਰ ' (ਭਾਵ, ਮੁਸਲਮਾਨ-ਇਸਤ੍ਰੀ-ਗਾਮੀ) ਵਾਲੀ ਕੁਰਹਿਤ ਦੀ ਤਰਮੀਮ ਹੋਈ ਹੈ, ਅਤੇ ' ਮੁਸਲੀ ਧਰੁ ' ਪਦ ਦੇ ਥਾਉਂ ਹੁਣ ' ਪਰ-ਤ੍ਰਿਆ ਗਾਮੀ ' ਦੇ ਪਦ ਅੰਮ੍ਰਿਤ ਛਕਾਉਂਣ ਸਮੇਂ ਆਮ ਤੌਰ ਤੇ ਅੰਮ੍ਰਿਤ ਪ੍ਰਚਾਰਕ ਜਥਿਆਂ ਵਲੋਂ ਵਰਤੇ ਜਾਂਦੇ ਹਨ, ਏਸ ਪ੍ਰਕਾਰ ਕੁੱਠਾ ਪਦ ਦੀ ਤਰਮੀਮ ਹੋਣੀ ਭੀ ਉਚਿਤ ਹੈ । " -

ਭਾਈ ਰਣਧੀਰ ਸਿੰਘ ਜੀ ਵਿਦਵਾਨ ਬੜੇ ਜਪੀ ਤਪੀ ਗੁਰਸਿੱਖ ਸਨ। ਆਪ ਜੀ ਇਤਿਹਾਸ ਦੇ ਬੜੇ ਖੋਜੀ ਅਤੇ ਗੁਰਮਤਿ ਨਾਲ ਸੰਬਧਤ ਵਿਸ਼ਿਆਂ ਦੇ ਉਘੇ ਲਿਖਾਰੀ ਸਨ। ਅਖੰਡ ਕੀਰਤਨੀ ਜਥੇ ਵਾਲੇ ਉਨ੍ਹਾਂ ਨੂੰ ਆਪਣਾ ਪਰਮੁੱਖ ਜਥੇਦਾਰ ਮੰਨ ਕੇ ਸਤਿਕਾਰਦੇ ਹਨ ਅਤੇ ਪੰਥਕ ਰਹਿਤ ਮਰਯਾਦਾ ਦੀ ਥਾਂ ਉਨ੍ਹਾਂ ਦੀ ਲਿਖਤ ਨੂੰ ਸ਼ੁੱਧ ਗੁਰਮਤਿ-ਰਹਿਤ ਮੰਨਦੇ ਹਨ। ਪਰ ਭਾਈ ਸਾਹਿਬ ਦੇ ਉਪ੍ਰੋਕਤ ਬਚਨ ਪੜ੍ਹ ਕੇ ਬੜੀ ਸਖਤ ਹੈਰਾਨੀ ਅਤੇ ਦੁੱਖ ਹੋਇਆ ਹੈ ਕਿ, ਕੀ ਕਦੇ ਖ਼ਾਲਸੇ ਵਿਚ ਕੇਵਲ ਮੁਸਲਮਾਨ ਇਸਤ੍ਰੀ ਦੇ ਸੰਗ ਤੋਂ ਹੀ ਬਚੇ ਰਹਿਣ ਦੀ ਪਾਬੰਦੀ ਸੀ? ਕੀ ੧੬੯੯ ਦੀ ਵਿਸਾਖੀ ਦੇ ਇਤਿਹਾਸਕ ਦਿਨ ਤੋਂ ਪਹਿਲਾਂ ਗੁਰੂ ਕੇ ਸਿੱਖਾਂ ਵਿਚ ਪਰ-ਇਸਤ੍ਰੀ ਗਾਮੀ ਹੋਣ ਦੀ ਖੁਲ੍ਹ ਸੀ? ਕੀ, ੧੬੯੯ ਦੀ ਵਿਸਾਖੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਵਾਲੇ ਸੁਭਾਗੇ ਸਮੇ ਕੇਵਲ ਮੁਸਲਮਾਨ ਇਸਤ੍ਰੀਆਂ ਤੋਂ ਮਨਾਹੀ ਕਰ ਕੇ ਹੋਰ ਸਾਰੀਆਂ ਕੌਮਾਂ ਦੀਆਂ ਇਸਤ੍ਰੀਆਂ ਨਾਲ ਭੋਗ ਕਰ ਲੈਣ ਦੀ ਮਰਿਯਾਦਾ ਬਣਾਈ ਗਈ ਸੀ ?

ਇਹ ਕਿਵੇਂ ਮੰਨ ਲਿਆ ਜਾਵੇ ਕਿ ਸਤਿਗੁਰਾਂ ਦੇ ਹੁੰਦਿਆਂ ਗੁਰਸਿੱਖ ਗੁਰਬਾਣੀ ਦੇ ਨਿੰਮਨ ਲਿਖੇ ਫ਼ੁਰਮਾਨਾਂ ਤੋਂ ਅਣਜਾਣ ਸਨ? ਇਹ ਕਿਵੇਂ ਯਕੀਨ ਕਰ ਲਿਆ ਗਿਆ ਕਿ ਹੇਠ ਲਿਖੇ ਗੁਰੂ-ਫ਼ੁਰਮਾਨਾ ਦੇ ਰਚੇਤਾ, ਸਤਿਗੁਰਾਂ ਦੇ ਹੁੰਦਿਆਂ ਕੋਈ ਗੁਰਸਿੱਖ ਪਰ ਇਸਤ੍ਰੀ ਗਾਮੀ ਹੋਣ ਦੀ ਕਦੇ ਵਿਚਾਰ ਵੀ ਕਰ ਸਕਿਆ ਹੋਵੇਗਾ ?:--

੧੧- **ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥ ੧ ॥** [੧੧੬੩]-੨

ਭਗਤ ਨਾਮ ਦੇਵ ਜੀ ਦੇ ਇਸ ਗੁਰੂ ਫ਼ੁਰਮਾਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਪਰਾਈ ਇਸਤ੍ਰੀ ਦਾ ਸੰਗ ਸਤਿਗੁਰਾਂ ਤੋਂ, ਸੈਂਕੜੇ ਸਾਲ ਪਹਿਲਾਂ ਹੀ ਦੁਸ਼ਕਰਮ ਮੰਨਿਆਂ ਜਾਂਦਾ ਸੀ ।

੧੨- **ਘਰ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ ॥** [੧੧੬੫]-੨-੮(੧)
੧੩- **ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥** [੧੨੫੫]-੩(੧)
੧੪- **ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ ॥ ੫ ॥** [੧੩੪੮]-੨
੧੫- **ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ ॥**
**ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥ ੩ ॥** [੬੭੨]-੬

੧੬- **ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥**
**ਚਿਤ੍ਰ ਗੁਪਤੁ ਜਬ ਲੇਖਾ ਮਾਗਹਿ, ਤਬ ਕਉਣੁ ਪੜਦਾ ਤੇਰਾ ਢਾਕੈ ॥ ੩ ॥** [੬੧੬]-੧੫-੨੬

੧੭- **ਮਨ ਰੇ ਕਉਨੁ ਕੁਮਤਿ ਤੈ ਲੀਨੀ ॥ ਪਰ ਦਾਰਾ ਨਿੰਦਿਆ**
**ਰਸਿ ਰਚਿਓ ਰਾਮ ਭਗਤਿ ਨਹਿ ਕੀਨੀ ॥ ੧ ॥ ਰਹਾਉ ॥** [੬੩੧]-੩

੧੮- **ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤ ਸੰਗਿ ਹੇਤ ॥** [੨੭੪]-ਅਸਟ-੯(੧)

੧੯- **ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ ॥ ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ ॥**
**ਹਰਿ ਗੁਣ ਰਮਤ ਪਵਿਤ੍ਰ ਸਗਲ ਕੁਲ ਤਾਰਈ ॥ ਹਰਿਹਾਂ ਸੁਨਤੇ ਭਏ ਪੁਨੀਤ ਪਾਰਬ੍ਰਹਮੁ ਬੀਚਾਰਈ ॥੮॥**[੧੩੬੨]-

**ਅਰਥ:**--ਹੇ ਭਾਈ ! ਜਿਹੜੇ ਮਨੁੱਖ ਪਰਾਈ ਇਸਤ੍ਰੀ ਭੋਗਣ ਜਾਂਦੇ ਹਨ, ਉਹ (ਪ੍ਰਭੂ ਦੀ ਹਜ਼ੂਰੀ ਵਿਚ) ਜ਼ਰੂਰ ਸ਼ਰਮਸਾਰ ਹੁੰਦੇ ਹਨ । ਜਿਹੜੇ ਮਨੁੱਖ ਸਦਾ ਪਰਾਇਆ ਧਨ ਚੁਰਾਉਂਦੇ ਹਨ ਉਨ੍ਹਾਂ ਦੇ ਇਹ ਕੁਕਰਮ ਕਿੱਥੇ ਲੁਕੇ ਰਹਿ ਸਕਦੇ ਹਨ ? (ਪਰਮਾਤਮਾ ਸਭ ਕੁਝ ਵੇਖ ਰਿਹਾ ਹੈ) । ਹੇ ਭਾਈ ! ਪਰਮਾਤਮਾ ਦੇ ਗੁਣ ਯਾਦ ਕਰਦਿਆਂ ਮਨੁੱਖ ਆਪ ਸੁੱਚੇ ਜੀਵਨ ਵਾਲਾ ਬਣ ਜਾਂਦਾ ਹੈ (ਅਤੇ ਆਪਣੀਆਂ ਕੁਲਾਂ ਨੂੰ) ਵੀ ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ । (ਜਿਹੜੇ ਮਨੁੱਖ ਪਰਮਾਤਮਾ ਦੀ ਸਿਫਤ ਸਾਲਾਹ ਸੁਣਦੇ ਹਨ, ਉਹ ਸਾਰੇ ਪਵਿੱਤ੍ਰ ਜੀਵਨ ਵਾਲੇ ਹੋ ਜਾਂਦੇ ਹਨ । ੮ ।

੨੦- **ਪਰ ਧਨ ਪਰ ਤਨ ਪਰਤੀ ਨਿੰਦਾ ਅਖਾਧਿ ਖਾਹਿ ਹਰਕਾਇਆ ॥**
**ਸਾਚ ਧਰਮ ਸਿਉ ਰੁਚਿ ਨਹੀਂ ਆਵੈ ਸਤਿ ਸੁਨਤ ਛੋਹਾਇਆ ॥ ੩ ॥** [੪੦੨]-੩-੧੨੫

**ਅਰਥ:**--ਹੇ ਮੂਰਖ ! ਤੂੰ ਪਰਾਇਆ ਧਨ ਚੁਰਾਉਂਦਾ ਹੈਂ, ਪਰਾਇਆ ਰੂਪ (ਮੰਦੀ ਨਿਗਾਹ ਨਾਲ ਤੱਕਦਾ ਹੈਂ), ਪਰਾਈ ਨਿੰਦਾ (ਕਰਦਾ ਹੈਂ,; ਤੂੰ ਲੋਭ ਨਾਲ) ਹਲਕਾ ਹੋਇਆ ਪਿਆ ਹੈਂ, ਤੇ ਉਹੀ ਚੀਜ਼ਾਂ ਖਾਂਦਾ ਹੈਂ ਜੋ ਨਹੀਂ ਖਾਣੀਆਂ ਚਾਹੀਦੀਆਂ (ਪਰਾਇਆ ਧਨ, ਹਰਾਮ ਦਾ ਮਾਲ, ਪਰਾਇਆ ਹੱਕ, ਰਿਸ਼ਵਤ ਖੋਰੀ, ਤਸਕਰੀ, ਕਿਸੇ ਦੀ ਅਮਾਨਤ ਸਭ ਅਜੇਹਾ ਧਨ ਹੈ ਜੋ ਸਦਾ ਹੀ ਨਾ ਖਾਣ ਜੋਗ ਹੈ) । ਹੇ ਮੂਰਖ ! ਸਦਾ ਨਾਲ ਨਿਭਣ-ਵਾਲੇ ਧਰਮ ਨਾਲ ਤੇਰਾ ਪਿਆਰ ਨਹੀਂ ਪੈਂਦਾ, ਸੱਚ-ਉਪਦੇਸ਼ ਸੁਣਨ ਤੋਂ ਤੈਨੂੰ ਖਿੱਝ ਲੱਗਦੀ ਹੈ । ੩ ।

ਭਾਈ ਰਣਧੀਰ ਸਿੰਘ ਜੀ ਵਰਗੇ ਮੰਨੇ ਪਰਮੰਨੇ ਗੁਰਸਿੱਖ ਨੂੰ ਇਹ ਕਿਵੇ ਭੁੱਲ ਗਿਆ ਕਿ ਗੁਰਮਤਿ ਦਾ ਸਿਧਾਂਤ ਤਾਂ ਪ੍ਰਾਈ ਇਸਤ੍ਰੀ ਵੱਲ ਖੋਟੀ ਨਜ਼ਰ ਕਰਨੋਂ ਵੀ ਵਰਜਦਾ ਹੈ। ਪਰ-ਇਸਤ੍ਰੀ ਗਾਮੀ ਮਨੁੱਖ ਵਾਸਤੇ ਤਾਂ ਗੁਰੂ ਨਾਨਕ ਨਿਰੰਕਾਰੀ ਜੀ ਦੇ ਘਰ ਵਿਚ, ਅਰੰਭ ਤੋਂ ਹੀ ਕੋਈ ਥਾਂ ਨਹੀਂ ਸੀ। ਜਿਸ ਕੁ-ਕਰਮ ਨੂੰ ਗੁਰੂ ਨਾਨਕ ਦੇਵ ਜੀ ਨੇ ੧੫ਵੀਂ ਸਦੀ ਵਿਚ ਸਿੱਖੀ ਦੀ ਬੱਜਰ ਕੁਰਹਿਤ ਘੋਸ਼ਤ ਕਰ ਦਿੱਤਾ ਸੀ, ਫਿਰ ਇਹ ਕਿਵੇਂ ਸੰਭਵ ਹੋ ਸਕਦਾ ਸੀ ਕਿ, ਉਸੇ ਸ੍ਰੀ ਗੁਰੂ ਨਾਨਕ ਜੀ ਦੇ ਦਸਵੇਂ ਸਰੂਪ ਨੇ, ੧੭ਵੀਂ ਸਦੀ ਵਿਚ, ਆਪਣੇ ਖ਼ਾਲਸੇ ਨੂੰ ‘ ਮੁਸਲੀ ’ ਤੋਂ ਸਿਵਾ ਬਾਕੀ ਸਾਰਿਆਂ ਧਰਮਾਂ ਦੀਆਂ ਪਰਾਈਆਂ ਇਸਤ੍ਰੀਆਂ ਨਾਲ ਭੋਗ ਕਰ ਲੈਣ ਦੀ ਖੁੱਲ੍ਹ ਦੇ ਦਿਤੀ ਹੋਵੇ ? ਫਿਰ ਇਹ “ **ਮੁਸਲੀ ਧਰ** ” ਕੁਰਹਿਤ (ਭਾਵ, ਮੁਸਲਮਾਨੀ ਤੋਂ ਛੁੱਟ ਬਾਕੀ ਸਾਰੀਆਂ ਇਸਤ੍ਰੀਆਂ ਦੇ ਭੋਗੀ ਬਣ ਸਕਣ ਦੀ ਖੁਲ੍ਹ) ਵਾਲਾ ਸ਼ੋਸ਼ਾ ਭਾਈ ਸਹਿਬ ਨੇ ਆਪਣੇ ਕੋਲੋਂ ਹੀ ਘੜ ਕੇ ਤਾਂ ਕਦੇ ਨਹੀਂ ਸੇ ਉਡਾ ਦੇਣਾ। ਉਨ੍ਹਾਂ ਨੇ ਅਜੇਹੇ ਕਿਹੜੇ ਉਚੇਚੀ ਮਹੱਤਤਾ ਵਾਲੇ ਧਰਮ ਗ੍ਰੰਥ ਵਿਚੋਂ ਪੜ੍ਹ ਲਿਆ ਜੋ ਬਿਨਾ ਕਿੰਤੂ ਪ੍ਰੰਤੂ ਦੇ “ ਮੁਸਲੀ-ਧਰ ” ਰਹਿਤ ਪੰਥ ਵਿਚ ਪ੍ਰਚਲਤ ਰਹੀ ਸੱਚ ਮੰਨ ਕੇ ਬੜੇ ਜ਼ੋਰਦਾਰ ਸ਼ਬਦਾਂ ਵਿਚ “ਤਤ ਗੁਰਮਤਿ ਨਿਰਣਯ” ਦਾ ਹਿੱਸਾ ਬਣਾ ਦਿੱਤੀ? ਤਸੱਲੀ ਕਰਨ ਲਈ ਹੋਰ ਵਿਦਵਾਨਾਂ ਦੀ ਪੁਸਤਕਾਂ ਵੀ ਪੜ੍ਹੀਆਂ। “ ਮੁਸਲੀਧਰ ਕੁ-ਰਹਿਤ ਦੀ ਪੁਸ਼ਟੀ ਕਿਤੋਂ ਨਾ ਹੋ ਸਕੀ।

੫

# ਪਰਨਾਰੀ ਗਮਨ ਅਤੇ ਦਸਮਗ੍ਰੰਥ

ਆਖ਼ਰ ਮਹਾਨ ਕੋਸ਼ ਦੇ ੯੭੮ ਸਫ਼ੇ ਤੋਂ ਇਹ ਕੁਝ ਲਿਖਿਆ ਮਿਲ ਗਿਆ--“ ਮੁਸਲਮਾਨੀ ਦੇ ਧਾਰਨ ਕਰਨ ਵਾਲਾ । ਜਿਸ ਨੇ ਸਿੱਖ ਧਰਮ ਵਿਚ ਲਿਆਂਦੇ ਬਿਨਾ ਇਸਲਾਮ ਮਤ ਦੀ ਇਸਤ੍ਰੀ ਧਾਰਨ ਕਰ ਲਈ ਹੋਵੇ ”। ਅਖ਼ੀਰ ਵਿਚ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਵਿਚਲੇ “ ਕ੍ਰਿਸ਼ਨਾਵਤਾਰ ” ਪ੍ਰਸੰਗ ਦੀ ਇਹ ਤੁਕ ਲਿਖੀ ਹੋਈ ਹੈ--“ **ਇਹ ਭਾਂਤ ਬੁਲਯੋ ਮੁਸਲੀਧਰ ਭਾਈ** ” (ਕ੍ਰਿਸ਼ਨਾਵ) । ਸਮਝ ਆ ਗਈ “ ਮੁਸਲੀਧਰ ” ਮਰਯਾਦਾ ਵਾਲੀ ਬਦਨਾਮੀ ਦਾ ਟਿੱਕਾ ਦਸਮਗ੍ਰੰਥ ਜੀ ਦੀ ਹੀ ਦੇਣ ਹੈ। ਦਸਮ ਗ੍ਰੰਥ ਜੀ ਦਾ ਜ਼ਿਕਰ ਆਇਆ ਹੈ ਤਾਂ ਫ਼ਰਜ਼ ਬਣਦਾ ਹੈ ਕਿ ਇਸ ਜ਼ਰੂਰੀ ਵਿਸ਼ੇ ਬਾਰੇ ਪਤਾ ਕਰ ਲਿਆ ਜਾਵੇ ਕਿ ਦਸ਼ਮੇਸ਼ ਜੀ ਦੀ ਕਿਰਤ ਦਸਮ ਗ੍ਰੰਥ ਸਾਹਿਬ ਦਾ ਪਰਾਈ ਇਸਤ੍ਰੀ ਗਮਨ ਬਾਰੇ ਕੀ ਫ਼ੁਰਮਾਨ ਹੈ।

ਦਸ਼ਮ ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਦੱਸ ਕੇ, **ਪਰਨਾਰੀ ਗਾਮੀ ਹੋਣ ਤੋਂ ਵਰਜਣ ਵਾਲੀ**, ਕਵਿਤਾ-ਰੂਪ ਵਿਸ਼ੇਸ਼ ਬਾਣੀ ਗੁਰੂ ਦਰਬਾਰਾਂ ਵਿਚ ਪੜ੍ਹ ਕੇ ਅਥਵਾ ਇਸ ਦਾ ਕੀਰਤਨ ਕਰਕੇ, ਸੰਗਤਾਂ ਨੂੰ, ਸੁਣਾਈ ਜਾਣ ਦਾ ਰਵਾਜ ਬੜੀ ਦੇਰ ਤੋਂ ਪ੍ਰਚੱਲਤ ਹੈ। ੧੯੮੩ ਤੋਂ ਪਹਿਲਾਂ ਦਾਸ ਨੂੰ ਕੋਈ ਪਤਾ ਨਹੀਂ ਸੀ ਕਿ ਇਹ ਬਾਣੀ ਕਿਸ ਗ੍ਰੰਥ ਵਿਚੋਂ ਹੈ। ਸਿੱਖ ਪਰਚਾਕਾਂ ਪ੍ਰਤੀ ਸ਼ਰਧਾ ਹੀ ਅਜੇਹੀ ਸੀ ਕਿ ਅਸੀਂ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਹੀ ਬਾਣੀ ਸਮਝਦੇ ਰਹੇ ਹਾਂ। ਗਿਆਨੀ ਨ੍ਰੈਣ ਸਿੰਘ ਜੀ ਦੇ ਲਿਖੇ ਅਰਥਾਂ ਸਮੇਤ ਕਵਿਤਾ-ਰੂਪ ਉਹ ਬਾਣੀ ਇਸ ਪ੍ਰਕਾਰ ਹੈ:--

**ਛੰਦ॥ ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥ ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥**
**ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥ ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥ ੫੧ ॥**
**ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ॥ ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥**
**ਹੋ ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ ॥ ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੌ ਘਾਯੋ ॥ ੫੨ ॥**
**ਪਰ ਨਾਰੀ ਸੌ ਨੇਹੁ ਛੁਰੀ ਪੈਨੀ ਕਰਿ ਜਾਨਹੁ ॥ ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ ॥**
**ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ ॥ ਹੋ ਅੰਤ ਸ੍ਵਾਨ ਕੀ ਮ੍ਰਿਤ ਹਾਥ ਲੇਂਡੀ ਕੇ ਪਰਹੀ ॥ ੫੩ ॥**
**ਬਾਲ ਹਮਾਰੇ ਪਾਸ ਦੇਸ ਦੇਸਨ ਤ੍ਰਿਯ ਆਵਹਿ ॥ ਮਨ ਬਾਂਛਤ ਬਰ ਮਾਂਗਿ ਜਾਨਿ ਗੁਰ ਸੀਸ ਝੁਕਾਵਹਿ ॥**
**ਸਿੱਖਯ ਪੁੱਤ੍ਰ ਤ੍ਰਿਯ ਸੁਤਾ ਜਾਨਿ ਅਪਨੇ ਚਿਤ ਧਰਿਯੈ ॥ ਹੋ ਕਹੁ ਸੁੰਦਰਿ ਤਿਹੱ ਸਾਥ ਗਵਨ ਕੈਸੇ ਕਰਿ ਕਰਿਯੈ ॥ ੫੪ ॥**

**ਅਰਥ:**--ਜਦੋਂ ਤੋਂ ਮੈਂ ਹੋਸ਼ ਸੰਭਾਲੀ ਹੈ, ਤਦੋਂ ਤੋਂ ਹੀ ਮੇਰੇ ਗੁਰੂ ਨੇ ਮੈਨੂੰ ਸਿਖਿਆ ਦਿਤੀ ਹੈ ਕਿ ਹੇ ਪੁੱਤਰ ! ਜਿੰਨਾ ਚਿਰ ਤੇਰੇ ਹਿਰਦੇ ਅੰਦਰ ਪ੍ਰਾਣ ਹਨ, ਉਤਨਾ ਚਿਰ ਤੂੰ ਇਹ ਧਾਰੀ ਰੱਖਣਾ ਹੈ ਕਿ ਆਪਣੀ ਇਸਤ੍ਰੀ ਦੇ ਨਾਲ ਤੂੰ ਸਦਾ ਪ੍ਰੇਮ ਵਧਾ, ਪਰ ਪਰਾਈ ਇਸਤ੍ਰੀ ਦੀ ਸੇਜਾ ਉਤੇ ਭੁੱਲਕੇ ਸੁਪਨੇ ਵਿਚ ਵੀ ਨਹੀਂ ਜਾਣਾ ਹੈ। **੫੧।** ਪਰਾਈ ਨਾਰੀ ਨੂੰ ਭੋਗਿਆਂ ਇੰਦ੍ਰ ਨੇ ਹਜ਼ਾਰ ਭਗ ਪਾਏ ਸੀ। ਪਰਾਈ ਨਾਰੀ ਦੇ ਭੋਗਿਆਂ ਚੰਦ੍ਰਮਾਂ ਨੇ ਆਪਣੇ ਆਪ ਨੂੰ ਕਲੰਕ ਲਗਾ ਲਿਆ ਸੀ। ਪਰਾਈ ਨਾਰੀ ਦੇ ਵਾਸਤੇ ਦਸਾਂ ਸਿਰਾਂ ਵਾਲੇ ਨੇ ਆਪਣੇ ਸਿਰ ਗਵਾ ਲਏ ਸੀ। ਪਰਾਈ ਨਾਰੀ ਦੇ ਵਾਸਤੇ ਕੌਰਵਾਂ ਦਾ ਦਲ ਮਾਰਿਆ ਗਿਆ ਸੀ**੫੨।** ਪਰਾਈ ਨਾਰੀ ਨਾਲ ਪ੍ਰੇਮ ਤਿੱਖੀ ਛੁਰੀ ਵਾਂਗ ਜਾਣੋ। ਪਰਾਈ ਨਾਰੀ ਨਾਲ ਪ੍ਰੇਮ ਦਾ ਅਰਥ ਮੌਤ ਦਾ ਆਉਣਾ ਸਮਝੋ। ਆਪਣੇ ਆਪ ਨੂੰ ਬਹੁਤ ਬਲ ਵਾਲੇ ਸਮਝਕੇ ਜੋ ਪਰਾਈ ਨਾਰੀ ਨਾਲ ਭੋਗ ਕਰਦੇ ਨੇ, ਉਹ ਅੰਤ ਨੂੰ ਡਰਪੋਕ ਆਦਮੀ ਹਥੋਂ ਕੁੱਤੇ ਦੀ ਮੌਤੇ ਮਰਦੇ ਹਨ। **੫੩ ।** (ਰਾਜੇ ਨੇ ਕਿਹਾ) ਹੇ ਇਤ੍ਰੀ ! ਸਾਡੇ ਪਾਸ ਦੇਸ-ਦੇਸਾਂਤਰਾਂ ਤੋਂ ਇਸਤ੍ਰੀਆਂ ਆਉਂਦੀਆਂ ਹਨ ਅਤੇ ਮਨ-ਭਾਉਂਦੇ ਵਰ ਮੰਗ ਕੇ ਸਾਨੂੰ ਗੁਰੂ ਜਾਣਕੇ ਸਿਰ ਝੁਕਾਉਂਦੀਆਂ ਹਨ। ਉਹ ਸਿੱਖ ਮੇਰੇ ਪੁਤਰ ਹਨ, ਸਿੱਖਾਂ ਦੀਆਂ ਇਸਤ੍ਰੀਆਂ ਮੇਰੀਆਂ ਧੀਆਂ ਹਨ, ਹੇ ਸੁੰਦਰੀ! ਤੂੰ ਹੀ ਦੱਸ, ਇਹਨਾ ਨਾਲ ਭੋਗ ਕਿਵੇਂ ਕੀਤਾ ਜਾਏ? **। ੫੪ ।[ਸ਼ੰਕਾ**--ਕੀ ਜਿਹੜੇ ਸਿੱਖ ਨਹੀ ਸਨ ਉਨ੍ਹਾਂ ਦੀਆਂ ਭੈਣਾ ਨਾਲ ਭੋਗ ਕਰ ਲੈਣਾ ਠੀਕ ਸਮਿਝਆ ਜਾ ਸਕਦਾ ਸੀ?[ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ (ਜਿਲਦ ਛੇਵੀ) ਐਡੀਸ਼ਨ ੧੯੯੩ ਸਫ਼ਾ ੧੦੯ ਤੋਂ ੧੧੧]

ਕਈ ਗੁਰਸਿਖ ਵਿਦਵਾਨ ਲਿਖਾਰੀਆਂ ਨੇ ਇਸ ਬਾਣੀ ਨੂੰ ਦਸ਼ਮੇਸ਼ ਜੀ ਦੀ ਆਪਣੀ ਕਿਰਤ ਲਿਖਿਆ ਹੈ। ਏਹੀ ਕਾਰਨ ਹੈ ਰਾਗੀਆਂ ਢਾਡੀਆਂ ਅਤੇ ਪਰਚਾਰਕਾਂ ਵਾਂਗ ਦਾਸ ਵੀ, ਅਨਮੋਲ ਸਿਖਿਆ ਵਾਲੇ ਸਮਝ ਕੇ ਇਹ ਬਚਨ ਬੜੀ ਸ਼ਰਧਾ ਨਾਲ ਵਰਤਿਆ ਕਰਦਾ ਸੀ। ਪਰ ਜਦੋਂ ਤੋਂ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਪਵਿੱਤ੍ਰ ਅਤੇ ਲਾਸਾਨੀ ਬਾਣੀ ਦੇ ਗਿਆਨ ਦੀ ਬਖਸ਼ ਦੁਆਰਾ " **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** " ਪੁਸਤਕ ਲਿਖਣੀ ਅਰੰਭ ਕੀਤੀ ਹੈ, ਤਦੋਂ ਤੋਂ ਅਜੇਹੀ ਹਰ ਬਾਣੀ ਜਿਸ ਤੋਂ ਪ੍ਰੋਹਿਤਵਾਦੀ ਰੀਤ ਦਾ ਪੰਥ ਵਿਚ ਆ ਵੜਨ ਦਾ ਜ਼ਰਾ ਵੀ ਸ਼ੱਕ ਪੈਂਦਾ ਹੈ ਉਸ ਨੂੰ ਗੁਰਮਤਿ ਦੀ ਕਸਵੱਟੀ ਤੇ ਪਰਖ ਕੇ ਵੇਰਵੇ ਤੋਂ ਪੰਥ ਨੂੰ ਜਾਣੂੰ ਕਰਨਾ ਦਾਸ ਲਈ ਸਤਿਗੁਰੂ ਨਾਨਕ ਸਾਹਿਬ ਜੀ ਦਾ ਹੁਕਮ ਬਣ ਚੁੱਕਾ ਹੈ। ਉਪ੍ਰੋਕਤ ਬਚਨਾਂ ਬਾਰੇ ਦਾਸ ਨੇ ਮਨ ਵਿਚ ਕਈ ਸ਼ੰਕੇ ਉਪਜਦੇ ਰਹੇ ਹਨ। ਕਈ ਵਿਦਵਾਨਾਂ ਨਾਲ ਵਿਚਾਰ ਹੋਏ ਪਰ ਗੁਰਬਾਣੀ ਦੀ ਕਸੱਵਟੀ ਦੀ ਪਰਖ ਕਰਨ ਤੋਂ ਸਾਰੇ ਹੀ ਪਾਸਾ ਵੱਟ ਜਾਂਦੇ ਰਹੇ ਹਨ। ਪਿਆਰਾ ਸਿੰਘ ਪਦਮ ਸਮੇਤ ਕਈਆਂ ਦਾ ਇਹ ਮਤ ਹੈ ਕਿ ਦਸਮ ਗ੍ਰੰਥ ਸਾਹਿਬ ਦੀ ਬਾਣੀ ਦੀ ਪਰਖ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਆਪਣੀ ਤਰਜ਼ ਦਾ ਇੱਕ ਅੱਡਰਾ ਅਤੇ ਬੜਾ ਲਾਹੇਵੰਦ ਧਰਮ ਗ੍ਰੰਥ ਹੈ। ਇਸ ਦੀ ਮਹੱਤਤਾ ਪੰਥ ਵਾਸਤੇ ਆਪਣੇ ਥਾਂ ਹੈ। {ਭਾਵੇਂ ਇਸ ਬਾਣੀ ਦੇ ਅਧਾਰ ਤੇ ਹੇਮਕੁੰਡ ਵਰਗਾ ਗੁਰਮਤਿ ਵਿਰੋਧੀ ਅਤੇ ਪ੍ਰੋਹਿਤਾਂ ਦੇ ਹਿੱਤ ਦਾ ਤੀਰਥ ਬਣ ਜਾਵੇ ਫਿਰ ਵੀ ਇਸ ਗ੍ਰੰਥ ਨੂੰ ਪੰਥ ਲਈ ਲਾਹੇਵੰਦ ਹੀ ਸਮਝਣਾ ਚਾਹੀਦਾ ਹੈ ?]***>>>>>**

*[**Foot noT:--**ਗਿਆਨੀ ਭਗਤ ਸਿੰਘ ਜੀ ਨੂੰ ਦਾਸ ੧੯੬੭ ਤੋਂ ਜਾਣਦਾ ਸੀ। ੧੯੯੫ ਤੋਂ ਪਹਿਲਾਂ ਉਨ੍ਹਾਂ ਨਾਲ ਸਿੱਧਾ ਸੰਪਰਕ ਬਣਾ ਸਕਣ ਦਾ ਸਮਾ ਨਹੀਂ ਸੀ ਬਣਿਆਂ। ਗਿਆਨੀ ਜੀ ਦਾ ਸਤਿਕਾਰ ਅਤੇ ਪਿਆਰ ਦਾਸ ਦੇ ਹਿਰਦੇ ਵਿਚ ਬਿਆਨ ਤੋਂ ਬਾਹਰਾ ਹੈ। ਉਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਨੇ ਦਾਸ ਨੂੰ ਕਈ ਦਿੱਨ ਬੜਾ ਪ੍ਰੇਸ਼ਾਨ ਰਖਿਆ। ਹਿਰਦੇ ਤੋਂ ਦਾਸ ਦੀ ਪੁਕਾਰ ਸੀ ਕਿ ਗਿਆਨੀ ਜੀ ਦੇ ਵਿਛੋੜੇ ਦੀ ਖ਼ਬਰ ਮੇਰੀ ਮੌਤ ਤੋਂ ਮਗਰੋਂ ਕੈਨੇਡਾ ਪੁੱਜਣੀ ਚਾਹੀਦੀ ਸੀ। ਦਸਮਗ੍ਰੰਥ ਬਾਰੇ ਦਾਸ ਨਾਲ ਉਨ੍ਹਾਂ ਦਾ ਮਤਭੇਦ ਸੀ। ਇਸ ਮਤਭੇਦ ਦੀ ਨਿਵਰਤੀ ਲਈ ਉਹ ਦਾਸ ਕੋਲ ਆਉਣ ਲਈ ਕਾਗ਼ਜ਼ ਤਿਆਰ ਕਰਾ ਰਹੇ ਸਨ, ਕਿ ਇੱਕ ਸ਼ਰਾਬੀ ਟਰੱਕ-ਡਰਾਈਰ ਉਨ੍ਹਾਂ ਦੀ ਮੌਤ ਦਾ ਕਾਰਨ ਆ ਬਣਿਆਂ।

ਹੇਮ ਕੁੰਡ ਬਾਰੇ ਗਿਆਨੀ ਜੀ ਦੇ ਲਿਖਤੀ ਵਿਚਾਰ ਹਨ ਕਿ " ਹੇਮ ਕੁੰਡ " ਵਾਸਤਵ ਵਿਚ ਕਿਸੇ ਥਾਂ ਟਿਕਾਣੇ ਦਾ ਨਾ ਨਹੀਂ ਹੈ, ਉਨ੍ਹਾਂ ਦਾ ਵਿਚਾਰ ਹੈ ਕਿ ਇਹ ਦਸ਼ਮੇਸ਼ ਜੀ ਦੀ ਉੱਚੀ ਆਤਮਕ ਅਵਸਥਾ ਦਾ ਜ਼ਿਕਰ ਹੈ। ਅਤੇ ਗਿਆਨੀ ਜੀ ਉਨ੍ਹਾਂ ਲੋਕਾਂ ਨੂੰ ਭਰਮੀ ਅਤੇ ਮੂਰਖ ਗਿਣਦੇ ਸਨ ਜਿੰਨ੍ਹਾਂ ਨੇ ਹੇਮਕੁੰਦ ਜਿਹੀ ਬਰਫ਼ਾਂ ਮਾਰੀ, ਹੱਡ ਭੰਨਣੀ ਠੰਢੀ ਥਾਂ ਤੇ ਗੁਰੂ ਅਸਥਾਨ ਜਾ ਬਣਾਇਆ। ਉਸ ਥਾਂ ਦੀ ਯਾਤਰਾ ਨੂੰ ਜਾਣ ਵਾਲਿਆਂ ਲਈ ਵੀ ਗਿਆਨੀ ਜੀ ਦੇ ਮਨ ਵਿਚ, ਕੋਈ ਇੱਜ਼ਤ ਨਹੀਂ ਸੀ।

ਦਾਸ ਉਨ੍ਹਾਂ ਦੇ ਇਸ ਵਿਚਾਰ ਨਾਲ ਉੱਕਾ ਹੀ ਸਹਿਮਤ ਨਹੀਂ ਸੀ, ਕਿ ਹੇਮਕੰਡ ਨੂੰ ਸਿੱਖਾਂ ਦਾ ਤੀਰਥ ਅਸਥਾਨ ਬਣਾਉਣ ਵਾਲਿਆਂ ਨੂੰ ਦੋਸ਼ੀ ਮੰਨਿਆ ਜਾਵੇ। ਦੋਸ਼ੀ ਉਹ ਲੋਕ ਹਨ ਜਿਹੜੇ ਬਚਿਤ੍ਰ ਨਾਟਕ ਨੂੰ ਦਸ਼ਮੇਸ਼ ਜੀ ਦੀ ਕਿਰਤ ਮੰਨਦੇ ਹਨ। ਜਿੰਨ੍ਹਾਂ ਵਿਚ ਗਿਆਨੀ ਜੀ ਸਾਰਿਆਂ ਤੋਂ ਮੋਹਰੇ ਸਨ। ਹੇਮ ਕੁੰਡ ਦਾ ਜ਼ਿਕਰ ਅਤੇ ਉਸ ਦਾ ਥਹੁ ਟਿਕਾਣਾ ਲਿਖਣ ਵਿਚ ਅਜੇਹੀ ਸ਼ਬਦਾਵਲੀ ਵਰਤੀ ਹੋਈ ਹੈ ਕਿ ਸਿਵਾਏ ਉਸ ਅਸਥਾਨ ਨੂੰ ਦਸ਼ਮੇਸ਼ ਜੀ ਦਾ ਤਪ-ਅਸਥਾਨ ਮੰਨਣ ਦੇ ਹੋਰ ਦੂਜਾ ਕੋਈ ਅਰਥ ਸਮਝਿਆ ਜਾ ਹੀ ਨਹੀਂ ਸਕਦਾ। ਹੇਮ ਕੁੰਡ ਦਾ ਅਤਾ ਪਤਾ ਦੇਣ ਵਾਲੀਆਂ, ਅਥਵਾ ਹੇਮ ਕੁੰਡ ਨਾਮਕ ਥਾਂ ਦਾ ਠੀਕ ਟਿਕਾਣਾ ਸਮਝਾਉਣ ਲਈ ਉਸ ਦੇ ਚੁਗਿਰਦੇ ਦਾ ਵਿਸਥਾਰ ਲਿਖਣ ਦੇ ਨਾਲ, ਮਹਾਂਭਾਰਤ ਗ੍ਰੰਥ ਦੀ ਲਿਖਤ ਦੇ ਅਧਾਰ ਤੇ ਉਸ ਦਾ ਪਾਂਡੋ ਰਾਜ ਘਰਾਨੇ ਨਾਲ ਡੂੰਘਾ ਸਬੰਧ ਵਰਣਨ ਕੀਤਾ ਹੋਇਆ ਹੈ। ਆਤਮਕ ਅਵਸਥਾ ਦੀ ਸਿਖ਼ਰ ਨਾਲ ਅਜੇਹੀਆਂ ਗੱਲਾਂ ਕਿਵੇਂ ਜੁੜ ਸਕਦੀਆਂ ਹਨ? ਆਪਨੀ ਕਥਾ ਵਾਲੀ ਉਸ ਚੌਪਈ ਵਿਚਲੀਆਂ ਹੇਮ ਕੁੰਟ ਨਾਲ ਸੰਬੰਧਤ ਪੰਗਤੀਆਂ ਇਸ ਪ੍ਰਕਾਰ ਹਨ:-**......ਹੇਮ ਕੁੰਟ ਪਰਬਤ ਹੈ ਜਹਾਂ । ਸਪਤ ਸ੍ਰਿੰਗ ਸੋਭਿਤ ਹੈ ਤਹਾਂ ।੧। ਸਪਤਸ੍ਰਿੰਗ ਤਿਹ ਨਾਮ ਕਹਾਵਾ । ਪੰਡੁ ਰਾਜ ਜਹ ਜੋਗ ਕਮਾਵਾ।... ੨ ॥ ਪਦ ਅਰਥ**:--**(1) ਹੇਮ ਕੁੰਟ**=ਬਰਫ਼ ਦਾ ਪਹਾੜ, ਹਿਮਾਲਾ ਪਰਬਤ। **ਸਪਤ=(ੳ)** (ਸੰ:ਸ਼ਤ੍ਰ, ਸਉ)=ਸੈਂਕੜੇ ਚੋਟੀਆਂ (ਟੀਸੀਆਂ) ਵਾਲਾ ਹਿਮਾਲਾ।। **(ਅ)** ਸਪਤ ਸ੍ਰਿੰਗ (ਸੱਤ ਚੋਟੀਆਂ) ਹਿਮਾਲਾ ਦਾ ਉਹ ਭਾਗ, ਜਿਥੇ ਸੱਤ ਚੋਟੀਆਂ ਨੇੜੇ ਨੇੜੇ ਇਕੱਠੀਆਂ ਸਜ ਰਹੀਆਂ ਹਨ। **ਪੰਡੁ ਰਾਜ=**ਯਾਦਵ ਵੰਸ਼ੀ ਰਾਜਾ ਸ਼ਾਂਤਨੂੰ ਦਾ ਦੂਜਾ ਪੁੱਤ੍ਰ ਜੋ ਯੁਧਿਸ਼ਟਰ, ਭੀਮ ਤੇ ਅਰਜਨ ਆਦਿ, ਪੰਜ ਪਾਂਡਵਾਂ ਦਾ ਪਿਤਾ ਸੀ। [ਸ਼ਬਦਾਰਥ ਦਸਮ ਗ੍ਰੰਥ ਭਾਈ ਰਣਧੀਰ ਸਿੰਘ ਐਡੀਸ਼ਨ ੧੯੮੫- ਸਫ਼ਾ ੭੧] **(2)ਹੇਮ ਕੁੰਟ**=ਹੇਮ ਕੂਟ, ਹਿਮਾਲਯ ਦੇ ਉੱਤਰ ਦਾ ਇਕ ਪਹਾੜ ਜੋ (ਪੁਰਾਣਾਨੁਸਾਰ) ਕਿੰਪੁਰਖ ਖੰਡ ਦੀ ਹੱਦ ਉਤੇ ਹੈ ਅਤੇ (ਮਹਾ ਭਾਰਤਾਨੁਸਾਰ) ਹਿਮਾਲਯ ਦੀ ਧਾਰਾ ਵਿਚ ਇਦ੍ਯੁਮਨ ਸਰ ਦੇ ਕੋਲ ਹੇਮ ਕੂਟ ਪਰਬਤ ਹੈ। **ਸਪਤਸ੍ਰਿੰਗ**=ਹਿਮਾਲਯ ਦੀ ਧਾਰਾ ਵਿਚ ਬੱਦਰੀ ਨਰਾਇਣ ਦੇ ਕੋਲ ਇਕ ਪਹਾੜ **(੨)** ਸੱਤਸਿਙ, ਸਤ ਚੋਟੀਆਂ। [ਸ੍ਰੀ ਬਚਿਤ੍ਰ ਨਾਤਖ ਸਟੀਕ ਟੀਕਾ ਕਾਰ--ਪੰਡਿਤ ਨਰੈਣ ਸਿੰਘ ਗਯਾਨੀ ਵਿਦਿਆ ਮਾਤੰਡ ਮੁਜ਼ੰਗਾ ਵਾਲੇ ਸਫ਼ਾ ੬੩} ਮਹਾਂਭਾਰਤ ਦੀ ਕਥਾ ਅਨੁਸਾਰ ਪਾਂਡੋ ਮਹਾਰਾਜ ਤੋ **ਮਰਕਿੰਦ ਰਿਖੀ** ਦੀ ਅਤੇ ਉਸ ਦੀ **ਪੱਤਨੀ** ਦੀ ਮੌਤ ਭੁਲੇਖੇ ਨਾਲ ਹੋ ਗਈ ਸੀ। ਮਹਾਰਾਜ ਨੇ ਇਸ ਹਤਿਆ ਦਾ ਪਰਾਸਚਿਤ ਕਰਨ ਲਈ ਰਾਜ ਭਾਗ ਤਿਆਗ ਦਿੱਤਾ ਅਤੇ ਇਸ ਥਾਂ ਤੇ ਆ ਕੇ ਜੋਗ ਕਮਾਉਂਦਾ ਰਿਹਾ ਸੀ। ਅਜੇਹੇ ਅਤੇ-ਪਤੇ ਲਿਖੇ ਹੋਣ ਤੇ ਅੰਧ ਵਿਸ਼ਵਾਸ਼ੀ ਸ਼ਰਧਾਲੂ ਇਸ ਥਾਂ ਨੂੰ ਤੀਰਥ ਕਿਵੇਂ ਨਾ ਬਣਾਉਂਦੇ ? ਕੇਵਲ ਇਸ ਗੱਲ ਤੋਂ ਕਿ ਅਜੇਹੇ ਗੁਰਮਤਿ ਵਿਰੋਧੀ ਤੀਰਥ ਬਣਨ ਦਾ ਦੋਸ਼ ਦਸਮਗ੍ਰੰਥ ਜੀ ਦੇ ਸਿਰ ਨਾ ਲੱਗੇ, ਬਿਨਾ ਦਲੀਲ ਤੋਂ ਅਰਥ ਬਦਲ ਦੇਣੇ, ਗਿਆਨੀ ਜੀ ਦੀ ਬੇਦੀਲੀ ਹੱਠ ਧਰਮੀ ਸੀ। ਮਹਾਂਭਾਰਤ ਦੇ ਮਹਾਂ ' ਪ੍ਰਸਥਾਨਿਕ ਪਰਵ ' ਦੇ ' ਮਹਾਂ ਯਾਤਰਾ " ਅਧਿਆਇ ਵਿਚ ਲਿਖਿਆ ਹੈ ਕਿ ਯੁਧਿਸ਼ਟਰ ਨੇ ਅਰਜੁਨ ਦੇ ਪੋਤਰੇ ਪਰੀਖਸ਼ਤ ਨੂੰ ਹਸਤਨਾ ਪੁਰ ਦਾ ਰਾਦ ਸੌਂਪ ਦਿੱਤਾ ਅਤੇ ਪੰਜੇ ਭਰਾ ਦ੍ਰੋਪਦੀ ਤੇ ਆਪਣੇ ਇੱਕ ਕੁੱਤੇ ਸਮੇਤ ਬਨਵਾਸ ਲਈ ਚਾਲੇ ਪਾ ਤੁਰੇ ਸਨ। ਉਨ੍ਹਾਂ ਨੇ ਵੀ ਹਮਾਲੀਆ ਦੇ ਏਸੇ ਬਰਫ਼ਾਨੀ ਇਲਾਕੇ ਵਿਚ ਹੀ ਜੋਗ ਕਮਾਇਆ ਸੀ। ਘਟਨਾ ਦਾ ਬੜਾ ਅਦਭੁਤ ਸੁਮੇਲ (Strange Coincident) ਹੈ ਕਿ ਜਿਸ ਇਲਾਕੇ ਵਿਚ ਪੁਰਾਣਾਂ ਵਿਚਲੀਆਂ ਕਹਾਣੀਆਂ ਦੇ ਪਾਤਰ ਵਿਚਰਦੇ ਰਹੇ ਉਸੇ ਇਲਾਕੇ ਦਾ ਅਤਾ ਪਤਾ ਬਚਿਤ੍ਰ ਨਾਟਕ ਜੀ ਦੇਈ ਜਾ ਰਹੇ ਹਨ। ਇਸ ਸਾਰੇ ਕੁੱੜ ਦੇ ਹੁੰਦਿਆਂ ਹੇਮਕੁੰਟ ਨੂੰ ਆਤਮਕ ਅਵਸਥਾ ਦੀ ਸਿਖ਼ਰ ਕਿਹੜਾ ਮੰਨ ਲਵੇ?। ਇਹ ਵੀ ਸੱਚ ਹੈ ਕਿ ਆਤਮਕ ਉੱਚਤਾ ਪ੍ਰਾਪਤ ਕਰ ਸਕਣ ਦੀ ਸੋਝੀ ਵਾਲਾ ਉਪਦੇਸ਼ ਸਾਰੇ ਦਮਸ ਗ੍ਰੰਥ ਸਾਹਿਬ ਵਿਚ ਕਿਤੋਂ ਵੀ ਮਿਲਣਾ ਕਠਨ ਸਮੱਸਿਆ ਹੈ, ,ਜਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਥਮ ਬਾਣੀ**ਜਪ** (ਸਾਹਿਬ) ਤੋਂ ਹੀ ਸੱਚਖੰਡ ਵਾਲੇ ਉਸ ਕਰਮਖੰਡ ਵਾਲੀ ਅਵਸਥਾ ਦੀ ਸੋਝੀ ਕਰਾਵਾਈ ਜਾ ਰਹੀ ਹੈ ਜਿਥੇ ਨਿਰੰਕਾਰ ਦਾ ਵਾਸਾ ਹੈ]

**<<<<**ਪਰ ਦਾਸ ਦਾ ਅਟੱਲ ਵਿਸ਼ਵਾਸ਼ ਇਹ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਉੱਤਰ ਅਧਿਕਾਰੀਆਂ ਦਾ ਵੀ ' ਨਾਨਕ ' ਕਰਕੇ ਜਾਣਿਆ ਜਾਣ ਦਾ ਕਾਰਨ ਇਹ ਸੀ ਕਿ ਉਨ੍ਹਾਂ ਦਾ ਕੇਵਲ ਸਰੀਰ ਹੀ ਹੋਰ ਹੁੰਦਾ ਸੀ ਬਾਕੀ, **ਜੋਤਿ** ਅਤੇ **ਜੁਗਤਿ** ਦੋਵੇਂ ਗੁਰੂ ਨਾਨਕ ਸਾਹਿਬ ਵਾਲੀਆਂ ਹੀ ਸਨ। ਸਤਿਗੁਰੂ ਗ੍ਰੰਥ ਸਾਹਿਬ ਜੀ ਇਸ ਤੱਥ ਦੀ ਪੁਸ਼ਟੀ ਇਉਂ ਕਰਦੇ ਹਨ--**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥** [੯੬੬], ਭਾਵ, **ਗਿਆਨ-ਜੋਤਿ**** ਦੇ ਨਾਲ **ਜੀਵਨ-ਜੁਗਤ** ਵੀ ਗੁਰੂ ਨਾਨਕ ਸਾਹਿਬ ਵਾਲੀ ਹੋਣੀ ਜ਼ਰੂਰੀ ਹੈ। ਮਨੁੱਖ ਨੂੰ ਸੰਤ ਅਤੇ ਸੂਰਮਾ

ਬਨਾਉਣ ਲਈ ਉਸ ਨੂੰ ਜਿਹੜਾ ਕੋਰਸ ਪਾਸ ਕਰਵਾਉਂਣ ਦਾ ਟੀਚਾ, ਆਦਿ ਗੁਰੂ, ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਮਿਥਿਆ ਸੀ, ਬਾਕੀ ਨੌ ਗੁਰੂ ਸਾਹਿਬਾਨ ਨੇ ਕੇਵਲ ਅਤੇ ਕੇਵਲ ਉਹੀ ਕੋਰਸ ਪੂਰਾ ਕਰਵਾਇਆ ਸੀ। ਜਿਸ ਤਰ੍ਹਾਂ ਦੀ ਲਿਖਤ ਪਹਿਲੇ ਨੌਂ ਸਤਿਗੁਰਾਂ ਵਿਚੋਂ ਕਿਸੇ ਨੇ ਨਹੀਂ ਸੀ ਲਿਖੀ, ਅਜੇਹੀ ਓਪਰੇ ਢੰਗ ਦੀ ਲਿਖਤ ਦਸਮ ਗੁਰੂ ਨਾਨਕ ਸਾਹਿਬ ਜੀ ਕਿਵੇਂ ਲਿਖ ਸਕਦੇ ਸਨ? ਗੁਰਮਤਿ ਦੀ ਸਿਖਲਾਈ ਦਾ ਜਿਹੜਾ ਕਥਿਤ ਪਾਠ, ਵੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਪਰਖ ਤੇ ਪੂਰਾ ਨਹੀਂ ਉਤਰਦਾ, ਸਮਝੋ ਉਸ ਵਿਚ ਖੋਟ ਹੈ। ਉਸ ਨਾਲ ਸੰਬੰਧ ਰਖਿਆਂ **ਪੰਥ ਕਿਸੇ ਹਾਲਤ ਵਿਚ ਨਿਆਰਾ ਨਹੀਂ ਸੀ ਰਹਿ ਸਕਦਾ।** ਗੁਰੂ ਪੰਥ ਦੀ ਚੜ੍ਹਦੀ-ਕਲਾ ਵਾਲੀ ਪਹਿਲੀ ਅਵਸਥਾ ਨੂੰ ਮੋੜ ਲਿਆਉਂਣ ਲਈ, ਅਤੇ ਫਿਰ ਤੇਜ ਪ੍ਰਤਾਪ ਵਾਲੀ ਉਸੇ ਜੀਵਨੀ ਨੂੰ ਸਥਿਰ ਰਖਣ ਲਈ, ਇਕੋ ਇੱਕ ਏਹੀ ਸਾਧਨ ਹੈ, ਕਿ ਅਸੀਂ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸੱਚਾ ਸਤਿਗੁਰੂ ਮੰਨਦੇ ਹੋਏ ਦੂਜੇ ਗ੍ਰੰਥਾਂ ਦੀ ਬਣੀ ਪਰਖਣ ਲਈ, ਸਦਾ ਗੁਰੂਬਾਣੀ ਨੂੰ ਹੀ ਕਸਵੱਟੀ ਮੰਨੀਏ--**ਸਤਿਗੁਰ ਜੇਵਡੁ ਅਵਰ ਨ ਕੋਈ**--। ਗੁਰੂ ਬਾਣੀ ਦੀ ਹਰ ਪੱਖੋਂ ਸੰਪੂਰਨਤਾ, ਵਿਲੱਖਣਤਾ ਅਤੇ ਸੁੱਧਤਾ ਪ੍ਰਤੀ ਪੱਕਾ ਵਿਸ਼ਵਾਸ਼ ਬਣ ਜਾਣ ਦੇ ਕਾਰਨ, ਦਾਸ ਹਰ ਦੂਜੀ ਬਾਣੀ ਨੂੰ (ਸਤਿਗੁਰੂ ਗ੍ਰੰਥ ਸਾਹਿਬ ਜੀ=) ਗੁਰੂ ਬਾਣੀ ਦੀ ਕਸਵੱਟੀ ਤੇ ਪਰਖਣ ਲਈ ਅਤੇ ਪੰਥ ਨੂੰ ਸੁਚੇਤ ਕਰਨ ਦਾ ਯਤਨ ਕਰਨ ਲਈ, **ਬਚਨ-ਬੱਧ** ਹੈ।

**{Foot note:--**ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ।**[੬੬੩] ਜੇ ਸਾਰਿਆਂ ਵਿਚ ਇਕ ਉਹੀ ਜੋਤਿ ਹੈ ਤਾਂ ਫਿਰ--**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ ੩ ॥** ਦੋਹਾਂ ਵਿਚ ਇਕੋ ਜੋਤਿ ਕਿਹੜੀ ਹੋ ਸਕਦੀ ਹੈ? ਕੀ ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਈਸਾ ਆਦਿ ਦੂਜੈ ਪੈਗੰਬਿਰਾਂ ਨਾਲੋਂ ਸ੍ਰੀ ਗੁਰੂ ਨਾਨਕ ਜੀ ਵਿਚ ਕੋਈ ਅੱਡਰੀ ਜੋਤਿ ਸੀ ਜੋ ਨਿਆਰਾ ਪੰਥ ਰਚਾ ਲਿਆ? ਅਤੇ ਉਨ੍ਹਾਂ ਦੀ ਜੋਤਿ ਅਗਾਂਹ ਤੋਂ ਅਗ਼ਾਂਹ ਤੁਰੀ ਜਾਂਦੀ ਰਹੀ ਅਤੇ ਅੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆ ਬਿਰਾਜੀ? ਜੋਤਿ ਦੇ ਗੁਰਮਤਿ ਅਰਥ ਪੂਰੀ ਤਰ੍ਹਾਂ ਸਮਝਣ ਲਈ ਪੜ੍ਹੋ ਪੁਸਤਕ ਦੇ ਅਠਵੇਂ ਭਾਗ ਦੇ ਸਤਵੇਂ ਕਾਂਡ ਦੇ ੪ਥੇ ਲੇਖ ਤੋਂ ੧੧ਵੇਂ ਲੇਖ ਤੱਕ। ਜੋਤ ਦੇ ਗੁਰਮਤਿ-ਅਰਥ ਸਪੱਸ਼ਟ ਕਰਨ ਲਈ ਲੱਗ ਪੱਗ ੫੦ ਗੁਰੂ ਸ਼ਬਦਾਂ ਦੇ ਹਵਾਲੇ ਲਿਖੇ ਹਨ]

## ਇਨ੍ਹਾਂ ਬਚਨਾ ਦੇ ਪਿਛੋਕੜ ਦਾ ਵੇਰਵਾ:--

ਮਹਾਨ ਕੋਸ਼ ਦੇ ੪੫੮ ਸਫ਼ੇ ਤੇ ਚਰਿਤ੍ਰ ਪਦ ਦੇ ਅਰਥ ਲਿਖੇ ਹਨ। ਉਨ੍ਹਾਂ ਦੇ ਚੌਥੇ ਨੰਬਰ ਤੇ ਇਉਂ ਲਿਖਿਆ ਹੈ--" ਦਸਮ ਗ੍ਰੰਥ ਵਿਚ ਇਸਤ੍ਰੀ ਪੁਰਖਾਂ ਦੇ ਛਲ ਕਪਟ ਭਰੇ ਪ੍ਰਸੰਗ ਜਿਸ ਭਾਗ ਵਿਚ ਹਨ, ਉਸ ਦੀ " ਚਰਿਤ੍ਰੋ ਪਾਖਯਾਨ " ਸੰਗਯਾ ਹੈ। ਪਰ ਪ੍ਰਸਿਧ ਨਾਮ " ਚਰਿਤ੍ਰ " ਹੀ ਹੈ। ਚਰਿਤ੍ਰਾਂ ਦੀ ਗਿਣਤੀ ੪੦੪ ਹੈ, ਪਰ ਸਿਲਸਿਲੇ ਵਾਰ ਲਿਖਣ ਵਿਚ ੪੦੫ ਹੈ। ਤਿੰਨ ਸੌ ਪਚੀਵਾਂ (੩੨੫-)ਵਾਂ ਚਰਿਤ੍ਰ ਲਿਖਿਆ ਨਹੀਂ, ਪਰ ਉਸ ਦੇ ਅੰਤ ਇਤਿ ਸ੍ਰੀ ਲਿਖਕੇ ੩੨੫ ਨੰਬਰ ਦਿੱਤਾ ਹੋਇਆ ਹੈ। ....

" ਚਰਿਤ੍ਰੋ ਪਾਖਯਾਨ " ਦੇ ਚਰਿਤ੍ਰਾਂ ਵਿਚੋਂ ਇਕੀਵਾਂ ਚਲਿੱਤਰ ਕਥਾ **ਅਨੂਪ ਕੌਰ** ਹੈ। ਇਸ ਕਥਾ ਦੇ ਤਿੰਨ ਭਾਗ-੨੧, ੨੨ ਅਤੇ ੨੩ ਨੰਬਰ ਚਲਿੱਤਰ ਹਨ। ਉਪ੍ਰੋਕਤ ਕਵਿਤਾ ੨੧ਵੇਂ ਚਲਿੱਤਰ ਵਿਚੋਂ ਹੈ।

ਸ੍ਰੀ ਦਸਮ ਗ੍ਰੰਥ ਦੇ " ਚਰਿਤ ਪਾਖਯਾਨ" ਭਾਗ ਨੂੰ ਦਸ਼ਮੇਸ਼ ਜੀ ਦੀ ਆਪਣੀ ਕਿਰਤ ਸਿੱਧ ਕਰਨ ਵਾਲੇ ਸਿੱਖ ਵਿਦਵਾਨਾਂ ਵਿਚੋਂ ਭਾਈ ਪਿਆਰ ਸਿੰਘ ਪਦਮ ਜੀ ਦਾਨਾਮ ਬੜਾ ਪ੍ਰਸਿੱਧ ਹੈ। ਪਿਆਰਾ ਸਿੰਘ ਪਦਮ ਜੀ ਨੇ ਆਪਣੀ ਪੁਸਤਕ **" ਦਸਮ ਗ੍ਰੰਥ ਦਰਸ਼ਨ "** ਵਿਚ ਦਸਮ ਗ੍ਰੰਥ ਜੀ ਦੀ ਸਾਰੀ ਬਾਣੀ ਨੂੰ ਦਸ਼ਮੇਸ਼ ਜੀ ਦੀ ਆਪਣੀ ਕਿਰਤ ਸਿੱਧ ਕਰਨ ਦੇ ਯਤਨ ਵਿਚ, ਇਸ ਬਾਣੀ ਦੇ ਵਿਚੋਂ ਵੀ ਹਵਾਲੇ ਦਿੱਤੇ ਹੋਏ ਹਨ। ਆਪਣੇ ਉਸ ਲੇਖ ਵਿਚ (ਪੁਸਤਕ ਦੇ ੪੪ ਸਫ਼ੇ ਤੇ) ਪਦਮ ਸਾਹਿਬ ਨੇ ਇਉਂ ਲਿਖਿਆ ਹੈ:--

(੨) ਦੂਸਰੇ, ਇਹਨਾਂ ਰਚਨਾਵਾਂ ਦੀ ਅੰਦਰਲੀ ਗਵਾਹੀ ਹੈ। " ਅਵਤਾਰ ਕਥਾ " ਲਿਖਣ ਵਾਲੇ ਕਵੀ ਦਾ ਫ਼ੁਰਮਾਨ ਹੈ--

**" ਜਉ ਕਿਛੁ ਇਛ ਕਰੋਂ ਧਨ ਕੀ, ਚਲਿਓ ਧਨ ਦੇਸਨ ਦੇਸ ਤੇ ਆਵੈ।** ੧੯੦੧ (ਕ੍ਰਿਸ਼ਣਾਵਤਾਰ)

ਇਸ ਤਰ੍ਹਾਂ ਚਰਿਤ੍ਰਪਖਯਾਨ ਕਰਤਾ ਆਖਦਾ ਹੈ:--

**ਬਾਲ ਹਮਾਰੇ ਪਾਸ, ਦੇਸ ਦੇਸਨ ਤ੍ਰਿਯ ਆਵਹਿ । ਮਨ ਬਾਂਛਤ ਬਰ ਮਾਂਗ, ਜਾਨਿ ਗੁਰ ਸੀਸ ਝੁਕਾਵਹਿ ॥**

ਕੀ ਕੋਈ ਅਨੰਦਪੁਰ ਵਿਚ ਇਸ ਸਮੇਂ ਦਸ਼ਮੇਸ਼ ਜੀ ਤੋਂ ਸਿਵਾ ਹੋਰ ਵੀ ਅਜੇਹੀ ਪ੍ਰਸਿੱਧ ਹਸਤੀ ਸੀ ਜਿਸ ਪਾਸ ਇਉਂ ਦੇਸਾਂ ਦੇਸਾਂ ਤੋਂ ਭੇਟਾ ਚੜ੍ਹਦੀਆਂ ਤੇ ਸ਼ਰਧਾਲੂ ਸੁੰਦਰੀਆਂ ਦਰਸ਼ਨ ਲਈ ਆਉਂਦੀਆਂ ਸਨ? ਇਸ ਦਾ ਜਵਾਬ ਹੈ, ਨਹੀਂ। ਜੇ ਕੋਈ ਇਤਨਾ ਵਡਾ ਮਾਲਦਾਰ ਤਾਂਤ੍ਰਿਕ ਕਵੀ ਹੁੰਦਾ ਤਾਂ ਉਸ ਨੂੰ ਗੁਰੂ ਸਾਹਿਬ ਦੀ ਨੌਕਰੀ ਕਰਨ ਦੀ ਕੀ ਲੋੜ ਸੀ। ਇਜੇਹੇ ਅਨੇਕਾਂ ਹਵਾਲੇ ਗੁਰੂ ਸਾਹਿਬ ਦੀ ਸ਼ਖਸ਼ੀਅਤ ਦੀ ਹੀ ਪੁਸ਼ਟੀ ਕਰਦੇ ਹਨ।

ਭਾਵ ਇਹ ਹੈ ਕਿ ਅਨੂਪ ਕੌਰ ਵਾਲੀ ਕਹਾਣੀ ਦੇ ਲਿਖਾਰੀ ਅਤੇ ਪਾਤ੍ਰ ਦਸ਼ਮੇਸ਼ ਜੀ ਆਪ ਹੀ ਹਨ। ਆਉ ਵਿਚਾਰ ਅੱਗੇ ਤੋਰੀਏ:--

**ਅਨੂਪ ਕੌਰ ਚਰਿਤ੍ਰ** ਵਾਲੀ ਕਹਾਣੀ ਦਾ ਸੰਖੇਪ ਰੂਪ ਇਸ ਪ੍ਰਕਾਰ ਹੈ:--

" ਸਤਲੁਜ ਦਰਿਆ ਦੇ ਕੰਢੇ ਅਨੰਦਪੁਰ ਪਿੰਡ ਦੀ ਇੱਕ ਧਨਵਾਨ ਇਸਤ੍ਰੀ ਨਗਰ ਦੇ ਰਾਜੇ ਤੇ ਮੋਹਤ ਹੋ ਗਈ। ਉਸ ਨੇ ਇੱਕ ਮਗਨ ਦਾਸ ਨਾਮੀ ਚਤੁਰ ਮਨੁੱਖ ਨੂੰ ਲਾਲਚ ਦੇ ਕੇ ਰਾਜੇ ਨੂੰ ਬੁਲਾ ਲਿਆਉਣ ਲਈ ਭੇਜਿਆ। ਮਦਨ ਦਾਸ ਨੇ ਜਾ ਕੇ ਰਾਜੇ ਨੂੰ ਕਿਹਾ ਕਿ ਜੇ ਤੁਸੀਂ **ਮੰਤ੍ਰ ਸਿੱਖਣਾ** ਚਾਹੁੰਦੇ ਹੋ ਤਾਂ ਜਿਵੇਂ ਮੈਂ ਆਖਾਂ ਓਵੇਂ ਹੀ ਕਰੋ। ਤਦ ਰਾਏ ਜੀ ਝੱਟ ਤਿਆਰ ਹੋ ਪਏ ਅਤੇ:--

**ਭੁਜੰਗ ਛੰਦ ॥**

**ਚਲਯੋ ਧਾਰਿ ਆਤੀਤ ਕੋ ਭੇਸ ਰਾਈ ॥ ਮਨਾਪਨ ਬਿਖੈ ਸ੍ਰੀ ਭਗੌਤੀ ਮਨਾਈ ॥**
**ਚਲਯੋ ਸੋਤ ਤਾਕੇ ਫਿਰਯੋ ਨਾਹਿ ਫੇਰੇ ॥ ਧਸਯੋ ਜਾਇਕੈ ਵਾ ਤ੍ਰਿਯਾ ਕੇ ਸੁ ਡੇਰੇ ॥ ੧੦ ॥**

**ਅਰਥ**:--ਉਹ ਰਾਜਾ ਤਪੱਸਵੀ ਦਾ ਭੇਸ ਧਾਰਕੇ ਆਪਣੇ ਮਨ ਵਿਚ ਭਗਵਤੀ ਦਾ ਸਿਮਰਨ ਕਰਦਾ ਹੋਇਆ ਤੁਰਿਆ। ਉਹ ਤੁਰਦਾ ਚਲਿਆ ਗਿਆ ਅਤੇ ਇਸ ਤਰ੍ਹਾਂ ਬਿਨਾ ਮੁੜੇ ਉਹ ਉਸ ਇਸਤ੍ਰੀ ਦੇ ਘਰ ਆ ਪਹੁੰਚਾ । ੧੦ ।

(ਆਪਣੇ ਇਸ ਭੇਤ ਨੂੰ ਗੁਪਤ ਰੱਖਦੇ ਹੋਏ) ਰਾਜ ਜੀ ਨੇ ਤਪੱਸਵੀ ਦਾ ਭੇਸ ਬਣਾਇਆ ਅਤੇ ਇਕੱਲੇ ਹੀ ਰਾਤ ਵੇਲੇ ਉਸ ਇਸਤ੍ਰੀ ਦੇ ਘਰਾ ਜਾ " ਧਸੇ "। ਅੱਗੇ ਇਤ੍ਰੀ ਨੇ ਫੁੱਲ, ਪਾਨ ਅਤੇ ਸ਼ਰਾਬ ਮੰਗਵਾ ਕੇ ਤਪੱਸਵੀ ਦਾ ਸਵਾਗਤ ਕੀਤਾ। (ਛੰਦ ੧੧) ਅਨੰਦ ਪੁਰ ਦਾ ਉਹ ਰਾਜਾ ਜੇ ਕੋਈ ਭਲਾ ਲੋਕ ਹੁੰਦਾ, ਅਤੇ ਵਾਕਿਆ ਹੀ ਉਹ ਕੋਈ ਮੰਤ੍ਰ ਲੈਣ ਹੀ ਘਰੋਂ ਤਪੱਸਵੀ ਬਣ ਕੇ ਤੁਰਿਆ ਸੀ, ਤਾਂ ਸ਼ਰਾਬ ਆਦਿ ਵੇਖਦਿਆਂ ਸਾਰ ਹੀ ਪਰਤ ਆਉਣਾ ਚਾਹੀਦਾ ਸੀ ਪਰ:--

**ਬਸਤ੍ਰ ਪਹਿਰਿ ਬਹੁ ਮੋਲ ਕੇ ਅਤਿਥ ਭੇਸ ਕੋ ਡਾਰਿ ॥ ਤਵਨ ਸੇਜ ਸੋਭਿਤ ਕਰੀ ਉਤਮ ਭੇਖ ਸੁਧਾਰ ॥੧੨।**

**ਅਰਥ**:-ਰਾਜੇ ਨੇ ਤਪੱਸਵੀ ਦੇ ਭੇਸ ਨੂੰ ਛੱਡ ਕੇ ਮੁੜ ਕੀਮਤੀ ਬਸਤ੍ਰ ਪਾ ਲਏ ਅਤੇ ਉਤਮ ਭੇਸ ਧਾਰਕੇ ਉਸ ਦੀ ਸੇਜ ਨੂੰ ਸੁੰਦਰ ਬਣਾਇਆ। [ ਲਿਖਾਰੀ ਨੇ ਇਹ ਇਸ਼ਾਰਾ ਤਾਂ ਕਿਤੇ ਨਹੀਂ ਕੀਤਾ ਕਿ ਦਸ਼ਮੇਸ਼ ਜੀ ਨੇ ਆਪਣੇ ਸੁੰਦਰ ਲਿਬਾਸ ਦੇ ਉੱਤੋਂ ਦੀ ਤਪੱਸਵੀ ਵਾਲਾ ਭੇਸ ਪਾ ਲਿਆ ਹੋਇਆ ਸੀ। ਸਪੱਸ਼ਟ ਲਿਖਿਆ ਹੈ--ਅਤਿਥ **ਭੇਸ ਕੋ ਡਾਰ**--ਉਸ ਤਪੱਸਵੀ ਭੇਸ ਨੂੰ ਲਾਹ ਕੇ, ਦੂਰ ਕਰਕੇ ਉਤਮ ਭੇਖ ਪਾਇਆ ਤੇ ਸੇਜ ਨੂੰ ਸੁੰਦਰ ਕੀਤਾ ਸੀ]

ਇਸਤ੍ਰੀ ਰਾਜੇ ਦੇ ਤਰਲੇ ਕਰਨ ਲੱਗ ਪਈ ਕਿ ਉਹ ਉਸ ਨਾਲ ਭੋਗ ਕਰੇ, ਕ੍ਰਿਸ਼ਨ ਲੀਲ੍ਹਾ ਦੀਆਂ ਉਦਾਹਤਣਾ ਵੀ ਦਾਂਦੀ ਹੈ ਪਰ ਰਾਜਾ ਭੋਗ ਕਰਨ ਲਈ ਤਿਆਰ ਨਾ ਹੋਇਆ। ਫਿਰ ਉਹ ਕਹਿੰਦੀ ਹੈ ਕਿ ਉਸ ਨੂੰ ਕਾਮ ਬੜਾ ਸਤਾ ਰਿਹਾ ਹੈ, ਤਾਂ ਰਾਜਾ ਉਸ ਨੂੰ ਉਪਦੇਸ਼ ਦਿੰਦਾ ਹੈ ਕਿ ਉਹ **ਸ਼ਿਵ ਜੀ ਦਾ ਧਿਆਨ** ਧਰੇ।(ਵਾਹਿਗੁਰੂ, ਸਤਿਨਾਮ,, ਈਸ਼ਵਰ, ਪਰਮਾਤਮਾ, ਅਕਾਲਪੁਰਖ ਸੁਤੇਅ ਹੀ ਮੂਹੋਂ ਨਿਕਲਨ ਦੇ ਥਾਂ ਉਚੇਚੇ ਤੌਰ ਤੇ ' ਸ਼ਿਵ ਜੀ " ਦਾ ਦਾਪ ?') ਪਰ ਰਾਜਾ ਨਿੰਦਾ ਅਤੇ ਬਦਨਾਮੀ ਦੇ ਡਰ ਤੋਂ ਧਰਮ ਰਾਜ ਦੇ ਡਰੋਂ ਅਥਵਾ ਨਰਕਾਂ ਵਿਚ ਪੈ ਜਾਣ ਦੇ ਭੈ ਕਾਰਨ ਵੀ ਇਸ ਕੁਕਰਮ ਤੋਂ ਬਚਿਆ ਰਹਿਣ ਦਾ ਕਾਰਨ ਜ਼ਾਹਰ ਕਰਦਾ ਹੈ (=ਛੰਦ, ੨੩ ੨੪ ੨੫, ੨੬,)। ਫਿਰ ਜਦੋ ਇਸਤ੍ਰੀ ਕਹਿਦੀ ਹੈ ਕਿ ਜੇ ਨਿੰਦਾ ਦੇ ਫੋਕੇ ਡਰ ਤੋਂ ਭੋਗ ਨਹੀਂ ਕਰਦਾ ਤਾਂ ਮੇਰੀ ਲੱਤ ਹੇਠੋਂ ਦੀ ਲੰਘ ਜਾ-- **ਟਾਂਗ ਤਰੇ ਅਬਿ ਹਾਇ ਨਿਕਸਿਯੈਂ** (ਅੜਿਲ-੨੮) ਰਾਜਾ ਕਹਿੰਦਾ ਹੈ ਕਿ ਲੱਤ ਥਲਿਓਂ ਤਾਂ ਉਹ ਲੰਘੇ ਜਿਹੜਾ ਭੋਗ ਨਾ ਕਰ ਸਕਦਾ ਹੋਵੇ ਅਤੇ ਜਾਂ ਖੁਸਰਾ ਹੋਣ ਦੇ ਕਾਰਣ ਬਹਿ ਰਹੇ ਅਤੇ ਸਾਰੀ ਰਾਤ ਇਸਤ੍ਰੀ ਨੂੰ **ਬਜਾਉਂਦੇ** ਰਹਿਣ ਜੋਗਾ ਨਾ ਹੋਵੇ--**ਰੈਨਿ ਸਗਰੀ ਨ ਬਾਜਾਵੈ ॥ ...੨੯॥**(ਅੜਿੱਲ ੨੯=) [ਪਿਆਰੇ ਪਾਠਕ ਜੀਓ ! ਜ਼ਰਾ ਵਿਚਾਰ ਕਰੀਏ, ਕਿ ਜੇ ਅਸੀਂ ਉਪ੍ਰੋਕਤ (੫੧ **ਤੋਂ ੫੪ ਨੰਬਰ ਵਾਲੀ**) ਕਵਿਤਾ, ਦਸ਼ਮੇਸ਼ ਜੀ ਵਲੋਂ ਮਿਲਿਆ ਕੀਮਤੀ ਉਪਦੇਸ਼ ਮੰਨਦੇ ਹਾਂ, ਤਾਂ ਅਸੀਂ ਕਿਹੜੀ ਦਲੀਲ ਨਾਲ ਕਹਾਂਗੇ ਕਿ ਏਹੋ ਜਿਹੇ (ਸੰਗ ਕਰਨਾ, ਭੋਗ ਕਰਨਾ ਆਦਿ ਬਚਨ ਛੱਡ ਕੇ ' ਬਜਾਉਣ ' ਕਹਿਣ ਵਾਲੇ)) ਹੌਲੇ ਅਤੇ ਲੋਫ਼ਰਾਂ ਵਾਲੇ ਬੋਲ ਦਸ਼ਮੇਸ਼ ਜੀ ਦੇ ਨਹੀਂ ਸਗੋਂ ਇਹ ਬੋਲ, ਨੀਚ ਸੋਚਣੀ ਵਾਲੇ ਕਿਸੇ ਮਾਇਆਧਾਰੀ ਘਟੀਆ ਰਾਜੇ ਦੇ ਹਨ ?} ਫਿਰ ਰਾਜੇ ਨੇ ਭੋਗ ਕਰਨ ਤੋਂ ਆਪਣੀ ਬੇਬਸੀ ਦੀ ਇੱਕ ਗੱਲ ਇਉਂ ਵੀ ਕਹੀ:--

**ਰਾਇ ਬਾਚ ॥**

**ਪ੍ਰਥਮ ਛਤ੍ਰੀ ਕੇ ਧਾਮ ਦਿਯੋ ਬਿਧਿ ਜਨਮ ਹਮਾਰੋ ॥ ਬਹੁਰਿ ਜਗਤ ਕੇ ਬੀਚ ਕਿਯੋ ਕੁਲ ਅਧਿਕ ਉਜਿਯਾਰੋ ॥**
**ਬਹੁਰਿ ਸਭਨ ਮੈਂ ਬੈਠਿ ਆਪੁ ਕੋ ਪੂਜ ਕਹਾਊ ॥ ਹੋ ਰਮੋਂ ਤੁਹਾਰੇ ਸਾਥ ਨੀਚ ਕੁਲ ਜਨਮਹਿ ਪਾਊਂ ॥ ੩੨॥**

ਭਾਵ, ਇਹ ਹੋਇਆ ਕਿ ਮਨੁੱਖਤਾ ਦੇ ਸ਼ੁੱਭ ਗੁਣਾ ਦੀ ਸੰਭਾਲ ਦੀ ਗੱਲ ਨਹੀਂ ਹੈ, ਹੋਰ ਡਰਾਂ ਤੋਂ ਮਗਰੋਂ ਪੂਜਨੀਕ ਬਣੇ ਬੈਠੇ ਖਤਰੀ ਕੁਲ ਦੇ ਰਾਜੇ ਨੂੰ, ਹੁਣ ਨੀਚ ਕੁਲ ਦੇ ਘਰ ਜਨਮ ਹੋ ਜਾਣ ਦਾ ਭੈ ਖਾ ਰਿਹਾ ਹੈ ? ਪਰ ਅੱਗੋ ਉਸ ਬੀਬੀ ਦਾ ਬਚਨ:--

**ਕਹਾ ਜਨਮ ਕੀ ਬਾਤ ਜਨਮ ਸਭ ਕਰੇ ਤਿਹਾਰੇ ॥ ਰਮੋਂ ਨ ਹਮ ਸੋਂ ਆਜੁ ਐਸ ਘਟਿ ਭਾਗ ਹਮਾਰੇ ॥**
**ਬਿਰਹ ਤਿਹਾਰੇ ਲਾਲ ਬੈਠਿ ਪਾਵਕ ਮੋਂ ਬਰਿਯੈ ॥ ਹੋ ਪੀਵ ਹਲਾਹਲ ਆਜੁ ਮਿਲੇ ਤੁਪਰੇ ਗਿਨੁ ਮਰਿਯੈ ॥ ੩੩ ॥**

ਹੇ ਸੱਚੇ ਪਾਤਸ਼ਾਹ ਜੀਉ ! ਜਨਮ ਦੀ ਗੱਲ ਕੀ ਕਰਦੇ ਹੋ ? ਸਾਰੇ ਜਨਮ ਤਾਂ ਹਨ ਹੀ ਤੁਹਾਡੇ ਬਣਾਏ ਹੋਏ। ਛੱਡੋ ਅਜੇਹੇ ਡਰਾਂ ਝਿਜਕਾਂ ਨੂੰ ਅਤੇ ਆਉ ਅਨੰਦ ਕਰੀਏ। ਹੁਣ ਰਾਏ ਜੀ ਨੂੰ, ਭਗਾਉਤੀ ਜੀ ਦੇ ਡਰ ਨੇ ਆ ਘੇਰਿਆ ?

ਦੋਹਰਾ ॥

**ਰਾਇ ਡਰਯੋ ਜਉ ਦੈ ਮੁਝੈ ਸ੍ਰੀ ਭਗਵਤਿ ਕੀ ਆਨ ॥ ਸੰਕ ਤਯਾਗ ਯਾਂਸੋ ਰਮੋ ਕਰਹਿੋ ਨਰਕ ਪਯਾਨ ॥ ੩੪ ॥**

**ਅਰਥ**:--ਰਾਜਾ ਡਰ ਗਿਆ ਕਿ ਜੇ ਮੈਨੂੰ **ਇਹ ਭਗਵਤੀ ਦੀ ਸੌਹ ਦੇ ਦੇਵੇਗੀ** ਤਾਂ ਮੈਨੂੰ ਨਿਰ-ਸੰਕੋਚ ਹੋਕੇ ਇਹਦੇ ਨਾਲ ਰਮਣ ਕਰਨਾ ਪਵੇਗਾ ਅਤੇ ਨਰਕ ਵਿਚ ਜਾਣਾ ਪਵੇਗਾ ॥ {ਨੋਟ-ਸ਼ਿਵ ਅਤੇ ਭਗਉਤੀ, ਪਤੀ ਪਤਨੀ ਦੋਵੇ ? ਕੀ ਇਨ੍ਹਾਂ ਨੂੰ ਦਸ਼ਮੇਸ਼ ਜੀ ਦੇ ਇਸ਼ਟ ਮੰਨੀਏ ਕਿ, ਸ਼ੈਵ ਭਗਤ ਕਿਸੇ ਤਾਂਤਰਿਕ ਕਵੀ ਦੇ ?]

(ਤੰਗ ਆ ਕੇ ਰਾਇ ਜੀ ਸਾਰੀ ਇਸਤ੍ਰੀ ਜ਼ਾਤੀ ਬਾਰੇ ਆਪਣੀ ਰਾਏ ਫ਼ੁਰਮਾਨ ਕਰਦੇ ਹਨ=) " ਇਸਤ੍ਰੀਆਂ ਨਾਲ ਪ੍ਰੇਮ ਦਾ ਕੀ ਕਹਿਣਾ, ਉਹ ਕਦੀ ਵੀ ਪ੍ਰੇਮ ਨਹੀਂ ਨਿਭਾਉਂਦੀਆਂ। ਇੱਕ ਪੁਰਸ਼ ਨੂੰ ਛੱਡ ਕੇ ਹੋਰ ਸੁੰਦਰ ਪੁਰਸ਼ਾਂ ਦੀ ਕਾਮਨਾ ਕਰਨ ਲਗਦੀਆਂ ਹਨ। ਜਿਸ ਵੀ ਜੁਆਨ ਆਦਮੀ ਨਾਲ ਇਸਤ੍ਰੀ ਜ਼ਿਆਦਾ ਪਿਆਰ ਵਿਖਾਉਂਦੀ ਹੈ, ਉਹਦੇ ਸਾਹਮਣੇ ਤੁਰੰਤ ਹੀ ਨੰਗੀ ਹੋ ਜਾਂਦੀ ਹੈ (ਛੰਦ-੩੯)

ਆਖ਼ਰ ਰਾਏ ਜੀ ਅਥਵਾ **ਦਸ਼ਮੇਸ਼ ਜੀ** ? ਨੇ ਉਪ੍ਰੋਕਤ (੫੧ ਤੋਂ ੫੪ ਸਵੈਯੇ ਤੱਕ) ਬਚਨ ਕਹੇ। ਉਨ੍ਹਾਂ ਬਚਨਾ ਨੂੰ ਸੁਣ ਕੇ ਉਹ ਇਸਤ੍ਰੀ ਬੜੀ ਕ੍ਰੋਧ ਵਿਚ ਆ ਗਈ ਤੇ ਉਸ ਨੇ ਚੋਰ ਚੋਰ ਦਾ ਰੌਲਾ ਪਾ ਦੇਣ ਦੀ ਧਮਕੀ ਦਿੱਤੀ। ਪਰ ਰਾਜੇ ਨੇ ਅਗੋਂ ਫਿਰ ਏਹੀ ਕਿਹਾ ਕਿ--**ਪਰ ਨਾਰੀ ਕੀ ਸੇਜ ਪਾਵ (=ਪੈਰ) ਸੁਪਨੇ ਹੂੰ ਨ ਧਰਿਯਹੁ ॥** [ਨੋਟ:--ਉੱਪਰ ੧੨ ਨੰਬਰ ਛੰਦ ਵਿਚ ਅਸੀਂ ਪੜ੍ਹ ਆਏ ਹਾਂ ਕਿ ਰਾਜੇ ਨੇ ਤਪੱਸਵੀ ਵੇਸ ਉਤਾਰ ਕੇ ਸ਼ਾਹੀ ਲਿਬਾਸ ਪਾ ਲਿਆ ਅਤੇ ਉਸ ਇਸਤ੍ਰੀ ਦੀ ਸੇਜ ਸੁੰਦਰ ਬਣਾ ਦਿੱਤੀ ਸੀ। ਤਪਵਸੀ ਬਣੇ ਰਹਿ ਕੇ ਭੁੰਞੇ ਹੀ, ਕਿਸੇ ਸਫ਼ ਚਟਾਈ ਆਦਿ ਤੇ, ਕਿਸੇ ਪੀਹੜੇ ਤੇ, ਜਾਂ ਹੋਰ ਮਾਮੂਲੀ ਮੰਜੇ ਤੇ ਬੈਠਣ ਦੇ ਥਾਂ, ਬਣ ਫੱਬ ਕੇ ਇਸਤ੍ਰੀ ਦੀ ਵਿਛਾਈ ਸੇਜ ਤੇ ਜਦ ਬੈਠ ਹੀ ਗਏ ਸਨ ਤਾਂ ਏਥੇ ਝੂਠ ਲਿਖਣ ਦਾ ਕੀ ਅਰਥ ਕਿ ਪਰਾਈ ਨਾਰੀ ਦੀ ਸੇਜ ਦੇ ਸੁਪਨੇ ਵਿਚ ਵੀ ਪੈਰ ਨਹੀਂ ਰੱਖਦਾ ?} ਖ਼ੈਰ.....ਉਸ ਜ਼ਨਾਨੀ ਨੇ ਚੋਰ ਚੋਰ ਦਾ ਰੌਲਾ ਪਾ ਦਿੱਤਾ। **ਅੱਗੇ ੨੨ਵਾਂ ਚਲਿੱਤਰ ਤੁਰ** ਪਿਆ--

ਦੋਹਰਾ॥ **ਸੁਨਤ ਚੋਰ ਕੇ ਬਚ ਸ੍ਰਵਨ ਉਠਯੋ ਰਾਇ ਡਰ ਧਾਰ ॥ ਭਜਯੋ ਜਾਇ ਡਰ ਪਾਇ ਮਨ, ਪਨੀ ਪਾਮਰੀ ਡਾਰਿ ॥ ੧ ॥**

**ਅਰਥ**:--ਕੰਨਾ ਨਾਲ ਚੋਰ ਚੋਰ ਦੀ ਗੱਲ ਸੁਣਕੇ ਰਾਜਾ ਡਰ ਕੇ ਉਠਿਆ ਅਤੇ **ਜੁੱਤੀ ਤੇ ਰੇਸ਼ਮੀ ਚਾਦਰ** ਛੱਡ ਕੇ ਭਜ ਗਿਆ। ੧।

ਚੋਰ ਚੋਰ ਦਾ ਰੌਲਾ ਸੁਣ ਕੇ ਲੋਕ ਤਲਵਾਰਾਂ ਆਦਿ ਲੈ ਰੌਲਾ ਪਾਉਦੇ ਦੌੜੇ ਕਿ, ' ਚੋਰਾ ਤੈਨੂੰ ਅਸਾਂ ਜੀਉਂਦੇ ਨੂੰ ਨਹੀਂ ਜਾਣ ਦੇਣਾ,' ਅਤੇ--

ਰਾਜਾ ਆਪਣੀ **ਜੁੱਤੀ** ਅਤੇ **ਰੇਸ਼ਮੀ** ਚਾਦਰ ਉਥੇ ਹੀ ਛੱਡ ਕੇ ਦੌੜ ਗਿਆ। ਲੋਕਾਂ ਨੇ ਭੁਲੇਖੇ ਨਾਲ ਉਸੇ ਇਸਤ੍ਰੀ ਦਾ ਭਰਾ ਨੂੰ ਘੇਰ ਕੇ ਫੜ ਲਿਆ ਅਤੇ ਉਸ ਨੂੰ ਦਾਹੜੀ ਤੋ ਫੜਕੇ ਪੱਗ ਲਾਹ ਦਿੱਤੀ, ਉਸ ਨੂੰ ਚੋਰ ਚੋਰ ਕਹਿ ਕੇ ਤਿੰਨ ਸੋਟੇ ਮਾਰੇ (-ਚੋਪਈ ੫) ਸੋਟੇ ਲੱਗਣ ਨਾਲ ਉਹ ਧਰਤੀ ਤੇ ਡਿੱਗ ਕੇ ਬੇਹੋਸ਼ ਹੋਗਿਆ, ਲੋਕਾਂ ਨੇ ਉਸ ਦੀਆਂ ਮੁਸ਼ਕਾਂ ਬੰਨ੍ਹ ਦਿੱਤੀਆਂ (-ਚੌ:੬) ਫਿਰ ਲੱਤਾਂ ਮੁੱਕੀਆਂ ਚੱਲਣ ਲੱਗੀਆਂ ਇਤਰੀ ਕਹਿੰਦੀ ਰਹੀ ਕੇ

ਇਹ ਉਸ ਦਾ ਭਾਈ ਹੈ ਪਰ ਉਸ ਦੀ ਕਿਸੇ ਨਾ ਸੁਣੀ (-ਚੌ-੭) ਉਸ ਦੇ ਮੂੰਹ ਤੇ ਜੁੱਤੀਆਂ ਮਾਰੀਆਂ ਤੇ ਜੇਲ੍ਹ ਵਿਚ ਬੰਦ ਕਰ ਦਿੱਤਾ । [ਕੀ, ਭਰਾ ਦੇ ਹੁੰਦਿਆਂ ਹੀ ਇਤ੍ਰੀ ਅਤੇ ਰਾਜਾ ਉਪ੍ਰੋਕਤ ਸਾਰਾ " ਸਤਿਸੰਗ ਦੇ ਥਾਂ ਝੂਠ-ਸੰਗ ?" ਕਰਦੇ ਰਹੇ ਸਨ? ਕਿ ਜਾਂ ਕਵੀ ਨੇ ਅਚਨਚੇਤ ਗੱਲ ਬਦਲ ਕੇ ਸਮਝਾ ਦਿੱਤਾ ਕਿ ਜੇ ਰਾਜਾ (ਦਸ਼ਮੇਸ਼ ਜੀ ?) ਫੜਿਆ ਜਾਂਦਾ ਤਾਂ ਉਸ ਨਾਲ ਵੀ ਅਜੇਹਾ ਕੁਝ ਹੀ ਹੋਣਾ ਸੀ?]। ਇਤਰ੍ਹਾਂ ਇਹ ਛਲ ਖੇਡ ਕੇ ਰਾਜਾ ਦੌੜ ਗਿਆ ਅਤੇ ਜੇਲ੍ਹ ਵਿਚ ਉਸ ਇਸਤ੍ਰੀ ਦਾ ਭਰਾ ਭੇਜ ਦਿੱਤਾ। ਕੋਈ ਵੀ **ਸਿੱਖ** ਇਸ ਭੇਤ ਨੂੰ ਨਾ ਸਮਝ ਸਕਿਆ--' **ਸਿਖਯਨ ਭੇਦ ਅਭੇਦ ਨ ਪਾਯੋ** ' (=ਚਪੜੀ ੯) ਇਸ ਤੋਂ **ਅਗੇ ਤੇਈਵਾਂ ਚਲਿਤ੍ਰ ਸ਼ੁਰੂ ਹੁੰਦਾ ਹੈ।** ਸਵੇਰਾ ਹੋਣ ਤੇ:--

**ਦੋਹਰਾ॥ ਪ੍ਰਾਤ ਭਏ ਤਵਨੈ ਤ੍ਰਿਯਾ ਹਿਤ ਤਜਿ ਰਿਸ ਉਪਜਾਇ ॥ ਪਨੀ ਪਾਮਰੀ ਜੋ ਹੁਤੇ ਸਭਹਿਨ ਦਏ ਦਿਖਲਾਇ ॥ ੨ ॥**

**ਅਰਥ**:--ਸਵੇਰ ਵੇਲੇ ਉਸ ਇਸਤਰੀ ਨੇ ਪ੍ਰੇਮ ਰਹਿਤ ਹੋ ਕੇ, ਗੁੱਸੇ ਨਾਲ ਜੁਤੀ ਤੇ ਰੇਸ਼ਮੀ ਚਾਦਰ ਸਾਰੇ ਲੋਕਾਂ ਨੂੰ ਦਿਖਾ ਦਿੱਤੇ।

**ਚੌਪਈ॥ ਰਾਇ ਸਭਾ ਮਹਿ ਬਚਨ ਉਚਾਰੇ ॥ ਪਨੀ ਪਾਮਰੀ ਹਰੇ ਹਮਾਰੇ ॥**
**ਤਾਂਹਿ ਸਿਖਯ ਜੋ ਹਮੈ ਬਤਾਵੈ ॥ ਤਾ ਤੇ ਕਾਲ ਨਿਕਟ ਨਹਿ ਆਵੈ ॥ ੩ ॥**

ਏਧਰ ਰਾਜੇ ਨੇ ਸਭਾ ਵਿਚ ਇਹ ਕਹਿ ਦਿੱਤਾ ਕਿ ਸਾਡੀ ਜੁਤੀ ਅਤੇ ਰੇਸ਼ਮੀ ਚਾਦਰ ਨੂੰ ਕੋਈ ਚੋਰੀ ਕਰਕੇ ਲੈ ਗਿਆ ਹੈ। ਜਿਹੜਾ ਸਿੱਖ ਉਸ ਦਾ ਪਤਾ ਲਿਆਵੇਗਾ, ਕਾਲ (ਮੌਤ) ਉਸ ਦੇ ਕਦੇ ਨੇੜੇ ਨਹੀਂ ਆਵੇਗੀ।[ ਕਿੱਡਾ ਵਧੀਆ **" ਸੱਚ** ? ' ਸਤਿਗੁਰਾਂ ਦੇ ਬਚਨ ਕਰਕੇ ਪੇਸ਼ ਕੀਤਾ ਗਿਆ ਹੈ? ਪਰਾਈ ਇਸਤ੍ਰੀ ਦੇ ਸੰਗ ਤੋਂ ਰੋਕਣ ਵਾਲੇ ਬਚਨ ਜੋ ਦਸ਼ਮੇਸ਼ ਜੀ ਦੇ ਹੀ ਮੰਨਦੇ ਹਾਂ ਤਾਂ ਅਜੇਹਾ ਘਟੀਆ ਕਿਸਮ ਦਾ ਝੂਠ-ਫ਼ਰੇਬ ਕਿਸੇ ਦੂਜੇ ਵੱਲ ਕਿਵੇਂ ਅਤੇ ਕਿਸ ਦਲੀਲ ਨਾਲ ਖਿਸਕਾ ਸਕਦੇ ਹਾਂ?]

ਸਿੱਖਾਂ ਨੇ ਧਨਵਾਨ ਜ਼ਨਾਨੀ ਬਾਰੇ ਦੱਸ ਦਿਤਾ ਕਿ ਉਹ ਦੋਵੇਂ ਚੀਜ਼ਾ ਲੋਕਾਂ ਨੂੰ ਵਿਖਾਉਂਦੀ ਫਿਰਦੀ ਹੈ। ਤਾਂ ਰਾਜੇ ਦਾ ਹੁਕਮ ਹੋਣ ਤੇ ਲੋਕਾਂ ਨੇ ਝੱਟ ਜਾ ਕੇ ਜੁਤੀ ਅਤੇ ਰੇਸ਼ਮੀ ਚਾਦਰ ਸਮੇਤ ਉਸ ਇਸਤ੍ਰੀ ਨੂੰ ਫੜ ਲਿਆਂਦਾ। (-ਚੌ: ੪, ੫, ਅਤੇ ੬) ਰਾਜੇ ਨੇ ਪੁਛਿਆ ਕਿ," ਹੇ ਸੁੰਦਰੀ ! ਦੱਸ ਤੂੰ ਮੇਰੇ ਬਸਤ੍ਰ ਕਿਉਂ ਚੁਰਾਏ ਸਨ। ਮੇਰੇ ਸੂਰਮਿਆਂ ਦੀ ਭੀੜ ਦਾ ਤੈਨੂੰ ਡਰ ਨਹੀਂ ਸੀ ਰਿਹਾ। ਦਸ ਹੁਣ ਚੋਰੀ ਦੀ ਤੈਨੂੰ ਕੀ ਸਜ਼ਾ ਮਿਲੇ। ਤੈਨੂੰ ਇਤ੍ਰੀ ਜਾਣਕੇ ਛੱਡਦਾ ਹਾਂ ਨਹੀਂ ਤਾਂ ਤੈਨੂੰ ਜਾਨੋ ਮਾਰ ਦੇਣਾ ਸੀ (-ਚੌ: ੭)। (ਸਾਰੀ ਬਾਜੀ ਉਲਟੀ ਪੈ ਗਈ ਵੇਖ ਕੇ) ਉਹਦਾ ਚੇਹਰਾ ਪੀਲਾ ਪੈ ਗਿਆ ਅਤੇ ਅੱਖਾਂ ਪਾੜ ਪਾੜ ਕੇ ਵੇਖਣ ਲਗੀ। ਛਾਤੀ ਧੜਕੀ ਜਾਵੇ ਅਤੇ ਬੋਲਿਆ ਕੁਝ ਨਾ ਜਾਏ (ਚੌ: ੮) (ਕਾਬੀ ਆਈ ਉਹ ਬੇਬਸ ਇਸਤ੍ਰੀ ਹੁਣ ਇਹ ਕਿਵੇਂ ਕਹਿੰਦੀ ਕਿ, ਹੇ ਨਿਆਇ ਅਧੀਸ਼ ਜੀਓ! ਇਹ ਦੋਵੇਂ ਚੀਜਾਂ ਤੇ ਤੁਸੀਂ ਆਪ ਹੀ ਮੇਰੇ ਘਰ ਛੱਡ ਭੱਜੇ ਸਾਉ) ਨੂੰ ਚੁੱਪ ਵੇਖਕੇ ਰਾਇ ਜੀ ਇਉਂ ਬੋਲੇ ' ਅਸੀਂ ਤੇਰੇ ਕੋਲੋਂ ਪੁੱਛ ਰਹੇ ਹਾਂ, ਤੂੰ ਕੁਝ ਨਹੀਂ ਬੋਲ ਰਹੀ। ਤੈਨੂੰ ਘਰ ਵਿਚ ਚੰਗੀ ਤਰ੍ਹਾਂ ਰੱਖਾਂਗੇ, ਠੀਕ ਹੈ ਤੇਰਾ ਫ਼ੈਸਲਾ ਇਕਾਂਤ ਵਿਚ ਕੀਤਾ ਜਾਏਗਾ ਅਤੇ ਤੈਨੂੰ ਬਿਨਾ ਕਿਸੇ ਦੁੱਖ ਦੇ ਜਾਣ ਦਿੱਤਾ ਜਾਏਗਾ। (-ਅੜਿਲ ੯) ਅਗਲੀ ਸਵੇਰੇ ਉਸ ਇਸਤ੍ਰੀ ਨੂੰ ਬੁਲਾ ਕੇ ਉਸ ਨੂੰ ਕਿਹਾ ਕਿ ,' ਤੂੰ ਸਾਡੇ ਉਤੇ ਗੁੱਸੇ ਹੋ ਕੇ ਸਾਨੂੰ ਜਾਲ ਵਿਚ ਫ਼ਸਾਇਆ--**ਹਮਹੂੰ ਤੁਮ ਕਹ ਚਰਿਤ ਦਿਖਾਯੋ ॥** ਪਰ ਅਸਾਂ ਵੀ ਤੈਨੂੰ ਆਪਣਾਂ ਚਲਿੱਤਰ (=ਛਲ, ਕਪਟ) ਵਿਖਾ ਦਿੱਤਾ। [ਕੀ, ਦਸਮ ਗੁਰੂ ਨਾਨਕ ਜੀ ਇਸ ਤਰ੍ਹਾਂ ਦੇ ਚਲਿਤ੍ਰ ਕਰਨ ਲੱਗ ਪਏ ਸਨ? ਅਜੇਹਾ ਕੁਝ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਜੋੜਨ ਵਾਲੇ ਅਸੀਂ, ਕੀ ਬ੍ਰਾਹਮਣ ਨਾਲੋਂ ਕਿਸੇ ਪੱਖੋਂ ਘੱਟ ਰਹਿ ਗਏ ਹਾਂ? ਆਪਣੇ ਇਸ਼ਟ, ਆਪਣੇ ਭਗਵਾਨ ਨੂੰ ਆਚਰਣ-ਹੀਨ ਅਤੇ ਘਟਾਆ ਹਰਕਤਾ ਕਰਦਾ ਦਰਸਾਉਣ ਵਾਲੇ (ਬ੍ਰਾਹਮਣ ਦੀ ਆਪਣੀ ਕਲਮ ਨਾਲ ਲਿਖੇ) ਸਾਕੇ ਪੁਸਤਕ ਦੇ ਪਹਿਲੇ ਭਾਗ ਵਿਚ ਏਸੇ ਕਰਕੇ ਵਿਸਥਾਰ ਨਾਲ ਲਿਖੇ ਸਨ ਕਿ ਅਸੀਂ ਕੁਝ ਸਿਖਿਆ ਲਈਏ, ਪਰ**.......**]

ਅਖ਼ੀਰ ਫੈਸਲਾ ਇਉਂ ਹੁੰਦਾ ਹੈ:---

**ਛਿਮਾ ਕਰਹੁ ਅਬ ਤ੍ਰਿਯ ਹਮੈਂ ਬਹੁਰਿ ਨ ਕਰਿਯਹੁ ਰਾਂਧਿ ॥ ਬੀਸ ਸੰਹਸਰ ਟਕਾ ਤਿਸ ਦਈ ਛਿਮਾਹੀ ਬਾਂਧਿ ॥੧੨॥**

**ਅਰਥ**:--ਹੇ ਇਸਤ੍ਰੀ ! ਹੁਣ ਤੂੰ ਮੈਨੂੰ ਮਾਫ਼ ਕਰ, ਮੈਂ ਵੀ ਇਸ ਝਗੜੇ ਨੂੰ ਹੋਰ ਵਧਾਉਣਾ ਨਹੀਂ ਚਾਹੁੰਦਾ, ਇਸ ਪਿੱਛੋ ਉਸ ਇਸਤ੍ਰੀ ਨੂੰ ਵੀਹ ਹਜ਼ਾਰ ਟਕੇ ਛਿਮਾਹੀ ਦੇ ਬੰਨ ਦਿੱਤੇ ਗਏ । ੧੨ ।

" ਅਨੰਦਪੁਰ ਦੇ ਗੁਰੂ ਸਾਹਿਬ ਜੀ ਕਿਸੇ ਇਸਤ੍ਰੀ ਦੇ ਘਰ ਭੇਸ ਵਟਾ ਕੇ ਜਾ ਵੜੇ ਅਤੇ ਜਦ ਉਸ ਕਾਮ ਰੋਗ ਦੀ ਰੋਗਣ ਨੇ ਚੋਰ ਚੋਰ ਦਾ ਰੌਲਾ ਪਾਇਆ ਤਾਂ ਆਪਣੀ ਜੁੱਤੀ ਅਤੇ ਰੇਸ਼ਮੀ ਚਾਦਰ ਉਥੇ ਹੀ ਛੱਡ ਕੇ ਦੌੜ ਆਏ "--ਇਸ ਗੱਲ ਦੀ ਕਿਤੇ ਲੋਕਾਂ ਵਿਚ ਚਰਚਾ ਹੀ ਨਾ ਚੱਲ ਤੁਰੇ? ਕਿਤੇ ਇਹ ਗੱਲ ਇਤਿਹਾਸਕਾਰਾਂ ਤੱਕ ਨਾ ਜਾ ਪੁੱਜੇ ? ਸ਼ਹਿਰ ਦੀ ਇੱਕ **ਧਨਵਾਨ ਬੀਬੀ** ਨੂੰ ਚੁੱਪ ਰਹਿਣ ਲਈ ਵੀਹ ਹਜ਼ਾਰ ਟਕਾ ਛਿਮਾਹੀ ਭਰਦੇ ਰਹਿਣ ਦਾ ਅਰਥ, ਗ਼ਰੀਬ ਪਰਵਰੀ ਤਾਂ ਹੋ ਹੀ ਨਹੀਂ ਸਕਦਾ ?

## ਗੰਭੀਰ ਸ਼ੰਕਿਆਂ ਦਾ ਵੇਰਵਾ:--

੧) ਲਿਖਾਰੀ ਦਾ ਕਮਾਲ ਇਹ ਹੈ ਕਿ ਦਸ਼ਮੇਸ਼ ਜੀ ਦਾ ਨਾਮ ਲਿਖਣ ਤੋਂ ਬਿਨਾ ਹੀ ਸਿੱਖਾਂ ਦੇ ਮਨਾ ਵਿਚ ਭਰਮ ਬਣਾ ਦਿੱਤਾ ਕਿ **ਅਨੂਪ ਕੌਰ** (ਅੰਮ੍ਰਿਤਧਾਰੀ?) ਵਾਲੀ ਇਹ ਵਾਰਤਾ ਕਿਸੇ ਅੰਮ੍ਰਿਤਧਾਰੀ ਬੀਬੀ ਦੀ ਅਤੇ ਦਸ਼ਮੇਸ਼ ਜੀ ਦੀ ਹੀ ਹੈ। ਅਤੇ ਭਾਵੇਂ ਉਸ ਕਵਿਤਾ ਵਿਚ ਮਨ ਇੱਛੇ ਵਰਾਂ ਦੇ ਪ੍ਰਾਪਤੀ ਵਾਲੀ ਗੁਰਮਤਿ ਦੀ ਖੰਡਨਾ ਵਾਲੀ ਗਲ, ਅਤੇ ਪੁਰਾਣਕ ਕਹਾਣੀਆਂ ਤੇ ਸਤਿਗੁਰਾਂ ਦੀ ਮੋਹਰ ਲਾ ਕੇ, ਉਸ ਕੋਰੇ ਝੂਠ ਨੂੰ ਸੱਚ ਦਾ ਰੂਪ ਦੇਣ ਵਾਲੀ ਹੈ, ਫਿਰ ਵੀ ਉਨ੍ਹਾਂ ਬਚਨਾ ਨੂੰ ਦਸ਼ਮੇਸ਼ ਜੀ ਦਾ ਬੜਾ ਕੀਮਤੀ ਉਪਦੇਸ਼ ਸਮਝ ਕੇ ਗੁਰਬਾਣੀ ਵਾਂਗ ਦੀਵਾਨਾਂ ਵਿਚ ਪੜ੍ਹਿਆ ਅਤੇ ਗਾਵਿਆ ਜਾਣ ਲੱਗ ਪਿਆ?

੨) ਇੱਕ ਪਾਸੇ ਤਾਂ ਅਸੀਂ ਦਸ਼ਮੇਸ਼ ਜੀ ਨੂੰ ਅਭੁੱਲ ਅਤੇ ਅੰਤ੍ਰਯਾਮੀ ਮੰਨਦੇ ਹੋਏ ਭਾਈ ਜੋਗਾ ਸਿੰਘ ਜੀ ਦੀ ਰਖਿਆ ਕਰਨ ਲਈ ਉਨ੍ਹਾਂ ਨੂੰ ਹੁਸ਼ਿਆਰ ਪੁਰ ਪੁੱਜੇ ਕਹਿ ਰਹੇ ਹਾਂ, ਅਤੇ ਏਧਰ ਉਨ੍ਹਾਂ ਨੂੰ ਏਨਾ ਭੁੱਲੜ ਕਹਿ ਰਹੇ ਹਾਂ ਕਿ ਉਹ ਆਪਣੇ ਹੀ ਪਿੰਡ ਦੀ ਧਨਵਾਨ ਇਸਤ੍ਰੀ ਦੇ ਮਨ ਦੀ ਕੁਟਲਤਾ ਨੂੰ ਸਮਝ ਕੇ ਕਿਸੇ ਹੋਰ ਤਰ੍ਹਾਂ ਉਸ ਦੇ ਮਨ ਵਿਚ ਪ੍ਰਭੂ ਪਿਆਰ ਦੀ ਜੋਤਿ ਜਗਾਉਣ ਦਾ ਉਪਕਾਰ ਕਰਨ

ਦੇ ਥਾਂ, ਉਲਟਾ ਆਪ ਹੀ ਤਪੱਸਵੀ ਦਾ ਭੇਸ ਬਣਾ ਕੇ, ਉਸ ਕੁਟਲ ਬੀਬੀ ਕੋਲ ਰਾਤ ਵੇਲੇ ਇੱਕਲੇ, ਉਸ ਦੇ ਘਰ ਜਾ ਵੜੇ ਵੀ ਮੰਨ ਰਹੇ ਹਾਂ।

੩) ਲਿਖਾਰੀ ਦੀ ਇਸ ਗੱਲ ਤੇ ਵੀ ਅਸੀਂ ਕੋਈ ਕਿੰਤੂ ਨਹੀਂ ਕਰਦੇ ਕਿ ਤਪੱਸਵੀ ਦਾ ਭੇਸ ਬਣਾ ਕੇ ਜਾਣ ਵਾਲਾ ਰਾਜਾ (=ਰੂਪ ਦਸ਼ਮੇਸ਼) ਜੀ ਆਪਣਾ ਸ਼ਾਹੀ ਲਿਬਾਸ ਵੀ ਨਾਲ ਕਿਸ ਕਾਰਨ ਨਾਲ ਲੈ ਗਏ ਸਨ? ਕੀ ਉਨ੍ਹਾਂ ਨੂੰ ਪਤਾ ਸੀ ਕਿ ਉਥੇ ਜਾ ਕੇ ਕਿਸੇ ਮੰਤ੍ਰ ਦੀ ਗੱਲ ਨਹੀਂ ਹੋਣੀ ਸਗੋਂ ਉਸ ਇਸਤ੍ਰੀ ਦੀ ਸੇਜ ਨੂੰ ਭਾਗ ਲਾਉਣ ਦੀ ਗੱਲ ਤੁਰ ਪੈਣੀ ਹੈ?

੪) ਗੁਰਬਾਣੀ ਮੰਤ੍ਰ ਤੋਂ ਵੱਡਾ ਉਹ ਕਿਹੜਾ ਮੰਤ੍ਰ ਸੀ ਜਿਹੜਾ ਦਸ਼ਮੇਸ਼ ਜੀ ਨੂੰ ਆਪਣੇ ਪਿਤਾ ਗੁਰਦੇਵ ਜੀ ਕੋਲੋਂ ਨਹੀਂ ਸੀ ਮਿਲ ਸਕਿਆ ਅਤੇ ਪਤਾ ਲੱਗਣ ਤੇ ਉਹ ਅਨੰਦਪੁਰ ਦੀ ਹੀ ਵਾਸੀ, ਕਾਮ-ਕੁੱਠੀ ਇੱਕ ਧਨਵਾਨ ਇਸਤ੍ਰੀ ਕੋਲੋਂ ਸਿੱਖਣ ਲਈ ਤਪੱਸਵੀ ਦਾ ਭੇਸ ਬਣਾ ਝੱਟ ਪੱਟ ਤੁਰ ਪਏ ਸਨ?

੫) ਇੱਕੀਵੇ ਚਲਿਤ੍ਰ ਦੇ ਦਸਵੇ ਛੰਦ ਵਿਚ ਇਸਤ੍ਰੀ ਦੇ ਘਰ ਨੂੰ ਤੁਰਨ ਸਮੇ ਰਾਇ ਜੀ ਮਨ ਵਿਚ ਸ੍ਰੀ ਭਗਵਤੀ ਜੀ ਦਾ ਸਿਮਰਨ ਕਰਦੇ ਹਨ। ਫਿਰ ੩੪ਵੇਂ ਅੜਿੱਲ ਅਨੁਸਾਰ ਹੋਰ ਵੀ ਅਨੋਖੀ ਗੱਲ, ਉਸ ਇਸਤ੍ਰੀ ਕੋਲੋਂ ਇਹ ਭੁੱਲ ਹੋ ਗਈ ਕਿ ਉਸ ਨੇ ਹੋਰ ਤਰਲੇ ਤਾਂ ਸਾਰੇ ਲਏ ਪਰ ਭਗਵਤੀ ਦੇਵੀ ਦੀ ਸੌਂਹ ਨਾ ਪਾ ਸਕੀ। ਜੇ ਕਿਤੇ ਉਹ ਭਗਵਤੀ ਦੇਵੀ ਦੀ ਸੌਂਹ ਪਾ ਦੇਂਦੀ, ਤਾਂ ਹੋ ਸਕਦਾ ਹੈ ਰਾਜਾ ਜੀ ਉਸ ਨਾਲ ਸ਼ਾਦੀ ਵੀ ਰਚਾ ਬਹਿੰਦੇ? ਭਲਾ ਜੇ ਕਿਸੇ ਸੱਚੇ ਭਗਤ ਨੂੰ ਅਕਾਲਪੁਰਖ ਦੀ ਸੌਂਹ ਪਾ ਦਿੱਤੀ ਜਾਵੇ ਤਾਂ ਕੀ ਉਹ ਗੰਦ ਖਾਣ ਨੂੰ ਤਿਆਰ ਹੋ ਜਾਵੇਗਾ ? ਕੀ ਗੁਰਮਤਿ ਵਿਚ ਅਜੇਹੀ ਸੌਂਹ ਦਾ ਵਿਧਾਨ ਬਣਿਆਂ ਹੋਇਆ ਹੈ? ਜੇ ਔਰੰਗਜ਼ੇਬ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੌਂਹ ਅਥਵਾ ਵਾਹਿਗੁਰੂ ਜੀ ਦੀ ਕਸਮ ਪਾ ਦਿੰਦੇ ਤਾਂ ਕੀ ਉਨ੍ਹਾਂ ਮੁਸਲਮਾਨ ਹੋਣਾ ਮਨ ਜਾਣਾ ਸੀ? ਕਿੱਡੀ ਸਫ਼ਾਈ ਅਤੇ ਕਿੱਡਾ ਜਾਦੂ ਹੈ ਲਿਖਾਰੀ ਦੇ ਲਿਖਣ-ਢੰਗ ਵਿਚ ਕਿ, ਉਸ ਦਾ ਲਿਖਿਆ ਭਾਵੇਂ ਸਭ ਕੁਝ ਨਿਰਮੂਲ ਅਤੇ ਨਿਰੋਲ ਗੁਰਮਤਿ ਵਿਰੋਧੀ ਹੈ, ਫਿਰ ਵੀ ਅਸੀਂ ਆਪ ਹੀ ਸਾਰਾ ਕੂੜ ਕੁਬਾੜ ਦਸ਼ਮੇਸ਼ ਜੀ ਦੇ ਪਾਵਨ ਪਵਿੱਤਰ ਨਾਮਣੇ ਨਾਲ ਜੋੜੀ ਜਾ ਰਹੇ ਹਾਂ? ਸਾਡੀ ਅਣਗਹਿਲੀ ਅਥਵਾ ਗੁਰਮਤਿ ਤੋਂ ਸਾਡੀ ਅਗਿਆਨਤਾ ਦਾ ਹੀ ਕਾਰਨ ਹੈ ਕਿ ਅਜੇਹੇ ਹੁਸ਼ਿਆਰ ਲਿਖਾਰੀਆਂ ਨੇਂ ਵਾਰ ਸ੍ਰੀ ਭਗੌਤੀ ਜੀ ਕੀ ', ਸਾਡੀ ਅਰਦਾਸ ਵਿਚ ਸ਼ਾਮਲ ਕਰਾ ਲਈ ਹੋਈ ਹੈ।

੬) ਕੀ ਇਹ ਗੱਲ ਸੂਰਮੇ ਸਤਿਗੁਰਾਂ ਦੇ ਆਚਰਨ ਦੇ ਅਨਕੂਲ ਹੈ ਕਿ ਉਹ ਉਸ ਇਸਤ੍ਰੀ ਦੇ ਘਰੋਂ ਚੋਰਾਂ ਵਾਂਗੂ ਭੱਜ ਤੁਰੇ ?

੭) ਕੀ ਇਹ ਗੱਲ ਵੀ ਸਤਿਗੁਰਾਂ ਦੇ ਆਚਰਨ ਦੇ ਅਨਕੂਲ ਹੀ ਹੈ, ਕਿ ਉਹ ਆਪਣਾ ਤਪੱਸਵੀ ਵਾਲਾ ਭੇਸ, ਜਿਹੜਾ ਉਨ੍ਹਾਂ ਨੇ ਉਸ ਨਾਰੀ ਦੀ ਸੇਜ ਦੇ ਅਨਕੂਲ ਨਾ ਜਾਣ ਕੇ, ਆਪ ਹੀ ਆਪਣੇ ਗਲੋਂ ਲਾਹ ਦਿੱਤਾ ਸੀ, ਭੱਜਣ ਲੱਗੇ ਉਹ ਲਿਆਉਣਾ ਤਾਂ ਨਾ ਭੁੱਲੇ ਪਰ ਜਿੜਾ ਲਿਬਾਸ ਪਾ ਕੇ ਉਸ ਇਸਤ੍ਰੀ ਦੀ ਸੇਜ ਸੁੰਦਰ ਬਣਾਈ ਸੀ, ਆਪਣੇ ਸਰੀਰ ਦੀ ਸੋਭਾ, ਸਰੀਰ ਦੁਆਲੇ ਲਪੇਟੀ ਹੋਈ, ਆਪਣੀ ਰੇਸ਼ਮੀ ਚਾਦਰ ਅਤੇ ਜੁੱਤੀ ਭੁੱਲ ਆਏ ?

੮) ਫਿਰ ਆਪਣੇ ਦਰਬਾਰ ਵਿਚ ਆਪਣੇ ਹੀ ਸਿੱਖਾਂ ਨਾਲ ਵਡਾ ਝੂਠ ਬੋਲਣ ਤੋਂ ਝਿਜਕ ਨਾ ਕਰਨੀ ਕਿ ਉਨ੍ਹਾਂ ਦੀ ਚਾਦਰ ਅਤੇ ਜੁੱਤੀ ਕੋਈ ਚੋਰੀ ਚੁੱਕ ਕੇ ਲੈ ਗਿਆ ਹੈ, ਅਜੇਹੀ ਘਟੀਆਂ ਗੱਲ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਜੁੜੀ ਹੋਈ ਝੱਲ ਕੇ, ਕੀ ਅਸੀਂ ਗੁਰੂ ਨਿੰਦਕ ਨਹੀਂ ਬਣ ਰਹੇ? ਅਜੇਹੀਆਂ ਗੱਲਾਂ ਦਾ ਭਰਮ ਪਾਉਣ ਵਾਲਾ ਗ੍ਰੰਥ ਕੀ ਦਸ਼ਮੇਸ਼ ਜੀ ਨੇ ਆਪ ਹੀ ਲਿਖਣਾ ਸੀ?

੯) ਫਿਰ ਇਸ ਤੋਂ ਵੀ ਵੱਡੀ ਬੇਹਯਾਈ ਵਾਲੀ ਗੱਲ ਕਿ ਨਿਆਂ ਦੀ ਕੁਰਸੀ ਤੇ ਬੈਠਾ, ਆਪਣੇ ਦਰਬਾਰੀਆਂ ਦੇ ਸਾਹਮਣੇ ਲਿਖਾਰੀ ਦੀ ਕਲਪਣਾ ਦੀ ਉਪਜ ਉਹ ਰਾਜਾ, ਉਸੇ ਇਸਤ੍ਰੀ ਨੂੰ ਇਹ ਕਹਿ ਰਿਹਾ ਕਿ ਦੱਸ ਤੂੰ ਮੇਰੀ ਜੁੱਤੀ ਅਤੇ ਚਾਦਰ ਕਿਉਂ ਚੁਰਾਈ ਸੀ, ਅਤੇ ਚੋਰੀ ਦੀ ਸਜ਼ਾ ਤੈਨੂੰ ਕੀ ਦਿੱਤੀ ਜਾਵੇ? ਫਿਰ ਆਪੇ ਹੀ ਗੱਲ ਟਾਲ ਕੇ ਅਗਲੀ ਸਵੇਰ ਦੀ ਪੇਸ਼ੀ ਪਾ ਦਿਤੀ। ਫਿਰ ਇਕਾਂਤ ਇਸ ਵਿਚ ਉਸ ਇਤ੍ਰੀ ਕੋਲੋਂ ਮਾਫ਼ੀ ਮੰਗਦਾ ਹੈ। ਫਿਰ ਬਦਨਾਮੀ ਤੋਂ ਡਰਦਾ ਮਾਰਿਆ, ਉਸ ਨੂੰ ਵੀਹ ਹਜ਼ਾਰ ਟਕਾ ਛਿਮਾਹੀ ਹਰਜਾਨਾ ਭਰਨਾ ਮੰਨ ਜਾਂਦਾ ਹੈ। ਕੀ ਅਸੀਂ ਆਪਣੇ ਦਸ਼ਮੇਸ਼ ਦੀ ਦਾ ਆਚਰਨ ਏਡਾ ਨੀਵਾਂ ਮੰਨਦੇ ਹੋਏ ਵੀ ਉਨ੍ਹਾਂ ਦਾ ਪਿਆਰਾ ਖ਼ਾਲਸਾ ਹੀ ਰਹਿ ਚੁੱਕੇ ਹਾਂ? ਪੁਸਤਕ ਦੇ ਪਹਿਲੇ ਭਾਗ ਵਿਚ ਅਸੀਂ ਚੰਗੀ ਤਰ੍ਹਾਂ ਵਿਚਾਰ ਆਏ ਹਾਂ ਕਿ ਆਪਣੇ ਇਸ਼ਟ ਦੇ ਆਚਰਨ ਵਿਚ ਗਿਰਾਵਟ ਉਹੀ ਲਿਖਾਰੀ ਦਰਸਾਉਂਦਾ ਹੈ ਜਿਸ ਦੇ ਆਪਣੇ ਆਚਰਨ ਵਿਚ ਗਿਰਾਵਟ ਹੋਵੇ ਅਤੇ ਉਹ ਸਾਰਿਆਂ ਸ਼ਰਧਾਲੂਆਂ ਦਾ ਆਚਰਨ ਉਸੇ ਹੀ ਪੱਧਰ ਤੇ ਲੈ ਆਉਣਾ ਚਾਹੁੰਦਾ ਹੋਵੇ। ਸੱਚ ਦੇ ਢੰਡੋਰਚੀ ਸੱਚ ਦੇ ਅਵਤਾਰ ਸ੍ਰੀ ਗੁਰੂ ਨਾਨਕ ਸਾਹਿਬ ਦੇ ਕਿਸੇ ਵੀ ਸਰੂਪ ਨਾਲ ਅਜੇਹੀਆਂ ਘਟੀਆ ਗੱਲਾਂ ਜੋੜਨ ਵਾਲਾ ਗ੍ਰੰਥ ਪੜ੍ਹਿਆ ਜਾਣਾ ਹੀ ਨਹੀਂ ਝੱਲਣਾ ਚਾਹੀਦਾ। ਗੁਰੂ ਬਾਣੀ ਤੋਂ ਸਾਡੀ ਅਗਿਆਨਤਾ ਦਾ ਹੀ ਕਾਰਨ ਹੈ ਕਿ ਅਸੀਂ ਘਾਤਕ ਸੰਖੀਏ ਦੇ ਦੁਆਲੇ ਲਪੇਟੀ ਹੋਈ ਖੰਡ ਦੀ ਅਸਲੀਯਤ ਨਹੀਂ ਸਮਝ ਰਹੇ ।

੧੦) " **ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ** "-- ਦਸ਼ਮੇਸ਼ ਜੀ ਤਾਂ ਕੇਵਲ ਨੌਂ ਸਾਲ ਦੇ ਸਨ ਕਿ ਗੁਰੂ-ਪਿਤਾ ਜੀ ਜਰਵਾਣਿਆਂ ਦੀ ਕੈਦ ਵਿਚ ਜਾ ਬਿਰਾਜੇ ਸਨ। ਉਨ੍ਹਾਂ ਨੇ ਅਜੇਹੀ ਸਿਖਿਆ ਬਾਲ-ਗੋਬਿੰਦ ਜੀ ਨੂੰ ਕਿਸ ਕਾਰਨ ਦੇਣੀ ਸੀ? ਫਿਰ ਜਿਸ ਦਸ਼ਮੇਸ਼ ਨੇ ਅਵਾਤਾਰੀ ਹੋਣ ਦੇ ਥੁਹੜੇ ਦਿਨਾਂ ਪਿਛੋਂ ਹੀ ਭੀਖਣ ਸ਼ਾਹ ਜੀ ਨੂੰ ਵਡਮੁੱਲਾ ਉਪਦੇਸ਼ ਦੇ ਦਿੱਤਾ ਸੀ,' ਅਤੇ ਜਿਨ੍ਹਾਂ ਦੀ ਸਾਰੀ ਬਾਲ ਉਮਰ ਅਦਭੁਤ ਕੌਤਕਾਂ ਨਾਲ ਜੁੜੀ ਹੋਈ ਹੈ ਅਸੀਂ ਆਪ ਮੰਨ ਰਹੇ ਹਾਂ, ਸਾਰੀਆਂ ਕਲਾਂ ਆਪਣੇ ਨਾਲ ਲੈ ਕੇ ਜਨਮੇ ਵੀ ਅਸੀਂ ਆਪ ਹੀ ਕਹੀਜਾ ਰਹੇ ਹਾਂ ਫਿਰ ਅਜੇਹ ਸਰਬਕਲਾ ਸਮਰੱਥ ਸਤਿਗੁਰੂ ਜੀ ਨੂੰ ਅਜੇਹੇ ਕਿਸੇ ਉਪਦੇਸ਼ ਦੀ ਲੋੜ ਏਡੀ ਛੋਟੀ ਉਮਰ ਵਿਚ ਕਿਵੇਂ ਪੈ ਗਈ? ਫਿਰ ਆਪਣੇ ਦੇਸ਼ ਦੀ ਇਸ ਪਰੰਪਰਾ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ, ਅਸੀਂ ਆਪਣੇ ਬੱਚਿਆਂ ਨਾਲ ਅਜੇਹੀ ਗੱਲ

ਬੜੀ ਘੱਟ ਸਾਂਝੀ ਕਰਦੇ ਹਾਂ। ਸ਼ਾਦੀ ਦੇ ਕਾਬਲ ਹੋਏ ਬੱਚੇ ਨਾਲ ਕਿਸੇ ਸੂਝਵਾਨ ਪਿਤਾ ਨੇ ਭਾਂਵੇਂ ਕਦੇ ਅਜੇਹੀ ਗੱਲ ਕੀਤੀ ਹੋਵੇ, ਉਂਜ ਸਿੱਖ ਧਰਮ ਵਿਚ ਬਚਿਆਂ ਨੂੰ ਅਜੇਹੀ ਸਿਖਿਆ ਅਨੰਦ ਕਾਰਜ ਸਮੇਂ ਹੀ ਦਿੱਤੀ ਜਾਂਦੀ ਹੈ ।

**ਇੱਕ ਇਹ ਪੱਖ**--

ਉਪ੍ਰੋਕਤ ਵਿਚਾਰ ਵਿਚ ਅਸਾਂ ਚੰਗੀ ਤਰ੍ਹਾਂ ਸਮਝ ਲਿਆ ਹੈ ਕਿ " **ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ** " **ਬਚਨਾ ਵਾਲੀ ਕਵਿਤਾ** (੨੧ਵੇਂ ਚਰਿਤ੍ਰ ਦੇ ੫੧ ਤੋਂ ੫੪ ਸਵੈਯੇ ਫਿਰ ੫੮ ਛੰਦ ਵਿਚ) ਇਕ ਰਾਜਾ ਉਸ ਇਸਤ੍ਰੀ ਨੂੰ ਕਹਿੰਦਾ ਹੈ, ਜਿਹੜੀ ਰਾਜੇ ਨੂੰ ਆਪਣੇ ਨਾਲ ਭੋਗ ਕਰਨ ਲਈ ਕਹਿ ਰਹੀ ਸੀ। ਭਾਵ ਇਹ ਚੰਗੀ ਸਿਖਿਆ ਵਾਲੇ ਬਚਨ " ਕਬੀਓ ਬਾਚ " ਨਹੀਂ ਹਨ। ਸਗੋਂ ਇੱਕ ਪਾਤ੍ਰ ਦੂਜੇ ਪਾਤ੍ਰ ਨੂੰ ਕਹਿ ਰਿਹਾ ਹੈ। ਉਸੇ ਗ੍ਰੰਥ ਦੇ ਵਿਚਲੀ ੩੩ਵੇ ਚਲਿੱਤ੍ਰ ਦੇ ਵਿਚ ਇੱਕ ਮੰਤ੍ਰੀ ਦੁਆਰਾ ਰਾਜੇ ਨੂੰ ਇਹ ਉਪਦੇਸ਼ ਦਿੱਤਾ ਜਾ ਰਿਹਾ ਹੈ ਕਿ ਜੇ ਕੋਈ ਵਧੀਆਂ ਇਸਤ੍ਰੀ ਹੱਥ ਲਗ ਜਾਏ ਤਾਂ ਹਥੋਂ ਜਾਣ ਨਹੀਂ ਦੇਣੀ ਚਾਹੀਦੀ। ਫਿਰ ਓਸੇ ਨਾਲ ਹੀ ਖੂਬ ਰੰਗ ਰਲੀਆਂ ਮਨਾਉਂਣੀਆਂ ਚਾਹੀਦੀਆਂ ਹਨ ਅਤੇ ਆਪਣੀ ਇਸਤ੍ਰੀ ਨਾਲ ਪਿਆਰ ਕਦੇ ਨਹੀਂ ਕਰਨਾ ਚਾਹੀਦਾ, ਭਾਵ ਚੰਗੀ ਵਧੀਆ ਇਸਤ੍ਰੀ ਹੱਥ ਲੱਗ ਜਾਏ ਤਾਂ ਫਿਰ ਆਪਣੀ ਧਰਮ-ਪਤਨੀ ਦਾ ਤਿਆਗ ਕਰ ਦੇਣ ਦਾ ਉਪਦੇਸ਼ ਹੈ। **ਪਾਤ੍ਰ ਦੇ ਮੂੰਹ ਦੀ ਗੱਲ ਜੇ ਇਕ ਥਾਂ ਗੁਰੂ ਉਪਦੇਸ਼ ਸਮਝੀ ਜਾ ਸਕਦੀ ਹੈ, ਤਾਂ ਉਸੇ ਹੀ ਗ੍ਰੰਥ ਦੇ ਉਸੇ ਹੀ ਭਾਗ ਵਿਚ, ਕੇਵਲ ਨੌ ਚਲਿਤ੍ਰਾਂ ਉਪਰੰਤ, ਪਾਤ੍ਰ ਦੀ ਹੀ ਕਹੀ ਦੂਜੀ ਗੱਲ ਗੁਰੂ ਉਪਦੇਸ਼ ਮੰਨਣ ਦੀ ਰੋਕ ਕਿਵੇਂ ਮੰਨੀ ਜਾ ਸਕਦੀ ਹੈ?** **ਅੜਿੱਲ ॥ਸੁਨੋ ਰਾਇ ਇਕ ਤ੍ਰਿਯਾ ਸੁਭ ਤਾਂਹਿ ਬੁਲਾਇਯੈ ॥ ਤਾ ਸੌ ਮੈਨ ਬਿਹਾਰ ਬਿਸੇਖ ਕਮਾਇਯੈ ॥**

**ਐਸੀ ਤ੍ਰਿਯ ਕਰ ਪਰੈ ਜਾਨ ਨਹਿ ਦੀਜਿਯੈ ॥ ਹੋ ਨਿਜ ਨਾਰੀ ਸੋ ਨੇਹੁ ਨ ਕਬਹੂੰ ਕੀਜਿਯੈ ॥ ੧੯ ॥**

**ਚੌਪਈ ॥ ਭਲੌ ਵਹੈ ਜੋ ਭੋਗ ਕਮਾਵੈ ॥ ਭਾਂਤ ਭਾਂਤਿ ਸੋ ਦਰਬੁ ਲੁਟਾਵੈ ॥**

**ਨਿਜੁ ਤ੍ਰਿਯ ਸਾਥ ਨ ਨੇਹ ਲਗੈਯੈ ॥ ਜੋ ਜਿਤ ਜਗ ਆਪਨ ਨ ਕਹੈਯੈ ॥ ੨੦ ॥** [ਚਰਿਤ੍ਰ ਨੰ: ੩੩ ॥ ੧੫੮ ॥ ਅਫਜੂੰ ]

ਕਿਸੇ ਇੱਕ ਪਾਤਰ ਦੇ ਮੂੰਹ ਦੀ ਗੱਲ ਨੂੰ ਸਤਿਗੁਰਾਂ ਦਾ ਉਪਦੇਸ਼ ਮੰਨ ਕੇ, ਜਦ ਗੁਰੂ ਦਰਬਾਰ ਵਿਚ ਸੰਗਤਾਂ ਨੂੰ ਸੁਣਾਉਣ ਦਾ ਧਾਰਮਿਕ ਨੀਯਮ ਬਣ ਜਾਏ, ਤਾਂ ਫਿਰ ਓਸੇ ਗ੍ਰੰਥ ਵਿਚਲੇ ਕਿਸੇ ਦੂਜੇ ਪਾਤਰ ਦੀ ਕਹੀ ਗੱਲ ਨੂੰ ਗੁਰੂ ਉਪਦੇਸ਼ ਨਾ ਮੰਨਿਆਂ ਜਾਣਾ ਕਿਧਰ ਦਾ ਅਸੂਲ ਰਹਿ ਜਾਂਦਾ ਹੈ ? ਉਪ੍ਰੋਕਤ (ਸ੍ਰੀ ਆਸਾ ਦੀ ਵਾਰ ਵਿਚਲਾ--ਅਖੀ ਸੂਤਕੁ ਵੇਖਣਾ--ਅਤੇ ਫਿਰ ੧੧ ਤੋਂ ੨੦ ਨੰਬਰ ਤੱਕ ਕੁਲ ੧੧) ਪਰ ਨਾਰੀ ਗਮਨ ਤੋਂ ਵਰਜਣ ਵਾਲੇ ਅੰਮ੍ਰਿਤ ਮਈ ਗੁਰੂ ਫੁਰਮਾਨਾਂ ਦੇ ਨਾਲ ਆਚਰਣ ਨੂੰ ਉੱਚਾ ਸੁੱਚਾ ਬਣਾਈ ਰੱਖਣ ਦੇ ਗੁਰੂ ਉਪਦੇਸ਼ ਦੇ ਅਥਾਹ ਭੰਡਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁੰਦਿਆਂ ਸਾਨੂੰ ਕਿਸੇ ਵੀ ਹੋਰ ਅਜੇਹੇ ਧਰਮ ਗ੍ਰੰਥ ਦੀ ਲੋੜ ਅਨੁਭਵ ਹੋਣੀ, ਸਿੱਧ ਕਰਦਾ ਹੈ ਕਿ ਅਸਾਂ ਅਜੇ ਤੱਕ ਸੱਚੇ ਹਿਰਦੇ ਤੋਂ ਅਤੇ ਸੱਚੀ ਸ਼ਰਧਾ ਨਾਲ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਸੱਚਾ ਅਤੇ ਪੂਰਨ ਗੁਰੂ ਮੰਨਿਆਂ ਹੀ ਨਹੀਂ ਹੈ। ਅਸਲ ਵਿਚ ਅਸੀਂ ਆਪਣੇ ਸਤਿਗੁਰੂ ਜੀ ਤੋਂ ਮੂੰਹ ਮੋੜ ਕੇ ਕਿਸੇ ਦੂਜੇ ਦੀ ਸੰਗਤਿ ਵਿਚ ਬੈਠ ਰਹੇ ਹਾਂ:--

੨੧- **ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥**

**ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਵਣਿਆ ॥੧੧॥**[੧੦੬੮]-੨-੨੪

੬

# ਗੁਰ-ਸਿੱਖੀ ਵਿਚ ਕੇਸਾਂ ਦਾ ਅਤੇ ਦਸਤਾਰ ਦਾ ਸਤਿਕਾਰ

**ਰੋਮਾਂ ਦੀ ਬੇਅਦਬੀ** ਚੌਥੀ **ਬੱਜਰ ਕੁਰਹਿਤ ਹੈ।** ਸਰੀਰ ਤੇ ਉੱਗੇ ਸਾਰੇ ਰੋਮ ਅਥਵਾ ਕੇਸ ਅਕਾਲ ਪੁਰਖ ਦੀ ਦਾਤ ਸਮਝ ਕੇ ਸੰਭਾਲ ਕਰੀ ਰੱਖਣੀ ਗੁਰੂ ਪ੍ਰਮੇਸ਼**ਵਰ ਜੀ ਦਾ ਹੁਕਮ ਹੈ।**

ਸਿੱਖੀ ਦਾ ਦਿਸਦਾ ਸਰੂਪ ਕਦੇ ਦਾ ਅਲੋਪ ਹੋ ਜਾਂਦਾ ਜੇ **ਕੇਸਾਂ ਦੀ ਬੇਅਦਬੀ** ਨੂੰ ਬੱਜਰ-ਕੁਰਹਿਤ ਨਾ ਮੰਨਿਆਂ ਹੁੰਦਾ। ਪੰਜਾਂ ਕਕਾਰਾਂ ਵਿਚੋਂ ਕੇਸ ਪਰਮੁੱਖ ਹਨ। ਭਾਈ ਨੰਦਲਾਲ (ਸਿੰਘ) ਜੀ ਦਾ ਫੁਰਮਾਨ ਹੈ ਕਿ, ਕੇਸਾਂ ਤੋਂ ਬਿਨਾਂ ਸਿੱਖੀ ਦੇ ਬਾਕੀ ਚਾਰ ਕਕਾਰ ਵਿਅਰਥ ਹਨ-- " **ਬਿਲਾ ਕੇਸ ਹੇਚ ਅੰਦ ਈਂ ਜੁਮਲਾ ਨਿਸ਼ਾਂ** " । ਭਾਵੇਂ ਕਿਸੇ ਵੀ ਧਰਮ ਦਾ ਹੋਵੇ, ਕੁਦਰਤ ਦੀ ਅਦੁਤੀ ਬਖ਼ਸ਼ਸ਼, ਸੁੱਚੇ ਕੇਸਾਂ ਵਾਲਾ ਚਿਹਰਾ ਵੇਖ ਕੇ, ਹਿਰਦਾ ਗਦ ਗਦ ਹੋ ਜਾਂਦਾ ਹੈ।

ਰਹਿਤਨਾਮਿਆਂ ਵਿਰੁੱਧ ਕਈ ਪ੍ਰਕਾਰ ਦੇ ਕਿੰਤੂ-ਪ੍ਰੰਤੂ ਸੁਣਨ ਵਿੱਚ ਆਉਂਦੇ ਹਨ। ਕਿਉਂਕਿ ਸਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ, ਸਿੱਖ ਧਰਮ ਦਾ ਅਜੇਹਾ ਕੋਈ ਗ੍ਰੰਥ ਨਹੀਂ ਹੈ ਜਿਸ ਬਾਰੇ ਪੂਰੇ ਭਰੋਸੇ ਨਾਲ ਕਿਹਾ ਜਾ ਸਕੇ ਕਿ ਉਹ " ਵਿਰੋਧੀਆਂ ਦੀ, ਅਥਵਾ ਪ੍ਰੋਹਿਤਾਂ ਦੀ ਛੇੜ ਛਾੜ ਤੋਂ ਬਚਿਆ ਹੋਇਆ ਹੈ "। ਏਹੀ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਗਿਆਨ ਬਾਰੇ ਕੋਈ ਵੀ ਸੁਹਿਰਦ ਵਿਦਵਾਨ ਕਿਸੇ ਪ੍ਰਕਾਰ ਕੋਈ ਅਜੇਹਾ ਦਾ " ਕਿੰਤੂ ਪ੍ਰੰਤੂ " ਖੜਾ ਨਹੀਂ ਕਰ ਸਕਿਆ ਜਿਸ ਦਾ ਤੋੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਨਾ ਲੱਭ ਸਕਦਾ ਹੋਵੇ। ਜੇ ਕਦੇ ਕਿਸੇ ਮੰਦਭਾਗੇ ਨਿੰਦਕ ਨੇ ਅਜੇਹੀ ਭੁੱਲ ਕੀਤੀ ਹੈ ਤਾਂ ਉਸ ਨੇ ਆਪਣੀ ਭੁੱਲ ਲਈ ਗਿੜਗੜਾ ਕੇ ਖਿਮਾ ਵੀ ਜ਼ਰੂਰ ਮੰਗੀ ਹੈ। ਗੁਰੂ ਗ੍ਰੰਥ ਸਾਹਿਬ ਦੀ ਦਾ ਹਰ ਸ਼ਬਦ ਗੁਰਸਿੱਖ ਲਈ " ਰੱਬੀ ਫੁਰਮਾਨ " ਹੈ । ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸ਼ਟ ਮੰਨ ਕੇ " ਸੀਸ ਝੁਕਾਉਣ ਵਾਲੇ ਲਈ " ਜ਼ਰੂਰੀ ਹੈ ਕਿ ਉਹ ਬਿਨਾ ਕਿਸੇ ਕਿੰਤੂ ਪ੍ਰੰਤੂ ਦੇ ਗੁਰਬਾਣੀ ਦੇ ਹਰ ਹੁਕਮ ਦੀ ਪਾਲਣਾ ਕਰਨ ਦਾ ਪ੍ਰਣ ਕਰੇ। ਕਿਉਂਕਿ--**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥** ਅਤੇ ਨਿਉਂਣ ਦਾ ਅਰਥ ਹੀ ਤੇਰੇ ਹੁਕਮ ਵਿਚ ਰਹਿਣ ਦਾ ਪ੍ਰਣ ਹੈ। ਮੈ ਅੱਜ ਤੋਂ ਇਹ ਸਿਰ ਤੈਨੂੰ ਸੌਂਪਿਆ। ਭਾਵ, ਹੇ ਸੱਚੇ ਪਿਤਾ ਪੀਓ ! ਹੁਣ ਤੋਂ ਮੈਂ ਆਪਣੀ ਸੋਚ ਸਮਝ ਤਰੀ ਅਗਾਵਈ ਵਿਚ ਕਰਦਾ ਹਾਂ--**ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥** ----

ਰਾਖਾ ਸੌਂ ਜਾਏ ਤਾਂ ਖੇਤੀ ਨੂੰ ਉਜਾੜਨ ਵਾਲੀਆਂ ਕਈ ਬਲਾਵਾਂ ਆ ਘੇਰਾ ਪਾਉਂਦੀਆਂ ਹਨ। ਕੇਂਦ੍ਰੀ ਜਥੇਦਾਰ ਦੀ ਅਣਗਹਿਲੀ ਦੇ ਕਾਰਨ ਪੰਥਕ ਰਹਿਤ ਮਰਯਾਦਾ ਦਾ ਸਨਮਾਨ ਐਵੇਂ ਨਾ ਮਾਤਰ ਹੀ ਰਹਿ ਗਿਆ ਹੈ। ਡੇਰੇ ਦਾਰ ਸਾਧਾ ਸੰਤਾਂ ਦੀ ਕੁਟਲਤਾ ਦੇ ਕਾਰਨ ਪੰਥ ਵਿਚ ਕਈ ਰਹਿਤ-ਮਰਯਾਦਾਂ ਚਾਲੂ ਹਨ। ਏਹੀ ਕਾਰਨ ਹੈ ਕਿ ਗੁਰੂ ਪੰਥ " ਬਿੱਪ੍ਰਨ ਕੀ ਰੀਤ ' ਦਾ ਧਾਰਨੀ ਬਣ ਕੇ ਸਤਿਗੁਰਾਂ ਦੀ ਨਜ਼ਰ ਵਿਚ ਬੇਪ੍ਰਤੀਤਾ ਹੁੰਦਾ ਜਾਦਾ ਹੋਇਆ ਵੀ ਆਪਣੇ ਆਪ ਨੂੰ ਨਿਆਰਾ ਗੁਰੂ ਦਾ ਖ਼ਾਲਸਾ ਸਮਝਣ ਦੇ ਬਰਮ ਵਿਚ ਫਸਦਾ ਹੀ ਤੁਰਿਆ ਜਾ ਰਿਹਾ ਹੈਂ---**ਜਬ ਇਹ ਗਹੇ ਬਿੱਪ੍ਰਨ ਕੀ ਰੀਤ ॥ ਮੈਂ ਨਾ ਕਰੋਂ ਇਨ ਕੀ ਪਰਤੀਤਿ।** " ਇਸ ਤਾੜਨਾ ਐਵੇਂ ਕਹਿਣ ਸੁਣਨ ਦਾ ਹੀ ਵਿਸ਼ਾ ਬਣ ਕੇ ਰਹਿ ਗਈ ਹੋਈ ਹੈ। ਪੰਥਕ ਸਿੱਖ ਰਹਿਤ ਮਰਯਾਦਾ ' ਬਾਰੇ ਕਈ ਵੀ, ਤਰ੍ਹਾਂ ਦੇ ਬੜੇ ਠੋਸ ਇਤ੍ਰਾਜ਼ ਪੈਦਾ ਹੋ ਰਹੇ ਹਨ। ਅੱਜ ਦੀ ਅੰਧੇਰ ਗਰਦੀ ਵਿਚ, ਸੁਹਿਰਦ ਗੁਰਿਸੱਖਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫ਼ੁਰਮਾਨ, ਸਦੀਵੀ ਸੇਧ ਲੈਂਦੇ ਰਹਿਣ ਦਾ, ' ਕੇਵਲ ਮਾਤ੍ਰ ਸਾਧਨ " ਹਨ। ਇਸ ਪੁਸਤਕ ਦੇ ਲਿਖਨ ਦਾ ਮੁੱਖ ਮੰਤਵ, ਗੁਰਬਾਣੀ ਸਿਧਾਂਤ ਨੂੰ ਉਜਾਗਰ ਕਰਨਾਂ ਅਤੇ ਬਿੱਪ੍ਰਨ ਕੀ ਰੀਤ ਦੇ ਹਰ ਪੱਖ ਨੂੰ ਸਮਝਣ ਦਾ ਹੈ। ਸੋ ਆਉ **ਕੇਸਾਂ** ਦੇ ਸਤਿਕਾਰ ਬਾਰੇ ਅਤੇ ', ਗੁਰਸਿੱਖੀ ਵਿਚ " ਦਸਤਾਰ ਦੇ ਸਤਿਕਾਰ " ਬਾਰੇ ਗੁਰਬਾਣੀ ਸਿਧਾਂਤ ਨੂੰ ਸਮਝੀਏ ।

ਗੁਰਬਾਣੀ ਦੀ ਵਿਚਾਰ ਤੋਂ, ਦਾਸ ਜੋ ਕੁਝ ਸਪੱਸ਼ਟ ਕਰਨਾਂ ਚਾਹੁੰਦਾ ਹੈ, ਉਸ ਨੂੰ ਠੀਕ ਤਰ੍ਹਾਂ ਸਮਝਣ ਲਈ ਪਹਿਲਾਂ ਗੁਰਮਤ-ਸਿਧਾਂਤ ਦੇ **ਚਾਰ ਜ਼ਰੂਰੀ ਪੱਖਾਂ** (ਜਿਨ੍ਹਾਂ ਦਾ ਜ਼ਿਕਰ ਪੁਸਤਕ ਵਿਚ ਕਈ ਥਾਂਈ ਆ ਚੁੱਕਾ ਹੈ) **ਦੀ ਯਾਦ**, ਤਾਜ਼ਾ ਕਰ ਲੈਣ ਦੀ ਲੋੜ ਹੈ :--

**(੧) ਨਿਰਵੈਰਤਾ** -- ਸਿਰਜਣਹਾਰ ਪ੍ਰਭੂ ਆਪਣੇ ਸਾਰੇ ਜੀਆਂ ਦੀ ਪਾਲਣਾ, ਮਾਤਾ ਪਿਤਾ ਵਾਲੇ ਸਨੇਹ ਨਾਲ ਹੀ ਕਰਦਾ ਹੈ--

੨੨- **ਅਪੁਨੇ ਜੀਅ ਜੰਤ ਪ੍ਰਤਿਪਾਰੇ ॥ ਜਿਉ ਬਾਰਿਕ ਮਾਤਾ ਸੰਮ੍ਾਰੇ ॥**
**ਦੁਖ ਭੰਜਨ ਸੁਖ ਸਾਗਰ ਸੁਆਮੀ ਦੇਤ ਸਗਲ ਆਹਾਰੇ ਜੀਉ ॥ ੨ ॥**[੧੦੫]-੨੯-੩੬

ਅਤੇ ਫਿਰ--

੨੩- **ਦੇਵਣਹਾਰੁ ਦਾਤਾਰੁ ਕਿਤੁ ਮੁਖਿ ਸਾਲਾਹੀਐ ॥ ਜਿਸੁ ਰਖੈ ਕਿਰਪਾ ਧਾਰਿ ਰਿਜਕੁ ਸਮਾਹੀਐ ॥**
**ਕੋਇ ਨ ਕਿਸ ਹੀ ਵਸਿ ਸਭਨਾ ਇਕ ਧਰ ॥ ਪਾਲੇ ਬਾਲਕ ਵਾਂਗਿ ਦੇ ਕੈ ਆਪਿ ਕਰ ॥**
**ਕਰਦਾ ਅਨਦ ਬਿਨੋਦ ਕਿਛੂ ਨ ਜਾਣੀਐ ॥ ਸਰਬ ਧਾਰ ਸਮਰਥ ਹਉ ਤਿਸੁ ਕੁਰਬਾਣੀਐ ॥**
**ਗਾਈਐ ਰਾਤਿ ਦਿਨੰਤੁ ਗਾਵਣ ਜੋਗਿਆ ॥ ਜੋ ਗੁਰ ਕੀ ਪੈਰੀ ਪਾਹਿ ਤਿਨੀ ਹਰਿਰਸੁ ਭੋਗਿਆ ॥ ੨ ॥**[੯੫੭]-ਵਾਰ

ਅਜੇਹੇ ਕਈ ਗੁਰੂ ਫ਼ੁਰਮਾਨਾਂ ਤੋਂ ਛੁੱਟ ਪਰਮਾਤਮਾ ਨੂੰ-- **ਮਾਤ ਪਿਤਾ ਬੰਧਪ ਤੂਹੈ, ਤੂ ਸਰਬ ਨਿਵਾਸੁ ॥**[੮੧੮],ਵੀ ਕਿਹਾ ਹੈ। ਜਿਸ ਈਸ਼ਵਰ ਨੂੰ,--**ਦੀਨਾ ਨਾਥ ਅਨਾਥ ਕਰੁਣਾਮੈ, ਸਾਜਨ ਮੀਤ ਪਿਤਾ ਮਹਤਾਰੀਆ** ॥[੨੦੩], ਜਿਸ ਅਕਾਲਪੁਰਖ ਨੂੰ--**ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥ ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥** [੭੮੪] ਲਿਖਿਆ ਹੈ । ਜਿਹੜਾ ਪੂਰਨ ਭਗਵਾਨ ਕੌੜਾ ਬੋਲਣਾ ਜਾਣਦਾ ਹੀ ਨਹੀਂ--**ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ " ॥** ਅਤੇ ਫਿਰ ਜਿਸ ਪ੍ਰਭੂ ਬਾਰੇ ਸਤਿਗੁਰਾਂ ਨੇ ਇਉਂ ਫ਼ੁਰਮਾਨ ਵੀ ਕੀਤਾ ਹੈ--**ਆਪੇ ਮਿਹਰ ਦਇਆ ਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ ॥ ੧੧ ॥** [੧੦੨੧] ਭਾਵ, ਪ੍ਰਭੂ-ਕਰਤਾਰ **ਆਪਣੀ ਕਿਰਤ ਦਾ ਵੈਰੀ ਕਦੇ ਕਿਸੇ ਹਾਲਤ** ਵਿਚ ਵੀ ਨਹੀਂ ਹੋ ਸਕਦਾ ।

(੨) ਪ੍ਰਭੂ ਇਸ ਜਗਤ ਨੂੰ ਅੱਖ ਦੇ ਫੁਰਕਣ ਦੇ ਸਮੇਂ ਅੰਦਰ, ਨਾਸ ਕਰਕੇ ਮੁੜ ਪਾਲਣਾ ਕਰ ਸਕਦਾ ਹੈ--**ਹਰਨ ਭਰਨ ਜਾ ਕਾ ਨੇਤ੍ਰ ਫੋਰ-** ॥ (੨੮੪) ਪ੍ਰਭੂ ਇੱਕ ਅਜੇਹਾ ਨਾਥ ਹੈ ਜਿਸ ਨੇ ਆਪਣੀ ਸਿਰਜਣਾ ਦੇ ਕਣ ਕਣ ਨੂੰ ਆਪਣੇ ਵਜੂਦ ਵਿਚ ਨਥਿਆ ਹੋਇਆ ਹੈ--**ਆਪਿ ਨਾਥੁ ਨਾਥੀ ਸਭ ਜਾ ਕੀ ॥** [ਜਪ-੨੯] ਭਾਵ, ਸ੍ਰਿਸ਼ਟੀ ਦਾ ਦਿਸਦਾ ਅਣਦਿਸਦਾ ਸਾਰਾ ਅਕਾਰ--ਪ੍ਰਭੂ ਆਪ ਹੀ ਆਪ ਹੈ। ਪ੍ਰਭੂ ਇੱਕ ਅਜੇਹੀ ਪਰਮ ਸ਼ਕਤੀ ਹੈ ਜਿਸ ਦਾ ਸਾਨੀ ਦੂਜਾ ਹੋਰ ਕੋਈ ਹੈ ਹੀ ਨਹੀਂ। ਸਰਬ ਸ਼ਕਤੀਆਂ ਦੇ ਅਥਾਹ ਭੰਡਾਰ, ਉਸ ਕਰਤਾਰ ਨੂੰ ਡਰ ਕਿਸ ਦਾ ?

(੩) ਨਾਨਕ ਨਿਰੰਕਾਰੀ ਜੀ ਦੇ ਫ਼ੁਰਮਾਨ ਹਨ ਕਿ--**ਜੈਸਾ ਸੇਵੈ ਤੈਸੋ ਹੋਇ**--(੨੨੪) ਜਾਂ, **ਜੈ ਸਿਉ ਰਾਤਾ ਤੈਸੋ ਹੋਵੈ**--(੪੧੧) ਭਾਵ ਮਨੁੱਖੀ ਸੁਭਾ ਦਾ ਇਹ ਅਟੱਲ ਨੀਯਮ ਹੈ, ਕਿ ਜਿਸ ਦਾ ਉਹ ਸਿਮਰਨ ਕਰਦਾ ਹੈ, ਅਥਵਾ ਜਿਸ ਨਾਲ ਹਿਰਦੇ ਤੋਂ ਡੂੰਘੇ ਪਿਆਰ ਦੀ ਰੰਗਣ ਵਿੱਚ ਰੰਗਿਆ ਜਾਂਦਾ ਹੈ, ਆਪ ਵੀ ਉਸੇ ਵਰਗਾ ਹੋ ਜਾਂਦਾ ਹੈ । ਪਿਆਰੇ ਦੇ ਗੁਣ ਔਗਣ ਗ੍ਰਹਣ ਕਰ ਲੈਣੇ ਪ੍ਰੇਮੀ ਦੇ ਸੁਭਾ ਦਾ ਹਿੱਸਾ ਹੈ ।

(੪) **ਪ੍ਰਭੂ ਨਿਰ-ਆਕਾਰ ਹੈ** । ਪ੍ਰਭੂ ਦਾ ਚਕ੍ਰ, ਚਿਹਨ, ਬਰਨ, ਜਾਤਿ, ਰੂਪ ਰੰਗ ਕੁਝ ਨਹੀਂ। ਉਹ ਕਿਸੇ ਗਿਣਤੀ ਜਾਂ ਮਿਣਤੀ ਵਿੱਚ ਨਹੀਂ ਆ ਸਕਦਾ---**ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ**--(੧੨੮੯) । ਪਰਮਾਤਮਾ ਦਾ ਪੰਜ-ਭੂਤਕ ਸਰੀਰ ਨਾ ਹੋਣ ਕਰਕੇ, ਉਸ ਨੂੰ ਸਰੀਰਕ ਅੱਖੀਆਂ ਨਾਲ, ਅੱਜ ਤੱਕ ਕਦੇ ਕਿਸੇ ਨੇ ਨਹੀਂ ਵੇਖਿਆ --**ਜੇ ਕਿਹੁ ਹੋਇ ਤ ਕਿਹੁ ਦਿਸੈ, ਜਾਪੈ ਰੂਪੁ ਨ ਜਾਤਿ** ॥ (੧੨੩੯) ਵਡੇ ਵਡੇ ਸਿਧ ਵੀ ਸਮਧੀਆਂ ਲਾ ਲਾ ਕੇ ਥੱਕ ਗਏ ਹਨ ਪਰ ਈਸ਼ਵਰ ਦੇ ਮਨੁੱਖ ਰੂਪ ਵਿਚ) ਸਾਖ਼ਸ਼ਾਤ ਦਰਸ਼ਨ ਕੋਈ ਨਹੀਂ ਕਰ ਸਕਿਆ--" **ਸੋ ਕਿਮ ਮਾਨਸ ਰੂਪ ਕਹਾਏ ॥ ਸਿਧ ਸਮਾਧਿ ਸਾਧ ਕਰਿ ਹਾਰੇ ਕਯੋ ਹੂ ਨ ਦੇਖਨ ਪਾਏ ॥ ੧ ॥ ਰਹਾਉ ॥** [ਬਿਲਾਵਲ ਪਾਤਿਸ਼ਾਹੀ ੧੦]

ਅਸਾਂ ਗੁਰਮਤਿ ਦੇ ਇਨ੍ਹਾਂ ਚਾਰ ਸਿਧਾਂਤਾਂ (੧-ਪ੍ਰਭੂ ਨਿਰਵੈਰ ਹੈ (੨) ਨਿਰਭਊ ਹੈ (੨) ਡੂੰਘੇ ਪਿਆਰ ਨਾਲ ਸੱਚੇ ਹਿਰਦੇ ਤੋਂ ਜਿਸ ਦਾ ਵੀ ਮਨੁੱਖ ਸਿਮਰਣ ਕਰਦਾ ਰਹੇ, ਸੱਚੇ ਪਿਆਰ ਅਤੇ ਸੱਚੀ ਸ਼ਰਧਾ ਨਾਲ ਜਿਸ ਦੀ ਸੰਗਤਿ ਕਰੇ ਮਨੁੱਖ ਆਪ ਵੀ ਉਸੇ ਵਰਗਾ ਹੋ ਜਾਂਦਾ ਹੈ ੪- ਪਰਮਾਤਮਾ ਨਿਰਅਕਾਰ ਹੈ) ਨੂੰ ਧਿਆਨ ਵਿਚ ਰੱਖਣਾ ਹੈ

**ਗੰਭੀਰਤਾ ਨਾਲ ਅਥਵਾ ਇਕਾਗਰ-ਚਿਤ ਹੋ ਕੇ ਵਿਚਾਰਨ ਵਾਲਾ ਪੱਖ-**

ਬ੍ਰਾਹਮਣ ਦੀ ਚਲਾਈ " ਹਿੰਦੂ " ਨਾਮਕ ਕਰਮਕਾਂਡੀ ਜੀਵਨ ਜੁਗਤ ਭਾਰਤ ਲਈ ਸਭ ਤੋਂ ਪੁਰਾਣਾ ਅਥਵਾ ਮੁਢਲਾ " ਧਰਮ " ਹੈ । ਬ੍ਰਾਹਮਣ ਨੇ, ਹਿੰਦੂ ਧਰਮ ਦੇ ਮੂਲ ਮੰਤ੍ਰ ਵਿਚ ਅਤੇ ਵੇਦਾ ਸ਼ਾਸਤ੍ਰਾਂ ਆਦਿ ਧਰਮ ਗ੍ਰੰਥਾਂ ਵਿਚ, ਕਿਸੇ ਥਾਂ ਵੀ ਪਰਮਾਤਮਾ ਨੂੰ ਨਿਰਭਉ ਅਤੇ ਨਿਰਵੈਰ ਨਹੀਂ ਲਿਖਿਆ। ਏਸੇ ਤਰ੍ਹਾਂ ਸੰਸਾਰ ਦੇ ਬਾਕੀ ਧਰਮਾਂ ਦਾ ਮਤ ਵੀ ਏਹੋ ਹੀ ਹੈ, ਕਿ, ਪਰਮਾਤਮਾ ਦਾ ਨਾ ਕਿਸੇ ਨਾਲ ਵੈਰ ਹੈ ਅਤੇ ਨਾ ਉਸ ਨੂੰ ਕਿਸੇ ਦਾ ਕੋਈ ਭੈ ਹੀ ਹੋ ਸਕਦਾ ਹੈ। ਏਹੀ ਕਾਰਨ ਹੈ ਕਿ ਸਰਬ-ਸ਼ਕਤੀਮਾਨ ਸਿਰਜਣਹਾਰ ਨੂੰ ਉਚੇਚੇ ਤੌਰ ਤੇ " **ਨਿਰਭਉ ਅਤੇ ਨਿਰਵੈਰ** " ਲਿਖਣ ਦੀ ਲੋੜ, ਕਿਸੇ ਵੀ ਧਰਮ ਆਗੂ ਨੇ ਨਹੀਂ ਸਮਝੀ। ਪਰ ਵੀ ਬਾਕੀ ਧਰਮਾਂ ਨਾਲੋਂ ਉਲਟ, ਸਤਿਗੁਰਾਂ ਨੇ ਗੁਰਬਾਣੀ ਵਿਚ ਪ੍ਰਭੂ ਨੂੰ ਬਾਰ ਬਾਰ **ਨਿਰਭਉ** ਅਤੇ **ਨਿਰਵੈਰ** ਉਚੇਚੇ ਤੌਰ ਤੇ ਲਿਖਿਆ ਹੈ। ਅਜੇਹਾ ਕਰਨ ਵਿਚ ਕੀ ਭੇਤ ਹੈ? ਇਸ ਡੂੰਘੀ ਰਮਜ਼ ਨੂੰ ਸਮਝਣ ਲਈ ਗੰਭੀਰਤਾ ਅਤੇ ਇਕਾਗਰਤਾ ਦੀ ਲੋੜ ਹੈ ।

ਗੁਰੂ ਨਾਨਕ ਸਾਹਿਬ ਜੀ, ਆਪਣੀ ਵਡਿਆਈ ਕਰਾਉਣ ਲਈ, ਆਪਣੇ ਚੇਲੇ ਬਣਾ ਕੇ ਆਪਣੀ ਪੂਜਾ ਕਰਵਾਉਣ ਲਈ ਕੋਈ ਕਰਮਕਾਂਡੀ ਧਰਮ ਚਲਾਉਣ ਨਹੀਂ ਸਨ ਆਏ। ਉਹ ਤਾਂ ਸਾਰੇ ਸੰਸਾਰ ਦੀ ਮਨੁੱਖਤਾ ਦੀ ਵਿਗੜਦੀ ਜਾ ਰਹੀ ਨੁਹਾਰ ਨੂੰ ਸੁਆਰਨ ਆਏ ਸਨ। ਮਨੁੱਖ ਨੂੰ ਉਚੇ ਅਤੇ ਸੁੱਚੇ ਆਚਰਨ ਦਾ ਮਾਲਕ, ਨਿਰਭੈ ਅਤੇ ਨਿਰਵੈਰ ਸੰਤ ਸੂਰਮਾ ਬਣਾਉਣਾ ਸੀ। ਉਪਰੋਕਤ ਲਿਖਿਆ ਗੁਰਮਤਿ ਦਾ ਤੀਸਰਾ ਸਿਧਾਂਤ ਧਿਆਨ ਵਿਚ ਲਿਆਈਏ। ਸੁਜਾਨ ਸਤਿਗੁਰੂ ਜੀ ਜਾਣਦੇ ਸਨ ਕਿ ਮਨੁੱਖ ਜਿਸ ਨਾਲ ਹਿਰਦੇ ਦੀ ਡੂੰਘਾਈ ਤੋਂ ਸੱਚਾ ਪਿਆਰ ਕਰੇ, ਉਸ ਦੀ ਯਾਦ ਨੂੰ ਕਦੇ ਵੀ ਮਨ ਵਿਚੋਂ ਨਹੀਂ ਵਿਸਾਰਦਾ। ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਸੱਚੇ ਪ੍ਰੇਮੀ ਲਈ ਪਿਆਰੇ ਤੋਂ ਬਿਨਾਂ ਜ਼ਿੰਦਗੀ ਨਾਲੋਂ ਮੌਤ ਚੰਗੀ ਹੋ ਦਿੱਸਦੀ ਹੈ--" **ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ ਧ੍ਰਿਗ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ੨ ॥** [੮੩] ਸਰਬ-ਸ੍ਰੇਸ਼ਟ ਜੀਵਨ ਜੁਗਤ ਬੰਣਾਉਣ ਲਈ " ਸਰਬ ਸ੍ਰੇਸ਼ਟਤਾ " ਨਾਲ (ਭਾਵ, ਅਕਾਲ ਪੁਰਖ ਨਾਲ) ਡੂੰਘਾ ਪਿਆਰ ਪਾਉਣ ਦੀ ਲੋੜ ਸੀ। ਮਨੁੱਖ ਦੀ ਕਾਇਆ ਕਲਪ ਕਰਨ ਲਈ, ਸਤਿਗੁਰਾਂ ਨੇ ਮਨੁੱਖ ਨੂੰ ਸਾਰੇ ਜਗਤ ਦੇ " ਮੂਲ "" ਸਰਬ ਉੱਚ-ਗੁਣਾ ਦੇ ਸੋਮੇਂ, ਸਿਰਜਣਹਾਰ ਦੇ ਲੜ ਲਾਉਣਾ ਸੀ। ਮਨੁੱਖ ਦੇ ਮਨ ਵਿਚ ਪ੍ਰਭੂ ਦਾ ਅਥਾਹ ਪਿਆਰ ਭਰਨ ਲਈ ਹੀ ਗੁਰਮਤਿ-ਸਿਖਿਆ-ਸ਼ਬਦ-ਰੂਪ ਰਤਨਾਂ ਮਾਣਕਾਂ ਨਾਲ ਭਰਪੂਰ, ਗੁਰਬਾਣੀ-ਰੂਪੀ ਅਥਾਹ ਸਾਗਰ ਦਾ ਨਿਰਮਾਣ ਅਰੰਭਿਆ ਸੀ। ਪ੍ਰਥਮ ਬਾਣੀ ਨਿਰੋਲ ਉਸੇ " **ਮੂਲ** " ਦੀ ਵਿਆਖਿਆ ਸੀ। " ਮੂਲ " ਦੀਆਂ ਸਿਫ਼ਤਾਂ ਵਾਲਾ ਉਪਦੇਸ਼ " ਮੂਲ ਮੰਤ੍ਰ ਅਥਵਾ ਮੁਢਲਾ ਉਪਦੇਸ਼ " ਹੀ ਸੀ ਸੋ, ਫ਼ੁਰਮਾਨ ਹੋਇਆ--**ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥ ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥ ੧ ॥** [੧੫੬] **ਜਿਸ ਭਾਗਾਂ ਵਾਲੇ ਨੇ**, ਜਗਤ ਦੇ " **ਮੂਲ** " ਦੇ ਗੁਣਾਂ ਦੇ ਗਿਆਨ ਦੀ ਸੋਝੀ ਕਰਾਉਣ ਵਾਲੇ, ਮੂਲ ਉਪਦੇਸ਼ ਨੂੰ ਦ੍ਰਿੜ ਕਰਕੇ ਹਿਰਦੇ ਵਿਚ ਵਸਾ ਕੇ " ਮੂਲ-ਪ੍ਰਭੂ " ਨਾਲ ਸੱਚਾ ਪ੍ਰੇਮ ਪਾ ਲਿਆ, **ਉਸ ਕਰਮਾਂ ਵਾਲੇ** ਦੇ ਜਨਮ ਜਨਮਾਂਤ੍ਰਾਂ ਦੇ ਪਾਪ ਨਾਸ ਹੋ ਗਏ, ਅਤੇ ਉਸ ਦੀ ਜੀਵਨ ਜੁਗਤ ਵਿਚ ' ਗੁਰਬਾਣੀ " ਵਿਚਲੇ ਪ੍ਰਭੂ ਦੇ ਸਾਰੇ ਗੁਣ, ਆ ਵੱਸਣੇ ਹਨ। ਕਿਉਂਕਿ ਸਿਧਾਂਤ ਹੈ --**ਜੈਸਾ ਸੇਵੈ ਤੈਸੋ ਹੋਵੈ ॥**

ਪ੍ਰਿਥਮ ਬਾਣੀ, ਮੂਲ ਮੰਤ੍ਰ ਵਿੱਚਲੇ ਗੁਣਾ ਦਾ ਸਿਮਰਨ ਕਰਦਿਆਂ ਜਿਥੇ ਮਨੁੱਖ ਨੇ ਹੋਰ ਦੇਵੀ-ਦੇਵਤਿਆਂ ਅਥਵਾ ਅਨੇਕ ਤਰ੍ਹਾਂ ਦੀਆਂ ਕਥਿਤ ਕਰਾਮਾਤੀ-ਸ਼ਕਤੀਆਂ ਦੇ ਭਰਮ ਨੂੰ ਭੁੱਲ-ਭੁਲਾ ਕੇ ਕੇਵਲ ਇੱਕ ਪਰਮਾਤਮਾ (**੧ੴ**) ਦਾ ਉਪਾਸ਼ਕ ਬਣਨਾ ਸੀ ਉਥੇ " **ਸਤਿ ਨਾਮ** " ਨੇ ਮਨੁੱਖ ਨੂੰ ਸਦੀਵੀ ਅਟੱਲ ਸਤਿ ਨਾਲ ਜੋੜ ਕੇ ਉਸ ਦਾ ਆਚਰਨ ਸਤਿ-ਵਾਦੀ ਬਣਾ ਕੇ ਹਿਰਦੇ ਵਿਚ ਪ੍ਰਭੂ ਦੇ ਨਾਮ ਦੀ ਜਤਿ ਜਗਾ ਦੇਣੀ ਸੀ। ' **ਕਰਤਾ** ' ਦੇ ਜਾਪ ਨਾਲ ਮਨੁੱਖ ਦੇ ਅੰਦਰ ਅਜੇਹੇ ਸਮਾਜ ਦੀ ਉਸਾਰੀ ਕਰ ਲੈਣ ਦਾ ਉੱਦਮ ਭਰ ਜਾਣਾ ਸੀ ਜਿਸ ਸਮਾਜ ਦੇ ਲੋਕਾਂ ਵਿਚ ਪਰਸਪਰ ਪਿਆਰ, ਸਾਂਝੀਵਾਲਤਾ ਅਤੇ ਇੱਕ ਦੂਜੇ ਦੇ ਦਰਦ ਵੰਡਾਉਣ ਦੀ ਉਮੰਗ ਠਾਠਾਂ ਮਾਰ ਰਹੀ ਹੁੰਦੀ। ਗੁਰਦੇਵ ਜੀ ਨੇ ਮਨੁੱਖ ਦੇ ਆਚਰਨ ਵਿਚ ਪ੍ਰਭੂ ਦੇ '**ਪੁਰਖ** ' ਗੁਣ ਨੇ ਗ਼ਰੀਬ-ਲੋੜਵੰਦ, ਦੁਖੀਏ, ਨਿਤਾਣੇ, ਨਿਆਸਰੇ ਦੁਖਿਆਰਿਆਂ ਦਾ ਦਰਦ ਵੰਡਾਉਂਦਿਆਂ ਹਰ ਥਾਂ ਦਿੱਸ ਆਉਣ ਦਾ ਪਰਉਪਕਾਰੀ ਗੁਣ ਭਰ ਦੇਣਾ ਸੀ। ਏਸੇ ਤਰ੍ਹਾਂ ਸੰਤ-ਸੂਰਮੇ ਮਨੁੱਖ ਨੂੰ ਨਿਰਭਉ ਅਤੇ ਨਿਰਵੈਰ ਬਣਾ ਦੇਣ ਲਈ ਹੀ, ਗੁਰਦੇਵ ਜੀ ਨੇ ਪ੍ਰਭੂ ਨੂੰ **ਨਿਰਭਉ** ਅਤੇ **ਨਿਰਵੈਰ** ਵੀ ਲਿਖਿਆ। ' **ਜਿਨ ਨਿਰਭਉ ਜਿਨਿ ਹਰਿ ਨਿਰਭਉ ਧਿਆਇਆ ਜੀ ਤਿਨ ਕੇ ਭਉ ਸਭੁ ਗੁਵਾਸੀ ॥** " [੧੧] ਯਥਾ--**ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥** [੧੦੮] [ਪੂਰੇ ਮੂਲ ਮੰਤ੍ਰ ਦੀ ਵਿਆਖਿਆ ਪੁਸਤਕ ਦੇ ਨੌਵੇਂ ਭਾਗ ਦੇ ਅੱਡਰੇ ਲੇਖ ਵਿਚ ਹੈ]

ਜਿਸ ਸਿਧਾਂਤ ਨੂੰ ਸਪੱਸ਼ਟ ਕਰਨ ਲਈ ਉਪਰਲੀ ਭੂਮਕਾ ਬੰਨ੍ਹਣੀ ਪਈ ਹੈ ਉਸ ਵੱਲ ਆਈਏ। ਉੱਪਰ ਲਿਖੇ ਚੌਥੇ ਨੰਬਰ ਵਾਲੇ ਸਿਧਾਂਤ ਨੂੰ ਵਿਚਾਰ ਵਿੱਚ ਲਿਆਉ। ਜਿਸ ਪ੍ਰਭੂ ਦਾ ਪੰਜ-ਭੂਤਕ ਅਕਾਰ ਹੈ ਹੀ ਕੋਈ ਨਹੀਂ, ਉਸ ਨੂੰ ਬਾਂਕੀਆਂ ਅੱਖਾਂ ਵਾਲਾ, ਸੋਹਣੇ ਦੰਦਾਂ ਅਤੇ ਸੋਹਣੇ ਨੱਕ ਵਾਲਾ ਅਤੇ ਫਿਰ **ਖ਼ੂਬਸੂਰਤ ਅਤੇ ਲੰਮੇ ਕੇਸਾਂ ਵਾਲਾ ਅਥਵਾ ਸੋਹਣੀ ਪਗੜੀ** ਵਾਲਾ, ਲਿਖਣ ਦਾ ਜਾਂ ਅਜੇਹੇ ਅਕਾਰ ਵਾਲਾ ਚਿਤਰਨ ਦਾ ਕੀ ਅਰਥ ਹੈ ? ਆਪ ਹੀ ਪ੍ਰਭੂ ਨੂੰ ਨਿਰਆਕਾਰ ਕਹਿ ਕੇ ਉਸ ਨੂੰ ਅਕਾਰਾਂ ਵਾਲਾ ਵੀ ਕੀ ਗੁਰਦੇਵ ਜੀ ਨੇ ਆਪ ਹੀ ਸਿੱਧ ਕਰਨ ਲੱਗ ਪੈਣਾ ਸੀ? ਨਹੀਂ ਸਾਡੀ ਹੋਛੀ ਸਮਝ ਧੋਖਾ ਖਾ ਰਹੀ ਹੈ । ਨਿਰਸੰਦੇਹ ਏਥੇ ਵੀ ਉਹੀ ਕਾਰਨ ਹੈ ਜਿਸ ਕਰਕੇ ਸਤਿਗੁਰਾਂ ਨੇ ਪ੍ਰਭੂ ਨੂੰ " **ਨਿਰਵੈਰ** " ਅਤੇ " **ਨਿਰਭਉ** ਲਿਖਿਆ ਸੀ । ਫਿਰ ਗੁਰਬਾਣੀ ਵਿਚ ਸਤਿਗੁਰਾਂ ਨੇ ਸਰੀਰ ਦੀ ਪਾਲਣਾ ਕਰਨ ਦਾ ਉਪਦੇਸ਼ ਵੀ ਕੀਤਾ ਹੈ--**ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥ ੨ ॥** [੫੫੪] । ਇਸ ਸਭ ਕੁਝ ਨੂੰ ਧਿਆਨ ਵਿਚ ਰੱਖ ਕੇ ਵਿਚਾਰ ਕਰੀਏ ਤਾਂ ਇਹ ਸਮਝਣ ਵਿਚ ਕਸਰ ਨਹੀਂ ਰਹਿ ਜਾਂਦੀ ਕਿ, ਮਨੁੱਖ ਦਾ ਆਤਮਕ-ਸਰੂਪ ਬੜਾ ਸੁੰਦਰ ਵੇਖਣ ਦੇ ਨਾਲ ਆਪਣੇ ਨਿਆਰੇ ਸੰਤ-ਸੂਰਮੇ ਨੂੰ ਬਾਹਰੋਂ ਵੀ ਦਸਤਾਰ ਸਜਾਈ ਹੋਈ, ਕੇਸਾ-ਧਾਰੀ, ਅਰੋਗ, ਰਿਸ਼ਟ-ਪੁਸ਼ਟ ਅਤੇ ਸੁਨੱਖੀ ਸੂਰਤਿ-ਮੂਰਤਿ ਵਾਲਾ ਵੇਖਣ ਦੀ ਸੱਧਰ, ਗੁਰਦੇਵ ਜੀ ਦੇ ਅੰਦਰੋਂ ਉਛਾਲੇ ਮਾਰ ਮਾਰ ਪ੍ਰਗਟ ਹੋ ਰਹੀ ਹੈ। ਏਸੇ ਮੰਤਵ ਦੀ ਪੂਰਤੀ ਵਾਸਤੇ ਪ੍ਰਭੂ ਨੂੰ ਮੁੜ ਮੁੜ ਸੋਹਣੇ ਅਤੇ ਲੰਮੇ ਕੇਸਾਂ ਵਾਲਾ (ਕੇਸਵ) ਕਹਿੰਦੇ ਗੁਰਦੇਵ ਜੀ ਥੱਕਦੇ ਨਹੀਂ ਹਨ:-

੨੪- **ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ ॥**[੫੬੭]-ਛੰਤ-੨

**ਪਦ ਅਰਥ:-** ਬੰਕੇ--ਬਾਂਕੇ । ਲੋਇਣ--ਅੱਖਾਂ । ਦੰਤ--ਦੰਦ । ਰੀਸਾਲਾ--ਸੋਹਣੇ । ਜਿਨ--ਜਿਨ੍ਹਾਂ ਦਾ । ਲੰਮੜੇ--ਸੋਹਣੇ ਲੰਮੇ । ਵਾਲਾ--ਕੇਸ ।

ਗੁਰੂ ਨਾਨਕ ਦੇਵ ਜੀ ਦੀ ਜਾਗਤ ਜੋਤ, ਅੱਜ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ (ਸਾਡੀ ਬਾਂਹ ਫੜੀ) ਹਾਜ਼ਰ ਨਾਜ਼ਰ ਹੈ । ਗੁਰੂ ਗ੍ਰੰਥ ਸਾਹਿਬ ਨੇ ਹੋਰ ਥਾਂਈਂ ਵੀ ਪਰਮਾਤਮਾ ਨੂੰ ਸੋਹਣੇ ਲੱਮੇ ਕੇਸਾਂ ਵਾਲਾ ਕਿਹਾ ਹੈ :---

੨੫- **ਸਰਨਿ ਦੁਖ ਭੰਜਨ, ਪੁਰਖ ਨਿਰੰਜਨ, ਸਾਧੂ ਸੰਗਤਿ ਰਵਣੁ ਜੈਸੇ ॥**
**ਕੇਸਵ ਕਲੇਸ ਨਾਸ ਅਘ ਖੰਡਨ, ਨਾਨਕ ਜੀਵਤ ਦਰਸ ਦਿਸੇ ॥**੨ ॥ [੮੨੯]--੯--੧੨੫

**ਅਰਥ:-** ਹੇ ਦੁਖਾਂ ਦੇ ਨਾਸ ਕਰਨ ਵਾਲੇ ! ਹੇ ਸਰਬ ਵਿਆਪਕ ! ਹੇ ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲੇ ! (ਮੇਹਰ ਕਰ ਤਾਂ ਕਿ) ਜਿਵੇਂ ਵੀ ਹੋ ਸਕੇ (ਤੇਰਾ ਦਾਸ) ਸਾਧ ਸੰਗਤਿ ਵਿਚ (ਟਿਕ ਕੇ ਤੇਰਾ) ਸਿਮਰਨ ਕਰਦਾ ਰਹੇ । **ਹੇ ਕੇਸ਼ਵ** (ਭਾਵ, ਹੇ ਸੋਹਣੇ ਲੰਮੇ ਕੈਸਾਂ ਵਾਲੇ) ਹੇ ਪਾਪਾਂ ਦੇ ਨਾਸ ਕਰਨ ਵਾਲੇ ! (ਤੇਰਾ ਦਾਸ) ਨਾਨਕ ਤੇਰਾ ਦਰਸ਼ਨ ਕਰਕੇ ਹੀ ਆਤਮਕ ਜੀਵਨ ਹਾਸਲ ਕਰਦਾ ਹੈ । ੨ ।

੨੫- **ਲੋਭ ਲਹਰਿ ਅਤਿ ਨੀਝਰ[੧] ਬਾਜੈ ॥ ਕਾਇਆ ਡੂਬੈ ਕੇਸਵਾ ॥ ੧ ॥**[੧੧੯੬]--੨ ੧= ਚਸ਼ਮਾ,ਪਹਾੜੀ ਨਦੀ ।

**ਅਰਥ:**--ਹੇ **ਸੁਹਣੇ ਕੇਸਾਂ ਵਾਲੇ** ਪ੍ਰਭੂ ! (ਇਸ ਸੰਸਾਰ-ਸਮੁੰਦਰ ਵਿਚ) ਲੋਭ ਦੀਆਂ ਲਹਿਰਾਂ ਬੜੀਆਂ ਠਾਠਾਂ ਮਾਰ ਰਹੀਆਂ ਹਨ, ਮੇਰਾ ਸਰੀਰ ਇਨ੍ਹਾਂ ਵਿੱਚ ਡੁਬਦਾ ਜਾ ਰਿਹਾ ਹੈ।

੨੬- **ਨਿਰਹਾਰੀ[੧] ਕੇਸਵ ਨਿਰਵੈਰਾ ॥ ਕੋਟਿ ਜਨਾ ਜਾ ਕੇ ਪੂਜਹਿ ਪੈਰਾ ॥** ੧= ਜਿਸ ਨੂੰ ਕਿਸੇ ਖ਼ੁਰਾਕ ਦੀ ਲੋੜ ਨਹੀਂ ।
**ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ ਸੋਈ ਭਗਤੁ ਇਕਾਤੀ[੨] ਜੀਉ ॥ ੩ ॥**[੯੮]--੬--੧੩ ੨=ਅਨਿੰਨ ।

**ਅਰਥ:** ਕ੍ਰੋੜਾਂ ਹੀ ਸੇਵਕ ਜਿਸ ਦੇ ਪੈਰ ਪੂਜਦੇ ਹਨ, ਉਹ ਪਰਮਾਤਮਾ **ਕੇਸ਼ਵ (ਸੋਹਣੇ ਕੇਸਾਂ ਵਾਲਾ)** ਕਿਸੇ ਨਾਲ ਵੈਰ ਨਹੀਂ ਰੱਖਦਾ ਤੇ ਉਸ ਨੂੰ ਕਿਸੇ ਖ਼ੁਰਾਕ ਦੀ ਲੋੜ ਨਹੀਂ । ਗੁਰੂ ਦੀ ਰਾਹੀਂ ਜਿਸ ਮਨੁੱਖ ਦੇ ਹਿਰਦੇ ਵਿਚ ਉਹ ਵੱਸ ਪੈਂਦਾ ਹੈ, ਉਹ ਮਨੁੱਖ ਅਨਿੰਨ ਭਗਤ ਬਣ ਜਾਂਦਾ ਹੈ ।੩।

੨੭- **ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥**
**ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥ ੨ ॥**[੩੫੮]--੨--੩੨

**ਅਰਥ :-** ਪੱਤਲਾਂ ਉਤੇ ਪਿੰਡ ਭਰਾਣੇ (ਮਣਸਣੇ) ਮੇਰੇ ਵਾਸਤੇ ਕੇਸਉ (ਸੁਹਣੇ ਵਾਲਾਂ ਵਾਲੇ ਪਰਮਾਤਮਾ) ਦਾ ਨਾਮ ਹੀ ਹੈ । ਮੇਰੇ ਵਾਸਤੇ ਕਿਰਿਆ ਵੀ ਕਰਤਾਰ ਦਾ ਸੱਚਾ ਨਾਮ ਹੀ ਹੈ । ਏਹ ਨਾਮ ਇਸ ਲੋਕ ਵਿਚ ਅਤੇ ਪਰਲੋਕ ਵਿਚ ਹਰ ਥਾਂ ਮੇਰੀ ਜ਼ਿੰਦਗੀ ਦਾ ਸਹਾਰਾ ਹੈ ।੨।

ਰਬ ਨੂੰ ਬਾਰ ਬਾਰ ਅਕਾਰ ਰਹਿਤ ਲਿਖਣ ਵਾਲੇ ਗੁਰਦੇਵ ਜੀ, ਮਨੁੱਖ ਨੂੰ ਸੋਹਣੇ ਤੇ ਲੰਮੇ ਕੇਸਾਂ ਵਾਲੇ ਪ੍ਰਭੂ ਦਾ ਅਨਿੰਨ ਭਗਤ ਕਿਉਂ ਬਣਾ ਰਹੇ ਸਨ ? ਕਿਉਂਕਿ ਨਾਨਕ ਨਿਰੰਕਾਰੀ ਜੀ ਮਨੁੱਖ ਦੇ ਸੀਸ ਤੇ ਸੁਹਣੇ-ਲੰਮੇ ਤੇ ਸੁਚੇ ਕੇਸ ਵੇਖਣ ਦੇ ਚਾਹਵਾਨ ਸਨ ।

ਏਸੇ ਤਰ੍ਹਾਂ ਹੀ ਮਨੁੱਖ ਨੂੰ ਦਸਤਾਰ ਵਾਲਾ ਵੇਖਣ ਦੀ ਸੱਧਰ ਦੇ ਕਾਰਨ, ਸਤਿਗੁਰਾਂ ਨੇ (ਨਿਆਕਾਰ) ਪ੍ਰਭੂ ਨੂੰ ਸੋਹਣੀ ਪਗੜੀ ਵਾਲਾ ਵੀ ਫ਼ੁਰਮਾਨ ਕੀਤਾ ਹੈ :--

੨੮- **ਖੂਬੁ ਤੇਰੀ ਪਗਰੀ, ਮੀਠੇ ਤੇਰੇ ਬੋਲ ॥ ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ॥ ੨ ॥**
**ਚੰਦੀ ਹਜਾਰ ਆਲਮ, ਏਕਲ ਖਾਨਾਂ ॥ ਹਮ ਚਿਨੀ ਪਾਤਿਸ਼ਾਹ, ਸਾਂਵਲੇ ਬਰਨਾਂ ॥ ੩ ॥**[੭੨੭]-੨-੩

**ਅਰਥ:**--ਹੇ (ਪ੍ਰਭੂ)-ਯਾਰ ! ਸੋਹਣੀ ਤੇਰੀ ਪੱਗ ਹੈ, ਤੇ ਪਿਆਰੇ ਤੇਰੇ ਬਚਨ ਹਨ, ਨਾ ਤੂੰ ਸਿਰਫ਼ ਦੁਆਰਕਾ ਵਿਚ ਹੈਂ ਤੇ ਨਾ ਤੂੰ ਸਿਰਫ਼ ਮੁਸਲਮਾਨੀ ਧਰਮ ਦੇ ਕੇਂਦਰ ਮੱਕੇ ਵਿਚ ਹੈਂ (ਭਾਵ, ਤੂੰ ਹਰ ਥਾਂ ਹੈਂ) । ੨ । (ਸ੍ਰਿਸ਼ਟੀ ਦੇ) ਹਜ਼ਾਰਾਂ ਮੰਡਲਾਂ ਦਾ ਤੂੰ ਇਕੱਲਾ (ਆਪ ਹੀ) ਮਾਲਕ ਹੈਂ । ਹੇ ਪਾਤਸ਼ਾਹ ! ਇਹੋ ਹੀ ਸਾਉਲੇ ਰੰਗ ਵਾਲਾ ਕ੍ਰਿਸ਼ਨ ਹੈ [ਭਾਵ, ਕ੍ਰਿਸ਼ਨ ਵੀ ਤੂੰ ਆਪ ਹੀ ਹੈਂ--(ਅੱਡਰੇ ਤੌਰ ਤੇ ਕ੍ਰਿਸ਼ਨ ਨੂੰ -ਰੱਬ ਮੰਨ ਲੈਣ ਦੀ ਸੁੰਦਰ ਸ਼ਬਦਾਂ ਵਿਚ ਖੰਡਨਾ) ] । ੩ ।

ਸਤਿਗੁਰਾਂ ਦੇ ਸਮੇ ਸਿਰ ਤੇ ਦਸਤਾਰ ਦਾ ਹੋਣਾ, ਮਾਣ ਸਤਿਕਾਰ ਦਾ ਚਿੰਨ੍ਹ ਸੀ, ਅਥਵਾ ਸਿਰ ਤੇ ਪੱਗੜੀ ਦਾ ਹੋਣਾ, ਸਤਿਕਾਰ ਦਾ ਵਸੀਲਾ ਬਣ ਚੁੱਕਾ ਸੀ। ਸਤਿਗੁਰਾਂ ਨੂੰ ਦਸਤਾਰ ਨਾਲ ਏਡਾ ਪਿਆਰ ਸੀ ਕਿ ਉਨ੍ਹਾਂ ਨੇ, ਕਰਮਕਾਂਡੀ ਮੁਸਲਮਾਨ ਨੂੰ ਸੰਬੋਧਨ ਕਰਕੇ ਸੱਚ ਦਾ ਉਪਦੇਸ਼ ਦੇਂਦੇ ਸਮੇ " ਸਾਬਤ ਸੂਰਤ " ਰੱਖਣ ਦਾ ਅਤੇ ਸਿਰ ਤੇ ਦਸਤਾਰ ਹੋਣ ਨੂੰ ਮਾਣ ਸਤਿਕਾਰ ਦਾ ਵਸੀਲਾ ਫ਼ੁਰਮਾਨ ਕੀਤਾ ਹੈ :--

੨੯- **ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸ਼ੇ ਮਾਣਿ ਹਕੀਨਾ ॥**
**ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥ ੧੨ ॥** [੧੦੮੪]-੩-੧੨

**ਅਰਥ:**--ਹੇ ਖੁਦਾ ਦੇ ਬੰਦੇ ! ਆਪਣੇ ਇਸ ਸਰੀਰ ਨੂੰ, ਜਿਸ ਦੀ ਰਾਹੀਂ ਸਦਾ ਚੰਗੇ ਮੰਦੇ ਕਰਮ ਕੀਤੇ ਹਨ ਆਪਣੀ ਪਤਿ-ਬ੍ਰਤਾ ਇਸਤ੍ਰੀ ਬਣਾ, (ਤੇ ਵਿਕਾਰਾਂ ਦੇ ਰੰਗ-ਤਮਾਸ਼ੇ ਮਾਣਨ ਦੇ ਥਾਂ, ਇਸ ਪਤਿਬ੍ਰਤਾ ਇਸਤ੍ਰੀ ਦੀ ਰਾਹੀਂ) ਰੱਬੀ ਮਿਲਾਪ ਦੇ ਰੰਗ-ਤਮਾਸ਼ੇ ਮਾਣਿਆਂ ਕਰ । ਹੇ ਅੱਲਾ ਦੇ ਬੰਦੇ ! (ਵਿਕਾਰਾਂ ਵਿਚ) ਮਲੀਨ ਹੋ ਰਹੇ ਮਨ ਨੂੰ ਪਵਿੱਤ੍ਰ ਕਰਨ ਦਾ ਜਤਨ ਕਰ--ਇਹੀ ਹੈ ਰੱਬੀ ਮਿਲਾਪ ਪੈਦਾ ਕਰਨ ਵਾਲੀ ਸ਼ਰਹ ਦੀ ਕਿਤਾਬ । (ਸੁੰਨਤਿ, ਲਬਾਂ ਕਟਾਉਂਣ ਆਦਿਕ ਸ਼ਰਹ ਛੱਡ ਕੇ) ਆਪਣੀ ਸ਼ਕਲ ਨੂੰ ਜਿਉਂ ਦਾ ਤਿਉਂ ਰੱਖ, (ਭਾਵ, ਕੇਸ ਕਟਾਉਣੋਂ ਮਨਾਹੀ ਦਾ ਸਪੱਸ਼ਟ ਫ਼ੁਰਮਾਨ ) ਸਿਰ ਤੇ ਦਸਤਾਰ ਸਜਾ, (ਭਾਵ, ਇਹ ਲੋਕ ਪਰਲੋਕ ਵਿਚ ਇੱਜਤ ਦਾ ਵਸੀਲਾ ਬਣ ਜਾਂਦਾ ਹੈ) । ੧੨ ।

ਗੁਰਬਾਣੀ ਵਿਚ ਦਾਹੜੀ ਕੇਸਾਂ ਦਾ ਜ਼ਿਕਰ ਹੋਰ ਵੀ ਕਈ ਸ਼ਬਦਾਂ ਵਿੱਚ ਆਇਆ ਹੈ :-

੩੦- **ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ[੧] । ਗੁਰ ਕੇ ਚਰਨ ਕੇਸ ਸੰਗਿ ਝਾਰੇ ॥ ੧॥** [੩੮੭]---੬੭ ੧=ਹਿਰਦੇ ਵਿੱਚ ਸਾਂਭੇ ।

੩੧- **ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ** ॥[੮੧੦]--੧੧--੪੧
**ਕੇਸਾ ਕਾ ਕਰਿ ਬੀਜਨਾ[੧] ਸੰਤ ਚਉਰੁ ਢੁਲਾਵਉ[੨]** ॥ [੭੪੫]--੨--੪੨ ੧= ਪੱਖਾ । ੨= ਮੈਂ ਝੱਦਾ ਹਾਂ ।

੩੨- **ਕਬੀਰ ਹਾਡ ਜਰੇ ਜਿਉ ਲਾਕਰੀ, ਕੇਸ ਜਰੇ ਜਿਉ ਘਾਸੁ ॥**
**ਇਹੁ ਜਗੁ ਜਰਤਾ ਦੇਖਿ ਕੈ, ਭਇਓ ਕਬੀਰੁ ਉਦਾਸੁ ॥ ੩੬ ॥**[੧੩੬੬]

੩੩- **ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ ॥**
**ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ ॥**
**ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨ੍ਹਿ ॥**੫੨ । [੧੪੧੯]

੩੪- **ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥** [੬੫੯]-੧

੩੫- **ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ॥** [੯੩]

੩੬- **ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥ ਕੇਸ ਜਲੇ ਜੈਸੇ ਘਾਸ ਕਾ ਪੂਲਾ ॥ ੨ ॥** [੮੭੦]-੨

## ਕੇਸ ਕਟਾ ਲੈਣ ਦੀ ਵਿਰੋਧਤਾ ਦੇ ਸ਼ਬਦ :-

੩੭- **ਮੂੜਿ[੧] ਮੁੰਡਾਇਐ ਜੌ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ ॥** ੧= ਸਿਰ ।

**ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ ॥ ੨ ॥** [੧੫੫]--੩

**ਅਰਥ:**- ਜੇ (ਗੰਗਾ ਦੇ ਕੰਢੇ) ਸਿਰ ਮੁਨਾਇਆਂ ਗੁਰੂ ਮਿਲਦਾ ਹੈ (ਭਾਵ, ਗੰਗਾ ਦੇ ਕਿਨਾਰੇ ਸਿਰ ਮੁਨਾ ਕੇ ਗੁਰੂ ਧਾਰਨ ਵਾਲਿਓ) ਅਸਾਂ ਤਾਂ ਗੁਰੂ ਨੂੰ ਹੀ ਗੰਗਾ ਮੰਨ ਲਿਆ ਹੈ (ਭਾਵ ਸਾਡੇ ਵਾਸਤੇ ਗੁਰੂ ਹੀ ਮਹਾਂ ਪਵਿਤ੍ਰ ਤੀਰਥ ਹੈ) । ਅੰਨ੍ਹਾ (ਮਨੁੱਖ) ਉਸ ਇੱਕ ਮਾਲਕ ਨੂੰ ਨਹੀਂ ਸਿਮਰਦਾ ਜੋ ਤਿੰਨਾਂ ਭਵਣਾਂ ਨੂੰ ਤਾਰਨ ਦੇ ਸਮਰਥ ਹੈ । ੨ ।

੩੮- **ਮੂੰਡ ਮੁੰਡਾਏ ਜੋ ਸਿਧਿ[੧] ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥ ੨ ॥** [੩੨੪]--੪ ੧= ਸਫਲਤਾ ।

**ਅਰਥ:**-ਜੇ ਸਿਰ ਮੁਨਾਇਆਂ ਸਿੱਧੀ ਮਿਲ ਸਕਦੀ ਹੈ (ਤਾਂ ਕੀ ਕਾਰਨ ਹੈ) ਕੋਈ ੦ਵੀ ਭੇਡ (ਜੋ ਸਾਰੀ ਦੀ ਸਾਰੀ ਮੁੰਨੀ ਜਾਂਦੀ ਹੈ, ਹੁਣ ਤਾਂਈ) ਮੁਕਤਿ ਨਹੀਂ ਹੋਈ । ੨ ।

੩੯- **ਮੂੰਡੁ ਮੁੰਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥**

**ਮਨੂਆ ਡੋਲੈ ਦਹਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥ ... ੫ ॥** [੧੦੧੩]--੭

**ਅਰਥ :** ਕੋਈ ਸਿਰ ਮੁਨਾ ਲੈਂਦਾ ਹੈ, ਕੋਈ ਜਟਾਂ ਸਿਰ ਤੇ ਬਨ੍ਹੰ ਲੈਂਦਾ ਹੈ, ਤੇ ਮੋਨ ਧਾਰ ਕੇ ਬੈਠ ਜਾਂਦਾ ਹੈ (ਇਸ ਸਾਰੇ ਭੇਖ ਦਾ) ਮਾਣ ਵੀ ਕਰਦਾ ਹੈ । ਪਰ ਪ੍ਰਭੂ ਨਾਲ ਡੂੰਘੀ ਸਾਂਝ ਦੇ ਰੰਗ ਵਿਚ ਰੰਗੇ ਜਾਣ ਤੋਂ ਬਿਨਾ ਉਸ ਦਾ ਮਨ ਡੋਲਦਾ ਰਹਿੰਦਾ ਹੈ ਤੇ (ਮਾਇਆ ਦੀ ਤ੍ਰਿਸਨਾ ਵਿਚ ਹੀ) ਦਸੀਂ ਪਾਸੀਂ ਦੌੜਦਾ ਫਿਰਦਾ ਹੈ ।

੪੦- **ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥**

**ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥ ..** ੧ ॥[੭੩੦]-੧-੮

**ਪਦ ਅਰਥ:**--ਜੋਗ--ਜੋਗ ਸਾਧਨਾਂ ਦਾ ਅੱਭਿਆਸ, ਪਰਮਾਤਮਾ ਨਾਲ ਮਿਲਾਪ । ਖਿੰਥਾ--ਗੋਦੜੀ । ਡੰਡੈ--ਡਡੇ ਦੇ ਰਾਹੀਂ, ਡੰਡਾ ਹੱਥ ਵਿੱਚ ਫੜਿਆਂ । ਭਸਮ--ਸੁਆਹ । ਚੜਾਈਐ --ਸਰੀਰ ਉਤੇ ਮਲ ਲਈਐ । ਮੁੰਦੀ--ਮੁੰਦੀਂ, ਮੁੰਦ੍ਰਾਂ ਦੀ ਰਾਹੀਂ, ਕੰਨਾਂ ਵਿਚ ਮੁੰਦ੍ਰਾਂ ਪਾ ਕੇ । ਮੂੰਡ--ਸਿਰ । ਮੂੰਡਿ--ਸਿਰ ਦੀ ਰਾਹੀਂ । ਮੂੰਡ ਮੁਡਾਇਐ--ਜੇ ਸਿਰ ਮੁਨਾ ਲਈਏ । ਸਿੰਙ--ਸਿੰਙ ਦਾ ਵਾਜਾ, ਜੋਗੀਆਂ ਦੀ ਤੁਰੀ ਜੋ ਸਿੰਙ ਦੀ ਹੁੰਦੀ ਹੈ । ਵਾਈਐ-- ਜੇ ਵਜਾਈਐ ।

੪੧- **ਕਬੀਰ ਮਨੁ ਮੂੰਡਿਆ ਨਹੀ, ਕੇਸ ਮੁੰਡਾਏ ਕਾਂਇ ॥ ਜੋ ਕਿਛੁ ਕੀਆ ਸੋ ਮਨ ਕੀਆ, ਮੂੰਡਾ ਮੂੰਡੁ ਅਜਾਂਇ ॥੧੦੧॥** [੧੩੬੯]

ਕੇਸਾਂ ਦੀ ਬੇਅਦਬੀ ਮਨੁੱਖ ਮਾਤ੍ਰ ਵਾਸਤੇ ਹੀ ਮਨ੍ਹਾ ਹੈ । ਕੇਸ ਮੁੰਨਣੇ ਪਰਮਾਤਮਾ ਦੀ ਬਖ਼ਸ਼ਸ਼ ਨੂੰ ਲੈਣ ਤੋਂ ਨਾਂਹ ਕਰਨ ਦਾ ਪਾਪ ਹੈ । ਅੱਜ ਦਾ ਮਨੁੱਖ ਕਿਸੇ ਦੋਸਤ ਦਾ ਦਿੱਤਾ ਉਪਹਾਰ ਮੋੜਨਾ ਤਾਂ ਸਭਿਅਤਾ ਦੇ ਵਿਰੁੱਧ ਗਿਣਦਾ ਹੈ ਪਰ ਪਰਮਾਤਮਾ ਦੇ ਅਨਮੋਲ ਤੁਹਫੇ, ਕੇਸਾਂ ਨੂੰ ਨਿੱਤ ਨਵੇਂ ਸੂਰਜ ਵਾਪਸ ਮੋੜਨ ਦੇ ਯਤਨ ਵਿੱਚ ਲੱਗਾ ਸ਼ਰਮ ਨਹੀਂ ਮੰਨਦਾ ਹੈ। **ਕੇਸਾਂ ਦਾ ਮੁੰਡਨ ਬਿੱਪ੍ਰਨ ਕੀ ਰੀਤ ਹੈ।** ਆਪਣੇ ਆਪ ਨੂੰ ਸਿੱਖ ਸਮਝਣ ਵਾਲਾਂ ਮੋਨਾ ਮਨੁੱਖ, ਇਸ ਪੱਖੋਂ ਵੀ ਗੁਰੂ ਜੀ ਦੀਆਂ ਨਜ਼ਰਾਂ ਵਿਚ ਬੇਪ੍ਰਤੀਤਾ ਹੈ [ਕਿਸਾ ਤੋਂ ਬਿਨਾਂ ਮਨੁੱਖ ਕਿਸੇ ਹਾਲਤ ਵਿਚ ਵੀ ਗੁਰੂ ਗ੍ਰੰਥ ਸਾਹਿਬ ਦਾ ਸਿੱਖ ਨਹੀਂ ਗਿਣਿਆਂ ਜਾ ਸਕਦਾ। [ਮਨੁੱਖ ਨੂੰ ਕੇਸਾਂ ਵਾਲਾ ਵੇਖਣਾ ਸਤਿਗੁਰੂ ਨਾਨਕ ਜੀ (ਪ੍ਰਥਮ ਸਰੂਪ) ਤੋਂ ਹੀ ਗੁਰਮਤਿ ਦਾ ਅਟੁਟ ਅੰਗ ਮੰਨਿਆਂ ਜਾ ਚੁੱਕਾ ਹੈ। ਸੋ ਮੋਨੇ ਮਨੁੱਖਾਂ ਦਾ ਇਹ ਕਹਿਣਾ ਕਿ ਮੈਂ ਦਸ਼ਮੇਸ਼ ਜੀ ਦਾ ਸਿੱਖ ਨਹੀਂ, ਗੁਰੁ ਨਾਨਕ ਜੀ ਦਾ ਸਿੱਖ ਹਾਂ--ਗੁਰਮਤਿ ਤੋਂ ਮੂੰਹ ਮੋੜੀ ਰੱਖਣ ਦੀ ਅੜੀ ਫੜ ਬੈਠੇ ਮਨਮੁਖਾਂ ਦਾ ਘੜਿਆ ਹੋਇਆ ਇੱਕ ਵਿਅਰਥ ਦਾ ਦੁੱਚਰ ਹੈ ]

੪੨- **ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥ ੧ ॥ ਰਹਾਉ ॥**[੧੫੩]-੮

ਇਨ੍ਹ ਚੋਹਾਂ ਵਿਚੋਂ ਕਿਸੇ ਵੀ ਕੁਰਹਿਤ ਕਰਨ ਦੀ ਭੁੱਲ ਕਰਨ ਵਾਲਾ ਸਿੰਘ ਪਤਤਿ ਮੰਨਿਆਂ ਜਾਂਦਾ ਹੈ। ਅਤੇ ਜੇ ਉਹ ਆਪਣੀ ਭੁੱਲ ਤੋਂ ਸ਼ਰਮਿੰਦਾ ਹੋਇਆ ਮੁੜ ਸਿੱਖ ਧਰਮ ਵਿਚ ਸਤਿਕਾਰ ਦੀ ਥਾਂ ਪਾਉਣਾ ਚਾਹੁੰਦਾ ਹੋਵੇ ਤਾਂ ਉਸ ਨੂੰ ਪੰਜ ਪਿਆਰਿਆਂ ਦੀ ਕਚਹਿਰੀ ਵਿਚ ਹਾਜ਼ਰ ਹੋ ਕੇ ਆਪਣੀ ਕੀਤੀ ਭੁੱਲ ਬਾਰੇ ਸੱਭ ਕੁਚ ਸੱਚ ਸੱਚ ਦੱਸ ਕੇ ਖਿਮਾਂ ਮੰਗਣੀ ਹੁੰਦੀ ਹੈ ਅਤੇ ਪੰਜ ਪਿਆਰਿਆਂ ਵਲੋਂ ਲਾਏ ਡੰਨ ਨੂੰ ਸੱਚੇ ਦਿਲੋਂ ਸਵੀਕਾਰ ਕਰਨਾ ਹੁੰਦਾ ਹੈ । ਅਤੇ ਫਿਰ ਦੋਬਾਰਾ ਅੰਮ੍ਰਿਤ ਪਾਨ ਕਰਕੇ ਗੁਰਮੁਖਾਂ ਵਾਂਗ ਚੜ੍ਹਦੀ ਕਲਾ ਵਾਲਾ ਜੀਵਨ ਜੀਊਂਣ ਦੀ ਪ੍ਰਤਿਗਿਆ ਲੈਣੀ ਹੁੰਦੀ ਹੈ।

੪੩- **ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ ॥ ਸੁਖਦਾਤਾ ਤੇਰੈ ਮਨਿ**

**ਵਸੈ ਹਉਮੈ ਜਾਇ ਅਭਿਮਾਨੁ ॥ ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ ॥ ੨॥**[੯੫੧]

੭

# ਪੰਜ ਕਕਾਰ ਦੀ ਲੋੜ ?

ਨਿਸ਼ਾਨੇ ਸਿੱਖੀ ਈਂ ਪੰਜ ਹਰਫ਼ ਕਾਫ਼ । ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ਼ ।

ਕੜਾ ਕਾਰਦੋ ਕਾਛ ਕੰਘਾ ਬਿਦਾਂ । ਬਿਲਾ ਕੇਸ਼ ਹੇਚ ਅਸਤ ਈਂ ਜੁਮਲਾ ਨਿਸ਼ਾਂ ।

ਭਾਵ, ਸਿੱਖੀ ਦੀ ਨਿਸ਼ਾਨੀ ਪੰਜ ਕੱਕੇ ਹਨ ਜਿਨ੍ਹਾਂ ਦੇ ਧਾਰਨ ਕਰਨ ਤੋਂ ਛੋਟ ਕਿਸੇ ਹਾਲਤ ਵਿਚ ਵੀ ਨਹੀਂ ਦਿੱਤੀ ਜਾ ਸਕਦੀ । ਉਹ ਹਨ, ਕੜਾ, ਛੋਟੀ ਕਿਰਪਾਨ, ਕਛਿਹਰਾ, ਕੰਘਾ, ਪਰ ਕੇਸਾਂ ਤੋਂ ਬਿਨਾਂ ਬਾਕੀ ਇਹ ਸਾਰੇ (ਚਾਰੇ) ਨਿਸ਼ਾਨਾਂ (ਕਰਦ, ਕੱਛ, ਕੜਾ ਅਤੇ ਕੰਘਾ) ਵਿਆਰਥ ਹੋ ਕੇ ਰਹਿ ਜਾਂਦੇ ਹਨ । ਪ੍ਰਚਲਤ ਵਿਚਾਰ ਅਨੁਸਾਰ ਫ਼ਾਰਸੀ ਭਾਸ਼ਾ ਦੀ ਇਹ ਲਿਖਤ, ਭਾਈ ਨੰਦ ਲਾਲ ਜੀ ਦੀ ਮੰਨੀ ਜਾਂਦੀ ਹੈ। ਵੇਖਣਾ ਇਹ ਹੈ ਕਿ ਇਸ ਲਿਖਤ ਅਨੁਸਾਰ ਕੇਸਾਂ ਦੀ ਮਹੱਤਤਾ ਬਾਕੀ ਸਾਰੇ ਕਕਾਰਾਂ ਨਾਲੋਂ ਵੱਧ ਦਰਸਾਈ ਗਈ ਹੈ। ਕੇਸ ਨਾ ਹੋਣ ਤਾਂ ਬਾਕੀ ਚਾਰੇ ਕਕਾਰ ਅਰਥ ਹੀਣ ਹੋ ਜਾਂਦੇ ਹਨ। ਜਿਸ ਦੇ ਕੇਸ ਸੁੱਚੇ ਹੋਣ ਉਸ ਨੂੰ

ਸਿੱਖ ਸਮਝ ਕੇ " ਸਰਦਾਰ ਜੀ " ਕਹਿ ਕੇ ਬੁਲਾਇਆ ਜਾਂਦਾ ਹੈ, ਪਰ ਕੇਸਾਂ ਮੁੰਡਨ ਕਰਕੇ ਬਾਕੀ ਦੇ ਚਾਰੇ ਕਕਾਰ ਪਾਈ ਫਿਰਦੇ ਨੂੰ ਸਰਦਾਰ ਜੀ ਕੋਈ ਨਹੀਂ ਕਹਿੰਦਾ। ਜਿੰਨਾਂ ਚਿਰ ਅਜੇਹਾ ਕੇਸ-ਹੀਨ ਮਨੁੱਖ ਆਪ ਨਾ ਕਹੇ ਕਿ ਉਹ ਗੁਰੂ ਨਾਨਕ ਜੀ ਦਾ ਨਾਮ ਲੇਵਾ ਸਿੱਖ ਹੈ--ਉਸ ਨੂੰ " ਸਿੱਖ " ਨਹੀਂ ਮੰਨਿਆਂ ਜਾਂਦਾ । ਗੁਰਬਾਣੀ ਵਿਚਾਰ ਤੋਂ ਸਿੱਧ ਹੋਇਆ ਹੈ ਕਿ ਗੁਰੂ ਨਾਨਕ ਜੀ (ਪਹਿਲੇ ਸਰੂਪ) ਦੇ ਸਮੇ ਤੋਂ ਹੀ ਸਾਰੇ ਗੁਰਸਿੱਖ ਕੇਸਾ ਧਾਰੀ ਸਨ । ਇਸ ਵਿਚ ਵੀ ਕੋਈ ਸੰਦੇਹ ਨਹੀਂ ਹੈ ਕਿ ਕਬੀਰ ਜੀ, ਨਾਮ ਦੇਵ ਜੀ ਆਦਿ ਭਗਤਾਂ ਸਮੇਤ ਹੋਰ ਲੋਕ ਵੀ ਕੇਸਾ ਧਾਰੀ ਹੀ ਸਨ । ਸਾਬਤ ਸੂਰਤ ਰੱਖਣ ਦਾ ਉਪਦੇਸ਼, ਭਗਤਾਂ ਦੀ ਬਾਣੀ ਤੋਂ ਹੀ ਮਿਲਣਾ ਅਰੰਭ ਹੋ ਜਾਂਦਾ ਹੈ ।

ਪੰਥਕ " ਸਿੱਖ ਰਹਿਤ ਮਰਯਾਦਾ " ਦੇ ਖਰੜੇ ਵਿਚ, ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ (ਸਫ਼ਾ ੨੪) ਇਹ ਪੰਜ ਕਕਾਰ ਧਾਰਨ ਕਰਨ ਦਾ ਹੁਕਮ ਲਿਖਿਆ ਹੈ। ਕਕਾਰਾਂ ਦੀ ਗੱਲ ਲਿਖਣ ਲਗਿਆਂ ਲਗ-ਪਗ ਸਾਰੇ ਵਿਦਵਾਨਾਂ ਨੇ ਹਰ ਇੱਕ ਕਕਾਰ ਦੇ ਗੁਣ ਅੱਡ ਅੱਡ ਕਰਕੇ ਸਮਝਾਏ ਹਨ ਅਤੇ ਕਈਆਂ ਨੇ ਪੁਰਾਤਨ ਇਤਿਹਾਸਕ ਪੱਖ ਵੀ ਲਿਖੇ ਹਨ । ਭਿੰਡਰਾਂ ਵਾਲਿਆਂ ਮਹਾਂਪੁਰਖਾਂ ਨੇ ਪੰਜਾਂ ਹੀ ਕਕਾਰਾਂ ਦੇ ਗੁਣਾਂ ਦਾ ਬੜਾ ਲੰਮਾ ਚੋੜਾ ਲੇਖ ਲਿਖਿਆ ਹੋਇਆ ਹੈ। ਕਕਾਰਾਂ ਦੇ ਉਚੇਚੇ ਗੁਣ ਦੱਸਣ ਵਿਚ ਘਾਟ ਇਹ ਹੈ ਕਿ, ਵਿਰੋਧੀ ਵਿਚਾਰਾਂ ਵਾਲਿਆਂ ਲਈ ਵਿਰੋਧੀ ਦਲੀਲਾਂ ਦੇ ਸਕਣ ਦਾ ਰਾਹ ਵੀ ਖੁਲ੍ਹ ਜਾਂਦਾ ਹੈ। ਪੰਜ ਕਕਾਰਾਂ ਦੇ ਧਾਰਨੀ ਸਿੰਘ ਦੀ ਉਚੀ ਅਤੇ ਸੁੱਚੀ ਰਹਿਣੀ ਅਤੇ ਸ਼ੁਭ ਗੁਣਾਂ ਵਾਲੀ ਕਰਣੀ ਤੋਂ ਕਕਾਰਾਂ ਦੇ ਗੁਣਾਂ ਦੀ ਖੁਸ਼ਬੋਂ ਖਿੱਲਰਦੀ ਰਹਿੰਣੀ ਹੀ ਕਕਾਰਾਂ ਦੇ ਧਾਰਨੀ ਹੋਣ ਦਾ ਅਸਰਦਾਰ ਪਰਚਾਰ ਹੋ ਸਕਦਾ ਹੈ। ਅੰਮ੍ਰਿਤ ਧਾਰੀ ਸਿੰਘ ਦੇ ਨਿਆਰੇ ਆਚਰਨ ਦੀ, ਉਸ ਦੇ ਪਰਉਪਕਾਰੀ ਅਤੇ ਮਿੱਠ-ਬੋਲੇ ਸੁਭਾਅ ਦੀ ਮੰਨਭਾਉਣੀਂ ਵਾਸ਼ਨਾਂ ਹੀ ਅਨ-ਧਰਮੀਆਂ ਦੇ ਮਨਾਂ ਵਿਚ ਗੁਰੂ ਨਾਨਕ ਜੀ ਦੀ ਸਿੱਖੀ ਪ੍ਰਤੀ ਡੂੰਘਾ ਪਿਆਰ ਪੈਦਾ ਕਰਨ ਦਾ ਅਸਰਦਾਰ ਸਾਧਨ ਹੋ ਸਕਦਾ ਹੈ । ਜੇ ਗੁਰਮਤਿ ਅਨੁਸਾਰ ਆਚਰਨ ਨਾ ਬਣਿਆਂ ਹੋਵੇ ਤਾਂ ਚੰਗੀ ਤੋਂ ਚੰਗੀ ਦਲੀਲਬਾਜ਼ੀ, ਬੇ-ਮਤਲਬੀ ਅਤੇ ਫੋਕੀ ਬਣ ਕੇ ਰਹਿ ਜਾਂਦੀ ਹੈ ।

ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਕਕਾਰਾਂ ਦੀ ਰਹਿਤ ਰੱਖਣ ਲਈ ਦਾਸ ਕੋਲ ਇੱਕੋ ਹੀ ਦਲੀਲ ਹੈ ਕਿ ਇਨ੍ਹਾਂ ਕਕਾਰਾਂ ਨੂੰ ਧਾਰਨ ਕਰਨ ਦਾ ਹੁਕਮ ਮੇਰੇ ਪਿਆਰੇ ਅਤੇ ਦਸਮ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਹੈ। ਅਸਲ ਵਿਚ ਪੰਜਕਕਾਰਾਂ ਦੇ ਰੂਪ ਵਿਚ ਆਪਣੇ ਨਿਆਰੇ ਸਤਿਗੁਰਾਂ ਦੇ ਹੀ ਹੁਕਮ ਨੂੰ ਗੁਰੂ ਦੇ ਸਿੱਖਾਂ ਨੇ ਸੀਨਾ-ਬ-ਸੀਨਾਂ ਸਾਂਭਿਆ ਹੋਇਆ ਹੈ। ਗੁਰੂ ਦੇ ਹੁਕਮ ਨੂੰ ਮੰਨਣਾ ਹੀ ਅਸਲੀ ਗੁਰ ਸਿੱਖੀ ਹੈ। ਗੁਰੂ ਦੇ ਹੁਕਮ ਵਿਚ ਰਹਿਣ ਨਾਲੋਂ ਵਡੀ ਮਹੱਤਤਾ ਵਾਲੀ ਦੂਜੀ ਹੋਰ ਕੋਈ ਦਲੀਲ ਨਹੀਂ ਹੋ ਸਕਦੀ। ਪ੍ਰਭੂ ਦੀ ਪ੍ਰਾਪਤੀ ਵੀ ਗੁਰੂ ਦੇ ਹੁਕਮ ਨੂੰ ਮੰਨਣ ਵਿਚ ਹੀ ਹੈ---**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥**[੯੧੮]-੮ ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ--**ਹਰਿ ਕੇ ਸੰਤ ਸੁਣਹੁ ਜਨ ਭਾਈ, ਹਰਿ ਸਤਿਗੁਰ ਕੀ ਇਕ ਸਾਖੀ ॥ ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ, ਤਿਨਿ ਜਨਿ ਲੈ ਹਿਰਦੈ ਰਾਖੀ ॥** [੮੭]-੧੨-ਭਾਵ, ਹੇ ਹਰੀ ਦੇ ਸੰਤ ਜਨ ਪਿਆਰਿਓ ! ਆਪਣੇ ਸਤਿਗੁਰੂ ਦੀ ਸਿਖਿਆ ਸੁਣੋ । ਇਸ ਸਿਖਿਆ ਨੂੰ ਹਿਰਦੇ ਵਿਚ ਪਰੋਈ ਰਖਣਾ ਅਥਵਾ ਗੁਰੂ ਦੀ ਸਿਖਿਆ ਅਨੁਸਾਰ ਚਲਣਾ, ਧੁਰੋਂ ਲਿਖੇ ਗਏ ਚੰਗੇ ਭਾਗਾਂ ਦੀ ਨਿਸ਼ਾਨੀ ਹੈ। **ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥** [੯੪੯] ਪੂਰੇ ਗੁਰੂ ਦੇ ਹੁਕਮ ਦੀ ਪਾਲਣਾ ਤੋਂ ਅਵੇਸਲੇ ਹੋ ਕੇ ਵਿਅਰਥ ਦੀ ਬਹਿਸ ਅਤੇ ਦਲੀਲ ਬਾਜ਼ੀ ਦੇ ਝਗੜੇ ਵਿਚ ਪੈ ਜਾਣ ਵਾਲੇ ਮਨਮਤੀਆਂ ਬਾਰੇ ਸਤਿਗੁਰਾਂ ਦਾ ਫ਼ੁਰਮਾਨ ਹੈ--

੪੪- **ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥**
**ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥**
**ਓਹੁ ਗਲਫਰੋਸੀ ਕਰੇ ਬਹੁਤੇਰੀ, ਓਸ ਦਾ ਬੋਲਿਆ ਕਿਸੈ ਨ ਭਾਇਆ ॥**
**ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ ॥- - ੨ ॥**[੩੦੩]-ਵਾਰ-੮

**ਅਰਥ:**--ਜੋ ਮਨੁੱਖ ਪੂਰੇ ਸਤਿਗੁਰੂ ਦਾ ਹੁਕਮ ਨਹੀਂ ਮੰਨਦਾ, ਓਹ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਬੇ-ਸਮਝ ਬੰਦਾ ਮਾਇਆ (ਰੂਪ ਜ਼ਹਿਰ) ਦਾ ਠਗਿਆ ਹੋਇਆ ਹੈ, ਉਸ ਦੇ ਮਨ ਵਿਚ ਝੂਠ ਹੈ, (ਇਸ ਕਾਰਨ ਸੱਚ ਨੂੰ ਵੀ ਉਹ) ਝੂਠ ਹੀ ਸਮਝਦਾ ਹੈ । (ਝੂਠ ਬੋਲਣ ਤੋਂ ਪੈਦਾ ਹੋਏ ਕਈ ਤਰ੍ਹਾਂ ਦੇ) ਵਿਅਰਥ ਝਗੜੇ ਉਸ ਦੇ ਗਲ ਪਏ ਰਹਿੰਦੇ ਹਨ, ਊਲ-ਜਲੂਲ ਬੋਲ ਕੇ ਰੋਟੀ ਕਮਾਉਂਣ ਦੇ ਉਹ ਬਥੇਰੇ ਜਤਨ ਕਰਦਾ ਹੈ, ਪਰ ਉਸ ਦੇ ਬਚਨ ਕਿਸੇ ਨੂੰ ਚੰਗੇ ਨਹੀਂ ਲੱਗਦੇ, ਛੁੱਟੜ ਰੰਨ ਵਾਂਙ ਉਹ ਘਰ ਘਰ ਫਿਰਦਾ ਹੈ, ਜੋ ਮਨੁੱਖ ਉਸ ਨਾਲ ਮੇਲ ਮੁਲਾਕਾਤ ਰੱਖਦਾ ਹੈ ਉਸ ਨੂੰ ਵੀ ਕਲੰਕ ਲੱਗਦਾ ਹੈ । ਉਹੀ ਮਨੁੱਖ ਸਿਆਣਾ ਹੈ, ਉਹੀ ਪਤਵੰਤਾ ਹੈ ਜਿਸ ਨੂੰ ਗੁਰੂ-ਪਰਮੇਸ਼ਰ ਦਾ ਹੁਕਮ ਮਿਠਾ ਲੱਗਦਾ ਹੈ--**ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥ ੧ ॥**[੧੦੮]--੪੨-੪੯ ਸਾਡੇ ਲਈ ਏਹੀ ਕਾਫ਼ੀ ਹੈ ਕਿ,_ਪੰਜਾਂ ਕਕਾਰਾਂ ਦੇ ਧਾਰਨੀ ਰਹਿਣ ਦਾ ਹੁਕਮ ਸਤਿਗੁਰਾਂ ਦਾ ਹੈ ।

ਗੁਰੂ ਦੇ ਹੁਕਮ ਵਿਚ ਗੁਰੂ ਦੇ ਦਰਸ਼ਨ ਛਿਪੇ ਹੁੰਦੇ ਹਨ। ਜਦੋਂ ਕੜੇ ਤੇ ਨਜ਼ਰ ਪੈਂਦੀ ਹੈ, ਜਦੋਂ ਇਸ਼ਨਾਨ ਕਰਨ ਤੇ ਕੱਛਹਿਰੇ ਦੀ ਬਦਲੀ ਕੀਤੀ ਜਾ ਰਹੀ ਹੁੰਦੀ ਹੈ, ਜਦੋਂ ਕੇਸਾਂ ਦੀ ਸਫ਼ਾਈ ਲਈ ਕੰਘਾ ਫਿਰ ਰਿਹਾ ਹੁੰਦਾ ਹੈ ਅਤੇ ਫਿਰ ਜਦੋਂ ਸੰਸਾਰ ਭਰ ਦੀ ਸ਼ਸਤ੍ਰ-ਸ਼ਕਤੀ ਦੀ ਪ੍ਰਤੀਕ, ' ਕਿਰਪਾਨ " ਦੀ ਮਹਿਮਾਂ ਵੱਲ ਧਿਆਨ ਜਾਂਦਾ ਹੈ ਤਾਂ ਗੁਰੂ ਨਾਨਕ ਜੀ ਦੇ ਕਈ ਸਰੂਪ ਮਨ ਦੀਆਂ ਅੱਖੀਆਂ ਵਿਚ ਆ ਸਮਾਉਂਦੇ ਹਨ। ਉਸ ਸਮੇਂ ਦੇ ਆਨੰਦ ਦੀ ਨਾ ਕੋਈ ਬਰਾਬਰੀ ਹੈ ਨਾ ਹੀਂ ਉਸ ਦੀ ਕੋਈ ਵਿਆਖਿਆ ਹੈ। ਸਤਿਗੁਰਾਂ ਦੀ ਬਖ਼ਸ਼ਸ਼ ਇਹ ਪੰਜ ਕਕਾਰ ਗੁਰੂ-ਪਰਮੇਸ਼ਰ ਦੀ ਸਦੀਵੀ ਯਾਦ ਨਾਲ ਜੋੜੀ ਰੱਖਣ ਦਾ ਸਾਧਨ ਹਨ। ਕਿਉਂਕਿ ਪਰਮੇਸ਼ਰ ਦੀ ਹਰ ਪਲ ਯਾਦ ਦੀ ਮਨੁੱਖ ਨੂੰ ਧਰਮੀ ਬਣਾਉਂਦੀ ਹੈ। ਪ੍ਰਭੂ ਨੂੰ ਅੰਗ-ਸੰਗ ਸਮਝਣ ਵਾਲਾ ਮਨੁੱਖ ਨਾ ਕਦੇ ਕਿਸੇ ਦਾ ਬੁਰਾ ਕਰ ਸਕਦਾ ਹੈ ਅਤੇ ਨਾ ਹੀ ਕਦੇ ਬੁਰਾ ਸੋਚ ਸਕਦਾ ਹੈ--**ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥** [੧੧੩੯] ਬੱਸ--ਏਹੀ ਹੈ ਸਭ ਤੋਂ ਵਡੀ ਅਤੇ ਅਸਰਦਾਰ ਦਲੀਲ-ਪੰਜ ਕਕਾਰਾਂ ਦੇ ਧਾਰਨੀ ਰਹਿਣ ਲਈ ।

੪੫- **ਘਟਿ ਘਟਿ ਵਸਹਿ ਜਾਣਹਿ ਥੋਰਾ ॥ ਹੈ ਕੋਈ ਸਾਜਣੁ ਪਰਦਾ ਤੋਰਾ ॥**
**ਕਰਉ ਜਤਨ ਜੇ ਹੋਇ ਮਿਹਰਵਾਨਾ ॥ ਤਾ ਕਉ ਦੇਈ ਜੀਉ ਕੁਰਬਾਨਾ ॥ ੩ ॥**
**ਫਿਰਤ ਫਿਰਤ ਸੰਤਨ ਪਹਿ ਆਇਆ ॥ ਦੂਖ ਭ੍ਰਮੁ ਹਮਾਰਾ ਸਗਲ ਮਿਟਾਇਆ ॥**

**ਮਹਲਿ ਬੁਲਾਇਆ ਪ੍ਰਭ ਅੰਮ੍ਰਿਤੁ ਭੁੰਚਾ ॥ ਕਹੁ ਨਾਨਕ ਪ੍ਰਭੁ ਮੇਰਾ ਊਚਾ ॥ ੪ ॥** [੫੬੨]-੧

੮

# ਸਿਖੀ ਦੀ ਗੁਰਮਤਿ ਰਹਿਤ

ਜਨੇਊ ਨੂੰ ਹਿੰਦੂ ਧਰਮ ਦਾ ਰਖਿਅਕ ਸਮਝਿਆ ਜਾਂਦਾ ਹੈ। ਏਹੀ ਕਾਰਨ ਸੀ ਕਿ ਮੁਗ਼ਲੀਆ ਸਰਕਾਰ ਦੇ ਫ਼ੌਜੀ ਹਿੰਦੂ ਦਾ ਧਰਮ ਭ੍ਰਸ਼ਟ ਕਰਨ ਲਈ ਉਸ ਦਾ ਜਨੇਊ ਉਤਾਰ ਲਿਆ ਕਰਦੇ ਸਨ। " ਜਨੇਊ ਗਿਆ ਤਾਂ ਹਿੰਦੂ ਧਰਮ ਜਾਂਦਾ ਰਿਹਾ ", ਇਹ ਕਹਾਵਤ ਬਣ ਗਈ ਸੀ । ਪਰ ਸਿੰਘ ਦੇ ਕਕਾਰ, " ਸਿੰਘ ਦੇ ਸਰੂਪ ਦੀ ਅਤੇ ਸਵੈ-ਮਾਨ " ਦੀ ਰਖਿਆ ਕਰਦੇ ਹਨ। ਸਿੱਖੀ-ਧਰਮ ਜਾਂ " ਸਿੱਖੀ ਦੀ ਰਹਿਤ " ਕੇਵਲ ਕਕਾਰ ਹੀ ਨਹੀਂ ਹਨ। ਅੰਮ੍ਰਿਤਧਾਰੀ ਅਤੇ ਪੰਜਾਂ ਕਕਾਰਾਂ ਦਾ ਧਾਰਨੀ ਸਿੱਖ ਜੇ ਗੁਰੂ ਨਾਨਕ ਜੀ ਦੀ ਚਲਾਈ ਰਹਿਤ ਮਰਯਾਦਾ ਤੋਂ ਸੱਖਣਾ ਹੈ, ਅਥਵਾ ਮਨਮਤੀਆ ਹੈ, **ਤਾਂ ਉਹ " ਭੇਖੀ " ਹੈ**। ਪੰਜ ਕਕਾਰਾਂ ਦਾ ਓਹਲਾ ਕਰਕੇ ਬੜੇ ਪਾੜ-ਖਾਣੇ ਬਘਿਆੜ ਅਤੇ ਬੇ-ਇਤਬਾਰੇ ਲੂੰਬੜ ਪੰਥ ਵਿਚ ਆ ਵੜੇ, ਅਤੇ ਪੰਥਕ ਸੰਘਰਸ਼ਾਂ ਨੂੰ ਬਦਨਾਮ ਕਰਦੇ ਰਹੇ। ਸੋ ਪੰਜਾਂ ਕਕਾਰਾਂ ਦੇ ਧਾਰਨੀ ਹੋਣ ਦੇ ਨਾਲ ਸੁੱਚ ਆਚਾਰ ਦਾ ਮਾਲਕ ਹੋਣਾ ਲੋੜੀਏ। ਮਿਠ-ਬੋਲਾ, ਕਹਿਣੀ ਕਥਨੀ ਦਾ ਸੂਰਾ, ਆਚਰਨ ਦਾ ਸੁੱਚਾ, ਨਿਰਵੈਰ, ਖਿਮਾ ਅਤੇ ਧੀਰਜ ਦਾ ਪੁਤਲਾ, -" **ਸਭੈ ਘਟਿ ਰਾਮੁ ਬੋਲੈ ਰਾਮਾ ਬੋਲੈ ਰਾਮ ਬਿਨਾ ਕੋ ਬੋਲੈ ਰੇ** "--ਗੁਰ-ਫ਼ੁਰਮਾਨ ਨੂੰ ਹਰਿ ਸੁਆਸ ਨਾਲ ਯਾਦ ਰੱਖਣ ਵਾਲਾ, ਧਰਮ ਦੀ ਕਿਰਤ ਕਰਕੇ ਦਸਵੰਧ ਗੁਰੂ ਦੇ ਹੁਕਮਾਂ ਅਨੁਸਾਰ ਦੁਖੀਆਂ ਅਤੇ ਲੋੜਵੰਦਾ ਦੀ ਸਹਾਇਤਾ ਲਈ ਵਰਤੇ। ਖ਼ਾਸ ਕਰਕੇ ਆਪਣੀ ਕਮਾਈ ਤੋ ਹੋਈ ਬੱਚਤ ਦਾ ਉਚੇਚਾ ਹਿੱਸਾ ਗੁਰਬਾਣੀ ਵਿਚਾਰ ਦੇ ਪ੍ਰਬੰਧਾਂ ਵਾਸਤੇ ਖ਼ਰਚ ਕਰਨਾ ਹੀ ਸੱਚੀ ਗੁਰੂ-ਸੇਵਾ ਹੈ। ਗੁਰੂ-ਸ਼ਬਦ ਦੀ ਵਿਚਾਰ ਨਾਲ ਜੁੜਨ ਨੂੰ ਗੁਰੂ ਦੀ ਹਾਜ਼ਰੀ ਭਰਨਾ ਸਮਝਣਾ, ਨਿਤਨੇਮ ਦੇ ਸਮੇ ਗੁਰਬਾਣੀ ਦੇ ਹੁਕਮਾਂ ਨੂੰ ਸਮਝ ਕੇ ਹਿਰਦੇ ਵਿਚ ਪੱਕਾ ਕਰੀ ਜਾਣਾ ਅਤੇ ਆਪਣੀ ਜੀਵਨ ਜੁਗਤ ਉਸ ਅਨੁਸਾਰ ਢਾਲਦੇ ਰਹਿਣ ਨੂੰ ਆਪਣਾ ਨਿਤ ਦਾ ਕਰਮ ਬਣਾਉਣਾ, ਸਾਰੇ ਗੁਰਸਿੱਖਾਂ ਨੂੰ ਮਾਂ ਜਾਇਆ ਸਮਝ ਕੇ ਆਦਰ ਸਤਿਕਾਰ ਕਰਨਾ, ਸੱਚ ਬੋਲਣਾ, ਸੱਚ ਸੁਣਨਾ, ਮਿਥਿਆਕਾਰ ਤੋਂ ਦੂਰ ਰਹਿਣਾ, ਪਰਉਕਾਰ ਲਈ ਸਦਾ ਉੱਦਮੀ ਰਹਿਣਾ, ਵਾਹਗੁਰੂ ਨੂੰ ਸਦਾ ਅੰਗ ਸੰਗ ਜਾਣਨਾ--**ਤੇ ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ, ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ** ॥[੬੭੮]-੯ ਸਦਾ ਗੁਰੂ ਦੇ ਭਾਣੇ ਵਿਚ ਚੱਲਣਾ--**ਤਿਸੁ ਗੁਰਸਖ ਕੰਉ ਹੰਉ ਸਦਾ ਨਮਸਕਾਰੀ, ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥ ੧੮ ॥** [੫੯੩] ਅਜਿਹੇ ਸ਼ੁੱਭ ਗੁਣਾ ਵਾਲੀ ਗੁਰ-ਮਰਯਾਦਾ ਵਿਚ ਪੱਕਾ ਰਹਿਣਾ --ਅੰਮ੍ਰਿਤਧਾਰੀ, ਸਿੰਘ ਲਈ ਇਹ ਪੱਕੀ ਅਤੇ ਜ਼ਰੂਰੀ ਸ਼ਰਤ ਹੈ। ਉਂਜ ਤਾਂ ਸਾਰੇ ਕੇਸਾਧਾਰੀ ਗੁਰਸਿੱਖਾਂ ਦੀ, ਚੰਗੀ ਜਾਂ ਮਾੜੀ ਕਰਤੂਤ ਸਮੁੱਚੇ ਪੰਥ ਦੀ ਨੇਕ-ਨਾਮੀ ਅਤੇ ਬਦਨਾਮੀ ਦਾ ਕਾਰਨ ਬਣਦੀ ਹੈ, ਪਰ ਪੰਜਾਂ ਕਕਾਰਾਂ ਵਾਲੇ ਅੰਮ੍ਰਿਤਧਾਰੀ ਸਿੰਘ (ਕਿਉਂਕਿ ਅੰਮ੍ਰਿਤ ਪਾਨ ਕਰਨ ਸਮੇ ਉਹ ਇਹ ਮੰਨ ਚੁੱਕਾ ਹੁੰਦਾ ਕਿ " ਅੱਜ ਤੋਂ ਉਸ ਦਾ ਪਿਤਾ ਸ੍ਰੀ ਦਸ਼ਮੇਸ਼ ਜੀ ਹਨ) ਦਾ ਗੁਰਮਤਿ ਵਿਰੋਧੀ, ਅਤੇ ਆਚਰਨ-ਹੀਨ ਕਰਮ, ਸਮੁਚੇ ਪੰਥ ਦੀ ਬਦਨਾਮੀ ਦੇ ਨਾਲ ਕਲਗ਼ੀਧਰ ਜੀ ਦੀ ਬਦਨਾਮੀ ਦਾ ਕਾਰਨ ਵੀ ਬਣਦਾ ਹੈ। ਸੋ ਨਿਰਾ ਪੰਜ-ਕਕਾਰਾਂ ਦੇ ਧਾਰਨੀ ਹੋ ਕੇ ਆਪਣੇ ਆਪ ਨੂੰ ਦੂਜਿਆਂ ਨਾਲੋਂ ਉੱਚਾ ਮੰਨ ਲੈਣਾ ਅਤੇ ਹਉਮੈ ਦੀ ਸਿਖ਼ਰ ਤੇ ਜਾ ਬਰਾਜਣਾ, ਅਸਿੱਖੀ ਹੈ। ਅਜੇਹੇ ਅੰਮ੍ਰਿਤ-ਧਾਰੀ ਦਾ ਚੜ੍ਹਦੀ ਕਲਾ ਵਾਲਾ ਬਾਣਾ, ਇੱਕ ਡਰਾਉਣਾ ਭੇਖ ਬਣ ਕੇ ਰਹਿ ਜਾਂਦਾ ਹੈ । ਅਜੇਹੇ ਭੇਖੀਆਂ ਦੇ ਕਾਰਨ ਹੀ ਅੰਮ੍ਰਿਤ-ਧਾਰੀ ਸਿਖਾਂ ਪ੍ਰਤੀ ਬਣਿਆਂ ਸਤਿਕਾਰ ਅਤੇ ਡੂੰਘੀ ਸ਼ਰਧਾ, ਜੰਤਾ ਦੇ ਮਨਾਂ ਵਿਚੋਂ ਅਲੋਪ ਹੋ ਰਹੀ ਹੈ ।

ਸਗੋਂ (੧੯੯੪ ਦੀ ਵਿਸਾਖੀ ਵਾਲੇ ਦਿਨ ਤੋਂ ਪੰਜਾਬੋਂ ਆਉਣ ਵਾਲੀਆਂ ਖ਼ਬਰਾਂ ਵਿਚ) ਇਹ ਵੀ ਸੁਣਿਆਂ ਜਾਂਦਾ ਰਿਹਾ ਹੈ ਕਿ-ਸੋਹਣੇ ਦਰਸ਼ਨੀ ਦਾਹੜੇ ਕੇਸਾਂ ਵਾਲਾ ਪੰਜਾਂ ਕਕਾਰਾਂ ਦਾ ਧਾਰਨੀ, ਚੜ੍ਹਦੀ ਕਲਾ ਦੇ ਬਾਣੇ ਵਿਚ ਫੱਬਿਆ ਕੋਈ ਸਿੰਘ, ਜਦੋਂ ਅਚਨਚੇਤ ਕਿਸੇ ਦੇ ਘਰ ਆ ਵੜਦਾ ਸੀ ਤਾਂ ਘਰ ਵਾਲਿਆਂ ਦੇ ਸਾਹ ਸੁੱਕ ਜਾਂਦੇ ਅਤੇ ਕਲਗੀਆਂ ਵਾਲੇ ਦੇ ਬਖ਼ਸ਼ੇ ਸਰੂਪ ਵਾਲਾ ਸਿੰਘ ਭਿਆਨਕ ਖ਼ਤਰਾ ਹੋ ਦਿਸਦਾ ਸੀ। ਘਰ ਦੇ ਨਿੱਕੇ ਵੱਡੇ ਸਾਰੇ ਜੀਅ ਆਪਣੇ ਆਪਣੇ ਵਿਸ਼ਵਾਸ਼ ਤੇ ਇਸ਼ਟ ਅੱਗੇ ਅਰਦਾਸਾਂ ਕਰਨ ਲੱਗ ਪੈਂਦੇ ਸਨ ਕਿ ਹੇ ਈਸ਼ਵਰ, ਹੇ ਵਾਹਿਗੁਰੂ ਜੀ, ਹੇ ਜਸੂ-ਮਸੀਹ, **ਇਹ ਭਿਆਨਕ ਬਲਾ** ਸਾਡੇ ਘਰ ਦੇ ਵੇਹੜੇ ਵਿਚੋਂ ਸੁਖ ਸੁਖਾਂ ਨਾਲ ਕੱਢ ਲੈ।

ਜਿਸ ਸਿੰਘ-ਸਰੂਪ ਨੂੰ ਸਿੰਘਾਂ ਦੇ ਵੈਰੀ ਵੀ ਗ਼ਰੀਬਾਂ ਦਾ ਸੱਚਾ ਹਮਦਰਦ ਮੰਨਦੇ ਰਹੇ ਸਨ, ਜਿਹੜਾ ਉਜਾੜਾਂ ਬੀਆਬਾਨਾਂ ਵਿਚ ਕਿਸੇ ਨੌਜਵਾਨ ਬੱਚੀ ਦੀ ਪਤਿ ਅਤੇ ਜਾਨ ਦਾ ਰਾਖਾ ਬਣ ਖਲੋਂਦਾ ਸੀ, ਉਹੀ ਸਿੰਘ ਅੱਜ ਘਰ ਆਇਆ ਹਊਆ ਕਿਵੇਂ ਬਣ ਗਿਆ? ਜਿਹੜਾ ਸਿੰਘ ਵੈਰੀਆਂ ਦੀਆਂ ਬੱਚੀਆਂ ਦੀ ਪਤਿ ਬਚਾਉਂਦਾ ਹੋਇਆ ਕੁਰਬਾਨ ਹੋ ਜਾਣ ਵਿਚ ਧੰਨਭਾਗ ਸਮਝਦਾ ਸੀ ਅੱਜ ਉਸੇ ਸਿੰਘ ਕੋਲੋਂ ਉਸ ਦੀਆਂ ਆਪਣੀਆਂ ਹੀ ਧੀਆਂ ਭੈਣਾਂ ਕਿਉਂ ਘਾਬਰ ਗਈਆਂ ? ਜਿਸ ਖ਼ਾਲਸਾ ਜੀ ਦੇ ਦਰਬਾਰ (ਗੁਜਰਾਂਵਾਲਾ ਵਿਖੇ ਮਹਾਰਾਜਾ ਰੰਣਜੀਤ ਸਿੰਘ) ਵੱਲ (ਲਾਹੌਰ ਦੇ) ਲੋਕਾਂ ਨੇ ਚਿੱਠੀਆਂ ਲਿਖੀਆਂ ਅਤੇ ਡੈਪੂਟੇਸ਼ਨ ਭੇਜੇ ਸਨ ਕਿ ਉਹ ਆ ਕੇ ਉਨ੍ਹਾਂ ਦੇ ਸ਼ਹਿਰ ਅਤੇ ਇਲਾਕੇ ਦਾ ਰਾਜ-ਭਾਗ ਸਾਂਭ ਲਵੇ।, ਹਾਏ! ਉਹੀ ਸਿੰਘ ਜਿਹੜਾ ਸਰਬੱਤ ਦਾ ਭਲਾ ਮੰਗਣ ਵਾਲਾ ਮੰਨਿਆਂ ਜਾਂਦਾ ਸੀ, ਜਿਹੜਾ ਲੋੜਵੰਦਾਂ ਗ਼ਰੀਬਾਂ ਦਾ ਨਿਸ਼ਕਾਮ ਸੇਵਾਦਾਰ ਸਮਝਿਆ ਜਾਂਦਾ ਸੀ, **ਅੱਜ ਉਹੀ ਖ਼ਾਲਸਾ-ਸਰੂਪ ਏਡਾ ਡਰਾਉਣਾ ਕਿਵੇਂ ਬਣ ਗਿਆ ?** ਹੇ ਗੁਰਿਆਈ ਦੇ ਭਾਈਵਾਲ ਬਣੇ ਪੰਥਦੀ ਸਰਬਉਂਦ ਪਦਵੀ ਤੇ ਬਿਰਾਜਮਾਨ ਪੰਥ ਦੇ ਜਥੇਦਾਰ ਜੀਓ ! ਇਹ ਕੀ ਭਾਣਾਂ ਵਰਤ ਗਿਆ ਹੈ, ਕਿ, ਜਿਹੜਾ ਸਿੰਘ ਸਾਰੇ ਜੀਆਂ ਵਿਚ ਆਪਣੇ ਗੁਰੂ-ਪਰਮੇਸ਼ਰ ਨੂੰ ਬੈਠਾ ਵੇਖ ਕੇ ਸਾਰਿਆਂ ਦਾ ਦਿਲੋਂ ਸਤਿਕਾਰ ਅਤੇ ਸੇਵਾ ਸੰਭਾਲ ਕਰਿਆ ਕਰਦਾ ਸੀ, ਜਿਹੜਾ ਅਜੇ ਕੱਲ੍ਹ ਹੀ ਦੀਨਾਂ ਦੁਖੀਆਂ ਲਈ ਸਰਬੰਸ ਕੁਰਬਾਨ ਕਰ ਦੇਣ ਵਾਲਾ ਮੰਨਿਆਂ ਅਤੇ ਸਤਕਾਰਿਆ ਜਾਂਦਾ ਸੀ, ਜਿਹੜੇ ਸੰਤ-ਸਪਾਹੀ ਨੂੰ ਸਾਰੇ ਧਰਮਾਂ ਵਾਲੇ ਆਪਣੇ ਹਿਰਦਿਆਂ ਦੀ ਡੂੰਘਾਈ ਤੋਂ ਸਤਿਕਾਰ ਅਤੇ ਪਿਆਰ ਕਰਦੇ ਸਨ,

ਅੱਜ ਉਸ ਸਿੰਘ ਨੂੰ ਵੇਖਦਿਆਂ ਹੀ, ਉਸ ਦਾ ਆਪਣਾ ਸਿੱਖ ਪਰਵਾਰ ਵੀ ਥਰ ਥਰ ਕਿਉਂ ਕੰਬ ਰਿਹਾ ਹੈ? ਆਪਣੇ ਆਪ ਨੂੰ ਕਲਗੀਧਰ ਜੀ ਦਾ ਖ਼ਾਲਸਾ ਅਖਵਾਉਣ ਲਈ ਅਥਵਾ ਇੱਕ ਵਖਰੀ ਕੌਮ ਸਮਝੇ ਜਾਣ ਲਈ ਮੋਰਚੇ ਲਾਉਣ ਵਾਲੇ--**ਅੰਮ੍ਰਿਤਧਾਰੀ ਸਿੰਘ ਦੀ ਸੂਰਤ-ਮੂਰਤਿ** " ਏਡੀ ਡਰਾਉਣੀ ਬਣ ਜਾਣ ਦਾ ਕਾਰਨ ਕੀ ਹੈ **? ਲੋਕਾਂ ਦੇ ਦੁਖੀ ਹਿਰਦਿਆਂ ਵਿਚ ਕਈ ਅਣ-ਪੁਛੇ ਪ੍ਰਸ਼ਨਾਂ ਦਾ ਭੰਡਾਰ ਉਬਾਲੇ ਖਾ ਰਿਹਾ ਸੀ। ਅਚਨਚੇਤ, ਸ਼ੂਕਦੀ ਗੋਲੀ ਦੇ ਆ ਵਜਣ ਦੇ ਭੈ ਨੇ ਇਹ ਹਉਕੇ ਤੇ ਕੀਰਨੇ ਅੰਦਰੇ ਹੀ ਦਬਾ ਦਿੱਤੇ ਹੋਏ ਸਨ੍**

ਝੋਲੀ ਚੁੱਕ ਬੁਲਾਰਿਆਂ ਨੇ ਧੂਆਂਧਾਰ ਤਕਰੀਰਾਂ ਦਾ ਹੜ ਵਗਾ ਦਿੱਤਾ ਅਤੇ ਕਲਮ ਦੇ ਧਨੀ ਲਿਖਾਰੀਆਂ ਨੇ ਬੜੇ ਅਸਰਦਾਰ ਲੇਖਾਂ ਦੁਆਰਾ ਲੋਕਾਂ ਦੇ ਮਨਾਂ ਵਿਚ ਬਣੇ ਸਿੰਘਾਂ ਪ੍ਰਤੀ ਭੈ ਨੂੰ ਨਿਰਮੂਲ ਸਿੱਧ ਕਰਨ ਲਈ ਬੜੇ ਟਿੱਲ ਲਾਏ। ਅਸਲੀ ਸਿੰਘਾਂ ਬਾਰੇ ਅਤੇ ਨਕਲੀ ਸਿੰਘਾਂ ਬਾਰੇ ਦਲੀਲਾਂ ਨਾਲ ਅਖ਼ਬਾਰਾਂ ਦੇ ਪੰਨੇ ਕਾਲੇ ਹੁੰਦੇ ਰਹੇ, ਪਰ ਦਲੀਲਾਂ ਘੜ ਲੈਣ ਵਾਲੀ ਚਪਲ-ਬੁੱਧੀ ਦੇ ਆਸਰੇ ਅੱਜ ਤਾਂਈ ਕੋਈ ਮਨੁੱਖ ਸਚਿਆਰ ਨਹੀਂ ਬਣ ਸਕਿਆ। ਖ਼ਲਕਤ ਵਿੱਚ ਵੱਸਦਾ ਖ਼ਾਲਕ ਬਿਨਾ ਬੋਲਿਆਂ ਹੀ ਸਚਿਆਰ ਮਨੁੱਖ ਨੂੰ ਪਛਾਣ ਲੈਂਦਾ ਹੈ--**ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥**[੬੬੨]-੪-੬ ਨਿਰੀਆਂ ਦਲੀਲਾਂ, ਕਦੇ ਕਿਸੇ ਨੂੰ ਜ਼ਾਲਮ ਨਹੀਂ ਬਣਾ ਸਕੀਆਂ ਅਤੇ ਨਿਰੀਆਂ ਦਲੀਲਾਂ ਨਾਲ ਕਿਸੇ ਮਨੁੱਖ ਨੂੰ ਧਰਮੀ ਸਿੱਧ ਨਹੀਂ ਕੀਤਾ ਜਾ ਸਕਦਾ। ਤਰਖਾਣਾ ਕੰਮ ਕਰਨ ਵਾਲੇ ਨੂੰ ਲੋਕ, ਤਰਖਾਣ ਕਹਿਣ ਲੱਗ ਜਾਂਦੇ ਹਨ, ਮਰੇ ਹੋਏ ਪਸ਼ੂ ਢੋਣ ਵਾਲੇ ਨੂੰ ਅਥਵਾ ਚਮੜੇ ਦਾ ਕੰਮ ਕਰਨ ਵਾਲੇ ਨੇ ਕਦੇ ਨਹੀਂ ਕਿਹਾ ਕਿ ਉਸ ਨੂੰ ਚੁਮਾਰ ਜਾਂ ਮੋਚੀ ਕਿਹਾ ਜਾਵੇ, ਚੋਰੀਆਂ ਕਰਨ ਵਾਲੇ ਨੇ ਕਦੇ ਚੋਰ ਅਖਵਾਉਣਾ ਪਸੰਦ ਨਹੀਂ ਕੀਤਾ। ਮਨੁੱਖ ਦਾ **ਕਿੱਤਾ-ਕਰਤੂਤ** ਹੀ ਉਸ ਦਾ " ਨਾਮਣਾਂ " ਬਣ ਜਾਂਦੀ ਹੈ। ਸੰਤਤਾਈ ਵਾਲਾ ਬਾਣਾ ਪਾਈ ਫਿਰਦਾ ਜੇ ਕੋਈ ਅਸਲ ਵਿਚ ਠੱਗ ਹੈ, ਤਾਂ ਉਸ ਲੋਕਾਂ ਦੀਆਂ ਨਜ਼ਰਾਂ ਵਿਸ ਸਦਾ ਸੰਤ ਨਹੀ ਬਣਿਆਂ ਰਹਿ ਸਕਦਾ। ਆਖ਼ਰ ਉਸ ਨੂੰ ਲੋਕ " ਬਨਾਰਸ ਦਾ ਠੱਗ " ਕਹਿਣਾਂ ਅਰੰਭ ਕਰ ਦੇਂਦੇ ਹਨ---**ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ ॥ ਗਲੀ ਜਿਨ੍ਾ ਜਪਮਾਲੀਆ, ਲੋਟੇ ਹਥਿ ਨਿਬਗ ॥ ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ ॥ ੧ ॥**[੪੭੬]-੨

ਨਿਤ ਨਵੇਂ ਦਿਨ ਅਖਬਾਰਾਂ ਵਿਚ ਖ਼ਬਰਾ ਛਪਦੀਆਂ ਹਨ ਕਿ ਅੱਜ ਐਸ ਗੁਰੂਘਰ ਦੇ ਦੀਵਾਨ ਵਿਚ ਦੋਹਾਂ ਧੜਿਆਂ ਵਿਚ ਡੱਟ ਕੇ ਲੜਾਈ ਹੋਈ ਅਤੇ ਅੱਜ ਇਸ ਗੁਰਦੁਆਰੇ ਵਿਚ ਕਿਰਪਾਨਾਂ ਚੱਲ ਗਈਆਂ । ਅੱਜ ਇਕ ਹੋਰ ਗੁਰੂ ਦੀਵਾਨ ਦੀ ਤਸਵੀਰ ਅਖਬਾਰਾਂ ਵਿਚ ਛਪੀ ਹੈ ਕਿ ਸਿੰਘਾਂ ਦੇ ਭਖ਼ਦੇ ਜੰਗ ਵਿਚ ਪੁਲਸ ਵਾਲਿਆਂ ਨੇ ਇੱਕ ਸਿੰਘ ਨੂੰ ਕੇਸਾਂ ਤੋਂ ਧੂ ਕੇ ਦੂਜੇ ਸਿੱਖ ਦੀ ਜਾਨ ਬਚਾਈ ਹੈ । ਕਕਾਰਾਂ ਦੇ ਦਰਸ਼ਨ ਦੋਹਾਂ ਧੜਿਆਂ ਵਿਚੋਂ ਹੋ ਰਹੇ ਸਨ । ਖ਼ਾਲਸਾ ਜੀ ਦੀਆਂ ਇਨ੍ਹਾਂ ਅਲੋਕਾਰ ਬਹਾਦਰੀਆਂ ਤੋਂ ਕੀ ਲੋਕ ਸਾਨੂੰ ਬੜੇ ਸਹਿਨ ਸ਼ੀਲ, ਧੀਰਜ ਵਾਨ, ਨਿਰਵੈਰ, ਸਰਬੱਤ ਦੇ ਸ਼ੁੱਭ ਚਿੰਤਕ, ਵੇਖ ਕੇ ਅਣਡਿੱਠ ਕਰ ਦੇਣ ਵਾਲੇ, ਸਬਰ ਸੰਤੋਖ ਦੇ ਮਾਲਕ, ਸੁਆਸ ਸੁਆਸ ਪ੍ਰਭੂ ਨੂੰ ਯਾਦ ਰੱਖਣ ਵਾਲੇ ਅਤੇ ਮਿਠਬੋਲੇ ਆਦਿ ਸ਼ਬਦਾਂ ਨਾਲ ਹੀ ਯਾਦ ਕਰਨ ਗੇ ? ਸੱਚ ਕੌੜਾ ਹੈ ਪਰ ਗੁਰਬਾਣੀ ਤਾਂ ਹੈ ਹੀ ਸਦੀਵੀ ਸੱਚ। ਕੌੜੀ ਦਵਾਈ ਬਹੁਤੇ ਰੋਗਾਂ ਦਾ ਇਲਾਜ ਬਣਦੀ ਹੈ। ਸਮਾਂ ਨਾ ਗੁਆਈਏ ਅਤੇ ਗੁਰਬਾਣੀ ਵਿਚਾਰ ਨਾਲ ਜੁੜ ਕੇ ਆਪਣਾ ਆਪਾ ਸੁਆਰ ਸਕਣ ਦਾ ਯਤਨ ਕਰੀਏ ।

ਪ੍ਰਭੂ-ਸਿਮਰਨ ਤੋਂ ਸੱਖਣਾ, ਆਚਰਨ ਦਾ ਕੱਚਾ, ਨਿਰੀ ਬਾਹਰੀ ਸ਼ਕਲ ਸੂਰਤ ਅਤੇ ਪੰਜਾਂ ਕਕਾਰਾਂ ਨਾਲ ਫੱਬਿਆ ਹੋਇਆ ਚੜ੍ਹਦੀ ਕਲਾ ਵਾਲਾ ਬਾਣਾ, ਸਿੱਖ ਧਰਮ ਦੇ ਇੱਕ ਫੋਕਟ ਹਾਰ-ਸ਼ਿੰਗਾਰ ਤੋਂ ਵੱਧ ਹੋਰ ਕੁੱਝ ਨਹੀਂ ਕਿਹਾ ਜਾ ਸਕਦਾ--**ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ੍ ਸਭਿ ਕਾਰਜ ਫੀਕ ॥ ਜੈਸੇ ਸੀਗਾਰੁ ਕਰੈ ਦੇਹ ਮਾਨੁਖ ਨਾਮ ਬਿਨਾ ਨਕਟੇ ਨਕ ਕੀਕ ॥ ੩ ॥**[੧੩੩੫]-੩ ਗੁਰੂ-ਸ਼ਬਦ ਦੇ ਆਸਰੇ ਪ੍ਰਭੂ-ਹੁਕਮਾਂ ਨੂੰ ਸਮਝ ਕੇ ਉਨ੍ਹਾਂ ਦੇ ਅਨੁਸਾਰ ਜੀਵਨ ਜੁਗਤ ਬਣਾ ਲੈਣ ਦੀ ਥਾਂ ਸਭ ਕੁਝ ਗੁਰੂ ਜੀ ਦੇ ਹੁਕਮ ਦੇ ਵਿਰੁੱਧ ਕਰਨ ਵਾਲਿਆਂ ਅਤੇ ਨਿਰੇ ਧਾਰਮਿਕ ਚਿੰਨ੍ਹਾਂ ਦੇ ਆਸਰੇ ਪ੍ਰਭੂ ਦੇ ਮਿਲਾਪ ਦੇ ਯਤਨਾਂ ਦਾ ਵਿਖਾਵਾ ਕਰਨ ਵਾਲਿਆਂ ਲਈ ਗੁਰੂ ਫ਼ੁਰਮਾਨ ਇਸ ਪ੍ਰਕਾਰ ਹੈ:--

੪੬- **ਕਹੈ ਪ੍ਰਭੁ ਅਵਰੁ, ਅਵਰੁ ਕਿਛੁ ਕੀਜੈ, ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ, ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥**[੮੩੬]-੫

**ਅਰਥ:**--ਪ੍ਰਭੂ-ਪਤੀ ਕੁਝ ਹੋਰ ਆਖਦਾ ਰਹੇ ਤੇ (ਜੀਵ-ਇਸਤ੍ਰੀ) ਕੁਝ ਹੋਰ ਕਰਦੀ ਰਹੇ, ਤਾਂ ਉਸ ਦਾ ਸਾਰਾ ਸਿੰਗਾਰ (ਸਾਰਾ ਧਾਰਮਿਕ ਉੱਦਮ) ਵਿਅਰਥ ਚਲਾ ਜਾਂਦਾ ਹੈ, ਬਿਲਕੁਲ ਫੋਕਾ ਬਣ ਜਾਂਦਾ ਹੈ । ਉਸ ਦੇ ਮੂੰਹ ਉਤੇ ਥੁੱਕਾਂ ਹੀ ਪਈਆਂ, ਪ੍ਰਭੂ ਨੇ ਤਾਂ ਕਿਸੇ ਹੋਰ ਗੁਰਮੁਖ (ਸੁਹਾਗਨਿ) ਨੂੰ ਆਪਣਾ ਬਣਾ ਲਿਆ । ੭ ।

ਸਿੱਖੀ ਦੀ ਮਰਯਾਦਾ ਗੁਰੂ ਨਾਨਕ ਦੇਵ ਜੀ ਨੇ ਆਪ ਬੰਨ੍ਹੀ ਅਤੇ ਚਲਾਈ ਅਤੇ ਉਸ ਗੁਰਮਤਿ ਮਰਯਾਦਾ ਨੂੰ ਦ੍ਰਿੜ੍ਹ ਕਰਾਣ ਦੀ ਹੀ ਸੱਧ ਨਾਲ ਉਨ੍ਹੇਂ ਵੱਖ ਸ਼ਕਲਾਂ ਦੇ ਅੱਡ ਅੱਡ ਉਮਰਾਂ ਵਾਲੇ ਹੋਰ ਨੌਂ ਗੁਰੂ ਸਰੂਪ ਵਟਾ ਕੇ ੨੦੦ ਸੰਲ ਤੋਂ ਵੱਧ ਸਮਾ ਖ਼ਰਚ ਕੀਤਾ ਸੀ। ਏਹੀ ਕਾਰਨ ਸੀ ਕਿ " ਖੰਡੇ ਬਾਟੇ " ਦਾ ਅੰਮ੍ਰਿਤ ਧਾਰੀ ਹੋ ਜਾਣ ਤੋਂ ਬਹੁਤ ਸਮਾਂ ਪਹਿਲਾਂ ਭਾਈ ਗੁਰਦਾਸ ਜੀ ਨੇ ਸਿੱਖੀ ਦੀ ਮਰਯਾਦਾ ਸਮਝਾਉਣ ਲਈ ਕਈ ਵਾਰਾਂ ਲਿਖੀਆਂ ਸਨ । ਨਮੂਨੇ ਵਜੋਂ ਕੁਝ ਪਉੜੀਆਂ ਇਸ ਪ੍ਰਕਾਰ ਹਨ:-- ਵਾਰ ੨੮

ਪਿਛਲ ਰਾਤੀਂ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ । ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ ।
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ । ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਇ ॥੧੫॥

ਵਾਰ-੪੦

ਗੁਰਸਿੱਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ । ਗੁਰ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ ।
ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ । ਸੰਕਾ ਮਨੰਹੁ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ ।
ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ। ਗੁਰਸਿੱਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ ।
ਕਲੀ ਕਾਲ ਪਰਗਾਸ ਕਰਿ ਗੁਰ ਚੇਲਾ ਚੇਲਾ ਗੁਰੁ ਸੰਦਾ । ਗੁਰਮੁਖ ਗਾਡੀ ਰਾਹੁ ਚਲੰਦਾ ॥ ੧ ੧ ॥

ਗੁਰਸਿੱਖ ਵਾਸਤੇ ਸੱਭ ਤੋਂ ਸ੍ਰੇਸ਼ਟ ਰਹਿਤਨਾਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਹੀ ਹੈ। ਦੂਜੇ ਨੰਬਰ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਕਬਿਤ, ਫਿਰ ਭਾਈ ਨੰਦ ਲਾਲ ਜੀ, ਅਤੇ ਹੋਰ ਗ੍ਰੰਥ ਜਾਂ ਰਹਿਤਨਾਮੇ ਜਿਹੜੇ ਪੰਥ ਨੇ ਪਰਵਾਨ ਕੀਤੇ ਹੋਏ ਹਨ। ਪਰ ਉਨ੍ਹਾਂ ਸਭ ਦਾ ਹਰ ਇੱਕ ਬਚਨ ਗੁਰਬਾਣੀ ਦੀ ਕਸਵੱਟੀ ਤੇ ਪੂਰਾ ਉਤਰਨ ਦੀ ਜ਼ਰੂਰੀ ਸ਼ਰਤ ਹੈ। ਇਹ ਸਚਾਈ ਕਦੇ ਵੀ ਨਹੀਂ ਵਿਸਰਨੀ ਚਾਹੀਦੀ ਕਿ ਸਿਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਬਾਕੀ ਅਜੇਹਾ ਕੋਈ ਗ੍ਰੰਥ ਨਹੀਂ ਹੈ ਜਿਹੜਾ ਵਿਰੋਧੀਆਂ ਦੀ ਛੇੜ-ਛਾੜ ਤੋਂ ਪੂਰੀ ਤਰ੍ਹਾਂ ਬਚਿਆ ਰਹਿ ਸਕਿਆ ਹੋਵੇ। ਸਚਾਈ ਦੀ ਪਰਖ ਕੇਵਲ ਗੁਰਬਾਣੀ ਹੀ ਹੈ। ਜਿਸ ਬਾਣੀ ਨੂੰ ਦਸ਼ਮੇਸ਼ ਜੀ ਨੇ ਸੀਸ ਨਿਵਾ ਕੇ ਗੁਰੂ ਨਾਨਕ ਜੀ ਤੋਂ ਸਥਾਪਤ ਹੋਈ ਗੁਰਿਆਈ ਸੌਂਪੀ ਸੀ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਪੰਥ ਦਾ ਗੁਰੂ ਹੈ।

ਸਵਈਐ ਮਹਲੇ ਤੀਜੇ ਕੇ ਵਿਚ " ਭਿੱਖਾ " ਜੀ ਦਾ ਫ਼ੁਰਮਾਨ ਹੈ ਕਿ ਉਹ ਪੂਰਾ ਇੱਕ ਸਾਲ ਸਾਧਾਂ ਸੰਤਾਂ ਦੇ ਮੱਠਾਂ ਤੇ ਫਿਰਦੇ ਰਹੇ ਪਰ ਸਾਰਿਆਂ ਦੀ ਬਾਹਰਦੀ ਵਿਖਾਵੇ ਵਾਲੀ ਜਿੰਦਗੀ ਕੁਝ ਹੋਰ ਸੀ ਪਰ ਉਨ੍ਹਾਂ ਦੀ ਰਹਿਤ ਅਜੇਹੀ ਸੀ ਜਿਸ ਤੋਂ ਦਿਲ ਪ੍ਰਸੰਨ ਨਹੀਂ ਹੋਇਆ--" **ਬਰਸੁ ਏਕੁ ਹਉ ਫਿਰਿਓ, ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ, ਰਹਤ ਕੋ ਖੁਸੀ ਨ ਆਯਉ ॥** [੧੩੯੫]-੨੦(੨) ਕੇਵਲ ਪੰਜ ਕਕਾਰਾਂ ਦਾ ਧਾਰਨੀ ਹੋ ਜਾਣ ਨੂੰ ਹੀ ਚੜ੍ਹਦੀ ਕਲਾ ਵਾਲੀ ਸਿੱਖੀ ਸਮਝ ਲੈਣਾ ਭੁੱਲ ਹੈ। ਸੁੱਚੀ ਆਤਮਕ ਰਹਿਤ ਵਾਲਾ ਜੀਵਣ ਬਣਾ ਲੈਣ ਦੀ ਭਾਵਣਾ ਤੋਂ ਸੱਖਣੇ ਜਿਹੜੇ ਮਨੁੱਖ ਕਈ ਤਰ੍ਹਾਂ ਦੇ ਧਰਮ-ਕਰਮ ਕਰਦੇ ਹਨ ਉਨ੍ਹਾਂ ਬਾਰੇ ਕੁਝ ਗੁਰੂ ਫ਼ੁਰਮਾਨ ਇਸ ਪ੍ਰਕਾਰ ਹਨ:---

੪੭- **ਉਪਾਵ ਸਿਆਨਪ ਸਗਲ ਤੇ ਰਹਤ ॥ ਸਭੁ ਕਛੁ ਜਾਨੈ ਆਤਮ ਕੀ ਰਹਤ ॥** [੨੬੯]-ਅਸਟ-੫(੮)

**ਅਰਥ:**--ਪ੍ਰਭੂ ਤੇ ਮਨੁੱਖ ਦੇ ਕਿਸੇ ਹੀਲੇ ਜਾਂ ਚਤੁਰਾਈ ਦਾ ਕੋਈ ਅਸਰ ਨਹੀਂ ਪੈ ਸਕਦਾ (ਭਾਵ, ਆਪਣੀ ਸਿਆਣਪ ਨਾਲ ਮਿਥੇ ਹੋਏ ਰੱਬ ਦੇ ਨਾਮ ਤੇ ਦਾਨ-ਪੁੰਨ, ਤੀਰਥ ਇਸ਼ਨਾਨ, ਧਾਰਮਿਕ ਪਹਿਰਾਵਿਆਂ ਆਦਿ ਨਾਲ ਪ੍ਰਭੂ ਨੂੰ ਪ੍ਰਸੰਨ ਕਰਨ ਦੇ ਯਤਨ)। (ਕਿਉਂਕਿ ਉਹ ਜੀਵ ਦੀ) ਆਤਮਕ ਰਹਿਣੀ ਦੀ ਹਰ ਇੱਕ ਗੱਲ ਨੂੰ ਜਾਣਦਾ ਹੈ। (ਜੇ ਆਤਮਕ ਰਹਿਣੀ ਚੰਗੀ ਨਹੀਂ ਤਾਂ ਬਾਹਰ ਵਿਖਾਵੇ ਵਾਲੇ ਸਾਰੇ ਦੇ ਸਾਰੇ ਧਰਮ-- ਕਰਮ ਨਿਸਫ਼ਲ ਹਨ)

ਆਉ ਸਤਿਗੁਰਾਂ ਦੇ ਉਨ੍ਹਾਂ ਫ਼ੁਰਮਾਨਾ ਤੋਂ ਮਿਲਦੇ ਗਿਆਨ ਦੀ ਸੋਝੀ ਲੈ ਲਈਏ ਜਿਨ੍ਹਾਂ ਵਿਚ ਸਤਿਗੁਰਾਂ ਨੇ "ਰਹਿਤ" ਪਦ ਵਰਤ ਕੇ ਸਾਨੂੰ ਗੁਰਮਤਿ ਉਪਦੇਸ਼ ਦੀ ਬਖ਼ਸ਼ਸ਼ ਕੀਤੀ ਹੋਈ ਹੈ :--

੪੮- **ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥**
**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥ ੩ ॥**[੮੩੧]-੧

**ਅਰਥ:**--ਪਰਮਾਤਮਾ ਨਾਲ ਡੂੰਘੀ ਸਾਂਝ ਤੇ ਉਸ ਵਿਚ ਸੁਰਤਿ ਦਾ ਟਿਕਾਉ--ਇਹ ਸਭ ਕੁਝ ਗੁਰੂ ਤੋਂ ਹੀ ਮਿਲਦਾ ਹੈ। (ਜਿਸ ਨੂੰ ਮਿਲਦਾ ਹੈ ਉਸ ਦੀ) ਰਹਿਣੀ ਪਵਿਤੱਰ ਹੋ ਜਾਂਦੀ ਹੈ। ਉਸ ਦੇ ਮਨ ਵਿਚ ਪ੍ਰਭੂ ਆ ਵੱਸਦਾ ਹੈ। (ਸਤਿਗੁਰੂ ਗ੍ਰੰਥ ਸਾਹਿਬ ਜੀ ਕੋਲੋਂ ਅਜੇਹੀਆਂ ਦਾਤਾਂ ਪ੍ਰਾਪਤ ਕਰਨ ਲਈ, ਬੜੀ ਸ਼ਰਧਾ ਨਾਲ, ਲਗਾਤਾਰ ਗੁਰੂ ਬਾਣੀ ਦੀ ਵਿਚਾਰ ਕਰਦੇ ਰਹਿਣ ਦੀ ਲੋੜ ਹੈ। ਗੁਰੂਦਆਰੇ ਜਾ ਕੇ ਚੰਗੇ ਰਾਗੀ ਦਾ ਕੀਰਤਨ ਸੁਣ ਲੈਣ ਨਾਲ ਅਤੇ ਲੰਗਰ ਵਿਚੋਂ ਫੁਲਕਾ ਛਕ ਆਉਣ ਨਾਲ ਗੁਰਮਤਿ ਗਿਆਨ ਦੀ ਸੂਝ, ਨਾ ਅੱਜ ਤਾਂਈ ਕਿਸੇ ਨੂੰ ਆਈ ਹੈ ਅਤੇ ਨਾ ਆ ਸਕਦੀ ਹੈ। ਗੁਰ-ਸ਼ਬਦ ਦੀ ਵਿਚਾਰ ਲਈ ਬੜੇ ਚੰਗੇ ਅਤੇ ਯੋਜਨਾਂ-ਬੱਧ ਪ੍ਰਬੰਧ ਕੀਤੇ ਜਾਣ ਦੀ ਲੋੜ ਹੈ)। ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਬੰਦਾ (ਗਿਆਨ ਦੀਆਂ ਨਿਰੀਆਂ) ਗੱਲਾਂ ਹੀ ਕਰਦਾ ਹੈ, ਪਰ ਉਸ ਦੀ ਰਹਿਣੀ ਪਵਿਤ੍ਰ ਨਹੀਂ ਹੁੰਦੀ। ਪਰਮਾਤਮਾ ਦੇ ਨਾਮ ਤੋਂ ਖੁੰਝੇ ਹੋਏ ਨੂੰ (ਮਾਇਆ ਦੀ ਭਟਕਨਾਂ ਤੋਂ ਬਚਨ ਲਈ ਆਸਰਾ ਨਹੀਂ ਮਿਲਦਾ। ੩।

੪੯- **ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀਂ ਪੂਰਨ ਰਹਤ ॥**
**ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ ਆਪਿ ਨ ਕਮਾਵੈ ॥ ੧ ॥**[੮੮੭]-੬-੧੭

**ਅਰਥ:**--(ਜਿਹੜਾ ਮਨੁੱਖ ਧਰਮ-ਪੁਸਤਕਾਂ) ਮੂੰਹੋਂ ਤਾਂ ਅਰਥਾਂ ਸਮੇਤ ਪੜ੍ਹਦਾ ਹੈ, ਪਰ ਉਸ ਦੇ ਹਿਰਦੇ ਵਿਚ ਪਰਮਾਤਮਾ ਨਹੀਂ ਵਸੱਦਾ, ਨਾ ਹੀ ਉਸ ਦੀ ਰਹਿਣੀ ਬੇ-ਦਾਗ਼ ਹੈ, ਧਰਮ ਪੁਸਤਕਾਂ ਦਾ ਉਪਦੇਸ, ਲੋਕਾਂ ਦਿਆਂ ਮਨਾਂ ਵਿਚ ਚੰਗੀ ਪੱਕੀ ਤਰ੍ਹਾਂ ਬਿਠਾਉਂਦਾ ਹੈ, ਪਰ ਆਪਣਾ ਇਹ ਦੱਸਿਆ ਹੋਇਆ ਉਪਦੇਸ਼ ਆਪ ਹੀ ਨਹੀਂ ਕਮਾਉਂਦਾ। ੧।

੫੦- **ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥**
**ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥ ੭ ॥** [੧੩੪੨]-੨

**ਅਰਥ:**--ਗੁਰੂ ਦੇ ਸ਼ਬਦ ਦੇ ਰਾਹੀਂ ਪਰਮਾਤਮਾ ਦੇ ਗੁਣਾ ਦੀ ਵਿਚਾਰ ਕਰਕੇ ਉਸ ਮਨੁੱਖ ਦੀ ਸੁਰਤਿ ਸੇਵਾ ਵਲ ਪਰਤਦੀ ਹੈ, ਆਪਣੇ ਅੰਦਰੋਂ ਹਉਮੈ ਮਾਰ ਕੇ ਉਹ ਮਾਨੋਂ, ਜਪ ਤਪ ਤੇ ਸੰਜਮ ਕਮਾ ਲੈਂਦਾ ਹੈ। (ਭਾਵ, ਹਉਮੈ ਮਾਰ ਲੈਣ ਵਿਚ ਹੀ ਜਪ, ਤਪ ਅਤੇ ਸੰਜਮ ਆਦਿ ਹਨ)। ਸਤਿਗੁਰੂ ਦੇ ਸਬਦ (-ਗਿਆਨ ਅਨੁਸਾਰ ਕਮਾਈ ਕਰਕੇ) ਮਨੁੱਖ ਦੁਨੀਆਂ ਦੇ ਕਾਰ ਵਿਹਾਰ ਕਰਦਾ ਹੋਇਆ (ਮਾਇਆ ਦੇ ਮੋਹ ਤੋਂ) ਖ਼ਲਾਸੀ ਪਾ ਲੈਂਦਾ ਹੈ, ਉਸ ਦੀ ਰਹਤ-ਬਹਤ ਐਸੀ ਹੋ ਜਾਂਦੀ ਹੈ ਕਿ (ਮਾਇਆ ਵਲ) ਉਹ ਡੋਲਦਾ ਨਹੀਂ ਤੇ (ਇਸ ਤਰ੍ਹਾਂ) ਉਹ ਸਦਾ ਕਾਇਮ ਰਹਿਣ ਵਾਲਾ ਆਤਮਕ ਆਨੰਦ ਮਾਣਦਾ ਹੈ। ੭।

## ੬

# ਸ੍ਰੇਸ਼ਟ ਕਰਣੀ ਬਾਰੇ ਗੁਰਬਾਣੀ ਉਪਦੇਸ਼

੫੧- **ਮ: ੧ ॥ ਗਲੀ ਅਸੀ ਚੰਗੀਆ, ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ, ਬਾਹਰਿ ਚਿਟਵੀਆਹ ॥**
**ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥ ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥**
**ਹੋਦੈ ਤਾਣਿ ਨਿਤਾਣੀਆ, ਰਹਹਿ ਨਿਮਾਨਣੀਆਹ ॥ ਨਾਨਕ ਜਨਮੁ ਸਕਾਰਥਾ, ਜੇ ਤਿਨ ਕੈ ਸੰਗਿ ਮਿਲਾਹ॥੨॥**[੮੫]-ਵਾ-੭

**ਅਰਥ:**--ਅਸੀਂ ਗੱਲਾਂ ਵਿਚ ਸੁਚੱਜੀਆਂ ਹਾਂ (ਗੱਲਾਂ ਨਾਲ ਅਸੀਂ ਪੰਜਾਂ ਕਕਾਰਾਂ ਦੇ ਧਾਰਨੀ ਪੱਕੇ ਨਿਤਨੇਮੀ ਹਾਂ) ਪਰ ਆਚਰਨ ਦੀਆਂ ਮਾੜੀਆਂ ਹਾਂ, ਮਨੋਂ ਖੋਟੀਆਂ ਤੇ ਕਾਲੀਆਂ ਹਾਂ, ਪਰ ਬਾਹਰੋਂ ਸਾਫ਼ ਸੁਥਰੀਆਂ ਹਾਂ (ਭਾਵ, ਸਾਡੇ ਪੁਸ਼ਾਕੇ ਸਾਫ਼ ਸੁਥਰੇ ਚੜ੍ਹਦੀ ਕਲਾ ਵਾਲੇ ਹਨ) (ਭਾਂਵੇ ਮਨਾਂ ਦੀਆਂ ਕਾਲੀਆਂ ਹੀ ਹਾਂ ਪਰ) ਅਸੀਂ ਰੀਸਾਂ ਉਨ੍ਹਾਂ ਦੀਆਂ ਕਰਦੀਆਂ ਹਾਂ ਜੋ ਸਾਵਧਾਨ ਹੋ ਕੇ ਖ਼ਸਮ (-ਪ੍ਰਭੂ) ਦੇ ਪਿਆਰ ਵਿਚ ਭਿਜੀਆਂ ਹੋਈਆਂ ਹਨ ਤੇ ਆਨੰਦ ਵਿਚ ਰਲੀਆਂ ਮਾਣਦੀਆਂ ਹਨ (ਭਾਵ, ਜਿਨ੍ਹਾਂ ਦੇ ਹਿਰਦੇ ਵਿਚ ਸਦਾ ਖੇੜਾ ਰਹਿੰਦਾ ਹੈ) ਜੋ ਤਾਣ ਹੁੰਦਿਆਂ ਵੀ ਨਿਰਮਾਣ ਰਹਿੰਦੀਆਂ ਹਨ। ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ--ਸਾਡਾ ਜਨਮ ਸਫ਼ਲ ਤਾਂ ਹੀ ਹੋ ਸਕਦਾ ਹੈ) ਜੇ ਉਨ੍ਹਾਂ (ਗੁਰਮੁਖ ਜੀਵ ਇਸਤ੍ਰੀਆਂ) ਦੀ ਸੰਗਤਿ ਵਿਚ ਰਹਿ (ਕੇ ਆਪਣਾ ਆਚਰਨ ਅਥਵਾ ਆਪਣੀ ਜੀਵਨ ਜੁਗਤ ਉੱਚੀ ਸੁਆਰ ਲਈਏ। ੨।

੫੨- **ਪਉੜੀ । ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ,**
**ਕਰਿ ਸੁਕ੍ਰਿਤੁ ਧਰਮੁ ਕਮਾਇਆ ॥ ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**
**ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥ ੭ ॥**[੪੬੬]-੬੭

**ਅਰਥ**:--ਜਿਹੜੇ ਸੰਤੋਖੀ ਮਨੁੱਖ ਸਦਾ ਇਕ ਅਬਿਨਾਸੀ ਪ੍ਰਭੂ ਨੂੰ ਸਿਮਰਦੇ ਹਨ, (ਪ੍ਰਭੂ ਦੀ) ਸੇਵਾ ਉਹੀ ਕਰਦੇ ਹਨ । ਉਹ ਕਦੇ ਵੀ **ਮੰਦੇ ਕੰਮ ਦੇ ਨੇੜੇ ਨਹੀਂ ਜਾਂਦੇ**, (ਭਾਵ ਆਪਣਾ ਆਚਰਨ ਉੱਚਾ ਬਣਾ ਲੈਂਦੇ ਹਨ) ਭਲਾ ਕੰਮ ਕਰਦੇ ਹਨ ਅਤੇ ਧਰਮ-ਅਨੁਸਾਰ (ਭਾਵ, ਗੁਰਮਤਿ ਅਨੁਸਾਰ) ਆਪਣਾ ਜੀਵਨ ਨਿਬਾਹੁੰਦੇ ਹਨ । ਦੁਨੀਆਂ ਦੇ ਧੰਦਿਆਂ ਵਿਚ ਖਚਤ ਕਰਨ ਵਾਲੇ ਮਾਇਆ ਦੇ ਮੋਹ ਰੂਪ ਜੰਜੀਰ ਉਨ੍ਹਾਂ ਤੋੜ ਦਿੱਤੇ ਹਨ, ਥੋੜਾ ਖਾਂਦੇ ਹਨ, ਥੋੜਾ ਪੀਂਦੇ ਹਨ (ਭਾਵ, ਖਾਣ ਪੀਣ ਚਸਕੇ ਦੀ ਖ਼ਾਤਰ ਨਹੀਂ, ਸਰੀਰਕ ਨਿਰਬਾਹ ਵਾਸਤੇ ਹੈ) " ਹੇ ਪ੍ਰਭੂ ! ਤੂੰ ਬੜੀਆਂ ਬਖ਼ਸ਼ਸ਼ਾਂ ਕਰਨ ਵਾਲਾ ਹੈਂ, ਸਦਾ ਜੀਵਾਂ ਨੂੰ ਦਾਤਾਂ ਬਖ਼ਸ਼ਦਾ ਹੈਂ "---ਇਸ ਤਰ੍ਹਾਂ ਦੀ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰ ਕੇ ਉਹ ਸੰਤੋਖੀ ਮਨੁੱਖ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ । ੭ ।

੫੩- **ਅਸੀ ਬੋਲਵਿਗਾੜ ਵਿਗਾੜਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥**
**ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥ ੩ ॥**[੨੫]-੩੦

**ਅਰਥ**:--ਹੇ ਪ੍ਰਭੂ !) ਅਸੀ ਜੀਵ ਬੜਬੋਲੇ ਹਾਂ, ਅਸੀ (ਤੈਥੋਂ ਮਿਲੀ ਸੂਝ-ਅਕਲ ਉਤੇ ਮਾਣ ਕਰਕੇ ਅਨੇਕਾਂ ਵਾਰੀ) ਫਿੱਕੇ ਬੋਲ ਬੋਲ ਦਿੰਦੇ ਹਾਂ, ਪਰ ਤੂੰ (ਸਾਡੇ ਕੁਬੋਲਾਂ ਨੂੰ) ਮਿਹਰ ਦੀ ਨਿਗਾਹ ਨਾਲ ਪਰਖਦਾ ਹੈਂ । (ਗੁਰੂ ਦੇ ਦੱਸੇ ਰਾਹ ਉੱਤੇ ਤੁਰ ਕੇ) ਜਿਸ ਮਨੁੱਖ ਦੇ ਅੰਦਰ **ਉੱਚਾ ਆਚਰਣ** ਬਣ ਜਾਂਦਾ ਹੈ ਉਸ ਦੀ ਸੂਝ-ਅਕਲ ਵੀ ਗੰਭੀਰ ਹੋ ਜਾਂਦੀ ਹੈ (ਤੇ ਉਹ ਬੜਬੋਲਾ ਨਹੀਂ ਰਹਿੰਦਾ), ਉੱਚੇ ਆਚਰਨ ਤੋਂ ਬਿਨਾਂ ਮਨੁੱਖ ਦੀ ਸੂਝ ਬੂਝ ਵੀ ਨੀਵੀਂ ਰਹਿੰਦੀ ਹੈ । ੩ ।

੫੪- **ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥ ੫ ॥**[੫੯੭]-੬

**ਅਰਥ**:---ਪਵਿਤ੍ਰ ਹਿਰਦੇ ਵਿਚ ਹੀ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਟਿਕ ਸਕਦਾ ਹੈ, ਪਰ **ਸੁੱਚੇ ਆਚਰਨ ਵਾਲੇ** (ਅਤੇ ਪਵਿਤ੍ਰ ਹਿਰਦੇ ਵਾਲੇ) ਕੋਈ ਵਿਰਲੇ ਹੁੰਦੇ ਹਨ । (ਗੁਰੂ ਆਪਣੇ ਸ਼ਬਦ(-ਗਿਆਨ) ਦੀ ਰਾਹੀਂ ਹਿਰਦਾ ਪਵਿਤ੍ਰ ਕਰ ਕੇ) ਜੀਵ ਨੂੰ ਪਰਮਾਤਮਾ ਮਿਲਾਉਂਦਾ ਹੈ । (ਭਾਵ ਉੱਚੇ ਆਚਰਨ ਵਾਲੇ ਪਵਿਤ੍ਰ ਹਿਰਦੇ ਤੋਂ ਬਿਨਾਂ ਹੋਰ ਕਿਸੇ ਵਿਧੀ ਨਾਲ ਪ੍ਰਭੂ-ਮਿਲਾਪ ਸੰਭਵ ਨਹੀਂ ਹੈ) । ੫ ।

੫੫- **ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ ੧ ॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸੁ ਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥ ੨ ॥ ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ ਤਾਂ ਸੁਖਿ ਲਹਹਿ ਮਹਲੁ ॥ ੩ ॥ ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥ ੪ ॥** [੫੯੫]-੨

**ਅਰਥ**:--(ਸੰਸਾਰ ਤੋਂ ਤੁਰਨ ਵੇਲੇ) ਮਾਇਆ ਜੀਵ ਦੇ ਨਾਲ ਨਹੀਂ ਜਾਂਦੀ (ਇਹ ਹਰੇਕ ਨੂੰ ਪਤਾ ਹੈ ਫਿਰ ਵੀ) ਇਸ ਮਾਇਆ ਨੇ ਸਾਰੇ ਜਗਤ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ । ਕੋਈ ਵਿਰਲਾ ਮਨੁੱਖ ਸਮਝਦਾ ਹੈ (ਕਿ ਸਦਾ ਨਾਲ ਨਿਭਣ ਵਾਲਾ ਧਨ ਹੋਰ ਹੈ । **੧ । ਰਹਾਉ ।** (ਸਦਾ ਨਾਲ ਨਿਭਣ ਵਾਲਾ ਧਨ ਕਮਾਉਣ ਲਈ) ਮਨ ਨੂੰ ਹਾਲੀ (ਵਰਗਾ ਉੱਦਮੀ) ਬਣਾ, **ਉਚੇ ਆਚਰਨ** ਨੂੰ ਵਾਹੀ ਦਾ ਕੰਮ ਸਮਝ, ਮਿਹਨਤ (ਨਾਮ ਫ਼ਸਲ ਵਾਸਤੇ) ਪਾਣੀ ਹੈ, ਤੇ ਇਹ ਆਪਣਾ ਸਰੀਰ ਹੀ ਪੈਲੀ ਬਣਾ । (ਇਸ ਪੈਲੀ ਵਿਚ ਪਰਮਾਤਮਾ ਦਾ ਨਾਮ ਬੀਜ, (ਬੀ ਬੀਜ ਕੇ ਉਸ ਨੂੰ ਪੰਛੀਆਂ ਤੋਂ ਬਚਾਉਣ ਲਈ ਸੁਹਾਗਾ ਫੇਰਨਾ ਜ਼ਰੂਰੀ ਹੈ, ਇਸੇ ਤਰ੍ਹਾਂ ਜੇ ਸੰਤੋਖ ਵਾਲਾ ਜੀਵਨ ਨਹੀਂ, ਤਾਂ ਮਾਇਆ ਦੀ ਤ੍ਰਿਸਨਾਂ ਨਾਮ-ਬੀਜ ਨੂੰ ਮੁਕਾ ਦੇਵੇਗੀ) ਸੰਤੋਖ ਹੀ (ਨਾਮ-ਬੀਜ ਨੂੰ ਤ੍ਰਿਸ਼ਨਾਂ-ਪੰਛੀਆਂ ਤੋਂ ਬਚਾਉਂਣ ਲਈ), ਸੁਹਾਗਾ ਹੈ, ਸਾਦਾ ਜੀਵਨ (ਨਾਮ-ਫ਼ਸਲ ਦੀ ਰਾਖੀ ਕਰਨ ਲਈ) ਰਖਾ ਹੈ (ਹੇ ਭਾਈ ! ਇਹ ਵਾਹੀ ਕੀਤਿਆਂ ਸਰੀਰ-ਪੈਲੀ ਵਿਚ) ਪਰਮਾਤਮਾ ਦੀ ਮਿਹਰ ਨਾਲ ਪ੍ਰੇਮ ਪੈਦਾ ਹੋਵੇਗਾ । ਵੇਖ, (ਜਿਨ੍ਹਾਂ ਇਹ ਵਾਹੀ ਕੀਤੀ) ਉਨ੍ਹਾਂ ਦੇ ਹਿਰਦੇ ਨਾਮ-ਧਨ ਨਾਲ ਧਨਾਢ ਹੋ ਗਏ (ਨਾਮ-ਵੱਖਰ ਨਾਲ ਮਾਲਾ-ਮਾਲ ਹੋ ਗਏ) **। ੧ ।** ਉਸ ਦੇ ਹਰੇਕ ਸੁਆਸ ਨੂੰ ਹੱਟੀ ਬਣਾ, ਇਸ ਹੱਟੀ ਵਿਚ ਸਦਾ ਥਿਰ ਰਹਿਣ ਵਾਲਾ ਹਰੀ ਨਾਮ ਸੌਦਾ ਬਣਾ । ਆਪਣੀ ਸੁਰਤਿ ਤੇ ਵਿਚਾਰ-ਮੰਡਲ ਨੂੰ ਭਾਂਡਿਆਂ ਦੀ ਕਤਾਰ ਬਣਾ, ਇਸ ਭਾਂਡਸਾਲ ਵਿਚ ਇਸ ਹਰੀ-ਨਾਮ ਸੌਦੇ ਨੂੰ ਪਾ । ਇਹ ਨਾਮ-ਵਣਜ ਕਰਨ ਵਾਲੇ ਸਤਸੰਗੀਆਂ ਨਾਲ ਮਿਲ ਕੇ ਤੂੰ ਹਰੀ-ਨਾਮ ਦਾ ਵਣਜ ਕਰ । ਇਸ ਵਣਜ ਵਿਚੋਂ ਖੱਟੀ ਮਿਲੇਗੀ ਮਨ ਦਾ ਖਿੜਾਓ **। ੨ ।** (ਹੇ ਭਾਈ ! ਸੌਦਾਗਰਾਂ ਵਾਂਗ ਹਰੀ-ਨਾਮ ਦਾ ਸੌਦਾਗਰ ਬਣ) ਧਰਮ-ਪੁਸਤਕਾਂ (ਭਾਵ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ) ਉਪਦੇਸ਼ ਸੁਣਿਆਂ ਕਰ (ਉਸ ਅਨੁਸਾਰ ਆਪਣਾ ਜੀਵਨ ਢਾਲਣ ਦੀ ਕਮਾਈ ਕਰਨੀ) ਇਹ ਹਰੀ-ਨਾਮ ਦੀ ਸੌਦਾਗਰੀ ਹੈ, (ਸੌਦਾਗਰੀ ਦਾ ਮਾਲ ਲੱਦਣ ਵਾਸਤੇ) **ਉੱਚੇ ਆਚਨ** ਨੂੰ ਘੋੜੇ ਬਣਾ ਕੇ ਲੈ ਤੁਰ, (ਜ਼ਿੰਦਗੀ ਦੇ ਸਫ਼ਰ ਵਿਚ ਵੀ ਖ਼ਰਚ ਦੀ ਲੋੜ ਹੈ) **ਚੰਗੇ ਗੁਣਾਂ ਨੂੰ ਜੀਵਨ-ਸਫ਼ਰ ਦਾ ਖ਼ਰਚ ਬਣਾ**। ਹੇ ਮਨ ! ( ਇਸ ਵਪਾਰ ਦੇ ਉੱਦਮ ਨੂੰ) ਕੱਲ ਤੇ ਨਾਂਹ ਪਾਈਂ । ਇਸ ਵਪਾਰ ਨਾਲ ਜੇ ਤੂੰ ਪਰਮਾਤਮਾ ਦੇ ਦੇਸ ਵਿਚ (ਪ੍ਰਭੂ-ਚਰਨਾਂ ਵਿਚ ਟਿਕ ਜਾਂਏਂ-ਪ੍ਰਭੂ ਯਾਦ ਵਿਚ ਜੁੜ ਜਾਂਏਂ) ਤਾਂ ਆਤਮਕ ਸੁਖ ਵਿਚ ਥਾਂ ਲੱਭ ਲਏਂਗਾ **। ੩ ।** (ਨੌਕਰ ਰੋਜ਼ੀ ਕਮਾਉਂਣ ਲਈ ਮਿਹਨਤ ਨਾਲ ਮਾਲਕ ਦੀ ਸੇਵਾ ਕਰਦਾ ਹੈ, ਤੂੰ ਵੀ) ਪੂਰੇ ਧਿਆਨ ਨਾਲ (ਪ੍ਰਭੂ-ਮਾਲਕ ਦੀ) ਨੌਕਰੀ ਕਰ (ਜਿਵੇਂ ਨੌਕਰ ਆਪਣੇ ਮਾਲਕ ਦੇ ਹੁਕਮ ਨੂੰ ਭੁਲਾਉਂਦਾ ਨਹੀਂ ਤੂੰ ਵੀ) ਪਰਮਾਤਮਾ ਦੇ ਨਾਮ ਨੂੰ ਮਨ ਵਿਚ ਪੱਕਾ ਕਰ ਰੱਖ, ਇਹੀ ਹੈ ਉਸ ਦੀ ਸੇਵਾ (ਪ੍ਰਭ ਕੀ ਟਹਿਲ ਕਮਾਵਨੀ ਜਪੀਐ ਪ੍ਰਭ ਕਾ ਨਾਮ । ਵਿਕਾਰਾਂ ਨੂੰ (ਆਪਣੇ ਨੇੜੇ ਆਉਂਣੋਂ) ਰੋਕ ਦੇ, ਇਹ ਹੈ ਪਰਮਾਤਮਾ ਦੀ ਨੌਕਰੀ ਵਾਸਤੇ ਦੌੜ-ਭੱਜ । (ਜੇ ਇਹ ਉੱਦਮ ਕਰੇਂਗਾ) ਤਾਂ ਹਰ ਕੋਈ ਤੈਨੂੰ ਸ਼ਾਬਾਸ਼ੇ ਆਖੇਗਾ । ਗੁਰੂ ਨਾਨਕ ਜੀ ਫ਼ੁਰਮਾਉਂਦੇ ਹਨ ਕਿ--ਇਹ ਨੌਕਰੀ ਕੀਤਿਆਂ ਪਰਮਾਤਮਾ ਤੈਨੂੰ ਮੇਹਰ ਦੀ ਨਜ਼ਰ ਨਾਲ ਵੇਖੇਗਾ, ਤੇਰੀ ਜਿੰਦ ਉਤੇ ਚੌ-ਗੁਣਾਂ ਆਤਮਕ ਰੂਪ ਚੜ੍ਹੇਗਾ । ੪ ।

ਮਨ ਨੂੰ ਕਿਸੇ ਵੀ ਕਮਜ਼ੋਰੀ ਵੱਲ ਜਾਣ ਤੋਂ ਰੋਕਣ ਲਈ ਇਸ ਦੇ ਸਿਰ ਦੇ ਪ੍ਰਭੂ ਦੀ ਯਾਦ ਦਾ ਡੰਡਾ ਕਾਇਮ ਰੱਖਣ ਵਲੋਂ ਕਦੇ ਅਵੇਸਲੇ ਨਹੀਂ ਹੋਣਾ ਚਾਹੀਦਾ । ਆਚਰਨ ਨੂੰ ਉੱਚਾ ਅਤੇ ਸੁੱਚਾ ਰੱਖਣ ਦੇ ਉਪਦੇਸ਼ ਵਾਲੇ ਹੋਰ ਗੁਰੂ-ਸ਼ਬਦ ਵੀ ਹਨ ਜਿਨ੍ਹਾਂ ਵਿਚੋਂ ਕੁਝ ਦੀ ਸੂਚੀ ਦੇਣ ਤੋਂ ਪਹਿਲਾਂ ਸਤਿਗੁਰਾਂ ਦੀ ਇਸ ਚਿਤਾਵਨੀ--**ਨਿਕਟਿ ਬੁਝੈ ਸੋ ਬੁਰਾ ਕਿਉਂ ਕਰੈ ॥** ਦੀ ਯਾਦ ਦੀ ਮਹੱਤਤਾ ਸਮਝਾਉਣ ਵਾਲਾ ਇਕ ਹੋਰ ਗੁਰੂ ਸ਼ਬਦ ਵਿਚਾਰ ਲਈਏ :--

੫੬- **ਹਰਿ ਭਜਿ ਆਨ ਕਰਮ ਬਿਕਾਰ ॥ ਮਾਨ ਮੋਹੁ ਨ ਬੁਝਤ ਤ੍ਰਿਸਨਾ, ਕਾਲ ਗ੍ਰਸ ਸੰਸਾਰ ॥ ੧ ॥ ਰਹਾਉ ॥ ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ ॥ ਨਰਕ ਉਦਰਿ ਭ੍ਰਮੰਤ ਜਲਤੋ ਜਮਹਿ ਕੀਨੀ ਸਾਰ ॥ ੧ ॥ ਪਰ ਦ੍ਰੋਹ ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ ॥ ਬਿਨਾ ਸਤਿਗੁਰ ਬੂਝ ਨਾਹੀ, ਤਮ ਮੋਹ ਮਹਾਂ ਅੰਧਾਰ ॥ ੨ ॥ ਬਿਖੁ ਠਗਉਰੀ**

**ਖਾਇ ਮੂਠੋ ਚਿਤਿ ਨ ਸਿਰਜਨਹਾਰ ॥ ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ ॥ ੩ ॥**[੧੨੨੯]-੧-੧੨੯

**ਅਰਥ**:--ਪਰਮਾਤਮਾ ਦੇ ਭਜਨ ਤੋਂ ਬਿਨਾ ਹੋਰ ਧਰਮ-ਕਰਮ ਨਿਸਫਲ ਹਨ । (ਹੋਰ ਹੋਰ ਦ੍ਰਿਸ਼ਟਮਾਨ ਧਰਮ ਕਰਮਾਂ ਨਾਲ) ਹੰਕਾਰ ਤੇ ਮੋਹ (ਪੈਦਾ ਹੁੰਦਾ ਹੈ) ਤ੍ਰਿਸ਼ਨਾ ਨਹੀਂ ਮਿਟਦੀ, ਦੁਨੀਆਂ ਆਤਮਕ ਮੌਤ ਵਿਚ ਫਸੀ ਰਹਿੰਦੀ ਹੈ **। ੧ । ਰਹਾਉ ।** ਖਾਂਦਿਆਂ ਪੀਂਦਿਆਂ ਹੱਸਦਿਆਂ ਸੁਤਿਆਂ (ਇਸੇ ਤਰ੍ਹਾਂ ਮਨੁੱਖ ਦੀ) ਉਮਰ ਬੇ-ਸਮਝੀ ਵਿਚ ਬੀਤਦੀ ਜਾਂਦੀ ਹੈ । ਨਰਕ ਸਮਾਨ ਹਰੇਕ ਜੂਨ ਵਿਚ ਜੀਵ ਭਟਕਦਾ ਹੈ ਅਤੇ ਦੁਖੀ ਹੁੰਦਾ ਹੈ, ਜਮਾਂ ਦੇ ਵੱਸ ਪਿਆ ਰਹਿੰਦਾ ਹੈ **। ੧ ।** (ਪ੍ਰਭੂ ਦੀ ਯਾਦ ਵਿਸਾਰ ਕੇ) ਮਨੁੱਖ ਦੂਜਿਆਂ ਨਾਲ ਠੱਗੀਆਂ ਕਰਨ (ਵਿਚ ਝਿਜਕ ਨਹੀਂ ਮੰਨਦਾ) ਨਿੰਦਾ ਆਦਿਕ ਕੁਕਰਮ ਕਰਦਾ ਹੈ ਅਤੇ ਬੇ-ਪਰਵਾਹ ਹੋ ਕੇ ਪਾਪਾਂ ਵਿਚ ਮਸਤ ਰਹਿੰਦਾ ਹੈ । ਸਤਿਗੁਰਾਂ (ਦੀ ਸਰਨੀ ਪੈ ਕੇ ਉਨ੍ਹਾਂ ਦੇ ਹਕਮ ਵਿਚ ਤੁਰਨ) ਤੋਂ ਬਿਨਾ (ਮਨੁੱਖ ਨੂੰ) ਆਤਮਕ ਜੀਵਨ ਦੀ ਸਮਝ ਨਹੀਂ ਆਉਂਦੀ, ਮੋਹ ਦੇ ਬੜੇ ਘੁੱਪ ਹਨੇਰੇ ਵਿਚ ਪਿਆ ਰਹਿੰਦਾ ਹੈ **। ੨ ।** (ਸਤਿਗੁਰਾਂ ਤੋਂ ਬੇਮੁਖ ਹੋਇਆ ਮਨੁੱਖ) ਆਤਮਕ ਮੌਤ ਲਿਆਉਣ ਵਾਲੀ ਮਾਇਆ-ਠਗ-ਬੂਟੀ ਖਾ ਕੇ (ਆਤਮਕ ਸਰਮਾਏ ਵਲੋਂ) ਲੁਟਿਆ ਜਾਂਦਾ ਹੈ, ਇਸ ਦੇ ਮਨ ਵਿਚ ਪਰਮਾਤਮਾ ਦੀ ਯਾਦ ਨਹੀਂ ਹੁੰਦੀ, ਹਉਮੈ ਵਾਲੀ ਮਨ-ਮਤਿ ਦੇ ਕਾਰਨ ਹਾਥੀ ਵਾਂਗ (ਫੁਲਿਆ ਰਹਿੰਦਾ ਹੈ ਇਸ ਦੇ ਅੰਦਰ ਹੀ) ਪਰਮਾਤਮਾ ਛੁਪਿਆ ਬੈਠਾ ਹੈ, ਪਰ ਉਸ ਤੋਂ ਵੱਖਾਰ ਹੀ ਰਹਿੰਦਾ ਹੈ । (ਭਾਵ, ਅੰਦਰ ਹੀ ਬੈਠੇ ਪਰਮਾਤਮਾ ਨੂੰ ਵੇਖ ਸਕਣ ਵਾਲੀ ਅੱਖ ਨੂੰ ਕੇਵਲ ਸਤਿਗੁਰੂ ਜੀ ਦਾ ਸ਼ਬਦ-ਗਿਆਨ ਹੀ ਖੋਹਲਦਾ ਹੈ । ਸਤਿਗੁਰਾਂ ਤੋਂ ਬੇਮੁਖਤਾਈ ਨਰਕੀ ਦੁਖਾਂ ਦਾ ਕਾਰਨ ਬਣਦੀ ਹੈ)।

ਅਜੇਹੇ ਹੋਰ ਗੁਰੂ ਸ਼ਬਦਾਂ ਦੀ ਸੂਚੀ:--

| | | | | | |
|---|---|---|---|---|---|
| ੧= [੬੪]-ਅਸਟ-੭(ਰਹਾ) | ੨= [੧੯੯]-੯੬- ੧੬੫(ਰਹਾ) | ੩= [੧੧੪]-ਅਸਟ-੮-੯(੪) | ੪= [੧੪੩=[੧੪੩]ਵਾ-੧੨ | ੫=[੧੫੮]-੧-੨੧(੩) | ੬= [੧੫੯]-੫-੨੫ |
| ੭=[੪੬੦]-੨-੧੧ | ੮= [੪੬੧]-੪-੧੩(੧) | ੯= [੪੭੧]-ਵਾ-੧੫(੧) | ੧੦=[੫੫੭]-੨(੨) | ੧੧=[੬੨੧]-੩-੫੩(ਰਹਾ) | ੧੨=[੬੭੩]-੯(੧) |
| ੧੩=[੬੮੬]-੨ (੭) | ੧੪=[੮੪੧]-ਵਾਰ ਸਤ(੪) | ੧੫=[੭੦੨]-੮-੧੨ | ੧੬=[੯੫੧]-ਵਾ-੧੧(੨) | ੧੭=[੯੬੭]-੬ | ੧੮=[੧੦੮੮]-ਵਾ-੫(੨) |
| ੧੯=[੧੨੬੦]-੯(੩) | ੨੦[੧੨੬੦]-੮(੨) | ੨੧=[੨੪]-੨੯-(ਰਹਾ) | ੨੨=[੨੪]੩੦(੩) | ੨੩=[੫੯੯]-੧-੧੨ | ੨੪=[੯੦]-ਵਾ-੨੦ |
| ੨੫=[੮੩੯]-੯ | ੨੬=[੫੯੯]-੧-੧੨ | ੨੭=[੯੯੦]-੩(੧) | ੨੮=[੫੫੩]-ਵਾਰ-੧੨ | ੨੯=[੮੩੯]-੯ | ੩੦=[੯੦੪]-੪ |
| ੩੧=[੬੨]-੧੪(੫) | ੩੨=[੨੬]-੨-੩੫ | ੩੩=[੭੪੨]-੨੩-੨੧ | ੩੪=[੫੧੨]-ਵਾ-੯ | ੩੫=[੧੫੪]-੧-੧੩ | ੩੬=[੧੮]-੧੨(੨) |
| ੩੭=[੫੦]-੨੩-੯੩(੩) | ੩੮=[੯੦]-ਵਾਰ-੨੦ | ੩੯=[੧੮੩]-੨੪-੯੩ | ੪੦=[੨੨੩]-੬(੩) | ੪੧=[੨੨੪]-੮(੩) | ੪੨=[੬੦੮]-੨ (੨) |
| ੪੩=[੩੭੦]-੩(ਰਹਾ) | ੪੪=[੧੧੬੮]-੩(੪) | ੪੫=[੧੦੫੯]-੧-੧੫ | ੪੬=[੧੦੯੯]-ਵਾ-੧੪ | ੪੭=[੧੩੫੧] | ੪੮=[੧੧੮੮]-੩ |
| ੪੯=[੧੧੯੦]-੬(੧) | ੫੦=[੪੮੮]-੧ | ੫੧=[੮੩੨]-੧-੩(੮) | | | |

ਚੜ੍ਹਦੀ ਕਲਾ ਵਾਲਾ ਬਾਣਾ ਅਤੇ ਪੰਜ ਕਕਾਰ ਦੀ ਰਹਿਣੀ ਗੁਰਮਖਾਂ ਵਾਲੀ ਸਰਬ ਸ੍ਰੇਸ਼ਟ ਕਰਣੀ ਤੋਂ ਬਿਨਾ ਕਿਸੇ ਅਰਥ ਨਹੀਂ । ਗੁਰੂ ਨਾਨਕ ਜੀ ਦੀ ਸਿੱਖੀ ਅਤੇ ਸਰੂਪ ਲਈ ਇਨ੍ਹਾਂ ਦੋਹਾਂ ਦਾ **ਤਾਣੇ-ਪੇਟੇ** ਵਾਲਾ ਸੰਬੰਧ ਹੈ :--

੫੭- **ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥ ਮੈਲੁ ਨ ਲਾਗੈ ਸਚਿ ਸਮਾਵੈ ॥ ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥ ੪ ॥ ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥ ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥ ੫ ॥ ਗੁਰਮੁਖਿ ਸਚੀ ਊਤਮ ਬਾਣੀ ॥ ਗੁਰਮੁਖਿ ਸਚੋ ਸਚੁ ਵਖਾਣੀ ॥ ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ ॥ ੬ ॥ ਗੁਰਮੁਖਿ ਹੋਵੈ ਸੁ ਸੋਝੀ ਪਾਏ ॥ ਹਉਮੈ ਮਾਇਆ ਭਰਮੁ ਗਵਾਏ ॥ ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ ॥੭॥ ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥ ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ ॥ ੮ ॥ ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ ॥ ਸਚੈ ਨਾਮਿ ਸਦਾ ਲਿਵ ਲਾਏ ॥ ਜੋ ਤਿਸੁ ਭਾਵੈ ਸੋਈ ਕਰਸੀ ਜੋ ਸਚੇ ਮਨਿ ਭਾਇਦਾ ॥ ੯ ॥** [੧੦੫੮]-੧-੧੫

੧੦

## ਅਨੋਖਾ ਚਮਤਕਾਰ

" **ਪ੍ਰੀਖਿਆ** " ਅਤੇ " **ਅੰਮ੍ਰਿਤ ਸਮਾਗਮ** ", ਦਸ਼ਮੇਸ਼ ਜੀ ਦਾ ਬੜਾ ਮਹਾਨ ਚਮਤਕਾਰੀ ਸਿਟਿਆਂ ਵਾਲਾ ਅਨੂਪਮ ਕੌਤਕ ਸੀ । ਇਸ ਮਹਾਨ ਸਾਕੇ ਨੇ ਸਿਖੀ ਸਿਦਕ ਨੂੰ ਅਜੇਹੀ ਪਾਣ ਚਾੜ੍ਹ ਦਿੱਤੀ, ਕਿ ਜ਼ਾਲਮਾਂ ਵਿਚੋਂ ਵਡੇ ਜ਼ਾਲਮ, ਤੰਗ ਦਿਲ ਤੇ ਮੁਤਅੱਸਬ ਮੁਗ਼ਲ-ਸਮਰਾਟਾਂ ਦੇ ਅਤੇ ਕਮੀਨੇ ਤੋਂ ਕਮੀਨੇ ਪਹਾੜੀ ਰਾਜਿਆਂ ਦੇ ਮਿਲਵੇਂ ਜ਼ੁਲਮੀ ਹੱਲੇ, ਸਿੱਖੀ ਸਰੂਪ ਦਾ ਅਥਵਾ ਸਿੱਖੀ ਆਚਰਨ ਦੇ ਸ਼ਾਨਦਾਰ ਮਹਲ ਦਾ ਮਾਮੂਲੀ ਕਿੰਗਰਾ ਵੀ ਨਾ ਭੋਰ ਸਕੇ । ਗੁਰੂ ਦਾ ਸਿੰਘ ਚੜ੍ਹਦੀ ਕਲਾ ਵਾਲੀਆਂ ਤਰੱਕੀਆਂ ਦੇ ਸਿਖਰ ਵਲ ਨੂੰ ਛਾਲਾਂ ਮਾਰਦਾ ਨਿਰੰਤਰ ਚੜ੍ਹਦਾ ਗਿਆ ।

ਗੁਰਮੁਖਤਾਈ ਵਾਲੇ ਮਰ-ਜੀਵੜੇ ਸਿਖੀ-ਜੀਵਨੀ ਨੇ ਹੀ ਸਾਨੂੰ ਗੁਰੂ ਨਾਨਕ ਜੀ ਨਾਲ ਜੋੜੀ ਰੱਖਣਾ ਹੈ । ਉੱਚੇ ਅਤੇ ਸੁੱਚੇ ਆਚਰਨ ਦੇ ਨਾਲ ਦਸਵੇਂ ਸਰੂਪ ਵਿਚ ਵਿਚਰਦਿਆਂ ਜਿਹੜੀ ਪੰਜ ਕਕਾਰਾਂ ਵਾਲੇ ਸਰੂਪ ਦੀ ਬਖ਼ਸ਼ਸ਼ ਹੋਈ ਹੈ ਉਸ ਨੂੰ ਪਰਮਾਤਮਾ ਦੀ ਨਿੱਜ ਮੌਜ ਤੋਂ ਮਿਲਿਆ ਪ੍ਰਸ਼ਾਦ ਸਮਝਣ ਵਿਚ ਦਸੇ ਪਾਤਸ਼ਾਹੀਆਂ ਵਿਚ ਵਿਚਰਦੇ ਰਹਿਣ ਵਾਲੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਖ਼ੁਸ਼ੀ ਹੈ। ਨਿਆਰਾ ਆਚਰਨ ਅਤੇ ਨਿਆਰੀ ਮੂਰਤਿ ਹੀ ਗੁਰੂ ਨਾਨਕ ਜੀ ਦੀ ਸਿੱਖੀ ਹੈ। ਦੋਹਾਂ ਵਿਚੋਂ ਕਿਸੇ ਪ੍ਰਤੀ ਵੀ ਢਿੱਲ ਕਰਨੀ ਸਿੱਖੀ ਨਹੀਂ ਹੈ। ਜਿਸ ਦਿਨ ਇਨ੍ਹਾਂ ਦੋਹਾਂ ਨਿਆਰੀਆਂ ਦਾਤਾਂ ਵਲੋਂ ਸਿੱਖ ਨੇ ਮੂੰਹ ਫੇਰ ਲਿਆ ਉਹ ਦਿਨ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦਾ ਆਖ਼ਰੀ ਦਿਨ ਹੋਵੇਗਾ । ਅਜੇਹੀ ਦੁਖਦਾਈ ਹਾਲਤ ਵਿਚ ਪੈ ਜਾਣ ਤੋਂ ਸਦਾ ਲਈ ਬਚਾਈ ਰੱਖਣ ਲਈ ਹੀ ਸਤਿਗੁਰਾਂ ਨੇ ਅੰਮ੍ਰਿਤ ਸਮਾਗਮ ਰਚ ਕੇ ਅਗਾਂਹ ਹੋਰਨਾਂ ਨੂੰ ਅੰਮ੍ਰਿਤਧਾਰੀ ਬਣਾ ਸਕਣ ਦਾ ਅਧਿਕਾਰ ਪੰਜ ਸਿੰਘਾ ਨੂੰ ਦੇ ਦੇਣਾ ਦਸ਼ਮੇਸ਼ ਦਾ ਸਾਡੇ ਤੇ ਨਿਆਰਾ ਉਪਕਾਰ ਹੈ । ਅਤੇ ਫਿਰ ਜਿਸ ਘੋਰ ਯੁੱਧ ਵਿਚ ਦੋ ਸਹਿਜ਼ਾਦਿਆਂ ਸਮੇ ਸਾਥੀ ਗੁਰਸਿੱਖਾਂ ਦੇ ਮਗਰੋਂ ਸਤਿਗੁਰਾਂ ਦੀ ਸ਼ਹੀਦੀ ਵੀ ਯਕੀਨੀ ਬਣ ਖਲੋਤੀ ਸੀ ਉਸ ਚਮਕੌਰ ਦੀ ਗੜ੍ਹੀ ਦੁਆਲੇ ਪਏ ਲੱਖਾਂ ਵੈਰੀਆਂ ਦੇ ਘੇਰੇ ਵਿਚੋਂ ਨਿਕਲ ਕੇ ਖ਼ਾਲਸਾ ਪੰਥ ਨੂੰ ਸਰਬ-ਕਾਲੀ ਅਤੇ ਸਰਬ-ਥਾਨੀ ਅਨੂਪਮ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣਾ ਦਸ਼ਮੇਸ਼ ਜੀ ਬੜਾ ਹੀ

**ਅਨੋਖਾ ਚਮਤਕਾਰ** ਹੈ । ਗੁਰੂ ਗ੍ਰੰਥ ਸਾਹਿਬ ਹੀ ਅੱਜ ਸਾਡੇ ਲਈ ਗੁਰੂ ਨਾਨਕ **. . .** ਗੁਰੂ ਗੋਬਿੰਦ ਸਿੰਘ ਜੀ ਹਨ । ਇਸ ਕਾਮਲ ਸਤਿਗੁਰੂ ਜੀ ਦਾ ਸ਼ਬਦ-ਗਿਆਨ ਹੀ ਸਾਡੀ ਹੋਂਦ ਦਾ ਰਾਖਾ ਹੈ । ਸ਼ਬਦ ਵਿਚਾਰ ਤੋਂ ਮਿਲਦੀ ਸੇਧ ਅਨੁਸਾਰ ਆਪਣਾ ਜੀਵਨ ਬਣਾਉਣਾ ਅਤੇ ਪੰਜ ਕਕਾਰਾਂ ਵਾਲੇ ਸਿੰਘ-ਸਰੂਪ ਦੀ ਸੰਭਾਲ, ਸੰਸਾਰ ਲਈ ਦਸਾਂ ਸਤਿਗੁਰਾਂ ਦੇ ਦਰਸ਼ਨ ਹਨ । ਗੁਰੂ ਨਾਨਕ ਜੀ ਦੇ ਦਸਾਂ ਸਰੂਪਾ ਦੇ ਇਸ **ਅਨੋਖੇ ਅਤੇ ਦੈਵੀ ਚਮਤਕਾਰ ਦੀ** ਆਭਾ ਚਮਕਾਈ ਰਖਣੀ ਹੀ ਅਸਲ ਸਿੱਖੀ ਹੈ । ਜੇ ਅਸੀਂ ਸਤਿਗੁਰਾਂ ਦੇ ਇਸ ਚਮਤਕਾਰ ਦੀ ਅਸਲੀਯਤ ਨੂੰ ਸਮਝ ਕੇ ਉਸ ਅਨੁਸਾਰ ਜੀਵਨੀ ਬਣਾ ਲਈ ਤਦ ਹੀ ਸਤਿਗੁਰੂ-ਪਰਮੇਸ਼ਰ ਜੀ ਸੰਸਾਰੀ ਦੁਖਾਂ ਵਿਚ ਸਾਡੇ ਰਖਵਾਲੇ ਹਨ, ਅਤੇ ਤਦ ਹੀ ਸੰਸਾਰ ਵਿਚ ਅਸੀਂ ਚਮਤਕਾਰੀ ਪ੍ਰਾਪਤੀਆਂ ਕਰ ਸਕਾਂਗੇ---

੫੮- **ਰਾਮ ਗੁਰ ਸਰਨਿ ਪ੍ਰਭੂ ਰਖਵਾਰੇ ॥ ਜਿਉ ਕੁੰਚਰ ਤਦੂਐ ਪਕਰਿ ਚਲਾਇਓ ਕਰਿ ਊਪਰੁ ਕਢਿ ਨਿਸਤਾਰੇ ॥ ੧ ॥**
**ਰਹਾਉ ॥ ਪ੍ਰਭ ਕੇ ਸੇਵਕ ਬਹੁਤੁ ਅਤਿ ਨੀਕੇ ਮਨਿ ਸਰਧਾ ਕਰਿ ਹਰਿ ਧਾਰੇ ॥ ਮੇਰੇ ਪ੍ਰਭਿ ਸਰਧਾ ਭਗਤਿ ਮਨਿ**
**ਭਾਵੈ ਜਨ ਕੀ ਪੈਜ ਸਵਾਰੇ ॥ ੧ ॥ ਹਰਿ ਹਰਿ ਸੇਵਕੁ ਸੇਵਾ ਲਾਗੈ ਸਭੁ ਦੇਖੈ ਬ੍ਰਹਮ ਪਸਾਰੇ ॥ ਏਕੁ ਪੁਰਖੁ ਇਕੁ**
**ਨਦਰੀ ਆਵੈ ਸਭ ਏਕਾ ਨਦਰਿ ਨਿਹਾਰੇ ॥ ੨ ॥ ਹਰਿ ਪ੍ਰਭੁ ਠਾਕੁਰੁ ਰਵਿਆ ਸਭ ਠਾਈ ਸਭੁ ਚੇਰੀ ਜਗਤੁ ਸਮਾਰੇ ॥**
**ਆਪਿ ਦਇਆਲੁ ਦਇਆ ਦਾਨੁ ਦੇਵੈ ਵਿਚਿ ਪਾਥਰ ਕੀਰੇ ਕਾਰੇ ॥ ੩ ॥ ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ**
**ਭੂਲਾ ਮਿਰਗੁ ਸਿਙ੍ਹਾਰੇ ॥ ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ ॥**
**੪ ॥ ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰਬਾਣੀ ਕਹੈ ਸੇਵਕੁ ਜਨੁ**
**ਮਾਨੈ ਪਰਤਖਿ ਗੁਰੂ ਨਿਸਤਾਰੇ ॥ ੫ ॥ ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ ॥ ਜਿਉ**
**ਜਨ ਚੰਦ੍ਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ ॥ ੬ ॥ ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ ਪ੍ਰਭ ਜਨ ਕੇ**
**ਸਾਸ ਨਿਹਾਰੇ ॥ ਕ੍ਰਿਪਾ ਕ੍ਰਿਪਾ ਕਰਿ ਭਗਤਿ ਦ੍ਰਿੜਾਏ ਜਨ ਪੀਛੈ ਜਗੁ ਨਿਸਤਾਰੇ ॥ ੭ ॥ ਆਪਨ ਆਪਿ ਆਪਿ ਪ੍ਰਭੁ**
**ਠਾਕੁਰੁ ਪ੍ਰਭੁ ਆਪੇ ਸ੍ਰਿਸਟਿ ਸਵਾਰੇ ॥ ਜਨ ਨਾਨਕ ਆਪੇ ਆਪਿ ਸਭੁ ਵਰਤੈ ਕਰਿ ਕ੍ਰਿਪਾ ਆਪਿ ਨਿਸਤਾਰੇ ॥ ੮ ॥**[੯੮੨]-੪

## ੧੧

## ' ਪੰਜ ' ਗਿਣਤ ਨਾਲ ਗੁਰਮਤਿ ਦੀ ਸਾਂਝ ?

ਇਸ ਮਰਯਾਦਾ ਬਾਰੇ ਪੜ੍ਹਦੇ ਸੁਣਦੇ ਆ ਰਹੇ ਹਾਂ ਕਿ ਗੁਰ ਗੱਦੀ ਸੌਂਪਣ ਸਮੇਂ ਪੰਜ ਪੈਸੇ ਭੇਟਾ ਕੀਤੇ ਜਾਂਦੇ ਸਨ । " ਪੰਜੀਂ " ਪਰਮੇਸ਼ਰ ਦਾ ਸਿਧਾਂਤ ਵੀ ਹੈ । ਅਤੇ ਫਿਰ ਪੰਜਵੇਂ ਜਾਂਮੇ ਵਿਚ ਸਤਿਗੁਰਾਂ ਨੇ ਰਲੇ ਵਾਲੀ ਖੋਟੀ ਬਾਣੀ ਕੱਢ ਕੇ ਸਾਰੀ ਗੁਰਬਾਣੀ ਨੂੰ (ਗੁਰੂ) ਗ੍ਰੰਥ ਸਾਹਿਬ ਦੇ ਸਰੂਪ ਵਿਚ ਸੁਰੱਖਿਅਤ ਕੀਤਾ, ਅਤੇ ਸਚਾਈ ਦੀ ਰਖਿਆ ਕਰਦਿਆਂ ਘੋਰ ਤਸੀਹੇ ਝੱਲਦਿਆਂ ਖਿੜੇ ਮੱਥੇ ਸ਼ਹੀਦੀ ਪਾਉਣ ਦੇ ਪੂਰਨੇ ਪਾਉਣ ਦੀ ਪਹਿਲ ਵੀ ਪੰਜਵੇਂ ਜਾਮੇ ਵਿਚ ਹੀ ਕੀਤੀ । ਪੰਜ ਦੀ ਦੂਜੀ ਗਿਣਤੀ ਸਮੇਂ ਭਾਵ, ਦਸਵੇਂ ਸਰੂਪ ਸਮੇ ਗੁਰਦੇਵ ਜੀ ਨੇ ਕਈ ਨਿਆਰੇ ਕੌਤਕ ਵਰਤਾਏ--ਸਰਬੰਸ ਕੁਰਬਾਨ ਕਰਦਿਆਂ ਬਾਹਾਦਰੀ ਅਤੇ ਕੁਰਬਾਨੀ ਦੀ ਅਨੂਪੰਮ ਮਿਸਾਲ ਕਾਇਮ ਕੀਤੀ । ਦੇਗ਼ ਵਿਚੋਂ ਦਾਣਾ ਟੋਹਣ ਦੀ ਗੱਲ ਪੰਜਾਂ ਤੋਂ ਵੱਧ ਘੱਟ ਦੀ ਗਿਣਤੀ ਨਾਲ ਵੀ ਪੂਰੀ ਕੀਤੀ ਜਾ ਸਕਦੀ ਸੀ । ਪਰ ਲੱਗ-ਪਗ ਇੱਕ ਲੱਖ ਦੀ ਗਿਣਤੀ ਵਿਚੋਂ ਛੇਵਾਂ ਸੀਸ ਮੰਗਿਆ ਹੀ ਨਾ , ਪੂਰੇ ਪੰਜ ਸੀਸ ਮੰਗ ਕੇ ਸਮਾਪਤੀ ਹੋ ਗਈ। । ਪੰਜਾਂ ਬਾਣੀਆਂ ਦਾ ਨਿਤਨੇਮ ਅਤੇ ਫਿਰ ਕਕਾਰ ਵੀ ਪੰਜੇ ਹੀ ਮਿਥੇ ਗਏ । ਪੰਜਵੇਂ ਸਰੂਪ ਸਮੇਂ ਕਰੜੇ ਤਸੀਹੇ ਝੱਲਦਿਆਂ ਸ਼ਾਂਤ ਰਹਿ ਕੇ ਸਚਾਈ ਦੀ ਰਾਖੀ ਕਰਦਿਆਂ ਸ਼ਹੀਦੀ ਪਾ ਲੈਣ ਦੇ ਪੂਰਨੇ ਪਾਏ ਅਤੇ ਪੰਜਵੇਂ ਸਰੂਪ ਸਮੇਂ ਹੀ ਗੁਰਬਾਣੀ ਦਾ ਬੋਹਿਥ ਅਜੇਹੇ ਪਾਵਨ ਗ੍ਰੰਥ ਤਿਆਰ ਕੀਤਾ । ਐਨ ਪੰਜ ਦੀ ਹੀ ਹੋਰ ਗਣਤੀ ਪੂਰੀ ਹੋਣ ਦੇ ਦਸਵੇਂ ਜਾਮੇ ਵਿਚ ਉਹੀ ਗ੍ਰੰਥ ਸਾਹਿਬ ਮਨੁੱਖਤਾ ਦੇ ਸਦੀਵੀ ਰਹਿਬਰ ਥਾਪ ਦਿੱਤੇ ਗਏ। ਅਤੇ ਉਚੇਚੇ ਤੌਰ ਤੇ ' ਸਭ ਸਿੱਖਨ ਕੋ ਹੁਕਮ ਹੋਇਆ ' ਕਿ ਉਹ ਅੱਗੇ ਤੋਂ ਕਿਸੇ ਦੇਹ ਧਾਰੀ ਨੂੰ ਗੁਰੂ ਕਦੇ ਨਾ ਮੰਨਣ ਸਗੋਂ ਆਪਣਾ ਸਦੀਵੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ । ਹੈਰਾਨੀ ਹੁੰਦੀ ਰਹੀ ਸੀ ਕਿ ਗੁਰੂ ਨਾਨਕ ਪਾਤਸ਼ਾਹ ਜੀ ਦਾ **ਪੰਜ** ਦੀ ਗਿਣਤੀ ਨਾਲ ਕੀ ਸੰਬੰਧ ਹੈ ?

ਹਿਰਦੇ ਵਿਚ ਉਠਦੇ ਇਸ ਪ੍ਰਸ਼ਨ ਦਾ ਉੱਤਰ ਕਿਸ ਕੋਲੋਂ ਪੁਛਿਆ ਜਾਵੇ ? ਮਨ ਦੀ ਕਮਜ਼ੋਰੀ ਦੇ ਕਾਰਨ ਇਹ ਝਿਜਕ ਉਪਜਦੀ ਰਹੀ ਕਿ ਜੇ ਕਿਸੇ ਪੰਥਕ ਵਿਦਵਾਨ ਕੋਲੋਂ ਪੁਛਿਆ ਤਾਂ ਹੋ ਸਕਦਾ ਹੈ ਦਾਸ ਦੀ ਇਹ ਪੁੱਛ ਹਾਸੋ ਹੀਣੀ ਸਮਝੀ ਜਾਵੇ। ਵਿਦਵਾਨਾਂ ਦੀਆਂ ਪੁਸਤਕਾਂ ਵਿਚੋਂ ਇਸ ਵਿਸ਼ੇ ਬਾਰੇ ਕੁਝ ਵੀ ਲਿਖਿਆ ਹੋਇਆ ਨਾ ਮਿਲ ਸਕਿਆ। ਫਿਰ ਫ਼ਿਟਕਾਰ ਪਈ ਕਿ ਗੁਰੂ ਗ੍ਰੰਥ ਸਹਿਬ ਜੀ ਨੂੰ ਛੱਡ ਕੇ ਕਿਸੇ ਦੂਜੇ ਕੋਲ ਕਿਸੇ ਪ੍ਰਕਾਰ ਦਾ ਵੀ ਦੁੱਖ ਰੋਣ ਦੀ ਵਿਚਾਰ ਕਿਉ ਕੀਤੀ ਜਾਵੇ ? ਇਕਾਗਰਤਾ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਭਰੀ ਅਤੇ ਗੁਰੂ ਬਾਣੀ ਵਿਚਾਰ ਤੋਂ ਗੁਰਦੇਵ ਜੀ ਦੀ ਮਿਹਰ ਨਾਲ ਦਾਸ ਦੇ ਸ਼ੰਕੇ ਦਾ ਅਜੇਹਾ ਉੱਤਰ ਮਿਲਿਆ ਕਿ ਹਿਰਦਾ ਗਦ ਗਦ ਹੋ ਗਿਆ ਅਤੇ ਰਸਨਾ ਤੋਂ " ਧੰਨ ਸਤਿਗੁਰੂ ਨਾਨਕ ਨਿਰੰਕਾਰੀ ਜੀ " ਜਾਪ ਵਹਿ ਤੁਰਿਆ । ਗੁਰਬਾਣੀ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ, ਪੰਜ ਦੀ ਗਿਣਤੀ ਨਾਲ ਸਿਰਜਣ ਹਾਰ ਦਾ ਬੜਾ ਡੂੰਘਾ ਸੰਬੰਧ ਹੈ । ਅਤੇ ਫਿਰ ਉਸੇ ਸਿਰਜਣਹਾਰ ਦੇ ਪਰਮ ਭਗਤ ਸ੍ਰੀ ਨਾਨਕ ਸਾਹਿਬ ਜੀ ਦਾ ਕੋਈ ਵੀ ਗੁਰਮਤਿ-ਸਿਧਾਂਤ **ਨਿਰੰਕਾਰ ਜੀ** ਦੇ ਹੁਕਮ ਤੋਂ ਬਾਹਰ ਕਿਵੇਂ ਹੋ ਸਕਦਾ ਸੀ ?

ਬਿੱਪ੍ਰਨ ਕੀ ਰੀਤ ਦੇ ਨਾਲ ਹੀ ਕਿਉਂਕਿ ਇਸ ਪੁਸਤਕ ਦੇ ਲਿਖਣ ਦਾ ਬਹੁਤਾ ਜ਼ਰੂਰੀ ਮੰਤਵ ਗੁਰਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਵੱਧ ਤੋਂ ਵੱਧ ਗਿਆਨ-ਸਿਧਾਂਤ ਤੋਂ ਜਾਣੂ ਕਰਾਉਣਾ ਵੀ ਹੈ, ਇਸ ਲਈ ਪਿੱਛੇ ਚਲ ਰਹੀ ਵਿਚਾਰ ਨੂੰ ਅੱਗੇ ਤੋਰਨ ਤੋਂ ਪਹਿਲਾਂ ਉਨ੍ਹਾਂ ਬੇਅੰਤ ਗੁਰੂ ਸ਼ਬਦਾਂ ਵਿਚੋਂ ਕੁਝ ਪਾਵਨ ਫ਼ੁਰਮਾਨਾਂ ਦੀ ਵਿਚਾਰ ਕਰ ਲਈਏ ਜਿਨ੍ਹਾਂ ਤੋਂ ਪੰਜ ਦੀ ਗਿਣਤੀ ਨਾਲ ਸਿਰਜਣ ਹਾਰ ਦੇ ਡੂੰਘੇ ਸੰਬੰਧ ਹੋਣ ਵਾਲੇ ਭੇਤ ਦੀ ਸਮਝ ਆਉਂਦੀ ਹੈ :--

### (ੳ) ਪੰਜ ਤੱਤ--

੫੯- **ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥ ਤਿਨ ਮਹਿ ਪੰਚ ਤਤੁ ਘਰਿ ਵਾਸਾ ॥**
**ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥ ੬ ॥**[੧੦੩੧]-੫-੧੧

**ਅਰਥ**:--ਪਾਣੀ, ਅੱਗ, ਹਵਾ, ਧਰਤੀ ਤੇ ਆਕਾਸ਼--ਇਨ੍ਹਾਂ ਪੰਜਾਂ ਦੇ ਮੇਲ ਦੀ ਰਾਹੀਂ ਪਰਮਾਤਮਾ ਨੇ ਪੰਜ-ਤੱਤੀ ਘਰ ਬਣਾ ਦਿੱਤਾ ਉਸ ਘਰ ਵਿਚ ਜੀਵਾਤਮਾ ਦਾ ਨਿਵਾਸ ਕਰ ਦਿੱਤਾ । ਜਿਹੜੇ ਜੀਵ ਸਤਿਗੁਰੂ ਦੇ ਸ਼ਬਦ ਵਿਚ ਜੁੜਦੇ ਹਨ ਉਹ ਮਾਇਆ ਦੀ ਹਉਮੈ ਤੇ ਮਾਇਆ ਦੀ ਖ਼ਾਤਰ ਭਟਕਣਾ ਛੱਡ ਕੇ ਪਰਮਾਤਮਾ ਦੇ ਪ੍ਰੇਮ-ਰੰਗ ਵਿਚ ਰੰਗੇ ਰਹਿੰਦੇ ਹਨ ।

੬੦- **ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥ ਐਸੀ ਰਹਤ ਰਹਉ ਹਰਿ ਪਾਸਾ ॥--੪ ॥** [੩੨੭]-੧੮

## (ਅ) ਪੰਜ ਤੱਤਾਂ ਦੀ ਸਾਰੀ ਰਚਨਾ--

੬੧- **ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ* ਆਪਿ ਪਾਵੈ ॥**
**ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ ॥ ੨ ॥** [੭੨੦]-੩

**ਅਰਥ**:--ਪਰਮਾਤਮਾ ਨੇ ਆਪ ਹੀ ਆਪਣੇ ਆਪ ਤੋਂ ਪੰਜ ਤੱਤਾਂ ਦਾ ਜਗਤ-ਖਿਲਾਰਾ ਖਿਲਾਰਿਆ ਹੋਇਆ ਹੈ, ਆਪ ਹੀ ਇਨ੍ਹਾਂ ਤੱਤਾਂ ਵਿਚ ਪੰਜ ਵਿਸ਼ੇ (ਭਾਵ, ਕਾਮਾਦਿਕ ਪੰਜ ਵਿਕਾਰ) ਭਰੇ ਹੋਏ ਹਨ । (ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ)--ਪਰਮਾਤਮਾ ਆਪ ਹੀ ਆਪਣੇ ਸੇਵਕ ਨੂੰ (ਅਪਣੇ ਨਾਲ) ਮਿਲਾਉਂਦਾ ਹੈ ਅਤੇ ਘਪ ਹੀ (ਉਸ ਕਰਮਾ ਵਾਲੇ ਦੇ ਅੰਦਰੋਂ ਹਰੇਕ ਕਿਸਮ ਦੀ) ਖਿੱਚੋਤਾਣ ਮੁਕਾਉਂਦਾ ਹੈ । ੨ ।

[* **Foot note:---**ਗੁਰਮਤਿ ਦੇ ਇਸ ਪੱਖ ਨੂੰ ਨਹੀਂ ਭੁੱਲਣਾਂ ਕਿ ਕਾਮ ਕ੍ਰੋਧ ਲੋਭ ਮੋਹ ਹੰਕਾਰ ਪੰਜੇ ਵੀ ਪਰਮਾਤਮਾਂ ਤੋਂ ਹੀ ਬਣੇ ਹਨ ਅਤੇ ਅਭੁੱਲ ਪ੍ਰਭੂ ਤੋਂ ਨਾ ਹੀ ਕਦੇ ਕੋਈ ਭੁੱਲ ਹੋ ਸਕਦੀ ਹੈ ਅਤੇ ਨਾ ਹੀ ਵਿਅਰਥ ਦੀ ਦੁਖਦਾਈ ਕੋਈ ਚੀਜ ਹੀ ਕਦੇ ਬਣ ਸਕਦੀ ਹੈ । ਸਤਿਗੁਰਾਂ ਦਾ ਫ਼ੁਰਮਾਨ ਇਹ ਵੀ ਹੈ ਕਿ ਕਰਤੇ ਦਾ ਕੀਤਾ ਜਗਤ ਪਸਾਰਾ ਕਿਸੇ ਗੱਲੋਂ ਵੀ ਨਿੰਦਨਜੋਗ ਨਹੀਂ ਹੈ-**ਨਿੰਦਉ ਨਾਹੀ ਕਾਹੂ ਬਾਤੈ ਏਹੁ ਖਸਮ ਕਾ ਕੀਆ ॥- -੩ ॥** (੬੧੦-੯) । ਫਿਰ ਕਾਮਾਦਿਕ ਨੂੰ ਮਾੜਾ ਕਹਿਣ ਦਾ ਕਾਰਨ ਕੀ ? ਇਹ ਭੇਤ ਪੁਸਤਕ ਦੇ ਅਠਵੇਂ ਭਾਗ ਦੇ ਚੌਥਾ ਅਤੇ ਮੰਜਵੇ ਕਾਂਡ ਵਿਚ ਗੁਰਬਾਣੀ ਸ਼ਬਦ ਵਿਚਾਰ ਤੋਂ ਬੜੇ ਵਿਸਥਾਰ ਨਾਲ ਸਪੱਸ਼ਟ ਕੀਤਾ ਹੋਇਆ ਹੈ ]

੬੨- **ਪਾਂਚੈ ਪੰਚ ਤਤ ਬਿਸਥਾਰ ॥ ਕਨਿਕ ਕਾਮਿਨੀ ਜੁਗ ਬਿਉਹਾਰ ॥**
**ਪ੍ਰੇਮ ਸੁਧਾ ਰਸੁ ਪੀਵੈ ਕੋਇ ॥ ਜਰਾ ਮਰਣ ਦੁਖੁ ਫੇਰਿ ਨ ਹੋਇ ॥ ੬ ॥**[੩੪੩]-ਥਿੰਤੀ

**ਅਰਥ**:--ਇਹ ਜਗਤ ਪੰਜਾਂ ਤੱਤਾਂ ਤੋਂ (ਪ੍ਰਭੂ ਦਾ ਇਕ ਖੇਲ) ਬਣਿਆ ਹੈ (ਜੋ ਚਾਰ ਦਿਨਾ ਦੇ ਮੌਜ ਮੇਲੇ ਮਗਰੋਂ ਖ਼ਤਮ ਹੋ ਜਾਂਦਾ ਹੈ, ਪਰ ਇਹ ਗੱਲ ਵਿਸਾਰ ਕੇ ਜੀਵ) ਧਨ ਤੇ ਇਸਤ੍ਰੀ ਇਨ੍ਹਾਂ ਦੋਹਾਂ ਦੇ ਰੁਝੇਵੇਂ ਵਿਚ ਮਸਤ ਹੋ ਰਿਹਾ ਹੈ । ਏਥੇ ਕੋਈ ਵਿਰਲਾ ਮਨੁੱਖ ਹੈ ਜੋ ਪਰਮਾਤਮਾ ਦੇ ਪ੍ਰੇਮ-ਅੰਮ੍ਰਿਤ ਦਾ ਘੁਟ ਪੀਂਦਾ ਹੈ, (ਜੋ ਪੀਂਦਾ ਹੈ ਉਸ ਨੂੰ ਬੁਢੇਪੇ ਅਤੇ ਮੌਤ ਦਾ ਸਹਿਮ ਮੁੜ ਕਦੇ ਨਹੀਂ ਵਿਆਪਦਾ । ੬ ।

੬੩- **ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥**
**ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥ ੩ ॥**[੭੩੬]-੪-੧੫-੨੪

**ਅਰਥ**:--ਹੇ ਪ੍ਰਭੂ ! ਤੂੰ ਪੰਜ ਤੱਤ ਬਣਾ ਕੇ ਸਾਰੀ ਦੁਨੀਆਂ ਪੈਦਾ ਕੀਤੀ ਹੈ । ਜੇ (ਤੈਥੋਂ ਬਾਹਰਾ) ਜੀਵ ਪਾਸੋਂ ਕੁਝ ਹੋ ਸਕਦਾ ਹੋਵੇ, ਤਾਂ ਉਹ ਬੇਸ਼ੱਕ ਛੇਵਾਂ ਤੱਤ ਬਣਾ ਕੇ ਵਿਖਾ ਦੇਵੇ । ਹੇ ਪ੍ਰਭੂ ! ਕਈ ਜੀਵਾਂ ਨੂੰ ਤੂੰ ਗੁਰੂ ਮਿਲਾ ਕੇ ਆਤਮਕ ਜੀਵਨ ਦੀ ਸੂਝ ਬਖ਼ਸ਼ਦਾ ਹੈਂ । ਕਈ ਜੀਵਾਂ ਨੂੰ ਤੂੰ ਆਪਣੇ ਹੀ ਮਨ ਦੇ ਪਿਛੇ ਤੁਰਨ ਵਾਲਾ ਬਣਾ ਦਿੰਦਾ ਹੈਂ । ਫਿਰ ਉਹ (ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ) ਦੁਖੀ ਹੁੰਦਾ ਰਹਿੰਦਾ ਹੈ। ੩ ।

### (ੲ) ਪੰਜਾਂ ਤੱਤਾਂ ਦੀ ਕਾਇਆਂ

੬੪- **ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸੁ ਮਹਿ ਰਾਮ ਰਤਨੁ ਲੈ ਚੀਨੀ ॥**
**ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥ ੭ ॥** [੧੦੩੦]-੪-੧੦

**ਅਰਥ**:--ਇਸ ਸਰੀਰ ਵਿਚ, ਜੋ ਪਰਮਾਤਮਾ ਨੇ ਪੰਜ (ਵਿਰੋਧੀ) ਤੱਤ ਰਲਾ ਕੇ ਬਣਾਇਆ ਹੈ, ਪਰਮਾਤਮਾ ਨਾਮ ਖੋਜ ਕੇ ਲੱਭ ਲੈ । ਜਿਉਂ ਜਿਉਂ ਗੁਰੂ ਦੇ ਸ਼ਬਦ ਦੀ ਰਾਹੀਂ ਵਿਚਾਰ ਕਰੀਏ, ਤਿਉਂ ਤਿਉਂ ਇਹ ਸਮਝ ਆ ਜਾਂਦੀ ਹੈ ਕਿ) ਆਤਮਾਂ ਤੇ ਪਰਮਾਤਮਾ ਇਕ-ਰੂਪ ਹਨ । ੭ ।

੬੫- **ਪੰਚ ਤਤੁ ਮਿਲਿ ਇਹੁ ਤਨੁ ਕੀਆ ॥ ਆਤਮਰਾਮ ਪਾਏ ਸੁਖੁ ਥੀਆ ॥**
**ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿਨਾਮ ਰਤਨੁ ਮਨਿ ਪਾਇਆ ॥ ੭ ॥**[੧੦੩੯]-੧-੧੮

**ਅਰਥ**:--(ਪਰਮਾਤਮਾ ਦੀ ਰਜ਼ਾ ਵਿਚ) ਪੰਜਾਂ ਤੱਤਾਂ ਨੇ ਮਿਲ ਕੇ ਇਹ (ਮਨੁੱਖਾ) ਸਰੀਰ ਬਣਾਇਆ, ਜਿਸ ਮਨੁੱਖ ਨੇ ਉਸ ਸਰਬ-ਵਿਆਪਕ ਪ੍ਰਭੂ ਨੂੰ ਲਭ ਲਿਆ ਉਸ ਦੇ ਅੰਦਰ ਆਤਮਕ ਆਨੰਦ ਬਣ ਗਿਆ । (ਪਰਮਾਤਮਾ ਨਾਲ ਸੰਬੰਧ ਬਣਾਉਣ ਵਾਲੇ ਉਸ ਦੇ) ਕੰਮਾਂ ਅਥਵਾ ਉਦੱਮ ਨੂੰ ਉਹ ਨਾਮ-ਫਲ ਲੱਗਾ ਜਿਸ ਨੇ ਉਸ ਨੂੰ ਆਤਮਕ ਜੀਵਨ ਬਖ਼ਸ਼ਿਆ, ਉਸ ਨੇ ਆਪਣੇ ਮਨ ਵਿਚ ਹੀ ਪਰਮਾਤਮਾ ਦਾ ਨਾਮ-ਰਤਨ ਲੱਭ ਲਿਆ । ੭ ।

ਫਿਰ ਇਹ ਵੀ ਕੋਈ ਘੱਟ ਵਚਿਤ੍ਰ ਗੱਲ ਨਹੀਂ ਹੈ ਕਿ ਸਿਰਜਣਹਾਰ ਨੇ ਪੰਜ-ਤੱਤੀ ਸਰੀਰ ਦੇ ਹੱਥਾਂ ਪੈਰਾਂ ਦੀਆਂ ਉਂਗਲੀਆਂ ਵੀ ਪੰਜ ਪੰਜ ਹੀ ਬਣਾਈਆਂ ਹਨ ।

## ੧੨

## ਅੱਡ ਅੱਡ ਨਾਵਾਂ ਦੇ ਪੰਜ ਵਿਕਾਰ--

ਪੂਰੀ ਤਰ੍ਹਾਂ ਸਮਝ ਸਕਣ ਦੀ ਸੌਖ ਲਈ ਸਾਰਿਆਂ ਸੰਬਧਤ ਵਿਸ਼ਿਆਂ ਦੇ ਗੁਰੂ-ਸ਼ਬਦਾਂ ਨੂੰ ਅੱਡ ਅੱਡ ਕਰਕੇ ਅਰਥਾਂ ਸਮੇਤ ਲਿਖਿਆ ਗਿਆ ਹੈ । ਪਹਿਲਾ ਜ਼ਰੂਰੀ ਵਿਸ਼ਾ, **ਪੰਜ** ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਹੈ । ਇਨ੍ਹਾਂ ਪੰਜਾਂ ਦੇ ਪ੍ਰਭਾਵ ਵਿਚ ਆ ਕੇ, ਜੀਵ ਜਨਮ ਮਰਨ ਦੇ

ਗੇੜ ਵਿਚ ਪਿਆ ਧੱਕੇ ਖਾ ਰਿਹਾ ਹੈ । ਜੀਵਾਂ ਨੂੰ ਇਸ ਗੇੜ ਵਿਚ ਪਾਉਣ ਵਾਲੇ " ਕਾਦਰ " ਦੇ ਹੀ ਬਣਾਏ ਹੋਏ ਇਨ੍ਹਾਂ ਪੰਜਾਂ ਦੀ ਵਿਕਾਰਾਂ ਦੀ ਅੱਡ ਅੱਡ ਵਿਚਾਰ ਪੁਸਤਕ ਦੇ ਸਤਵੇਂ ਭਾਗ ਵਿਚ ਕੀਤੀ ਗਈ ਹੈ । ਏਥੇ ਇਨ੍ਹਾਂ ਪ੍ਰਤੀ ਸਤਿਗੁਰਾਂ ਦੇ ਉਪਦੇਸ਼ਾਂ ਤੋਂ ਸਿਖਿਆ ਲੈਣ ਦੇ ਨਾਲ ਇਹ ਜਾਣਕਾਰੀ ਵੀ ਹੋਵੇਗੀ ਕਿ ਗੁਰਬਾਣੀ ਵਿਚ ਇਨ੍ਹਾਂ ਪੰਜਾਂ ਵਿਕਾਰਾਂ ਨੂੰ ਕਿਹੜੇ ਕਿਹੜੇ ਨਾਮ ਦਿੱਤੇ ਹੋਏ ਹਨ :--

੬੬- **ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥**

**ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥ ੫ ॥**[੨੯੭]-੫

**ਅਰਥ:**--ਗੁਰਦੇਵ ਜੀ ਦਾ ਫ਼ੁਰਮਾਨ ਹੈ--ਜਿਹੜੇ ਮਨੁੱਖ ਮਾਇਆ (ਦੇ ਮੋਹ) ਵਿਚ ਮਸਤ ਰਹਿੰਦੇ ਹਨ, ਉਨ੍ਹਾਂ ਦੇ ਮਨ ਵਿਚ (ਕਾਮ, ਕ੍ਰੋਧ, ਲੋਭ, ਮੋਹ ਹੰਕਾਰ) ਪੰਜ ਵਿਕਾਰ ਟਿਕੇ ਰਹਿੰਦੇ ਹਨ । ਪਰ ਜਿਹੜਾ ਮਨੁੱਖ ਗੁਰੂ ਦੀ ਸੰਗਤਿ ਵਿਚ ਰਹਿ ਕੇ ਪਰਮਾਤਮਾ ਦੇ ਪ੍ਰੇਮ-ਰੰਗ ਵਿਚ ਰੰਗਿਆ ਰਹਿੰਦਾ ਹੈ, ਉਹ ਪਵਿਤ੍ਰ ਜੀਵਨ ਵਾਲਾ ਹੋ ਜਾਂਦਾ ਹੈ । ੫ ।

੬੭- **ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਾਹੀ ਪੰਚ ਬਟਵਾਰੇ ॥ ੫ ॥** [੭੬੦]-੧-੨

**ਅਰਥ:**--ਹੇ ਭਾਈ ! ਸਦਾ ਪਰਮਾਤਮਾ ਦਾ ਨਾਮ ਜਪਿਆ ਕਰ (ਜਿਹੜਾ ਜਪਦਾ ਹੈ) ਉਹ ਆਪਣੇ ਸਾਰੇ ਸਾਥੀਆਂ ਨੂੰ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ, ਪੰਜੇ ਲੁਟੇਰੇ ਉਸ ਉਤੇ ਦਬਾਅ ਨਹੀਂ ਪਾ ਸਕਦੇ । ੫ ।

੬੮- **ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥**

**ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥ ੨ ॥**[੧੧੩]-੬-੭

**ਅਰਥ:**--ਕਾਮਾਦਿਕ ਪੰਜ ਵੈਰੀ ਜਗਤ (ਦੇ ਆਤਮਕ ਜੀਵਨ) ਨੂੰ ਲੁੱਟ ਰਹੇ ਹਨ, ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਅਤੇ ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਮਨੁੱਖ ਨੂੰ ਨਾ ਅਕਲ ਹੈ ਨਾ ਉਸ ਨੂੰ (ਇਸ ਲੁੱਟ ਦੀ) ਖਬਰ ਹੈ । ਜਿਹੜਾ ਮਨੁੱਖ ਗੁਰੂ ਦੇ ਸਨਮੁਖ ਰਹਿੰਦਾ ਹੈ, ਉਹ ਗੁਰੂ ਦੇ ਸ਼ਬਦ-(ਗਿਆਨ) ਵਿਚ ਜੁੜ ਕੇ ਪੰਜਾਂ ਵੈਰੀਆਂ ਦਾ ਨਾਸ ਕਰ ਲੈਂਦਾ ਹੈ । ੨ ।

੬੯- **ਗਲਵਾਰੇ ਲੇ ਮਾਹੀਤਿ ॥ ਪੰਚ ਚੋਰ ਕੀ ਜਾਣੈ ਰੀਤਿ ॥**

**ਘਰ ਛੋਡੇਂ ਬਾਹਰਿ ਜਿਨਿ ਜਾਇ ॥ ਨਾਤਰੁ ਖਰਾ ਰਿਸੈ ਹੈ ਰਾਇ ॥ ੩ ॥**[੩੪੪]

**ਅਰਥ:**--(ਹਰੀ ਦੇ ਗੁਣ ਬਾਰ ਬਾਰ ਗਾ ਕੇ) ਮਨੁੱਖ ਆਪਣੇ ਮਨ ਦੇ ਦੁਆਲੇ ਸਿਫ਼ਤਿ ਸਾਲਾਹ ਦਾ, ਮਾਨੋਂ, ਕਿਲ੍ਹਾ ਬਣਾ ਲੈਂਦਾ ਹੈ, ਕਾਮਾਦਿਕ ਪੰਜ ਚੋਰਾਂ ਦਾ (ਹੱਲਾ ਕਰਨ ਦਾ) ਢੰਗ ਸਮਝ ਲੈਂਦਾ ਹੈ (ਇਸ ਤਰ੍ਹਾਂ ਉਨ੍ਹਾਂ ਦਾ ਵਾਰ ਨਹੀਂ ਹੋਣ ਦਿੰਦਾ) । (ਹੇ ਭਾਈ !) ਤੂੰ ਵੀ (ਸਿਮਰਨ-ਰੂਪ) ਕਿਲ੍ਹੇ ਨੂੰ ਛੱਡ ਕੇ ਬਾਹਰ ਨਾ ਜਾਈਂ (ਭਾਵ, ਪ੍ਰਭੂ ਚਰਨਾਂ ਦਾ ਆਸਰਾ ਭੁੱਲ ਕੇ ਆਪਣੇ ਮਨ ਨੂੰ ਬਾਹਰ ਭਟਕਨ ਨ ਦੇਈਂ) ਨਹੀਂ ਤਾਂ ਇਹ ਮਨ (ਵਿਕਾਰਾਂ ਵਿਚ ਪੈ ਕੇ) ਬੜਾ ਦੁਖੀ ਹੋਵੇਗਾ । ੩ ।

੭੦- **ਏਕੁ ਕੋਟੁ ਪੰਚ ਸਿਕਦਾਰਾ, ਪੰਚੇ ਮਾਗਹਿ ਹਾਲਾ ॥ ਜਿਮੀ ਨਾਹੀ ਮੈ ਕਿਸੀ ਕੀ ਬੋਈ, ਐਸਾ ਦੇਨੁ ਦੁਖਾਲਾ ॥ ੧ ॥**[੭੯੩]-੫

**ਅਰਥ:**--(ਮਨੁੱਖ ਦਾ ਇਹ ਸਰੀਰ ਮਾਨੋਂ,) ਇਕ ਕਿਲ੍ਹਾ ਹੈ, (ਜਿਸ ਵਿਚ) ਪੰਜ (ਕਾਮਾਦਿਕ) ਚੌਧਰੀ ਵੱਸਦੇ ਹਨ, ਪੰਜੇ ਹੀ (ਇਸ ਮਨੁੱਖ ਪਾਸੋਂ) ਮਾਮਲਾ ਮੰਗਦੇ ਹਨ, (ਭਾਵ, ਇਹ ਪੰਜੇ ਇਸ ਨੂੰ ਖ਼ੁਆਰ ਕਰਦੇ ਫਿਰਦੇ ਹਨ) । ਪਰ ਆਪਣੇ ਸਤਿਗੁਰਾਂ ਦੀ ਕਿਰਪਾ ਨਾਲ ਮੈਂ ਇਨ੍ਹਾਂ ਪੰਜਾਂ ਵਿਚੋਂ ਕਿਸੇ ਦਾ ਵੀ ਮੁਜ਼ਾਰਾ ਨਹੀਂ ਬਣਿਆਂ (ਭਾਵ, ਮੈਂ ਕਿਸੇ ਦੇ ਵੀ ਦਬੱਾਂ ਵਿਚ ਨਹੀਂ ਆਇਆ), ਇਸ ਵਾਸਤੇ ਕਿਸੇ ਦਾ ਮਾਮਲਾ ਭਰਨਾ ਔਖਾ ਹੈ (ਭਾਵ, ਇਨ੍ਹਾਂ ਵਿਚੋਂ ਕੋਈ ਵਿਕਾਰ ਮੈਨੂੰ ਕੁਰਾਹੇ ਨਹੀਂ ਪਾ ਸਕਦਾ । ੧ ।

੭੧- **ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿ ਨਾਮਾ ਮਨ ਸੰਗਿ ਧਰਹੁ ॥**

**ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ ॥ ੧ ॥**[੮੨੮]-੩-੧੧੯

**ਅਰਥ:**--(ਹੇ ਪ੍ਰਭੂ ! ਮੇਰੇ ਉਤੇ ਇਹ ਮਿਹਰ ਕਰੋ--) ਗੁਰੂ ਦਾ ਸ਼ਬਦ ਮੇਰੇ ਹਿਰਦੇ ਵਿਚ ਸਦਾ ਵੱਸਦਾ ਰਹੇ, ਹੇ ਹਰੀ ! ਆਪਣਾ ਨਾਮ ਮੇਰੇ ਮਨ ਵਿਚ ਟਿਕਾਈ ਰੱਖ । ਹੇ ਠਾਕੁਰ ਮੇਰੇ ਅੰਦਰੋਂ ਕਾਮਾਦਿਕ ਪੰਜੇ ਤਸਕਰ (ਚੋਰ) ਕੱਢ ਦੇ, ਮੇਰੀ ਸਾਰੀ ਭਟਕਣਾ ਅੱਗ ਵਿਚ ਸਾੜ ਦੇ । ੧ ।

੭੨- **ਪੰਚ ਸਿੰਘ ਰਾਖੇ ਪ੍ਰਭਿ ਮਾਰਿ ॥ ਦਸ ਬਿਘਿਆੜੀ ਲਈ ਨਿਵਾਰਿ ॥**

**ਤੀਨਿ ਆਵਰਤ ਕੀ ਚੂਕੀ ਘੇਰ ॥ ਸਾਧ ਸੰਗਿ ਚੂਕੇ ਭੈ ਫੇਰ ॥ ੧ ॥**[੮੯੯]-੪੦-੫੧

**ਅਰਥ:**--(ਜਿਉਂ ਜਿਉਂ ਮੈਂ ਪ੍ਰਭੂ ਨੂੰ ਸਿਮਿਰਿਆ ਹੈ) ਪ੍ਰਭੂ ਨੇ (ਮੇਰੇ ਅੰਦਰੋਂ) ਪੰਜ ਕਾਮਾਦਿਕ ਸ਼ੇਰ ਮਾਰ ਮੁਕਾਏ ਹਨ, ਦਸ ਇੰਦ੍ਰੀਆਂ ਦਾ ਦਬਾਉ ਵੀ ਮੇਰੇ ਉਤੋਂ ਦੂਰ ਕਰ ਦਿੱਤਾ ਹੈ । ਮਾਇਆ ਦੇ ਤਿੰਨ ਗੁਣਾਂ ਦੀ ਘੁੰਮਣ-ਘੇਰੀ ਦਾ ਚੱਕਰ ਵੀ ਮੁੱਕ ਗਿਆ ਹੈ । ਗੁਰੂ ਦੀ ਸੰਗਤਿ ਵਿਚ ਰਹਿਣ ਕਰਕੇ ਜਨਮ-ਮਰਨ ਗੇੜ ਦੇ ਸਾਰੇ ਡਰ ਖ਼ਤਮ ਹੋ ਗਏ ਹਨ ।੧।

੭੩- **ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ ਚੋਰ ਕਿਉ ਸਾਦੁ ਲਹੀਜੈ ॥**

**ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥ ੪ ॥**[੯੦੫]-੫

**ਅਰਥ:**--ਜਿੰਨਾ ਚਿਰ ਕਾਮਾਦਿਕ ਪੰਜ ਵਿਕਾਰਾਂ ਦੀ ਅੱਗ ਅੰਤਰ ਆਤਮੇ ਭੜਕ ਰਹੀ ਹੋਵੇ, ਓਨਾ ਚਿਰ ਮਨ ਧੀਰਜ ਨਹੀਂ ਧਾਰ ਸਕਦਾ । ਜਿੰਨਾ ਚਿਰ ਮੋਹ-ਚੋਰ ਅੰਦਰ ਵੱਸ ਰਿਹਾ ਹੈ ਆਤਮਕ ਆਨੰਦ ਨਹੀਂ ਮਿਲ ਸਕਦਾ । ਗੁਰੂ ਦੀ ਸਰਨ ਪੈ ਕੇ ਇਸ ਸਰੀਰ-ਕਿਲ੍ਹੇ ਨੂੰ ਜਿੱਤੇ (ਇਸ ਵਿਚ ਆਕੀ ਹੋਇਆ ਮਨ ਵੱਸ ਵਿਚ ਆ ਜਾਇਗਾ ਤੇ ਆਤਮਕ ਆਨੰਦ ਮਿਲੇਗਾ) । ੪ ।

੭੪- **ਪੰਚ ਮਜਮੀ ਜੋ ਪੰਚਨ ਰਾਖੈ ॥ ਮਿਥਿਆ ਰਸਨਾ ਨਿਤ ਉਠਿ ਭਾਖੈ ॥**

**ਚਕ੍ਰ ਬਣਾਇ ਕਰੈ ਪਾਖੰਡ ॥ ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ ॥ ੧ ॥**[੧੧੫੧]-੪੦-੫੩

**ਅਰਥ:**--(ਪ੍ਰਭੂ ਦੀ ਯਾਦ ਭੁਲਾ ਕੇ ਜਿਹੜਾ ਮਨੁੱਖ ਆਪਣੇ ਸਰੀਰ ਉਤੇ) ਗਣੇਸ਼ ਆਦਿਕ ਦੇ ਨਿਸ਼ਾਨ ਬਣਾ ਕੇ ਆਪਣੇ ਧਰਮੀ ਹੋਣ ਦਾ ਵਿਖਾਵਾ ਕਰਦਾ ਹੈ, ਉਹ (ਅਸਲ ਵਿਚ) ਅੰਦਰੇ ਅੰਦਰ ਮਾਇਆ ਦੀ ਖ਼ਾਤਰ ਤਰਲੇ ਲੈ ਲੈ ਕੇ ਸੜਦਾ ਰਹਿੰਦਾ ਹੈ, ਜਿਵੇਂ ਵਿਧਵਾ ਇਸਤ੍ਰੀ (ਪਤੀ ਤੋਂ ਬਿਨਾਂ ਸਦਾ ਦੁਖੀ ਰਹਿੰਦੀ ਹੈ) । ਉਹ ਮਨੁੱਖ (ਅਸਲ ਵਿਚ ਕਾਮਾਦਿਕ) ਪੰਜ ਪੀਰਾਂ ਦਾ ਉਪਾਸ਼ਕ ਹੁੰਦਾ ਹੈ ਕਿਉਂਕਿ ਉਹ ਇਨ੍ਹਾਂ ਪੰਜਾਂ ਨੂੰ (ਆਪਣੇ ਹਿਰਦੇ ਵਿਚ) ਸਾਂਭੀ ਰੱਖਦਾ ਹੈ, ਤੇ ਸਦਾ ਗਿਣ-ਮਿਥ ਕੇ ਆਪਣੀ ਜੀਭ ਨਾਲ ਝੂਠ ਬੋਲਦਾ ਹੈ । ੧ । ਸਦੀਵੀ ਸੱਚ ਵਾਲਾ ਇਹ ਫ਼ੁਰਮਾਨ ਹਰ ਉਸ ਮਨੁੱਖ ਵਾਸਤੇ ਹੈ, ਜੋ ਵਿਖਾਵੇ ਲਈ ਧਾਰਮਿਕ ਚਿੰਨ੍ਹਾਂ ਵਾਲਾ ਪਹਿਰਾਵਾ ਰੱਖਦਾ ਹੈ ਪਰ ਆਚਰਨ ਹਰ ਪੱਖੋਂ ਢਿੱਲਾ ਹੈ ।

੭੫- **ਪੰਜੇ ਬਧੇ ਮਹਾ ਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥**
**ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ**

ਨ ਮੋਆ ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥ ੨ ॥ [੧੧੯੩]-ਵਾ-੩

੭੬- ਕਬੀਰ ਐਸਾ ਕੋਈ ਨ ਜਨਮਿਓ, ਅਪਨੈ ਘਰ ਲਾਵੈ ਆਗਿ ॥
ਪਾਂਚਉ ਲਰਿਕਾ ਜਾਰਿ ਕੈ, ਰਹੈ ਰਾਮ ਲਿਵ ਲਾਗਿ ॥ ੪੨ ॥ [੧੩੬੬]

**ਅਰਥ:**--ਹੇ ਕਬੀਰ (ਜਗਤ ਵਿਚ) ਅਜੇਹਾ ਕੋਈ ਵਿਰਲਾ ਹੀ ਮਿਲਦਾ ਹੈ ਜੋ ਆਪਣੇ ਸਰੀਰਕ ਮੋਹ ਨੂੰ ਸਾੜਦਾ ਹੈ, ਤੇ ਕਾਮਾਦਿਕ ਮਾਇਆ ਦੇ ਪੰਜਾਂ ਹੀ ਪੁੱਤਰਾਂ ਨੂੰ ਸਾੜ ਕੇ ਪਰਮਾਤਮਾ (ਦੀ ਯਾਦ) ਵਿਚ ਸੁਰਤਿ ਜੋੜੀ ਰੱਖਦਾ ਹੈ । ੪੨ ।

## (ਅ) ਪੰਜ ਗਿਆਨ ਇੰਦ੍ਰੇ

੭੭- ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥ ਏਕ ਬਸਤੁ ਬਿਨੁ ਪੰਚ ਦੁਹੇਲੇ
ਓਹ ਬਸਤੁ ਅਗੋਚਰ ਠਾਈ ॥ ੨ ॥ - - ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧ ਸੰਗਤਿ ਲਿਵ ਲਾਈ
॥ ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥ ੪ ॥ [੨੦੫]-੧-੧੨੨

**ਅਰਥ:**--(ਆਤਮਾ ਅਤੇ ਪਰਮਾਤਮਾ ਦੀ) ਇੱਕੋ ਹੀ ਸੰਗਤਿ ਹੈ, ਦੋਵੇ ਇਕੋ ਹੀ (ਹਿਰਦੇ-) ਘਰ ਵਿਚ ਵੱਸਦੇ ਹਨ ਪਰ, ਆਪੋ ਵਿਚ ਮਿਲ ਕੇ ਕਦੇ ਗੱਲ ਨਹੀਂ ਕਰਦੇ । ਇਕ ਨਾਮ ਪਦਾਰਥ ਤੋਂ ਬਿਨਾ ਜੀਵ ਦੇ ਪੰਜੇ ਹੀ ਗਿਆਨ ਇੰਦ੍ਰੇ ਦੁਖੀ ਰਹਿੰਦੇ ਹਨ । ਉਹ ਨਾਮ ਪਦਾਰਥ ਅਜੇਹੇ ਥਾਂ ਵਿਚ ਹੈ ਜਿਥੇ ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀਂ । ੨ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ ਜਿੰਨ੍ਹਾਂ ਦੇ ਤੂੰ ਮਾਇਆ ਦੇ ਬੰਧਨ ਕੱਟ ਦਿੱਤੇ, ਉਨ੍ਹਾਂ ਨੇ ਸਾਧ-ਸੰਗਤਿ ਵਿਚ ਟਿੱਕ ਕੇ ਪ੍ਰਭੂ ਨਾਲ ਪ੍ਰੀਤਿ ਬਣਾਈ । ਉਨ੍ਹਾਂ ਦੇ ਪੰਜੇ ਗਿਆਨ ਇੰਦ੍ਰਿਆਂ ਨੇ ਮਿਲ ਕੇ ਸਿਫ਼ਤ-ਸਾਲਾਹ ਦਾ ਗੀਤ ਗਾਇਆ । ਉਨ੍ਹਾਂ ਵਿਚ ਤੇ ਹਰੀ ਵਿਚ ਕੋਈ ਵਿਥ ਨਾ ਰਹਿ ਗਈ । ੪ ।

੭੮- ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ <u>ਗੁਰ ਭਾਈ</u> ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥ ੪ ॥ [੮੭੯]-੯

**ਅਰਥ:**--ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ, ਮੈਂ ਉਨ੍ਹਾਂ ਗੁਰਮੁਖਾਂ ਤੋਂ ਕੁਰਬਾਨ ਹਾਂ ਜਿਨ੍ਹਾਂ ਨੇ ਪਰਮਾਤਮਾ ਦੀ ਸਿਫ਼ਤ ਸਾਲਾਹ ਦੀ ਬਾਣੀ ਵਿਚ ਸੁਰਤਿ ਜੋੜੀ ਹੈ । ਉਨ੍ਹਾਂ ਦੇ ਮਨ ਵਿਚ ਅਕਾਲਪੁਰਖ ਦੀ ਜੋਤਿ ਪਰਗਟ ਹੋ ਜਾਂਦੀ ਹੈ, ਪਰਮਾਤਮਾ ਦੀ ਯਾਦ ਵਿਚ ਉਨ੍ਹਾਂ ਦਾ ਮਨ ਸਦਾ ਲੀਨ ਰਹਿੰਦਾ ਹੈ, ਉਨ੍ਹਾਂ ਦੇ ਪੰਜੇ ਗਿਆਨ-ਇੰਦ੍ਰੇ ਇਕੋ ਇਸ਼ਟ ਵਾਲੇ ਹੋ ਕੇ ਭਟਕਣੋ ਹਟ ਜਾਂਦੇ ਹਨ । ੪ ।

੭੯- ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥
ਪੰਚ ਚੇਲੇ ਵਸਿ ਕੀਜਹਿ ਰਾਵਲ ਮੁੰਦ੍ਰਾ ਕੀਜੈ ਡੰਡਾਤਾ ॥ ੧ ॥ [੧੫੫]-੩-੧੫

**ਅਰਥ:**--ਹੇ ਰਾਵਲ ! ਆਪਣੇ ਸਰੀਰ ਦੇ ਅੰਦਰ ਹੀ ਮੰਦੀਆਂ ਵਾਸਨਾ ਨੂੰ ਰੋਕ--ਇਹ ਹਨ (ਅਸਲ) ਮੁੰਦ੍ਰਾਂ । ਸਰੀਰ ਨੂੰ ਨਾਸਵੰਤ ਸਮਝ--ਇਸ ਯਕੀਨ ਨੂੰ ਗੋਦੜੀ ਬਣਾ । ਹੇ ਰਾਵਲ ! (ਤੁਸੀਂ ਹੋਰਨਾਂ ਨੂੰ ਚੇਲੇ ਬਣਾਉਂਦੇ ਹੋ) ਆਪਣੇ ਪੰਜੇ ਗਿਆਨ-ਇਨਦ੍ਰਿਆਂ ਨੂੰ ਵੱਸ ਵਿੱਚ ਕਰੋ, ਚੇਲੇ ਬਣਾਓ, ਆਪਣੇ ਮਨ ਨੂੰ ਡੰਡਾ ਬਣਾਓ (ਤੇ ਲੱਕੜ ਦੇ ਡੰਡੇ ਦੇ ਥਾਂ ਮਨ ਨੂੰ ਡੰਡਾ ਬਣਾਉ ਭਾਵ, ਜਿਵੇ ਡੰਡਾ ਹੱਥ ਵਿਚ ਕਾਬੂ ਕੀਤਾ ਹੁੰਦਾ ਹੈ ਓਵੇਂ ਹੀ ਮਨ ਨੂੰ ਕਾਬੂ ਵਿਚ ਰੱਖੋ)।

੮੦- ਸੁਕ੍ਰਿਤ ਸਹਾਰੈ ਸੁ ਇਹ ਬ੍ਰਿਤਿ ਚੜੈ ॥ ਅਨਦਿਨੁ ਆਪਿ ਆਪ ਸਿਉ ਲੜੈ ॥
ਸੁਰਖੀ ਪਾਂਚਉ ਰਾਖੈ ਸਬੈ ॥ ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ ॥ ੬ ॥ [੩੪੪]-ਵਾਰ

**ਅਰਥ:**--(ਬਾਰ ਬਾਰ ਗੁਰੂ ਦੇ ਗੁਣ ਗਾ ਕੇ, ਮਨੁੱਖ ਇਸ ਸਿਫ਼ਤਿ-ਸਲਾਹ ਦੀ) ਨੇਕ ਕਮਾਈ ਨੂੰ (ਆਪਣੇ ਜੀਵਨ ਦਾ) ਸਹਾਰਾ ਬਣਾ ਲੈਂਦਾ ਹੈ, ਅਤੇ ਇਸ ਔਖੀ ਘਾਟੀ ਉੱਤੇ ਚੜ੍ਹਦਾ ਹੈ ਕਿ ਹਰ ਵੇਲੇ ਆਪਣੇ ਆਪ ਨਾਲ ਲੜਾਈ ਕਰਦਾ ਹੈ (ਭਾਵ, ਆਪਣੇ ਮਨ ਨੂੰ ਮੁੜ ਮੁੜ ਵਿਕਾਰਾਂ ਵਲੋਂ ਰੋਕਦਾ ਹੈ), ਪੰਜਾਂ ਹੀ ਗਿਆਨ-ਇੰਦ੍ਰਿਆਂਨੂੰ ਵੱਸ ਵਿਚ ਰੱਖਦਾ ਹੈ, ਤਾਂ (ਕਿਸੇ ਉਤੇ ਵੀ) ਕਦੇ ਉਸ ਦੀ ਮੇਰ-ਤੇਰ ਦੀ ਨਿਗਾਹ ਨਹੀਂ ਪੈਂਦੀ । ੬ ।

੮੧- ਕੂਅਟਾ ਏਕੁ ਪੰਚ ਪਨਿਹਾਰੀ ॥ ਟੂਟੀ ਲਾਜੁ, ਭਰੈ ਮਤਿ ਹਾਰੀ ॥
ਕਹੁ ਕਬੀਰ, ਇਕ ਬੁਧਿ ਬੀਚਾਰੀ ॥ ਨਾ ਓਹੁ ਕੂਅਟਾ ਨਾ ਪਨਿਹਾਰੀ ॥ ੪ ॥ [੩੨੫]-੧੨

**ਪਦ ਅਰਥ:**--ਕੂਅਟ=ਨਿੱਕਾ ਜਿਹਾ ਖੂਹ, ਖੂਹੀ, ਸਰੀਰ-ਰੂਪ ਖੂਹੀ, ਸਰੀਰ ਦਾ ਮੋਹ-ਰੂਪ ਖੂਹੀ । ਪਨਿਹਾਰੀ=ਪਾਣੀ ਭਰਨ ਵਾਲੀਆਂ, ਚਰਖੜੀਆਂ, ਪੰਜੇ ਗਿਆਨ ਇੰਦ੍ਰੇ, ਜੋ ਆਪੋ ਆਪਣੇ ਤਰੀਕੇ ਨਾਲ ਸਰੀਰ ਵਿਚੋਂ ਸੱਤਿਆ ਖਿੱਚੀ ਜਾਂਦੇ ਹਨ । ਮਤਿ ਹਾਰੀ=ਹਾਰੀ ਹੋਈ ਮਤਿ, ਭੈੜੀ ਮਤਿ, ਦੁਰਮਤਿ, ਅਵਿਦਿਆ ਵਿਚ ਵੱਸੀ ਹੋਈ ਮੱਤ । ਭਰੈ=ਭਰ ਰਹੀ ਹੈ । ਲਾਜੁ=ਲੱਜ ।ਟੂਟੀ ਲਾਜੁ ਭਰੈ=ਟੁੱਟੀ ਹੋਈ ਲੱਜ ਵਰਤ ਕੇ ਪਾਣੀ ਭਰ ਰਹੀ ਹੈ, (ਭਾਵ,ਪਾਣੀ ਭਰਨ ਦਾ ਵਿਆਰਥ ਯਤਨ ਕਰ ਰਹੀ ਹੈ,, ਪਾਣੀ ਨਹੀਂ ਮਿਲਦਾ)। ਲੱਜ ਟੁਟੀ ਹੋਣ ਤੋਂ ਭਾਵ,, ਗਿਆਨ ਦੀ ਅਣਹੋਂਦ ਹੈ । ੪ ।

੮੨- ਗੁਰ ਸਾਗਰੋ ਰਤਨਾਗਰੋ ਤਿਤੁ ਰਤਨ ਘਣੇਰੇ ਰਾਮ ॥ ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ ॥
ਨਿਰਮਲ ਜਲਿ ਨ੍ਹਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ ॥ ਕਾਮੁ ਪਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ
ਉਰਿ ਧਾਰੇ ॥ ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥ ਨਾਨਕ ਗੁਰ ਸਮਾਨਿ ਤੀਰਥੁ ਨਹੀ
ਕੋਈ ਸਾਚੇ ਗੁਰ ਗੋਪਾਲਾ ॥ ੩ ॥[ ੪੩੭]-੨

੮੩- ਤਰਵਰੁ ਕਾਇਆ, ਪੰਖਿ ਮਨੁ, ਤਰਵਰਿ ਪੰਖੀ ਪੰਚ ॥ ਤਤੁ ਚੁਗਹਿ ਮਿਲਿ ਏਕਸੇ, ਤਿਨ ਕਉ ਫਾਸ ਨ ਰੰਚ ॥
ਉਡਹਿ ਤ ਬੇਗੁਲ ਬੇਗੁਲੇ, ਤਾਕਹਿ ਚੋਗ ਘਣੀ ॥ ਪੰਖ ਤੁਟੇ, ਫਾਹੀ ਪੜੀ, ਅਵਗੁਣਿ ਭੀੜ ਬਣੀ ॥
ਬਿਨੁ ਸਾਚੇ ਕਿਉ ਛੂਟੀਐ, ਹਰਿ ਗੁਣ ਕਰਮਿ ਮਣੀ ॥ ਆਪਿ ਛਡਾਏ ਛੂਟੀਐ ਵਡਾ ਆਪਿ ਧਣੀ ॥
ਗੁਰ ਪਰਸਾਦੀ ਛੂਟੀਐ, ਕਿਰਪਾ ਆਪਿ ਕਰੇਇ ॥ ਆਪਣੈ ਹਾਥਿ ਵਡਾਇਆ, ਜੈ ਭਾਵੈ ਤੈ ਦੇਇ ॥ ੩ ॥[੯੩੪]-ਓ

[ਸਤਵੇਂ ਭਾਗ ਦੇ ਚੌਥੇ ਕਾਂਡ ਦੇ ੧੭ ਨੰਬਰ ਤੇ ਪੂਰੇ ਅਰਥ ਲਿਖੇ ਹੋਏ ਹਨ]

੮੪- ਪੰਖੀ ਪੰਚ ਉਡਰਿ ਨਹੀ ਧਾਵਹਿ ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥
ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥ ੭ ॥[੧੦੩੩]-੧-੧੩

੮੫- ਪੰਚ ਬੈਲ ਗਡੀਆ ਦੇਹ ਧਾਰੀ ॥ ਰਾਮ ਕਲਾ ਨਿਬਹੈ ਪਤਿ ਸਾਰੀ ॥

**ਧਰ ਤੂਟੀ ਗਾਡੋ ਸਿਰ ਭਾਰਿ ॥ ਲਕਰੀ ਬਿਖਰਿ ਜਰੀ ਮੰਝ ਭਾਰਿ ॥ ੨ ॥**[੮੭੯]-੧੧

(ਅ) **<u>ਪੰਜ ਸ਼ੁਭ ਗੁਣ</u>**

੮੬- **ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥ ੧ ॥** [੪੩੦]-੧

**ਅਰਥ:**--(ਜਿਸ ਮਨੁੱਖ ਨੂੰ ਗੁਰੂ ਨੇ ਗਿਆਨ ਦੀ ਦਾਤਿ ਦਿੱਤੀ ਉਸ ਮਨੁੱਖ ਨੇ ਆਪਣੇ ਸਰੀਰ-ਨਗਰ ਵਿਚ ਸਤ, ਸੰਤੋਖ, ਦਇਆ, ਧਰਮ ਅਤੇ ਧੀਰਜ ਇਹ--) ਪੰਜੇ ਪ੍ਰਫੁਲਤ ਕਰ ਲਏ, ਤੇ ਕਾਮਾਦਿਕ ਪੰਜੇ ਵਿਕਾਰ ਨਰਾਜ਼ ਕਰ ਲਏ, ( ਸਤ ਸੰਤੋਖ ਆਦਿਕ) ਪੰਜ (ਆਪਣੇ ਸਰੀਰ ਨਗਰ ਵਿਚ) ਵਸਾ ਲਏ ਤੇ, ਪੰਜੇ ਵਿਕਾਰ ਕੱਢ ਦਿੱਤੇ । ੧ ।

੮੭- **ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥**
**ਪੰਚ ਬਾਣ ਲੇ ਜਮ ਕਉ ਮਾਰੈ, ਗਗਨੰਤਰਿ ਧਣਖੁ ਚੜਾਇਆ ॥ ੯ ॥** [੧੦੪੨]-੪-੨

**ਅਰਥ:**--ਗੁਰੂ ਦੇ ਸ਼ਬਦ ਵਿਚ ਜੁੜ ਕੇ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ । (ਗੁਰੂ ਦੇ ਸ਼ਬਦ-ਗਿਆਨ ਦੀ ਬਰਕਤਿ ਨਾਲ ਮਨੁੱਖ ਦੀ) ਅੰਦਰਲੀ ਅਸ਼ਾਂਤੀ ਅੰਦਰ ਹੀ ਸੜ ਜਾਂਦੀ ਹੈ । ਉਹ ਮਨੁੱਖ ਆਪਣੇ ਚਿੱਤ-ਆਕਾਸ਼ ਵਿਚ (ਗੁਰੂ ਦੇ ਸ਼ਬਦ ਰੂਪ) ਧਨਖ ਨੂੰ ਅਜੇਹਾ ਕੱਸਦਾ ਹੈ ਕਿ (ਸਤ, ਸੰਤੋਖ, ਦਇਆ, ਧਰਮ ਅਤੇ ਧੀਰਜ ਦੇ) ਪੰਜ ਤੀਰ ਲੈ ਕੇ ਜਮ ਨੂੰ ( ਮੌਤ ਦੇ ਡਰ ਨੂੰ, ਆਤਮਕ ਮੌਤ ਨੂੰ) ਮਾਰ ਲੈਂਦਾ ਹੈ । ੯ ।

(ੲ) **ਪੰਜ ਸ਼ਬਦ**

੮੮- **ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**
**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥ ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ**
**ਨਾਮਿ ਹਰਿ ਕੈ ਲਾਗੇ ॥ ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ ੫ ॥** [੯੧੭]

**ਪਦ ਅਰਥ:**--ਵਾਜੇ--ਵੱਜਦੇ ਹਨ, ਵੱਜੇ ਹਨ । ਪੰਚ ਸਬਦ--ਪੰਜ ਕਿਸਮਾਂ ਦੇ ਸਾਜ਼ਾਂ ਦੀਆਂ ਮਿਲਵੀਆਂ ਸੁਰਾਂ (ਪੰਜ ਸਾਜ਼ ਇਹ ਹਨ--੧) ਤੰਤੀ ਸਾਜ, ਭਾਵ ਤਾਰਾਂ ਤੋਂ ਸੁਰਾਂ ਕੱਢਣ ਵਾਲਾ, ੨) ਖੱਲ ਨਾਲ ਮੜ੍ਹੇ ਹੋਏ, ੩) ਧਾਤ ਦੇ ਬਣੇ ਹੋਏ, ੪) ਘੜਾ ਆਦਿਕ, ੫) ਫੂਕ ਮਾਰ ਕੇ ਵਜਾਉਣ ਵਾਲੇ ਸਾਜ਼ । ਜਦੋਂ ਇਹ ਸਾਰੀਆਂ ਕਿਸਮਾਂ ਦੇ ਸਾਜ਼ ਰਲਾ ਕੇ ਵਜਾਏ ਜਾਣ ਤਾਂ ਮਹਾਂ ਸੁੰਦਰ ਰਾਗ ਪੈਦਾ ਹੁੰਦਾ ਹੈ, ਜੋ ਮਨ ਨੂੰ ਮਸਤ ਕਰ ਦਿੰਦਾ ਹੈ ) । ਤਿਤੁ--ਉਸ ਵਿਚ । ਤਿਤੁ ਘਰਿ--ਉਸ ਹਿਰਦੇ-ਘਰ ਵਿਚ । ਸੁਭਾਗੇ--ਭਾਗਾਂ ਵਾਲੇ ਵਿਚ । ਤਿਤੁ ਸਭਾਗੈ ਘਰਿ--ਉਸ ਭਾਗਾਂ ਵਾਲੇ (ਹਿਰਦੇ-) ਘਰ ਵਿਚ । ਕਲਾ--ਸਤਿਆ । ਜਿਤੁ ਘਰਿ--ਜਿਸ ਘਰ ਵਿਚ । ਧਾਰੀਆ--ਤੂੰ ਪਾਈ ਹੈ । ਪੰਚ ਦੂਤ--ਕਾਮਾਦਿਕ ਪੰਜ ਵੈਰੀ । ਕੰਟਕੁ--ਕੰਡਾ । ਕੰਟਕ ਕਾਲੁ--ਡਰਾਉਣਾ ਕਾਲ, ਮੌਤ ਦਾ ਡਰ ।

੮੯- **ਪੰਚੇ ਸਬਦ ਅਨਾਹਦ ਬਾਜੇ, ਸੰਗੇ ਸਾਰਿੰਗਪਾਨੀ ॥**
**ਕਬੀਰ ਦਾਸ ਤੇਰੀ ਆਰਤੀ ਕੀਨੀ, ਨਿਰੰਕਾਰ ਨਿਰਬਾਨੀ ॥ ੩ ॥**[੧੩੫੦]-੫

**ਅਰਥ:**--ਹੇ ਵਾਸ਼ਨਾ-ਰਹਿਤ ਨਿਰੰਕਾਰ ! ਹੇ ਸਾਰਿੰਗ-ਪਾਣ ! ਮੈਂ ਤੇਰੇ ਦਾਸ ਕਬੀਰ ਨੇ ਵੀ ਤੇਰੀ (ਇਹੋ ਜਿਹੀ ਹੀ) ਆਰਤੀ ਕੀਤੀ ਹੈ (ਜਿਸ ਦੀ ਬਰਕਤਿ ਨਾਲ) ਤੂੰ ਮੈਨੂੰ ਅੰਗ ਸੰਗ ਦਿਸ ਰਿਹਾ ਹੈਂ (ਤੇ ਮੇਰੇ ਅੰਦਰ ਇਕ ਐਸਾ ਆਨੰਦ ਬਣ ਰਿਹਾ ਹੈ ਮਾਨੋ,) ਪੰਜ ਕਿਸਮਾਂ ਦੇ ਮਿਲਵੇਂ ਸਾਜ਼ ਮੇਰੇ ਅੰਦਰ ਇੱਕ-ਰਸ ਵੱਜ ਰਹੇ ਹਨ । ੩ ।

(ਸ) **<u>ਪੰਜ ਠੱਗ ?</u>**

੯੦- **ਮ: ੧ ॥ ਰਾਜੁ ਮਾਲੁ ਰੂਪੁ ਜਾਤਿ ਜੋਬਨੁ, ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ, ਕਿਨੈ ਨ ਰਖੀ ਲਜ ॥**
**ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥ ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥ ੨ ॥**[੧੨੮੮]-ਵਾਰ-੨੩

**ਅਰਥ:**--ਰਾਜ, ਧਨ, ਸੁੰਦਰਤਾ, (ਉੱਚੀ) ਜ਼ਾਤਿ, ਤੇ ਜੁਆਨੀ--ਇਹ ਪੰਜੇ ਹੀ (ਮਾਨੋ) ਠੱਗ ਹਨ, ਇਨ੍ਹਾਂ ਠੱਗਾਂ ਨੇ ਜਗਤ ਨੂੰ ਠੱਗ ਲਿਆ ਹੈ (ਜੋ ਵੀ ਇਨ੍ਹਾਂ ਦੇ ਅੱਡੇ ਚੜ੍ਹਿਆ) ਕਿਸੇ ਨੇ ਇਨ੍ਹਾਂ ਤੋਂ ਆਪਣੀ ਇੱਜਤ ਨਹੀਂ ਬਚਾਈ । ਪਰ ਇਨ੍ਹਾਂ ਠੱਗਾਂ ਨੂੰ ਵੀ ਉਹ ਠੱਗ (ਭਾਵ, ਸਿਆਣੇ ਬੰਦੇ) ਠੱਗ ਜਾਂਦੇ ਹਨ (ਭਾਵ, ਉਹ ਸਿਆਣੇ ਬੰਦੇ ਇਨ੍ਹਾਂ ਦੀ ਚਾਲ ਵਿਚ ਨਹੀਂ ਆਉਂਦੇ) ਜੋ ਸਤਿਗੁਰੂ ਦੀ ਸਰਨ ਆਉਂਦੇ ਹਨ । ਪਰ ਬੇਅੰਤ ਮੰਦਭਾਗੀ ਬੰਦੇ (ਇਨ੍ਹਾਂ ਦੇ ਢਹੇ ਚੜ੍ਹ ਕੇ) ਲੁੱਟੇ ਜਾ ਰਹੇ ਹਨ । ੨ ।

ਸਿਰਜਣ ਹਾਰ ਦੇ ਸੱਚੇ ਭਗਤ ਸ੍ਰੀ ਗੁਰੂ ਨਾਨਕ ਜੀ ਨੂੰ ਵੀ ਪੰਜ ਗਿਣਤੀ ਨਾਲ ਪਿਆਰ ਕਿਵੇਂ ਨਾ ਹੁੰਦਾ ? ਅਜੇਹੇ ਗੁਰਬਾਣੀ ਸ਼ਬਦ ਹੋਰ ਵੀ ਬੇਅੰਤ ਹਨ, ਜਿਨ੍ਹਾਂ ਵਿਚੋਂ ਕੁਝ ਦੀ ਸੂਚੀ ਇਸ ਪ੍ਰਕਾਰ ਹੈ:--

| | | | | | |
|---|---|---|---|---|---|
| ੧= [੭੩]-੦੨੧-੨-੨੯ | ੨= [੧੪੧]-ਵਾ-੭ | ੩= [੧੨੫]-੫(੪) | ੪= [੧੫੫]-੨-੧੪(੪) | ੫= [੧੫੫੫]-੩-੧੫(੧) | ੬= [੯੩-(੨) |
| ੭=[੨੦੮]-੧੧-੧੩੨(੨) | ੮= [੧੧]-੩(੨) | ੯= [੨੧੧]-੩-੧੪੧(੨) | ੧੦=[੨੨੩]-੬(ਰਹਾ') | ੧੧=[੨੨੭]-੧੩(੧) | ੧੨=[੨੩੭-੩(੧) |
| ੧੩=[੨੯੯]-੧੨ | ੧੪=[੩੦੪][-੮ | ੧੫=[੩੨੯]-੩੨(੧) | ੧੬=[੩੩੩]-੫-੪੯(੨) | ੧੭=[੩੩੪]-੧-੫੨ | ੧੮=[੩੪੩]-੬ |
| ੧੯=[੩੪੪]-੯ | ੨੦]-੩੪੪]-੬ | ੨੧=[੩੫੯]-੧-੩੪(੪) | ੨੨=[੩੬੬]-੨-੫੪ | ੨੩=[੩੭੫]-੧੭ | ੨੪=[੩੯੫]-੯੮ |
| ੨੫=[੩੨੫]੧੨(੪) | ੨੬=[੪੧੩]-੫(੫) | ੨੭=[੪੧੪]-੬(੩) | ੨੮=[੪੩੭]-੨(੩) | ੨੯=[੪੮੨]-੩-੨੫(੩) | ੩੦=[੫੩੯]-ਛੰ-੩(੨) |
| ੩੧=[੪੨੫]-੫-੨੭(੮) | ੩੨=[੪੭੬]-੩ | ੩੩=[੪੭੭]੭(੨) | ੩੪=[੪੭੮]-੨-੧੧ | ੩੫=[੪੮੬]-੧(੧ | ੩੬=[੪੯੧]-੬-੮ |
| ੩੭=[੫੭੭]-੪ | ੩੮=[੬੦੦]-੨ | ੩੯=[੬੨੧]-੧-੫੧(੧) | ੪੦=[੬੫੫]-੬(੪) | ੪੧=[੬੭੦]-੧(ਰਹਾ') | ੪੨=[੬੯੩]-੨(੧) |
| ੪੩=[੭੧੦]-੧ | ੪੪=[੭੧੨]-੧-੩(੪) | ੪੫=[੭੧੬]੧-੨੦(ਰਹਾ') | ੪੬=[੭੬੪]-੧-੨(੧) | ੪੭=[੭੬੬]-੨-੫(੩) | ੪੮=[੮੦੮]-੨-੩੨(੩) |
| ੪੯=[੮੧੦]-੯-੩੯(੨) | ੫੦=[੮੧੬]੩੧-੬੧(੨) | ੫੧=[੨੩੦]-੪ | ੫੨=[੪੭੬]-੪ | ੫੩=[੫੦੩]-੧(੧) | ੫੪=[੮੬੫]-੯-੧੧(੩) |
| ੫੫=[੭੧੯]-੩(੨) | ੫੬=[੮੨੧]-੨-੮੮ | ੫੭=[੮੩੩]-੨ | ੫੮=[੧੩੨੯]-੭(੨) | ੫੯=[੮੨੮]-੩-੧੧੯(੧) | ੬੦=[੮੩੯]-੬ |
| ੬੧=[੮੬੬]-੧੨-੧੪(੪) | ੬੨=[੮੬੭]-੧੫-੧੭(੧) | ੬੩=[੮੭੦]-੩ | ੬੪=[੮੭੮]-੯(੪) | ੬੫=[੮੮੪]-੭ | ੬੬=[੮੯੮]-੩੭-੪੮(੧) |
| ੬੭=[੯੦੩]-੩(੫) | ੬੮=[੮੮੮]-੯-੨੦(੧) | ੬੯=[੯੦੭]-੨੫-੯(੬) | ੭੦=[੯੩੪]-੩੩ | ੭੧=[੯੭੩]-੧(੧) | ੭੨=[੯੭੪]-੧(੬) |
| ੭੩=[੯੭੫]-੧(੨) | ੭੪=[੬੮੭]-੧ | ੭੫=[੭੪੯]-੧੦-੫੭(੩) | ੭੬=[੭੮੬]-੪ | ੭੭=[੮੬੨]-੨(੩) | ੭੮=[੮੭੨]-੭-੧੦(੩) |
| ੭੯=[੯੯੦]-੩(੩) | ੮੦=[੧੦੨੧]੨(੩) | ੮੧=[੧੦੨੨]-੩(੩) | ੮੨=[੧੦੩੩]-੧-੧੩(੭) | ੮੩=[੧੦੩੭]-੫(੧੪) | ੮੪=[੧੦੩੯]-੨-੧੯(੩) |
| ੮੫=[੧੦੩੯]੨-੧੯(੮) | ੮੬=[੧੦੪੦]-੩-੨੦(੧੨) | ੮੭=[੧੦੬੮]-੨-੨੪(੭) | ੮੮=[੧੦੭੨]-੧-੨ | ੮੯=[੧੦੭੮]-੨-੭(੭) | ੯੦=[੧੧੨੮]-੪(੩) |
| ੯੧=[੯੯੯]-੪(੨) | ੯੨=[੧੦੦੭]-੧-੩੧(੧) | ੯੩=[੧੧੦੩]-੪ | ੯੪=[੧੧੦੪]-੧-੮ | ੯੫=[੧੧੧੦]-੩(੧) | ੯੬=[੧੧੧੩]-੬(੩) |
| ੯੭=[੧੧੧੭]੪-੧੦(੬) | ੯੮=[੧੧੧੯]-੧-੨(ਰਹਾ') | ੯੯=[੧੧੩੫]-੧-੫(ਰਹਾ') | ੧੦੦=੧੧੯੬]-੭-੧੦(੩) | ੧੦੧=[੧੧੮੯]-੫(੫) | ੧੦੨=[੧੧੯੩]-ਵਾ-੨ |
| ੧੦੩=[੧੧੯੯]-੫(੪) | ੧੦੪=[੧੨੧੦]-੯-੩੨ | ੧੦੫=[੧੨੩੦]-੫-੧੩੫ | ੧੦੬=[੧੨੫੨]-੯(੪) | ੧੦੭=[੧੨੮੮]-ਵਾ-੨ | ੧੦੮=[੧੨੯੦]-ਵਾ-੧ |

| | | | | | |
|---|---|---|---|---|---|
| ੧੦੯=[੧੩੦੫]-੧-੩੭(੧) | ੧੧੦=[੧੩੦੬]੪-੪੩(੧) | ੧੧੧=[੧੨੧੫]-ਵਾ-੭ | ੧੧੨=[੧੩੩੪]-੬(੩) | ੧੧੩=[੧੩੩੭]-੧(੧) | ੧੧੪=[੬੭੫]-੨-੧੯ |
| ੧੧੫=[੭੬੦]-੧-੨ | ੧੧੬=[੭੭੩]-੨ | ੧੧੭=[੮੫੪]-ਵਾ-੧ | ੧੧੮=[੧੩੨੯]-੭(੨) | ੧੧੯=[੧੩੫੮]-੪੫ | ੧੨੦=[੧੦੫੭]-੫-੧੪(&) |
| ੧੨੧=[੧੧੩੬]-੪(੧) | ੧੨੨=[੧੨੧੩]-੨੪-੪੭(੨) | ੧੨੩=[੧੨੧੯]-੫੪-੭੭(੧) | ੧੨੪=[੧੩੪੮]-ਅ-੨(੨) | ੧੨੫=[੪੧੩]-੪ | ੧੨੬=[੯੭੨]-੨(੪) |
| ੧੨੭=[੯੭੫]-੩(੫) | ੧੨੮=[੮੭੫]-੨(੧) | ੧੨੯=[੧੦੮੩]-੩-੧੨(੪) | ੧੩੦=[੧੩੬੦]-੬ | ੧੩੧=[੧੩੬੬]-੪੨ | ੧੩੨=[੧੩੫੯]-੫੮ |
| ੧੩੩=[੧੩੬੩]-ਫੁਨ-੧੬ | ੧੩੪=[੧੩੯੧]-੧(੧) | ੧੩੫=[੧੪੧੧]-੧੪ | ੧੩੬=[੧੪੧੪]-੧੪ | ੧੩੭=[੧੨੦੦]-੨-੯(੧) | ੧੩੮=[੧੩੦੭]-੧-੪੫ |
| ੧੩੯=[੧੧੬੧]-੯-੧੭ | | | | | |

ਪੰਜ ਗਿਣਤੀ ਦੇ ਏਨੇ ਸ਼ਬਦ ਲਿਖਣ ਵਾਲੇ ਗੁਰਦੇਵ ਜੀ, ਛੇਵੇਂ ਸਿੱਖ ਦੇ ਸੀਸ ਦੀ ਮੰਗ ਕਿਵੇਂ ਕਰਦੇ ?

ਭਾਈ ਗੁਰਦਾਸ ਜੀ ( ੫ ਗਿਣਤੀ ) ਵਾਰ ੨੯

ਕਾਮ ਕ੍ਰੋਧ ਅਹੰਕਾਰੁ ਸਾਧੁ ਲੋਭ ਮੋਹ ਦੀ ਜੋਹ ਮਿਟਾਈ । ਸਤੁ ਸੰਤੋਖ ਦਇਆ ਧਰਮੁ ਅਰਥੁ ਸਮਰਥੁ ਸੁਗਰਥੁ ਸਮਾਈ ।
ਪੰਜੇ ਤ੍ਰ ਉਲੰਘਿਆ ਪੰਜਿ ਸਬਦ ਵਜੀ ਵਾਧਾਈ । ਪੰਜੇ ਮੁਦ੍ਰਾ ਵਸਿ ਕਰਿ ਪੰਚਾਇਣੁ ਹੁਇ ਦੇਸ ਦੁਹਾਈ ।
ਪਰਮੇਸਰ ਹੈ ਪੰਜ ਮਿਲਿ ਲੇਖ ਅਲੇਖ ਨ ਕੀਮਤਿ ਪਾਈ । ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸਬਦ ਲਿਵਲਾਈ ।
ਸਾਧ ਸੰਗਤਿ ਸੋਹਨਿ ਗੁਰਭਾਈ ॥ ੬ ॥

ਸਿੱਖ ਨੂੰ ਕੇਵਲ ਇੱਕ ਨਿਰੰਕਾਰ ਦੇ ਪੁਜਾਰੀ ਬਣਾ ਕੇ ਕੇਵਲ ਇੱਕ ਆਗੂ ਦੀ ਜਥੇਦਾਰੀ ਵਿਚ ਰਹਿਣਾ ਸਿਖਾਉਣ ਆਏ ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਨੇ ਦੂਜੇ ਸਰੂਪ ਤੋਂ ਅਰੰਭ ਹੋ ਕੇ ਦਸਵੇਂ ਸਰੂਪ ਤਾਂਈ ਆਪਣੇ ਥਾਂ ਗੁਰਿਆਈ ਦੀ ਪਦਵੀ ਦਾ ਮਾਲਕ ਕੇਵਲ ਇੱਕ ਹੀ ਚੁਣਨਾ ਸੀ । ਜਦ ਦਸਵੇਂ ਜਾਮੇਂ ਤੱਕ ਆਪਣੇ ਨਿਰੰਕਾਰ ਦੇ ਹੁਕਮ ਦੀ ਪਾਲਣਾ ਕਰ ਲਈ, ਤਦ ਜਗਤ ਨੂੰ ਸੁਚੱਜੀ ਜੀਵਨ ਜੁਗਤ ਸਿਖਾਉਣ ਵਾਲੇ, ਅਤੇ ਬ੍ਰਹਮ ਗਿਆਨ ਦੀ ਸਿਖਿਆ ਦੇ ਭੰਡਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਦਸਾਂ ਸਰੂਪਾਂ ਦੀ ਜੋਤਿ ਦੀ ਮਾਲਕੀ ਸੌਂਪ ਦਿੱਤੀ। ਗੁਰਮਤਿ ਰਹਿਤ ਮਰਯਾਦਾ ਦੀ ਨਿਗਰਾਨੀ ਅਤੇ ਔਕੜਾਂ ਪੈਣ ਸਮੇ ਪੰਥ ਦੀ ਜਿਹੜੀ ਅਗਵਾਈ ਪੰਜ ਭੂਤਕ ਸਰੀਰ ਦੁਆਰਾ ਸਤਿਗੁਰੂ ਜੀ ਆਪ ਕਰਦੇ ਰਹੇ ਸਨ, ਉਹ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਹੀਂ ਸਨ ਕਰ ਸਕਦੇ। ਇਸ ਲਈ ਪੰਥ ਨੂੰ ਗੁਰ-ਗੱਦੀ ਦਾ ਭਾਈਵਾਲ ਬਣਾ ਕੇ ਗੁਰਮਤਿ ਅਤੇ ਗੁਰਮਰਯਾਦਾ ਦੀ ਸੰਭਾਲ ਕਰੀ ਰੱਖਣ ਦੀ ਜ਼ਿਮੇਵਾਰੀ ਸੌਂਪਣੀ ਸੀ। ਆਪਣੇ ਨਿਰੰਕਾਰ ਦੇ ਬਣਾਏ ਨਿਯਮ ਦੀ ਪਾਲਣਾ ਕਰਦਿਆਂ ਹੋਇਆਂ ਦਸਮ ਗੁਰੂ-ਨਾਨਕ ਨਿਰੰਕਾਰੀ ਜੀ ਨੇ ਪੰਥ ਵਿਚੋਂ ਪੰਜ ਤਿਆਗੀ ਗੁਰਮੁਖਾਂ ਦੀ ਪੰਚਾਇਤ ਚੁਣ ਕੇ " ਪੰਜੀਂ ਪਰਮੇਸ਼ਰ " ਵਾਲੀ ਗੱਲ ਪੂਰੀ ਕਰ ਲਈ। ਛੇਵੇ ਸੀਸ ਦੀ ਮੰਗ ਕਰਨ ਦੀ ਲੋੜ ਰਹਿ ਹੀ ਨਹੀਂ ਸੀ ਗਈ ।

੯੧- **ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ, ਸਹਜੇ ਪਾਵੈ ਕੋਇ ॥**
**ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥**
**ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥ ੪ ॥** [੩੧]-੪੫

## ੧੩

## ਇੱਕਾਂ ਅਤੇ ਪੰਜਾਂ ਦਾ ਕੋੜਾ ਭੁਲੇਖਾ

(ਸੋਹਣ ਸਿੰਘ ਜੀ ਸੀਤਲ, ਭਾਈ ਗੋਬਿੰਦ ਸਿੰਘ ਜੀ ਨਿਰਮਲ ਉਦਾਸੀ ਆਦਿ) ਕਈ ਲਿਖਾਰੀਆਂ ਨੇ (ਜਿਨ੍ਹਾਂ ਦੀਆਂ ਲਿਖਆਂ ਪੁਸਤਕਾਂ ਦਾਸ ਕੋਲ ਹਨ) ਇਹ ਲਿਖਿਆ ਹੈ,' ਕਿ " ਗੁਰੂ ਨਾਨਕ ਜੀ ਦੇ ਵੇਲੇ ਪ੍ਰੀਖਿਆ ਵੀ ਸੋਖੀ ਸੀ ਫਿਰ ਵੀ ਮਸਾਂ ਇੱਕ ਬਾਬਾ ਲਹਿਣਾ ਜੀ ਹੀ ਪਾਸ ਹੋਏ ਸਨ ਪਰ ਦਸਮ ਗੁਰੂ ਜੀ ਦੇ ਵੇਲੇ ਤੱਕ ਸਿਖੀ ਏਡੀ ਤਕੜੀ ਹੋ ਚੁੱਕੀ ਸੀ ਕਿ ਭਾਂਵੇਂ, ਪ੍ਰੀਖਿਆ ਵੀ ਬੜੀ ਕਰੜੀ ਸੀ ਫਿਰ ਵੀ ਪੰਜ ਸਿੱਖ ਪਾਸ ਹੋ ਗਏ ਸਨ " । ਗੁਰੂ ਦਰਬਾਰ ਵਿਚ ਜਦ ਸੋਹਣ ਸਿੰਘ ਜਿਹੇ ਢਾਡੀ ਸਿੰਘ ਏਹੀ ਗੱਲ ਬੜੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਕਿਹਾ ਕਰਦੇ ਸਨ ਤਾਂ ਜੈਕਾਰੇ ਬੁਲਾਉਣ ਵਾਲਿਆਂ ਵਿਚ ਦਾਸ ਵੀ ਪਿਛੇ ਨਹੀਂ ਸੀ ਰਹਿੰਦਾ ਹੁੰਦਾ । ਪਰ ਅੱਜ ਕਲਮ ਇਹ ਗੱਲ ਲਿਖਣ ਲਈ ਕਾਹਲੀ ਪੈ ਰਹੀ ਹੈ ਕਿ ' ਭਾਵੇਂ ਕਿਸੇ ਵੀ ਨਜ਼ਰੀਏ ਨਾਲ ਇਹ ਗੱਲ ਲਿਖੀ ਗਈ ਹੋਵੇ ਜਾਂ ਕਹੀ ਜਾ ਰਹੀ ਹੋਵੇ, ਹਰ ਹਾਲਤ ਵਿਚ ਇਹ ਗਲ ਗੁਰੂ ਮਰਯਾਦਾ ਦੀ ਹੇਠੀ ਵਾਲੀ ਹੈ ਅਤੇ ਪੰਥਕ ਆਚਰਨ ਪ੍ਰਤੀ ਇੱਕ ਕੋਝਾ ਠੱਠਾ ਹੈ। ਕਿਉਂਕਿ :---

(ੳ) ਗੁਰੂ ਨਾਨਕ ਦੇਵ ਜੀ ਦੀ ਪ੍ਰੀਖਿਆ ਵਿਚ ਵੀ ਜੇ ਇੱਕ ਤੋਂ ਵੱਧ ਅਥਵਾਂ ਚਾਰ ਜਾਂ ਪੰਜ ਸਿੱਖ ਪੂਰੇ ਉਤੱਰਦੇ ਤਾਂ ਕੀ ਸਤਿਗੁਰਾਂ ਨੇ ਸਾਰਿਆਂ ਨੂੰ ਹੀ ਗੁਰਿਆਈ ਦੇ ਮਾਲਕ ਬਣਾ ਕੇ ਗੁਰੂ ਗੱਦੀ ਦੀਆਂ ਵੰਡੀਆਂ ਪਾ ਦੇਣੀਆਂ ਸਨ ?

(ਅ) ਜਦ ਦਸ਼ਮੇਸ਼ ਜੀ ਨੇ ਪੰਜਾਂ ਤੋਂ ਵੱਧ ਸਿਰਾਂ ਦੀ ਮੰਗ ਕੀਤੀ ਹੀ ਨਹੀਂ ਸੀ, ਤਾਂ ਇਹ ਕਿਵੇ ਕਿਹਾ ਜਾ ਸਕਦਾ ਹੈ ਕਿ ਪੰਜ ਸਿੱਖ ਹੀ ਪਾਸ ਹੋਏ ਸਨ ? ਕੀ ਪਤਾ ਪਾਸ ਹੋ ਸਕਣ ਵਾਲੇ ਹਜ਼ਾਰਾਂ ਹੀ ਹੋਰ ਬੈਠੇ ਹੋਣ ?

ਕੀ ਦਸ਼ਮੇਸ਼ ਜੀਨੇ ਛੇਵਾਂ ਸੀਸ ਇਸ ਕਰਕੇ ਨਹੀਂ ਮੰਗਿਆ ਕਿ ਉਹ ਜਾਣਦੇ ਸਨ ਕਿ ਅੱਸੀ ਹਜ਼ਾਰ ਤੋਂ ਵੱਧ ਗਿਣਤੀ ਵਿਚ ਬੈਠਿਆਂ ਸਿੱਖਾਂ ਵਿਚੋਂ ਸੀਸ ਭੇਟਾ ਕਰਨ ਲਈ ਹੋਰ ਕਿਸੇ ਨੇ ਨਹੀਂ ਨਿੱਤਰਨਾ ? ਗੁਰੂ ਨਾਨਕ ਜੀ ਦੀ ਪ੍ਰੀਖਿਆ ਵਿਚ ਇੱਕ ਸਿੱਖ ਦੇ ਪਾਸ ਹੋਣ ਵਾਲੀ, ਅਤੇ ਦਸ਼ਮੇਸ਼ ਜੀ ਦੇ ਸਮੇਂ ਪੰਜਾਂ ਸਿੱਖਾਂ ਦੇ ਪਾਸ ਹੋਣ ਬਾਰੇ, ਬੇਦਲੀਲਾਂ ਅਤੇ ਕੋਝਾ ਭਰਮ ਪੈਦਾ ਕਰ ਦੇਣ ਵਾਲਿਆਂ ਸਤਿਕਾਰਯੋਗ ਲਿਖਾਰੀਆਂ ਵਿਚੋਂ ਕਿਸੇ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ, ਸਤਿਗੁਰਾਂ ਨੇ ਛੇਵੇਂ ਸੀਸ ਦੀ ਮੰਗ ਕਿਸ ਕਾਰਨ ਨਹੀਂ ਸੀ ਕੀਤੀ ? ਅਜੇਹੇ ਕੋਝੇ ਭ੍ਰਮਾਂ ਵਿਚ ਪੈਣਾ ਜਾਂ ਹੋਰਨਾ ਨੂੰ ਪਾਉਣਾ ਸਿੱਖੀ ਨਹੀਂ ਸਗੋਂ ਬ੍ਰਾਹਮਣੀ ਕਰਤੂਤ ਹੈ ।

੯੨- **ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥ ਭਰਮਿ ਭੁਲਾਈਐ ਜਨਮਿ ਮਰਿ ਆਈਐ ॥**

**ਜਮ ਦਰਿ ਬਾਧਉ ਮਰੈ ਬਿਕਾਰੁ ॥ ਨਾ ਰਿਦੈ ਨਾਮੁ ਨ ਸਬਦੁ ਅਚਾਰੁ ॥੬॥**[੯੦੪]-੪

੧੪

# ਫ਼ਤਹ ਬੁਲਾਉਣ ਤੇ ਕਿੰਤੂ

ਫ਼ਤਹਿ ਬੁਲਾਉਣ ਦੇ ਹੁਕਮ ਦੀ ਪਾਲਣਾ ਤਾਂ ਸੁੰਗੜ ਕੇ ਮਸਾਂ ਗਿਣੇ ਮਿਥੇ ਗੁਰਮੁਖਾਂ ਤੱਕ ਹੀ ਰਹਿ ਗਈ ਹੈ। ਕਿਸੇ ਨਾਲ ਸੰਬੋਧਨ ਹੋਣ ਤੇ ਫ਼ਤਹਿ ਬੁਲਾਉਣੀ ਤਾਂ ਦੂਰ ਦੀ ਗੱਲ ਹੈ ਆਪਣੇ ਸੱਜਣਾਂ ਮਿੱਤਰਾਂ ਅਤੇ ਸੰਬੰਧੀਆਂ ਆਦਿ ਨੂੰ ਚਿਠੀ ਪੱਤਰ ਲਿਖਣ ਸਮੇ ਵੀ ਪੂਰੀ ਫ਼ਤਹਿ ਕੋਈ ਵਿਰਲਾ ਹੀ ਲਿਖਦਾ ਹੈ । " ਸਤਿ ਸਿਰੀ ਅਕਾਲ " ਕਹਿ ਦੇਣਾ ਹੀ ਸਿੱਖੀ ਮਰਯਾਦਾ ਬਣ ਚੁੱਕੀ ਹੈ। ਜਾਂ ਚੰਗੇ ਭਲੇ ਗਿਆਨੀ ਅਖਵਾਉਣ ਵਾਲੇ ਕੇਲ--ਗੁਰੂ ਫ਼ਤੋਹ ਪ੍ਰਵਾਨ ਹੋਵੇ ਲਿਖਣ ਤੇ ਸੰਤੁਸ਼ਟ ਹੋਣ ਲੱਗ ਪਏ ਹਨ। ਦਾਸ ਕੋਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਭਗਵਾਨ ਸਿੰਘ ਜੀ ਦੀ ਲਿਖੀ ਚਿੱਠੀ ਪਈ ਹੈ ਜਿਸ ਅਰੰਭ ਮੁਖ ਗ੍ਰੰਥੀ ਸਾਹਿਬ ਨੇ ਇਉਂ ਕੀਤਾ ਹੋਇਆ-- **੧ਓ--ਸ੍ਰ: ਗੁਰਬਖ਼ਸ਼ ਸਿੰਘ ਜੀ ਗੁਰੂ ਫ਼ਤਹ ਪ੍ਰਵਾਨ ਹੋਵੇ ", ਭਾਵ, ਸ੍ਰੀ ਅਕਾਲਤਖ਼ਤ ਸਾਹਿਬ ਜੀ ਵਲੋਂ ਹੁਣ ਦਸ਼ਮੇਸ਼ ਜੀ ਦੀ ਬਖ਼ਸ਼ੀ ਫਤਹਿ ਦਾ ਰੂਪ ਕੇਵਲ --ਗੁਰੂ ਫ਼ਤਹਿ ਹੀ ਰਹਿ ਗਿਆ ਹੈ। ਦਾਸ ਨੇ ਉਸ ਚਿੱਠੀ ਦਾ ਉਤਾਰਾ ਸ਼੍ਰੋਮਣੀ ਗੁਰਦੁਆਰਾ ਪ੍ਰਧੰਧਕ ਕਮੇਟੀ ਦੇ ਸਕੱਤਰ ਸਾਹਬ ਵੱਲ ਭੇਜ ਕੇ ਸਪੱਸ਼ਟੀ ਕਰਨ ਦੀ ਯਾਚਨਾ ਲਿਖ ਭੇਜੀ ਸੀ ਪਰ ਉਨ੍ਹਾਂ ਵਲੋਂ ਦਾਸ ਦੇ ਕਿਸੇ ਵੀ ਬੇਨਤੀ ਪੱਤਰ ਦਾ ਉੱਤਰ ਕਦੇ ਨਹੀਂ ਆਇਆਂ।**ਅਜੇਹੀਆਂ ਹੀ ਅਣਗਹਿਲੀਆਂ ਦੇ ਕਾਰਨ ਅੱਜ ਅਸੀਂ ਕਿਸੇ ਬਿਮਾਰ ਪੰਛੀ ਨੂੰ ' ਬਾਜਾਂ ਵਾਲੇ ' ਦਾ ' ਬਾਜ ' ਮੰਨ ਕੇ ਮੱਥੇ ਟੇਕੀ ਜਾਣ ਦਾ ਸਮਾਂ ਤਾਂ ਕੱਢ ਸਕਦੇ ਹਾਂ ਪਰ ਦਸ਼ਮੇਸ਼ ਜੀ ਹੁਕਮ ਅਨੁਸਾਰ, --ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ--ਬੁਲਾਉਣ ਵਾਲੇ ਗੁਰੂ ਦੇ ਹੁਕਮ ਨੂੰ ਮੰਨਣਾ ਕੀ ਵਾਧੂ ਦੀ ਖੇਚਲ ਜਾਂ ਬੇਲੋੜੀ ਗੱਲ ਮਿਥ ਬੈਠੇ ਹਾਂ। ਅਸੀਂ ਆਪਣੀ ਕਿਹੜੀ ਕਰਤੂਤ ਦੱਸੀਏ ਜਿਹੜੀ ਸਤਿਗੁਰਾਂ ਦੇ ਹੁਕਮਾਂ ਦੇ ਅਨਕੂਲ ਹੈ ?

ਫ਼ਤਹਿ ਬੁਲਾਉਣ ਦੀ ਮਰਯਾਦਾ ਵਿਰੁੱਧ ਨੂੰ ਵਾਧੂ ਦੀ ਖੇਚਲ ਸਮਝਦੇ ਹੋਏ ਕਈ ਸਿੱਖਾਂ ਵਲੋਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ--ਜਿਨ੍ਹਾਂ ਦਿਨਾਂ ਵਿਚ ਅੰਮ੍ਰਿਤ ਛਕਾਇਆ ਗਿਆ ਸੀ, ਉਨ੍ਹਾਂ ਦਿਨਾਂ ਵਿਚ ਖਾਲਸਾ ਜੀ ਨੂੰ ਨਿਤ ਹੀ ਜੰਗਾਂ ਜੁਧਾਂ ਵਿਚ ਰਹਿਣਾ ਪੈਂਦਾ ਸੀ, ਇਸ ਕਾਰਨ ਵਾਹਿਗੁਰੂ ਕੋਲੋਂ ਸਦਾ ਫਤਹਿ ਦੀ ਮੰਗ ਕਰਦੇ ਰਹਿਣ ਨਾਲ ਕਦੇ ਢਹਿੰਦੀ ਕਲਾ ਵਾਲੇ ਵਿਚਾਰ ਨਹੀਂ ਸਨ ਬਣਦੇ। ਅੱਜ ਕਿਹੜੀ ਜੰਗ ਲੱਗੀ ਹੋਈ ਹੈ ਜਿਸ ਵਿਚ ਅਸੀਂ ਫਤਹਿ ਦੀ ਗੱਲ ਕਰਦੇ ਰਹਿੰਦੇ ਹਾਂ । ਸਗੋਂ ਅੱਜ--**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ**- -ਕਹਿਣ ਨਾਲ ਸਿੱਖਾਂ ਵਿਚ ਹੰਕਾਰ ਭਾਵਣਾ ਪ੍ਰਧਾਨ ਹੋਈ ਜਾਣ ਨਾਲ, ਜੰਗ ਜੁਧ ਕਰਦੇ ਰਹਿਣ ਦਾ ਹੀ ਉਤਸ਼ਾਹ ਬਣਿਆਂ ਰਹਿੰਦਾ ਹੈ । ਏਸੇ ਕਾਰਨ ਹੀ " ਸਿੱਖ ਲੜਾਈ ਸਹੇੜਨ ਵਾਲਿਆਂ ਦੀ ਜਮਾਤ " ਕਹੀ ਜਾਣ ਲੱਗ ਪਈ ਹੈ। ਇਹ ਗੱਲ ਵੀ ਮਸ਼ਹੂਰ ਹੋ ਚੁੱਕੀ ਹੈ ਕਿ ਜੇ ਸਿੱਖਾਂ ਨੂੰ ਲੜਨ ਲਈ ਕੋਈ ਦੂਜਾ ਨਾ ਲੱਭੇ ਤਾਂ ਇਹ ਆਪਸ ਵਿਚ ਹੀ ਲੜ ਕੇ ਆਪਣੀ ਆਦਤ ਪੂਰੀ ਕਰ ਲੈਂਦੇ ਹਨ। ਗੁਰੂ ਦਰਬਾਰ ਵਿਚ ਹੀ ਲੜਾਈਆਂ ਕਰਨ ਵਾਲੇ ਦੋਵੇ ਧੜੇ ਫਤਹਿ ਦੀ ਮੰਗ ਵੀ ਉਸੇ ਮਹਾਨ ਗੁਰੂ ਕੋਲੋਂ ਕਰ ਰਹੇ ਹੁੰਦੇ ਹਨ, ਜਿਸ ਦੇ ਦਰਬਾਰ ਦੀ ਆਨ-ਸ਼ਾਨ ਮਿੱਟੀ ਵਿਚ ਰਲਾ ਰਹੇ ਹੁੰਦੇ ਹਨ, ਆਦਿ ਆਦਿ ,

ਅਜੇਹਾ ਕਈ ਕੁਝ ਸੁਣਨਾ ਪੈ ਰਿਹਾ ਹੈ। ਅਜੇਹੀ ਟਿੱਪਣੀ ਕਰਨ ਵਾਲਿਆਂ ਦਾ ਸਦਾ ਲਈ ਮੂੰਹ ਬੰਦ ਕਰ ਦੇਣ ਵਾਲਾ ਪ੍ਰਬੰਧ ਭਿੰਡਰਾਂ ਵਾਲੇ ਝੁਝਾਰੂ ਜਥੇ ਕੋਲ ਤੇ ਭਾਵੇਂ ਹੋਵੇ, ਪਰ ਗੁਰਮਤ ਦੇ ਗਿਆਤਾ ਕਿਸੇ ਗੁਰਮੁਖ ਕੋਲੋਂ ਅਜੇਹਾ ਕਿੰਤੂ ਕਰਨ ਵਾਲਿਆਂ ਦੀ ਤਸੱਲੀ ਕਰਾ ਸਕਣ ਵਾਲਾ ਬਾਦਲੀਲ ਉੱਤਰ ਕਿਵੇਂ ਬਣੇ ? ਉਂਜ ਅਸਲੀਯਤ ਏਹੀ ਹੈ ਕਿ ਸੱਚ ਨੂੰ ਝੂਠ ਕਹਿਣ ਵਾਲਾ, ਅਤੇ ਪੱਸਰੀ ਹੋਈ ਹਨੇਰੀ ' ਰਾਤ ' ਨੂੰ 'ਦਿਨ ' ਕਹਿਣ ਵਾਲਾ ਮਨੁੱਖ ਢੀਠ ਅਤੇ ਅਕਲ ਦਾ ਅੰਨ੍ਹਾਂ ਹੀ ਹੋ ਸਕਦਾ ਹੈ ਪਰ ਫਿਰ ਵੀ ਪੰਥਕ ਮਰਯਾਦਾ ਬਾਰੇ ਕਿੰਤੂ ਕਰਨ ਵਾਲਿਆਂ ਨੂੰ ਗੁਰਮਤਿ-ਸਿਧਾਂਤ ਦੀ ਅਸਲੀਯਤ ਸਮਝਾਉਣ ਦਾ ਯਤਨ ਕਰਨਾ ਜ਼ਰੂਰੀ ਬਣਦਾ ਹੈ ।

ਗੁਰੂ ਘਰਾਂ ਦੀ ਗੋਲਕ ਤੇ ਕਬਜ਼ੇ ਦੀ ਅਤੇ ਕਮੇਟੀ ਵਿਚਲੀ ਚੌਧਰ ਤੇ ਜੱਫਾ ਮਾਰ ਲੈਣ ਦੀ ਦੌੜ ਵਿਚ ਨਵੇਂ ਤੋਂ ਨਵੇਂ ਕਿਸਮ ਦੇ ਲੜਾਈ ਝਗੜਿਆਂ ਬਾਰੇ ਵਿਦੇਸ਼ੀ ਅਖ਼ਬਾਰਾਂ ਵਿਚ ਨਿਤ ਨਵੇਂ ਦਿਨ ਛੱਪ ਰਹੀਆਂ ਖ਼ਬਰਾਂ ਅਤੇ ਫਿਰ ਗੁਰੂ ਘਰ ਦੇ ਵਿਚ ਹੁੰਦੇ ਜੰਗ ਵਿਚ ਕੇਸਾ ਤੋ ਫੜ ਕੇ ਧੂਈ ਜਾਂਦੀ ਬਿਦੇਸ਼ੀ ਪੁਲਸ ਦੀਆਂ (ਸ਼ਰਮ ਨਾਲ ਸਿਰ ਨੀਵਾਂ ਕਰ ਦੇਣ ਵਾਲੀ) ਤਸਵੀਰਾਂ ਛਪਦੇ ਹੋਣ ਦੇ ਕਾਰਨ, ਉਪਰ ਲਿਖੀਆਂ ਵਿਰੋਧੀ ਗੱਲਾਂ ਦਾ ਠੋਸ ਅਤੇ ਬਾਦਲੀਲ ਉੱਤਰ ਦੇ ਸਕਣਾ ਗੰਭੀਰ ਮਸਲਾ ਬਣ ਖਲੋਂਦਾ ਹੈ। ਕੀ ਏਸੇ ਤਰ੍ਹਾਂ ਦੀ ਜੰਗ ਵਿਚ ਵਾਹਿਗੁਰੂ ਜੀ ਕੀ ਫ਼ਤਹ ਮੰਗੀ ਜਾ ਰਹੀ ਹੁੰਦੀ ਹੈ ?

ਅਜੇਹੀ ਹਾਲਤ ਬਣਦੀ ਜਾਣ ਦਾ ਕਾਰਨ ਕੇਵਲ ਇਕੋ ਹੀ ਹੈ, ਕਿ, ਅਸੀਂ **ਮਨਮੁਖ ਹੋ ਚੁੱਕੇ ਹਾਂ**। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਨੂੰ ਸਮਝਣ ਦੀ ਲੋੜ ਮੁੱਕ ਚੁੱਕੀ ਹੋਈ ਹੈ। ਜੇ ਅਸੀਂ ਗੁਰਮਤਿ ਤੋਂ ਪੂਰੀ ਤਰ੍ਹਾਂ ਜਾਣੂੰ ਰਹਿੰਦੇ ਅਤੇ ਆਪਣੀ ਜੀਵਨੀ ਗੁਰੂ ਦੇ ਗਿਆਨ ਅਨੁਸਾਰ ਢਾਲੀ ਰੱਖਣ ਦੀ ਚਿਟਕ ਸਿੱਖ ਦੇ ਬੱਚੇ ਬੱਚੀ ਦੇ ਅੰਦਰ ਬਣ ਚੁੱਕੀ ਹੁੰਦੀ ਤਾਂ ਅੱਜ ਤਾਂਈ, ਗੁਰਮਤਿ--ਗਿਆਨ ਦੇ ਦੈਵੀ ਬੋਹੜ ਦੀ ਸੰਘਣੀ ਛਾਂ ਦੇ ਹੇਠਾਂ ਸਾਰੇ ਜਗਤ ਦਾ ਮਨੁੱਖ, ਆਸ਼ਤਮਕ ਸੁੱਖ ਦਾ ਅਨੰਦ ਮਾਣ ਰਿਹਾ ਹੋਣਾ ਸੀ। ਝਾੜੀ ਝਾੜੀ ਨਾਲ ਖਲੋਤੇ ਖਾਲਸੇ ਦੀ ਪਿਆਰੀ ਮੁਸਕਾਣ ਦੇਖਣੀ ਸਾਰੇ ਸੰਸਾਰ ਲਈ ਖ਼ੁਸ਼ੀ ਦਾਂ ਸੋਮਾ ਬਣ ਚੁੱਕੀ ਹੋਣੀ ਸੀ । ਫਿਰ ਤੇਜ ਪ੍ਰਤਾਪ ਖਾਲਸੇ ਦੇ ਸਿਵਾ ਹੋਰ ਕਿਸ ਕੋਲ ਹੋਣਾ ਸੀ ? ਪਰ ਅੱਜ ਹਾਲਤ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਰਬ ਉੱਚ ਜਥੇਦਾਰ ਸਾਹਿਬ ਨੂੰ ਦਾਸ ਨੇ ਜਿੰਨੀਆਂ ਵੀ ਚਿਠੀਆਂ ਲਿਖੀਆਂ ਉਨ੍ਹਾਂ ਵਿਚੋਂ ਕਿਸੇ ਇੱਕ ਚਿੱਠੀ ਦਾ ਉੱਤਰ ਦੇ ਸਕਣ ਦੀ ਜਾਂ ਤਾਂ ਲੋੜ ਨਹੀਂ ਸਮਝੀ ਅਤੇ ਜਾਂ ਫਿਰ ਅੱਜ ਦੇ ਕਮੇਟੀ ਦੇ ਪ੍ਰਸਾਸ਼ਨ ਨੇ ਸਰਬ-ਉੱਚ ਜਥੇਦਾਰ ਵਿਚ, ਸੱਚ ਲਿਖ ਸਕਣ ਦੀ ਜਾਂ ਸੱਚ ਬੋਲ ਸਕਣ ਦੀ ਦਲੇਰੀ ਨਹੀਂ ਰਹਿਣ ਦਿੱਤੀ ਹੋਈ। ਜਦ ਸਰਬ-ਉੱਚ ਜਥੇਦਾਰ ਦੀ ਹਾਲਤ ਇਹੋ ਜਿਹੀ ਬਣ ਜਾਵੇ ਤਾਂ ਅਸਾਂ ਤੁਸਾਂ ਕਿਸੇ ਦੀ ਤਸੱਲੀ ਕੀ ਕਰਾਉਣੀ ਹੈ। ਕਿੰਤੂ ਕਰਨ ਵਾਲਿਆਂ ਦੀਆਂ, ਸੱਚ-ਰਲੀਆਂ ਗੱਲਾਂ ਸੁਣ ਕੇ ਕੀ, ਏਥੇ (ਬਾਹਰ ਦੇ ਦੇਸ਼ਾਂ ਵਿਚ) ਵੀ ਜੰਗ ਸਹੇੜ ਲਈਏ ? ਕੀ ਏਥੇ ਵੀ ਆਪਣੀ ਇਸ ਆਪ-ਸਹੇੜੀ ਜੰਗ ਵਿਚ ਫ਼ਤਹ ਮੰਗਣ ਦੇ ਜੈਕਾਰੇ ਗਜਾ ਦੇਈਏ ? ਅਜੇਹੀਆਂ

ਦਲੀਲਾਂ ਦਾ ਉੱਤਰ ਵੀ ਸਾਡਾ ਕੇਂਦਰੀ ਦਰਬਾਰ (ਸ੍ਰੀ ਅਕਾਲ ਤਖ਼ਤ ਜਾਂ S.G.P.C) ਹੀ ਦੇਵੇ, ਅਤੇ ਜਾਂ ਫਿਰ ਉਹ ।ਦੇਵੇ ਜਿਸ ਕੋਲ ਠਾਹ ਕਰਕੇ ਗੋਲੀ।....?

ਆਉ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਹੱਥ ਬੰਨ੍ਹ ਕੇ ਬੇਨਤੀਆਂ ਕਰੀਏ ਕਿ ਸਾਡੇ ਭਰਮ ਭੁਲੇਖੇ ਦੂਰ ਕਰਕੇ ਸਾਨੂੰ ਆਪਣੇ ਚਰਨਾਂ ਦੀ ਪ੍ਰੀਤੀ ਬਖਸ਼ਣ ਅਤੇ ਆਪਣੇ ਹੁਕਮਾ ਅਨੁਸਾਰ ਤੁਰਨ ਦੀ ਸ਼ਕਤੀ ਬਖ਼ਸ਼ਣ । " ਫ਼ਤਹ " ਪ੍ਰਤੀ ਉਠਦੇ ਸ਼ੰਕਿਆਂ ਦਾ ਵੇਰਵਾ--

(੧) ਜਦ ਸ੍ਰਿਸ਼ਟੀ ਦੇ ਕਣ ਕਣ ਵਿਚ ਪ੍ਰਭੂ ਆਪ ਵਿਆਪਕ ਹੈ, ' **ਆਪਿ ਨਾਥੁ ਨਾਥੀ ਸਭ ਜਾ ਕੀ** "-- ਗੁਰੂ ਫ਼ੁਰਮਾਨ ਅਨੁਸਾਰ ਸਿਰਜਣਾ ਦਾ ਸਾਰਾ ਵਜੂਦ ਉਸ ਨਾਥ ਨੇ ਆਪਣੇ ਆਪ ਵਿਚ ਨੱਥਿਆ ਹੋਇਆ ਹੈ, ਜਦ ਹੈ ਹੀ ਸਭ ਕੁਝ ਉਸਦਾ, ਤਾਂ ਕੀ, ਖ਼ਾਲਸਾ ਜੀ ਦੀ ਹਸਤੀ ਉਸ ਤੋਂ ਅੱਡ ਰਹਿ ਗਈ ਸੀ ਜੋ ਉਚੇਚੇ ਤੌਰ ਤੇ " ਵਾਹਗੁਰੂ ਜੀ ਕਾ ਖ਼ਾਲਸਾ ਕਹਿਣ ਦੀ ਲੋੜ ਪਈ ਰਹਿੰਦੀ ਹੈ ?

(੨) ਅਤੇ ਫਿਰ ਵਾਹਿਗੁਰੂ ਜੀ ਦਾ ਇਹ ਖ਼ਾਲਸਾ ਕਿਹੜੀ ਜੰਗ ਵਿਚ ਜੂਝ ਰਿਹਾ ਹੈ ਜਿਸ ਵਿਚ ਹੋਣ ਵਾਲੀ ਫਤਿਹ ਦਾ ਮਾਲਕ ਵਾਹਿਗੁਰੂ ਜੀ ਨੂੰ ਬਣਾਇਆ ਜਾ ਰਿਹਾ ਹੁੰਦਾ ਹੈ ?

ਅਜੇਹੇ ਪ੍ਰਸ਼ਨਾ ਨੂੰ ਲੈ ਕੇ ਅਸੀਂ ਕਿੱਥੇ ਜਾਈਏ? ਅਜੇਹੀਆਂ ਹੀ ਔਕੜਾਂ ਨੂੰ ਦੂਰ ਕਰਦੇ ਰਹਿਣ ਲਈ ਸਤਿਗੁਰਾਂ ਨੇ ਸਰਬਸ਼੍ਰੇਸ਼ਟ ਅਧਿਕਾਰਾਂ ਵਾਲਾ ਸ੍ਰੀ ਅਕਾਲ ਤਖ਼ਤ ਸਾਹਿਬ ਸਥਾਪਤ ਕੀਤਾ ਸੀ। ਗੁਰਦੁਆਰਾ ਐਕਟ ਤੋਂ ਜਨਮ ਲੈਣ ਵਾਲੀ ਸ਼:ਗੁ: ਪ੍ਰਬੰਧਕ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਾਵੀ ਬਣ ਖਲੋਤੀ। ਕਮੇਟੀ ਦੇ ਦਫ਼ਤਰੀ ਸੇਵਾਦਾ (ਅਹਿਲਕਾਰ) ਸ਼ਾਇਦ ਕਿਸੇ ਨੂੰ ਗੁਰਮਤਿ ਦੇ ਅਨਕੂਲ ਉਤਰ ਲਿਖਣਾ ਜਾਣਦੇ ਹੀ ਨਾ ਹੋਣ। ਫਿਰ ਇਹ ਸ਼ੰਕੇ ਕਿਥੋਂ ਦੂਰ ਹੋਣ। ਕੋਟਾਨ ਕੋਟ ਧਨਵਾਦ ਹੈ ਸੁਜਾਨ ਸਗੁਰੂ ਜੀ ਦਾ ਜਿਨ੍ਹਾਂ ਨੇ ਪਹਿਲੇ ਦਿਨ ਤੋਂ ਸ਼ਬਦ ਨੂੰ ਗੁਰੂ ਘੋਸ਼ਤ ਕਰਕੇ ੨੦੦ ਸਾਲ ਦੇ ਲੰਮੇ ਸਮੇ ਵਿਚ ਉਸ ਸ਼ਬਦ ਨੂੰ ਬਹੁਪੱਖੀ ਗਿਆਨ ਦਾ ਮਹਾਣ ਖ਼ਜ਼ਾਨਾ ਬਣਾ ਕੈ ਆਪਣੇ ਪੰਥ ਨੂੰ ਉਸ ਦੇ ਲੜ ਲਾ ਦਿੱਤਾ। ਇਸ ਫਤਿ ਦੇ ਦਾਤੇ ਵੀ ਉਹ ਆਪ ਹੀ ਹਨ ਜਿੰਨ੍ਹਾਂ ਨੇ ਸ਼ਬਦ ਗੁਰੂ ਨੂੰ ਗੁਰਿਆਈ ਸੌਂਪੀ ਹੈ। ਇਸ ਲਈ ਇਹ ਕਦੇ ਨਹੀਂ ਹੋ ਸਕਦਾ ਕਿ ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥ ਦਾ ਭਾਵ ਗੁਰੂ ਬਾਣੀ ਤੋਂ ਬਾਹਰ ਹੋਵੇ । ਇਸ ਲਈ ਆਉ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਉਨ੍ਹਾਂ ਤੋਂ ਹੀ ਇਸ ਫ਼ਤਹ ਬੁਲਾਉਣ ਦਾ ਅਸਲ ਭੇਤ ਸਮਝੀਏ।

੧੫

## ਵਾਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਹਿੰਦੂ ਧਰਮ ਦੇ ਧਾਰਨੀ ਇੱਕ ਦੂਜੇ ਨੂੰ ਮਿਲਣ ਸਮੇ, ਨਮੱਸਤੇ, ਰਾਰ ਰਾਮ, ਜੈ ਸੀਤਾ ਰਾਮ, ਹਰੇ ਕ੍ਰਿਸ਼ਨ, ਬੰਦਗੀ, ਅਥਵਾ ਪੈਰੀਂ ਪੈਣਾ ਆਦਿ ਬੋਲਦੇ ਹਨ ਅਤੇ ਕਈ ਵਾਰੀ ਆਪ ਤੋਂ ਵੱਡੇ ਦੇ ਪੈਰੀਂ ਹੱਥ ਵੀ ਲਾਉਂਦੇ ਹਨ। ਧਾਰਮਿਕ ਤੌਰ ਤੇ ਕੋਈ ਪੱਕਾ ਬੋਲ ਨਿੱਯਤ ਨਹੀਂ ਹੈ। ਮੁਸਲਮਾਨ ਧਰਮ ਵਾਲੇ ਜਦ ਆਪਸ ਵਿਚ ਮਿਲਦੇ ਹਨ ਤਾਂ ਪਹਿਲਾਂ ਬੋਲਣ ਵਾਲਾ " ਅਸਲਾਮ-ਅਲੈਕਮ," (ਭਾਵ, ਤੇਰੇ ਤੇ ਰੱਬ ਦੀ ਰਹਿਮਤ ਹੋਵੇ) ਅਤੇ ਅਗੋਂ ' ਦੂਜਾ ਵਾ ਲੈਕਮਸਲਾਮ " (ਭਾਵ, ਤੇਰੇ ਤੇ ਵੀ ਰੱਬ ਦੀ ਰਹਿਮਤ ਹੋਵੇ) ਬੋਲਦਾ ਹੈ। ਅਜੇਹਾ ਬੋਲਣਾ ਉਨ੍ਹਾਂ ਲਈ ਇਸਲਾਮੀ ਸ਼ਰਾ ਦੀ ਪਾਬੰਦੀ ਹੈ। ਉਂਜ ਕਈ ' ਆਦਾਬ ਅਰਜ਼ ' ਅਤੇ ਨਿਰਾ ਸਲਾਮ ਕਹਿ ਕੇ ਵੀ ਡੰਗ ਟਪਾ ਲੈਂਦੇ ਹਨ। ਈਸਾਈ ਲੋਕ ਮਿਲਣ ਸਮੇ ਦਿਨ ਦੇ ਸਮੇ ਸਨੁਸਾਰ, ਗੁਡ ਮਾਰਨਿੰਗ, ਗੁਡ ਨੂੰਨ, ਗੁਡ ਆਫ਼ਟਰ ਨੂੰਨ, ਗੁੱਡ ਈਵਨਿੰਗ, ਗੁਟ ਨਾਈਟ ਆਦਿ ਬੋਲਦੇ ਹਨ, ਅਤੇ ਵਿਛੜਨ ਸਮੇ ਗੁਡ ਬਾਈ ਕਹਿੰਦੇ ਹਨ। ਉਂਜ ਬਹੁਤੇ ਲੋਕ ' ਹੈਲੋ ', ਜਾਂ ' ਹਾਇ ' ਨਾਲ ਵੀ ਬੁੱਤਾ ਸਾਰ ਲੈਂਦੇ ਹਨ। ਜਾਪਾਨੀ ਲੋਕ ਇੱਕ ਦੂਜੇ ਨੂੰ ਝੁਕਦੇ ਹਨ। ਏਸੇ ਤਰ੍ਹਾਂ ਸਾਰੇ ਧਰਮਾਂ ਵਾਲਿਆਂ ਨੇ ਅਜੇਹੇ ਸਮਿਆਂ ਲਈ ਕੋਈ ਬੋਲ ਮਿਥੇ ਹੋਏ ਹਨ, ਜਾਂ ਸਰੀਰਕ ਕਿਰਿਆ ਨੀਯਤ ਕੀਤੀ ਹੋਈ ਹੈ। ਖ਼ਾਲਸਾ ਜੀ ਲਈ ਪੰਥਕ ਪਾਬੰਦੀ ਹੈ ਕਿ, ਜਦੋਂ ਵੀ ਕੋਈ ਸਿੰਘ ਜਾਂ ਸਿੰਘਣੀ ਕਿਸੇ ਦੂਜੇ ਸਿੰਘ ਨੂੰ ਜਾਂ ਸਿੰਘਣੀ ਨੂੰ ਜਾਂ ਕਿਸੇ ਜਥੇ ਨੂੰ ਮਿਲੇ ਤਾਂ ਗੱਜ ਕੇ " ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ " ਬੁਲਾਈ ਜਾਵੇ। ਰਹਿਤ ਮਰਯਾਦਾ ਅਨੁਸਾਰ ਇਹ ਵੀ ਹੁਕਮ ਹੈ ਕਿ ਜਦੋਂ ਵੀ ਕੋਈ ਸਿੰਘ ਜਾਂ ਸਿੰਘਣੀ ਗੁਰੂ ਦਰਬਾਰ ਵਿਚ ਆਵੇ ਤਾਂ ਸਤਿਗੁਰਾਂ ਨੂੰ ਮੱਥਾ ਟੇਕ ਲੈਣ ਉਪ੍ਰੰਤ ਸੰਗਤਿ ਨੂੰ ਫ਼ਤਹਿ ਬੁਲਾਵੇ ਅਤੇ ਵਿਹਲਾ ਥਾਂ ਵੇਖ ਕੇ, ਬਿਨਾ ਕਿਸੇ ਦੂਜੇ ਨੂੰ ਬੇਆਰਾਮ ਕੀਤਿਆਂ, ਸਤਿਗੁਰਾਂ ਵੱਲ ਮੂੰਹ ਕਰਕੇ ਸਾਵਧਾਨ ਰਹਿੰਦਾ ਹੋਇਆ ਇਕਾਗਰ ਚਿੱਤ ਹੋ ਕੇ ਬੈਠ ਜਾਵੇ। ' ਸਤਿ ਸ੍ਰੀ ਅਕਾਲ ' " ਜੋ ਬੋਲੇ ਸੋ ਨਿਹਾਲ " ਜੈਕਾਰੇ ਦਾ ਦੂਜਾ ਭਾਗ ਹੈ। ਇਹ ਜੰਗੀ ਨਾਰਾ ਹੈ, ਅਥਵਾ ਜੁੜੀ ਹੋਈ ਗੁਰੂ-ਸੰਗਤ ਵਲੋਂ ਚੜ੍ਹਦੀ ਕਲਾ ਦਾ ਪ੍ਰਗਟਾਵਾ ਹੈ, ਅਤੇ ਸਦੀਵੀ ਹਸਤੀ ਵਾਲੇ, ਸਮੇ ਦੀ ਪਕੜ ਤੋਂ ਰਹਿਤ, ਵਾਹਿਗੁਰੂ ਦਾ ਸਿਮਰਨ ਹੈ। ਹੁਣ ਅਸਾਂ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ਦੇ ਗੁਰਮਤਿ ਅਰਥ ਹੇਠ ਲਿਖੀ ਤਰਤੀਬ ਅਨੁਸਾਰ ਸਮਝਣੇ ਹਨ:----

(੧) ਵਾਹਿਗੁਰੂ ਜੀ ਕਾ ਖ਼ਾਲਸਾ " ਪੰਗਤੀ ਦਾ ਗੁਰਮਤਿ ਭਾਵ,

(੨) ਕਿਸ ਜੰਗ ਜਾਂ ਸੰਘਰਸ਼ ਵਿਚ ਫ਼ਤਿਹ ਦੀ ਮੰਗ ਹੈ,

(੩) ਫ਼ਤਹਿ ਕਿਸ ਪ੍ਰਕਾਰ ਦੀ ਹੈ (ਕਿਸੇ ਦੇਸ਼, ਕੌਮ ਅਥਵਾ ਜਾਇਦਾਦ ਤੇ ਕਬਜ਼ੇ ਵਾਲੀ ਫਤਹਿ ਕਿ ਜਾਂ ਕਿਸੇ ਹੋਰ ਪ੍ਰਕਾਰ ਦੀ ਫ਼ਤਹਿ ਹੈ?

**ਵਾਹਿਗੁਰੂ ਜੀ ਕਾ ਖਾਲਸਾ**--

ਸਾਰੀ ਸ੍ਰਿਸ਼ਟੀ ਦੇ ਕਣ ਕਣ ਵਿਚ ਸਮਾਏ ਹੋਏ, ਸਾਰੇ ਸੰਸਾਰ ਪਸਾਰੇ ਨੂੰ ਆ ਪਣੇ ਆਪੇ ਵਿਚ ਨੱਥੀ ਬੈਠੇ, ਉਸ ਨਾਥ ਨੂੰ ਇਹ ਕਹਿਣਾ ਕਿ ਖ਼ਾਲਸਾ ਵੀ ਤੇਰਾ ਹੀ ਬੇਅਰਥ ਦੀ ਗੱਲ ਲਗਦੀ ਹੈ। ਪਰ ਅਸਲ ਵਿਚ ਇਨ੍ਹਾਂ ਬੋਲਾਂ ਦਾ ਇਹ ਭਾਵ ਨਹੀਂ ਹੈ। ਖ਼ਾਲਸਾ ਵਾਹਿਗੁਰੂ ਜੀ ਦਾ ਹੈ ਦਾ ਭਾਵ, ਹੈ ਕਿ " ਹਉਮੈ " ਨੂੰ ਤਿਆਗ ਕੇ, ਆਪਣੇ ਆਪੇ ਦੇ ਅੱਡਰੇ ਪਨ ਵਾਲੇ ਅਨੁਭਵ ਨੂੰ ਮੁਕਾ ਕੇ, ਗੁਰੂ ਦੀ ਮੱਤ ਅਨੁਸਾਰ ਚਲਦਿਆਂ ਆਪਣੇ

ਆਪੇ ਨੂੰ ਵਾਹਿਗੁਰੂ ਵਿਚ ਲੀਨ ਕਰ ਦੇਣਾ ਹੀ ਵਾਹਿਗੁਰੂ ਦਾ ਬਣਨ ਦੀ ਗੱਲ ਹੈ। **(੧) ਗੁਰ ਕਿਰਪਾ ਤੇ ਨਿਰਮਲੁ ਹੋਆ ਜਿਨਿ ਵਿਚਹੁ ਆਪੁ ਗਵਾਇਆ ॥** [੫੯੯] ਪਰਮਾਤਮਾ ਵਿਚ ਲੀਨਤਾ ਹੋ ਹੀ ਤੱਦ ਸਕਦੀ ਹੈ ਜਦੋਂ ਹਉਮੈ ਦਾ ਖ਼ਾਤਮਾ ਇਸ ਹੱਦ ਤੱਕ ਹੋ ਜਾਵੇ ਕਿ, ਮਨ ਦਾਸਾਂ ਦਾ ਦਾਸ ਬਣ ਜਾਵੇ-- **(੨) ਦਾਸਨਿ ਦਾਸੁ ਹੋਵੈ ਤਾ ਹਰਿ ਪਾਏ ਵਿਚਹੁ ਆਪੁ ਗਵਾਈ ॥** [੬੦੦] ਹੇ ਵਾਹਿਗੁਰੂ ! ਮੈਂ ਆਪਣੇ ਆਪ ਵਿਚ ਕੁਝ ਵੀ ਨਹੀਂ ਹਾਂ ਮੇਰੀ ਜਿੰਦ ਜਾਨ ਮਾਲ ਧਨ ਮੇਰੀ ਸਮਝ ਸਭ ਕੁਝ ਤੇਰਾ ਹੀ ਹੈ। ਮੈ ਆਪਣੀ ਅੱਡਰੀ ਹਉਮੈ ਵਾਲੀ ਸੋਚ ਤਿਆਗ ਕੇ ਕੇਵਲ ਅਤੇ ਕੇਵਲ ਤੇਰਾ ਬਣ ਚੁੱਕਾ ਹਾਂ । **(੩) ਗੁਰਮੁਖਿ ਗਾਵੈ ਆਪੁ ਗਵਾਵੈ ਦਰਿ ਸਾਚੈ ਸੋਭਾ ਪਾਈ ॥ ੧੮ ॥**[੯੧੦] (੪) **ਗੁਰਮੁਖਿ ਹੋਵੈ ਸੋ ਤਤੁ ਪਾਏ ॥ ਆਪਣਾ ਆਪੁ ਵਿਚਹੁ ਗਵਾਏ ॥** [੧੦੧੬ (੫) **ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ॥**[੯੧੯] ਇਨ੍ਹਾਂ ਗੁਰੂ ਫ਼ੁਰਮਾਨਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਤਿਗੁਰਾਂ ਦਾ ਉਪਦੇਸ਼ ਹਉਮੈ ਵਾਲੀ ਮਨਮੱਤੀ ਹੋਂਦ ਨੂੰ ਮਿਟਾ ਕੇ ਸਦਾ ਪ੍ਰਭੂ ਦੇ ਹੁਕਮ ਵਿਚ ਵਿਚਰਦੇ ਰਹਿਣ ਦਾ ਹੈ। ਨੀਚਾਂ ਅਤੇ ਨਿਆਸਰਿਆਂ ਦਾ ਸਦਾ ਸੰਗ ਨਿਭਾਉਣ ਵਾਲਾ, ਨਿਮਰਤਾ ਅਤੇ ਗ਼ਰੀਬੀ ਸੁਭਾ, ਜੀਵਨ-ਮੁਕਤ, ਗ੍ਰਿਹਸਤ-ਉਦਾਸ, ਸੰਤ-ਸੂਰਮੇ ਦੀ ਘਾੜਤ ਘੜਨ ਆਏ ਸ੍ਰੀ ਗੁਰੂ ਨਾਨਕ ਦੇਵ ਜੀ ਅਜੇਹੀ ਕੋਈ ਵੀ ਮਰਯਾਦਾ ਕਿਵੇਂ ਚਾਲੂ ਕਰ ਸਕਦੇ ਸਨ ਜਿਸ ਤੋਂ ਨਿਤ ਨਵਾਂ ਜੰਗ ਅਥਵਾ ਲੜਾਈ ਝਗੜਾ ਸਹੇੜੀ ਰੱਖਣ ਦੀ ਪ੍ਰੇਰਨਾ ਮਿਲਦੀ ਹੋਵੇ। " ਵਾਹਿਗੁਰੂ ਜੀ ਕਾ ਖ਼ਾਲਸਾ " ਕਹਿਣ ਤੋਂ ਭਾਵ ਹੈ ਕਿ, ਹੇ ਵਾਹਿਗੁਰੂ ਜੀ ! ਖ਼ਾਲਸੇ ਦੀ ਹੋਂਦ ਤੈਥੋਂ ਅੱਡਰੀ ਨਹੀਂ ਹੈ। ਤੇਰਾ ਸਿਰਜਿਆ ਇਹ ਖ਼ਾਲਸਾ ਤੇਰੀ ਸਿਰਜਣਾ ਵਿਚ ਹਰ ਥਾਂ ਤੇਰਾ ਹੀ ਦੀਦਾਰ ਕਰਦਾ ਹੋਇਆ ਤੇਰੇ ਵਿਚ ਲੀਨ ਹੋ ਚੁੱਕਾ ਹੈ, ਤੇਰੇ ਹੁਕਮ ਵਿਚ ਸਦਾ ਪ੍ਰਸੰਨ ਰਹਿਣਾ ਹੀ ਤੇਰੇ ਖ਼ਾਲਸੇ ਦੀ ਹੋਂਦ ਹੈ। ਤੂੰ ਵਿਚ ਮਿਲਦਿਆਂ ਹੀ ਗੁਰੂ ਨਾਨਕ ਜੀ ਦੇ ਸਿਰਜੇ ਖ਼ਾਲਸੇ ਦੀ " ਮੈਂ ਹੂੰ " ਮੈਂ ਹੂੰ " ਮੁੱਕ ਗਈ ਹੈ। ਵਾਹਿਗੁਰੂ ਜੀ ਕਾ ਖ਼ਾਲਸਾ ॥ ਬੋਲਦਿਆਂ ਜੇ ਮਨ ਵਿਚ ਇਹ ਨਾ ਆਵੇ ਕਿ ਅਸੀਂ ਪੂਰਨ ਤੌਰ ਤੇ ਵਾਹਿਗੁਰ ਜੀ ਦੇ ਹੋ ਚੁੱਕੇ ਹਾਂ, ਉਸ ਤੋਂ ਬਿਨਾਂ ਸਾਡੀ ਅੱਡਰੀ ਹੋਂਦ ਕੁਝ ਹੈ ਹੀ ਨਹੀਂ, ਅਤੇ ਸਗੋਂ ਹਿਰਦੇ ਵਿਚ ਕਿਸੇ ਪ੍ਰਕਾਰ ਦੀ ਹਉਮੈ ਦਾ ਵਾਸਾ ਹੋ ਜਾਵੇ ਤਾਂ ਸਮਝੋ ਕਿ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਅਥਵਾ ਉਨ੍ਹਾਂ ਦੇ ਦਸਵੇਂ ਸਰੂਪ ਦੇ ਖਾਲਸੇ ਨਹੀਂ ਰਹੇ ਹੋਏ। ਫਿਰ ਇਹ ਜੰਗ ਜਾਂ ਯੱਧ ਕਿਹੜਾ ਹੈ ਉਹ ਫ਼ਤਹਿ ਕਿਸ ਪ੍ਰਕਾਰ ਦੀ ਹੈ ਜੋ ਵੀ ਵਾਹਿਗੁਰੂ ਦੀ ਹੀ ਸਮਝੀ ਜਾਣੀ ਹੈ? ਦਾਸ ਲਈ ਇਹ ਬੜਾ ਕਠਨ ਮਸਲਾ ਸੀ।

੯੩-- **ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥ ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਉ ਪ੍ਰੀਤਿ ਨ ਪਿਆਰੁ ॥ ਮਨਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ ॥ ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰ ਧਾਰਿ ॥ ਨਾਨਕ ਗੁਰਮੁਖਿ ਸੋਹਣੇ ਤਿਤੁ ਸਚੈ ਦਰਬਾਰਿ ॥ ੪੭ ॥** [੧੪੧੮]

## ੧੬
# ਧਰਮ ਯੱਧ ਕੇ ਚਾਇ।।। ?

ਫਤਿਹ ਬੁਲਉਂਣ ਵਿਚ ਕਿਹੜੀ ਜੰਗ ਵਿਚ ਜਿੱਤ ਦੀ ਮੰਗ ਹੈ? ਇਸ ਪ੍ਰਸ਼ਨ ਦਾ ਉੱਤਰ ਦਾਸ ਨੂੰ ਸਮਝਾਉਂਦਿਆ, ਇੱਕ ਬੜੇ ਸੁਹਿਰਦ, ਗਿਆਨਵਾਨ ਗੁਰਮੁਖਿ ਲਿਖਾਰੀ ਸੱਜਣ ਜੀ ਨੇ ਫ਼ੁਰਮਾਨ ਕੀਤਾ ਕਿ ' ਆਪਣੇ ਪੰਥ ਨੂੰ ਇਸ ਫ਼ਤਹ ' ਦੇ ਦਾਤੇ ਦਸ਼ਮੇਸ਼ ਜੀ ਨੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਵਿਚ ਉਸ ਯੁੱਧ ਦਾ ਜ਼ਿਕਰ, ਬੜੇ ਸਪੱਸ਼ਟ ਸ਼ਬਦਾਂ ਵਿਚ ਕੀਤਾ ਹੋਇਆ ਹੈ। ਅਤੇ ਉਨ੍ਹਾਂ ਨੇ ਕ੍ਰਿਸਨਾਵਤਾਰ ਵਿਚਲੀ ਇਹ ਪੰਗਤੀ ਪੜ੍ਹੀ--**ਅਵਰ ਬਾਛਨਾ ਨਾਹਿ ਕਿਛੁ, ਧਰਮਯੁਧ ਕਾ ਚਾਇ** "। ਅੱਗੇ ਵਿਆਖਿਆ ਕਰਦਿਆਂ ਸਮਝਾਇਆ ਕਿ, ਦਸਮੇਸ਼ ਜੀ ਧਰਮਯੁੱਧ ਵਿਚ ਖ਼ਾਲਸਾ ਜੀ ਨੂੰ ਸਦਾ ਜੂਝਦਾ ਅਤੇ ਉਸ ਯੁੱਧ ਵਿਚ ਫ਼ਤਹ ਪਾਉਂਦਾ ਵੇਖਣਾ ਚਾਹੁੰਦੇ ਹੋਏ, ਅਕਾਲਪੁਰਖ ਨੂੰ ਕਹਿ ਰਹੇ ਹਨ, ਕਿ ਹੇ ਵਾਹਿਗੁਰੂ ਜੀ! ਉਸ ਧਰਮ ਯੁੱਧ ਵਿਚ ਜਿੱਤ ਖ਼ਾਲਸੇ ਦੀ ਨਹੀਂ ਹੈ ਉਹ ਜਿੱਤ ਵੀ ਤੇਰੀ ਹੈ, ਇਸ ਲਈ ਆਪਣੇ ਖ਼ਾਲਸਾ ਜੀ ਨੂੰ ਸਦਾ ਬਲਵਾਨ ਬਣਾਈ ਰੱਖੀ "। ਪਰ ਕਿਸ ਪਰਕਾਰ ਦੇ ਜੰਗ ਨੂੰ **ਧਰਮ ਯੁਧ** ਮੰਨਿਆਂ ਜਾਵੇ ? ਹਾਲਾਤ ਅਜੇਹੇ ਬਣ ਗਏ ਕਿ ਦਾਸ, ਇਸ ਵਾਰਤਾ ਨੂੰ ਛੇਤੀ ਉਨ੍ਹਾਂ ਨਾਲ ਹੋਰ ਅਗਾਂਹ ਨਾ ਤੋਰ ਸਕਿਆ ਅਤੇ ਉਨ੍ਹਾਂ ਨੂੰ ਅਕਾਲਪੁਰਖ ਵਲੋਂ ਸੱਦਾ ਆ ਗਿਆ। ਇੱਕ ਸ਼ਰਾਬੀ ਟਰੱਕ ਵਾਲਾ ਉਨ੍ਹਾਂ ਦੇ ਸਾਥੋਂ ਸਦੀਵੀ ਵਿਛੋੜੇ ਦਾ ਬਹਾਨਾ ਬਣ ਗਿਆ। ਠੀਕ ਵਿਆਖਿਆ ਦਾ ਪਤਾ ਦਾਸ ਨੇ ਹੋਰ ਕਈ ਥਾਉਂ ਕੀਤਾ ਪਰ **ਧਰਮ-ਯੁੱਧ** ਦੀ ਅਜੇਹੀ ਵਿਆਖਿਆ ਨਾ ਮਿਲ ਸਕੀ ਜਿਸ ਤੋਂ ਮਨ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਂਦਾ।

ਸ੍ਰੀ ਪਿਆਰਾ ਸਿੰਘ ਪਦਮ ਦੀ ਪੁਸਤਕ " ਦਸਮ ਗ੍ਰੰਥ ਦਰਸਨ " ਦੇ ੪੨ ਸਫ਼ੇ ਤੇ ਲਿਖਿਆ ਪੜ੍ਹ ਲਿਆ ਕਿ--" ਗੁਰੂ ਜੀ ਨੇ ਮੁਸਲਮਾਨ ਤਾਕਤ ਦਾ ਮੁਕਾਬਲਾ ਕਰਕੇ **ਹਿੰਦੂਆਂ** ਨੂੰ ਬਚਾਇਆ "। ਅਤੇ ੧੯੦ ਸਫ਼ੇ ਦੇ ਅਰੰਭ ਵਿਚ ਦਸਮ ਗ੍ਰੰਥ ਜੀ ਵਿਚਲੇ ਇਹ ਬਚਨ ਵੀ ਪੜ੍ਹੇ:---

**ਦਸਮ ਕਥਾ ਭਾਗਵਤ ਕੀ ਭਾਖਾ ਕਰੀ ਬਨਾਇ। ਅਵਰ ਬਾਛਨਾ ਨਾਹਿ ਪ੍ਰਭੁ, ਧਰਮ ਜੁਧ ਕੇ ਚਾਇ।** ੨੪੯੦।

ਭਾਵ, ਪੁਰਾਣਾ ਦੇ ਦਸਵੇਂ ਸਕੰਧ ਦੀ ਕਥਾ ਦੇਸੀ ਬੋਲੀ ਵਿਚ ਲਿਖ ਦਿੱਤੀ ਹੈ, ਹੁਣ ਸਿਵਾਏ ਧਰਮ ਦੀ ਰਖਿਆ ਹੇਤ ਯੁੱਧ ਦੇ ਚਾਇ (= ਚਾਉ ਉਮੰਗ, ਸੱਧਰ) ਦੇ, ਮਨ ਵਿਚ ਹੋਰ ਕੋਈ ਵਾਸ਼ਨਾਂ (=ਕਾਮਨਾ, ਲਾਲਚ, ਹਿਰਸ) ਨਹੀਂ ਰਹੀ। ਅਤੇ ਫਿਰ ਉਸੇ ਸਫ਼ੇ ਤੇ ਇਹ ਬਚਨ:--

**ਧੰਨ ਜੀਉ ਤਿਹ ਕੋ ਜਗ ਮੈ ਮੁਖ ਤੇ ਹਰਿ, ਚਿੱਤ ਮੈ ਜੁੱਧ ਬਿਚਾਰੈ।* …….>>>**

*[**Foot Note**:-ਕਿੱਡੀ ਬਚਿਤ੍ਰ ਅਤੇ ਗੁਰਮਤਿ ਵਿਰੋਧੀ ਹੈ ਇਹ ਪੰਗਤੀ। ਦਸਾਂ ਸਤਿਗੁਰਾਂ ਦੀ ਜੋਤਿ ਦਾ ਫ਼ੁਰਮਾਨ ਤਾਂ ਇਹ ਹੈ--**(੧) ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥[੫੫੪]** ਪ੍ਰਭੂ ਦਾ ਵਾਸਾ ਹਿਰਦੇ ਵਿਚ ਹੋਵੇ ਤਾਂ ਰਸਨਾਂ ਹਰੀ ਦਾ ਨਾਮ ਸਿਮਰਦੀ ਸੁਹਣੀ ਲੱਗਦੀ ਹੈ। ਅਤੇ ਫਿਰ-**(੨) --ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥ ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ ਪਾਇਆ ॥ ੮ ॥ [੫੬੫]** ਭਾਵ, ਨਿਰਾ ਮੂਹੋਂ ਰਬ ਰਬ ਕਰੀ ਜਾਣ ਦਾ ਕੋਈ ਲਾਭ ਨਹੀਂ ਕਿਉਂਕਿ ਜਿੰਨਾ ਚਿਰ ਪ੍ਰਭੂ ਦਾ ਵਾਸਾ ਹਿਰਦੇ ਵਿਚ ਨਹੀਂ ਹੋ ਜਾਂਦਾ, ਮਾਇਆ ਦੀ ਪਕੜ ਤੋਂ ਮੁਕਤਿ ਸੰਭਵ ਨਹੀਂ ਹੈ। **(੩) ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕ ਭਾਗ ਜੀਉ ॥** [੭੨੪]-- **(੪) ਨਾਮੁ ਸਲਾਹਨਿ ਨਾਮੁ ਮੰਨਿ ਅਸਥਿਰੁ ਜਗਿ ਸੋਈ ॥ ਹਿਰਦੈ ਹਰਿ ਹਰਿ ਚਿਤਵੈ ਦੂਜਾ ਨਹੀਂ ਕੋਈ ॥ ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ ॥**[੧੨੪੭] ਅਤੇ ਕਿਸੇ ਵਿਸ਼ੇ ਨੂੰ ਗੁਰਮਤਿ ਸਿਧਾਂਤ ਸਿੱਧ ਕਰਨ ਵਾਲੇ ਮਿਥੇ ਟੀਚੇ ਦਾ **ਪੰਜਵਾਂ ਗੁਰੂ-ਫ਼ੁਰਮਾਨ** ਲੋਕ ਵਿਖਵੇ ਵਾਲੇ ਜਾਪ ਦੀ ਖੰਡਨਾ, ਇਉਂ ਕਰ ਰਿਹਾ ਹੈ--**(੫) ਹਿਰਦੈ ਰਾਮੁ ਨ ਚੇਤਈ ਇਹ ਜਪਨੀ ਕਿਆ ਹੋਇ ॥**[੧੩੬੮] ਏਧਰ ਸ੍ਰੀ ਦਸਮ ਗ੍ਰੰਥ ਸਾਹਿਬ ਹਿਰਦੇ ਵਿਚ ਸਦਾ **ਯੁੱਧ** ਦੀ ਕਾਮਨਾ ਕਰਨੀ ਸਿਖਾ ਰਹੇ ਹਨ। ਫਿਰ ਮੁਖ ਤੋਂ ਹਰਿ ਹਰਿ ਕਰੀ ਜਾਣਾ ਕੀ ਕੇਵਲ-ਜਗਤ ਵਿਖਾਵਾ ਬਣ ਕੇ ਨਹੀਂ ਰਹਿ ਜਾਂਦਾ **? ਭੰਨ ਤੋੜ ਕੀਤੇ ਬਿਨਾ ਉਪ੍ਰੋਕਤ ਪੰਗਤੀ ਦੇ ਗੁਰਮਤਿ ਅਨਕੂਲ ਅਰਥ ਕਿਸੇ ਤਰ੍ਹਾਂ ਨਹੀਂ ਬਣ ਸਕਦੇ]**

**<<<ਅਰਥ:--ਅਜੇਹੇ ਮਨੁੱਖ ਦਾ ਜੀਵਨ ਧੰਨਤਾ ਜੋਗ ਹੈ, ਜਿਸ ਦੇ ਮੁੱਖ ਵਿਚ ਤਾਂ ਰੱਬ ਦਾ ਨਾ ਹੋਵੇ ਪਰ ਹਿਰਦੇ ਵਿਚ ਸਦਾ (ਧਰਮ=) ਯੁੱਧ (ਛੇੜੀ ਰੱਖਣ) ਦੀ ਵਿਉਂਤ ਬਣਾਈ ਰੱਖਦਾ ਹੋਵੇ।[ ਸ਼ਬਦਾਰਥ ਦਸਮ ਗ੍ਰੰਥ ਸਾਹਿਬ ਕ੍ਰਿਤ ਭਾਈ ਰਣਧੀਰ ਸਿੰਘ]**

**ਪਿਆਰਾ ਸਿੰਘ ਜੀ ਦੇ ਲਿਖੇ ਅਨੁਸਾਰ ਇਨ੍ਹਾਂ ਉਪ੍ਰੋਕਤ ਪੰਗਤੀਆਂ ਤੋਂ ਏਹੀ ਸਮਝ ਆਉਂਦੀ ਹੈ ਕਿ, ਹਿੰਦੂਆਂ ਦੇ ਧਰਮ ਦੀ ਰਖਿਆ** ਵਿਚ ਲੜਿਆ ਜੰਗ, **ਧਰਮ ਯੁਧ** ਸੀ ਅਤੇ ਅਗਾਂਹ ਤੋਂ ਵੀ ਸਦਾ ਅਜੇਹੇ ਯੁੱਧ ਦਾ ਹੀ ਹਿਰਦੇ ਵਿਚ ਚਾਉ ਰਹਿੰਣਾ ਚਾਹੀਦਾ ਹੈ। ਗੁਰੂ ਦੇ ਸਿੰਘ ਨੂੰ ਅਮਨ ਚੈਨ ਵਾਲਾ ਸਮਾਂ ਸ਼ਾਇਦ ਬੁਰਾ ਲੱਗਦਾ ਹੈ?

**ਦਾਸ ਦੇ ਮਨ ਵਿਚ ਸ਼ੰਕੇ** ਵਧਦੇ ਗਏ ਜੋ ਅੱਜ ਪਾਠਕਾਂ ਨਾਲ ਸਾਂਝੇ ਕਰਨ ਦਾ ਯਤਨ ਕਰ ਰਿਹਾ ਹਾਂ। ਵੇਰਵਾ ਇਉਂ ਹੈ:--

੧) ਸਤਿ ਗੁਰੂ ਜੀ ਸ੍ਰੀ ਅਨੰਦ ਪੁਰ ਵਿਖੇ ਆਪਣੀ ਵਿਉਂਤ ਨਾਲ ਬਣਾਏ ਸਰੱਖਿਅਤ ਟਿਕਾਣੇ ਤੋਂ ਦੂਰ, ਕੇਵਲ ਸੈਰ ਲਈ **ਪਾਉਂਟੇ** (ਸਾਹਿਬ) ਆਏ ਹੋਏ ਸਨ। ਦਸ਼ਮੇਸ਼ ਜੀ ਦੀ ਫ਼ੌਜੀ ਸ਼ਕਤੀ ਪੂਰੀ ਨਹੀਂ ਸੀ ਅਤੇ ਜੰਗ ਨੀਤੀ ਤੋਂ ਉਨ੍ਹਾਂ ਦਾ ਟਿਕਾਣਾ ਇੱਕ ਤਰ੍ਹਾਂ ਨਾਲ ਰੜੇ **(Vulnerable)** ਸਮਝ ਕੇ, ਸਾਰੀਆਂ ਪਹਾੜੀ ਰਿਆਸਤਾਂ ਦੇ **ਹਿੰਦੂ ਰਾਜਿਆਂ** ਨੇ (੧੮ ਵੈਸਾਖ ੧੭੪੬) ਆਪਣੀ ਸਾਰੀ ਸੁਮਿੱਲਤ ਫ਼ੌਜੀ ਸ਼ਕਤੀ ਨਾਲ, ਅਚਨਚੇਤ ਸਤਿਗੁਰਾਂ ਤੇ ਹੱਲਾ ਬੋਲ ਦਿੱਤਾ ਸੀ। ਉਸ ਜੰਗ ਵਿਚ ਜੂਝ ਕੇ ਸ਼ਹੀਦ ਹੋਣ ਵਾਲੇ ਬੁਧੂ ਸ਼ਾਹ ਜੀ ਦੇ ਦੋ ਪੁਤਰ, ਦੋ ਭਰਾ, ਅਤੇ ੭੦੦ ਦੇ ਕਰੀਬ ਮੁਰੀਦ, ਹਿੰਦੂਆਂ ਨਾਲ ਵੈਰ ਕਮਾਉਂਣ ਲਈ ਨਹੀਂ ਸਨ ਲੜੇ। ਹਿੰਦੂਆਂ ਕੋਲੋਂ ਬਣਿਆਂ ਸਖ਼ਤ ਖ਼ਤਰਾ ਵੇਖ ਕੇ, ਉਹ ਸਗੋਂ ਸਤਿਗੁਰਾਂ ਦੇ ਅੰਗ-ਰਖਿਅਕ ਆ ਬਣੇ ਸਨ। ਸਾਰਾ ਸਿੱਖ ਜਗਤ ਜਾਣਦਾ ਹੈ ਕਿ ਇਹ ਜੰਗ ਵਿਆਰਥ ਦੇ ਸਿਆਸੀ ਸਾੜੇ ਦੀ ਅੱਗ ਬੁਝਾਉਣ ਲਈ, ਹਿੰਦੂ ਰਾਜਿਆਂ ਨੇ ਆਪ ਛੇੜੀ ਸੀ। ਕੀ ਇਹ ਦਸ਼ਮੇਸ਼ ਜੀ ਦਾ ਪਹਿਲਾ **ਧਰਮ ਯੱਧ** ਸੀ, ਕਿ ਜਾਂ ਬਿਨਾ ਕਾਰਨ ਗਲ ਆ ਪਏ ਹਿੰਦੂ-ਵੈਰੀਆਂ ਦਾ ਬੁਥਾੜ ਭੰਨਣਾ ਪਿਆ ਸੀ?

੨) ਦਸ਼ਮੇਸ਼ ਜੀ ਦੀ ਜੀਵਨ ਕਥਾ ਵਿਚੋਂ ਅਜੇਹੀ ਇੱਕ ਵੀ ਜੰਗ ਨਹੀਂ ਮਿਲਦੀ ਜਿਹੜੀ ਦਸ਼ਮੇਸ਼ ਜੀ ਨੇ ਹਿੰਦੂ ਧਰਮ ਦੀ ਰਖਿਆ ਲਈ ਆਪ ਸਹੇੜੀ ਹੋਵੇ? ਸਗੋਂ ਜ਼ਫ਼ਰਨਾਮੇ ਵਿਚ ਦਸ਼ਮੇਸ਼ ਜੀ ਨੇ ਇਉਂ ਫ਼ੁਰਮਾਨ ਕੀਤਾ ਹੋਇਆ ਹੈ:--

**ਮਨਮ ਕੁਸ਼ਨਮ ਕੋਹੀਆਂ ਪੁਰ-ਫਿਤਨ । ਕਿ ਓ ਬੁਤ ਪ੍ਰਸਤੰਦ ਮਨ ਬੁਤ ਸ਼ਿਕਨ ॥** ੯੫ ॥

ਭਾਵ, ਫ਼ਸਾਦ ਜੀ ਜੜ੍ਹ (ਹਿੰਦੂ) ਪਾਹੜੀਆਂ ਨੂੰ ਤਾਂ ਸਗੋਂ ਮਾਰਨਾ ਪੈ ਰਿਸਾ ਹੈ। (ਮੇਰੇ ਨਾਲ ਵੈਰ ਉਨ੍ਹਾਂ ਦਾ ਇਹ ਹੈ) ਕਿਉਂਕਿ ਉਹ ਬੁਤਾਂ ਦੀ ਪੂਜਾ ਕਰਦੇ ਹਨ ਤੇ ਅਸੀਂ ਅਜੇਹੇ ਬੁੱਤਾਂ ਨੂੰ ਭੰਨਣੋ ਫ਼ਰਕ ਨਹੀਂ ਕਰਦੇ।

ਕਿਸੇ ਖ਼ਾਸ ਧਰਮ ਨਾਲ ਗੁਰੂ ਨਾਨਕ ਜੀ ਦੇ ਘਰ ਦਾ ਵਾਸਤਾ ਕੋਈ ਨਹੀਂ ਹੈ। ਖ਼ਾਲਸਾ ਜੀ ਨੇ ਮਜ਼ਲੂਮ ਦੀ ਰਖਿਆ ਲਈ ਜ਼ੁਲਮ ਦੇ ਵਿਰੁੱਧ ਜੂਝਣਾ ਹੁੰਦਾ ਹੈ। ਧਰਮ ਦੀ ਗੱਲ ਕਰਦਿਆਂ, ਸਤਿਗੁਰੂ ਜੀ ਤਾਂ ਸਪੱਸ਼ਟ ਫ਼ੁਰਮਾ ਰਹੇ ਹਨ ਕਿ--**ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥ ੪ ॥** [੧੧੩੬] ਧਰਮਾ ਪ੍ਰਤੀ ਦਸ਼ਮੇਸ਼ ਜੀ ਦਾ ਅਕਾਲ ਉਸਤਤਿ ਵਿਚ ਫ਼ੁਰਮਾਨ:--

ਕੋਊ ਭਯੋ ਮੁੰਡੀਆ ਸੰਨਿਆਸੀ ਕੋਊ ਜੋਗੀ ਭਯੋ, ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫ਼ਸੀ ਇਮਾਮਸ਼ਾਫ਼ੀ, ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ, ਰਾਜ਼ਿਕ ਰਹੀਮ ਓਈ, ਦੂਸਰੋ ਨਾ ਭੇਦ ਕੋਈ, ਭੂਲਿ ਭ੍ਰਮ ਮਾਨਬੋ ॥
ਏਕੁ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤਿ ਮਾਨਬੋ ॥ ੮੫ ॥

ਕਿਸੇ ਵੀ ਦੂਜੇ ਧਰਮ ਨਾਲ ਦਸ਼ਮੇਸ਼ ਜੀ ਦਾ ਕੋਈ ਵਸਤਾ ਨਹੀਂ ਸੀ। ਉਨ੍ਹਾਂ ਨੇ ਸਦਾ ਮਜ਼ਲੂਮ ਦੀ ਹੀ ਰਖਿਆ ਕੀਤੀ। ਅਤੇ ਜਾਂ ਸਵੈ ਰਖਿਆ ਲਈ ਜੂਝੇ। ਗੁਰੂ ਘਰ ਨਾਲ ਅਥਵਾ ਖ਼ਾਲਸਾ ਪੰਥ ਨਾਲ ਜਿੰਨਾ ਵਿਸ਼ਵਾਸ਼ਘਾਤ ਬ੍ਰਾਹਮਣਾ ਅਤੇ ਹਿੰਦੂਆਂ ਨੇ ਕੀਤਾ ਹੈ, ਹੋਰ ਕਿਸ ਨੇ ਨਹੀਂ ਕੀਤਾ।

੩) ਸੰਸਾਰ ਦੇ ਇਤਿਹਾਸ ਵਿਚ ਬੇਅੰਤ ਜੰਗਾ ਦਾ ਜ਼ਿਕਰ ਹੈ ਪਰ ਕਿਸੇ ਇੱਕ ਵੀ ਜੰਗ ਨੂੰ " ਧਰਮ ਬਚਾਉਣ ਵਾਲੀ ਜੰਗ " ਅਥਵਾ " ਧਰਮ ਯੁੱਧ " ਕਰਕੇ ਲਿਖਿਆ ਨਹੀਂ ਮਿਲਦਾ।

੪) ਭਗਵਾਨ ਕ੍ਰਿਸ਼ਨ ਜਿਸ ਦੀ ਲੀਲ੍ਹਾ ਵਰਣਨ ਕਰਨ ਵਾਲੇ ਕ੍ਰਿਸ਼ਨਾਵਤਾਰ ਗ੍ਰੰਥ ਵਿਚੋਂ ਉਪ੍ਰੋਕਤ ਪੰਗਤੀਆਂ ਵਰਤੀਆਂ ਜਾ ਕੇ **ਧਰਮਯੁੱਧ ਕਾ ਚਾਇ** ਦੀ ਗੱਲ ਕੀਤੀ ਜਾ ਰਹੀ ਹੈ, ਉਸ ਸ੍ਰੀ ਕ੍ਰਿਸ਼ਨ ਜੀ ਨੇ ਆਪ ਕਿਹੜਾ **ਧਰਮ ਯੁੱਧ** ਕੀਤਾ ਸੀ? (੧) ਪਹਿਲਾਂ ਘਰੋਗੀ ਝਗੜੇ ਕਾਰਨ ਕੰਸ ਨੂੰ ਮਾਰਿਆ, (੧) ਫਿਰ ਭਗਵਾਨ ਜੀ ਬੀਬੀ ਰੁਕਮਣੀ ਨੂੰ ਚੁੱਕ ਲਿਆਏ ਤਾਂ ਜੰਗ ਵਿਚ ਕਈ ਮਰੇ, (੩) ਆਪਣੇ ਮਾਮੇ ਕੰਸ ਦੇ ਸਹੁਰੇ ਜਰਾਸਿੰਧ ਨਾਲ ਘਰੋਗੀ ਵਿਰੋਧ ਕਾਰਨ ਹੋਈਆਂ ਜੰਗਾਂ, (੪) ਧਰਤੀ ਦੀ ਕੁਖੋਂ ਜਨਮੇ ਵਿਸ਼ਨੂੰ ਜੀ ਦੇ ਪੁੱਤਰ ' ਨਰਕਾਸੁਰ ' ਨਾਲ ਘੋਰ ਯੁੱਧ ਕਰਕੇ ਉਸ ਕੋਲੋਂ ੧੬੧੦੦ ਰਾਣੀਆਂ ਖੋਹ ਕੇ ਭਗਵਾਨ ਕ੍ਰਿਸ਼ਨ ਜੀ ਨੇ ਆਪਣੇ ਘਰ ਪਾ ਲਈਆਂ, (੫) ਮਹਾਂਭਾਰਤ ਗਾਥਾ ਦੀਆਂ ਕਥਿਤ ਜੰਗਾਂ ਵਿਚੋਂ **ਧਰਮ ਯੱਧ** ਕਿਹੜਾ ਸੀ ? ਉਂਜ ਆਖ਼ਰੀ ਮਹਾਂਯੁੱਧ, ਜੋ ਦਰੋਪਦੀ ਨੂੰ ਹੋਏ ਰਾਜ-ਮਦ ਅਤੇ ਹੁਸਨ ਦੀ ਹੈਂਕੜ ਭਰੀ ਮੂਰਖਤਾਈ ਤੋਂ ਭੜਕੇ

ਬਦਲਾ-ਲਊ ਕ੍ਰੋਧ ਅਗਨੀ ਦੇ ਭਾਂਬੜ ਦੇ ਕਾਰਨ, ਅਤੇ ਫਿਰ ਈਰਖਾ ਤੋਂ ਪੈਦਾ ਹੋਏ ਰਾਜ ਦੀ ਵੰਡ ਅਤੇ ਤਖ਼ਤ ਤੇ ਜੱਫਾ ਮਾਰ ਲੈਣ ਦੀ ਹਿਰਸ ਦੇ ਕਾਰਨ ਛਿੜਿਆ ਸੀ, ਉਸ ਵਿਚ ਕੌਰੋ ਕਹਿੰਦੇ ਸਨ ਕਿ ਉਹ **ਧਰਮ ਯੁੱਧ** ਕਰ ਰਹੇ ਹਨ ਅਤੇ ਪਾਂਡੋ ਆਪਣੇ ਥਾਂ **ਧਰਮ ਯੁਧ** ਲੜਨ ਦੀ ਗੱਲ ਬਾਰ ਬਾਰ ਕਹਿ ਰਹੇ ਸਨ। ਹੈ ਇਹ ਯੁੱਧ ਵੀ ਮਾਇਆ ਦਾ ਹੀ ਇੱਕ ਭਿਆਨਕ ਰੂਪ ਸੀ। ਧਰਮ ਯੁਧ ਦੀ ਵਿਆਖਿਆ ਕੌਰੋ ਪਾਂਡੋਆਂ ਦੇ ਗੁਰੂ ਪ੍ਰੋਹਿਤ ਦ੍ਰੋਣਚਾਰਯਾ ਜੀ ਨੇ ਪਿਤਾਮਾ ਬ੍ਰਹਮਾ ਜੀ ਨੂੰ ਕੋਰੋਖਸ਼ੇਤਰ ਦੇ ਜੰਗ ਦੇ ਮੈਦਾਨ ਵਿਚ ਉਸ ਵੇਲੇ ਸਮਝਾਈ ਸੀ, ਜਦੋਂ ਭਗਵਾਨ ਬ੍ਰਹਮਾਂ ਜੀ ਨੇ ਪ੍ਰਗਟ ਹੋ ਕੇ ਦ੍ਰੋਣ ਨੂੰ ਬ੍ਰਹਮ ਅਸਤਰ ਚਲਾਉਣ ਤੋਂ ਵਰਜਦਿਆਂ ਕਿਹਾ ਸੀ,--" ਅਜੇਹਾ ਸਰਬਨਾਸਕ ਅਸਤਰ ਕੇਵਲ ਧਰਮ ਦੀ ਰਖਿਆ ਲਈ ਹੀ ਚਲਾਉਣਾ ਚਾਹੀਦਾ ਹੈ, ਕਿਉਂਕਿ ਪਾਂਡੋ **ਧਰਮ ਯੁੱਧ** ਕਰ ਰਹੇ ਹਨ ਅਤੇ ਕੌਰੋਆਂ ਦਾ ਪੱਖ ਅਧਰਮ ਵਾਲਾ ਹੈ, ਇਸ ਲਈ ਪਾਂਡੋਆਂ ਵਲਨੂੰ ਬ੍ਰਹਮਅਸਤਰ ਚਲਾਉਣਾ ਅਧਰਮ ਹੈ " । ਅਗੋਂ ਦਰੌਣ ਨੇ ਇਉਂ ਕਿਹਾ ਸੀ --ਮੈਂ ਧਰਮ ਦਾ ਅਰਥ ਚੰਗੀ ਤਰ੍ਹਾਂ ਜਾਣਦਾ ਹਾਂ, ਮੇਰਾ ਧਰਮ ਹੈ ਕਿ ਮੈ ਆਪਣੇ ਅੰਨ-ਦਾਤਾ ਕੌਰੋਆਂ ਦੇ ਪੱਖ ਵਿਚ ਲੜਾਂ, ਪਾਂਡੋਆਂ ਦਾ ਧਰਮ ਆਪਣੇ ਹੱਕ ਲਈ ਲੜਨ ਦਾ ਹੈ। ਅਸੀਂ ਦੋਵੇ ਧਿਰਾਂ ਹੀ **ਧਰਮ-ਯੱਧ** ਲੜ ਰਹੇ ਹਾਂ " । ਅਸਲ ਵਿਚ **ਧਰਮ-ਯੁੱਧ** ਸ਼ਬਦ ਹੈ ਹੀ ਪ੍ਰੋਹਤਾਂ ਦਾ। ਮਹਾਨ ਕੋਸ਼ ਵਿਚ ਧਰਮਯੁਧ ਲਫ਼ਜ਼ ਹੈ ਹੀ ਨਹੀਂ। ਸ੍ਰੀ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵੀ **ਧਰਮ-ਯੁੱਧ** ਸ਼ਬਦ ਵਰਤਿਆ ਕਿਤੇ ਨਹੀਂ ਮਿਲਦਾ। ਇਸ ਬ੍ਰਾਹਮਣੀ ਸ਼ਬਦ ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ ਹੋਣਾ ਚਾਹੀਦਾ ।

੫) ਭਾਰਤ ਵਿਚ ਮੁਸਲਮਾਨ ਹਕੂਮਤ ਅਥਵਾ ਦਿੱਲੀ ਦਾ ਮੁਗ਼ਲ-ਤਾਜਦਾਰ ਵੀ **ਸਿੱਖੀ** ਦੀ ਦੁਸ਼ਮਨ ਨਹੀਂ ਸੀ ਬਣਿਆਂ। ਮਾਇਆ ਗ੍ਰਸੇ ਮੁਸਲਮਾਨ ਧਾਰਮਿਕ ਆਗੂਆਂ ਦੀ ਅਤੇ ਬਿੱਪ੍ਰ ਦੇ ਚੇਲੇ ਹਿੰਦੂ ਅਹਿਲਕਾਰਾਂ ਦੀ ਚੁੱਕ ਵਿਚ ਆ ਕੇ ਮੁਗ਼ਲ ਸਮਰਾਟ ਸਿੰਘਾਂ ਦੀ ਜਾਨ ਦਾ ਵੈਰੀ ਜ਼ਰੂਰ ਬਣ ਖਲੋਤਾ ਸੀ। ਦਸ਼ਮੇਸ਼ ਜੀ ਔਰੰਗ ਜ਼ੇਬ ਦੇ ਪੁੱਤਰ ਬਹਾਦਰਸ਼ਾਹ ਦੇ ਪੱਖ ਵਿਚ ਜੁਝੇ ਅਤੇ ਉਸ ਨੂੰ ਦਿੱਲੀ ਦੇ ਤਖ਼ਤ ਤੇ ਆਪ ਬਿਠਾਇਆ ਸੀ।
ਮੁਗ਼ਲ ਹਕੂਮਤ ਜੇ ਸਿੱਖੀ ਦੀ ਦੁਸ਼ਮਣ ਹੁੰਦੀ ਤਾਂ ਸਿੱਖਾਂ ਦੇ ਧਰਮ ਅਸਥਾਨ, ਅਤੇ ਧਰਮ ਅਸਥਾਨਾਂ ਵਿਚ ਬੈਠੇ ਉਦਾਸੀ, ਨਿਰਮਲੇ ਮਹੰਤ ਆਦਿ ਸਾਰਾ ਕੁਝ ਖ਼ਤਮ ਕਰ ਦਿੱਤਾ ਜਾਣਾ ਸੀ। ਇਤਿਹਾਸ ਵਿਚੋਂ ਸਗੋਂ ਏਥੋਂ ਤੱਕ ਲਿਖਿਆ ਵੀ ਮਿਲਦਾ ਹੈ ਕਿ ਜਦ ਸਿੰਘ ਨੂੰ ਜੰਗਲਾਂ ਅਤੇ ਮਰੂ-ਥਲਾਂ ਵਿਚ ਰਹਿਣਾ ਪੈ ਗਿਆ ਹੋਇਆ ਸੀ ਤਾਂ ਮਿਲਵਰਤਨੀਏ ਸਿਖ, ਪਿੰਡਾਂ ਵਿਚ ਹੀ ਰਹਿੰਦੇ ਵੇਖੇ ਜਾ ਸਕਦੇ ਸਨ। ਅਜੇਹੇ ਮਿਲਵਰਤਨੀਏ ਸਿੱਖ ਹੀ ਜੰਗਲਾਂ ਵਿਚ ਰਹਿੰਦੇ ਜਥਿਆਂ ਨੂੰ ਲੋੜੀਦੀਆਂ ਖ਼ਬਰਾਂ ਦੇ ਨਾਲ ਹੋਰ ਕਈ ਤਰ੍ਹਾਂ ਦੀ ਵਡਮੁੱਲੀ ਸਹਾਇਤਾ ਪੁਚਾਉਂਦੇ ਰਹੇ ਸਨ। ਉਸ ਰਾਜਸੀ ਕਹਿਰ ਵਿਚ ਹੋਈਆਂ ਸਾਰੀਆਂ ਲੜਾਈਆਂ ਅਤੇ ਕੁਰਬਾਨੀਆਂ, ਧਰਮ ਨੂੰ ਬਚਾਉਣ ਵਾਲੇ ਧਰਮ-ਯੁੱਧ ਨਹੀਂ ਸਨ। ਖ਼ਲਸਾ ਅਖਵਾਉਣ ਵਾਲੇ ਸਿੰਘ ਜੀ ਆਪਣੀਆਂ ਜਾਨਾਂ ਨੂੰ ਬਚਾਉਣ ਦੇ ਨਾਲ ਅਨਾਥਾਂ ਯਤੀਮਾਂ ਅਤੇ ਬੇਆਸਰਿਆਂ ਤੇ ਜ਼ੁਲਮ ਕਰਨ ਵਾਲੀ ਜ਼ਾਲਮ ਸਰਕਾਰ ਦਾ ਤਖ਼ਤਾ ਮੂਧਾ ਕਰਕੇ ਖ਼ਾਲਸਾ ਰਾਜ ਸਥਾਪਤ ਕਰਨ ਲਈ ਜੂਝ ਰਿਹੇ ਸਨ। ਏਹੀ ਕਾਰਨ ਹੈ ਕਿ ਸਰਕਾਰ ਵਲੋਂ ਆਈਆਂ ਸੁਲਾਹ ਦੀਆਂ ਪੇਸ਼ਕਸ਼ਾਂ ਨੂੰ ਪੰਥ ਠੁਕਰਾਉਂਦਾ ਰਿਹਾ ਸੀ। ਇਤਿਹਾਸ ਦੀ ਇਹ ਘਟਨਾ ਵੀ ਭੁੱਲਣ ਜੋਗ ਨਹੀਂ ਹੈ ਕਿ ੧੭੯੭ ਵਿਚ ਸੂਬਾ ਲਾਹੌਰ ਨੇ ਸ: ਸੁਬੇਗ ਸਿੰਘ ਵਕੀਲ ਦੀ ਰਾਹੀਂ ਨਵਾਬੀ ਖ਼ਿਤਾਬ ਅਤੇ ਇੱਕ ਲੱਖ ਦੀ ਜਾਗੀਰ ਅਤੇ ਵਡਮੁੱਲਾ ਖ਼ਿਲਅਤ ਚਾਂਦੀ ਦੀ ਥਾਲੀ ਵਿਚ ਰੱਖ ਕੇ ਅੰਮ੍ਰਿਤਸਰ ਖ਼ਾਲਸਾ ਜੀ ਨੂੰ ਭੇਟਾ ਕੀਤਾ ਸੀ, ਜੋ ਕਿਨ੍ਹਾਂ ਚਿਰ ਦਰਬਾਰ ਵਿਚ ਠੋਕਰਾਂ ਖਾਂਦਾ ਰਿਹਾ ਸੀ। ਆਖ਼ਰ ਪੰਥ ਦੇ ਫੈਸਲੇ ਅਨੁਸਾਰ ਇਹ ਨਵਾਬੀ ਸ: ਕਪੂਰ ਸਿੰਘ ਜੀ ਨੂੰ ਕਬੂਲ ਕਰਨੀ ਪਈ ਸੀ।

੪- ਹਥਿਆਰਾਂ ਦੀ ਕੋਈ ਵੀ ਜੰਗ, ਕਿਸੇ ਵੀ ਦਲੀਲ ਨਾਲ " ਧਰਮ ਯੁੱਧ " ਨਹੀਂ ਕਹੀ ਜਾ ਸਕਦੀ। ਪੁਰਾਤਨ ਸਿਆਣਿਆਂ ਨੇ ਜ਼ਰ, ਜੰਨ, ਜ਼ਮੀਨ, ਤਿੰਨਾ ਨੂੰ ਹੀ ਲੜਾਈ ਦਾ ਕਾਰਨ ਮੰਨਿਆਂ ਹੈ। ਧਰਮ ਨੇ ਕਦੇ ਜੰਗ ਨਹੀਂ ਛੇੜੀ। ਧਰਮ ਤਾਂ ਸਰਬੱਤ ਦੇ ਭਲੇ ਦੀ ਮੰਗ ਕਰਦਾ ਹੈ। ਪਦਾਰਥਾਂ ਦੀ ਲਾਲਸਾ ਹੀ ਸਦਾ ਜੰਗਾਂ ਜੁਧਾਂ ਦਾ ਕਾਰਨ ਬਣਿਆਂ ਕਰਦੀ ਹੈ। ਆਪਣੀ ਨਿੱਜੀ ਹਵਸ ਮਿਟਾਉਣ ਲਈ ਧਰਮ ਦਾ ਨਾ ਵਰਤ ਕੇ ਜੰਗਾਂ ਵਿਚ ਭਿਆਣਕ ਜ਼ੁਲਮ ਜ਼ਰੂਰ ਕੀਤੇ ਜਾਂਦੇ ਹਨ, ਪਰ ਅੱਜ ਤੱਕ ਕਿਸੇ ਵੀ ਜੰਗ ਨੇ ਸੰਸਾਰ ਵਿਚੋਂ ਕੋਈ ਸਿਰਕੱਢ ਧਰਮ ਕਦੇ ਖ਼ਤਮ ਨਹੀਂ ਕੀਤਾ।

੫- **ਸਿੱਖੀ** ਦਾ ਅਸਲ ਦੁਸ਼ਮਣ ਤਾਂ ਹੈ ਹੀ ਹਿੰਦੂ ਸਮਾਜ, ਜੋ ਅੱਜ ਤੱਕ ਖ਼ਾਲਸਾ ਜੀ ਨੂੰ ਅੱਡਰੀ ਕੌਮ ਮੰਨਣ ਤੋਂ ਇਨਕਾਰੀ ਹੈ। ਸਿੱਖੀ ਨੂੰ ਹਰੀਜਨਾ ਜਿਹੀ ਹਿੰਦੂਆਂ ਦੀ ਹੀ ਇੱਕ ਸ਼ਾਖ ਕਹਿੰਦੇ ਹਨ। ਮੁਸਲਮਾਨ ਹਕੂਮਤ ਨੇ ਸਿੱਖਾਂ ਦੇ ਸਿਰਾਂ ਦਾ ਮੁੱਲ ਪਾਇਆ, ਖਾਲਸਾ ਜੀ ਨੂੰ ਚਰਖੜੀਆਂ ਦੇ ਚਾੜ੍ਹਿਆ, ਬੰਦ ਬੰਦ ਕੱਟੇ, ਉਪਬਲਦੀਆਂ ਦੇਗਾਂ ਵਿਚ ਬਿਠਾਇਆ, ਆਰਿਆਂ ਨਾਲ ਚੀਰਿਆ, ਸਿੱਖ ਬੀਬੀਆਂ ਨੂੰ ਕਈ ਮਹੀਨੇ ਬੰਦੀ ਵਿਚ ਰੱਖ ਕੇ ਸਵਾ ਸਵਾ ਮਣ ਦਾਣੇ ਪਿਸਵਾਏ, ਬੱਚਿਆਂ ਦੇ ਟੋਟਿਆਂ ਦੇ ਹਾਰ ਸਿੰਘ ਮਾਤਾਵਾਂ ਦੇ ਗਲਾਂ ਵਿਚ ਪਾਏ, ਘੱਲੂ ਘਾਰਿਆਂ ਵਿੱਚ ਸਿੰਘਾਂ ਨੂੰ ਵਹੀਰਾਂ ਸਮੇਤ ਮਾਰ ਮੁਕਾਇਆ, ਕਈ ਤਰ੍ਹਾਂ ਦੇ ਅਕਹਿ ਅਤੇ ਅਸਹਿ ਜ਼ੁਲਮ ਕੀਤੇ, ਪਰ **ਮੁਸਲਮਾਨਾਂ ਨੇ ਅੱਜ ਤੱਕ ਇਹ ਨਹੀਂ ਕਿਹਾ ਕਿ ਸਿੱਖ ਮੁਸਲਮਾਨਾਂ ਵਿਚੋ ਹੀ ਹਨ ਅਤੇ ਸਿੱਖ ਇੱਕ ਅੱਡਰੀ ਕੌਮ ਨਹੀਂ ਹੈ।** ਸੰਨ ੧੯੪੭ ਵਿਚ ਮਾਸਟਰ ਤਾਰਾ ਸਿੰਘ ਜੀ ਦਾ ਇਹ ਬਿਆਨ ਜਦ ਅਖ਼ਬਾਰਾਂ ਵਿਚ ਛਪਿਆ ਕਿ ਮੁਸਲਮਾਨ **ਸਿੱਖਾਂ** ਦਾ ਦੁਸ਼ਮਣ ਹੈ ਪਰ ਹਿੰਦੂ **ਸਿੱਖੀ** ਦਾ ਦੁਸ਼ਮਣ ਹੈ, ਤਾਂ ਹਿੰਦੂ ਪਿੱਟ ਉੱਠੇ ਸਨ।

੬) ਧਰਮ ਲਈ ਖ਼ਤਰਾ ਸਦਾ ਉਹੀ ਬਣਿਆਂ ਹੈ ਜਿਹੜਾ ਕਿਸੇ ਧਰਮ ਦੀ ਮਰਯਾਦਾ ਵਿਗਾੜ ਰਿਹਾ ਹੋਵੇ। ਸਿੱਖ ਧਰਮ ਵਿਚ ਬਿੱਪ੍ਰਨ ਕੀ ਰੀਤ ਵਾੜਨ ਵਾਲੇ ਮਾਨੋਂ ਸਿੱਖ ਧਰਮ ਉੱਤੇ ਮਸ਼ੀਨ ਗਨਾਂ ਦਾ ਫਾਇਰ ਕਰਦੇ ਆ ਰਹੇ ਹਨ। ਸਾਡਾ ਧਰਮ ਯੁੱਧ ਉਹ ਹੈ। ਅਸਾਂ ਆਪਣੇ ਧਰਮ ਨੂੰ ਉਸ ਖ਼ਤਰ ਤੋਂ ਬਚਾਉਣਾ ਸੀ। ਪਰ ਉਸ ਜੰਗ ਨੂੰ ਨਿਰਾ ਅਸੀਂ ਪੂਰੀ ਤਰ੍ਹਾਂ ਹਾਰਿਆ ਹੀ ਨਹੀਂ, ਸਗੋਂ ਸਾਡੇ ਵਿਚੋਂ ਬਹੁਗਿਣਤੀ ਉਨ੍ਹਾਂ ਵੀਰਾਂ ਦੀ ਹੈ ਜਿਹੜੇ ਇਸ ਧਰਮ-ਯੱਧ ਵਿਚ ਵੈਰੀਆਂ ਦੇ ਸਾਥੀ ਬਣ ਖਲੋਤੇ ਹੋਏ ਹਨ। ਆਪਣੇ ਧਰਮ ਉਤੇ ਅਸੀਂ ਆਪ ਹੀ ਗੋਲਾਬਾਰੀ ਕਰਨੀ ਅਰੰਭੀ ਹੋਈ ਹੈ। ਉਦਾਹਰਣ ਵਜੋਂ--ਸੱਚ ਦੇ ਦਰਬਾਰ ਵਿਚ ਬੇਰੀ ਰੂਪ ਝੂਠ ਦੀ ਪੂਜਾ ਜੋ ਮਹੰਤਾਂ ਨੇ ਅਰੰਭ ਕਰਵਾਈ ਸੀ, ਮਰਦਾਂ ਦੇ (ਇਸਤ੍ਰੀਆਂ ਦੀਆਂ ਸਭ ਔਕੜਾਂ ਧੋਣੇ ਦੇ ਅੰਦਰ ਵਾਲੀ ਬੇਰੀ ਦੂਰ ਕਰ ਰਹੀ ਹੈ) ਦੁੱਖਾਂ ਨੂੰ ਦੂਰ ਕਰਨ ਦਾ ਉਪਕਾਰ ਕਰਨ ਵਾਲੀ ਉਹ ਬੇਰੀ ੧੯੭੩ ਵਿਚ ਸੁੱਕ ਗਈ, ਤਾਂ ਆਪਣੇ ਆਪ ਨੂੰ ਸਿੱਖੀ ਦੇ ਅਸਲ ਰਾਖੇ ਕਹਿਣ ਵਾਲੇ, ਲੇਖਕ ਅਤੇ ਪਰਚਾਰਕ ਗਿਆਨੀ ਧਿਆਨੀ ਜੀ ਨੇ ਨਵ ਜਨਮਿਆਂ ਬੇਰੀ ਦਾ ਬੂਟਾ, ਸੁੱਕ ਸੜ ਗਈ ਬੇਰੀ ਦੇ ਥਾਂ ਆਪਣੀ ਹੱਥੀ ਲਿਆ ਗੱਡਿਆ ਸੀ। ਅੱਜ ਕੱਲ ਉਹ ਬੇਰੀ ਮਰਦ ਸ਼ਰਧਾਲੂਆਂ ਦੇ ਦੁੱਖਾਂ ਦਾ ਨਾਸ ਕਰ ਰਹੀ ਹੈ? ਧਰਮ ਯੁੱਧ ਦਾ ਰੌਲਾ ਪਾਉਣ

ਵਾਲਿਆਂ ਮਹਾਂਪੁਰਖਾਂ ਨੇ ਆਪਣੇ ਧਰਮ ਤੇ ਆਪਣੇ ਹੱਥੀ ਬੇਰੀ-ਰੂਪ ਭਿਆਨਕ **Time Bomb** ਲਿਆ ਬੀੜਿਆ ਹੋਇਆ ਹੈ। ਇਸ **time** ਬੰਬ ਦੇ ਵਿਸਫੋਟ ਦਾ ਬੜਾ ਹੀ ਭਿਆਨਕ ਸਿੱਟਾ ਹੋਣਾ ਹੈ। ਦਾਸ ਨੇ ਟੋਹੜਾ ਸਾਹਿਬ ਨੂੰ ਜਿਹੜੀ ਚਿੱਠੀ ਲਿਖੀ ਸੀ ਉਸ ਵਿਚ ਉਦਾਹਰਣਾ ਦੇ ਕੇ ਲਿਖਿਆ ਸੀ ਕਿ ਭਾਵੇਂ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਦਾਰਬਾਰ ਸਾਹਿਬ, ਹਰਿਮੰਦਰ ਸਾਹਿਬ ਦੀਆਂ ਪਾਵਨ ਇਮਾਰਤਾਂ ਨੂੰ ਬਰੂਦ ਨਾਲ ਢਾ ਢੇਰੀ ਕੀਤਾ ਸੀ, ਬੀਬੀ ਇੰਦਰਾ ਨੇ ਵੀ ਕੋਈ ਕਸਰ ਨਹੀਂ ਸੀ ਛੱਡੀ, ਪਰ ਉਹ ਜਰਵਾਣੇ, ਸ੍ਰੀ ਦਾਰਬਾਰ ਸਾਹਿਬ ਦੀ ਪਾਵਨਤਾ ਦੇ ਮਹਿਲ ਦਾ ਇੱਕ ਕਿੰਗਰਾ ਵੀ ਨਹੀਂ ਸਨ ਭੋਰ ਸਕੇ। ਪਰ ਗੁਰਮਤਿ ਮਰਯਾਦਾ ਨੂੰ ਵਿਗਾੜੀ ਜਾ ਕੇ ਪ੍ਰੋਹਿਤਵਾਦੀ ਰੀਤਾਂ ਚਾਲੂ ਕਰੀ ਜਾ ਰਹੇ ਹੁਣ ਦੇ ਪ੍ਰਬੰਧਕ, ਸਹੀ ਅਰਥਾਂ ਵਿਚ ਇਸ ਪਾਵਨ ਪਵਿਤ੍ਰ ਧਰਮ ਅਸਥਾਨ ਨੂੰ ਜੜ੍ਹਾਂ ਤੋਂ ਗਿਰਾਈ ਜਾ ਰਹੇ ਹਨ। ਦਸ਼ਮੇਸ਼ ਜੀ ਦੀ ਸਿੱਖੀ ਲਈ ਖ਼ਤਰੇ ਵਾਲਾ **ਧਰਮ ਯੁਧ** ਇਨ੍ਹਾਂ ਆਪਨਿਆਂ: ਨੇ ਅਰੰਭ ਕੀਤਾ ਹੋਇਆ ਹੈ। ਲਿਖਤਾਂ ਸਿੱਧ ਕਰ ਰਹੀਆਂ ਹਨ ਕਿ ' ਦਸਮ ਗ੍ਰੰਥ ਦਰਸ਼ਨ ' ਪੁਸਤਕ ਲਿਖਣ ਵਾਲੇ ਵਿਦਵਾਨ ਜੀ ਨੂੰ ਵੀ ਕੱਖ ਪਤਾ ਨਹੀ ਹੈ ਕਿ " ਧਰਮ ਯੁੱਧ " ਕਿਸ ਬਲਾ ਦਾ ਨਾਮ ਹੈ।

ਪ੍ਰੋਹਿਤ-ਵਾਦ ਅਥਵਾ ਡੇਰਾ-ਵਾਦ ਸਿੱਖੀ ਦੀ ਨਿਆਰੀ ਨੁਹਾਰ ਨਿਰੰਤਰ ਵਿਗਾੜੀ ਤੁਰਿਆ ਜਾ ਰਿਹਾ ਹੈ। ਅੱਜ ਸਾਡੇ ਲਈ ਭਿਆਨਕ ਖ਼ਤਰਾ ਕੇਵਲ ਅਤੇ ਕੇਵਲ ਉਹ ਹਨ (੧) ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ ਨੂੰ ਬੇਲੋੜੀ ਸਿੱਧ ਕਰਨ ਲਈ ਅਜੇਹੀ ਬਾਣੀ ਨੂੰ ਧਰਮ ਦਾ ਅੰਗ ਬਣਾਈ ਜਾ ਰਹੇ ਹਨ ਜਿਸ ਬਾਣੀ ਨੂੰ ਦਸ਼ਮੇਸ਼ ਜੀ ਨੇ ਗੁਰਿਆਈ ਯੋਗ ਨਹੀਂ ਸੀ ਸਮਝਿਆ। (੨) ਅਜੇਹੇ ਲੋਕ ਜੋ ਪ੍ਰੋਹਿਤਵਾਦੀ ਮਰਯਾਦਾ ਖ਼ਾਲਸਾ ਪੰਥ ਵਿਚ ਵਾੜ ਕੇ ਇਸ ਦੇ ਨਿਰਮਲ ਸਰੋਵਰ ਦੇ ਅੰਮ੍ਰਿਤ ਜਲ ਨੂੰ ਗਦਲਾ ਕਰ ਰਹੇ ਹਨ। ਧਰਮ ਸਦਾ ਉਹੀ ਕਮਜ਼ੋਰ ਹੁੰਦਾ ਆਇਆ ਹੈ ਜਿਹੜਾ ਆਪਣੀ ਮੁਢਲੀ ਮਰਯਾਦਾ ਨੂੰ ਭੁੱਲ ਕੇ ਦੂਜੇ ਧਰਮ ਦੀ ਮਰਯਾਦਾ ਦਾ ਧਾਰਨੀ ਬਣ ਜਾਂਦਾ ਹੈ। ਯਾਦ ਰੱਖੋ ਕਿ ਅਸੀਂ ' ਧਰਮ ਯੁੱਧ ਕਾ ਚਾਇ " ਕੱਚੀ ਬਾਣੀ ਨੂੰ ਸਤਿਗੁਰਾਂ ਦਾ ਸੰਦੇਸ਼ ਮੰਨ ਕੇ ਆਪਣੇ ਵਲੋਂ ਬੜੇ ਸੁਚੇਤ ਬਣੇ ਹੋਏ ਹਾਂ ਪਰ ਸ੍ਰ ਗੁਰੂ ਗ੍ਰੰਥ ਸਾਹਿਬ ਚਿਤਾਵਣੀ ਦੇ ਰਹੇ ਹਨ ਕਿ ਹੇ ਭਾਈ ਹੋਸ਼ ਕਰ, ਜਾਗਦਾ ਹੀ ਲੁਟਿਆ ਜਾ ਰਿਹਾ ਹੈਂ--" ਦੁਨੀਆ, ਬੇਦਾਰ, ਜਾਗਅਤ ਮੁਸੀਅਤ ਹਉ ਰੇ ਭਾਈ ॥ **ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥ ੧ ॥ ਰਹਾਉ ॥** [੬੭੨]੩-੧੨ ਆਪਣੀ ਚਤੁਰਾਈ ਛੱਡ ਕੇ ਆਉ, ਹਰ ਪੱਖੋਂ ਸੰਪੂਰਨ ਸਤਿਗਰੂ ਗ੍ਰੰਥ ਸਾਹਿਬ ਦੇ ਦਰਬਾਰ ਹਾਜ਼ਰ ਹੋਈਏ ਅਤੇ ਪਤਾ ਕਰੀਏ ਕਿ ਉਹ ਕਿਸ ਪ੍ਰਕਾਰ ਦੀ ਜੰਗ ਵਿਚ ਕਿਹੜੇ ਯਤਨਾਂ ਨਾਲ ਫ਼ਤਹਿਯਾਬ ਹੋਣ ਦੀ ਸਿਖਿਆ ਦੇ ਰਹੇ ਹਨ, ਕਿਉਂਕਿ-----

੯੪- **ਸਤਿਗੁਰ ਜੇਵਡੁ ਅਵਰੁ ਨ ਕੋਇ ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ॥**
**ਜਨਮ ਮਰਣ ਦੂਖ ਤੇ ਰਾਖੈ ॥ ਮਾਇਆ ਬਿਖੁ ਫਿਰਿ ਬਹੁੜਿ ਨਾ ਚਾਖੈ ॥ ੨ ॥** [੧੨੭੧]-੪-੨੨

੧੭

# ਗੁਰਮਤਿ ਦਾ ਸਦੀਵੀ ਯੁੱਧ

ਜੇ ਉਪ੍ਰੋਕਤ ਅਰਥਾਂ ਵਾਲੇ ਧਰਮ ਯੁੱਧ ਦੀ ਗੱਲ ਨਹੀਂ ਹੈ ਤਾਂ ਫਿਰ ਹੋਰ ਕਿਹੜਾ ਹੈ ਉਹ ਯੁੱਧ ਅਤੇ ਕਿਸ ਪ੍ਰਕਾਰ ਦੀ ਹੈ ਉਹ ਫ਼ਤਹਿ?

## ੳ) ਸਦੀਵੀ ਅਤੇ ਨਿਰੰਤਰ ਜੰਗ ?

੯੫- **ਮੋਰੈ ਮਨਿ ਚੀਤਿ ਆਇ ਪ੍ਰਿਅ ਰੰਗਾ ॥**
**ਬਿਸਰਿਓ ਧੰਧੁ ਬੰਧੁ ਮਾਇਆ ਕੋ ਰਜਨਿ ਸਬਾਈ ਜੰਗਾ ॥ ੧ ॥ ਰਹਾਉ ॥**[੧੨੧੦]-੭-੩੦

**ਅਰਥ:**--ਪਿਆਰੇ ਪ੍ਰਭੂ ਦੇ ਕੌਤਕ ਮੇਰੇ ਮਨ ਅਤੇ ਚਿਤ ਵਿਚ ਆ ਵੱਸੇ ਹਨ, ਮੈਨੂੰ ਮਾਇਆ ਵਾਲੀ ਭਟਕਣਾ ਭੁੱਲ ਗਈ ਹੈ, ਮਾਇਆ ਦੇ ਮੋਹ ਦੀ ਫਾਹੀ ਮੁੱਕ ਗਈ ਹੈ , ਮੇਰੀ ਸਾਰੀ ਉਮਰ-ਰਾਤ (ਵਿਕਾਰਾਂ ਨਾਲ) **ਜੰਗ** ਕਰਦਿਆਂ ਬੀਤ ਰਹੀ ਹੈ । ੧ । ਰਹਾਉ ।

੯੬- **ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥ ੧੭ ॥ ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥ ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥ ੧੮ ॥ ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥ ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥ ੧੯ ॥ ਤੂੰ ਵਰਨਾ ਚਿਹਨਾ ਬਾਹਰਾ ॥ ਹਰਿ, ਦਿਸਹਿ ਹਾਜਰੁ ਜਾਹਰਾ ॥ ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ ॥ ੨੦ ॥ ਮੈ ਜੁਗਿ ਜੁਗਿ ਦਯੈ ਸੇਵੜੀ ॥ ਗੁਰਿ ਕਟੀ ਮਿਹਡੀ ਜੇਵੜੀ ॥ ਹਉ ਬਾਹੁੜਿ ਛਿੰਝ ਨਾ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ ॥੨੧॥**[੭੪]-੨-੧੯

**ਅਰਥ:**--ਮੈਂ ਮਾਲਕ ਵਾਹਿਗੁਰੂ ਦਾ ਅੰਞਾਣਾ ਜਿਹਾ ਪਹਿਲਵਾਨ ਸਾਂ, ਪਰ ਗੁਰੂ ਨੂੰ ਮਿਲ ਕੇ ਮੈਂ ਉੱਚੇ ਦੁਮਾਲੇ ਵਾਲਾ ਬਣ ਗਿਆ ਹਾਂ । ਜਗਤ-ਅਖਾੜੇ ਵਿਚ ਸਾਰੇ ਜੀਵ ਆ ਇਕੱਠੇ ਹੋਏ ਹਨ, ਤੇ (ਇਸ ਅਖਾੜੇ ਨੂੰ) ਪਿਆਰਾ ਵਾਹਿਗੁਰੂ ਆਪ ਬੈਠਾ ਵੇਖ ਰਿਹਾ ਹੈ । ੧੭ । ਵਾਜੇ, ਢੋਲ, ਨਗਾਰੇ ਵੱਜ ਰਹੇ ਹਨ । (ਭਾਵ ਹਰ ਪਾਸੇ ਮਾਇਆ ਵਾਲੀ ਆਪੋ-ਧਾਪੀ ਵਾਲੀ ਦੋੜ-ਭੱਜ ਕਰ ਰਹੇ ਹਨ) ਪਹਿਲਵਾਨ ਆ ਇਕੱਠੇ ਹੋਏ ਹਨ, (ਪਿੜ ਦੇ ਦੁਆਲੇ, ਜਗਤ-ਅਖਾੜੇ ਵਿਚ) ਫੇਰੀਆਂ ਲੈ ਰਹੇ ਹਨ । ਮੇਰੀ ਪਿੱਠ ਉੱਤੇ ਮੇਰੇ ਗੁਰੂ ਨੇ ਥਾਪੀ ਦਿੱਤੀ ਤਾਂ ਮੈਂ ਵਿਰੋਧੀ ਪੰਜੇ ਕਾਮਾਦਿਕ ਜੁਆਨ ਕਾਬੂ ਕਰ ਲਏ । ੧੮ ।

ਜੇ ਵਹਿਗੁਰੂ ਜੀ ਦਾ ਇਸ ਜੰਗ ਨਾਲ ਕੋਈ ਵਾਸਤਾ ਨਾ ਹੋਵੇ ਤਾਂ ਉਹ ਆਪ ਬੈਠ ਕੇ ਇਸ ਛਿੰਜ ਨੂੰ ਕਿਉਂ ਵੇਖ ਰਿਹਾ ਹੈ ? ਇਸ ਵਿਚ ਜਿੱਤ ਪ੍ਰਾਪਤ ਕਰਨ ਵਾਲਿਆਂ ਨੂੰ ਉਹ ਮਾਣ ਤਾਣ ਕਿਸ ਕਾਰਨ ਦਿੰਦਾ ਹੈ ? ਵਾਸਤਵ ਵਿਚ ਇਹ ਸਾਰਾ ਖੇਲ ਪਸਾਰਾ ਅਤੇ **ਜਿਤ** ਅਤੇ **ਹਾਰ**, ਸਭ ਕੁਝ **ਉਹ ਆਪ ਹੀ ਆਪ ਹੈ ।**

੯੭- **ਸੁਕ੍ਰਿਤੁ ਸਹਾਰੈ ਸੁ ਇਹ ਬ੍ਰਿਤਿ ਚੜੈ ॥ ਅਨਦਿਨੁ ਆਪਿ ਆਪ ਸਿਉ ਲੜੈ ॥**
**ਸੁਰਖੀ ਪਾਂਚਉ ਰਾਖੈ ਸਬੈ ॥ ਤਉ ਦੂਜੀ ਦ੍ਰਿਸ਼ਟਿ ਨ ਪੈਸੈ ਕਬੈ ॥ ੬ ॥** [੩੪੪]-੧

**ਅਰਥ:**--(ਬਾਰ ਬਾਰ ਹਰਿ ਕੇ ਗੁਣ ਗਾ ਕੇ) ਮਨੁੱਖ ਇਸ ਸਿਫ਼ਤ ਸਾਲਾਹ ਦੀ) ਕਮਾਈ ਨੂੰ (ਆਪਣੇ ਜੀਵਨ ਦਾ ਸਹਾਰਾ ਬਣਾ ਲੈਂਦਾ ਹੈ, ਅਤੇ ਇਸ ਔਖੀ ਘਾਟੀ ਉੱਤੇ ਚੜ੍ਹਦਾ ਹੈ, ਕਿ ਹਰ ਵੇਲੇ ਆਪਣੇ ਆਪ ਨਾਲ ਲੜਦਾ ਹੈ (ਭਾਵ, ਆਪਣੇ ਮਨ ਨੂੰ ਮੁੜ ਮੁੜ ਵਿਕਾਰਾਂ ਵਲੋਂ ਰੋਕਦਾ ਹੈ), ਪੰਜੇ ਹੀ ਗਿਆਨ-ਇੰਦ੍ਰਿਆਂ ਨੂੰ ਵੱਸ ਵਿਚ ਰੱਖਦਾ ਹੈ, ਤਦੋਂ ਕਿਸੇ ਉਤੇ ਵੀ ਕਦੇ ਉਸ ਦੀ ਮੇਰ ਤੇਰ ਵਾਲੀ ਨਿਗਾਹ ਨਹੀਂ ਪੈਂਦੀ । ੬ ।

## ਇਸ ਜੰਗ ਦੇ ਹੋਰ ਪੱਖ-

੯੮- **ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥ ੧ ॥**
**ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ ॥ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥ ੨ ॥**[੧੧੦੫]-੨

**ਅਰਥ:**---ਜੋ ਮਨੁੱਖ ਇਸ ਜਗਤ-ਰੂਪ ਰਣ ਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ਤੇ ਅੜ ਖਲੋਂਦਾ ਹੈ, ਤੇ ਇਹ ਸਮਝਦਾ ਹੈ ਕਿ ਇਹ ਮਨੁੱਖਾ-ਜੀਵਨ ਹੀ ਅਜੇਹਾ ਮੌਕਾ ਹੈ ਜਦੋਂ ਇਨ੍ਹਾਂ ਨਾਲ ਲੜਿਆ ਜਾ ਸਕਦਾ ਹੈ, ਉਹ ਹੈ ਅਸਲ ਸੂਰਮਾ । ਉਸ ਦੇ ਦਸਮ-ਦੁਆਰ ਵਿਚ ਧੌਂਸਾ ਵੱਜਦਾ ਹੈ, ਓਸੇ ਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ (ਭਾਵ, ਉਸ ਦਾ ਮਨ ਪ੍ਰਭੂ-ਚਰਨਾਂ ਵਿਚ ਉਡਾਰੀਆਂ ਲਾਉਂਦਾ ਹੈ, ਜਿਥੇ ਕਿਸੇ ਵਿਕਾਰ ਦੀ ਪਹੁੰਚ ਹੀ ਨਹੀਂ ਹੋ ਸਕਦੀ, ਉਸ ਦੇ ਹਿਰਦੇ ਵਿਚ ਪ੍ਰਭੂ-ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਰਹਿੰਦੀ)।

੯੯- **ਦਾਗੇ ਹੋਹਿ ਸੁ ਰਨ ਮਹਿ ਜੂਝਹਿ, ਬਿਨੁ ਦਾਗੇ ਭਗਿ ਜਾਈ ॥**
**ਸਾਧੂ ਹੋਇ ਸੁ ਭਗਤਿ ਪਛਾਨੈ, ਹਰਿ ਲਏ ਖਜਾਨੈ ਪਾਈ ॥ ੩ ॥**[੯੬੯]-੪

**ਅਰਥ:**--ਜਿਨ੍ਹਾਂ ਦੇ ਮੱਥੇ ਉੱਤੇ ਮਾਲਕ ਦਾ (ਭਗਤੀ ਦਾ) ਨਿਸ਼ਾਨ ਹੁੰਦਾ ਹੈ, ਉਹ ਰਣ-ਭੂਮੀ ਵਿਚ ਲੜ ਮਰਦੇ ਹਨ । ਜੋ ਇਸ ਨਿਸ਼ਾਨ ਤੋਂ ਸੱਖਣੇ ਹਨ ਉਹ (ਟਾਕਰਾ ਪੈਣ ਵਿਕਾਰਾਂ ਮੋਹ ਮਾਇਆ ਦਾ ਪ੍ਰਭਾਵ ਪੈਣ ਤੇ ਉਸ ਦੇ ਅਸਰ ਵਿਚ ਆ ਕੇ ਪ੍ਰਭੂ ਨੂੰ ਭੁਲ ਜਾਣ ਵਾਲੀ) ਭਾਂਜ ਖਾ ਜਾਂਦੇ ਹਨ, ਪਰ ਜੋ ਮਨੁੱਖ ਪ੍ਰਭੂ ਦਾ ਭਗਤ ਬਣਦਾ ਹੈ, ਉਹ ਭਗਤੀ ਨਾਲ ਸਾਂਝ ਪਾਉਂਦਾ ਹੈ ਤੇ ਪ੍ਰਭੂ ਉਸ ਨੂੰ ਆਪਣੇ ਦਰ ਤੇ ਪ੍ਰਵਾਨ ਕਰ ਲੈਂਦਾ ਹੈ । ੩ ।

੧੦੦- **ਰਾਜਨ ਰਾਮ ਰਵੈ ਹਿਤ ਕਾਰਿ ॥ ਰਣ ਮਹਿ ਲੂਝੈ ਮਨੂਆ ਮਾਰਿ ॥ ਰਾਤਿ ਦਿਨੰਤਿ ਰਹੈ ਰੰਗਿ ਰਾਤਾ ॥**
**ਤੀਨਿ ਭਵਨ ਜੁਗ ਚਾਰੇ ਜਾਤਾ ॥ ਜਿਨਿ ਜਾਤਾ ਸੋ ਤਿਸ ਹੀ ਜੇਹਾ ॥ ਅਤਿ ਨਿਰਮਾਇਲੁ ਸੀਝਸਿ ਦੇਹਾ ॥**
**ਰਹਸੀ ਰਾਮੁ ਰਿਦੈ ਇਕ ਭਾਇ ॥ ਅੰਤਰਿ ਸਬਦੁ ਸਾਚਿ ਲਿਵ ਲਾਇ ॥ ੧੦ ॥**[੯੩੧]-ਓਅੰਕਾਰ

**ਅਰਥ:**--(ਜੋ ਮਨੁੱਖ) ਪ੍ਰਕਾਸ਼-ਸਰੂਪ ਪ੍ਰਭੂ ਨੂੰ ਪ੍ਰੇਮ ਨਾਲ ਸਿਮਰਦਾ ਹੈ, ਉਹ ਆਪਣੇ ਕੋਝੇ ਮਨ ਨੂੰ ਵਸ ਵਿਚ ਲਿਆ ਕੇ ਇਸ ਜਗਤ ਅਖਾੜੇ ਵਿਚ (ਕਾਮਾਦਿਕ ਵੈਰੀਆਂ ਨਾਲ) ਲੜਦਾ ਹੈ, ਅਤੇ ਉਹ ਮਨੁੱਖ ਦਿਨੇ ਰਾਤ ਪਰਮਾਤਮਾ ਦੇ ਪਿਆਰ ਵਿਚ ਰੰਗਿਆ ਰਹਿੰਦਾ ਹੈ, ਤਿੰਨ ਭਵਨਾਂ ਵਿਚ ਵਿਆਪਕ ਤੇ ਸਦਾ ਥਿਰ ਰਹਿਣ ਵਾਲੇ ਵਾਹਿਗੁਰੂ ਜੀ ਨਾਲ ਉਹ ਮਨੁੱਖ ਪੱਕੀ ਜਾਣ-ਪਛਾਣ ਪਾ ਲੈਂਦਾ ਹੈ । ਜਿਸ ਮਨੁੱਖ ਨੇ ਪਰਮਾਤਮਾ ਨਾਲ ਜਾਣ ਪਛਾਣ ਪਾ ਲਈ, ਉਹ ਉਸ ਵਰਗਾ ਹੀ ਹੋ ਗਿਆ (ਭਾਵ, ਉਹ ਮਾਇਆ ਦੀ ਮਾਰ ਤੋਂ ਉਤਾਂਹ ਹੋ ਗਿਆ), ਉਸ ਦਾ ਆਤਮਾ ਬੜਾ ਹੀ ਪਵਿਤ੍ਰ ਹੋ ਜਾਂਦਾ ਹੈ, ਤੇ ਉਸ ਦਾ ਸਰੀਰ ਵੀ ਸਫ਼ਲ ਹੋ ਜਾਂਦਾ ਹੈ, ਆਨੰਦ-ਸਰੂਪ ਪਰਮਾਤਮਾ ਸਦਾ ਉਸ ਦੇ ਹਿਰਦੇ ਵਿਚ ਟਿਕਿਆ ਰਹਿੰਦਾ ਹੈ, ਉਸ ਦੇ ਮਨ ਵਿਚ ਸਤਿਗੁਰੂ ਦਾ ਸ਼ਬਦ ਵੱਸਦਾ ਹੈ, ਤੇ ਉਹ ਮਨੁਖ ਵਾਹਿਗੁਰੂ ਵਿਚ ਸੁਰਤ ਜੋੜੀ ਰੱਖਦਾ ਹੈ । ੧੦ ।

੧੦੧- **ਗੁਰ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥ ੪ ॥** [੧੦੩]-੨੪-੩੧ ਬਿਖਾੜਾ--ਬਿਖਮ ਅਖਾੜਾ, ਔਖਾ ਘਲਿ ।

**ਅਰਥ:**--ਪੂਰੇ ਗੁਰੂ ਦੀ ਰਾਹੀਂ ਮੇਰੇ ਅੰਦਰ) ਆਤਮਕ ਉਤਸ਼ਾਹ ਦਾ ਮਾਨੋਂ ਢੋਲ ਵੱਜ ਪਿਆ ਤੇ ਮੈਂ (ਵਕਾਰਾਂ ਨਾਲ ਹੋ ਰਿਹਾ) ਔਖਾ ਘੋਲ ਜਿੱਤ ਲਿਆ ।

੧੦੨- **ਇਸਨਾਨੁ ਦਾਨੁ ਕਰਹਿ ਨਹੀ ਬੂਝਹਿ ॥ ਇਕਿ ਮਨੂਆ ਮਾਰਿ ਮਨੈ ਸਿਉ ਲੂਝਹਿ ॥**
**ਸਾਚੈ ਸਬਦਿ ਰਤੇ ਇਕ ਰੰਗੀ ਸਾਚੈ ਸਬਦਿ ਮਿਲਾਈ ਹੇ ॥ ੧੧ ॥**[੧੦੪੬]--੩

**ਅਰਥ:**--ਅਨੇਕਾਂ ਪ੍ਰਾਣੀ ਤੀਰਥਾਂ ਦੇ ਇਸ਼ਨਾਨ ਕਰਦੇ ਹਨ, ਦਾਨ ਕਰਦੇ ਹਨ (ਪਰ ਇਨ੍ਹਾਂ ਕਥਿਤ ਧਰਮ-ਕਰਮਾ ਨਾਲ ਸਹੀ ਜੀਵਨ-ਰਾਹ) ਨਹੀਂ ਸਮਝ ਸਕਦੇ । ਕਈ ਐਸੇ ਹਨ ਜੋ ਆਪਣੇ ਮਨ ਨੂੰ (ਵਿਕਾਰਾਂ ਵਲੋਂ) ਮਾਰ ਕੇ ਸਦਾ ਮਨ ਨਾਲ ਜੰਗ ਕਰਦੇ ਰਹਿੰਦੇ ਹਨ ( ਨੋਟ:-" **ਖ਼ਾਲਸਾ ਸੋ ਕਰੇ ਨਿਤ ਜੰਗ** " ਇਸ ਜੰਗ ਵਿਚ ਰੁਝਾ ਹੋਇਆ ਮਨੁੱਖ ਹੀ ਖ਼ਾਲਸਾ ਹੈ) । ਉਹ ਪ੍ਰਭੂ ਦੇ ਪ੍ਰੇਮ-ਰੰਗ ਵਾਲੇ ਬੰਦੇ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਵਿਚ ਹੀ ਰੰਗੇ ਰਹਿੰਦੇ ਹਨ । ਗੁਰੂ ਦੇ ਸ਼ਬਦ-ਗਿਆਨ ਦੀ ਰਾਹੀਂ ਵਾਹਿਗੁਰੂ ਨਾਲ ਉਨ੍ਹਾਂ ਦਾ ਮੇਲ ਹੋਇਆ ਰਹਿੰਦਾ ਹੈ । ੧੧ ।

੧੦੩- **ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥ ਹਉਮੈ ਅਨ ਸਿਉ ਲਰ ਮਰੈ ਸੋ ਸੋਭਾਦੂ ਹੋਇ ॥**
**ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥ ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ॥** [੨੫੬]-੩੧

**ਅਰਥ:**--ਇਸ ਜਗਤ ਰਣ-ਭੂਮੀ ਵਿਚ ਹਉਮੈ ਨਾਲ ਹੋ ਰਹੇ ਜੰਗ ਤੋਂ ਤਦੋਂ ਹੀ ਕਾਮਯਾਬ ਹੋਈਦਾ ਹੈ, ਜੇ ਮਨੁੱਖ ਆਪਣੇ ਆਪ ਨੂੰ ਜਿਤ ਲਏ । " **ਮਨਿ ਜੀਤੈ ਜਗੁ ਜੀਤੁ** " ਜੇਹੜਾ ਮਨੁੱਖ ਹਉਮੈ ਤੇ ਦਵੈਤ ਨਾਲ ਟਾਕਰਾ ਕਰ ਕੇ ਹਉਮੈ ਵਲੋਂ ਮਰ ਜਾਂਦਾ ਹੈ, ਉਹੀ ਵਡਾ ਸੂਰਮਾ ਹੈ । ਜੇਹੜਾ ਮਨੁੱਖ ਗੁਰੂ ਦੀ ਸਿਖਿਆ ਲੈ ਕੇ ਹਉਮੈ ਨੂੰ ਮੁਕਾਉਂਦਾ ਹੈ, ਸੰਸਾਰਕ ਵਾਸ਼ਨਾਂ ਵਲੋਂ ਅਜਿੱਤ ਹੈ, ਆਪਣੇ ਮਨ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈ, ਉਹ ਮਨੁੱਖ ਪਰਮਾਤਮਾ ਨੂੰ ਮਿਲ ਪੈਂਦਾ ਹੈ (ਸੰਸਾਰਕ ਰਣ-ਭੂਮੀ ਵਿਚ) ਓਸੇ ਦਾ ਵੇਸ (ਭਾਵ, ਵਰਦੀ) ਸੂਰਮਿਆਂ ਵਾਲੀ ਸਮਝੋ ।

੧੦੪- **ਪਉੜੀ ॥ ਸੂਰ ਬੀਰ ਵਰੀਆਮ ਕਿਨੈ ਨ ਹੋੜੀਐ ॥ ਫਉਜ ਸਤਾਣੀ ਹਾਠ ਪੰਚਾ ਜੋੜੀਐ ॥ ਦਸ ਨਾਰੀ,**
**ਅਉਧੂਤ ਦੇਨਿ ਚਮੋੜੀਐ । ਜਿਣਿ ਜਿਣਿ ਲੈਨ੍ਹਿ ਰਲਾਇ, ਏਹੋ ਏਨਾ ਲੋੜੀਐ ॥ ਤ੍ਰੈ ਗੁਣ ਇਨ ਕੈ ਵਸਿ**
**ਕਿਨੈ ਨ ਮੋੜੀਐ ॥ ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ॥ ਗੁਰੁ ਪੂਰਾ ਆਰਾਧਿ**
**ਬਿਖਮ ਦਲੁ ਫੋੜੀਐ ॥ ਹਉ ਤਿਸੁ ਅਗੈ ਦਿਨੁ ਰਾਤਿ ਰਹਾ ਕਰ ਜੋੜੀਐ ॥ ੧੫ ॥**[੫੨੨]

**ਅਰਥ:**--(ਕਾਮਾਦਿਕ ਵਿਕਾਰ) ਬੜੇ ਸੂਰਮੇ ਤੇ ਬਹਾਦਰ (ਸਪਾਹੀ) ਹਨ, ਕਿਸੇ ਨੇ ਇਨ੍ਹਾਂ ਨੂੰ ਠੱਲ੍ਹਿਆ ਨਹੀਂ, ਇਨ੍ਹਾਂ ਪੰਜਾਂ ਨੇ ਬੜੀ ਬਲ ਵਾਲੀ ਅਤੇ ਹਠੀਲੀ ਫ਼ੌਜ ਇਕੱਠੀ ਕੀਤੀ ਹੋਈ ਹੈ, (ਦੁਨੀਆਂ ਦਾਰ ਤਾਂ ਕਿਤੇ ਰਹੇ) ਤਿਆਗੀਆਂ ਨੂੰ ਵੀ ਇਹ ਦਸ ਇੰਦ੍ਰੇ ਚਮੇੜ ਦਿੰਦੇ ਹਨ, ਸਭ ਨੂੰ ਜਿੱਤ ਜਿੱਤ ਕੇ ਆਪਣੇ ਅਨੁਸਾਰੀ ਕਰੀ ਜਾਂਦੇ ਹਨ, ਬੱਸ ! ਇਹੀ ਗਲ ਇਹ ਲੋੜਦੇ ਹਨ, ਸਾਰੇ ਹੀ ਤ੍ਰੈਗੁਣੀ ਜੀਵ ਇਨ੍ਹਾਂ ਦੇ ਦਬਾਉ ਹੇਠ ਹਨ ।ਕਿਸੇ ਨੇ ਇਨ੍ਹਾਂ ਨੂੰ ਮੋੜ ਨਹੀਂ ਪਾਇਆ, (ਮਾਇਆ ਦੀ ਖ਼ਾਤਰ ਜੀਵਾਂ ਦੀ) ਭਟਕਣਾ (ਇਹ, ਮਾਨੋਂ, ਇਨ੍ਹਾਂ ਪੰਜਾਂ ਦਾ) ਕਿਲ੍ਹਾ ਹੈ ਤੇ ਮਾਇਆ (ਦਾ ਮੋਹ, ਉਸ ਕਿਲ੍ਹੇ ਦੇ ਦੁਆਲੇ ਡੂੰਘੀ) ਖਾਈ (ਪੁੱਟੀ ਹੋਈ) ਹੈ (ਇਹੁ ਕਿਲ੍ਹਾ) ਕਿਵੇਂ ਤੋੜਿਆ ਜਾਏ ? ਪੂਰੇ ਸਤਿਗੁਰੂ ਨੂੰ ਯਾਦ ਕੀਤਿਆਂ ਇਹ ਕਰੜੀ ਫ਼ੌਜ ਸਰ ਕੀਤੀ ਜਾ ਸਕਦੀ ਹੈ, (ਜੇ ਪ੍ਰਭੂ ਦੀ ਮਿਹਰ ਹੋਏ ਤਾਂ) ਮੈਂ ਦਿਨ ਰਾਤ ਹੱਥ ਜੋੜ ਕੇ ਉਸ ਗੁਰੂ ਦੇ ਸਾਹਮਣੇ ਖਲੋਤਾ ਰਹਾਂ (ਜਿਸ ਨੇ ਆਪਣੇ ਸਿੱਖ ਨੂੰ ਵਿਕਾਰਾਂ ਦੀ ਇਸ ਪੰਜ ਰੰਗੀ ਫ਼ੌਜ ਦੇ ਵਿਰੁੱਧ ਲੜਾਈ ਛੇੜੀ ਰੱਖਣ ਦੀ ਸਮਰਥਾ ਅਤੇ ਹੌਸਲਾ ਬਖ਼ਸ਼ਿਆ ਹੈ) । ੧੫ ।

ਸਾਡੇ ਵਿਚੋਂ ਅਜੇਹਾ ਸਿੰਘ ਕਿਹੜਾ ਹੈ ਜਿਸ ਨੇ ਕਦੇ ਅਬਿਨਾਸੀ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਛੇੜਨ ਦੀ ਮੰਗ ਕੀਤੀ ਹੋਵੇ ? ਫਿਰ ਬੜੇ ਲੱਛੇਦਾਰ ਸਿਆਸੀ ਭਾਸ਼ਨਾਂ ਦੀ ਵਰਖਾ ਕਰ ਸਕਣ ਦੀ ਅਪਾਰ ਸ਼ਕਤੀ ਵਾਲੇ ਪੰਥਕ ਜਥੇਦਾਰਾਂ ਵਿਚੋਂ ਕਿਹੜਾ ਹੈ ਜਿਸ ਨੇ " ਅਬਿਨਾਸ਼ੀ ਰਾਜ " ਲੈਣ ਲਈ ਕੌਮ ਨੂੰ ਸੇਧ ਦੇਣ ਦੇ ਪ੍ਰਬੰਧ ਕਰਨ ਦੀ ਗੱਲ, ਕਦੇ ਸੋਚੀ ਵੀ ਹੋਵੇ ? ਪ੍ਰਾਪਤ ਕਰ ਲੈਣ ਦਾ ਉੱਦਮ ਕਰਨਾ ਤਾਂ ਪਤਾ ਨਹੀਂ ਕਿਹੜੇ ਭਾਗਾਂ ਵਾਲੇ ਦੇ ਹਿੱਸੇ ਦੀ ਗੱਲ ਹੈ, ਆਉ, ਘੱਟੋ ਘੱਟ ਉਸ " ਅਬਿਨਾਸ਼ੀ ਰਾਜ " ਦੀ ਪ੍ਰਾਪਤੀ ਦਾ ਗਿਆਨ ਤਾਂ ਗੁਰਦੇਵ ਜੀ ਤੋਂ ਸਮਝ ਲਈਏ:--

੧੦੫- **ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥ ੧ ॥ ਰਹਾਉ ॥ ਪਾਂਚ ਪਚੀਸ ਮੋਹ ਮਦ ਮਤਸਰ, ਆਡੀ ਪਰਬਲ ਮਾਇਆ ॥ ਜਨ ਗਰੀਬ ਕੋ ਜੋਰੁ ਨ ਪਹੁਚੈ, ਕਹਾ ਕਰਉ ਰਘੁਰਾਇਆ ॥ ੧ ॥ ਕਾਮੁ ਕਿਵਾਰੀ, ਦੁਖੁ ਸੁਖੁ ਦਰਵਾਨੀ, ਪਾਪੁ ਪੁੰਨੁ ਦਰਵਾਜਾ ॥ ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ, ਤਹ ਮਨੁ ਮਾਵਾਸੀ ਰਾਜਾ ॥ ੨ ॥ ਸ੍ਵਾਦ ਸਨਾਹ ਟੋਪੁ ਮਮਤਾ ਕੋ, ਕੁਬੁਧਿ ਕਮਾਨ ਚਢਾਈ ॥ ਤਿਸਨਾ ਤੀਰ ਰਹੇ ਘਟ ਭੀਤਰਿ, ਇਉ ਗਢੁ ਲੀਓ ਨ ਜਾਈ ॥ ੩ ॥ ਪ੍ਰੇਮ ਪਲੀਤਾ, ਸੁਰਤਿ ਹਵਾਈ, ਗੋਲਾ ਗਿਆਨੁ ਚਲਾਇਆ ॥ ਬ੍ਰਹਮ ਅਗਨਿ ਸਹਜੇ ਪਰਜਾਲੀ, ਏਕਹਿ ਚੋਟ ਸਿਝਾਇਆ ॥ ੪ ॥ ਸਤੁ ਸੰਤੋਖੁ ਲੈ ਲਰਨੇ ਲਾਗਾ, ਤੋਰੇ ਦੁਇ ਦਰਵਾਜਾ ॥ ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ, ਪਕਰਿਓ ਗਢ ਕੋ ਰਾਜਾ ॥ ੫ ॥ ਭਗਵਤ ਭੀਰਿ ਸਕਤਿ ਸਿਮਰਨ ਕੀ, ਕਟੀ ਕਾਲ ਭੈ ਫਾਸੀ ॥ ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ, ਰਾਜੁ ਲੀਓ ਅਬਨਾਸੀ ॥ ੬ ॥** [੧੧੬੧]-੯-੧੭

**ਅਰਥ:**--ਇਹ (ਸਰੀਰ ਵਿਚਲਾ ਅਪਣਤ-ਰੂਪ) ਪੱਕਾ ਕਿਲ੍ਹਾ ਕਾਬੂ ਕਰਨਾ ਬਹੁਤ ਔਖਾ ਹੈ । ਇਸ ਦੇ ਦੁਆਲੇ ਦ੍ਵੈਤ ਦੀ ਦੋਹਰੀ ਫ਼ਸੀਲ ਤੇ ਤਿੰਨ ਗੁਣਾਂ ਦੀ ਤਿਹਰੀ ਖਾਈ ਹੈ **। ੧ । ਰਹਾਉ ।** ਬਲ ਵਾਲੀ ਮਾਇਆ ਦਾ ਆਸਰਾ ਲੈ ਕੇ ਪੰਜ ਕਾਮਾਦਿਕ, (ਕਥਿਤ) ਪੰਝੀ ਤੱਤ, ਮੋਹ, ਹੰਕਾਰ, ਈਰਖਾ (ਦੀ ਫ਼ੌਜ ਲੜਨ ਨੂੰ ਤਿਆਰ ਹੈ) । ਹੇ ਪ੍ਰਭੂ ! ਮੇਰੀ ਗ਼ਰੀਬ ਦੀ ਕੋਈ ਪੇਸ਼ ਨਹੀਂ ਜਾਂਦੀ, (ਦੱਸ) ਮੈਂ ਕੀਹ ਕਰਾਂ ? **। ੧ ।** ਕਾਮ ਇਸ ਕਿਲ੍ਹੇ ਦੇ ਬੂਹੇ ਦਾ ਮਾਲਕ ਹੈ, ਦੁਖ ਤੇ ਸੁਖ ਪਹਿਰੇਦਾਰ ਹਨ, ਪਾਪ ਤੇ ਪੁੰਨ (ਕਿਲ੍ਹੇ ਦੇ) ਦਰਵਾਜ਼ੇ ਹਨ, ਬੜਾ ਕੜਾਕਾ ਕ੍ਰੋਧ (ਕਿਲ੍ਹੇ ਦਾ) ਚੌਧਰੀ ਹੈ । ਅਜਿਹੇ ਕਿਲ੍ਹੇ ਵਿਚ ਮਨ ਰਾਜਾ ਆਕੀ ਹੋ ਬੈਠਾ ਹੈ **। ੨ ।** ਜੀਭ ਦੇ ਚਸਕੇ (ਮਨ-ਰਾਜੇ ਨੇ) ਸੰਜੋਅ (ਪਹਿਨੀ ਹੋਈ ਹੈ), ਮਮਤਾ ਦਾ ਟੋਪ (ਪਾਇਆ ਹੋਇਆ ਹੈ), ਭੈੜੀ ਮਤ ਦੀ ਕਮਾਨ ਕੱਸੀ ਹੋਈ ਹੈ, ਤ੍ਰਿਸਨਾਂ ਦੇ ਤੀਰ ਅੰਦਰ ਹੀ ਅੰਦਰ ਸੇਧੇ ਹੋਏ ਹਨ । ਅਜਿਹਾ ਕਿਲ੍ਹਾ ਮੈਥੋਂ ਜਿੱਤਿਆ ਨਹੀਂ ਜਾ ਸਕਦਾ **। ੩ ।** (ਪਰ ਜਦੋਂ ਮੈਂ ਪ੍ਰਭੂ-ਚਰਨਾਂ ਦੇ) ਪ੍ਰੇਮ ਦਾ ਪਲੀਤਾ ਲਾਇਆ, (ਪ੍ਰਭੂ-ਚਰਨਾਂ ਵਿਚ ਜੁੜੀ) ਸੁਰਤ ਨੂੰ ਹਵਾਈ ਬਣਾਇਆ (ਭਾਵ, ਰਾਕਟ ਬਣਾਇਆ) (ਗੁਰੂ ਦੇ ਬਖ਼ਸ਼ੇ ਗਿਆਨ ਦਾ ਗੋਲਾ ਚਲਾਇਆ, ਸਹਿਜ ਅਵਸਥਾ ਵਿਚ ਅਪੱੜ ਕੇ ਅੰਦਰ ਰੱਬੀ ਜੋਤਿ ਜਗਾਈ, ਤਾਂ ਇੱਕ ਹੀ ਸੱਟ ਨਾਲ ਕਾਮਯਾਬੀ ਹੋ ਗਈ **। ੪ ।** ਸਤ ਤੇ ਸੰਤੋਖ ਲੈ ਕੇ ਮੈਂ (ਉਸ ਫ਼ੌਜ ਦੇ ਟਾਕਰੇ ਤੇ) ਲੜਨ ਲੱਗ ਪਿਆ, ਦੋਵੇਂ ਦਰਵਾਜ਼ੇ ਮੈਂ ਭੰਨ ਲਏ, ਸਤਿਗੁਰੂ ਅਤੇ ਸਤਸੰਗ ਦੀ ਮਿਹਰ ਨਾਲ ਮੈਂ ਕਿਲ੍ਹੇ ਦਾ ਆਕੀ (ਮਨ) ਰਾਜਾ ਫੜ ਲਿਆ **। ੫ ।** ਸਤਸੰਗ ਤੇ ਸਿਮਰਨ ਦੇ ਬਲ ਨਾਲ ਮੈਂ ਕਾਲ ਦੀ ਫਾਹੀ, ਦੁਨੀਆਂ ਦੇ ਡਰਾਂ ਦੀ ਫਾਹੀ, ਵੱਢ ਲਈ ਹੈ । ਪ੍ਰਭੂ ਦਾ ਦਾਸ ਕਬੀਰ ਹੁਣ ਕਿਲ੍ਹੇ ਦੇ ਉੱਪਰ ਚੜ੍ਹ ਬੈਠਾ ਹੈ (ਸਰੀਰ ਨੂੰ ਵੱਸ ਕਰ ਚੁਕਿਆ ਹੈ), ਤੇ ਕਦੇ ਨਾ ਨਾਸ ਹੋਣ ਵਾਲੀ ਆਤਮਕ ਬਾਦਸ਼ਾਹੀ ਲੈ ਚੁੱਕਾ ਹੈ । ੬ ।

## (ਅ) ਸ਼ਸਤ੍ਰ ਅਤੇ ਸੰਜੋਅ (ਲੋਹੇ ਦੀ ਪੁਸ਼ਾਕ)

ਕਾਮ ਕ੍ਰੋਧ ਆਦਿ ਵਿਕਾਰਾਂ ਵਿਰੁੱਧ ਲੜਾਈ ਕਰਨ ਵਾਲੇ ਦੀ ਸਨਾਹ ਅਤੇ ਸ਼ਸਤ੍ਰ ਕੀ ਹਨ ?:--

੧੦੬- **ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥**
**ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥ ੧ ॥**[੬੨੮]-੧੬-੮੦

[ਨੋਟ: ਇਸ ਮਹਾਂਵਾਕ ਦੀ ਵਿਆਖਿਆ " ਗ਼ਰੀਬੀ ਅਥਵਾ ਨਿਮਰਤਾ " ਲੇਖ ਦੇ ੩੬ਵੇਂ ਨੰਬਰ ਤੇ ਕੀਤੀ ਗਈ ਹੈ ।]

੧੦੭- **ਭੈ ਨਿਰਭਉ, ਹਰਿ ਅਟਲੁ ਮਨਿ, ਸਬਦਿ ਗੁਰ ਨੇਜਾ ਗਡਿਓ ॥**
**ਕਾਮ ਕ੍ਰੋਧ ਲੋਭ ਮੋਹ ਅਪਤੁ, ਪੰਚ ਦੂਤ ਬਿਖੰਡਿਓ ॥**[੧੩੯੬]-੨੧

**ਅਰਥ:**--ਹਰੀ ਦਾ ਭਉ ਰੱਖਣ ਦੇ ਕਾਰਨ ਨਿਰਭਉ ਹੋ ਕੇ ਅਤੇ ਸਤਿਗੁਰੂ ਦੇ ਸਬਦ ਦੀ ਬਰਕਤ ਨਾਲ ਹਰੀ ਨੂੰ ਮਨ ਵਿਚ ਧਾਰਿਆ--ਇਹ ਨੇਜਾ ਗਡ ਕੈ (ਵਰਤ ਕੇ) ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਇਨ੍ਹਾਂ ਪੰਜਾਂ ਵੈਰੀਆਂ ਦਾ ਨਾਸ ਕਰ ਦਿੱਤਾ ।

੧੦੮- **ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿਮ੍ਰਤਹ ॥ ਆਵਧਹ ਗੁਣ ਗੋਬਿੰਦ ਰਮਣੰ, ਓਟ ਗੁਰ ਸਬਦ ਕਰ ਚਰਮਣਹ ॥ ਆਰੂੜਤੇ ਅਸ੍ਵ ਰਥ ਨਾਗਹ, ਬੁਝੰਤੇ ਪ੍ਰਭ ਮਾਰਗਹ ॥ ਬਿਚਰਤੇ ਨਿਰਭਯੰ ਸਤ੍ਰੁ ਸੈਨਾ, ਧਾਯੰਤੇ ਗੁੋਪਾਲ ਕੀਰਤਨਹ ॥ ਜਿਤਤੇ ਬਿਸ੍ਵ ਸੰਸਾਰਹ, ਨਾਨਕ ਵਸੵੰ ਕਰੋਤਿ ਪੰਚ ਤਸਕਰਹ ॥ ੨੯ ॥**[੧੩੫੬]

**ਅਰਥ:**--ਗੁਰਮੁਖ ਜਨ ਅਜਿੱਤ ਸੂਰਮਿਆਂ ਦੀ ਸੈਨਾ ਹੈ । ਗ਼ਰੀਬੀ ਸੁਭਾਉ ਉਨ੍ਹਾਂ ਦੇ ਸਰੀਰ ਉੱਤੇ ਸੰਜੋਅ ਹੈ, ਗੋਬਿੰਦ ਦੇ ਗੁਣ ਗਾਉਂਣੇ ਉਨ੍ਹਾਂ ਕੋਲ ਸ਼ਸਤ੍ਰ ਹਨ, ਗੁਰਸ਼ਬਦ ਦੀ ਓਟ ਉਨ੍ਹਾਂ ਦੇ ਹੱਥ ਵਿਚ ਢਾਲ ਹੈ । ਸੰਤ ਜਨ ਪਰਮਾਤਮਾ ਦੇ ਮਿਲਾਪ ਦਾ ਰਸਤਾ ਭਾਲਦੇ ਰਹਿੰਦੇ ਹਨ--ਮਾਨੋ, ਇਹ ਉਹ ਘੋੜੇ, ਰਥ, ਅਤੇ ਹਾਥੀਆਂ ਦੀ ਸਵਾਰੀ ਕਰਦੇ ਹਨ । ਗੁਰਮੁਖ ਸੰਤ ਜਨ ਵਾਹਿਗੁਰੂ ਦੀ ਸਿਫ਼ਤ-ਸਾਲਾਹ ਦੀ ਸਹੈਤਾ ਨਾਲ ਕਾਮਾਦਿਕ ਵੈਰੀ-ਦਲ ਉੱਤੇ ਹੱਲਾ ਕਰਦੇ ਹਨ, ਅਤੇ (ਉਸ ਤਰ੍ਹਾਂ ਉਨ੍ਹਾਂ ਵਿਚ ਨਿਡਰ ਹੋ ਕੇ ਤੁਰੇ ਫਿਰਦੇ ਹਨ । ਸੰਤ-ਜਨ ਉਨ੍ਹਾਂ ਪੰਜਾਂ ਚੋਰਾਂ ਨੂੰ ਆਪਣੇ ਵੱਸ ਵਿਚ ਕਰ ਲੈਂਦੇ ਹਨ ਜਿਨ੍ਹਾਂ ਨੇ ਸਾਰੇ ਸੰਸਾਰ ਨੂੰ ਜਿਤ ਰਖਿਆ ਹੈ । ੧੮ ।

੧੦੯- **ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥ ਕਾਮ ਕ੍ਰੋਧ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥ ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮ ਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥ ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥ ੧੪ ॥** [੧੪੧੪]

**ਅਰਥ:**--ਹੇ ਭਾਈ ! ਮਾਇਆ ਦੇ ਮੋਹ ਦੇ ਕਾਰਨ ਜਗਤ ਭਟਕਦਾ ਫਿਰਦਾ ਹੈ, (ਜੀਵ ਦਾ ਹਿਰਦਾ-) ਘਰ (ਆਤਮਕ ਸਰਮਾਇਆ) ਲੁੱਟਿਆ ਜਾਂਦਾ ਹੈ (ਪਰ ਜੀਵ ਨੂੰ) ਇਹ ਪਤਾ ਨਹੀਂ ਲੱਗਦਾ । ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਆਤਮਕ ਜੀਵਨ ਦੀ ਸੂਝ ਵਲੋਂ) ਅੰਨ੍ਹਾਂ ਰਹਿੰਦਾ ਹੈ, ਕਾਮ ਕ੍ਰੋਧ ਨੇ ਉਸ ਦੇ ਮਨ ਨੂੰ ਚੁਰਾ ਲਿਆ ਹੁੰਦਾ ਹੈ । ਜਿਹੜਾ ਮਨੁੱਖ ਆਤਮਕ ਜੀਵਨ ਦੀ ਸੂਝ ਦੀ ਤਲਵਾਰ ਫੜ ਕੇ ਕਾਮਾਦਿਕ ਪੰਜ ਵੈਰੀਆਂ ਨੂੰ ਮਾਰ ਲੈਂਦਾ ਹੈ, ਉਹ ਹੀ ਗੁਰੂ ਦੀ ਮਤਿ ਦੀ ਬਰਕਤਿ ਨਾਲ ਮਾਇਆ ਦੇ ਹੱਲਿਆਂ ਵਲੋਂ ਸੁਚੇਤ ਰਹਿੰਦਾ ਹੈ, ਉਸ ਦੇ ਅੰਦਰ ਪਰਮਾਤਮਾ ਦਾ ਨਾਮ ਰਤਨ ਚਮਕ ਪੈਂਦਾ ਹੈ, ਉਸ ਦਾ ਮਨ ਉਸ ਦਾ ਤਨ ਪਵਿੱਤਰ ਹੋ ਜਾਂਦਾ ਹੈ । ਪਰ ਨਾਮ ਤੋਂ ਵਾਂਜੇ ਮਨੁੱਖ ਬੇ-ਸ਼ਰਮਾਂ

ਵਾਂਗ ਤੁਰੇ ਫਿਰਦੇ ਹਨ । ਨਾਮ ਤੋਂ ਵਾਂਜਿਆ ਮਨੁੱਖ ਬਹਿ ਕੇ ਰੋਂਦਾ ਰਹਿੰਦਾ ਹੈ (ਭਾਵ, ਸਦਾ ਦੁਖੀ ਰਹਿੰਦਾ ਹੈ) । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਕਰਤਾਰ ਦੀ ਰਜ਼ਾ ਇਉਂ ਹੈ ਕਿ ਨਾਮ-ਹੀਨ ਪ੍ਰਾਣੀ ਦੁਖੀ ਰਹੇ, ਸੋ) ਕਰਤਾਰ ਨੇ ਜੋ ਕੁਝ ਧੁਰ ਦਰਗਾਹ ਤੋਂ ਇਹ ਲੇਖ ਲਿਖ ਦਿੱਤਾ ਹੈ ਇਸ ਨੂੰ ਕੋਈ ਮਿਟਾ ਨਹੀਂ ਸਕਦਾ । ੧੪ ।

## (ੲ) <u>ਸੂਰਮਾਂ, ਬਲੀ</u>

ਸੰਸਾਰ-ਅਖਾੜੇ ਵਿਚ ਵਿਕਾਰਾਂ-ਰੂਪ ਸਤਾਣੀ ਫ਼ੌਜ ਨਾਲ ਸਫ਼ਲ ਲੜਾਈ ਕਰਨ ਵਾਲੇ ਸੂਰਮੇ ਅਥਵਾ ਬਲੀ :--

੧੧੦- **ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥ ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ,**
**ਸੋ ਪੂਰਾ ਇਹ ਕਲੀ ਰੇ ॥ ੧ ॥ ਰਹਾਉ ॥ ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥**
**ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧ ਸੰਗਤਿ ਕੈ ਝਲੀ ਰੇ ॥ ੨ ॥** [੪੦੪]-੩-੧੩੨

**ਅਰਥ:**--ਕੋਈ ਵਿਰਲਾ ਹੀ ਐਸਾ ਬਲਵਾਨ ਮਨੁੱਖ ਹੈ ਜਿਸ ਨੇ ਗੁਰੂ ਨੂੰ ਮਿਲ ਕੇ ਕਾਮਾਦਿਕ ਪੰਜਾਂ ਸੂਰਮਿਆਂ ਨੂੰ ਮਾਰ ਲਿਆ ਹੋਵੇ । ਜਗਤ ਵਿਚ ਉਹੀ ਮਨੁੱਖ ਪੂਰਨ ਹੈ ਜਿਸ ਨੇ ਇਨ੍ਹਾਂ ਪੰਜਾਂ ਨੂੰ ਲੀਰਾਂ ਲੀਰਾਂ ਕਰ ਦਿੱਤਾ ਹੈ **। ੧ । ਰਹਾਉ ।** ਇਨ੍ਹਾਂ ਕਾਮਾਦਿਕਾਂ ਦਾ ਬੜਾ ਡਾਢਾ ਕੋੜਮਾ ਹੈ, ਨਾ ਇਹ ਕਿਸੇ ਦੇ ਕਾਬੂ ਵਿਚ ਆਉਂਦੇ ਹਨ ਨਾ ਇਹ ਕਿਸੇ ਪਾਸੋਂ ਡਰ ਕੇ ਭੱਜਦੇ ਹਨ । ਇਨ੍ਹਾਂ ਦੀ ਫ਼ੌਜ ਬੜੀ ਮਜ਼ਬੂਤ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਸਿਰਫ਼ ਉਸ ਮਨੁੱਖ ਨੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਲਤਾੜਿਆ ਹੈ ਜਿਹੜਾ ਸਾਧ ਸੰਗਤਿ ਦੇ ਆਸਰੇ ਵਿਚ ਰਹਿੰਦਾ ਹੈ । ੨ ।

੧੧੧- **ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥ ਹਰਿ ਸੇਤੀ ਸਦਾ ਮਿਲ ਰਹੇ ਜਿਨੀ ਆਪੁ ਪਛਾਨਾ ॥.੮ ॥**[੧੦੮੯]-ਵਾਰ

**ਅਰਥ:**--ਜੋ ਮਨੁੱਖ ਆਪਣੇ ਮਨ ਨਾਲ ਲੜਦੇ ਹਨ ਉਹ ਸੂਰਮੇ ਅਤੇ ਮੰਨੇ ਪ੍ਰਮੰਨੇ ਇਨਸਾਨ ਬਣਦੇ ਹਨ । ਜਿਨ੍ਹਾਂ ਨੇ ਆਪਣੇ ਆਪ ਨੂੰ ਪਛਾਣ ਲਿਆ ਹੈ ਉਹ ਸਦਾ ਪ੍ਰਭੂ ਨਾਲ ਮਿਲੇ ਰਹਿੰਦੇ ਹਨ ।

## (ਸ) <u>ਕਿਸ ਪ੍ਰਕਾਰ ਦੀ ਜਿਤ ਲਈ ਜੂਝਣਾ ਹੈ ?</u>

ਸਭ ਤੋਂ ਵੱਡੀ ਫਤਹਿ ਮਨ ਜਿੱਤ ਲੈਣ ਵਿਚ ਹੈ। ਜਪੁਜੀ ਸਾਹਿਬ ਦੀ ੨੮ਵੀਂ ਪਉੜੀ ਵਿਚ ਹੀ ਫੁਰਮਾ ਦਿੱਤਾ ਹੈ ਕਿ ਜਿਸ ਨੇ ਮਨ ਜਿਤ ਲਿਆ ਉਸ ਨੇ ਮਾਨੋਂ ਸਾਰਾ ਸੰਸਾਰ ਜਿਤ ਲਿਆ--**ਮਨਿ ਜੀਤੈ ਜਗੁ ਜੀਤੁ ॥** ਮਨ ਵੱਸ ਵਿਚ ਆ ਜਾਣ ਨਾਲ ਹੀ ਸਾਰੇ ਵਿਕਾਰ ਨਿਰਬਲ ਹੋ ਜਾਂਦੇ ਹਨ । ਜਿਸ ਨੇ ਗੁਰੂ ਦੀ ਕਿਰਪਾ ਨਾਲ ਆਪਣਾ ਮਨ ਜਿੱਤ ਲਿਆ, ਸਮਝੋ ਕਿ ਉਸ ਨੇ ਸਾਰਾ ਜਗਤ ਜਿੱਤ ਲਿਆ--**ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥ ੮ ॥** [੧੦੮੯} ਗੁਰੂ ਗ੍ਰੰਥ ਸਾਹਿਬ ਜੀ ਦੀ ਸਰਨ ਪੈ ਕੇ ਸ਼ਬਦ ਵਿਚਾਰ ਤੋਂ ਸੇਧ ਲੈ ਕੇ ਆਪਣਾ ਜੀਵਨ ਗੁਰਮਤਿ ਅਨੁਸਾਰ ਬਣਾ ਲੈਣ ਨਾਲ ਔਖੇ ਤੋਂ ਔਖਾ ਅਖਾੜਾ ਜਿਤਿਆ ਜਾ ਸਕਦਾ ਹੈ --" **ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ ॥** " (੪੫੩) ਸੋ ਮਨ ਨੂੰ ਜਿਤ ਲੈਣਾ ਹੀ ਅਸਲ ਜੀਵਨ-ਜਿਤ ਹੈ। ਮੰਨ ਜਿਤਿਆ ਤੇ ਪੰਜਾਂ ਵਿਕਾਰਾਂ ਦੀ ਗੁਲਾਮੀ ਛੁੱਟੀ। ਆਪਣਾ ਮਨ ਜਿੱਤ ਲੈਣ ਵਾਲੇ ਮਨੁੱਖ ਦੀ ਮਹਿਮਾ ਸਤਿਗੁਰਾਂ ਨੇ ਇਉਂ ਲਿਖੀ ਹੈ:---

੧੧੨- **ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥**
**ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥ ੩ ॥**[੪੯੧]-੩-੫

**ਅਰਥ:**--ਜੇਹੜੇ ਮਨੁੱਖ ਆਪਣਾ ਮਨ ਜਿੱਤ ਲੈਂਦੇ ਹਨ, ਉਹ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦੇ ਹਨ, (ਮਾਇਆ ਦੀ ਉਪਜ ਪੰਜੇ ਵਿਕਾਰ ਉਨ੍ਹਾਂ ਉਤੇ ਜ਼ੋਰ ਨਹੀਂ ਪਾ ਸਕਦੇ) । ਜਿਹੜੇ ਵੀ ਮਨੁੱਖ (ਇੰਦ੍ਰਿਆਂ ਦੀ ਪਹੁੰਚ ਤੋਂ ਉਤਾਂਹ) ਚਿੱਤ-ਆਕਾਸ਼ ਵਿਚ (ਉੱਚੇ ਆਤਮਕ ਮੰਡਲ ਵਿਚ) ਆਪਣੀ ਰਿਹਾਇਸ਼ ਬਣਾ ਲੈਂਦੇ ਹਨ, ਉਨ੍ਹਾਂ ਨੂੰ ਤਿੰਨ ਭਵਨਾਂ ਵਿਚ ਵਿਆਪਕ ਪ੍ਰਭੂ ਦੀ ਸਮਝ ਪੈ ਜਾਂਦੀ ਹੈ । ੩ ।

੧੧੩- **ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ ਸਭ ਗੁਨ ਤੇਰੇ ॥ ੧ ॥ ਰਹਾਉ ॥ ਪੰਚ ਬਿਖਾਦੀ ਏਕੁ**
**ਗਰੀਬਾ ਰਾਖਹੁ ਰਾਖਨਹਾਰੇ ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥ ੧ ॥**
**ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤ ਹੂੰ ਨਾਹੀ ॥ ਏਕ ਬਾਤ ਸੁਨਿ ਤਾਕੀ ਓਟਾ ਸਾਧ**
**ਸੰਗਿ ਮਿਟਿ ਜਾਹੀ ॥ ੨ ॥ ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥ ਸੰਤੀ ਮੰਤੁ**
**ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ ॥ ੩ ॥ ਜੀਤਿ ਲਏ ਓਇ ਮਹਾ ਬਿਖਾਦੀ ਸਹਜ**
**ਸੁਹੇਲੀ ਬਾਣੀ ॥ ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥ ੪ ॥**[੨੦੬]-੪-੧੨੫

**ਅਰਥ:**--ਹੇ ਮੇਰੇ ਮਿੱਤਰ ਪ੍ਰਭੂ ! ਮੈਨੂੰ ਗੁਣ-ਹੀਨ ਨੂੰ ਬਚਾ ਲੈ । ਸਾਰੇ ਗੁਣ ਤੇਰੇ (ਵੱਸ ਵਿਚ ਹਨ, ਜਿਸ ਤੇ ਮਿਹਰ ਕਰੇਂ ਉਸੇ ਨੂੰ ਮਿਲਦੇ ਹਨ ਮੈਨੂੰ ਵੀ ਆਪਣੇ ਗੁਣ ਬਖ਼ਸ਼ ਤੇ ਅਉਗੁਣਾਂ ਤੋਂ ਬਚਾ) **।੧। ਰਹਾਉ ।** ਹੇ ਸਹਾਇਤਾ ਕਰਨ ਦੇ ਸਮਰੱਥ ਪ੍ਰਭੂ ! ਮੈ ਗਰੀਬ ( ਅਤੇ ਇਕੱਲਾ) ਹਾਂ ਅਤੇ ਮੇਰੇ ਵੈਰੀ ਕਾਮ ਆਦਿਕ ਪੰਜ ਹਨ, ਮੇਰੀ ਸਹਾਇਤਾ ਕਰ, ਮੈ ਤੇਰੀ ਸਰਨ ਆਇਆ ਹਾਂ । ਇਹ ਪੰਜ ਮੈਨੂੰ ਦੁੱਖ ਦਿੰਦੇ ਹਨ ਤੇ ਬਹੁਤ ਸਤਾਉਂਦੇ ਹਨ **। ੧ ।** ( " ਵਾਹਿਗੁਰੂ ਜੀ ਕਾ ਖ਼ਾਲਸਾ " ਕਹਿਣਾ ਵਾਹਿਗੁਰੂ ਅੱਗੇ ਸਿੰਘ ਦਾ ਇਹ ਆਤਮ-ਸਮਰਪਨ ਹੈ)--- (ਹੇ ਪਿਤਾ-ਪ੍ਰਭੂ ! ਇਨ੍ਹਾਂ ਪੰਜਾਂ ਬਿਖਾਦੀਆਂ ਤੋਂ ਬਚਣ ਲਈ) ਮੈਂ ਕਈ ਕਿਸਮਾਂ ਦੇ ਅਨੇਕਾਂ ਜਤਨ ਕਰ ਕਰ ਕੇ ਥੱਕ ਗਿਆ ਹਾਂ, ਇਹ ਕਿਸੇ ਤਰ੍ਹਾਂ ਵੀ ਮੇਰੀ ਖ਼ਲਾਸੀ ਨਹੀਂ ਕਰਦੇ । (ਹੇ ਵਾਹਿਗੁਰੂ ਜੀ ਤੇਰੀ ਕਿਰਪਾ ਦੁਆਰਾਂ, ਜਦ ਮੈਨੂੰ ਪਤਾ ਲੱਗਾ ਕਿ) ਸਾਧ--(ਗੁਰੂ-ਗ੍ਰੰਥ -ਸਾਹਿਬ ਜੀ ਦੀ) ਸੰਗਤਿ ਵਿਚ ਰਿਹਾਂ ਇਹ (ਵੈਰੀ ਪਿੱਛਾ ਛੱਡ ਦਿੰਦੇ ਹਨ ਤਾਂ) ਮੈ ਸਾਧ-( ਗੁਰੂ ਗ੍ਰੰਥ ਸਾਹਿਬ ਜੀ) ਦੀ ਸੰਗਤ ਦਾ ਆਸਰਾ ਲਿਆ ਹੈ ਜਿਥੇ । ਮੈਨੂੰ ਗੁਰਮੁਖਿ-ਸੰਤ ਮਿਲ ਪਏ ਜਿਨ੍ਹਾਂ ਤੋਂ ਮੈਨੂੰ (ਇਨ੍ਹਾਂ ਪੰਜਾਂ ਬਿਖਾਦੀਆਂ ਤੋਂ) ਨਿਡਰ ਕਰ ਦੇਣ ਵਾਲਾ ਉਪਦੇਸ਼ ਮਿਲਿਆ ਤੇ ਮੈਂ ਗੁਰੂ ਦਾ ਸ਼ਬਦ ਆਪਣੇ ਜੀਵਨ ਵਿਚ ਧਾਰਨ ਕਰ ਲਿਆ । **੨--੩ ।** ਗੁਰੂ ਦੀ ਆਤਮਕ ਅਡੋਲਤਾ ਦੇਣ ਵਾਲੀ, ਤੇ ਸੁਖ ਦੇਣ ਵਾਲੀ ਬਾਣੀ ਦੀ ਬਰਕਤ ਨਾਲ ਮੈਂ ਉਹ ਪੰਜੇ ਵਡੇ ਝਗੜਾਲੂ ਜਿੱਤ ਲਏ ਹਨ (**ਨੋਟ:**--ਵਾਹਿਗੁਰੂ ਦੇ ਆਸਰੇ ਅਤੇ, ਹਰ ਥਾਂ ਵੱਸਦੇ, ਹਰ ਵਿਚ ਵੱਸਦੇ, ਵਾਹਿਗੁਰੂ ਦੀ ਕਿਰਪਾ ਨਾਲ ਮਿਲੀ ਫ਼ਤਹਿ, ਸਦਾ ਵਹਿਗੁਰੂ ਦੀ ਫਤਹਿ ਹੀ ਹੈ) । (ਗੁਰੂ ਸ਼ਬਦ ਤੋਂ ਮਿਲੀ ਸੂਝ ਅਨੁਸਾਰ ਜੀਵਨ ਢਾਲਦੇ ਰਹਿਣ ਦੀ ਕਮਾਈ ਕਰਨ ਨਾਲ, ਇਸ ਤੋਂ ਅਗਲੀ ਅਵਸਥਾ ਇਹ ਬਣ ਗਈ ਹੈ ਕਿ) ਹੁਣ ਮੇਰੇ ਮਨ ਵਿਚ ਆਤਮਕ ਚਾਨਣ ਹੋ ਗਿਆ ਹੈ, ਮੈਂ ਉਹ ਆਤਮਕ ਦਰਜਾ ਪ੍ਰਾਪਤ ਕਰ ਲਿਆ ਹੈ, ਜਿਥੇ ਕੋਈ ਵਾਸ਼ਨਾ ਨਹੀਂ ਪੋਹ ਸਕਦੀ । ੪ ।

### <u>ਮਨਮੁਖ ਦੀ ਜਿੱਤ</u>

੧੧੪- **ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ ॥**
**ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ ਜਿਤਿਆ ॥ ੧ ॥**[੭੨੩]-੨-੭

**ਅਰਥ**:--ਖੋਟੀ ਬੁਧੀ ਵਾਲਾ ਮਨੁੱਖ ਸਦਾ ਉਹ ਕੰਮ ਕਰਦਾ ਰਹਿੰਦਾ ਹੈ ਜਿਨ੍ਹਾਂ ਤੋਂ ਕੋਈ ਲਾਭ ਨਹੀਂ ਹੁੰਦਾ, (ਫਿਰ ਵੀ ਅਜੇਹੇ ਵਿਅਰਥ ਕੰਮ ਕਰ ਕੇ) ਲਾਫ਼ਾਂ ਮਰਦਾ ਹੈ । ਜਦੋਂ ਕੋਈ ਠੱਗੀ ਕਰ ਕੇ, ਕੋਈ ਝੂਠ ਬੋਲ ਕੇ (ਕੁਝ ਧਨ-ਮਾਲ)ਲੈ ਆਉਂਦਾ ਹੈ, ਤਦੋਂ ਸਮਝਦਾ ਹੈ ਕਿ ਮੈਂ ਦੁਨੀਆਂ ਨੂੰ ਜਿੱਤ ਲਿਆ ਹੈ । ੧ ।

ਪੰਜਾਂ ਵੈਰੀਆਂ ਵਿਰੁਧ ਸਦੀਵੀ ਜੰਗ ਛੇੜੀ ਰੱਖਣ ਨਾਲ ਸੰਬੰਧਤ ਹੋਰ ਵੀ ਬੇਅੰਤ ਗੁਰੂ-ਫ਼ੁਰਮਾਨ ਹਨ । ਉਨ੍ਹਾਂ ਵਿਚੋਂ ਕੁਝ ਦੀ ਸੂਚੀ ਇਸ ਪ੍ਰਕਾਰ ਹੈ:--

**ਜੇਤੂ ਅਥਵਾ ਸੂਰਮੇ**

| | | | | | |
|---|---|---|---|---|---|
| ੧= [੮੭]-ਵਾ-੧੧(੧) | ੨= [੧੩੨]-੪-੩੮(੫) | ੩= [੪੦੮]-੩-੧੫੪(੨) | ੪= [੪੯੦]-੩-੫(੩) | ੫= [੧੪੬]-ਵਾ-੧੭ | ੬= [੪੫੪]-੧-੩ |
| ੭= [੪੯੦]-੩-੫(੩) | ੮= [੩੩੮]-੨-੧੭-੬੮(੨) | ੯= [੫੭੯]-੨(੩) | ੧੦=[੨੫੮]-੩੮(੧) | ੧੧=[੩੪੬]-ਥਿ-੧੭ | ੧੨=[੩੯੨]-੩੭-੮੮(੩) |
| ੧੩=[੫੩੧]-੧੪(੧) | ੧੪=[੬੮੦]-੪-੩੫(੧) | ੧੫=[੮੯੦]-੧੫-੨੬(੨) | ੧੬=[੯੦੭]-ਅਸ-੨੩ | ੧੭=[੯੨੯]-੧-੬-੮(੨) | ੧੮=[੯੩੦]ਓਅੰ- |
| ੧੯=[੧੦੧੯]-੧-੭(੭) | ੨੦=[੪੫੩]-੧(੪) | ੨੧=[੧੦੨੩]-੪(੪) | ੨੨=[੧੦੭੩]-੧-੨(੧੪) | ੨੩=[੧੦੯੭]-ਵਾ-੧੦ | ੨੪=[੧੨੨੧]-੬੭-੯੦(੨) |
| ੨੫=[੩੦]-੧੧-੪੪(੩) | ੨੬=[੩੩੮]-੨-੧੭-੬੮(੨) | ੨੭=[੧੩੭੪]-੧੯੩ | ੨੮=[੨੫੮]-੩੯ | ੨੯=[੯੯੩]-੧-੧੨(੩) | ੩੦=[੧੦੪੨]-੫-੨੨(੫) |
| ੩੧=[੧੦੪੬]-੩(੪) | ੩੨=[੧੩੫੮]-੪੫ | ੩੩=[੧੩੭੪]-੧੯੪ | ੩੪=[੫੧੧]-ਵਾ-੭ | ੩੫=[੧੨੮੦]-ਵਾ-੫ | ੩੬=[੧੩੯੬]-੨੨-੯-੧੯(੨੧) |
| ੩੭=[੩੫੩]-੧੬-(੪) | ੩੮=[੪੬੧]-ਛੰ-੩-੧੨(੪) | | | | |

**ਖੜਗ, ਸਨਾਹ , ਬਾਣ ਆਦਿ ਸ਼ਸਤ੍ਰ**

| | | | | | |
|---|---|---|---|---|---|
| ੩੯=[੫੩੪]-੧-੩੧(੩) | ੪੦=[੫੭੮]-ਛੰ-੪(੨) | ੪੧=[੬੨੮]-੧੬-੮੦(੧) | ੪੨[੯੬੬]-੧(੧) | ੪੩=[੯੮੩]-੬(੭) | ੪੪=[੯੯੩]-੧-੧੨(੪) |
| ੪੫=[੧੩੨੪]-੨(੩) | ੪੬=[੧੪੧੪]-੧੪ | ੪੭=[੧੩੮੯]-੧੦(੨) | ੪੮=[੧੦੨੨]-੩(੪) | ੪੯=[੮੬੮]-੧੮-੨੦(੨) | ੫੦=[੩੨੭]-੨(ਰਹਾ) |
| ੫੧=[੨੩੫]-੨(੭) | ੫੨=[੧੦੪੨]-੪-੨੧(੯) | ੫੩=[੧੦੭੨]-੧(੯) | ੫੪=[੧੦੮੭]-ਵਾ-੨(੧) | | |

ਜਿਸ ਪ੍ਰਕਾਰ ਦੇ ਸੂਰਮੇ ਬਣਨਾ ਹੈ, ਜਿਸ ਪ੍ਰਕਾਰ ਨਾਲ ਸ-ਸ਼ਸਤ੍ਰ (**Armed**) ਹੋਣਾ ਹੈ, ਅਤੇ ਵਿਕਾਰਾਂ ਵਿਰੁੱਧ ਜਿਸ ਜੰਗ ਨੂੰ ਜਿਤਣਾਂ ਹੈ, ਇਨ੍ਹਾਂ ਸਾਰੀਆਂ ਗੱਲਾਂ ਦਾ ਗਿਆਨ ਗ੍ਰਹਿਣ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਹੋਣਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਣ ਦਾ ਭਾਵ ਹੈ, ਉਨ੍ਹਾਂ ਦੇ ਹੁਕਮਾਂ ਨੂੰ ਵਿਚਾਰਨਾਂ, ਅਤੇ ਉਨ੍ਹਾਂ ਤੇ ਅਮਲ ਕਰਨਾ ਹੈ ਜਿਹੜੇ ਹੁਕਮ ਉਹ ਆਪਣੇ ਬੇਅੰਤ ਗੁਰੂ-ਸ਼ਬਦਾਂ ਦੁਆਰਾ ਬਾਰ ਬਾਰ ਸਮਝਾ ਰਹੇ ਹਨ। ਸਾਡਾ ਪਰਮੁੱਖ ਧਰਮ ਸੀ ਕਿ ਸਤਿਗੁਰਾਂ ਦੇ ਗਿਆਨ ਨੂੰ ਸਮਝ ਕੇ, ਗੁਰਮਤਿ ਦੇ ਸੂਰਮੇਂ ਬਣ ਕੇ, ਉਸ " ਜੰਗ " ਵਲੋਂ ਆਪਣਾ ਧਿਆਨ ਇਕ ਪਲ ਲਈ ਵੀ ਨਾ ਹਟਾਉਂਦੇ। ਪਰ ਸਾਡੀ ਹਉਮੈ ਨੇ ਸਾਨੂੰ ਇਹ ਕਹਿਣਾ ਸਿਖਾ ਦਿੱਤਾ ਹੈ ਕਿ " ਅਸੀਂ ਗੁਰੂ ਗ੍ਰੰਥ ਸਾਹਿਬ ਜੀ ਲਈ ਸ਼ਾਨਦਾਰ ਗੁਰੂ-ਘਰ ਕੋਈ ਇਸ ਲਈ ਤਾਂ ਨਹੀਂ ਬਣਾ ਰਹੇ ਕਿ ਉਨ੍ਹਾਂ ਦੇ ਹੁਕਮਾਂ ਦੀ ਪਰਵਾਹ ਕਰਨ ਦਾ ਬੰਧਨ ਸਹੇੜ ਲਈਏ? ਭਾਵ, ਅਸੀਂ ਗੁਰੂ ਜੀ ਦੀ ਅਜੇਹੀ ਪ੍ਰਵਾਹ ਕਰਨ ਤੋਂ ਬਹੁਤ ਅੱਗੇ ਲੰਘ ਚੁੱਕੇ ਹਾਂ ਅਤੇ ਗੁਰੂ-ਘਰ ਬਣਾ ਲੈਣ ਵਿਚ ਸਤਿਗੁਰਾਂ ਦੀ ਖ਼ੁਸ਼ੀ ਮੰਨ ਬੈਠੇ ਹਾਂ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ, ਸਿਆਸੀ ਲੜਾਈ ਨੂੰ " ਸਿੱਖੀ ਦਾ ਧਰਮ ਯੁਧ" ਮੰਨ ਲੈਣਾ ਆਤਮ ਹੱਤਿਆ ਕਰਨ ਵਾਲੀ ਗੰਭੀਰ ਭੁੱਲ ਹੈ। ਗੁਰੂ ਦੀ ਦੱਸੀ ਇਸ ਜੰਗ ਨੂੰ ਲੜਦੇ ਰਹਿਣ ਦੀ ਲੋੜ ਭੁਲਾ ਕੇ, ਹੰਕਾਰ ਵੱਸ ਹੋਏ, ਜਿਨ੍ਹਾਂ ਲੜਾਈਆਂ ਦੀ ਜਿੱਤ ਵਿਚ ਅਸੀਂ ਸੂਰਮੇਂ ਬਣ ਰਹੇ ਹਾਂ, ਸਾਡੀ ਇਸ ਸੂਰਮਤਾਈ ਬਾਰੇ ਸਤਿਗੁਰਾਂ ਦਾ ਫ਼ੁਰਮਾਨ ਇਸ ਪ੍ਰਕਾਰ ਹੈ:--

੧੧੫- **ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥ ਅੰਧੇ ਆਪੁ ਨ ਪਛਾਣਨੀ,**
**ਦੂਜੈ ਪਚਿ ਜਾਵਹਿ ॥ ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥..੯ ॥**[੧੦੮੯]-ਵਾਰ

**ਅਰਥ**:--ਜੋ ਮਨੁੱਖ ਹੰਕਾਰ ਵਿਚ ਮਰਦੇ-ਖਪਦੇ ਹਨ, ਤੇ ਦੁਖੀ ਹੁੰਦੇ ਹਨ ਉਨ੍ਹਾਂ ਨੂੰ ਸੂਰਮੇ ਨਹੀਂ ਆਖੀਦਾ, ਉਹ ਹੰਕਾਰੀ-ਅੰਨ੍ਹੇ ਆਪਣਾ ਅਸਲਾ ਨਹੀਂ ਪਛਾਣਦੇ ਤੇ ਮਾਇਆ ਦੇ ਮੋਹ ਵਿਚ ਖ਼ੁਆਰ ਹੁੰਦੇ ਹਨ, ਬੜੇ ਕ੍ਰੋਧ ਵਿਚ ਆ ਕੇ ਦੂਜਿਆਂ ਨਾਲ ਲੜਦੇ ਹਨ, ਤੇ ਇਸ ਲੋਕ ਤੇ ਪਰਲੋਕ ਵਿਚ (ਆਤਮਕ ਤੌਰ ਤੇ) ਦੁਖੀ ਹੀ ਰਹਿੰਦੇ ਹਨ ।

ਇਸ ਪੱਖ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਦਸ਼ਮੇਸ਼ ਦੇ ਨਿਜ-ਧਾਮ ਨੂੰ ਸਿਧਾਰ ਜਾਣ ਪਿੱਛੋਂ, ਬਾਬਾ ਬੰਦਾ ਸਿੰਘ ਬਹਾਦੁਰ ਦੇ ਸਮੇਂ ਤੋਂ ਹੀ ਖ਼ਾਲਸਾ ਜੀ ਨੇ ਸਿਆਸੀ ਜੰਗਾਂ ਜੁੱਧਾਂ ਵਿਚ ਜੂਝਣਾ ਅਰੰਭ ਕਰ ਦਿੱਤਾ ਸੀ। ਪਰ ਇਹ ਗੱਲ ਵੀ ਭੁੱਲ ਨਹੀਂ ਜਾਣੀ ਚਾਹੀਦੀ ਕਿ ਉਸ ਵੇਲੇ ਖ਼ਾਲਸਾ ਜੀ ਪੂਰਨ ਤੌਰ ਤੇ ਮਰਜੀਵੜਾ ਬਣ ਚੁੱਕਾ ਹੋਇਆ ਸੀ। ਸੁਆਰਥੀ ਰੁਚੀ ਸਿੰਘ ਦੇ ਆਚਰਨ ਦੇ ਨੇੜੇ ਨਹੀਂ ਸੀ ਢੁੱਕ ਸਕਦੀ। ਉਸ ਸਮੇਂ ਦੀਆਂ ਧਾਰਮਿਕ ਅਤੇ ਸਿਆਸੀ ਤਾਕਤਾਂ, ਜਿੱਥੇ ਸਿੰਘ-ਸਰੂਪ ਦਾ ਖੁਰਾ-ਖੋਜ ਮਿਟਾ ਦੇਣ ਲਈ ਲੱਕ ਬੰਨ੍ਹੀ ਫਿਰਦੀਆਂ ਸਨ ਓਥੇ ਉਹ ਦੋਵੇਂ ਸ਼ਕਤੀਆਂ, ਗਰੀਬਾਂ ਦਾ ਲਹੂ ਨਿਚੋੜਨ ਵਿਚ ਵੀ ਕੋਈ ਕਸਰ ਨਹੀਂ ਸੀ ਛੱਡ ਰਹੀਆਂ। ਸੋ ਖ਼ਾਲਸਾ ਜੀ ਨੇ ਹਲੇਮੀ ਰਾਜ ਦੀ ਸਥਾਪਨਾ ਕਰਨੀ, ਖਾਲਸਈ ਧਰਮ ਦਾ ਅੰਗ ਸਮਝਿਆ ਸੀ। ਉਨ੍ਹਾਂ ਜੰਗਾਂ ਜੁਧਾਂ ਸਮੇਂ ਵੀ ਖਾਲਸੇ ਦਾ ਨਿਜ ਸੁਆਰਥ ਕਿਤੇ ਨਜ਼ਰ ਨਹੀਂ ਸੀ ਆਉਂਦਾ। ਮਰ ਜੀਵੜਿਆਂ ਦੀ ਉਹ ਫ਼ੌਜ ਨਿਰੋਲ ਗੁਰੂ ਅਤੇ ਵਾਹਿਗੁਰੂ ਜੀ ਦੇ ਹੁਕਮ ਵਿਚ ਵਿਚਰਦੀ ਸੀ। ਉਸ ਵੇਲੇ ਦੇ ਧਰਮ-ਯੁੱਧ ਵਿਚ ਮਿਲਦੀ ਫ਼ਤਹਿ ਕਿਸੇ ਸਿੰਘ ਦੇ ਅੰਦਰ ਹੰਕਾਰ ਪੈਦਾ ਨਹੀਂ ਸੀ ਕਰ ਸਕਦੀ। ਹਰ ਸਿਆਸੀ ਫ਼ਤਹਿ ਸਮੇਂ ਖਾਲਸਾ ਜੀ ਦਾ ਸਿਰ, ਸ਼ੁਕਰਾਨੇ ਵਜੋਂ ਸਤਿਗੁਰਾਂ ਦੇ ਚਰਨਾਂ ਵਿਚ ਝੁਕ ਜਾਂਦਾ ਸੀ। ਕਿਉਂਕਿ ਖ਼ਾਲਸਾ ਜੀ ਆਪਾ ਭਾਵ ਗੁਆ ਕੇ, ਤਨੋਂ, ਮਨੋਂ ਅਤੇ ਧਨੋਂ ਵਾਹਿਗੁਰੂ ਜੀ ਦੇ ਬਣ ਚੁੱਕੇ ਸਨ। ਇਸ ਲਈ ਹਰ ਮੈਦਾਨ ਵਿਚ ਮਿਲਦੀ ਫ਼ਤਹਿ ਵੀ ਵਾਹਿਗੁਰੂ ਜੀ ਦੀ ਹੀ ਹੁੰਦੀ ਸੀ। ਤਿਆਗੀ ਸੁਭਾਅ ਦੇ ਮਾਲਕ, ਆਪਣਾ ਸਭ ਕੁਝ ਗੁਰੂ-ਪੰਥ ਤੋਂ ਕੁਰਬਾਨ ਕਰ ਦੇਣ ਵਾਲੇ ਪੰਥਕ ਜਰਨੈਲਾਂ ਨੇ ਜਿੰਨੀਆਂ ਵੀ ਜੰਗਾਂ ਲੜੀਆਂ, ਫ਼ਤਹਿ ਸਦਾ ਉਨ੍ਹਾਂ ਦੇ ਚਰਨ ਚੁੰਮਦੀ ਰਹੀ। ਖ਼ਾਲਸੇ ਦੇ ਆਚਰਨ ਦੀ ਉੱਚਤਾ ਅਤੇ ਸੁੱਚਤਾ ਦੇ ਸੋਹਲੇ ਵੈਰੀਆਂ ਨੇ ਵੀ ਗਾਏ। ਸਿੱਟਾ ਇਹ ਹੋਇਆ ਕਿ ਸਮੁੱਚਾ ਖ਼ਾਲਸਾ-ਪੰਥ ਸ਼ਕਤੀ ਸ਼ਾਲੀ ਰਾਜ ਭਾਗ ਦਾ ਮਾਲਕ ਬਣ ਗਿਆ।

ਢੁਕਵਾਂ ਸਮਾਂ ਮਿਲਦਿਆਂ ਹੀ ਤਿਲਕ-ਧਾਰੀ ਬਿੱਪ੍ਰ, ਸਿਖ ਰਾਜਿਆਂ ਅਤੇ ਮਹਾਰਾਜਿਆਂ ਦੇ ਦਰਬਾਰਾਂ ਵਿਚ ਘੁਸਰਦਾ ਚਲਿਆ ਗਿਆ। ਮਹਾਰਾਜਾ ਰਣਜੀਤ ਸਿੰਘ ਸਮੇਤ ਲਗ ਪਗ ਸਾਰੇ ਰਾਜ ਘਰਾਣੇ ਕਿਸੇ ਨ ਕਿਸੇ ਪੱਖੋਂ ਬ੍ਰਾਹਮਣੀ ਰੀਤੀ ਰਿਵਾਜ ਦੀ ਪਕੜ ਵਿਚ ਆਉਂਦੇ ਗਏ। ਉਸ ਸਮੇਂ ਤੋਂ ਹੀ ਸਾਰਾ ਸਿੱਖ ਪੰਥ, ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਤਰ੍ਹਾਂ ਦੇ ਮੰਤ੍ਰ ਪਾਠਾਂ ਪ੍ਰਤੀ ਸ਼ਰਧਾ ਬਣਾ ਕੇ ਗੁਰਮਤਿ ਗਿਆਨ ਤੋਂ ਸੱਖਣਾ ਹੋਈ ਜਾ ਰਿਹਾ ਸੀ। ਖਾਲਸੇ ਦਾ ਜਥੇਦਾਰ, ਸੁਆਰਥੀ ਹੁੰਦਾ ਗਿਆ। ਆਚਰਨ ਢਹਿੰਦੀਆਂ ਕਲਾਂ ਵਲ ਨੂੰ ਚਾਲੇ ਪਾ ਤੁਰਿਆ। ਅੰਗ੍ਰੇਜ਼ ਨੇ ਰਾਜ ਭਾਗ ਖੋਹ ਲਿਆ। ਸਿੱਖੀ ਦੇ ਮੁਢਲੇ ਵੈਰੀ ਪ੍ਰੋਹਿਤ ਤੋਂ ਸਿੱਖ ਪੰਥ ਦੀ ਸ਼ਕਤੀ ਦਾ ਭੇਤ ਸਮਝ ਕੇ, ਚਾਤਰ ਅੰਗ੍ਰੇਜ਼ ਨੇ, ਗੁਰੁਦੁਰਿਆਂ ਤੇ ਕਾਬਜ਼ ਹੋ ਚੁੱਕੇ ਉਦਾਸੀ-ਨਿਰਮਲੇ-ਸੰਪ੍ਰਦਾਲਈਏ=ਰੂਪ ਬ੍ਰਾਹਮਣ-ਮਹੰਤਾਂ ਦੀ ਪਿੱਠ ਠੋਕਣੀ ਅਰੰਭ ਕਰ ਦਿੱਤੀ। ਮਹੰਤਾਂ ਨੇ ਕੇਂਦਰੀ ਅਸਥਾਨ ਸ੍ਰੀ ਹਰਮੰਦਰ ਸਾਹਿਬ, ਨਨਕਾਣਾ ਸਾਹਿਬ ਸਮੇਤ ਸਾਰੇ ਇਤਿਹਾਸਕ ਗੁਰੂ ਘਰਾਂ ਵਿਚ ਲਗ-ਪਗ ਸਾਰੇ ਸਿੱਖ-ਧਰਮ ਅਸਥਾਨਾ ਵਿਚ ਬ੍ਰਾਹਮਣੀ ਰੀਤ ਚਾਲੂ ਕਰ ਲਈ। ਸਮੁੱਚੇ ਪੰਥ ਨੂੰ ਬਿੱਪ੍ਰਨ ਕੀ ਰੀਤ ਦਾ ਧਾਰਣੀ ਬਣਾ ਲੈਣਾ ਦਾ ਕੰਮ ਜ਼ੋਰ ਫੜ ਗਿਆ। ਮੰਦਰਾਂ ਵਾਂਗ ਹੀ ਗੁਰੂ ਘਰਾਂ ਵਿਚ ਕਾਮ ਦੇਵਤਾ ਦੀ ਪੂਜਾ ਵੀ ਅਰੰਭ ਹੋ ਗਈ। ਕਈ ਸਿੱਖ ਬੱਚੀਆਂ ਦੇ ਸਤ ਭੰਗ ਹੋਏ ਤਾਂ ਖਾਲਸਾ ਜੀ ਦੀ ਅਣਖ ਜਾਗੀ। ਸੂਰਮੇ ਤਲੀ ਤੇ ਸਿਰ ਰੱਖ ਕੇ ਨਿੱਤਰ ਪਏ। ਨਨਕਾਣਾ ਸਾਹਿਬ, ਜੈਤੋ ਅਤੇ ਗੁਰੂ ਕੇ ਬਾਗ਼ ਵਰਗੇ ਮੋਰਚਿਆਂ ਵਿਚ ਸ਼ਾਂਤ ਰਹਿੰਦਿਆਂ ਸਿੱਖਾਂ ਨੇ ਸ਼ਹੀਦੀਆਂ ਪਾਈਆਂ। ਬੜੀਆਂ ਮੁਸ਼ਕਲਾਂ ਅਤੇ ਕੁਰਬਾਨੀਆਂ ਭਰੇ ਲੰਮੇ ਸੰਘਰਸ਼ ਪਿਛੋਂ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਹੋਇਆ। ਸੰਖਾਂ ਅਤੇ ਘੜਿਆਲਾਂ ਦੇ ਥਾਂ ਗੁਰੂ ਦਰਬਾਰਾਂ ਵਿਚ ਫਿਰ ਨਗਾਰਿਆਂ ਦੀ ਗੜਗੜਾਹਟ ਸੁਣੀ ਜਾਣ ਲੱਗ ਪਏ। **ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ ਦਾ ਬੋਲ ਬਾਲਾ ਹੋਇਆ ।** ਪਰ ਅੰਗ੍ਰੇਜ਼ ਦੇ ਜਾਲ-ਵਿਚ ਫਸ ਕੇ, ਗੁਰਦੁਆਰਾ ਐਕਟ ਲਾਗੂ ਕਰਵਾ ਲੈਣ ਨਾਲ--ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

੧੮

# "ਸਿੰਘ" ਉਪਾਧੀ ਦੀ ਬਖ਼ਸ਼ਸ਼ ਅਤੇ ਹੋਰ ਅਨੋਖੇ ਉਪਕਾਰ

ਸਤਿਗੁਰਾਂ ਨੇ ਪੰਜਾਂ ਪਿਆਰਿਆਂ ਦੇ ਨਾਮ ਨਾਲ " **ਸਿੰਘ** " (ਭਾਵ, ਸ਼ੇਰ ਜੋ ਸ਼ਕਤੀ, ਫੁਰਤੀ, ਬਹਾਦਰੀ ਅਤੇ ਦ੍ਰਿੜਤਾ ਵਿਚ ਲਾਸਾਨੀ ਹੋਣ ਕਰਕੇ ਜੰਗਲ ਦਾ ਬਾਦਸ਼ਾਹ ਮੰਨਿਆਂ ਜਾਂਦਾ ਹੈ) ਪਦ ਵਰਤਨਾ ਜ਼ਰੂਰੀ ਕਰ ਦਿੱਤਾ । ਦਸ਼ਮੇਸ਼ ਜੀ ਵਲੋਂ ਲਈ ਗਈ ਪ੍ਰੀਖਿਆ ਸਮੇਂ, ਹਜ਼ਾਰਾਂ ਦੀ ਗਿਣਤੀ ਵਿਚ ਹਾਜ਼ਰ ਸੰਗਤਿ ਵਿਚੋਂ, ਸੀਸ ਭੇਟਾ ਕਰਨ ਲਈ ਨਿੱਤਰਨ ਵਿਚ ਪਹਿਲ ਕਰ ਲੈਣ ਵਾਲਿਆਂ ਪੰਜ ਮਰਜੀਵੜੇ ਅੰਮ੍ਰਿਤਧਾਰੀ ਸਿੰਘਾਂ ਨੂੰ ਸਤਿਗੁਰੂ ਜੀ ਨੇ **ਪੰਜ ਪਿਆਰੇ** ਕਹਿ ਕੇ ਆਪਣੇ ਹਿਰਦੇ ਵਿਚਲੇ ਡੂੰਘੇ ਪਿਆਰ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੇ ਨਾਮ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਮੁਹਕਮ ਸਿੰਘ ਰੱਖ ਦਿੱਤੇ ਫਿਰ ਹੁਕਮ ਦੇ ਕੇ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਤਿਆਰ ਕਰਵਾਇਆ ਅਤੇ ਉਨ੍ਹਾਂ ਪਿਆਰੇ ਸਿੰਘਾਂ ਦੇ ਹੱਥੋਂ ਆਪ ਅੰਮ੍ਰਿਤ ਛਕਿਆ ਅਤੇ ਆਪਣਾ (ਪਵਿੱਤ੍ਰ ) ਨਾਮ ਵੀ ਗੋਬਿੰਦੇ **ਰਾਏ** ਤੋਂ **ਗੋਬਿੰਦ ਸਿੰਘ** ਕਰ ਲੈਣ ਵਾਲਾ ਕੌਤਕ ਵਰਤਾਇਆ। ਸਤਿਗੁਰਾਂ ਦੇ ਹੁਕਮ ਅਨੁਸਾਰ ਪੰਜਾਂ ਪਿਆਰਿਆਂ ਨੇ ਨਵੇਂ ਸਿਰੇ ਅੰਮ੍ਰਿਤ ਤਿਆਰ ਕਰਕੇ ਹੋਰ ਅੰਮ੍ਰਿਤ-ਧਾਰੀ ਸਿੰਘ ਬਣਾਏ। ਇਸ ਤਰ੍ਹਾਂ ਅਗਾਂਹ ਅੰਮ੍ਰਿਤ ਛਕਾਉਣ ਲਈ ਜਥੇ ਤਿਆਰ ਹੁੰਦੇ ਗਏ ਅਤੇ ਸ਼ਾਮ ਤਾਂਈਂ ਪਹਿਲੇ ਦਿਨ ਹਜ਼ਾਰਾਂ ਸਿੰਘਾਂ ਨੇ ਅੰਮ੍ਰਿਤ ਛਕ ਲਿਆ । ਬੀਬੀਆਂ ਨੂੰ ਵੀ ਸਤਿਗੁਰਾਂ ਨੇ ਆਪਣੇ ਬੇਟੇ ਬਣਾ ਕੇ ਸਿੰਘਾਂ ਦੀ ਬਰਾਬਰਤਾ ਬਖ਼ਸ਼ਦਿਆਂ ਉਨ੍ਹਾਂ ਦੇ ਨਾਮ ਨਾਲ " ਕੌਰ " (ਭਾਵ, ਕੰਵਰ, ਸ਼ਹਿਜ਼ਾਦਾ) ਉਪਾਧੀ ਬਖ਼ਸ਼ ਕੇ ਭਾਗੋ ਤੋਂ ਬੀਬੀ ਭਾਗ ਕੌਰ, ਸ਼ਾਮੋ ਤੋਂ ਬੀਬੀ ਸ਼ਾਮ ਕੌਰ, ਰਾਮ ਦੇਈ ਤੋਂ ਬੀਬੀ ਰਾਮ ਕੌਰ ਬਣਾ ਲਿਆ। ਹਜ਼ਾਰਾਂ ਸਾਲਾਂ ਤੋਂ ਸਮਾਜ ਵਿਚ ਲਿਤਾੜੀ ਜਾ ਰਹੀ ਇਸਤ੍ਰੀ ਨੂੰ, ਪ੍ਰਥਮ ਸਰੂਪ ਸਮੇ ਜਿਵੇਂ ਮਰਦ ਦੀ ਬਰਾਬਰਤਾ ਦੇ ਕੇ ਸਨਮਾਨਤ ਕੀਤਾ ਸੀ, ਉਸੇ ਹੀ ਅਧਾਰ ਤੇ ਖ਼ਾਲਸਈ ਚੜ੍ਹਤ ਵਿਚ ਵੀ ਬੀਬੀਆਂ ਨੂੰ ਸਿੰਘਾਂ ਦੀ ਬਰਾਬਰੀ ਤੇ ਰੱਖਣ ਵਾਲਾ ਨਿਯਮ ਕਾਇਮ ਰਖਿਆ ਗਿਆ। ਆਤਮਕ ਉੱਚਤਾ ਵਾਲੇ ਸੁੱਚੇ ਆਚਰਨ ਦੇ ਕਾਰਨ, ਚੜ੍ਹਦੀ ਕਲਾ ਵਾਲੇ ਜਲਾਲ ਦੀ ਸਿਖ਼ਰ ਤੇ ਪੁੱਜ ਚੁੱਕੇ ਗੁਰੂ ਨਾਨਕ ਦੇਵ ਜੀ ਦੇ ਨਿਰਮਲ-ਪੰਥ ਨੂੰ ਦਸ਼ਮੇਸ਼ ਜੀ ਨੇ **ਖ਼ਾਲਸਾ-ਪੰਥ** ਨਾਮ ਦੇ ਦਿੱਤਾ ਅਤੇ ਹੁਕਮ ਕੀਤਾ ਕਿ ਪਰਵਾਰਕ ਜੀਵਨ ਵਿਚ, ਜਥਿਆਂ ਵਿਚ ਵਿਚਰਨ ਸਮੇ, ਸਿੰਘ ਅਥਵਾ ਸਿੰਘਣੀਆਂ ਇੱਕ ਦੂਜੇ ਨੂੰ **ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ ॥** ਬੁਲਾਇਆ ਕਰਨ।

**ਨਿਆਰੇ ਸਤਿਗੁਰਾਂ ਦੀ ਨਿਆਰੀ ਬਖ਼ਸ਼ਸ਼**--ਜਿਨ੍ਹਾਂ ਨੂੰ ਲੋਕ ਸ਼ੂਦਰ ਕਹਿ ਕੇ ਭਿੱਟ ਮੰਨਦੇ ਸਨ ਅੱਜ ਖੱਤ੍ਰੀ, ਜਟ, ਛੀਂਬਾ, ਝੀਵਰ ਸਭ ਦੇ ਸਭ, ਇੱਕ ਬਾਟੇ ਵਿਚੋਂ ਘੁਟ ਭਰ ਰਹੇ ਸਨ। ਉਚ ਨੀਚ ਛੂਤ ਛਾਤ ਦਾ ਭਰਮ ਜੜ੍ਹਾਂ ਤੋਂ ਪੁੱਟ ਮਾਰਿਆ। ਹਰ ਪਾਸੇ ਸਕੇ ਭੈਣ ਭਰਾਵਾਂ ਵਾਲੇ ਪਿਆਰਾਂ ਦੀ ਠੰਢ ਵਰਤ ਰਹੀ ਸੀ। ਹਜ਼ਾਰਾਂ ਸਾਲਾਂ ਤੋਂ ਹਿੰਦੂਆਂ ਦੀਆਂ ਸਾਰੀਆਂ ਰਸਮਾਂ ਬ੍ਰਾਹਮਣ ਦੀ ਅਗਵਾਈ ਵਿਚ ਹੁੰਦੀਆਂ ਸਨ। ਜਗਾਂ ਆਦਿ ਸਮਾਗਮਾਂ ਸਮੇਂ ਬ੍ਰਾਹਮਣ, ਆਪਣੇ ਜਜਮਾਨਾਂ ਨੂੰ ਜੀਅ ਆਇਆ ਲੁੱਟਦਾ ਸੀ। ਅੰਮ੍ਰਿਤ ਪਰਚਾਰ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਵੀ ਬੜਾ ਖੁਲ੍ਹਾ ਭੰਡਾਰਾ ਤਿਆਰ ਹੋ ਰਿਹਾ ਸੀ। ਸੋਆਂ ਸੁਣ ਕੇ ਬ੍ਰਾਹਮਣ ਵੀ ਆਏ ਹੋਏ ਸਨ। ਇੱਕ ਬਾਟੇ ਵਿਚੋਂ ਸਾਰਿਆਂ ਨੂੰ ਅੰਮ੍ਰਿਤ ਦੇ ਘੁੱਟ ਭਰਦੇ ਵੇਖ ਕੇ ਬ੍ਰਾਹਮਣ ਬਰਾਦਰੀ ਨੱਕ ਚਾੜ੍ਹ ਰਹੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਅੰਮ੍ਰਿਤ ਛਕਾਉਣ ਵਾਲੀ ਰਸਮ ਤਾਂ ਸਤਿਗੁਰਾਂ ਦੀ ਆਪਣੀ ਹੈ, ਪਰ ਭੰਡਾਰਾ ਵਰਤਾਉਣ ਵਾਲਾ ਰਿਵਾਜ ਤਾਂ ਸਦੀਆਂ ਤੋਂ ਬ੍ਰਾਹਮਣਾ ਤੋਂ ਹੀ ਅਰੰਭ ਹੁੰਦਾ ਆ ਰਿਹਾ ਹੈ। ਬ੍ਰਾਹਮਣਾ ਦੀ ਭੀੜ ਦਾ ਮੋਹਰੀ ਆਪਣੇ ਚੇਲਿਆਂ ਨੂੰ ਯਕੀਨ ਕਰਾ ਰਿਹਾ ਸੀ ਕਿ ਭੰਡਾਰਾ ਵਰਤਨ ਸਮੇਂ ਦਸ਼ਮੇਸ਼ ਜੀ ਨੂੰ ਪਹਿਲੀ ਪੰਗਤ ਉਚੇਚੇ ਤੌਰ ਤੇ ਬ੍ਰਾਹਮਣਾ ਦੀ ਲਾਉਣੀ ਪੈਣੀ ਹੈ। ਪਰ ਲੰਗਰ ਵਰਤਣਾ ਅਰੰਭ ਹੋ ਗਿਆ ਅਤੇ ਬ੍ਰਾਹਮਣਾ ਨੂੰ ਕੋਈ ਉਚੇਚਾ ਆਦਰ ਨਾ ਮਿਲਿਆ। ਕ੍ਰੋਧ ਨਾਲ ਸੜੇ ਬਲੇ ਬ੍ਰਾਹਮਣ ਸਤਿਗੁਰਾਂ ਕੋਲ ਗਏ। ਅਗੋਂ ਦਸ਼ਮੇਸ਼ ਜੀ ਨੇ ਮਿਠੀ ਮੁਸਕਾਨ ਨਾਲ ਫ਼ੁਰਮਾਇਆ ਕਿ ਸਾਨੂੰ ਤੁਹਾਡਾ ਚੇਤਾ ਭੁੱਲ ਗਿਆ ਸੀ। ਬੜੇ ਰਮਜ਼-ਭਰੇ ਢੰਗ ਨਾਲ ਦਸ਼ਮੇਸ਼ ਜੀ ਨੇ ਸਮਝਾ ਦਿੱਤਾ ਕਿ ਚੇਤਾ ਸਦਾ ਉਨ੍ਹਾਂ ਦਾ ਹੀ ਭੁੱਲਦਾ ਹੈ ਜਿਨ੍ਹਾਂ ਦੀ ਲੋੜ ਨਾ ਰਹੀ ਹੋਵੇ। ਪਰ ਮੰਗ ਖਾਣ ਵਿਚ ਢੀਠਤਾਈ ਦੀ ਹੱਦ ਤੱਕ ਪੁਜਣ ਗਿੱਝਾ

ਹੋਇਆ ਪ੍ਰੋਹਿਤ, ਖਾਂਣ ਵਿਚ ਪਹਿਲ ਦਾ, ਆਪਣਾ ਧਾਰਮਿਕ ਹੱਕ ਜਿਤਾਉਣ ਲੱਗ ਪਿਆ। ਆਖ਼ਰ ਸਤਿਗੁਰਾਂ ਨੇ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਤੁਸਾਂ ਉੱਚ-ਜ਼ਾਤੀਏ ਬ੍ਰਾਹਮਣਾ ਨੇ ਸਦੀਆਂ ਤੋਂ ਕ੍ਰੋੜਾਂ ਬੰਦਿਆਂ ਨੂੰ ਸ਼ੂਦਰ ਆਖ ਕੇ ਪੈਰਾਂ ਹੇਠ ਲਤਾੜਿਆ ਹੋਇਆ ਸੀ। ਨੀਚੋਂ ਉਚ ਕਰਨ ਆਏ ਗੁਰੂ ਨਾਨਕ ਜੀ ਦੀ ਸਿਖਿਆ ਦਾ ਸਦਕਾਂ ਹੁਣ ਲੋਕਾਂ ਨੇ ਤੁਹਾਡਾ ਜੂਲਾ ਲਾਹੁਣ ਲਈ ਸਿਰ ਤਲੀ ਤੇ ਰੱਖ ਲਿਆ ਹੈ। ਹੁਣ ਦਾਨ ਪੁੰਨ ਦੇ ਹੱਕਦਾਰ ਵੀ ਏਹੀ ਬਣ ਗਏ ਹਨ॥ ਇਹ ਸੁਣ ਕੇ ਬ੍ਰਾਹਮਣਾ ਨੂੰ ਗ਼ਸ਼ਾ ਪੈਣ ਲੱਗ ਪਈਆਂ--" ਹਾਏ ਲੁੱਟ ਖਾਣ ਦੇ ਸਾਧਨ ਘਟਦੇ ਜਾ ਰਹੇ ਹਨ "। ਸਤਿਗੁਰਾਂ ਦੇ ਉਹ ਬਚਨ ਹੇਠ ਲਿਖੇ ਸਵੱਈਆਂ ਵਿਚ ਇਉਂ ਹਨ:--

ਜੋ ਕਿਛੁ ਲੇਖ ਲਿਖਿਓ ਬਿਧਨਾ, ਸੋਈ ਪਾਈਅਤ ਮਿਸ਼੍ਰ ਜੂ ਸ਼ੋਕੁ ਨਿਵਾਰੋ । ਮੇਰੋ ਕਛੁ ਅਪਰਾਧੁ ਨਹੀਂ, ਗਯੋ ਯਾਦਿ ਤਰ ਭੂਲਿ, ਨ ਕੋਪੁ ਚਿਤਾਰੋ ।
ਬਾਗੋ ਨਿਹਾਲੀ ਪਠੈ ਦੈ ਹੈਂ ਆਜ ਭਲੇ ਤੁਮ ਕੋ ਨਿਹਚੈ ਜੀਅ ਧਾਰੋ । ਛੱਤ੍ਰੀ ਸਭੈ ਕ੍ਰਿਤ ਬਿੱਪ੍ਰਨ ਕੇ, ਇਨਹੂ ਪੈ ਕਟਾਛ ਕ੍ਰਿਪਾ ਕੈ ਨਿਹਾਰੋ ॥ ੧ ॥
ਜੁੱਧ ਜਿੱਤੇ ਇਨਹੀ ਕੈ ਪ੍ਰਸਾਦਿ, ਇਨਹੀ ਕੈ ਪ੍ਰਸਾਦਿ ਸੁ ਦਾਨ ਕਰੇ । ਅਘ ਓਘ ਟਰੈ ਇਨਹੀ ਕੈ ਪ੍ਰਸਾਦਿ, ਇਨਹੀ ਕੀ ਕ੍ਰਿਪਾ ਫੁਨਿ ਧਾਮ ਭਰੇ ।
ਇਨਹੀ ਕੈ ਪ੍ਰਸਾਦਿ ਸੁ ਬਿੱਦਿਆ ਲਈ ਇਨਹੀ ਕੀ ਕ੍ਰਿਪਾ ਸਭ ਸ਼ਤ੍ਰ ਮਰੇ । ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕਰੋਰਿ ਪਰੇ ॥ ੨ ॥
ਸੇਵ ਕਰੀ ਇਨਹੀ ਕੀ ਭਾਵਤ, ਔਰ ਕੀ ਸੇਵ ਸੁਹਾਤ ਨ ਜੀ ਕੋ । ਦਾਨ ਦਿਯੋ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨਾ ਲਾਗਤ ਨੀਕੋ ।
ਆਗੇ ਫਲੈ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ । ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲੌ ਧਨ ਹੈ ਸਭ ਹੀ ਇਨ ਹੀ ਕੋ ।

ਦੋਹਰਾ

ਚਟਪਟਾਇ ਚਿੱਤ ਮੈ ਜਰਿਓ, ਤ੍ਰਿਣ ਜਿਉਂ ਕ੍ਰੋਧਤ ਹੋਇ ॥ ਖੋਜਿ ਰੋਜਿ ਕੇ ਹੇਤਿ ਲਗਿ, ਦਯੋ ਮਿਸ਼੍ਰ ਜੂ ਰੋਇ ॥ ੪ ॥

ਸਤਿਗੁਰਾਂ ਦੇ ਇਸ ਅਨੋਖੇ ਚਮਤਕਾਰ ਨੇ ਜ਼ਾਤ ਅਭਿਮਾਨੀਆਂ ਦਾ ਲੱਕ ਤੋੜ ਦਿੱਤਾ। ਛੂਤ ਛਾਤ ਵਾਲੇ ਬੇਰਹਿਮੀ ਭਰੇ ਵਤੀਰੇ ਵਾਲਿਆਂ ਹੰਕਾਰੀਆਂ ਦੇ ਅਨੋਖੀ ਸੁੱਚਮ ਦੇ ਪਖੰਡ ਦਾ ਪਾਜ ਵੀ ਨਾਲ ਹੀ ਨੰਗਾ ਹੋ ਚੁੱਕਾ ਸੀ। ਕੱਲ੍ਹ ਜਿਹੜੇ ਲੋਕ, ਹੀਣ ਭਾਵਣਾ ਦੇ ਸ਼ਿਕਾਰ ਹੋਏ ਆਪਣੀਆਂ ਧੌਣਾਂ ਨੀਵੀਆਂ ਕਰੀ ਫਿਰਦੇ ਸਨ, ਅੱਜ ਚੜ੍ਹਦੀ ਕਲਾ ਦੇ ਮਾਲਕ ਬਣ ਕੇ ਰਾਜ ਭਾਗ ਸਾਂਭ ਲੈਣ ਦੇ ਸੁਪਨੇ ਲੈ ਰਹੇ ਹਨ। ਇਹ ਸੀ ਅੰਮ੍ਰਿਤ ਸੰਚਾਰ ਵਾਲੇ ਅਨੋਖੇ ਸਾਕੇ ਦਾ ਚਮਤਕਾਰ। ਇਸ ਸਨ ਗਰੀਬਾਂ ਨਿਤਾਣਿਆਂ ਤੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਦਸਵੇਂ ਸਰੂਪ ਦੀਆਂ ਬਖ਼ਸ਼ਸ਼ਾਂ ਵਾਲਾ ਲਾਸਾਨੀ ਉਪਕਾਰ।

੧੧੬- **ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ ॥ ਏਕ ਦ੍ਰਿਸਟਿ ਕਰਿ**
**ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥ ਸਤਿਗੁਰ ਵਿਚਿ ਅੰਮ੍ਰਿਤੁ ਹੈ ਹਰਿ ਉਤਮੁ**
**ਹਰਿ ਪਦੁ ਸੋਇ ॥ ਨਾਨਕ ਕਿਰਪਾ ਤੇ ਹਰਿ ਧਿਆਈਐ ਗੁਰਮੁਖਿ ਪਾਵੈ ਕੋਇ ॥ ੧ ॥**[੩੦੦]-ਵਾਰ

## ੧੯

# ਸਤਿਗੁਰਾਂ ਦੀ ਉਦਾਰਤਾ ਅਤੇ ਸਾਡੀ ਅਕਿਰਤਘਣਤਾ ?

ਅਮਰੀਕਾ ਦੇ ਸਿਆਟਲ ਸ਼ਹਿਰ ਵਿਚ ਦਾਸ ਠਹਿਰਿਆ ਹੋਇਆ ਸੀ । ਕਾਲਜ ਵਿਚ ਪੜ੍ਹਦਿਆਂ ਗੌਰਮਿੰਟ ਕਾਲਜ ਮਿੰਟਗੁਮਰੀ (ਪਾਕਿਸਤਾਨ) ਵਿਚ ਅਸਾਂ ਵਿਦਿਆਰਥੀਆਂ ਨੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਬਣਾਈ ਤਾਂ (੧੯੪੪ ਵਿਚ) ਫ਼ੈਡਰੇਸ਼ਨ ਦੇ ਮੈਂਬਰਾਂ ਦੀ ਇੱਕ ਫ਼ੋਟੋ ਬਣਵਾਈ ਹੋਈ ਸੀ । ਦਾਸ ਦੇ ਕਮਰੇ ਵਿਚ ਲੱਗੀ ਵੇਖ ਕੇ ਦਾਸ ਦੇ ਇੱਕ ਗੋਰੇ ਸੱਜਣ ਨੇ ਹੈਰਾਨ ਹੋ ਕੇ ਪੁੱਛਿਆ--Is it a your family picture ? ਭਾਵ, ਕੀ ਇਹ ਤੁਹਾਡੇ ਖ਼ਾਨਦਾਨ ਦੀ ਫ਼ੋਟੋ ਹੈ ? ਦਾਸ ਨੇ ਪੁਛ ਲਿਆ ਕਿ ਤੁਸਾਂ ਅਜੇਹਾ ਕਿਸ ਕਾਰਨ ਸਮਝਿਆ ਹੈ ? ਤਾਂ ਅਗੋਂ ਜੋ ਕੁਝ ਉਸ ਭਲੇ ਪੁਰਸ਼ ਨੇ ਕਿਹਾ, ਮੇਰੇ ਕਲੇਜੇ ਵਿਚ ਛੇਕ ਕਰ ਗਿਆ । ਅਸੀਂ ਕਿਡੇ ਮੰਦ-ਭਾਗੇ ਹਾਂ ਕਿ ਆਪਣੇ ਸਤਿਗੁਰਾਂ ਦੇ ਇਸ ਮਹਾਨ ਉਪਕਾਰ ਨੂੰ ਅੱਜ ਤਾਂਈਂ ਨਹੀਂ ਸਮਝ ਸਕੇ । ਉਸ ਨੇ ਕਿਹਾ--Because'singh'is the last name of all who are in this photo.(ਭਾਵ, ਕਿਉਂਕਿ ਤਸਵੀਰ ਵਿਚਲੇ ਸਾਰਿਆਂ ਦਾ ਖ਼ਾਨਦਾਨੀ ਨਾਮ ਸਿੰਘ ਹੈ ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਵਿਚ ਖ਼ਾਨਦਾਨੀ ਨਾਮ ਨੂੰ **ਲਾਸਟ ਨੇਮ** ਕਹਿੰਦੇ ਹਨ, ਜਿਨ੍ਹਾਂ ਦਾ ਲਾਸਟ ਨੇਮ ਮਿਲਦਾ ਹੋਵੇ ਉਹ ਇੱਕ ਹੀ ਖ਼ਾਨਦਾਨ ਦੇ ਹੁੰਦੇ ਹਨ)

ਦਿਲ ਕਰੇ ਕਿ ਉਸ ਗ਼ੋਰੇ ਸੱਜਣ ਦੇ ਚਰਨਾਂ ਦੇ ਸਿਰ ਰੱਖ ਕੇ ਉਸ ਦਾ ਧੰਨਵਾਦ ਕਰਾਂ ਜਿਸ ਨੇ ਇਹ ਸੋਝੀ ਕਰਾ ਦਿੱਤੀ ਕਿ ਸਤਿਗੁਰਾਂ ਨੇ " **ਸਿੰਘ** " ਨਾਮ ਵਾਲੀ ਭਾਈਵਾਲੀ ਪਾ ਕੇ ਸਾਨੂੰ ਆਪਣੇ ਹੀ ਖ਼ਾਨਦਾਨ ਦੀ ਸਾਂਝ ਬਖ਼ਸ਼ ਦਿੱਤੀ ਹੋਈ ਹੈ। ਆਪਣੇ ਸਿੱਖ ਨੂੰ ਏਡੀ ਨਿਆਰੀ ਵਡਿਆਈ ਸਿਵਾਏ ਗੁਰੂ ਨਾਨਕ ਜੀ ਦੇ ਹੋਰ ਕੌਣ ਦੇਵੇ ? ਫਿਰ ਸੋਚ ਨੇ ਪਰਤਾ ਖਾਧਾ ਅਤੇ ਆਪਣੇ ਹਾਜ਼ਰਾ ਹਜ਼ੂਰ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਯਾਦ ਆਇਆ---" **ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥ ੮ ॥** " [੪੪੪]-੨-੯ [ ਭਾਵ, (ਪ੍ਰੇਮ ਦੀ ਬਰਕਤਿ ਨਾਲ) ਗੁਰੂ ਸਿੱਖ (ਨਾਲ ਇੱਕ-ਰੂਪ ਹੋ ਜਾਂਦਾ) ਹੈ ਅਤੇ ਸਿੱਖ ਗੁਰੂ (ਵਿਚ ਲੀਨ ਹੋ ਜਾਂਦਾ) ਹੈ, ਸਿੱਖ ਵੀ ਗੁਰੂ ਵਾਲੇ ਉਪਦੇਸ਼ (ਦੀ ਲੜੀ) ਨੂੰ ਅਗਾਂਹ ਤੋਰਦਾ ਰਹਿੰਦਾ ਹੈ । ਜਿਸ ਮਨੁੱਖ ਨੂੰ ਗੁਰੂ ਪਰਮਾਤਮਾ ਦੇ ਨਾਮ ਦਾ ਮੰਤਰ ਹਿਰਦੇ ਵਿਚ (ਵਸਾ ਲੈਣ ਲਈ) ਦਿੰਦਾ ਹੈ, ਪ੍ਰੇਮ ਦਾ ਸਦਕਾ ਉਸ ਦਾ ਮਿਲਾਪ ਪਰਮਾਤਮਾ ਨਾਲ ਹੋ ਜਾਂਦਾ ਹੈ ]

ਆਪਣੇ ਸਿੱਖ ਨਾਲ ਡੂੰਘਾ ਪਿਆਰ ਹੋਣ ਦੇ ਕਾਰਨ ਸਤਿਗੁਰਾਂ ਨੇ ਨਿਆਰਾ ਰਿਸ਼ਤਾ ਪੱਕਾ ਕਰ ਲੈਣ ਲਈ ਸਿੱਖ ਨੂੰ ਆਪਣਾ **ਰੂਪ ਬਣਾ** ਲਿਆ ਸੀ, ਪਰ ਅੱਜ ਤਾਂ ਸਮੁਚੇ ਸਿੱਖ ਪੰਥ ਨੂੰ **ਸਿੰਘ** ਨਾਮ ਦੀ ਭਾਈਵਾਲੀ ਦੇ ਕੇ ਆਪਣੇ ਹੀ **ਖਾਨਦਾਨ ਵਿਚ ਰਲਾ ਲਿਆ**। ਕੀ ਸਚ-ਮੁਚ ਹੀ ਸਿੱਖਾਂ ਦਾ ਅਤੇ ਗੁਰੂ ਦਾ ਪਰਵਾਰ ਇਕੋ ਬਣ ਗਿਆ ਸੀ ? ਵਾਹਿਗੁਰੂ ਕਰੇ, ਜੇ ਕਿਤੇ ਸੁਰਤ ਸੰਭਲ ਜਾਏ ਅਤੇ ਧਿਆਨ ਮਾਰੀਏ ਤਾਂ ਇਹ ਦਿੱਸ ਆਉਂਦਾ ਹੈ ਕਿ, ਅਸੀਂ ਮਾਇਆ-ਮੋਹ ਦੀ ਨੀਂਦਂ ਵਿਚ ਸੁਤਿਆਂ ਨੇ ਇਹ ਕਦੇ ਵਿਚਾਰਿਆ ਹੀ ਨਹੀਂ ਸੀ ਕਿ ਗੁਰੂ ਨਾਨਕ ਜੀ ਨੇ ਸਾਡੀ ਜਾਤਿ

ਵਰਨ ਅਥਵਾ ਗੋਤ ਆਦਿ ਤਾਂ ਪਹਿਲਾਂ ਤੋਂ ਹੀ ਆਪਣੇ ਵਿਚ ਲੀਨ ਕਰ ਲਈ ਹੋਈ ਸੀ। ਸਿੱਖ ਤਾਂ ਕਦੇ ਦਾ ਹੀ ਸਤਿਗੁਰਾਂ ਦਾ ਪੁੱਤਰ ਬਣ ਚੁੱਕਾ ਹੈ। ਸਾਨੂੰ ਪੁੱਤਰ ਕਹਿ ਕੇ ਨਿਰਾ ਬੁਲਾਉਂਦੇ ਹੀ ਨਹੀਂ ਸਨ, ਸਗੋਂ ਗੁਰਦੇਵ ਜੀ ਸਾਡੀ ਪਾਲਣਾ, ਸਾਡੀ ਸਿਖਿਆ ਅਥਵਾ ਸਾਡੀ ਰਖਿਆ, ਕਰਨ ਵਿਚ ਸਦਾ ਸਾਨੂੰ ਆਪਣਾ **ਪਰਵਾਰ** ਸਮਝਿਆ ਸੀ:---

੧੧੭- **ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ ॥ ੨ ॥** [੩੧੨]-ਵਾ-੨੦

**ਅਰਥ**--ਜਨ ਨਾਨਕ ਦੇ ਸਿੱਖ ਪੁਤਰੋ ! ਪ੍ਰਭੂ ਦਾ ਨਾਮ ਜਪੋ, (ਕਿਉਂਕਿ) ਪ੍ਰਭੂ ਸੰਸਾਰ ਤੋਂ ਪਾਰ ਉਤਾਰਦਾ ਹੈ ।

੧੧੮- **ਪਿਤਾ ਜਾਤਿ ਤਾ ਹੋਈਐ, ਗੁਰੁ ਤੁਠਾ ਕਰੇ ਪਸਾਉ ॥** [੯੨]-ਵਣਜਾਰਾ-੨

**ਅਰਥ:**--ਗੁਰ-ਪਿਤਾ ਦੀ ਕੁਲ ਦਾ ਤਦੋਂ ਹੀ ਹੋ ਸਕਦਾ ਹੈ, ਜਦੋ ਗੁਰੂ ਪ੍ਰਸੰਨ ਹੋ ਕੇ ਮਿਹਰ ਕਰਦਾ ਹੇ ।

੧੧੯- **ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ ॥**
**ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ ॥ ੧ ॥** [੬੧੮]-੧੦-੩੯

**ਅਰਥ:**--(ਗੁਰੂ ਦੀ ਕਿਰਪਾ ਨਾਲ) ਮੈਂ ਪਰਮਾਤਮਾ ਦੇ ਪਵਿਤ੍ਰ ਨਾਮ ਦਾ ਧਨ ਇਕੱਠਾ ਕਰ ਰਿਹਾ ਹਾਂ (ਜਿਥੇ ਇਹ ਧਨ ਇਕੱਠਾ ਕੀਤਾ ਜਾਏ, ਉਥੇ) ਅਪਹੁੰਚ ਤੇ ਬੇਅੰਤ ਪ੍ਰਭੂ ਦਾ ਨਿਵਾਸ ਹੋ ਜਾਂਦਾ ਹੈ । ਹੇ ਗੁਰੂ ਕੇ ਸਿੱਖ-ਪਰਵਾਰ ! ਤੁਸੀ ਵੀ (ਆਤਮਕ ਜੀਵਨ ਵਾਸਤੇ ਇਹ ਨਾਮ ਭੋਜਨ) ਖਾ ਕੇ ਆਤਮਕ ਜੀਵਨ ਹਾਸਲ ਕਰੋ, ਖ਼ੁਸ਼ ਹੋ ਕੇ ਆਤਮਕ ਚੋਜ ਆਨੰਦ ਮਾਣਿਆਂ ਕਰੋ । ੧ ।

੧੨੦- **ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥** [੯੪੦]-ਸਿੱਧਗੋਸਟ-੨੦

**ਪਦ ਅਰਥ:**--ਸਤਿਗੁਰ ਕੈ--ਸਤਿਗੁਰੂ ਦੇ ਘਰ ਵਿਚ । ਸਤਿਗੁਰ ਕੇ ਜਨਮੇ--ਸਤਿਗੁਰ ਦੇ ਘਰ ਵਿਚ ਜਨਮ ਲਿਆਂ, ਭਾਵ, ਜਦੋਂ ਗੁਰੂ ਦੀ ਸ਼ਰਨ ਆ ਕੇ ਪਿਛਲਾ ਸੁਭਾਅ ਮਿਟਾ ਦਿੱਤਾ ਤਾਂ ਅਤੇ ਸਤਿਗੁਰਾਂ ਦੇ ਹੁਕਮ ਦੀ ਪਾਲਣਾ ਕਰਨ ਕਰਕੇ ਗੁਰੂ ਦੇ ਹੀ ਪਰਵਾਰ (ਗੁਰਸੰਗਤਿ) ਦੇ ਬਣ ਗਏ । ਗਵਨ--ਭਟਕਣਾ, ਆਵਾਗਵਨ, ਜਨਮ ਮਰਨ ।

੧੨੧- **ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥ ੨ ॥** [੧੩੧੦]-੪

**ਅਰਥ:**---ਫਿਰ ਜਦੋਂ ਗੁਰੂ ਦੇ ਬਚਨਾਂ ਦੇ ਰਾਹੀਂ (ਮਨੁੱਖ ਦਾ ਮਨ ਦੁਬਿਧਾ ਲੋਭ ਆਦਿਕ ਵਲੋਂ) ਪਰਤਦਾ ਹੈ, (ਤਾਂ ਉਨ੍ਹਾਂ ਨੂੰ ਨਵਾਂ ਆਤਮਕ ਜਨਮ ਮਿਲਦਾ ਹੈ ) ਹੇ ਭਾਈ ! ਜਿਸ ਮਨੁੱਖ ਨੂੰ) ਗੁਰੂ ਪੁਰਖ ਮਿਲ ਪੈਂਦਾ ਹੈ (ਉਸ ਦੇ ਮਨ ਨੂੰ ਪ੍ਰਭੂ-ਪਿਆਰ ਦਾ) ਰੰਗ ਚਾੜ੍ਹ ਦਿੰਦਾ ਹੈ । ੨ ।

੧੨੨- **ਸਿਰ ਊਪਰਿ ਮਾਤ ਪਿਤਾ ਗੁਰਦੇਵ ॥ ਸਫਲ ਮੂਰਤਿ ਜਾ ਕੀ ਨਿਰਮਲ ਸੇਵ ॥**
**ਏਕੁ ਨਿਰੰਜਨੁ ਜਾ ਕੀ ਰਾਸਿ ॥ ਮਿਲਿ ਸਾਧਸੰਗਤਿ ਹੋਵਤ ਪਰਗਾਸ ॥ ੧ ॥**[੬੧੭]-੩-੨੪

ਸਤਿਗੁਰੂ ਜੀ ਨਾਲ ਸਿਖ ਦੇ ਪਰਵਾਰਕ ਸੰਬੰਧ ਬਣਾ ਲੈਣ ਲਈ ਸ਼ਰਤ ਇਹ ਹੈ--

੧੨੩- **ਸੋ ਸਿਖੁ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ ॥**[੬੦੧]-੬

ਅਤੇ ਫਿਰ ਅਜੇਹੇ ਗੁਰਮੁਖਿ ਲਈ ਸਤਿਗੁਰਾਂ ਦਾ ਫ਼ੁਰਮਾਨ ਇਸ ਪ੍ਰਕਾਰ ਹੈ--

੧੨੪- **ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥**
**ਤਿਉ ਸਤਿਗੁਰੁ ਗੁਰਸਿੱਖ ਰਾਖਤਾ ਹਰਿ ਪ੍ਰੀਤਿ ਪਿਆਰਿ ॥੧॥ ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥**
**ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥ ੧ ॥ ਰਹਾਉ ॥ ਜੈਸੀ ਗਗਨਿ**
**ਫਿਰੰਤੀ ਊਡਤੀ ਕਪਰੇ ਬਾਗੇ ਵਾਲੀ ॥ ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ ॥**
**ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ ॥ ੨ ॥**[੧੬੮] -੭-੧੩-੫੧

**ਅਰਥ:**--ਜਿਵੇਂ ਮਾਂ ਪੁੱਤਰ ਨੂੰ ਜਨਮ ਦੇ ਕੇ ਉਸ ਨੂੰ ਆਪਣੀ ਨਜ਼ਰ ਹੇਠ ਰੱਖਦੀ ਹੈ ਤੇ ਪਾਲਦੀ ਹੈ (ਘਰ ਵਿਚ) ਅੰਦਰ ਬਾਹਰ ਕੰਮ ਕਰਦੀ ਹੋਈ ਖਿਨ ਖਿਨ ਪਿਆਰ ਕਰ ਕੇ ਉਸ ਪੁੱਤਰ ਦੇ ਮੂੰਹ ਵਿਚ ਗਿਰਾਹੀ ਦਿੰਦੀ ਰਹਿੰਦੀ ਹੈ । ਏਸੇ ਤਰ੍ਹਾਂ ਸਤਿਗੁਰੂ ਸਿੱਖਾਂ ਨੂੰ ਪਰਮਾਤਮਾ ਦੀ ਪ੍ਰੀਤਿ (ਦੀ ਆਤਮਕ ਖ਼ੁਰਾਕ) ਦੇ ਕੇ ਪਿਆਰ ਨਾਲ ਸੰਭਾਲਦਾ ਹੈ । ੧ । ਹੇ ਮੇਰੇ ਰਾਮ ! ਹੇ ਵਾਹਿਗੁਰੂ ਜੀ ! ਅਸੀਂ ਤੇਰੇ ਅੰਞਾਣ ਬੱਚੇ ਹਾਂ । ਸ਼ਾਬਾਸ਼ੇ ਉਪਦੇਸ਼ ਦਾਤੇ ਗੁਰੂ ਸਤਿਗੁਰੂ ਨੂੰ, ਜਿਸ ਨੇ ਹਰਿ-ਨਾਮ ਦਾ ਉਪਦੇਸ਼ ਦੇ ਕੇ ਸਾਨੂੰ ਸਿਆਣੇ ਬਣਾ ਦਿੱਤਾ ਹੈ । ੧ । ਰਹਾਉ । ਜਿਵੇਂ ਚਿੱਟੇ ਖੰਭਾਂ ਵਾਲੀ (ਕੂੰਜ) ਆਸਮਾਨ ਵਿਚ ਉੱਡਦੀ ਫਿਰਦੀ ਹੈ, ਪਰ ਉਹ ਪਿੱਛੇ ਰਹੇ ਹੋਏ ਆਪਣੇ ਨਿੱਕੇ ਨਿੱਕੇ ਬੱਚਿਆਂ ਵਿਚ ਆਪਣਾ ਚਿੱਤ ਰੱਖਦੀ ਹੈ, ਸਦਾ ਉਨ੍ਹਾਂ ਨੂੰ ਆਪਣੇ ਹਿਰਦੇ ਵਿਚ ਸਾਂਭਦੀ ਹੈ ਸੰਭਾਲਦੀ ਹੈ, ਇਸੇ ਤਰ੍ਹਾਂ ਗੁਰੂ ਤੇ ਸਿੱਖ ਦੀ ਪ੍ਰੀਤਿ ਹੈ, ਗੁਰੂ ਆਪਣੇ ਸਿੱਖਾਂ ਨੂੰ ਹਰੀ ਦੀ ਪ੍ਰੀਤਿ ਦੇ ਕੇ ਉਨ੍ਹਾਂ ਨੂੰ ਆਪਣੀ ਜਿੰਦ ਦੇ ਨਾਲ ਰੱਖਦਾ ਹੈ । ੨ ।

ਅਤੇ ਫਿਰ ਸਾਡਾ ਇੱਕ ਇਹ ਰਿਸ਼ਤਾ ਵੀ ਬਣਨਾ ਹੁੰਦਾ ਹੈ :--

੧੨੫- **ਪਿਤਾ ਹਮਾਰੇ ਪ੍ਰਗਟੇ ਮਾਝ ॥ ਪਿਤਾ ਪੂਤ ਰਲਿ ਕੀਨੀ ਸਾਂਝ ॥**
**ਕਹੁ ਨਾਨਕ ਜਉ ਪਿਤਾ ਪਤੀਨੇ ॥ ਪਿਤਾ ਪੂਤ ਏਕੈ ਰੰਗਿ ਲੀਨੇ ॥ ੪ ॥** [੧੧੪੧]-੯-੨੨

ਸਤਿਗੁਰਾਂ ਦਾ ਸਿੱਖ ਨਾਲ ਰਿਸ਼ਤਾ ਅਰੰਭ ਤੋਂ ਹੀ ਆਪਣੇ ਬਿੰਦੀ ਪੁੱਤ੍ਰਾਂ ਨਾਲੋਂ ਵੀ ਬਹੁਤੇ ਪਿਆਰ ਅਤੇ ਭਰੋਸੇ ਵਾਲਾ ਸੀ। ਪਰ ਅੱਜ ਦਸਮ-ਗੁਰੂ ਨਾਨਕ ਜੀ ਨੇ ਆਪਣੇ ਨਾਮ ਦੀ ਭਾਈ ਵਾਲੀ ਪਾ ਕੇ ਸਮਝਾ ਦਿੱਤਾ ਕਿ ਅਸੀਂ ਸਾਰੇ ਨਾਨਕ-ਨਾਮ-ਲੇਵਾ ਸਿੱਖ ਇੱਕ ਹੀ ਖ਼ਾਨਦਾਨ ਦੇ ਹਾਂ । ਸਾਡਾ ਆਪਸੀ ਸਾਂਝ-ਪਿਆਰ ਖ਼ੂਨ ਦੇ ਰਿਸ਼ਤੇਦਾਰਾਂ ਵਰਗਾ ਹੋਣਾ ਚਾਹੀਦਾ ਹੈ। ਖ਼ਾਨਦਾਨੀ ਸਾਂਝ ਵਾਲੀ ਜਿਹੜੀ ਅਲੋਕਾਰ ਰਿਸ਼ਤੇਦਾਰੀ ਦਸ਼ਮੇਸ਼ ਜੀ ਨੇ ਆਪਣੇ ਸਿੱਖ-(ਪੰਥ) ਨਾਲ ਪਾਈ ਹੈ, ਉਹ ਦੁਨੀਆਂ ਦੇ ਕਿਸੇ ਚੇਲੇ ਦੀ ਆਪਣੇ ਗੁਰੂ ਨਾਲ ਕਦੇ ਨਹੀਂ ਬਣੀ ।

ਪਰ ਸਾਡੀ ਬਦ-ਕਿਸਮਤੀ ਇਹ ਹੈ ਕਿ ਅਸੀਂ ਸਤਿਗੁਰਾਂ ਦੀ ਇਸ ਬਖ਼ਸ਼ਸ਼ " **ਸਿੰਘ** " ਨੂੰ ਤਿਆਗ ਕੇ Last Name (ਭਾਵ, ਗੋਤ, ਚੀਮਾ, ਹੰਸਰਾ, ਹੁੰਦਲ, ਸੰਧੂ, ਮਾਂਗਟ, ਬਾਜਵਾ, ਮਿਨਿਹਾਸ, ਆਹਲੂਵਾਲੀਆ, ਬਰਾੜ ਆਦਿ) ਨੂੰ ਵਰਤਨ ਵਿਚ ਆਪਣੀ ਵਡਿਆਈ ਮੰਨ ਲਈ ਹੈ। ਦਸ਼ਮੇਸ਼ ਜੀ ਦੀ ਬਖ਼ਸ਼ੀ ਸਾਂਝ ਨੂੰ ਸੱਚੇ ਦਿਲੋਂ ਕਬੂਲ ਨਾ ਕਰਕੇ, ਕੀ ਅਸੀਂ ਅਕਿਰਤਘਣਤਾ ਨਹੀਂ ਕੀਤੀ ? ਅਸੀਂ ਜਿਹੜੇ ਸਤਿਗੁਰਾਂ ਦੀ ਬਖ਼ਸ਼ੀ ਹੋਈ ਉਨ੍ਹਾਂ ਦੇ ਨਾਮ ਤੱਕ ਦੀ ਅਨਮੋਲ ਸਾਂਝ ਠੁਕਰਾ ਕੇ ਸੰਧੂ, ਚੀਮੇ ਆਦਿ ਬਣੀ ਜਾ ਰਹੇ ਹਾਂ, ਤਾਂ ਫਿਰ ਅਸੀਂ, ਆਪਣੀ ਰਖਿਆ ਕਰਨ ਦੀ ਸੇਵਾ ਸੌਂਪਣ ਲਈ,

ਦਸ਼ਮੇਸ਼ ਜੀ ਨੂੰ ਕਿਸ ਮੂੰਹ ਨਾਲ ਵਾਜਾਂ ਮਾਰ ਰਹੇ ਹੁੰਦੇ ਹਾਂ ? ਅਰਦਾਸ ਮਗਰਲੇ ਦੋਹਿਰੇ ਵਿਚ--**ਖੰਡਾ ਜਾ ਕੇ ਹਾਥ ਮੇਂ ਕਲਗੀ ਸੋਹੇ ਸੀਸ । ਸੋ ਹਮਰੀ ਰਖਿਆ ਕਰੇ ਕਲਗੀਧਰ ਜਗਦੀਸ਼** "-ਅਰਥਹੀਨ ਟੱਪਾ ਜੋੜਕੇ, ਕੀ ਅਸੀਂ ਦਸ਼ਮੇਸ਼ ਜੀ ਨੂੰ ਖੁਸ਼ ਕਰ ਰਹੇਂ ਹੁੰਦੇ ਹਾਂ ? ਇਸ ਭੁਲੇਖੇ ਵਿਚ ਨਹੀਂ ਪੈਣਾ ਚੀਹੀਦਾ ਕਿ ਸਤਿਗੁਰਾਂ ਨੂੰ ਸਾਡੀਆਂ ਗੁਸਤਾਖ਼ੀਆਂ ਦਾ ਪਤਾ ਨਹੀਂ ਲੱਗਦਾ, ਅਤੇ ਅਜੇਹੇ ਅਰਥ ਹੀਣ ਦੋਹਿਰੇ ਗਾਉਂਣ ਨਾਲ ਉਹ ਸਾਨੂੰ ਪਰਤੀਤ ਵਾਲੇ ਸਮਝਣ ਲੱਗ ਪੈਣਗੇ। ਕੀ ਸਾਡੇ ਵਿਚੋਂ ਕੋਈ ਵੀ ਸਿੱਖ ਛਾਤੀ ਤੇ ਹੱਥ ਮਾਰ ਕੇ ਇਹ ਕਹਿ ਸਕਦਾ ਹੈ ਕਿ ਉਸ ਦੀ ਜੀਵਨ-ਮਰਯਾਦਾ, ਗੁਰਮਤਿ ਦੇ ਅਨਕੂਲ ਹੈ। ਕੀ ਆਪਣੇ ਆਪ ਨੂੰ ਵਿਦਿਆ ਮਾਰਤੰਡ ਅਤੇ ਪੂਰਨ ਸੰਤ ਅਖਵਾਉਣ ਵਾਲੇ, ਟਕਸਾਲੀ ਵਿਦਿਆ ਦੇਣ ਦਾ ਪਖੰਡ ਰਚਾ ਕੇ ਅੱਡਰੀ ਗੱਦੀ ਦੇ ਮਾਲਕ, ਸੰਤਾਂ ਮਹਾਂਪੁਰਖਾਂ ਦੀਆਂ ਅਸਥੀਆਂ ਵੀ ਕੀਰਤਪੁਰ ਨਹੀਂ ਸਨ ਪਾਈਆਂ ਗਈਆਂ? ਕੀ ਦਸ਼ਮੇਸ਼ ਜੀ ਦੀਆਂ, ਜਾਂ ਚੌਹਾਂ ਸਾਹਿਬ ਜ਼ਾਦਿਆਂ ਦੀਆਂ, ਅਤੇ ਜਾਂ ਫਿਰ ਘਲੂਘਾਰਿਆਂ ਵਿਚ ਸ਼ਹੀਦ ਹੋਣ ਵਾਲਿਆਂ ਸਿੰਘਾਂ ਦੇ ਅੰਗੀਠੇ ਬਣ ਸਕੇ ਸਨ? ਕੀ ਉਨ੍ਹਾਂ ਦੀ ਅਸਤੀਆਂ ਕੀਰਤ ਪੁਰ ਜਾਂ ਗੰਗਾ ' ਮਯਆ ' ਵਿਚ ਪਾਈਆਂ ਗਈਆਂ ਸਨ ? ਕੀ ਉਨ੍ਹਾਂ ਦੇ ਨਿਮਿਤ ਕੋਈ ਅਖੰਡ ਪਾਠ ਜਾਂ ਸਹਿਜ ਪਾਠ ਕਰਵਾਇਆ ਗਿਆ ਸੀ? ਕੀ ਉਨ੍ਹਾਂ ਦੀ ਆਤਮਾਂ ਨੂੰ ਸਚਖੰਡ ਵਿਖੇ ਨਿਵਾਸ ਬਖ਼ਸ਼ਣ ਲਈ ਅਰਦਾਸਾਂ ਕੀਤੀਆਂ ਗਈਆਂ ਸਨ? ਅੱਜ ਕਿਹੜਾ ਗੁਰਸਿੱਖ ਹੈ ਜਿਸ ਦਾ ਮਰਨਾ ਪਰਨਾਂ ਬਿੱਪ੍ਰੀ (ਕਰਮਕਾਂਡੀ ਰੀਤ ਦਾ ਵਟਾਇਆ ਹੋਇਆ ਰੂਪ) ਸੰਸਕਾਰੀ ਝਮੇਲਾ ਨਹੀਂ ਬਣ ਚੁੱਕਾ ? **ਮਤ ਮੈ ਪਿਛੈ ਕੋ ਰੋਵਸੀ**--ਵਾਲਾ ਗੁਰੂ-ਫ਼ੁਰਮਾਨ ਵੀ ਕੀ, ਕਦੇ ਕਿਸੇ ਨੇ ਮੰਨਿਆਂ ਹੈ ? ਕੀ ਸਾਡੀ ਕੋਈ ਵੀ ਜੀਵਨ ਜੁਗਤ ਓਸੇ ਦਸ਼ਮੇਸ਼ ਜੀ ਦੇ ਹੁਕਮ ਦੇ ਅਨਕੂਲ ਰਹਿ ਗਈ ਹੈ ਜਿਸ ਨੇ ਸਾਡੇ ਤੋਂ ਆਪਣਾ ਸਰਬੰਸ ਕੁਰਬਾਨ ਕੀਤਾ ਅਤੇ ਫਿਰ ਸਾਡੀ ਹੀ ਸੇਵਾ ਸੰਭਾਲ ਕਰਦਿਆਂ ਆਪਣਾ ਆਪ ਵੀ ਕੁਰਬਾਨ ਕਰ ਦਿੱਤਾ ਸੀ ? ਕੀ ਭਾਈ ਗੁਰਦਾਸ ਜੀ ਦਾ ਇਹ ਫ਼ੁਰਮਾਨ ਸਾਡੇ ਤੇ ਪੂਰਾ ਨਹੀਂ ਢੁੱਕਦਾ ?

ਮਦ ਵਿਚਿ ਰਿਧਾ ਪਾਇਕੇ ਕੁਤੇ ਦਾ ਮਾਸੁ । ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ ।
ਰਤੂ ਭਰਿਆ ਕਪੜਾ ਕਰਿ ਕਜਣ ਤਾਸੁ । ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ ।
ਆਖਿ ਸੁਣਾਏ ਪੁਛਿਆ, ਲਾਹੇ ਵਿਸਵਾਸੁ । ਨਦਰਿ ਪਵੈ ਅਕਿਰਤਿਘਣੁ ਮਤੁ ਹੋਇ ਵਿਣਾਸੁ ॥ ੯ ॥ [੩੫}

ਵਾਸਤਵ ਵਿਚ ਮੂਰਖ, ਸਿਆਣਾ ਹੋਣ ਦਾ ਫੋਕਾ ਹੰਕਾਰੀ ਬਣ ਕੇ ਰੱਬ ਤੋਂ ਟੁੱਟੇ ਆਪ-ਹੁਦਰੇ ਅਸੀਂ ਆਪਣੇ ਕੀਤੇ ਦਾ ਫਲ ਖਾ ਰਹੇ ਹਾਂ:-

੧੨੬- **ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥ ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ ॥**
**ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ ॥ ਕਾਈ ਆਸ ਨ ਪੁੰਨੀਆ ਨਿਤ ਪਰ**
**ਮਲੁ ਹਿਰਤੇ ॥ ਕੀਆ ਨ ਜਾਣੈ ਅਕਿਰਤਘਣੁ ਵਿਚਿ ਜੋਨੀ ਫਿਰਤੇ ॥ ਸਭੇ ਧਿਰਾਂ**
**ਨਿਖੁਟੀਅਸੁ ਹਿਰਿ ਲਈਅਸੁ ਧਰ ਤੇ ॥ ਵਿਝਣ ਕਲਹ ਨ ਦੇਵਦਾ ਤਾ ਲਇਆ ਕਰਤੇ ॥**
**ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥ ੩੨ ॥** [੩੧੭]-ਵਾਰ

# ਪੰਜਵਾਂ ਕਾਂਡ

## ੧

## ਚਿੜੀਓਂ ਸੇ ਮੈਂ ਬਾਜ ਤੁੜਵਾਊਂ

ਉਪ੍ਰੋਕਤ ਬੋਲ ਭਾਂਵੇਂ ਕਿਸੇ ਕਵੀ ਦੀ ਕਲਪਣਾ ਦੀ ਉਪਜ ਹੀ ਹਨ, ਪਰ ਪੰਥ ਦੇ ਰਾਗੀਆਂ ਢਾਡੀਆਂ ਤੇ ਪਰਚਾਰਕਾਂ ਨੇ ਲੋਕਾਂ ਦੇ ਮਨਾਂ ਵਿਚ ਯਕੀਨ ਬਣਾ ਦਿੱਤਾ ਹੋਇਆ ਹੈ ਕਿ ਇਹ ਬਚਨ ਦਸ਼ਮੇਸ਼ ਜੀ ਦੇ ਆਪਣੇ ਹੀ ਹਨ। ਜਿਥੋਂ ਤਾਂਈ ਇੱਕ ਕਵੀ ਦੇ ਕਥਨ ਦਾ ਸੰਬੰਧ ਹੈ, ਅਜੇਹਾ ਲਿਖਣ ਵਿਚ ਕੋਈ ਅੱਤ ਕਥਨੀ ਨਜ਼ਰ ਨਹੀਂ ਆਉਂਦੀ, ਸਗੋਂ ਜੇ ਬਿਬੇਕ ਬੁੱਧੀ ਨਾਲ ਵਿਚਾਰੀਏ ਤਾਂ ਚਿੜੀਆਂ ਤੋਂ ਬਾਜ਼ ਬਣਾ ਦੇਣ ਵਾਲੀ ਗੱਲ ਬਿਲਕੁੱਲ ਸੱਚ ਹੋ ਦਿੱਸਦੀ ਹੈ। ਉਦਾਹਰਣ ਵਜੋਂ--ਚਿੜੀਆਂ ਦੇ ਆਹਲਣੇ ਵਿਚੋਂ ਆਂਡਿਆਂ ਨੂੰ ਜਾਂ ਚਿੜੀਆਂ ਦੇ ਬੱਚਿਆਂ ਨੂੰ ਛੇੜਨ ਦਾ ਯਤਨ ਕੀਤਾ ਜਾਵੇ ਤਾਂ, ਜੇ ਹੋਰ ਕੁਝ ਨਾਂ ਕਰ ਸਕਣ, ਤਾਂ ਚਿੜੀਆਂ ਇਕੱਠੀਆਂ ਹੋ ਕੇ ਆਪਣੇ ਵਿਤੋਂ ਵੱਧ ਸ਼ੋਰ ਸ਼ਰਾਬਾ ਜ਼ਰੂਰ ਮਚਾਉਂਦੀਆਂ ਹਨ। ਭਾਰਤ ਵਾਸੀ ਤਾਂ ਚਿੜੀਆਂ ਨਾਲੋਂ ਵੀ ਵੱਧ ਮਾਂਦੀ ਹਾਲਤ ਵਾਲਾ ਬਣ ਚੁੱਕਾ ਸੀ। ਜਰਵਾਣਿਆਂ ਦੀ ਕਿਸੇ ਵਧੀਕੀ ਵਿਰੁੱਧ ਚਿੜੀਆਂ ਵਾਂਗ ਰੌਲਾ ਪਾਉਣ ਜੋਗਾ ਵੀ ਨਹੀਂ ਸੀ ਰਹਿ ਗਿਆ ਹੋਇਆ। ਆਮ ਲੋਕਾਂ ਦੀ ਤਾਂ ਗੱਲ ਹੀ ਕੀ ਕਰਨੀ ਹੈ, ਜੰਤਾ ਵਿਚੋਂ ਜਿਨ੍ਹਾਂ ਨੂੰ ਸਭ ਤੋਂ ਵੱਧ ਬਹਾਦਰ ਸੂਰਬੀਰ ਸਮਝਿਆ ਜਾਂਦਾ ਸੀ ਉਹ ਰਾਜ-ਪੂਤ ਅਤੇ ਖੱਤਰੀ, ਆਪਣੀਆਂ ਰੋਂਦੀਆਂ ਕੁਲਾਉਂਦੀਆਂ ਧੀਆਂ ਭੈਣਾ ਨੂੰ ਆਪਣੇ ਮੋਢਿਆਂ ਤੇ ਚੁੱਕ ਕੇ ਆਪ ਹੀ ਜਰਵਾਣਿਆਂ ਦੇ ਮਹਿਲੀ ਪੁਚਾ ਆਉਣ ਦੀ ਗੰਭੀਰ ਨਮੋਸ਼ੀ ਪਾਣੀ ਵਾਂਗ ਪੀ ਜਾਣ ਵਿਚ ਵਡੀ ਚਤੁਰਾਈ ਸਮਝਣ ਲੱਗ ਪਏ ਹੋਏ ਸਨ। ਭਾਵ, ਪਠਾਣ, ਮੁਗ਼ਲ, ਦੁਰਾਨੀ ਆਦਿ, ਬਿਦੇਸ਼ੀ ਲੁਟੇਰੇ ਮਾਨੋਂ ਬਾਜ ਸਨ, ਅਤੇ ਭਾਰਤੀ ਜੰਤਾ ਮਾਨੋ ਅਜੇਹੀਆਂ ਨਿਤਾਣੀਆਂ ਅਤੇ ਡਰਪੋਕ ਚਿੜੀਆਂ ਸਨ ਜੋ ਜ਼ੁਲਮ ਦੇ ਵਿਰੁੱਧ ਉੱਚਾ ਸਾਹ ਵੀ ਨਹੀ ਸਨ ਲੈਂ ਸਕਦੀਆਂ ।

ਗੁਰੂ ਨਾਨਕ ਜੀ ਦੇ ਨਿਆਰੇ ਗਿਆਨ ਨੇ ਮੁਰਦਾ ਹੋ ਚੁੱਕੀ ਕੌਮ ਵਿਚ ਅਜੇਹੀ ਜਾਨ ਪਾ ਦਿੱਤੀ, ਕਿ ਬਾਜ ਬਣੇ ਹੋਏ ਮੁਗ਼ਲ, ਜਿਨ੍ਹਾਂ ਨੂੰ ਨਿਕਾਰੀਆਂ ਚਿੜੀਆਂ ਸਮਝ ਕੇ ਵਧੀਕੀਆਂ ਕਰਦੇ ਜ਼ਰਾ ਨਹੀਂ ਸਨ ਸੰਗਦੇ, ( ਸਤਿਗੁਰਾਂ ਦੀ ਮਿਹਰ ਨਾਲ ਸੰਤ ਸੂਰਮੇ ਬਣ ਚੁੱਕੇ) ਉਨ੍ਹਾਂ ਹੀ ਭਾਰਤੀਆਂ ਕੋਲੋਂ ਆਪਣੀ ਜਾਨ ਅਤੇ ਮਾਲ ਬਚਾਉਣ ਲਈ ਲੁਕਦੇ ਫਿਰਦੇ ਸਨ। ਸੋ ਕਵੀ ਦਾ ਇਹ ਲਿਖਣਾਂ ਅੱਤ ਕਥਨੀ ਨਹੀਂ ਹੈ ਕਿ ਨਿਕਾਰੀਆਂ ਚਿੜੀਆਂ ਬਣੇ ਮਨੁੱਖ, (ਗੁਰੂ ਦੀ ਸਿਖਿਆ ਤੇ ਤੁਰਦੇ ਹੋਏ) ਜ਼ਾਲਮ ਬਾਜਾਂ ਅਤੇ ਨਿਰਦਈ ਬੱਬਰ ਸ਼ੇਰਾਂ ਦੀ ਘੰਡੀ ਮਰੋੜਨਣ ਜੋਗੇ ਬਣ ਗਏ ਸਨ।

ਕਵੀ ਦੇ ਮਗਰੋਂ ਤਸਵੀਰਾਂ ਵੇਚ ਕੇ ਧਨ ਜੋੜਨ ਵਾਲਿਆਂ ਦੀ ਵਾਰੀ ਆਈ। ਉਨ੍ਹਾਂ ਨੇ ਦੋ ਪ੍ਰਕਾਰ ਦੀਆਂ ਬੜੀਆਂ ਸੋਹਣੀਆਂ ਅਤੇ ਪ੍ਰਭਾਵਸ਼ਾਲੀ ਤਸਵੀਰਾਂ ਬਣਾ ਕੇ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਦੀਆਂ ਕੰਧਾਂ ਦੀ ਛਾਂ ਕੋਲ ਬਣੀਆਂ ਦੁਕਾਨਾਂ ਤੱਕ ਵੀ ਪੁਚਾ ਦਿੱਤੀਆਂ। ਇੱਕ ਤਸਵੀਰ ਵਿਚ ਅੰਮ੍ਰਿਤ ਦੇ ਬਾਟੇ ਵਿਚੋਂ ਅੰਮ੍ਰਿਤ ਛਕ ਲੈਣ ਵਾਲੀਆਂ ਚਿੜੀਆਂ ਨੇ ਬਾਜ ਨੂੰ ਢਾਇਆ ਹੋਇਆ ਹੈ, ਦੂਜੀ ਵਿਚ ਅੰਮ੍ਰਿਤ ਦੇ ਬਾਟੇ ਵਿਚੋਂ ਘੁਟ ਭਰ ਲੈਣ ਵਾਲੇ ਚਿੜੀ ਅਤੇ ਚਿੜਾ ਆਪਸ ਵਿਚ ਹੀ ਲੜ ਲੜ ਕੇ ਮਰ ਰਹੇ ਹਨ। ਦੋਹਾਂ ਤਸਵੀਰਾਂ ਵਿਚ ਦਸ਼ਮੇਸ਼ ਜੀ ਕੋਲ ਗੰਭੀਰ ਹੋਏ ਖਲੋਤੇ ਦਰਸਾਏ ਹੋਏ ਹਨ। ਜ਼ਰੂਰੀ ਸੀ ਕਿ ਤਸਵੀਰਾਂ ਦੇ ਹੇਠਾਂ ਅਜੇਹੀ ਚਿਤ੍ਰਕਾਰੀ ਦਾ ਅਸਲ ਮੰਤਵ ਵੀ ਲਿਖਿਆ ਜਾਂਦਾ। ਪਰ ਜਿਨ੍ਹਾਂ ਨੇ ਲੁੱਟ ਖਾਣ ਦਾ ਸਾਧਨ ਬਣਾਈਆ ਹੀ " ਭਰਮ " ਨੂੰ ਹੋਵੇ, ਉਹ ਭਲਾ ਲੋਕਾਂ ਨੂੰ ਅਸਲੀਯਤ ਤੋਂ ਜਾਣੂੰ ਕਿਉਂ ਕਰਾਉਂਣ ?

ਕਵੀਆਂ ਅਤੇ ਮਸੱਵਰਾਂ ਦੇ ਮਗਰੋਂ ਤੀਜੇ ਥਾਂ ਵਾਰੀ ਆਈ ਡੇਰੇ ਦਾਰ ਸੰਤਾਂ ਮਹਾਂ ਪੁਰਖਾਂ ਦੀ। ਆਖ਼ਰ ਇਨ੍ਹਾਂ ਦੇ ਹਲਵੇ-ਮੰਡੇ ਵੀ ਤਾਂ ਭਰਮ ਦੇ ਆਸਰੇ ਹੀ ਤੁਰਦੇ ਹਨ। ਉਨ੍ਹਾਂ ਨੇ ਕਵੀ ਦੀ ਇਸ ਕਲਪਣਾ ਨੂੰ ਪੂਰਨ ਸੱਚ ਦਾ ਰੂਪ ਦੇ ਦੇਣ ਦੀ ਕੂਟ-ਯੋਜਨਾਂ ਘੜ ਲਈ। ਭਿੰਡਰਾਂ ਵਾਲੇ ਸੰਤਾਂ ਮਹਾਂਪੁਰਖਾਂ ਨੇ ਆਪਣੀ ਪੁਸਤਕ " ਗੁਰਮਤਿ ਰਹਿਤ ਮਰਯਾਦਾ " ਦੇ ੫੩ ਸਫ਼ੇ ਤੇ ਅਤੇ " ਗੁਰਬਾਣੀ ਪਾਠ ਦਰਸ਼ਨ ਦੇ ੪੯ ਸਫ਼ੇ ਤੇ ਇਹ ਕੁਝ ਲਿਖ ਦਿਤਾ:--

" ਅੰਮ੍ਰਿਤ ਛਕਾਉਂਦਿਆਂ ਚਿੜੀ ਤੇ ਚਿੜਾ ਆਏ ਤਾਂ ਮਹਾਰਾਜ ਨੇ ਬਰਤਨ ਵਿਚ ਅੰਮ੍ਰਿਤ ਪਾ ਦਿੱਤਾ। ਉਹ ਪੀ ਕੇ ਆਪੋ ਵਿਚ ਲੜ ਕੇ ਸਮਾਪਤ ਹੋ ਗਏ । ਭਾਈ **ਗੁਰਬਖ਼ਸ਼ ਸਿੰਘ ਜੀ** ਨੇ ਲਿਖਿਆ ਹੈ ਕਿ ਮੈਂ ਉਸ ਵਕਤ ਸਤਿਗੁਰੂ ਮਹਾਰਾਜ ਸਾਹਿਬ ਜੀ ਦੇ ਕੌਤਕ ਦੇਖ ਰਿਹਾ ਸੀ। ਕੌਤਕ ਦੇਖ ਕੇ ਮੈਂ ਮਾਤਾ ਅਜੀਤ ਕੌਰ ਦੇ ਪਾਸ ਭਜ ਕੇ ਗਿਆ ਕਿ ਮਾਤਾ ਜੀ ! ਸਿਖ ਤਾਂ ਐਸੇ ਹੋਣਗੇ ਜੋ ਆਪਸ ਵਿਚ ਲੜ ਕੇ ਮਰ ਜਾਇਆ ਕਰਨਗੇ ਕੋਈ ਜਤਨ ਕਰਨਾ ਚਾਹੀਦਾ ਹੈ ਜਿਸ ਕਰਕੇ ਮੇਲ ਵੀ ਬਣਿਆ ਰਹੇ । ਮਾਤਾ ਸਾਹਿਬ ਜੀ ਉਸ ਵਕਤ ਪਤਾਸੇ ਲੈ ਕੇ ਸਤਿਗੁਰਾਂ ਦੀ ਹਜ਼ੂਰੀ ਵਿਚ ਆਈ ਹੈ । ਮਹਾਰਾਜ ਸਾਹਿਬ ਜੀ ਨੇ ਕਿਹਾ ਚੰਗਾ ! ਚੰਗੇ ਵਕਤ ਆਈ ਹੈਂ, ਓਹ ਪਤਾਸੇ ਮਹਾਰਾਜ ਜੀ ਨੇ ਅੰਮ੍ਰਿਤ ਵਿਚ ਪਾਏ ਤੇ ਕਿਹਾ--ਚੰਗਾ ਮਿਠਾਸ ਵੀ ਪੰਥ ਵਿਚ ਹੋਵੇਗੀ, ਆਪੋ ਵਿਚ ਪਿਆਰ ਵੀ ਹੋਵੇਗਾ, ਜਿਥੇ ਯੋਧੇ ਹੋਣਗੇ ਆਪੋ ਵਿਚ ਮੁਹੱਬਤ ਵੀ ਹੋਵੇਗੀ ।

ਅਜੇਹੀਆਂ ਲਿਖਤਾਂ ਤੋਂ ਹੇਠ ਲਿਖੇ ਗੰਭੀਰ ਸ਼ੰਕੇ ਪੈਦਾ ਹੁੰਦੇ ਹਨ ਜਿਨ੍ਹਾਂ ਤੋਂ ਗੁਰੂ ਇਤਿਹਾਸ ਦਾ ਵਡਮੁੱਲਾ ਪੱਖ ਹੌਲੀ ਹੌਲੀ ਪੁਰਾਣਕ ਗਾਥਾ ਦਾ ਰੂਪ ਧਾਰ ਲੈਣ ਦਾ ਸਬੱਬ ਬਣ ਰਿਹਾ ਹੈ:---

(A) ਕਿ ਦਸ਼ਮੇਸ਼ ਜੀ ਅੰਮ੍ਰਿਤ ਤਿਆਰ ਕਰਨ ਦੀ ਕਾਹਲ ਵਿਚ ਇਹ ਭੁੱਲ ਗਏ ਸਨ ਕਿ ਪਤਾਸ਼ਿਆਂ ਤੋਂ ਬਿਨਾ ਅੰਮ੍ਰਿਤ ਦੇ ਥਾਂ ਜਾਨ ਲੇਵਾ ਜ਼ਹਿਰ ਬਣ ਜਾਣਾ ਹੈ। ਦਸ਼ਮੇਸ਼ ਜੀ ਦੇ ਪਾਵਨ ਪਵਿਤ੍ਰ ਨਾਮਣੇ ਨਾਲ ਭੁੱਲੜ ਹੋਣ ਦਾ ਘਿਣਾਵਣਾ ਦੋਸ਼ ਮੜ੍ਹ ਕੇ -- ' **ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰ ॥** "[੬੧] ਗੁਰੂ-ਵਾਕ ਦੀ ਨਿਰਾਦਰੀ ਦਾ ਵੀ ਧਿਆਨ ਨਹੀਂ।

(B) ਕਿ, ਜੇ ਕਿਤੇ ਮਾਤਾ ਜੀ ਅੰਮ੍ਰਿਤ ਵਿਚ ਪਤਾਸ਼ੇ ਨਾ ਪਾਉਂਦੇ ਤਾਂ ਜਿਹੜਾ ਅੰਮ੍ਰਿਤ ਸਤਿਗੁਰਾਂ ਨੇ ਤਿਆਰ ਕਰ ਲਿਆ ਸੀ ਉਸ ਨੂੰ ਪੀ ਕੇ ਖ਼ਾਲਸਾ ਪੰਥ ਨੇ ਚਿੜੀ ਚਿੜੇ ਵਾਂਗ ਆਪਸ ਵਿਚ ਹੀ ਲੜ ਕੇ ਕੁਝ ਦਿਨਾਂ ਵਿਚ ਹੀ ਸਮਾਪਤ ਹੋ ਜਾਣਾ ਸੀ। ਅਰਥਾਤ, ਉਪ੍ਰੋਕਤ ਵਰਣਨ ਸੱਭ ਕੁਝ ਲਿਖਣ ਤੋਂ ਸੰਤਾਂ ਮਹਾਂਪੁਰਖਾਂ ਦਾ ਭਾਵ ਇਹ ਹੈ ਕਿ ਅੱਜ ਸਿੱਖੀ ਦੀ ਹੋਂਦ ਦਾ ਕਾਰਨ, ਨਾ ਗੁਰੂ ਨਾਨਕ ਜੀ ਦਾ ਨਿਆਰਾ ਗਿਆਨ ਹੈ ਅਤੇ ਨਾ ਹੀ ਪੰਜ ਕਕਾਰਾਂ ਦੇ ਧਾਰਨੀ ਹੋ ਜਾਣ ਦਾ ਕੋਈ ਲਾਭ ਹੋਇਆ ਸੀ, ਸਗੋਂ ਸਿੱਖੀ ਦਾ ਅਜੋਕਾ ਵਜੂਦ, ਕੇਵਲ ਮਾਤਾ ਜੀਤੋ ਜੀ ਦੇ ਪਤਾਸ਼ਿਆਂ ਦਾ ਹੀ ਪ੍ਰਤਾਪ ਹੈ ।

(C) ਆਪਣੇ ਮੰਦੇ ਕੰਮਾਂ ਦੀ ਜ਼ਿਮੇਵਾਰੀ ਆਪਣੇ ਤੋਂ ਟਾਲਣ ਦੀ ਰੁਚੀ ਕਾਰਨ ਈਸਾਈ ਧਰਮ ਨੇ ਸ਼ੈਤਾਨ ਦੀ ਹੋਂਦ ਮਿਥ ਲਈ। ਕਚਹਿਰੀਆਂ ਵਿਚ ਵੀ ਕਹਿ ਦਿੰਦੇ ਹਨ ਕਿ " **ਇਹ ਘਿਣਾਵਣਾ ਪਾਪ ਮੈਥੋਂ ਸ਼ੈਤਾਨ ਨੇ ਕਰਵਾਇਆ ਸੀ** '। ਏਧਰ ਖ਼ਾਲਸਾ ਜੀ ਨੂੰ ਔਝੜੇ ਪਾਉਣ ਲਈ ਪ੍ਰਗਟ ਹੋਏ ਦੇਹਧਾਰੀ ਗੁਰੂਆਂ ਨਾਲੋਂ ਕਈ ਗੁਣਾ ਵੱਧ ਹਾਨੀ-ਕਾਰਕ ਡੇਰੇ-ਦਾਰ ਮਹਾਂ-ਪੁਰਖਾਂ ਨੇ, ਅਰਥਹੀਣ ਕਹਾਣੀ ਅੰਮ੍ਰਿਤ ਨਾਲ ਜੋੜ ਕੇ, ਸਿੱਖਾਂ ਲਈ ਵੀ ਤਕੜਾ ਢੁੱਚਰ ਬਣਾ ਦਿੱਤਾ-- " ਹਾਏ ! ਜੇ ਕਿਤੇ ਮਾਤਾ ਜੀਤੋ ਜੀ ਇੱਕੋ ਝੋਲੀ ਪਾਉਣ ਦੇ ਥਾਂ, ਅੰਮ੍ਰਿਤ ਵਿਚ ਪਤਾਸ਼ਿਆਂ ਦੀਆਂ ਵੱਧ ਝੋਲੀਆਂ ਪਾ ਦਿੰਦੇ ਤਾਂ ਗੁਰੂ ਦਰਬਾਰਾਂ ਅੰਦਰ (ਜਾਂ ਬਾਹਰ) ਆਪਸ ਵਿਚ ਲੜ ਕੇ ਅਸੀਂ ਇੱਕ ਦੂਜੇ ਦੇ ਦਾਹੜੇ ਅਥਵਾ ਕੇਸ ਪੁੱਟਣ ਦੀ, ਅਤੇ ਇੱਕ ਦੂਜੇ ਨੂੰ ਫੱਟੜ ਕਰਣ ਵਰਗੀਆਂ ਸ਼ਰਮਨਾਕ ਭੁੱਲਾਂ ਕਦੇ ਨਾ ਕਰੀਏ ' ।

(D) ਅਜੇਹੀ ਨਿਰਮੂਲ ਕਹਾਣੀ ਨੂੰ ਸੱਚ ਕਰਕੇ ਲਿਖਣ ਵਾਲੇ ਸੰਤਾਂ ਮਹਾਂ ਪੁਰਖਾਂ ਦੇ ਮਨ ਵਿਚ ਕੀ ਸੀ ? ਇਸ ਪ੍ਰਸ਼ਨ ਦਾ ਉਤੱਰ ਉਨ੍ਹਾਂ ਦੀਆਂ ਪੁਸਤਕਾਂ ਵਿਚੋਂ ਕਿਤੋਂ ਨਹੀਂ ਮਿਲਿਦਾ ਪਰ ਕਹਾਣੀ ਦੀ ਸ਼ਬਦਾਵਲੀ ਤੋਂ ਸਪੱਸ਼ਟ ਭਾਵ ਇਹ ਬਣਦਾ ਹੈ ਕਿ ਖੰਡੇ-ਬਾਟੇ ਦਾ ਅੰਮ੍ਰਿਤ ਜੇ ਪਤਾਸ਼ਿਆਂ ਤੋਂ ਬਿਨਾ ਫਿੱਕਾ ਰਹਿ ਜਾਂਦਾ ਤਾਂ ਉਸ ਨੇ, ਸਿਖੀ ਆਚਰਨ ਦੇ ਉਹ ਸਾਰੇ ਨਿਆਰੇ ਗੁਣ ਖ਼ਤਮ ਕਰ ਦੇਣੇ ਸਨ ਜਿਹੜੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਪਹਿਲੇ ਸਰੂਪ (੧੪੬੯) ਤੋਂ ਲੈ ਕੇ ਬਾਕੀ ਨੌ ਗੁਰੂ ਸਾਹਿਬਾਨ (੧੬੯੯ ਤੱਕ) ਆਪਣੇ ਸਿੱਖਾਂ ਨੂੰ ਦ੍ਰਿੜ੍ਹ ਕਰਾਉਂਦੇ ਆ ਰਹੇ ਸਨ ?

ਮਿਠਾ ਬੋਲਣਾ, ਨਿਉਂ ਚਲਣਾ, ਬਚਨਾ ਦੇ ਪੱਕੇ, ਸੱਚੇ, ਸੁੱਚੇ, ਪਰਉਪਕਾਰੀ, ਪਰ-ਧਨ ਪਰ-ਤਨ ਵੱਲ ਮੰਦੀ ਦ੍ਰਿਸ਼ਟ ਨਾ ਜਾਣ ਦੇਣੀ, ਅਥਵਾ ਪ੍ਰਭੂ ਪਿਆਰ ਨਾਲ ਰੰਗੇ ਰਹਿਣ ਵਾਲੇ ਸਾਰੇ ਸੁਭ ਗੁਣ, (ਜਿਨ੍ਹਾਂ ਗੁਣਾਂ ਦੇ ਸੋਹਿਲੇ ਗਾਉਣ ਤੋਂ ਵੈਰੀ ਵੀ ਨਹੀਂ ਸਨ ਰਹਿ ਸਕਦੇ) ਦਸ਼ਮੇਸ਼ ਜੀ ਦੇ ਅੰਮ੍ਰਿਤ ਵਿਚ ਪਤਾਸ਼ਿਆਂ ਦੀ ਘਾਟ ਦੇ ਕਾਰਨ ਸਿੱਖ ਵਿਚੋਂ ਅਲੋਪ ਨਹੀਂ ਹੋ ਰਹੇ, ਵਾਸਤਵ ਵਿਚ ਅਸੀਂ ਉਸ ਗੁਰ-ਬਾਣੀ ਤੋਂ ਟੁੱਟ ਗਏ ਹਾਂ ਜਿਸ ਅਨੁਸਾਰ ਚੱਲ ਕੇ ਖ਼ਾਲਸਾ ਇਨ੍ਹਾਂ (ਉਪ੍ਰੋਕਤ ਵਰਣਨ ਸਾਰੇ) ਗੁਣਾ ਦਾ ਮਾਲਕ ਬਣਕੇ " **ਸਤਿਗੁਰ ਪੂਰਾ ਅਤੇ ਸੱਜਣ ਸੂਰਾ** " ਅਖਵਾਇਆ ਸੀ । ਅਸੀਂ ਮਨਮੁਖ ਬਣ ਚੁੱਕੇ ਹਾਂ ਅਤੇ ਗੁਰਿਆਈ ਦੀ ਮਾਲਕੀ ਵਾਲੇ ਹੁਣ ਦੇ ਦਾਅਵੇ, ਫੋਕੇ **ਫੂੰਕਾਰੇ** ਹਨ। ਜੇ ਗੁਰਮੁਖਿ ਬਣੇ ਰਹਿੰਦੇ ਤਾਂ ਅੱਜ ਵੀ ਇਨ੍ਹਾਂ ਸਾਰੇ ਗੁਣਾ ਨਾਲ ਭਰਪੂਰ ਦਿੱਸਦੇ:---

੧- **ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ ॥ ਮਿਠਾ ਬੋਲਹਿ ਨਿਵਿ ਚਲਹਿ,**

**ਸੇਜੈ ਰਵੈ ਭਤਾਰੁ ॥ ਸੋਭਾਵੰਤੀ ਸੋਹਾਗਣੀ, ਜਿਨ ਗੁਰ ਕਾ ਹੇਤੁ ਅਪਾਰੁ ॥ ੨ ॥**[੩੧]-੧੩-੪੬

**ਅਰਥ:**--ਸਦਾ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਸੁਹਾਗਣ (ਇਸਤ੍ਰੀ ਵਾਂਗ) ਹਨ, ਉਹ ਪ੍ਰਭੂ-ਪਤੀ ਨੂੰ ਆਪਣੇ ਹਿਰਦੇ ਵਿਚ ਵਸਾਈ ਰੱਖਦੇ ਹਨ, ਉਹ (ਸਭਨਾਂ ਨਾਲ) ਮਿੱਠੇ ਬੋਲਦੇ ਹਨ, ਨਿਊਂ ਕੇ ਤੁਰਦੇ ਹਨ ( ਗਰੀਬੀ ਸੁਭਾਵ ਵਾਲੇ--**ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ**--੧੦੧੫- ਹੁੰਦੇ ਹਨ ) ਉਨ੍ਹਾਂ ਦੇ ਹਿਰਦੇ-ਸੇਜ ਨੂੰ ਪ੍ਰਭੂ ਪਤੀ ਮਾਣਦਾ ਹੈ । ਜਿਨ੍ਹਾਂ ਮਨੁੱਖਾਂ ਨੇ ਗੁਰੂ ਦਾ ਅਤੁੱਟ ਪਿਆਰ (ਆਪਣੇ ਹਿਰਦੇ ਵਿਚ ਵਸਾਇਆ ਹੈ) ਉਹ ਉਨ੍ਹਾਂ ਸੁਹਾਗਣਾਂ ਵਾਂਗ ਹਨ ਜਿਨ੍ਹਾਂ ਸੋਭਾ ਖੱਟੀ ਹੈ । ੨ ।

ਆਪਸੀ ਪਿਆਰ ਭਰੀ ਬੋਲ ਚਾਲ ਅਤੇ ਵਤੀਰੇ ਵਿਚ ਮਿਠਾਸ ਨੂੰ ਗੁੜ ਖੰਡ ਜਾਂ ਪਤਾਸ਼ਿਆਂ ਆਦਿ ਦੀ ਮਿਠਾਸ ਦੇ ਆਸਰੇ ਦੱਸਣਾ, ਗੁਰੂ ਦੇ ਗਿਆਨ ਦੀ ਮਹੱਤਤਾ ਦਾ ਭੋਗ ਪਾ ਦੇਣ ਵਾਲੀ ਕੋਝੀ ਭੁੱਲ ਹੈ। ਕੀ, ਕੜਾਹ ਪਰਸ਼ਾਦਿ ਵਿਚ ਇਸ ਕਰਕੇ ਮਿੱਠਾ ਪਾਇਆ ਜਾਂਦਾ ਹੈ ਕਿ ਕਿਤੇ ਚਿੜੀ ਚਿੜੇ ਵਾਂਗ ਗੁਰੂ ਦਰਬਾਰ ਵਿਚ ਆਈ ਸੰਗਤ ਆਪਸ ਵਿਚ ਹੀ ਨਾ ਲੜ ਮਰੇ? ਪਦਾਰਥਾਂ ਵਿਚ ਮਿਠਾਸ, ਲੂਣ, ਖਟਿਆਈ ਆਦਿ ਦਾ ਅਸਰ ਕੇਵਲ ਜ਼ਬਾਨ ਦੇ ਸੁਆਦ ਅਤੇ ਸਰੀਰਕ ਸਿਹਤ ਤੱਕ ਸੀਮਤ ਹੈ। ਸ਼ੁਭ ਗੁਣ ਅਤੇ ਆਤਮਕ ਉੱਚਤਾ ਵਾਲੀ ਅਵਸਥਾ, ਗੁਰੂ-ਸ਼ਬਦ ਦੀ ਵਿਚਾਰ ਦੀ **ਕਮਾਈ ਨਾਲ,** ਅਥਵਾ **ਸਤਿਗੁਰਾਂ ਦੀ ਬਖ਼ਸ਼ਸ਼ ਨਾਲ** ਪ੍ਰਾਪਤ ਹੁੰਦੀ ਹੈ (ਗੁਰੂ ਸ਼ਬਦ-ਗਿਆਨ ਅਨੁਸਾਰ ਜੀਵਨ ਬਣਾ ਲੈਣ ਵਿਚ ਹੀ ਸਤਿਗੁਰਾਂ ਦੀ ਪ੍ਰਸੰਨਤਾ ਹੈ ਅਤੇ ਗੁਰੂ ਪਰਮੇਸ਼ਰ ਦੀ ' ਪ੍ਰਸੰਨਤਾ " ਬਖ਼ਸ਼ਸ਼ਾਂ ਦਾ ਦਰਵਾਜ਼ਾ ਹੈ।

## ਆਉ ਗੰਭੀਰਤਾ ਨਾਲ ਵਿਚਾਰੀਏ--

ਦੇਵਤਿਆਂ ਦੇ ਅੰਮ੍ਰਿਤ ਮੰਥਨ ਦੀ ਕਹਾਣੀ ਤੋਂ ਅਰੰਭ ਹੋਈ ਵਿਚਾਰ ਤੋਂ ਅਸੀਂ ਚੰਗੀ ਤਰ੍ਹਾਂ ਸਮਝ ਚੁੱਕੇ ਹਾਂ ਕਿ ਅੰਮ੍ਰਿਤ ਉਸ ਪਦਾਰਥ ਨੂੰ ਸਮਝਿਆ ਜਾਂਦਾ ਸੀ ਜਿਸ ਦਾ ਸੇਵਨ ਕਰਨ ਵਾਲੇ ਦੀ ਮੌਤ ਕਦੇ ਨਾ ਹੋਵੇ। ਜਿਸ ਪਦਾਰਥ ਨੂੰ ਖਾ ਕੇ ਜਾਂ ਪੀ ਕੇ ਜੀਵ ਦੀ ਮੌਤ ਹੋ ਜਾਵੇ ਉਸ ਨੂੰ ਅੰਮ੍ਰਿਤ ਨਹੀਂ ਸਗੋਂ ਜ਼ਹਿਰ ਕਿਹਾ ਜਾਂਦਾ ਹੈ। ਹੈਰਾਨੀ ਹੈ ਕਿ ਜਿਹੜੇ ਲੋਕ ਸਤਿਗੁਰੂ ਜੀ ਨੂੰ ਰੱਬ ਵਾਂਗ ਅਭੁੱਲ ਮੰਨਣ ਦੇ ਢੰਡੋਰਚੀ ਬਣ ਕੇ ਲੋਕਾਂ ਦੀ ਕਮਾਈ ਤੇ ਐਸ਼ਾਂ ਮਾਣ ਰਹੇ ਹਨ ਉਹੀ ਭੱਦਰ ਪੁਰਸ਼ ਅਭੁੱਲ ਗੁਰੂ ਜੀ ਦੇ ਮੱਥੇ ਕੋਝੀਆਂ, ਨਿਰਮੂਲ ਅਤੇ ਗੰਭੀਰ ਭੁੱਲਾਂ ਕਰਨ ਦਾ ਦੋਸ਼ ਵੀ ਮੜ੍ਹ ਰਹੇ ਹਨ ਕਿ :--

(੧) ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਲਗਿਆਂ ਦਸ਼ਮੇਸ਼ ਜੀ ਪਤਾਸ਼ੇ ਪਾਉਣੇ ਭੁੱਲ ਗਏ ਸਨ ?

(੨) ਸਤਿਗੁਰਾਂ ਨੂੰ ਇਹ ਖ਼ਿਆਲ ਵੀ ਨਾ ਆਇਆ ਕਿ ਜੇ ਜਲ ਵਿਚ ਪਤਾਸ਼ੇ ਨਾ ਪਾਏ ਅਤੇ ਨਿਰਾ ਨਾਮ ਅੰਮ੍ਰਿਤ ਹੀ ਜਲ ਵਿਚ ਘੋਲ ਦਿੱਤਾ ਤਾਂ ਉਸ ਨੇ ਅੰਮ੍ਰਿਤ ਦੇ ਥਾਂ, ਜਾਨ ਲੇਵਾ ਜ਼ਹਿਰ ਬਣ ਜਾਣਾ ਹੈ ?

(੩) ਤੀਜਾ ਸਭ ਤੋਂ ਵੱਡਾ ਅਤੇ ਭੈੜਾ ਅਨਰਥ ਇਹ ਲਿਖਿਆ ਹੈ ਕਿ ਚਿੜੀ ਚਿੜੇ ਦੀ ਮੌਤ ਹੋ ਜਾਣ ਤੇ, ਦਸ਼ਮੇਸ਼ ਜੀ ਨੂੰ ਆਪਣੀ ਉਸ ਭੁੱਲ ਦਾ ਅਨੁਭਵ ਤੱਕ ਨਾ ਹੋਇਆ ਪਰ ਭਾਈ ਗੁਰਬਖ਼ਸ਼ ਸਿੰਘ ਨੂੰ ਅੰਮ੍ਰਿਤ ਦੇ ਘਾਤਕ ਅਸਰਾਂ ਦਾ ਗਿਆਨ ਹੋ ਗਿਆ ਤੇ ਉਹ ਵਿਚਾਰਾ (ਸਤਿਗੁਰਾਂ ਨੂੰ ਛੱਡ ਕੇ ?) ਮਾਤਾ ਜੀਤੋ ਜੀ ਵਲ ਭੱਜ ਗਿਆ । (**ਕਿ, ਉਹੀ ਆ ਕੇ ਬਹੁੜੀ ਕਰਨ, ਦਸ਼ਮੇਸ਼ ਜੀ ਤਾਂ ਉਲਟੇ ਰਾਹ ਪੈ ਗਏ ਹਨ ?** )

ਅਜੇਹੇ ਸ਼ੰਕੇ ਪੈਦਾ ਕਰਨ ਵਾਲੀ ਅਰਥਹੀਣ ਕਹਾਣੀ " ਗੁਰਮਤਿ ਰਹਿਤ ਮਰਯਾਦਾ " ਪੁਰਸਤਕ ਵਿਚ ਲਿਖਣੀ ਦਸਮ ਗੁਰੂ ਨਾਨਕ ਜੀ ਦੀ ਕੋਝੀ ਨਿੰਦਿਆ ਲਿਖਣ ਦਾ ਪਾਪ ਹੈ:--**ਜਿਨਾ ਗੁਰ ਗੋਪਿਆ ਆਪਣਾ ਤੇ ਨਰ ਬੁਰਿਆਰੀ। ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥** [੬੫੧] ਪਰ ਡੇਰੇ-ਦਾਰ ਮਹਾਂ ਪੁਰਖ ਨਿਹਕਲੰਕ ਹੁੰਦੇ ਹਨ। ਇਹ ਭਾਂਵੇਂ ਸਤਿਗੁਰਾਂ ਦੀ ਸ਼ਾਨ ਦੇ ਵਿਰੁੱਧ ਜੋ ਮਰਜ਼ੀ ਲਿਖੀ ਜਾਣ, ਜੋ ਅਨਰਥ ਮਰਜ਼ੀ ਹੈ ਕਰੀ ਜਾਣ, ਲੋਕਾਂ ਲਈ ਸਭ ਕੁਝ ਗੁਰਮਤਿ ਹੀ ਹੁੰਦੀ ਹੈ। ਭਾਵ, ਡੇਰੇ-ਦਾਰ ਨੇ ਪਾਇਆ ਸਾਧ-ਬਾਣਾ, ਇਨ੍ਹਾਂ ਦੇ ਪਾਪਾਂ ਨੂੰ, ਪੁੰਨਾਂ ਦੀ ਸ਼ਕਲ ਦੇਈ ਜਾਣ ਦੀ ਕਰਾਮਾਤ, ਨਾਲੋ-ਨਾਲ ਕਰੀ ਜਾ ਰਿਹਾ ਹੁੰਦਾ ਹੈ ?

ਅਜੇਹੀ ਕੋਈ ਵੀ ਰਸਮ ਅਥਵਾ ਕਰਮ, ਜਿਸ ਦੇ ਕੀਤੇ ਜਾਣ ਤੇ, ਅਭੁੱਲ ਅਤੇ ਨਿਰਵੈਰ ਜਗਤ ਗੁਰੂ ਸੱਚੇ ਪਾਤਸ਼ਾਹ ਦਸਮ ਗੁਰੂ ਨਾਨਕ ਸ੍ਰੀ ਦਸ਼ਮੇਸ਼ ਜੀ ਬਾਰੇ ਉਪ੍ਰੋਕ ਕਈ ਤਰ੍ਹਾਂ ਦੇ ਸ਼ੰਕੇ ਅਤੇ ਕਿੰਤੂ ਪ੍ਰੰਤੂ ਆ ਜੁੜੇ ਹਨ, ਉਸ ਰਸਮ ਬਾਰੇ ਚੰਗੀ ਤਰ੍ਹਾਂ ਪਤਾ ਕਰ ਲੈਣਾ ਚਾਹੀਦਾ ਹੈ ਕਿ, ਕਿਤੇ ਕਿਸੇ ਦੋਖੀ ਨੇ ਗੁਰੂ ਇਤਿਹਾਸ ਵਿਚ ਰਲਾ ਹੀ ਨਾ ਪਾ ਦਿੱਤਾ ਹੋਵੇ? ਸਤਿਗੁਰਾਂ ਦੀ ਬਖ਼ਸ਼ੀ ਬਿਬੇਕਤਾ ਨਾਲ ਅਸੀਯਤ ਦਾ ਪਤਾ ਕਰ ਲਈਏ ਕਿ- ਜਿਹੜੀ ਰਸਮ ਸਤਿਗੁਰਾਂ ਦੀ ਦੈਵੀ ਸ਼ਖ਼ਸ਼ੀਯਤ ਨੂੰ ਕਿਸੇ ਪੱਖੋਂ ਵੀ ਸ਼ੱਕੀ ਅਤੇ ਨੀਵਾਂ ਬਣਾ ਰਹੀ ਹੈ, ਕਿ **ਉਹ ਸਭ ਕੁਝ ਕਿਤੇ ਗੁਰਮਤਿ ਦੇ ਵਿਰੁੱਧ ਹੀ ਤਾਂ ਨਹੀਂ ਹੈ?**

ਭਿੰਡਰਾਂ ਵਾਲੇ ਮਹਾਂਪੁਰਖਾਂ ਨੇ ਜਿਸ ਭਾਈ ਗੁਰਬਖ਼ਸ਼ ਸਿੰਘ ਦਾ ਜ਼ਿਕਰ ਕੀਤਾ ਹੈ, ਅਤੇ ਮਾਤਾ ਜੀਤੋ ਜੀ ਨੂੰ ਜਿਵੇਂ ਹਾਨੀ-ਕਾਰਕ ਅੰਮ੍ਰਿਤ ਤਿਆਰ ਹੋ ਜਾਣ ਤੋਂ ਬਚਾ ਲੈਣ ਵਿਚ ਸਹਾਈ ਹੁੰਦੇ ਦਰਸਾਇਆ ਹੈ, ਅਜੇਹਾ ਕੁਝ, ਪ੍ਰੋ: ਸਾਹਿਬ ਸਿੰਘ ਜੀ, ਸੋਹਨ ਸਿੰਘ ਸੀਤਲ ਆਦਿ ਕਿਸੇ ਵਿਦਵਾਨ ਇਤਿਹਾਸ-ਕਾਰ ਨੇ ਨਹੀਂ ਲਿਖਿਆ। ਏਥੋਂ ਤੱਕ ਕਿ ਪੰਥ ਵਿਚ ਕਈ ਤਰ੍ਹਾਂ ਦੀਆਂ ਪ੍ਰੋਹਿਤ ਵਾਦੀ ਰੀਤਾ ਦਾਖ਼ਲ ਕਰੀ ਜਾ ਰਹੇ ਨਿਰਮਲ-ਪੰਥੀਏ ਗੋਵਿੰਦ ਸਿੰਘ ਨਿਰਮਲ ਉਦਾਸੀਆਦਿ ਨੇ ਵੀ ਪਤਾਸ਼ੇ ਨਾ ਪਾਏ ਜਾਣ ਤੇ ਭਾਈ ਗੁਰਬਖ਼ਸ਼ ਸਿੰਘ ਅਤੇ ਫਿਰ ਮਾਤਾ ਜੀਤੋ ਜੀ ਦੇ ਸਹਾਈ ਹੋ ਜਾਣ ਬਾਰੇ ਕੁਝ ਨਹੀਂ ਲਿਖਿਆ। ਰਤਨ ਸਿੰਘ ਭੰਗੂ ਨੇ ਵੀ " ਪ੍ਰਾਚੀਨ ਪੰਥ ਪ੍ਰਕਾਸ਼ " ਵਿਚ ਮਾਤਾ ਜੀਤੋ ਜੀ ਬਾਰੇ, ਭਾਈ ਗੁਰਬਖ਼ਸ਼ ਸਿੰਘ ਵਰਗੇ ਮੌਕੇ ਦੇ ਕਥਿਤ ਗਵਾਹ ਦੇ ਗੁਰੂ ਦਾਰਬਾਰ ਵਿਚ ਮੌਜੂਦ ਹੋਣ ਬਾਰੇ, ਚਿੜੀ ਚਿੜੇ ਦੇ ਲੜ ਮਰਨ ਬਾਰੇ ਅਥਵਾ **ਪਤਾਸ਼ਿਆਂ** ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਭੰਗੂ ਜੀ ਲਿਖਦੇ ਹਨ:--

ਪਾਹੁਲ ਖੰਡੇ ਤਯਾਰ ਕਰਵਾਈ । ਜਲ ਮੱਧ ਆਨ ਮਿਠਾਈ ਪਾਈ । (ਸਫ਼ਾ ੪੩) (ਆਨ=ਮੰਗਾ ਕੇ। ਮਿਠਾਈ=ਗੁੜ ਸ਼ੱਕਰ ਵੀ ਮਿਠਾਈ ਹੀ ਹੈ)

ਟਕਸਾਲੀ ਸਿਖਿਆ ਦੇਣ ਵਾਲੀ ਸੰਸਥਾ ਦੇ ਮੁਖੀ ਜਦ ਸਿੱਖ ਇਤਿਹਾਸ ਵਿਚ ਅਤੇ ਗੁਰਮਤਿ ਰਹਿਤ ਮਰਯਾਦਾ ਵਿਚ ਗੰਭੀਰ ਭੁਲੇਖਿਆਂ ਵਾਲੇ ਰਲੇ ਪਾ ਰਹੇ ਹੋਣ ਤਾਂ ਪੰਥ ਵਿਚ ਸੱਚੀ ਚੜ੍ਹਦੀ ਕਲਾ ਆ ਸਕਣ ਦੀ ਆਸ ਕਿਵੇ ਬੱਝੇ ? ਅਤੇ ਫਿਰ ਗੁਰਮਤਿ ਦੇ ਇਸ ਅਟੱਲ ਸਿਧਾਂਤ ਨੂੰ ਵੀ ਸੌਖਿਆਂ ਅੱਖੋਂ ਉਹਲੇ ਨਹੀਂ ਸੀ ਕੀਤਾ ਜਾ ਸਕਦਾ :-----

**ਨਾਮੁ ਪ੍ਰਭੂ ਕਾ ਲਾਗਾ ਮੀਠਾ ॥---**

੧- **ਅੰਮ੍ਰਿਤ ਨਾਮੁ ਸਦ ਮੀਠਾ ਲਾਗਾ ਗੁਰ ਸਬਦੀ ਸਾਦੁ ਆਇਆ ॥** [੫੫੯]-੫

੨- **ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥** [੫੭੭]-ਛੰਤ-੪

੩- **ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥ ੩ ॥** [੬੦੩]-੧੧

੪- **ਅੰਮ੍ਰਿਤ ਨਾਮੁ ਮਹ ਰਸ ਮੀਠਾ ਗੁਰਸਬਦੀ ਚਖਿ ਜਾਪੈ ॥ ਰਹਾਉ ॥**[੬੦੫]-੩

੫- **ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥**
**ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ੍ ਬਿਸਰੇ ਸਭਿ ਬਿਖ ਰਸਹੁ ॥ ੩ ॥** [੭੯੯]-੪

ਨਾਮ ਅੰਮ੍ਰਿਤ ਵਾਂਗ ਸਤਿਗੁਰਾਂ ਦੀ ਬਾਣੀ ਵੀ ਅੰਮ੍ਰਿਤ ਹੈ ਅਥਵਾ ਅੰਮ੍ਰਿਤ ਵਾਂਗ ਹੀ ਮਿੱਠੀ ਹੈ :--

੬- **ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥ ... ੧ ॥** [੧੧੩]-੭-੮

੭- **.....ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥ ... ੧ ॥** [੭੭੨]

੮- **ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ ਅਨਦਿਨ ਹਰਿ ਕਾ ਨਾਮੁ ਵਖਾਣੀ ॥ ..... ੧੦ ॥** [੧੦੫੭]-੪-੧੩

੯- **ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥ ...... ੩ ॥** [੩੬੦]

੧੦- **ਸਚੁ ਮੰਤ੍ ਤੁਮਾਰਾ ਅੰਮ੍ਰਿਤ ਬਾਣੀ ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥ ੨ ॥** [੫੬੨]-੨

ਅਤੇ ਫਿਰ ਰੱਬ ਨਾਲ ਜੋੜਨ ਵਾਲੇ ਅਧਿਆਤਮਕ ਪੱਖ ਦੀ ਅਤੇ ਸ਼ੁੱਭ ਗੁਣਾ ਦੀ ਮਿਠਾਸ ਦਾ ਹੀ ਇੱਕ ਇਹ ਪੱਖ----

੧੧- **ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੇ ਵਿਰਲੇ ਚਖਿ ਡੀਠਾ ॥ ੨ ॥** [੧੬੨]-੧੪-੩੪

੧੨- **ਗੁਰ ਕਾ ਸਬਦੁ ਲਗੋ ਮਨਿ ਮੀਠਾ ॥ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ ॥ ੩ ॥** [੧੮੭]-੩੮

੧੩- **ਅੰਮਿਤ ਮੀਠਾ ਸਬਦ ਵੀਚਾਰਿ ॥ ਅਨਦਿਨੁ ਭੋਗੇ ਹਉਮੈ ਮਾਰਿ ॥ ... ੭ ॥** [੪੨੪]-੩-੨੫

੧੪- **ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥ ਗੁਰ ਕਾ ਸਬਦੁ**
**ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨਾ ਜਾਪੈ ॥ ਕਉਡੀ ਬਦਲੈ ਜਨਮ ਗਵਾਇਆ**
**ਚੀਨਸਿ ਨਾਹੀ ਆਪੈ ॥** ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥ ੧ ॥ [੭੫੩]-੧

[ਸਾਨੂੰ ਵੀ ਜੇ ਕਿਤੇ ਪਤਾਸਿਆਂ ਦੇ ਥਾਂ ਗੁਰੂ ਦਾ ਸ਼ਬਦ, ਸਤਿਗੁਰਾਂ ਦੀ ਬਾਣੀ ਅਥਵਾ ਪ੍ਰਭੂ ਦਾ ਨਾਮ ਮਿੱਠਾ ਲਗਦਾ ਰਹਿੰਦਾ ਤਾਂ ਤੇਜ ਪ੍ਰਤਾਪ ਖੁੱਸਣਾ ਹੀ ਕਿਉਂ ਸੀ ? ]

੧੫- **ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥ ਵਿਰਲੈ ਕਾਹੂ ਨੇਤ੍ਰਹੁ ਡੀਠੀ ॥ ੧ ॥ ਰਹਾਉ ॥** [੭੩੯]-੬-੧੨

ਉਪ੍ਰੋਕਤ ਪੰਜ-ਪੰਜ ਗੁਰੂ ਸ਼ਬਦ ਕੇਵਲ ਵਣਗੀ ਮਾਤ੍ਰ ਹਨ। ਮਿੱਠੇ ਅਤੇ ਕਉੜੇ ਪਦਾਰਥਾਂ ਦੀ ਪਛਾਣ ਕਰਾਉਣ ਦੇ ਗੁਰਮਤਿ ਸਿਧਾਂਤ ਨੂੰ ਦ੍ਰਿੜ ਕਰਾਉਣ ਵਾਲੇ ਹੋਰ ਵੀ ਬੇਅੰਤ ਗੁਰੂ ਫ਼ੁਰਮਾਨ ਹਨ। ਗੁਰਦੇਵ ਜੀ ਦੇ ਆਪਣੇ ਫ਼ੁਰਮਾਨਾਂ ਅਨੁਸਾਰ " ਨਾਮ ਅੰਮ੍ਰਿਤ " ਬਾਣੀ ਅੰਮ੍ਰਿਤ " ' ਸ਼ਬਦ ਵਿਚਾਰਾਂ ਅਤੇ ' ਹਰੀ ਨਾਮ ਦੀ ਕਥਾ " ਸੰਸਾਰ ਦੇ ਸਾਰੇ ਪਦਾਰਥਾਂ ਨਲੋਂ ਵੱਧ ਮਿੱਠੇ ਪਦਾਰਥ ਹਨ। ਸਤਿਗੁਰਾਂ ਨੇ ਬੜੇ ਭਰੋਸੇ ਨਾਲ " ਮਿੱਠੇ ਨਾਮ ਅੰਮ੍ਰਿਤ ਮਹਾਂ ਰਸ " ਨੂੰ ਚੱਖ ਕੇ ਤਸੱਲੀ ਕਰ ਲੈਣ ਬਾਰੇ ਵੀ ਫ਼ੁਰਮਾਨ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਜੀ ਨੇ ਤਾਂ ਰੱਬ ਦੇ ਨਾਮ ਨੂੰ ਸ਼ੱਕਰ, ਖੰਡ, ਮਿਸਰੀ, ਗੁੜ ਅਥਵਾ ਮਾਝੇ ਦੁਧ ਨਾਲੋਂ ਵੀ ਮਿੱਠਾ ਫ਼ੁਰਮਾਨ ਕੀਤਾ ਹੋਇਆ ਹੈ--**ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓਂ ਮਾਂਝਾ ਦੁਧੁ ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ ੨੭ ॥**[੧੩੭੯] ਰੱਬੀ ਗੁਣਾ ਨਾਲ ਭਰਪੂਰ **ਸੱਚੀ** ਅਥਵਾ **ਸਦਾ ਨਾਲ ਨਿਭਨ ਵਾਲੀ ਮਿਠਾਸ** ਦੇ ਹੁੰਦਿਆਂ, ਕਿਸੇ ਕੱਚੀ ਮਿਠਾਸ ਦੀ ਸਤਿਗੁਰਾਂ ਨੇ ਲੋੜ ਕਿਉਂ ਸਮਝਣੀ ਸੀ? ਅਤੇ ਫਿਰ ਜਿਸ ਹਟਵਾਣੀਏ ਤੋਂ ਮੁੱਲ ਲਿਆ ਕੇ ਪਤਾਸ਼ੇ ਅੰਮ੍ਰਿਤ ਦੇ ਬਾਟੇ ਵਿਚ ਪਾਏ ਜਾਂਦੇ ਹਨ ਉਸ ਬਾਰੇ ਤਾਂ ਸਤਿਗੁਰਾਂ ਦਾ ਫ਼ੁਰਮਾਨ ਇਉਂ ਹੈ----' **ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ ॥ ਮੋਹ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ ॥** [੧੬੭] ਕਿਸੇ ਕਿਰਤੀ ਜੱਟ ਤੋਂ ਗੁੜ ਸ਼ੱਕਰ ਤਾਂ ਬੇਸ਼ਕ ਲੈ ਲੈਂਦੇ ਪਰ ਮਾਇਆ ਜ਼ਹਿਰ ਦੀ ਉਗ੍ਰਾਹੀ ਕਰਨ ਵਾਲੇ ਝੂਠੇ ਹਟਵਾਣੀਏ ਕੋਲੋਂ ਪਤਾਸ਼ੇ, ਦਸਮ ਗੁਰੂ ਨਾਨਕ, ਸ੍ਰੀ ਦਸ਼ਮੇਸ਼ ਜੀ ਕਿਸੇ ਹਾਲਤ ਵਿਚ ਨਹੀਂ ਲਏ ਹੋਣੇ। ਸੁਹਿਰਦ ਅਤੇ ਸੂਝਵਾਨ ਖੋਜੀ ਸੱਜਣ ਇਸ ਪੱਖੋਂ ਹੋਰ ਡੂੰਘੀ ਖੋਜ ਕਰਕੇ ਭੁੱਲ ਨੂੰ ਸੁਧਾਰ ਲੈਣ। ਹਰ ਪੱਖੋਂ ਨਿਆਰੇ ਅਤੇ ਨਿਰਮਲ ਬਣ ਜਾਣ ਵਿਚ ਹੀ ਚੜ੍ਹਦੀ ਕਲਾ ਦੇ ਪਰਤ ਆਉਣ ਦੀ ਆਸ ਬੱਝਣੀ ਹੈ ।

**ਗੋਸਾਈ ਮਿਹੰਡਾ ਇਠੜਾ ॥ ਅੰਮ ਅਬੇ ਥਾਵਹੁ ਮਿਠੜਾ ॥ ਭੈਣ ਭਾਈ ਸਭਿ ਸਜਣਲ ਤੁਧੁ ਜੇਹਾ ਨਾਹੀ ਕੋਈ ਜੀਉ ॥ ੧ ॥** [੭੩]੨-੨੯ ਮਾਂ ਪਿਉ ਨਾਲੋਂ ਮਿੱਠੇ ਸੱਚੇ ਸਾਈਂ, ਸਰਬ ਕਲਾਂ ਦੇ ਮਾਲਕ, ਸਾਰੇ ਅੰਗਾਂ ਸਾਕਾਂ ਨਾਲੋ ਪਿਆਰੇ, ਦਸ਼ਮੇਸ਼ ਜੀ ਨੂੰ, ਮਨੁੱਖ ਦੇ ਬਣਾਏ ਕਿਸੇ ਅਜੇਹੇ ਮਿੱਠੇ (ਪਤਾਸ਼ਿਆਂ) ਦੀ ਲੋੜ ਕਿਉਂ ਪੈਣੀ ਸੀ ਜਿਸ ਕਾਰਨ ਉਨ੍ਹਾਂ ਦੇ ਮੱਥੇ ਭੁੱਲੜ ਹੋ ਜਾਣ ਦਾ ਦੋਸ਼ ਮੜ੍ਹਿਆ ਗਿਆ ? ਪਰ ਸਾਨੂੰ ਵਿਕਾਰੀਆਂ ਨੂੰ ਅਤੇ ਮਾਇਆ ਜ਼ਹਿਰ ਨੂੰ ਮਿੱਠੀ ਮੰਨਣ ਵਾਲਿਆਂ ਨੂੰ ਅਥਵਾ ਜ਼ਬਾਨ ਦਾ ਚਸਕਾ ਪੂਰਾ ਕਰਨ ਲਈ ਮਿਠਾਸ ਖਾਣ ਗਿੱਝਿਆਂ ਨੂੰ, ਨਾਮ ਦੀ ਮਿਠਾਸ ਦਾ ਅਨੁਭਵ ਕਿਵੇ ਹੋ ਸਕਦਾ ਹੈ ? ਅਸੀਂ ਹੁਣ ਪਤਾਸਿਆਂ ਦਾ ਚਸਕਾ ਛੱਡ ਕੇ ਨਾਮ-ਰਸ ਦੀ ਮਿਠਾਸ ਵਲ ਕਿਉਂ ਪਰਤੀਏ ?:--

੨- **ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹੁ ॥**
**ਸਿਰ ਊਪਰਿ ਠਾਢੋ ਧਰਮਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥ ੨ ॥**[੧੭੮]-੯-੭੮

ਇਤਿਹਾਸ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਿਆਂ, ਫੋਕੇ ਕਰਮਕਾਂਡੀ ਝੂਠ ਕਈ ਨੰਗੇ ਹੋਣਗੇ। ਪਤਾਸ਼ਿਆਂ ਵਾਲੀ ਗੱਲ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖੇ ਜਾਣ ਵਾਲੇ ਸਿਧਾਂਤ ਨੂੰ ਸ਼ੱਕੀ ਬਣਾਉਂਣ ਲਈ ਅਤੇ ਪਰਚਲਤ ਰਿਵਾਜ ਨੂੰ ਹੀ ਗੁਰਮਤਿ ਸਿੱਧ ਕਰਨ ਲਈ, ਕਈ ਮਨਮੱਤੀ ਢੁੱਚਰਾਂ ਦਾ ਸਹਾਰਾ ਲੈਣਾ ਪਵੇਗਾ। ਆਪਣੇ ਇਤਿਹਾਸ ਨੂੰ ਜਿੰਨਾ ਬ੍ਰਾਹਮਣੀ ਮੱਤ ਨਾਲ ਜੋੜਾਂਗੇ ਉਨਾ ਹੀ ਉਹ ਵੱਧ ਸ਼ੱਕੀ ਬਣਦਾ ਜਾਵੇਗਾ।

੩- **ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥ ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥ ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥ ੧ ॥ ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥ ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥ ੧ ॥ ਰਹਾਉ ॥** [੩੭]-੨੬-੫੯

## ੨

# ਗੁਰੂ-ਬਾਣੀ ਅਤੇ ਗੁਰਬਾਣੀ ?

ਹੁਣ ਤੱਕ ਸਾਰੇ ਇਤਿਹਾਸਕਾਰ ਇਹੀ ਲਿਖਦੇ ਆ ਰਹੇ ਹਨ ਕਿ ਦਸ਼ਮੇਸ਼ ਜੀ ਨੇ ਖਦਰਾਣੇ ਦੀ ਢਾਬ ਵਾਲੀ ਜੰਗ ਲੜਨ ਤੋਂ ਪਿਛੋਂ ਅਜੋਕੇ ਪੰਜਵੇਂ ਤਖ਼ਤ ਦਮਦਮਾ ਸਾਹਿਬ ਜੀ ਵਿਖੇ ਠਹਿਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਲੋੜੀਂਦੀ ਸੋਧ ਕੀਤੀ ਅਥਵਾ ਨੌਵੇਂ ਮਹਲੇ ਦੀ ਬਾਣੀ ਚਾੜ੍ਹ ਕੇ ਗੁਰੂ ਗ੍ਰੰਥ ਸਾਹਿਬ ਨੂੰ ਉਹ ਸਰੂਪ ਦਿੱਤਾ ਜਿਸ ਨੂੰ ਆਪਣੀ ਥਾਂ ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਦੀ ਸਦੀਵੀ ਮਾਲਕੀ ਸੌਂਪਣੀ ਸੀ। ਇਹ ਵੀ ਲਿਖਿਆ ਮਿਲਦਾ ਹੈ ਕਿ, ਲਿਖਵਾਈ ਦੀ ਸੇਵਾ ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਦੇ ਹਿੱਸੇ ਆਈ ਸੀ। ਇਸ ਕਥਨ ਦੀ ਪੁਸ਼ਟੀ ਲਈ ਵਣਗੀ ਮਾਤ੍ਰ ਗਵਾਹਈਆਂ ਇਸ ਪ੍ਰਕਾਰ ਹਨ:---

(੧) ਅੰਮ੍ਰਿਤਸਰ ਤੋਂ ਛਪਦਾ, ਸਾਰੇ ਵਿਸ਼ਵ ਵਿਚ ਜਾਣਿਆਂ ਜਾਣ ਵਾਲੇ ਪ੍ਰਸਿੱਧ ਮਾਸਕ ਪੱਤਰ " ਸੰਤ ਸਿਪਾਹੀ " ਦੇ ਫਰਵਰੀ ੧੯੯੬ ਮਹੀਨੇ ਦੇ ਅੰਕ ਦੇ ੩੭ ਸਫ਼ੇ ਤੇ ਗਿਆਨੀ ਜੀਵਨ ਸਿੰਘ ਮਾਜਰਾ ਦੇ ਲੇਖ ਵਿਚ ਇਸ ਪ੍ਰਕਾਰ ਲਿਖਿਆ ਹੈ-

> -" ਜਦੋਂ ਅਨੰਦਪੁਰ ਦੀ ਨਗਰੀ ਛੱਡ ਕੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ, ਸਿੰਘਾਂ ਸੂਰਮਿਆਂ ਤੇ ਪੁੱਤਰਾਂ ਨੂੰ ਸ਼ਹੀਦ ਕਰਵਾ ਕੇ ਸਾਬੋ ਕੀ ਤਲਵੰਡੀ, (ਦਮਦਮਾ ਸਾਹਿਬ) ਪਧਾਰੇ ਉਹਨਾਂ ਆਪਣੇ ਮਹਿਲਾਂ ਤੇ ਭਾਈ ਮਨੀ ਸਿੰਘ ਜੀ ਨੂੰ ਦਿੱਲੀ ਤੋਂ ਆਪਣੇ ਪਾਸ ਬੁਲਾ ਲਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ **ਭਾਈ ਮਨੀ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਪੁਨਰ ਰੂਪ ਦੇਣ** ਲਈ ਲਿਖਣ ਦੀ ਸੇਵਾ ਪਰ ਲਾਇਆ, ਬਾਬਾ ਦੀਪ ਸਿੰਘ ਨੂੰ ਭੀ ਉਹਨਾਂ ਦੇ ਸਹਾਇਕ ਥਾਪ ਕੇ ਇਸ ਕਾਰਜ ਨੂੰ ਸੰਪੂਰਨ ਕਰਨ ਦੀ ਸੇਵਾ ਬਖ਼ਸ਼ੀ ।

(੨) ਪ੍ਰੋ: ਸਾਹਿਬ ਸਿੰਘ ਡੀ.ਲਿਟ. ਦੀ ਪੁਸਤਕ " ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ" ਦੇ ੨੨੨ ਸਫ਼ੇ ਤੇ ਇਉਂ ਲਿਖਿਆ ਹੈ:---

> 'ਸਾਬੋ ਕੀ ਤਲਵੰਡੀ ਵਿਚ ਸਤਿਗੁਰੂ ਜੀ ਪਹਾੜੀ ਹਿੰਦੂ ਰਾਜਿਆਂ ਦੀਆਂ ਈਰਖਾ-ਭਰੀਆਂ ਨਜ਼ਰਾਂ ਤੋਂ ਦੂਰ ਆ ਚੁਕੇ ਸਨ । ਸੂਬਾ ਸਰਹੰਦ ਭੀ ਠੰਡਾ ਹੋ ਕੇ ਬਹਿ ਗਿਆ ਸੀ । ਹੁਣ ਉਨ੍ਹਾਂ ਨੇ ਭੀ ਪਹਿਲੇ ਗੁਰੂ-ਵਿਅਕਤੀਆਂ ਵਾਂਗ ਇਕ " ਬੀੜ " ਲਿਖਣ ਦਾ ਫ਼ੈਸਲਾ ਕੀਤਾ । ਭਾਈ ਮਨੀ ਸਿੰਘ ਜੀ ਦਿੱਲੀ ਤੋਂ ਗੁਰ-ਮਹਲਾਂ ਦੇ ਨਾਲ ਆ ਕੇ ਤਲਵੰਡੀ ਹੀ ਟਿਕ ਗਏ ਸਨ । ਜਿਵੇਂ ਗੁਰੂ ਅਰਜਨ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਨੂੰ ਬਾਣੀ ਲਿਖਣ ਦਾ ਕੰਮ ਸੌਂਪਿਆ ਸੀ ਤਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀਂ ਸਿੰਘ ਜੀ ਨੂੰ ਇਸ ਕੰਮ ਤੇ ਲਾਇਆ '।

ਭਾਵ, ਦਸ਼ਮੇਸ਼ ਜੀ ਨੇ **ਓਵੇਂ ਹੀ ਆਪ ਬੀੜ ਲਿਖਵਾਈ ਜਿਵੇਂ ਪੰਚਮ ਪਾਤਸ਼ਾਹ ਜੀ ਨੇ ਆਦਿ ਬੀੜ ਲਿਖਵਾਈ ਸੀ।** ਉਸੇ ਪੁਸਤਕ ਦੇ ੨੪੩ ਸਫ਼ੇ ਤੇ ਵਿਦਵਾਨ ਖੋਜੀ ਗੁਰਮੁਖਿ ਪਿਆਰੇ ਪ੍ਰੋ: ਸਾਹਿਬ ਸਿੰਘ ਜੀ ਦੀ ਲਿਖਤ ਇਸ ਪ੍ਰਕਾਰ ਹੈ:--

> " ਹੁਣ ਆਪਣਾ ਦੇਹਾਂਤ ਨੇੜੇ ਵੇਖ ਕੇ ੭ ਅਕਤੂਬਰ (੬ ਕੱਤਕ) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੀਵਾਨ ਸਜਾਇਆ । ਭਰੀ ਸੰਗਤ ਦੇ ਸਾਹਮਣੇ ਹੁਕਮ ਕੀਤਾ ਕਿ ਸ਼ਖ਼ਸੀ ਗੁਰਿਆਈ ਦਾ ਸਿਲਸਲਾ ਖ਼ਤਮ ਕੀਤਾ ਜਾਂਦਾ ਹੈ । ਹੁਣ ਸਦਾ ਲਈ ਖ਼ਾਲਸੇ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਅਤੇ ਦਸ ਗੁਰ-ਵਿਅਕਤੀਆਂ ਦਾ ਸਰੂਪ ਮੰਨਣਾ ਹੈ "।

ਸਪੱਸ਼ਟ ਹੈ ਕਿ ਅੰਤਮ ਛੁਹਾਂ ਨਾਲ ਤਿਆਰ ਹੋਈ, ਦਮਦਮਾ ਸਾਹਿਬ ਵਾਲੀ ਬੀੜ ਨੂੰ ਹੀ ਗੁਰਿਆਈ ਸੌਂਪੀ ਗਈ ਸੀ ।

(੩) ਇਸ ਸਚਾਈ ਤੇ ਤਸਦੀਕੀ ਮੋਹਰ ਲਾਉਂਦਿਆਂ, ਗੁਰਮੁਖਿ ਪਿਆਰੇ ਡ: ਭਾਈ ਵੀਰ ਸਿੰਘ ਨੇ ਆਪਣੀ ਪੁਸਤਕ " ਸ੍ਰੀ ਕਲਗ਼ੀਧਰ ਚਮਤਕਾਰ "(ਦੂਜਾ ਅੱਧ) ਦੇ ੨੬੨ ਸਫ਼ੇ ਤੇ ਇਹ ਕੁਝ ਲਿਖਿਆ ਹੈ :---

> ਏਥੇ ਹੀ (ਦਮਦਮੇ ਸਾਹਿਬ) ਸਤਿਗੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ਜੋ ਦਮਦਮੇ ਵਾਲੀ ਬੀੜ ਦੇ ਨਾਮ ਤੇ ਪ੍ਰਸਿੱਧ ਹੈ । ਇਹ ਬੀੜ "" **ਮੁਸਤਨਿਦ** ਆਖ਼ਰੀ ਬੀੜ " ਹੋਈ । ਆਖ਼ਦੇ ਹਨ ਕਿ ਖ਼ਾਲਸੇ ਦੇ ਦਲਾਂ ਵਿਚ ਇਸ ਦਾ ਹੀ ਅਸਵਾਰਾ ਚੜ੍ਹਦਾ ਸੀ, ਜੋ ਵਡੇ ਘੱਲੂਘਾਰੇ ਤਕ ਦਲਾਂ ਦੇ ਅੰਗ ਸੰਗ ਸੇ । ਪਿੰਡ ਕੂਠਾਲਾ ਰਿਆਸਤ ਮਾਲੇਰ ਕੋਟਲਾ ਦੇ ਇਕ ਸ਼ਹੀਦੀ ਅਸਥਾਨ ਵਿਚ ਇਕ ਬੀੜ ਹੈ, ਜਿਸ ਦੀ ਬਾਬਤ ਕਿਹਾ ਜਾਂਦਾ ਹੈ ਕਿ ਵਡੇ ਘੱਲੂਘਾਰੇ ਦੇ ਵੇਲੇ ਬਾਬਾ ਸੁੱਧਾ ਸਿੰਘ ਜੀ ਦੇ ਜਥੇ ਨੇ ਇਹ ਬੀੜ ਇਸ ਟਿਕਾਣੇ ਟਿਕਾਈ ਸੀ । ਵਿਸ਼ੇਸ਼ ਲਈ ਦੇਖੋ ਅਖ਼ਬਾਰ ' ਖ਼ਾਲਸਾ ਸਮਾਚਾਰ " ਤਰੀਕ ੧੮ ਮਈ ੧੯੩੩ ਈ:, ਜਿਲਦ ੩੪ ਨੰਬਰ ੨੫ ਪੰਨਾ ੫ । ਇਹ ਰਵਾਯਤ ਹੈ ਕਿ ਬਾਬਾ ਦੀਪ ਸਿੰਘ ਜੀ ਨੇ ਚਾਰ ਉਤਾਰੇ ਦਸਮੇ ਵਾਲੀ ਬੀੜ ਦੇ ਹੋਰ ਕਰਾਏ ਸੇ, ਇਨ੍ਹਾਂ ਤੋਂ ਹੀ ਫ਼ੇਰ ਉਤਾਰੇ ਹੋਏ ਤੇ ਛਾਪੇ ਵਿਚ ਇਹੋ **ਮੁਸਤਨਿਦ** ਬੀੜ ਪ੍ਰਵ੍ਰਿਤ ਹੋਈ "

[ਨੋਟ: ਮੁਸਤਨਿਦ ਅਰਬੀ ਭਾਸ਼ਾ ਵਿਚੋਂ ਨਿਕਲਿਆ ਹੈ ਜਿਸ ਦਾ ਅਰਥ ਸਨਦ (ਦਲੀਲ) ਵਾਲਾ, ਪੂਰੇ ਸਬੂਤ ਵਾਲਾਂ]

ਸੀਨਾ-ਬ-ਸੀਨਾਂ ਤੁਰੀ ਆ ਰਹੀ ਰਵਾਯਤ ਤੋਂ ਅਤੇ ਸਿੱਖ ਇਤਿਹਾਸ ਨੂੰ ਸੁਹਿਰਦਤਾ ਨਾਲ ਵਿਚਾਰਿਆਂ, ਬਿਨਾ ਕਿਸੇ ਸ਼ੱਕ ਦੇ ਯਕੀਨ ਬੱਝਦਾ ਹੈ ਕਿ:--

(੧) ਦਮਦਮਾ ਸਾਹਿਬ ਵਿਖੇ ਵਿਚਰਦਿਆਂ ਦਸ਼ਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭਾਈ ਮਨੀ ਸਿੰਘ ਜੀ ਤੋਂ ਓਵੇਂ ਹੀ ਤਿਆਰ ਕਰਵਾਈ ਸੀ ਜਿਵੇਂ ਪੰਚਮ ਪਾਤਿਸ਼ਾਹੀ ਨੇ ਭਾਈ ਗੁਰਦਾਸ ਜੀ ਤੋਂ ਕਰਵਾਈ ਸੀ । ਉਸੇ ਬੀੜ ਦੇ ਘੱਟੋ ਘੱਟ ਚਾਰ ਉਤਾਰੇ ਬਾਬਾ ਦੀਪ ਸਿੰਘ ਜੀ ਨੇ ਕਰ ਲਏ ਸਨ ।

(੨) ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਾਬਾ ਲਹਿਣਾ ਜੀ ਨੂੰ ਗੁਰਿਆਈ ਸੌਂਪ ਕੇ ਰੂਪ ਵਟਾਉਣ ਦੀ ਮਰਯਾਦਾ ਚਲਾਈ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਵੀ ਉਵੇ ਹੀ ਦਮਦਮਾ ਸਹਿਬ ਵਿਖੇ ਲਿਖਵਾਈ ਬੀੜ ਨੂੰ, ਨਾਦੇੜ ਵਿਖੇ ਗੁਰਿਆਈ ਸੌਂਪੀ ਸੀ । " ਸਭ ਸਿੱਖਣ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ " ਪੰਗਤੀ ਪੜ੍ਹੀ ਜਾਣ ਦੀ ਮਰਯਾਦਾ, ਪੰਥ ਵਿਚ ਉਸੇ ਸਮੇਂ ਤੋਂ ਹੀ ਪ੍ਰਚਲਤ ਹੈ ।

ਇਸ ਸਭ ਕੁਝ ਦੀ ਵਿਚਾਰ ਤੋਂ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਖ਼ਾਲਸਾ ਪੰਥ ਨੂੰ ਕੇਵਲ ਅਤੇ ਕੇਵਲ ਉਸੇ ਬਾਣੀ ਦੇ ਲੜ ਲਾਇਆ ਸੀ ਅਥਵਾ ਉਸੇ ਬਾਣੀ ਨੂੰ ਆਪਣਾ ਗੁਰੂ ਮੰਨਣ ਦਾ ਹੁਕਮ ਹੋਇਆ ਸੀ ਜਿਹੜੀ (ਧੁਰ ਕੀ ਬਾਣੀ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿਚ ਅੰਕਤ ਹੈ । **ਹੋਰ ਕਿਸੇ ਵੀ ਬਾਣੀ ਨੂੰ ਅਸੀਂ ਆਪਣਾ ਗੁਰੂ ਨਹੀਂ ਮੰਨ ਸਕਦੇ । ਜਿਸ ਗੁਰਬਾਣੀ ਅੱਗੇ ਦਸ਼ਮੇਸ਼ ਜੀ ਦਾ ਪਾਵਨ ਸੀਸ ਝੁਕਿਆ ਸੀ ਕੇਵਲ ਉਹੀ ਬਾਣੀ ਦਸ਼ਮੇਸ਼ ਜੀ ਦੇ ਥਾਂ ਸਾਡਾ ਗੁਰੂ ਪਰਮੇਸ਼ਰ, ਆਪ ਨਾਰਾਇਣ ਕਲਾਧਾਰ, ਪਰਤੱਖ ਹਰਿ, ਸਭ ਕੁਝ ਹੈ ।**

ਹੁਣ ਅਸੀਂ ਬਿਬੇਕਤਾ ਨਾਲ ਇਸ ਵਿਚਾਰ ਨੂੰ ਅੱਗੇ ਤੋਰੀਏ :--

**(ੳ)** ਸਰਬ ਕਲਾ ਸਮਰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੇ ਚਾਹੁੰਦੇ ਤਾਂ ਆਪਣੀ ਮਰਜ਼ੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਕਾਰ ਵਧਾ ਘਟਾ ਸਕਦੇ ਸਨ,

**(ਅ)** ਦਮਦਮਾ ਸਾਹਿਬ ਵਿਖੇ ਦਸ਼ਮੇਸ਼ ਜੀ ਨੂੰ ਸਰਕਾਰ ਵਲੋਂ ਹਮਲੇ ਦਾ ਕੋਈ ਖ਼ਤਰਾ ਨਹੀਂ ਸੀ ਅਤੇ ਉਥੋਂ ਕਲਗੀਧਰ ਜੀ ਕਿਸੇ ਮਜਬੂਰੀ ਕਾਰਨ ਨਹੀਂ ਸਨ ਤੁਰੇ ਸਗੋਂ ਉਨ੍ਹਾਂ ਨੇ ਆਪਣੀ ਮੌਜ ਵਿਚ ਦੱਖਣ ਵਲ ਨੂੰ ਚਾਲੇ ਪਾਏ ਸਨ । ਜੇ ਚਾਹੁੰਦੇ ਤਾਂ ਉਹ ਦਮਦਮਾ ਸਾਹਿਬ ਹੋਰ ਸਮਾ ਵੀ ਅਟਕ ਸਕਦੇ ਸਨ।

**(ੲ)** ਹਰ ਪੱਖੋਂ ਸਮਰਥ ਸਤਿਗੁਰਾਂ ਨੇ ਆਪਣੀ ਰਚੀ ਬਾਣੀ ਵਿਚੋਂ ਇੱਕ ਪੰਗਤੀ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਸ਼ਾਮਲ ਕਰਕੇ ਸਦੀਵੀ ਗੁਰਿਆਈ ਦੀ ਮਾਲਕ ਬਨਾਉਣੀ ਦਮੁਨਾਸਬ ਨਾ ਸਮਝੀ ।

**(ਸ)** ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਉਸ ਦੇ ਛਕੇ ਜਾਣ ਨੂੰ ਪੰਥ ਲਈ ਬੜਾ ਜ਼ਰੂਰੀ ਘੋਸ਼ਤ ਕਰਨ ਤੋਂ ਸਿੱਧ ਹੁੰਦਾ ਹੈ ਅੰਮ੍ਰਿਤ ਤਆਰ ਕਰਨ ਸਮੇਂ ਪੜ੍ਹੀਆਂ ਗਈਆਂ ਬਾਣੀਆਂ ਬਾਕੀ ਗੁਰੂ ਬਾਣੀ ਨਾਲੋਂ ਘੱਟ ਮਹੱਤਤਾ ਵਾਲੀਆਂ ਨਹੀਂ ਸਨ। ਫਿਰ ਕੀ ਕਾਰਨ ਹੈ ਕਿ ਦਸ਼ਮੇਸ਼ ਜੀ ਨੇ ਉਹ ਤਿੰਨ ਬਾਣੀਆਂ (ਜਾਪ ਸਾਹਿਬ, ਸਵਈਏ, ਚੋਪਈ) ਨੂੰ ਗੁਰਿਆਈ ਦੇ ਕਾਬਲ ਨਾ ਸਮਝੀਆਂ?

**ਅਜੇਹੇ ਸਾਰੇ ਹਾਲਾਤ** ਨੂੰ ਮੁੱਖ ਰੱਖ ਕੇ ਫਿਰ ਕੀ ਇਹ ਸਮਝਿਆ ਜਾਵੇ ਕਿ--

(੧) ਕਿ, (ਕਥਿਤ ਤੌਰ ਤੇ) ਪਤਾਸੇ ਪਾਉਣੇ ਭੁੱਲ ਜਾਣ ਦੀ ਭੱਲ ਕਰਨ ਵਾਂਗ ਹੀ ਦਸ਼ਮੇਸ਼ ਜੀ ਇਹ ਤਿੰਨ ਬਾਣੀਆਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਿੱਸਾ ਬਣਾਉਣੀਆਂ ਭੁੱਲ ਗਏ ਸਨ ?,

(੨) ਕਿ ਜਾਂ ਉਨ੍ਹਾਂ ਨੇ ਆਪਣੀ ਲਿਖੀ ਕੋਈ ਵੀ ਬਾਣੀ ' ਪਿਉ ਦਾਦੇ ਦੇ ਖਜ਼ਾਨੇ " ਵਿਚ ਸ਼ਾਮਲ ਅਥਵਾ ਵਢੱਕੇ ਪਿਤਾ ਪਿਤਾਮਾ ਸਤਿਗੁਰਾਂ ਦੀ ਬਾਣੀ ਦੀ ਬਰਾਬਰੀ ਦੇ ਯੋਗ ਨਾ ਸਮਝੀ ?

(੩) **ਕਿ ਜਾਂ ਸੱਚ ਇਹ ਹੈ ਕਿ ਸਤਿਗੁਰਾਂ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਹੀ ਬਾਣੀ ਪੜ੍ਹੀ ਸੀ ?**

**(ਹ)** ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਅਰੰਭ ਹੋਈ ਪਰੰਪਰਾ ਅਨੁਸਾਰ, ਜਿਸ ਨੂੰ ਸਤਿਗੁਰਾਂ ਨੇ ਗੁਰਿਆਈ ਦਾ ਦਰਜਾ ਨਹੀਂ ਦਿੱਤਾ, ਉਸ ਬਾਣੀ ਨੂੰ " ਗੁਰੂ ਬਾਣੀ " ਦਾ ਦਰਜਾ ਦੇਣ ਦਾ ਅਧਿਕਾਰ ਸਾਰੇ ਸਮਿਲਤ ਖ਼ਾਲਸਾ ਪੰਥ ਕੋਲ ਵੀ ਕਦੇ ਨਹੀਂ ਆਇਆ ।

ਸ਼ਾਇਦ ਏਹੀ ਕਾਰਨ ਹੈ ਕਿ ਪੰਥਕ " ਸਿੱਖ ਰਹਿਤ ਮਰਯਾਦਾ " ਖਰੜੇ ਦੇ ੧੧ ਸਫ਼ੇ ਤੋਂ ਅਰੰਭ ਹੋਏ " ੪-- **ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ** , ਸਿਰਲੇਖ " **ਗੁਰਦਵਾਰੇ** --ਭਾਗ ਦੇ (ਹ) ਪੈਰੇ ਦੀ ਲਿਖਤ ਇਸ ਪ੍ਰਕਾਰ ਹੈ---" **ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ** " । ਭਾਵ, ਕਿਸੇ ਹੋਰ ਗ੍ਰੰਥ ਨੂੰ ਅਥਵਾ ਉਸ ਦੀ ਬਾਣੀ ਨੂੰ ਉਸ ਸਤਿਕਾਰ ਵਾਲੀ ਪਦਵੀ ਪ੍ਰਾਪਤ ਨਹੀਂ ਹੈ ਜਿਸ (**ਤਖ਼ਤ ਚਵਰ ਛਤਰ ਨਾਲ ਸਸ਼ੋਭਤ ਗੁਰੂ ਪਦਵੀ**) ਦੇ ਸਦੀਵੀ ਮਾਲਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ।

ਦਸਮ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਉਹ ਪਦਵੀ ਕਿਸੇ ਵੀ ਦਲੀਲ ਨਾਲ ਨਹੀਂ ਸੀ ਮਿਲ ਸਕਦੀ ਜੋ ਪਦਵੀ ਦਸ਼ਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਦਿੱਤੀ ਹੈ। ਜ਼ਫਰਨਾਮਾ, ਅਕਾਲ ਉਸਤਤ ਆਦਿ **" ਪਾਵਨ ਬਾਣੀ, ਗੁਰਬਾਣੀ "** ਤਾਂ ਬੇਸ਼ੱਕ ਮੰਨੀ ਜਾਵੇ ਪਰ ਉਹ **ਗੁਰੂ-ਬਾਣੀ** ਨਹੀਂ ਹੋ ਸਕਦੀ। ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਹੀ **ਗੁਰਿਆਈ** ਸੌਂਪ ਕੇ ਅਤੇ ਆਪਣੀ ਰਚੀ ਬਾਣੀ ਦਾ ਕਿਤੇ ਸੰਕੇਤ ਮਾਤ੍ਰ ਜ਼ਿਕਰ ਵੀ ਨਾ ਕਰਕੇ, ਅਭੁੱਲ ਸਤਿਗੁਰਾਂ ਨੇ ਕੋਈ ਭੁੱਲ ਨਹੀਂ ਸੀ ਕੀਤੀ ਸਗੋਂ ਉਨ੍ਹਾਂ ਦਾ ਸਪੱਸ਼ਟ ਸੰਕੇਤ ਹੈ ਕਿ ਖ਼ਾਲਸਾ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੁੱਲ ਕਿਸੇ ਵੀ ਹੋਰ ਗ੍ਰੰਥ ਨੂੰ ਨਾ ਮੰਨਣ ਅਤੇ ਸ੍ਰੀ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ (ਰੱਬੀ ਹੁਕਮ ਰੂਪ) ਪਾਵਨ ਬਾਣੀ ਤੁੱਲ ਹੋਰ ਕਿਸੇ ਵੀ ਬਾਣੀ ਨੂੰ ਕਦੇ ਮਾਨਤਾ ਨਾ ਦੇਣ। ਇਸ ਸੰਕੇਤ ਦੇ ਉਲਟ ਵਿਹਾਰ ਕਰਨਾ ਦਸ਼ਮੇਸ਼ ਜੀ ਦੀ ਜ਼ਾਹਰਾ ਹੁਕਮ ਅਦੂਲੀ ਹੈ, ਅਤੇ ਆਪਣੇ ਸਤਿਗੁਰਾਂ ਦੀ ਭਾਵਣਾ ਤੋਂ ਉਲ੍ਹਟ ਤੁਰਨਾ ਗੁਰਸਿੱਖੀ ਨਹੀਂ ਹੈ। ਕਿਸੇ ਹੁਕਮ ਤੋਂ ਅੱਗੇ ਲੰਘ ਤੁਰਨਾਂ ਵੀ ਉਡੀ ਹੀ ਹੁਕਮ-ਅਦੂਲੀ ਹੈ ਜਿੰਨੀ ਕਿ

ਕਿਸੇ ਹੁਕਮ ਨੂੰ ਮੰਨਣ ਤੋਂ ਨਾਂਹ ਕਰਨੀ। ਜਿਸ ਬਾਣੀ ਸੰਗ੍ਰਹ ਦੇ ਸਾਹਮਣੇ ਅਪਾਰ ਬਰਤਕਤਾਂ ਵਾਲਾ ਦਸ਼ਮੇਸ਼ ਜੀ ਦਾ ਸੀਸ ਝੁਕਿਆ ਅਤੇ ਜਿਸ " ਹੁਕਮਾਉ " ਨੂੰ ਕਲਗੀਆਂ ਵਾਲੇ ਦਸਮ ਪਾਤਸ਼ਾਹ ਜੀ ਨੇ ਗੁਰਿਆਈ ਸੌਂਪੀ, ਕੇਵਲ ਉਹੀ ਧੁਰ ਕੀ ਬਾਣੀ " **ਜਗਤ ਗੁਰੂ** " ਹੈ। ਦਿਸ਼ਮੇਸ਼ ਜੀ ਨੇ ਆਪਣੀ ਬਾਣੀ, ਗੁਰਿਆਈ ਦੀ ਪਦਵੀ ਦੇ ਯੋਗ ਕਿਸ ਕਾਰਨ ਨਹੀਂ ਸਮਝੀ? ਇਸ ਬਾਰੇ ਉਹ ਆਪ ਜਾਨਣ। ਇਸ ਮਸਲੇ ਵਿਚਾਰ ਕਰਨੀ ਜਾਂ ਕਿਸੇ ਕਿਸਮ ਦੀ ਸੋਧ ਕਰਨੀ ਸਾਡਾ ਕੰਮ ਨਹੀਂ ਹੈ। ਸਾਡੇ ਲਈ ਆਦੇਸ਼ ਏਹੀ ਹੈ ਕਿ ਅਸੀਂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਹਰ ਪੰਗਤੀ ਨੂੰ ਆਪਣਾ ਗੁਰੂ ਮੰਨ ਕੇ ਸਤਿਕਾਰ ਕਰਦੇ ਹੋਏ ਗੁਰੂ-ਬਾਣੀ ਤੋਂ ਮਿਲਦੇ ਹਰ ਹੁਕਮ ਦੀ ਸਦਾ ਪਾਲਣਾ ਕਰਦੇ ਰਹੀਏ।

ਦਾਸ ਦੀ ਤੁੱਛ ਬੁੱਧੀ ਅਨੁਸਾਰ, ਕੋਈ ਵੀ ਬਾਣੀ (ਭਾਵੇਂ ਬਿਨਾ ਕਿਸੇ ਸ਼ੱਕ ਜਾਂ ਸ਼ੰਕੇ ਦੇ ਦਸ਼ਮੇਸ਼ ਜੀ ਦੀ ਹੀ ਕਿਰਤ ਹੈ,) ਕਿਸੇ ਹਾਲਤ ਵਿਚ ਵੀ " **ਗੁਰੂ ਬਾਣੀ** " ਨਹੀਂ ਹੈ। ਗੁਰਿਆਈ ਦੇ ਅਧਕਾਰ ਵਾਲੀ ਬਾਣੀ **ਹੀ ਸਾਡਾ ਗੁਰੂ** ਹੈ । ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਗੁਰਿਆਈ ਦੇ ਯੋਗ ਅਧਕਾਰੀ ਮਹਾਂਪੁਰਖ ਨੂੰ ਹੀ ਗੁਰਿਆਈ ਸੌਂਪੀ ਸੀ। ਇਸ ਸਿਧਾਂਤ ਦੀ ਪਾਲਣਾ ਦਸ਼ਮੇਸ਼ ਜੀ ਤੱਕ ਸਾਰੇ ਗੁਰੂ ਸਾਹਿਬਾਨ ਨੇ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਕ ਗੁਰਿਆਈ ਉਸੇ ਹੀ ਸਿਧਾਂਤ ਅਨੁਸਰਾ ਪੁੱਜੀ। ਇਸ ਪੱਕੇ ਸਿਧਾਂਤ ਤੋਂ ਬਿਨਾ ਮਿਲੀ ਗੁਰਿਆਈ (ਪ੍ਰਿਥੀ ਚੰਦ, ਧੀਰ ਮੱਲ, ਰਾਮ ਰਾਏ ਆਦਿ ਕਈਆਂ ਨੇ ਗੁਰੂ ਹੋਣ ਦਾ ਐਲਾਨ ਕੀਤਾ ਪਰ ਅਜੇਹੇ ਕਿਸੇ ਗੁਰੂ) ਦੇ ਸਾਮਣੇ ਸਿੱਖ ਪੰਥ ਨੇ (ਕੁਝ ਅਗਿਆਨੀ ਅਤੇ ਭਰਮੀਆਂ ਤੋਂ ਛੁੱਟ) ਕਦੇ ਸੀਸ ਨਹੀਂ ਸੀ ਝੁਕਾਇਆ। **ਹਾਲਾਂ ਕਿ ਅਸਾਂ ਉੱਪਰ ਪੜ੍ਹਿਆ ਹੈ** ਕਿ ਰਹਿਤ ਮਰਯਾਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਤੁੱਲ ਹੋਰ ਕਿਸੇ ਵੀ ਗ੍ਰੰਥ ਨੂੰ ਸਤਿਕਾਰ ਦੇਣ ਦੀ ਆਗਿਆ ਨਹੀਂ ਹੈ ਫਿਰ ਵੀ (ਕਥਿਤ ਤੌਰ ਤੇ ਸ੍ਰੀ ਹਜ਼ੂਰ ਸਾਹਿਬ ਸਮੇਤ) ਕਈ ਥਾਈਂ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਅਖੰਡ ਪਾਠ ਅਤੇ ਸਹਿਜ ਪਾਠ, ਉਵੇਂ ਹੀ ਕੀਤੇ ਜਾ ਰਹੇ ਹਨ, ਜਿਵੇਂ ਸਿੱਖ ਜਗਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਦੇ ਕਰ ਰਿਹਾ ਹੈ। ਇਹ ਸੁਣ ਕੇ ਹੋਰ ਵੀ ਹੈਰਾਨੀ ਹੁੰਦੀ ਹੈ ਕਿ (ਅਸ਼ਲੀਲ ਅਰਥਾਂ ਵਾਲੀ ਬਾਣੀ ਨੂੰ ਪਾਸੇ ਛੱਡਕੇ) ਹੁਕਮ ਨਾਮੇ ਵੀ ਓਵੇਂ ਹੀ ਲਏ ਜਾਂਦੇ ਹਨ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੁਕਮ ਲੈਣ ਦੀ ਪੰਥਕ ਮਰਯਾਦਾ ਹੈ। ਇਹ ਦੋਸ਼ ਭਾਵੇਂ ਅਜੇ ਸੀਮਤ ਅਦਾਰਿਆਂ ਵਿਚ ਹੀ ਪਰਚੱਲਤ ਹੋਇਆ ਹੈ ਪਰ ਇਸ ਦਾ ਸਾਰੇ ਪੰਥ ਵਿਚ ਫੈਲ ਜਾਣਾ ਅਸੰਭਵ ਨਹੀਂ ਰਹਿਣਾ। ਚੰਡੀ ਦੀ ਵਾਰ ਆਦਿ ਕਈ ਬਾਣੀਆਂ ਨੂੰ ਕਰਾਮਾਤੀ ਸ਼ਕਤੀਆਂ ਵਾਲੀਆਂ ਮਨ ਕੇ ਉਨ੍ਹਾਂ ਦੇ ਉਚੇਚੀ ਸ਼ਰਧਾ ਨਾਲ ਪਾਠ ਕਰਨ ਦੀ ਮਰਯਾਦਾ ਤਾਂ ਕਈ ਅੰਮ੍ਰਿਧਾਰੀ ਸਿੰਘਾਂ ਨੇ ਅਪਣਾ ਲਈ ਹੋਈ ਹੈ । ਅਤੇ …….. ਅਤੇ ਫਿਰ ਜਦ ਸਤਿਗੁਰਾਂ ਤੋਂ ਬਾਕਾਇਦਾ ਗੁਰਿਆਈ ਸੌਂਪੀ ਜਾਣ ਤੋਂ ਬਿਨਾ ਹੀ ਅਸੀਂ ਕਿਸੇ ਬਾਣੀ ਨੂੰ ਗੁਰੂ ਮੰਨਿਆਂ ਜਾ ਸਕਦਾ ਹੈ, ਤਾਂ ਜਦ ਸਿੱਖਾਂ ਵਿਚੋਂ ਹੀ ਫਿਰ ਕੋਈ " ਮਨੁੱਖ " ਗੁਰੂ ਹੋਣ ਦਾ ਐਲਾਨ ਕਰ ਬੈਠਦਾ ਹੈ ਤਾਂ ਉਸ ਨੂੰ ਗੁਰੂ ਮੰਨ ਲੈਣ ਵਾਲੇ ਦੋਸ਼ੀ ਕਿਵੇਂ ਰਹਿ ਗਏ?

## ਹੋਰ ਵੀ ਗੰਭੀਰਤਾ ਨਾਲ ਵਿਚਾਰਨ ਵਾਲਾ ਗੁਰਮਤਿ ਪੱਖ--

ਸਤਿਗੁਰਾਂ ਦੇ ਨਿਜ ਫੁਰਮਾਨਾਂ ਦੇ ਅਧਾਰ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਵਜੂਦ ਹੀ, **ਧੁਰ ਦੀ ਬਾਣੀ--ਧੁਰ ਕੀ ਬਾਣੀ ਆਈ** ॥[੬੨੮], ਅਥਵਾ **ਪ੍ਰਭੂ ਦਾ ਹੁਕਮ--ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ** ॥ [੭੬੩] ਅਥਵਾ ਖਸਮ ਕੀ ਬਾਣੀ ਹੈ---**ਜੈਸੀ ਮੈ ਆਵੈ ਖਸਮ ਕੀ ਬਾਣੀ … ੧** ॥[੭੨੨] ਇਸ ਤੋਂ ਵੀ ਸਪੱਸ਼ਟ ਹੈ ਕਿ ਪੰਥ ਦੇ ਵਾਲੀ ਅਥਵਾ ਪੰਥ ਦੇ ਖ਼ਸਮ, ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ । ਹੋਰ ਕਿਸੇ ਵੀ ਬਾਣੀ ਤੇ ਸ਼ਰਧਾ ਬਣਾ ਬਹਿਣੀ ਕੀ---**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥** ਵਾਲਾ ਭਾਣਾ ਵਰਤ ਰਿਹਾ ਹੈ। ਜੇ ੩੦੦ ਸਾਲ ਪਿਛੋਂ ਵੀ ਕਿਤੋਂ ਪਤਾ ਲੱਗ ਜਾਵੇ ਕਿ ਸਾਡਾ ਬੇੜਾ ਪਾਰ ਇਸ ਕਰਕੇ ਨਹੀਂ ਲੱਗ ਰਿਹਾ, ਕਿਉਂਕਿ ਰੱਸਾ ਪਿਛੇ ਕੰਢੇ ਨਾਲ ਬੱਜ ਚੁੱਕਾ ਹੈ, ਤਾਂ ਉਸ ਰੱਸੇ ਨੂੰ ਖੋਹਲ ਲੈਣਾ ਨਾ ਨਮੋਸ਼ੀ ਹੈ ਅਤੇ ਨਾ ਹੀ ਕੋਈ ਪਾਪ ਹੈ।

ਗੁਰਬਾਣੀ ਦੇ ਪਾਵਨ ਸ਼ਬਦ ਬਿਨਾ ਸ਼ੱਕ ਦੇ ਸਿੱਧ ਕਰਦੇ ਹਨ ਕਿ ਦਸ਼ਮੇਸ਼ ਜੀ ਨੇ ਖੰਡੇ ਬਾਟੇ ਦੀ ਪਾਹੁਲ ਤਿਆਰ ਕਰਨ ਸਮੇਂ ਉਸ ਨੂੰ ਕੇਵਲ ਨਾਮ ਅੰਮ੍ਰਿਤ ਦੀ ਹੀ ਪਾਹੁਲ ਦਿੱਤੀ ਹੈ। ਜੇ ਅਸੀਂ ਸਿਵਾਏ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਦੂਜੀ ਕਿਸੇ ਵੀ ਹੋਰ ਬਾਣੀ ਨੂੰ ਗੁਰੂ ਨਹੀਂ ਮੰਨਦੇ ਤਾਂ ਫਿਰ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰਨ ਵਾਲੀ ਪੰਥ ਦੀ ਸਰਬ-ਸ੍ਰੇਸ਼ਟ ਮਰਯਾਦਾ ਵਿਚ ਪੰਜਾਂ ਵਿਚੋਂ ਕੇਵਲ ਦੋ ਬਾਣੀਆਂ ਆਪਣੇ ਸਤਿਗੁਰੂ ਜੀ ਦੀਆਂ ਪੜ੍ਹੀਆਂ ਜਾਣ ਵਿਚ ਕੀ ਅਸੀਂ ਆਪਣੇ ਸਤਿਗੁਰਾਂ ਦੀ ਘੋਰ ਨਿਰਾਦਰੀ ਤਾਂ ਨਹੀਂ ਕਰ ਰਹੇ ਹੁੰਦੇ ? ਇਹ ਕਾਰਾ ਵੀ ਕਿਤੇ ਉਸੇ ਚਪਲ-ਬੁੱਧੀ ਬਿੱਪ੍ਰ ਦਾ ਹੀ ਤਾਂ ਨਹੀਂ ਜਿਹੜਾ ਗੁਰਬਾਣੀ ਵਿਚ ਰਲਾ ਪਾਉਣ ਤੋਂ ਅਸੱਫ਼ਲ ਰਹਿ ਕੇ ਗੁਰਬਣੀ ਦੇ ਗਿਆਨ ਤੋਂ ਪੰਥ ਦੀ ਸ਼ਰਧਾ ਢਿੱਲੀ ਕਰਨ ਲਈ ਇਤਿਹਾਸ ਨੂੰ ਵਿਗਾੜਨ ਵਿੱਚ ਲੱਗਾ ਹੋਇਆ ਸੀ ? ਪੰਥ ਵਿਚ ਨਵੀਂ ਤੋਂ ਨਵੀਂ ਆ ਰਹੀ ਕਮਜ਼ੋਰੀ ਦੇ ਕਾਰਨਾਂ ਵਿਚ ਕਿਤੇ ਇੱਕ ਇਹ ਕਾਰਨ ਵੀ ਤਾਂ ਕੰਮ ਨਹੀ ਕਰ ਰਿਹਾ ਹੈ ? ਕੀ ਗੁਰੁਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਛੁੱਟ, ਕਿਸੇ ਵੀ ਹੋਰ ਬਾਣੀ ਨੂੰ " **ਗੁਰੂ ਬਾਣੀ** " ਥਾਪ ਬਹਿਣ ਵਿਚ ਸਤਿਗੁਰਾਂ ਦੀ ਕਿਸੇ ਸੱਧਰ ਨੂੰ ਜਾਂ ਉਨ੍ਹਾਂ ਦੇ ਲੁਕਵੇਂ ਇਸ਼ਾਰੇ ਤੋਂ ਪ੍ਰਾਪਤ ਹੋ ਰਹੇ ਕਿਸੇ ਦੈਵੀ ਹੁਕਮ ਦੀ ਉਲੰਙਣਾ ਤਾਂ ਨਹੀਂ ਕੀਤੀ ਜਾ ਰਹੀ ਜੀ? ਪੰਥਕ ਤੌਰ ਤੇ ਸਾਰੇ ਪੱਖਾਂ ਦੀ ਵਿਚਾਰ ਕਰ ਲੈਣੀ ਮਾੜੀ ਗੱਲ ਨਹੀਂ ਹੈ॥ ਜੇ ੩੦੦ ਸਾਲ ਪਿਛੋਂ ਵੀ ਕਿਤੋਂ ਪਤਾ ਲੱਗ ਜਾਵੇ ਕਿ ਸਾਡਾ ਬੇੜਾ ਪਾਰ ਇਸ ਕਰਕੇ ਨਹੀਂ ਲੱਗ ਰਿਹਾ, ਕਿਉਂਕਿ ਰੱਸਾ ਪਿਛੇ ਕੰਢੇ ਨਾਲ ਬੱਜ ਚੁੱਕਾ ਹੈ, ਤਾਂ ਉਸ ਰੱਸੇ ਨੂੰ ਖੋਹਲ ਲੈਣਾ ਨਾ ਨਮੋਸ਼ੀ ਹੈ ਅਤੇ ਨਾ ਹੀ ਕੋਈ ਪਾਪ ਹੈ।

੪- **ਗੁਰਮੁਖਿ ਹਰਿ ਜੀਉ ਸਦਾ ਧਿਆਵਹੁ ਜਬ ਲਗੁ ਜੀਅ ਪਰਾਨ ॥ ਗੁਰ ਸਬਦੀ ਮਨੁ ਨਿਰਮਲੁ ਹੋਆ ਚੂਕਾ ਮਨਿ ਅਭਿਮਾਨੁ ॥ ਸਫਲੁ ਜਨਮੁ ਤਿਸੁ ਪ੍ਰਾਨੀ ਕੇਰਾ, ਹਰਿ ਕੈ ਨਾਮਿ ਸਮਾਨ ॥ ੧ ॥ ਮੇਰੇ ਮਨ ਗੁਰ ਕੀ ਸਿਖ ਸੁਣੀਜੈ ॥ ਹਰਿ ਕਾ ਨਾਮੁ ਸਦਾ ਸੁਖਦਾਤਾ ਸਹਜੇ ਹਰਿ ਰਸੁ ਪੀਜੈ ॥ ੧ ॥ ਰਹਾਉ ॥ਮੂਲੁ ਪਛਾਣਨਿ ਤਿਨ ਨਿਜ ਘਰਿ ਵਾਸਾ ਸਹਜੇ ਹੀ ਸੁਖੁ ਹੋਈ ॥ ਗੁਰ ਕੈ ਸਬਦਿ ਕਮਲੁ ਪਰਗਾਸਿਆ ਹਉਮੈ ਦੁਰਮਤਿ ਖੋਈ ॥ ਸਭਨਾ ਮਹਿ ਏਕੋ ਸਚੁ ਵਰਤੈ ਵਿਰਲਾ ਬੂਝੈ ਕੋਈ ॥ ੨ ॥ ਗੁਰਮਤੀ ਮਨੁ ਨਿਰਮਲੁ**

**ਹੋਆ ਅੰਮ੍ਰਿਤੁ ਤਤੁ ਵਾਖਾਨੈ ॥ ਹਰਿ ਕਾ ਨਾਮੁ ਸਦਾ ਮਨਿ ਵਸਿਆ ਵਿਚਿ ਮਨ ਹੀ ਮਨੁ ਮਾਨੈ ॥ ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿਤੁ ਆਤਮ ਰਾਮੁ ਪਛਾਨੈ ॥ ੩ ॥**[੧੩੩੪]-੫

੩

## ਸਵਾਲਾਖ ਸੇ ਏਕ ਲੜਾਊਂ

" ਸਵਾਲਾਖ ਸੇ ਏਕ ਲੜਾਊਂ ਤਬੇ ਗੋਬਿੰਦ ਸਿੰਘ ਨਾਮ ਕਹਾਊਂ " ਕਵੀ ਦੇ ਇਨ੍ਹਾਂ ਬੋਲਾਂ ਨੂੰ ਪੰਥਕ ਲਿਖਾਰੀਆਂ ਅਤੇ ਪਰਚਾਰਕਾਂ ਨੇ ਕਲਗ਼ੀਧਰ ਜੀ ਦੇ ਪਾਵਨ ਨਾਮ ਨਾਲ ਪੂਰੀ ਤਰ੍ਹਾਂ ਜੋੜਿਆ ਹੋਇਆ ਹੈ। ਇਸ ਲਈ ਇਨ੍ਹਾਂ ਬਚਨਾਂ ਨੂੰ ਗ਼ਲਤ ਅਰਥਾਂ ਵਿਚ ਵਰਤਣ ਨਾਲ ਦਸ਼ਮੇਸ਼ ਜੀ ਬਾਰੇ ਗ਼ਲਤ-ਫਹਿਮੀ ਫੈਲਾਉਣ ਦਾ ਦੋਸ਼ ਬਣਦਾ ਹੈ। ਇਨ੍ਹਾਂ ਬਚਨਾਂ ਦੇ ਠੀਕ ਅਰਥ ਸਮਝ ਅਸਲ ਭਾਵ ਸਮਝ ਕੇ ਇਨ੍ਹਾਂ ਬਚਨਾ ਪ੍ਰਤੀ ਸੱਚੀ ਸ਼ਰਧਾ ਅਤੇ ਸਤਿਕਾਰ ਬਣਾਉਣਾ ਲੋੜੀਏ ।

ਸੰਤ ਬਾਬਾ ਜਰਨੈਲ ਸਿੰਘ ਜੀ ਆਪਣੇ ਭਾਸ਼ਨਾਂ ਵਿਚ (ਲਗ-ਪਗ ੧੯੭੮ ਦੀ ਵਿਸਾਖੀ ਤੋਂ ਅਰੰਭ ਹੋ ਕੇ ੧੯੮੪ ਦੇ **ਨੀਲੇ-ਤਾਰੇ** ਜੰਗ ਤੱਕ) ਬਾਰ ਬਾਰ ਕਿਹਾ ਕਰਦੇ ਸਨ ਕਿ ਕਲਗ਼ੀਧਰ ਜੀ ਨੇ ਸਾਨੂੰ ਇਕੱਲੇ ਇਕੱਲੇ ਨੂੰ ਸਵਾ ਸਵਾ ਲੱਖ ਦੇ ਬਰਾਬਰ ਕੀਤਾ ਹੋਇਆਂ (ਅਗਲੇ ੨੭-੨੭ ਅਥਵਾ ੩੫-੩੫ ਵਾਲੇ ਬੋਲ ਵੀ ਬਿਨਾਂ ਲਿਖਿਊਂ ਉਜਾਗਰ ਹੀ ਹਨ) । ਬ੍ਰਾਹਮਣ ਦਾ ਇਹ ਲਿਖਿਆ ਕਿ ਨਵ ਜਨਮੇ ਹਨੂੰਮਾਨ ਜੀ ਨੇ ਫਲ ਸਮਝ ਕੇ ਸੂਰਜ (ਜੋ ਧਰਤੀ ਨਾਲੋਂ ਲੱਖਾਂ ਗੁਣਾ ਵੱਡਾ ਹੈ ਅਤੇ ਅਤੇ ਲੋਹੇ ਅਥਵਾ ਮਿੱਟੀ ਨੂੰ ਪਲਾਂ ਵਿਚ ਪਾਣੀ ਬਣਾ ਕੇ ਵਗਾ ਦੇਣ ਦੀ ਅਪਾਰ ਤਪਸ਼ ਦਾ ਹੈ) ਨੂੰ ਖਾ ਗਏ ਸਨ, ਕੋਰਾ ਝੂਠ ਮੰਨਿਆ ਜਾਂਦਾ ਹੈ। ਏਧਰ ਇਹ ਵੀ ਕਦੇ ਸੱਚ ਨਹੀਂ ਮੰਨਿਆਂ ਜਾ ਸਕਦਾ ਕਿ ਇੱਕ ਸਿੰਘ ਸਵਾ ਲੱਖ ਮਨੁਖਾਂ ਨੂੰ ਤੀਰ, ਤਲਵਾਰ, ਪਸਤੌਲ ਅਥਵਾ ਬੰਦੂਕ ਨਾਲ ਮਾਰ ਸਕਦਾ ਹੈ। ਚਮਕੌਰ ਦੀ ਜੰਗ ਸਮੇਂ ਦਸ਼ਮੇਸ਼ ਜੀ ਦੇ ਨਾਲ ਦੋ ਸਾਹਿਬਜ਼ਾਦੇ ਅਤੇ ੪੦ ਸਿੰਘ ਵੀ ਸਨ ਅਤੇ ਵੈਰੀਆਂ ਦੀ ਫ਼ੌਜ ਕੇਵਲ ੧੦ ਲੱਖ ਸੀ। ਦਸ ਲਖ ਲਈ ਤਾਂ ਅੱਠ ਸਿੰਘ ਹੀ ਕਾਫ਼ੀ ਸਨ। ਪਰ ਸ਼ਾਮ ਤਾਂਈ ਦੋਹਾਂ ਸਾਹਿਜ਼ਾਦਿਆਂ ਸਮੇਤ ਤੀਹਾਂ ਤੋਂ ਵੱਧ ਸਿੰਘ ਸ਼ਹੀਦ ਹੋ ਚੁੱਕੇ ਸਨ ਵੈਰੀਆਂ ਦੇ ਘੇਰੇ ਦੀ ਕਰੜਾਈ ਵਿਚ ਐਵੇਂ ਨਾਮ ਮਨਾਤ੍ਰ ਫ਼ਰਕ ਭਾਵੇਂ ਆਇਆ ਹੋਵੇ ? ਪਰ ਲਿਖਾਰੀਆਂ ਨੇ ਮਾਛੀਵਾੜੇ ਦੇ ਦੁਆਲੇ ਕਈ ਮੀਲਾਂ ਵਿਚ ਦੁਸ਼ਮਣਾ ਦਾ ਘੇਰਾ ਜਿਉਂ ਦਾ ਤਿਉਂ ਲਿਖਿਆ ਹੈ ।

ਦੁਖਦਾਈ ਭਾਣਾ ਇਹ ਵਰਤ ਰਿਹਾ ਹੈ ਕਿ ਸੰਤਾਂ ਮਹਾਂ ਪੁਰਖਾਂ ਨੇ ਵੀ **ਲੜਾਊਂ** ਦੇ ਅਰਥ **ਮਰਵਾਊਂ** ਹੀ ਮੰਨ ਲਏ ਹੋਏ ਸਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਗੁਰੂ ਦਾ ਸਿੱਖ ਸਰੀਰਕ ਮੌਤ ਵਲੋਂ ਏਨਾਂ ਬੇਪਰਵਾਹ ਹੋ ਚੁੱਕਾ ਸੀ ਕਿ ਸਵਾਲੱਖ ਵੈਰੀ ਦੀ ਗੱਲ ਤਾਂ ਕਿਤੇ ਰਹੀ, ਭਾਵੇਂ ਸਾਰਾ ਭਾਰਤ ਦੇਸ਼ ਵੀ ਚੜ੍ਹ ਕੇ ਆ ਜਾਵੇ ਤਾਂ ਉਹ ਪਿੱਠ ਦੇ ਕੇ ਕਦੇ ਨਹੀਂ ਸੀ ਭੱਜਦਾ। ਦੌੜ ਕੇ ਜਾਨ ਬਚਾ ਲੈਣ ਨਾਲੋਂ ਜੂਝ ਕੇ ਸ਼ਹੀਦ ਹੋ ਜਾਣ ਨੂੰ ਧੰਨ-ਭਾਗ ਸਮਝਦਾ ਸੀ। ਸੋ ਸਵਾ ਲਾਖ ਸੇ ਏਕ ਲੜਵਾਂਊਂ ਵਾਲਾ ਬਚਨ ਲਗ-ਮਾਤ੍ਰ ਤੱਕ ਸੱਚ ਹੈ। ਪਰ " ਲੜਾਊਂ " ਦੇ ਅਰਥ ਵਿਗਾੜ ਕੇ, **ਮਰਵਾਂਊਂ** ਬਣਾ ਲੈਣੇ, ਹੰਕਾਰ ਪੈਦਾ ਕਰਨ ਵਾਲੀ ਬੋਲੀ ਹੈ, ਅਥਵਾ ਹਾਸੋ-ਹੀਣਾ ਝੂਠ ਹੈ ।

੫- **ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥**
**ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥ ੨ ॥**[੧੨੯੦]-ਵਾ-੨੬

੪

## ਖੰਡੇ ਬਾਟੇ ਦੇ ਅੰਮ੍ਰਿਤ ਵਿਚ ਕਰਾਮਾਤੀ ਸ਼ਕਤੀਆਂ ?

**ਭਿੰਡਰਾਂ ਵਾਲੇ ਸੰਤਾਂ ਮਹਾਂਪੁਰਖਾਂ ਨੇ** (ਪੁਸਤਕ ਗੁਰਮਤ ਰਹਿਤ ਮਰਯਾਦਾ ਸਫ਼ਾ ੪੭ ਤੋਂ ੧੧੧) ਖੰਡੇ ਬਾਟੇ ਦੇ ਅੰਮ੍ਰਿਤ ਵਿਚ ਜੋ ਕਰਾਮਾਤਾਂ ਲਿਖੀਆਂ ਹਨ ਉਨ੍ਹਾਂ ਦਾ ਜ਼ਿਕਰ ਪਹਿਲਾਂ ਕਈ ਥਾਂਈ ਆ ਚੁੱਕਾ ਹੈ--**(੧)** ਚਿੜੀਆਂ ਦੇ ਜੋੜੇ ਦਾ ਆਪਸ ਵਿਚ ਲੜ ਮਰਨਾਂ । **(੨)** ਦੋਹਾਂ ਚਿੜੀਆਂ ਨੇ ਤਕੜੇ ਬਾਜ ਨੂੰ ਢਾ ਕੇ ਮਾਰ ਦੇਣਾ । **(੩)** ਪੰਜਾਂ ਪਿਆਰਿਆਂ ਦੇ ਕੱਟੇ ਹੋਏ ਸਿਰਾਂ ਨੂੰ ਮੁੜ ਧੜਾਂ ਨਾਲ ਜੋੜ ਕੇ ਅੰਮ੍ਰਿਤ ਦੇ ਛੱਟੇ ਮਾਰ ਕੇ ਸਿੰਘਾਂ ਨੂੰ ਸੁਰਜੀਤ ਕਰ ਦੇਣਾਂ । ਅਤੇ-{ਨੋਟ:--ਇਹ ਕਥਿਤ ਤਿੰਨੇ ਕੌਤਕ ੧੬੯੯ ਵਾਲੀ ਵਿਸਾਖੀ ਤੇ ਤਿਆਰ ਹੋਏ ਓਸੇ ਅੰਮ੍ਰਿਤ ਵਿਚ ਦੱਸੇ ਜਾਂਦੇ ਹਨ ਜਿਹੜਾ ਦਸ਼ਮੇਸ਼ ਜੀ ਨੇ ਆਪ ਤਿਆਰ ਕੀਤਾ ਸੀ । ਪੰਜਾਂ ਪਿਆਰਿਆਂ ਨੇ ਜਿੰਨੀ ਵਾਰੀ ਵੀ ਅੰਮ੍ਰਿਤ ਤਿਆਰ ਕੀਤਾ ਉਸ ਵਿਚ ਅਜੇਹੀ ਕਰਾਮਾਤ ਮੁੜ ਕਦੇ ਨਹੀਂ ਵੇਖੀ ਗਈ] । **(੪)** ਭਿੰਡਰਾਂ ਵਾਲਿਆਂ ਦੇ ਲਿਖਣ ਅਨੁਸਾਰ ਅੱਜ ਵੀ ਜਿਹੜਾ ਸਿੱਖ ਅੰਮ੍ਰਿਤ ਛਕ ਲੈਂਦਾ ਹੈ ਉਹ ਭਾਂਵੇਂ ਗਲਤੀਆਂ (ਪਾਪ) ਵੀ ਕਰੀ ਜਾਵੇ ਉਸ ਨੂੰ ਦਸ਼ਮੇਸ਼ ਜੀ ਦਸ ਹਜ਼ਾਰ ਸਾਲ ਨਰਕਾਂ ਵਿਚ ਨਹੀਂ ਪੈਣ ਦਿੰਦੇ ਅਤੇ ਉਹ ਹਰ ਵਾਰ ਸਿੱਖਾਂ ਦੇ ਘਰ ਹੀ ਜਨਮ ਲੈਂਦਾ ਹੈ ।

**ਖ਼ਤਰੇ ਦਾ ਘੜਿਆਲ ?**---ਖੰਡੇ ਬਾਟੇ ਦੇ ਅੰਮ੍ਰਿਤ ਨੂੰ ਤਿਆਰ ਹੋਇਆਂ ਕਰੀਬ ੩੦੦ ਸਾਲ ਹੋਏ ਹਨ । ਭਿੰਡਰਾਂ ਵਾਲਿਆਂ ਦੇ ਲਿਖਣ ਅਨੁਸਾਰ, ੩੦੦ ਸਾਲਾਂ ਵਿਚ ਅੰਮ੍ਰਿਤ ਪਾਨ ਕਰਨ ਉਪ੍ਰੰਤ ਜਿੰਨੇ ਸਿੰਘ ਵੀ ਪਤਿਤ ਹੋਏ, ਅਥਵਾ ਜਿੰਨ੍ਹਾਂ ਵਿਚੋਂ ਭਾਵੇਂ ਕੋਈ ਕਾਤਲ ਹੈ, ਲੁਟੇਰਾ ਹੈ, ਭਾਂਵੇਂ ਠੱਗ ਅਤੇ ਬਲੈਕੀਆ ਆਦਿ, ਨੀਚ ਤੋਂ ਨੀਚ ਕਰਮੀ ਹੈ, ਸਾਰੇ ਦੇ ਸਾਰੇ ਸਿੱਖਾਂ ਦੇ ਘਰਾਂ ਵਿਚ ਜਨਮ ਲੈਂਦੇ ਆ ਰਹੇ ਹਨ। ਅਤੇ ਜਿੰਨਾਂ ਚਿਰ ਦਸ ਹਜ਼ਾਰ ਸਾਲ ਪੂਰੇ ਨਹੀਂ ਹੁੰਦੇ ਪੰਥ ਵਿਚ ਪੁਰਾਣੇ ਪਾਪੀਆਂ ਦੀ ਗਿਣਤੀ ਵਧਦੀ ਹੀ ਰਹਿਣੀ ਹੈ। ਫਿਰ ਵਿਚਾਰ ਕਰੀਏ ਕਿ, ਅਜੇਹੇ ਪਾਪੀਆਂ ਦੀ ਸੰਤਾਨ ਕਿੰਨੀ ਕੁ ਨੇਕ ਹੋਣੀ ਹੈ ? ਭਿੰਡਰਾਂ ਵਾਲਿਆਂ ਦੇ ਸਿਧਾਂਤ (Theory) ਅਨੁਸਾਰ ਦਸ ਹਜ਼ਾਰ ਸਾਲਾਂ ਵਿਚ ਖ਼ਾਲਸਾ ਪੰਥ ਵਿਚ ਸ਼ਾਇਦ ਹੈ ਜੇ ਕੋਈ ਨੇਕ ਮਨੁੱਖ ਰਹਿ ਜਾਵੇ। ਕੀ ਅਜੇਹੇ ਭਰਮ ਪਾਉਣੇ ਵਾਲੇ ਸਾਧਾਂ ਦੇ ਡੇਰੇ **ਡੇਰੇ ਰਾਤ ਰਾਤ ਨਹੀਂ ਬੰਦ ਕਰਾ ਦੇਣੇ ਚਾਹੀਦੇ ?**

**ਹੇ ਪੰਥ ਦੇ ਜਥੇਦਾਰ ਜੀਓ !** ਦੁਹਾਈ ਹੈ ਦਸ਼ਮੇਸ਼ ਜੀ ਦੇ ਨਮ ਦੀ, ਆਪਣਾ ਫ਼ਰਜ਼ ਪਛਾਣੋ ਅਤੇ ਕੱਢ ਦਿਉ ਅਜੇਹੇ ਖ਼ਤਰੇ ਨੂੰ ਪੰਥ ਵਿਚੋਂ । ੧੯੯੬ ਦੀਆਂ S.G.P.C. ਦੀ ਚੋਣਾ ਵਿਚ ਜਿਵੇਂ ਤੁਸਾਂ ਡੇਰਾਵਾਦ ਨੂੰ ਹਾਰ ਦਿੱਤੀ ਹੈ ਉਵੇਂ ਹੀ ਹੰਭਲਾ ਮਾਰੋ ਅਤੇ ਗੁਰੂ ਦਰਬਾਰਾਂ ਵਿਚੋਂ ਵੀ ਇਨ੍ਹਾਂ ਦੀ ਚੌਧਰ ਨੂੰ ਧੋ ਕੇ ਬਾਹਰ ਕੱਢ ਦਿਉ ।

**ਅਸਲੀ ਕਰਾਮਾਤਾਂ ਦਾ ਵੇਰਵਾ**--

**(੧)** ਖੰਡੇ-ਬਾਟੇ ਦੇ ਅੰਮ੍ਰਿਤ ਵਿਚ ਸਭ ਤੋਂ ਵੱਡੀ ਕਰਾਮਾਤੀ ਸ਼ਕਤੀ ਇਹ ਹੈ ਕਿ ਇਸ ਨੂੰ ਪਾਨ ਕਰਨ ਵਿਚ ਦਸ਼ਮੇਸ਼ ਜੀ ਦਾ ਸੱਧਰਾਂ ਭਰਿਆ ਹੁਕਮ ਸ਼ਾਮਲ ਹੈ--**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥** [੪੭੧] ਗੁਰੂ ਦੇ ਹੁਕਮ ਵਿਚ ਚੱਲਣਾ, ਪ੍ਰਭੂ-ਖਸਮ ਦੇ ਦਰਬਾਰ ਵਿਚ ਪੁਜਣ ਲਈ ਰਾਹਦਾਰੀ ਹੈ। ਹੁਕਮੀ ਦੀਆਂ ਖ਼ੁਸ਼ੀਆਂ ਉਸ ਦੇ ਹੁਕਮ ਮੰਨਣ ਵਿਚ ਲੁਕੀਆਂ ਹੁੰਦੀਆਂ ਹਨ ।

**(੨)** ਅੰਮ੍ਰਿਤ ਪਾਨ ਕਰਨ ਵਾਲੇ ਸਿੰਘ ਨੇ ਉਨ੍ਹਾਂ ਪੰਜਾਂ ਕਕਾਰਾਂ ਦਾ ਧਾਰਨੀ ਬਣਨਾਂ ਹੁੰਦਾ ਹੈ ਜਿਹੜੇ ਕਲਗ਼ੀਧਰ ਜੀ ਨੂੰ ਪਿਆਰੇ ਹਨ। ਆਪਣੇ ਸਤਿਗੁਰੂ ਜੀ ਦਾ ਪਿਆਰ ਜਿੱਤ ਲੈਣ ਨਾਲੋਂ ਵੱਡੀ ਕਰਾਮਾਤ ਹੋਰ ਕੋਈ ਨਹੀਂ ਹੈ।

**(੩)** ਅੰਮ੍ਰਿਤਧਾਰੀ ਦਾ ਦਸਮ ਸਤਿਗੁਰੂ ਨਾਨਕ ਜੀ ਨਾਲ ਪਰਵਾਰਕ ਸਾਂਝ ਬਣਦੀ ਹੈ। ਉਸ ਨੇ ਅੱਗੇ ਤੋਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਬਾਬਾ ਫ਼ਤਹ ਸਿੰਘ ਵਾਂਗ ਜਿੰਦਗੀ ਬਣਾ ਲੈਣ ਦੇ ਅਜੇਹਾ ਪ੍ਰਣ ਲੈਣਾ ਹੁੰਦਾ ਜਿਸ ਵਿਚ ਦਸਾਂ ਹੀ ਸਤਿਗੁਰਾਂ ਦੀ ਖ਼ੁਸ਼ੀ ਸਮੋਈ ਹੁੰਦੀ ਹੈ। ਅਤੇ ਜੀਵਨ ਜੁਗਤ ਸੁਆਰ ਲੈਣ ਦੀ ਚਿੱਟਕ ਲੱਗ ਜਾਣੀ ਵੀ ਆਪਣੇ ਆਪ ਵਿਚ ਬੜੀ ਵੱਡੀ ਕਰਾਮਾਤ ਹੀ ਹੈ।

[*Foot Note:--ਪੰਜ ਪਿਆਰੇ ਗੁਰੂ ਕੇਵਲ ਉਹੀ ਹਨ ਜਿਨ੍ਹਾਂ ਨੇ ਆਪਣਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਢਾਲ ਲਿਆ ਹੁੰਦਾ ਹੈ। ਜੋ ਕੋਈ ਬਚਨ ਵੀ ਗੁਰੂਬਾਣੀ ਦੇ ਸਿਧਾਂਤ ਦੀ ਖੰਡਨਾ ਵਾਲਾ ਨਹੀਂ ਬੋਲਦੇ। ਜੇ ਉਹ ਅੰਮ੍ਰਿਤ ਅਭਿਲਾਖੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਨਕੂਲ ਸਿਖਿਆ ਨਹੀਂ ਦਿੰਦੇ ਅਥਵਾ ਜੇ ਉਹ ਮਨਮਤਿ ਨਾਲ ਜੋੜਦੇ ਹਨ ਤਾਂ ਉਨ੍ਹਾਂ ਦੀ ਅਜੇਹੀ ਗੱਲ ਉਸੇ ਵੇਲੇ ਰੱਦ ਕਰ ਦੇਣ ਦਾ ਪੂਰਾ ਹੱਕ ਹੈ। ਅੰਨ੍ਹੀ ਸ਼ਰਧਾ ਪੰਥ ਨੂੰ ਕਈ ਧੜਿਆਂ ਵਿਚ ਵੰਡਦੀ ਜਾ ਰਹੀ ਹੈ। ਖ਼ਾਲਸਾ ਪੰਥ ਨੂੰ ਗੁਰਿਆਈ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੀ ਮਿਲੀ ਸੀ। ਸਤਿਗੁਰਾਂ ਤੋਂ ਆਕੀ ਸਿੱਖ ਨਹੀਂ ਸਗੋਂ ਮਨਮੁੱਖ ਹੁੰਦਾ ਹੈ। ਸੋ ਸਾਰਾ ਪੰਥ ਰਲ ਕੇ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸੇ ਹੁਕਮ ਦੀ ਉਲੰਘਣਾ ਨੂੰ ਗੁਰਮਤਿ ਨਹੀਂ ਕਹਿ ਸਕਦਾ। ਜੇ ਪੰਥ ਵਲੋਂ ਜਾਰੀ ਹੋਇਆ ਹੁਕਮਨਾਮਾ ਗੁਰਬਾਣੀ ਦੇ ਹੁਕਮ ਦੀ ਖੰਡਨਾ ਕਰਦਾ ਹੈ, ਅਥਵਾ ਜੇ ਉਹ ਗੁਰਮਤਿ ਦੇ ਅਨਕੂਲ ਨਹੀਂ ਹੈ ਤਾਂ ਉਹ ਵੀ ਰੱਦੀ ਦਾ ਟੁਕੜਾ ਹੀ ਹੈ]

**(੪)** ਤੇਜ-ਪ੍ਰਤਾਪ ਵਾਲਾ ਜੀਵਨ, ਕੇਵਲ ਉਸੇ ਅੰਮ੍ਰਿਤ ਧਾਰੀ ਦਾ ਬਣਿਆਂ ਰਹਿੰਦਾ ਹੈ ਜਿਹੜਾ ਇਸ **ਕਰਾਮਾਤੀ ਪ੍ਰਣ** ਨੂੰ ਕੇਸਾਂ ਸੁਆਸਾ ਨਾਲ ਨਿਭਾਉਂਦਾ ਹੈ। ਸਤਿਗੁਰਾਂ ਦੇ ਸਾਹਮਣੇ ਕੀਤੇ ਪ੍ਰਣ ਨੂੰ ਨਿਭਾਉਣਾ ਆਪਣੇ ਸਤਿਗੁਰਾਂ ਦੀਆਂ ਖ਼ੁਸ਼ੀਆਂ ਦਾ ਖ਼ਜ਼ਾਨਾ ਜਿੱਤ ਲੈਣਾ ਹੁੰਦਾ ਹੈ। ਜਿਸ ਭਾਗਾਂ ਵਾਲੇ ਨੇ ਸਤਿਗੁਰਾਂ ਦੇ ਬਚਨ ਧਿਆਨ ਨਾਲ ਆਪਣੇ ਕੰਨੀ ਸੁਣ ਕੇ ਗੁਰਮਤਿ ਅਨੁਸਾਰ ਜੀਣਾ ਸਿੱਖ ਲਿਆ ਉਸ ਦੀ ਕਾਇਆਂ ਕਲਪ ਹੋ ਗਈ। ਉਹ ਮਾਨੋਂ ਕੱਚ ਤੋਂ ਸੋਨਾ ਅਥਵਾ, ਲੋਹੇ ਤੋਂ ਵਡਮੁਲਾ ਲਾਲ ਬਣ ਗਆ। ਖੰਡੇਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਦੇ ਉਪਦੇਸ਼ ਅਨੁਸਾਰ ਚੱਲਣ ਵਾਲਾ, ਪੱਥਰ ਤੋਂ ਅਨਮੋਲ ਮਾਣਕ, ਅਥਵਾ ਲੱਕੜ ਤੋਂ ਚੰਦਨ ਅਤੇ ਪਸੂ ਪਰੇਤ ਤੋਂ ਦੇਵਤਾ ਬਣ ਗਿਆ। ਕੀ ਇਹ ਕੋਈ ਛੋਟੀ ਕਰਾਮਾਤ ਹੈ ? ਗੁਰੂ-ਫ਼ੁਰਮਾਨ:--

੬- **ਕਚਹੁ ਕੰਚਨ ਭਇਅਉ, ਸਬਦ ਗੁਰ ਸ੍ਰਵਣਹਿ ਸੁਣਿਅਓ ॥ ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥ ਲੋ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥ ਪਾਹਣ ਮਾਣਕ ਕਰੈ, ਗਿਆਨੁ ਗੁਰ ਕਹਿਅਉ ਬੀਚਾਰੈ ॥ ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥ ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥ ੨ ॥**[੧੩੯੯]-੬

**ਅਰਥ**:--(ਜਿਸ ਮਨੁੱਖ ਨੇ) ਗੁਰੂ ਦਾ ਸ਼ਬਦ (ਮਨ ਲਾ ਕੇ) ਕੰਨਾ ਨਾਲ ਸੁਣਿਆ ਹੈ ਉਹ (ਮਾਨੋਂ) ਕੱਚ ਤੋਂ ਸੋਨਾ ਹੋ ਗਿਆ। ਜਿਸ ਨੇ ਸਤਿਗੁਰਾਂ ਦਾ (ਦਿੱਤਾ) ਨਾਮ ਮੂੰਹੋਂ ਉਚਾਰਿਆ ਹੈ, ਉਹ ਵਿਹੁ ਤੋਂ ਅੰਮ੍ਰਿਤ ਬਣ ਗਿਆ। ਜੇ ਸਤਿਗੁਰੂ (ਜੀ) ਮਿਹਰ ਦੀ ਨਜ਼ਰ ਕਰਨ ਤਾਂ ਜੀਵ ਲੋਹੇ ਤੋਂ ਲਾਲ ਬਣ ਜਾਂਦਾ ਹੈ। ਜਿੰਨ੍ਹਾਂ ਮਨੁੱਖਾਂ ਨੇ ਗੁਰੂ ਦੇ ਦੱਸੇ ਗਆਨ ਨੂੰ ਵਿਚਾਰ ਕੇ ਜਪਿਆ ਹੈ (ਭਾਵ, ਜੀਵਨ ਉਸ ਅਨੁਸਾਰ ਢਾਲ ਲਿਆ ਹੈ) ਉਹ (ਮਾਨੋ) ਪੱਥਰਾਂ ਤੋਂ ਮਾਣਕ ਬਣ ਗਏ। ਜਿੰਨ੍ਹਾਂ ਮਨੁੱਖਾਂ ਨੇ ਸਤਿਗੁਰਾਂ ਦੇ ਚਰਨ ਪਰਸੇ ਹਨ ਉਹ ਪਸੂ ਤੋਂ ਪ੍ਰੇਤਾਂ ਤੋਂ ਦੇਵਤੇ ਤੇ ਮਨੁੱਖ ਬਣ ਗਏਉਨ੍ਹਾਂ ਦੇ ਦੱਖ ਦਰਿਦ੍ਰ ਦੂਰ ਹੋ ਗਏ ਹਨ ਅਤੇ ਸਤਿਗੁਰੂ (ਜੀ) ਨੇ ਉਨ੍ਹਾਂ ਨੂੰ (ਮਾਨੋ) ਕਾਠ ਤੋਂ ਕੰਚਨ ਬਣਾ ਦਿੱਤਾ ਹੈ। ੨।

ਅਤੇ ਫਿਰ ਸਾਨੂੰ ਇਹ ਵੀ ਕਦੇ ਨਹੀਂ ਭੁੱਲਣਾ ਚਾਹੀਦਾ ਕਿ, ਖੰਡੇ ਬਾਟੇ ਦੀ ਤਿਆਰੀ ਦੀ, ਅਤੇ " ਅੰਮ੍ਰਿਤ ਪਾਨ " ਕਰਾਏ ਜਾਨ ਦੀ ਸਾਰੀ ਮਰਯਾਦਾ, ਵਾਸਤਵ ਵਿਚ ਨਾਮ-ਅੰਮ੍ਰਿਤ ਹੀ ਪਾਨ (=ਦ੍ਰਿੜ੍ਹ) ਕਰਨ ਕਰਾਉਣ ਦੀ ਹੀ ਹੈ :--

੭- **ਦੁਆਦਸੀ ਦਾਨੁ ਨਾਮੁ ਇਸਨਾਨੁ ॥ ਹਰਿ ਕੀ ਭਗਤਿ ਕਰਹੁ ਤਜਿ ਮਾਨੁ ॥ ਹਰਿ ਅੰਮ੍ਰਿਤ ਪਾਨ ਕਰਹੁ ਸਾਧ ਸੰਗਿ ॥ ਮਨ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ ॥ ਕੋਮਲ ਬਾਣੀ ਸਭ ਕਉ ਸੰਤੋਖੈ ॥ ਪੰਚ ਭੂ ਆਤਮਾ ਹਰਿਨਾਮ ਰਸਿ ਪੋਖੈ ॥ ਗੁਰ ਪੂਰੇ ਤੇ ਏਹੁ ਨਿਹਚਉ ਪਾਈਐ ॥ ਨਾਨਕ ਰਾਮ ਰਮਤ ਫਿਰਿ ਜੋਨਿ ਨ ਆਈਐ ॥ ੧੨॥** [੨੯੯]

ਹਰਿ-ਅੰਮ੍ਰਿਤ ਪਾਨ ਕਰਨ ਵਾਲਿਆਂ ਸਾਰਿਆਂ ਦੇ ਮਨ ਨੂੰ ਪੂਰਨ ਤ੍ਰਿਪਤੀ ਅਤੇ ਸੰਤੋਖ ਦੇ ਅਨੰਦ ਵਿਚ ਮਗਨ ਰੱਖ ਕੇ ਜਨਮ ਮਰਨ ਦੀ ਫਾਹੀ ਦਾ ਨਾਸ ਕਰ ਦੇਣ ਨਾਲੋਂ ਹੋਰ ਵੱਡੀ ਕਰਮਾਮਾਤ ਕੀ ਹੋ ਸਕਦੀ ਹੈ ?

ਖੰਡੇ-ਬਾਟੇ ਦੇ ਅੰਮ੍ਰਿਤ ਨੂੰ ਕਿਸੇ ਚੇਟਕੀ ਕਰਾਮਾਤ ਨਾਲ ਜੋੜਨਾਂ ਬਿੱਪ੍ਰਨ ਕੀ ਰੀਤ ਦਾ ਧਾਰਨੀ ਬਣ ਕੇ, ਸਤਿਗੁਰਾਂ ਦੀਆਂ ਨਜ਼ਰਾਂ ਵਿਚ ਬੇਪ੍ਰੀਤਾ ਬਣ ਜਾਣ ਦਾ ਅਪਰਾਧ ਹੈ । ਕਲਗੀਧਰ ਜੀ ਦੀ ਮਿਹਰਾਂ ਭਰੀਆਂ ਸੱਧਰਾਂ ਤੋਂ ਨਾਲ ਤਿਆਰ ਹੋਈ ਪਾਹੁਲ, ਕਿਸੇ (ਚਿੜੀ ਚਿੜੇ ਆਦਿ ਜੀਵ) ਦੀ ਅਜਾਂਈ ਜਾਨ ਕਿਉਂ ਲਵੇ ? ਅਜੇਹੀ ਗੱਲ ਆਪਣੇ ਮਨ ਵਿਚ ਆਉਣ ਦੇਣ ਵਾਲੀ ਕਰਤੂਤ ਕੋਈ ਬਿੱਪ੍ਰ ਕਰੇ ਅਤੇ ਜਾਂ ਫਿਰ ਕੋਈ ਡੇਰੇਦਾਰ ਹੀ ਕਰ ਸਕਦਾ ਹੈ

**(੫)** " ਇਸ ਅੰਮ੍ਰਿਤ-ਸੰਸਕਾਰ ਨੇ ਆਮ **ਜਨਤਾ ਉਤੇ ਕਰਾਮਾਤੀ** ਅਸਰ ਕੀਤਾ। ਡਾਰੋਥੀ ਫ਼ੀਲਡ ਲਿਖਦੀ ਹੈ ਕਿ ਖੰਡੇ-ਧਾਰ ਪਾਹੁਲ ਨੇ ਜਨਮਾਂ ਜਨਮਾਤ੍ਰਾਂ ਦੇ ਨੀਵੇਂ ਅਸ਼ੁੱਧ ਤੇ ਡਰਪੋਕ ਲੋਕਾਂ ਨੂੰ ਵਡੇ ਸੂਰਬੀਰ ਜੋਧੇ ਬਣਾ ਦਿੱਤਾ। **ਸਿੱਖ ਗੁਰੂਆਂ ਦੇ ਰੂਹ ਫੂਕਣ ਤੋਂ ਪਹਿਲਾਂ** (ਭਾਵ ਦਸਾਂ ਹੀ ਗੁਰੂ ਸਾਹਿਬਾਨ ਦੇ ਸੁਮਿੱਲਤ ਯਤਨਾ ਦਾ ਸਦਕਾ) ਸੰਸਾਰ ਦੇ ਕਿਸੇ ਵੱਡੇ ਤੋਂ ਵੱਡੇ ਜਰਨੈਲ ਦੀ ਭੀ ਇਹ ਹਿੰਮਤ ਨਹੀਂ ਸੀ ਕਿ ਉਹਨਾਂ ਨਿਰਾਸੇ, ਨਿਕੰਮੇ, ਅਛੂਤਾਂ ਤੇ ਨੀਵੇਂ ਮਨੁੱਖਾਂ ਦੀ ਕੋਈ ਫੌਜ ਖੜੀ ਕਰ ਸਕਦਾ " {ਗੁਰਮਤਿ ਦਰਸ਼ਨ- ਸਫ਼ਾ ੬੯-ਕਿਰਤ ਪ੍ਰ: ਸ਼ੇਰ ਸਿੰਘ ਐਮ ਏ ਪੀ ਐਚ ਡੀ (ਲੰਡਨ) ]

**ਆਪਣੇ ਗੁਰੂ**--**ਖ਼ਸਮ** ਦਾ ਇਹ ਹੁਕਮ ਵੀ ਸਦਾ ਯਾਦ ਰੱਖਣਾ ਹੈ ਕਿ ਸਦੀਵੀ ਜਿੰਦਗੀ ਦੇ ਸਕਣ ਵਾਲਾ **ਅੰਮ੍ਰਿਤ** ਕੇਵਲ **ਨਾਮ** ਹੀ ਹੈ। ਅਤੇ ਸਦੀਵੀ ਜਿੰਦਗੀ ਦੇਣ ਦੀ ਵਡਿਆਈ ਦੇਣ ਵਾਲਾ ਇਹ **ਨਾਮ-ਅੰਮ੍ਰਿਤ**, ਮਨੁੱਖ ਦੇ ਹਿਰਦੇ ਦੇ ਅੰਦਰ ਹੈ। ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਨ ਦੀ ਰਸਮ ਸਮੇ ਏਸੇ ਨਾਮ ਅੰਮ੍ਰਿਤ ਨਾਲ ਜੁੜੇ ਰਹਿਣ ਦਾ ਹੀ ਉਪਦੇਸ਼ ਮਿਲਦਾ ਹੈ। ਹਿਰਦੇ ਵਿਚੋਂ ਉਸੇ ਨਾਮ ਦੇ ਪ੍ਰਗਟ ਹੋ ਜਾਣ ਵਾਲੀ ਸਤਿਗੁਰਾਂ ਦੀ ਮਿਹਰ ਜਾਣ ਕੇ, ਪ੍ਰਭੂ ਨੂੰ ਸਦਾ ਨਿਕਟ ਜਾਣਨਾ ਅਤੇ ਕਦੇ ਕਿਸੇ ਦੇ ਬੁਰੇ ਦਾ ਵਿਚਾਰ ਮਨ ਦੇ ਨੇੜੇ ਤੇੜੇ ਵੀ ਨਾ ਆਉਣ ਦੇਣ ਦਾ **ਪ੍ਰਣ, ਅੰਮ੍ਰਿਤਧਾਰੀ ਲਈ ਸਭ ਤੋਂ ਵਡੀ ਕਰਾਮਾਤ ਹੋਣੀ ਚਾਹੀਦੀ ਹੈ।** ਆਉ ਬੜੇ ਕਰਮਾਂ ਨਾਲ ਪ੍ਰਾਪਤ ਹੋਣ ਵਾਲੇ ਹਿਰਦੇ ਵਿਚਲੇ ਉਸ ਸੱਚੇ ਅੰਮ੍ਰਿਤ ਦੇ ਦਰਸ਼ਨ ਕਰੀਏ:--

੮- **ਜਿਨ ਵਡਿਆਈ ਤੇਰੇ ਨਾਮ ਕੀ, ਤੇ ਰਤੇ ਮਨ ਮਾਹਿ ॥ ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥ ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥ ਤਿਨ੍ਹੀ ਪੀਤਾ ਰੰਗ ਸਿਉ ਜਿਨ ਕਉ ਲਿਖਿਆ ਆਦਿ ॥੧॥**[੧੨੩੮}-ਵਾ-੪

ਗੁਰਮਤਿ ਸਿਧਾਂਤ ਦੇ ਸਾਰੇ ਪੱਖਾਂ ਨੂੰ ਬਿਬੇਕ ਬੁੱਧੀ ਨਾਲ ਸਮਝਣਾ, ਗੁਰਮੁਖਤਾਈ ਹੈ। ਬਿਬੇਕ ਤੋ ਸੱਖਣੀ ਸ਼ਰਧਾ ਨੂੰ, ਅਤੇ ਅੰਧ-ਵਿਸ਼ਵਾਸ਼ ਨਾਲ ਕੀਤੇ ਧਰਮ-ਕਰਮ ਨੂੰ ਸਤਿਗੁਰਾਂ ਨੇ ਪਸੰਦ ਨਹੀ ਕੀਤਾ---**ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕ ਹੀਨ ਦੇਹੀ ਧੋਏ ॥** [੬੮੭] ਬਿਬੇਕ ਦਾ ਅਰਥ ਹੈ ਖੋਟੇ ਖਰੇ ਦੀ ਪਰਖ ਕਰ ਸਕਣ ਵਾਲੀ ਮਤਿ। ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰੀਏ, ਹੇ ਸਤਿਗੁਰ ਜੀ ! ਸਾਨੂੰ ਕਿਸੇ ਅਜੇਹੇ ਮਹਾਂਪੁਰਖ ਦਾ ਮੇਲ ਕਰਾਉ, ਜਿਹੜਾ ਸਾਡੇ ਮਨਾਂ ਵਿਚੋਂ ਫੋਕਟ ਭਰਮਾਂ ਵਾਲੀ ਦੁਰਮਤਿ ਦੂਰ ਕਰੇ ਅਤੇ ਸਾਨੂੰ ਸੱਚ ਨਾਲ ਜੁੜੇ ਰਹਿਣ ਵਾਲੀ ਮਤਿ ਦੀ ਬਖ਼ਸ਼ਸ਼ ਕਰੇ--**ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ ਮੇਰੇ ਮਨ ਕੀ ਦੁਰਮਿਤ ਮਲੁ ਖੋਏ ॥ ੫ ॥**[੬੮੭] ਇਸ ਪੁਸਤਕ ਦੇ ਦੂਜੇ ਭਾਗ ਦੇ ਛੇਵੇਂ ਕਾਂਡ ਦੇ ੧੦ਵੇਂ ਲੇਖ ਵਿਚ ਕਰਾਮਾਤਾਂ ਦੀ ਹੋਂਦ ਜਾਂ ਅਣਹੋਂਦ ਬਾਰੇ ਗੁਰਮਤਿ-ਵਿਚਾਰ ਬੜੇ ਵਿਸਥਾਰ ਨਾਲ ਹੋ ਚੁੱਕੀ ਹੈ। ਕਰਾਮਾਤ ਜਾਂ ਰਿਧੀ ਸਿਧੀ ਦਾ ਗੁਰਮਤਿ ਨਾਲ ਦੂਰ ਦਾ ਵੀ ਕੋਈ ਜੋੜ ਨਹੀਂ ਹੈ। ਕਰਾਮਾਤ ਮਾਇਆ ਦਾ ਹੀ ਮਨਮੋਹਣਾ ਰੂਪ ਹੈ ਜੋ ਮਨੁੱਖ ਦੇ ਅੰਦਰ ਹੰਕਾਰ ਪੈਦਾ ਕਰਕੇ ਪ੍ਰਭੂ ਦੇ ਰਸਤੇ ਤੋਂ ਦੂਰ ਲੈ ਜਾਂਦੀ ਹੈ। ਅਸਲੀ ਕਰਾਮਾਤ ਉਹ ਹੈ ਜਿਹੜੀ ਮਨੁੱਖ ਨੂੰ ਸੁੱਚੇ ਆਚਰਨ ਵਾਲਾ ਮਨੁੱਖਤਾ ਦਾ ਸੱਚਾ ਸੇਵਕ ਬਣਾਉਂਦੀ ਹੈ। ਸੱਭ ਤੋਂ ਵੱਡੀ ਕਰਾਮਾਤ ਉਹ ਹੈ ਜਿਸ ਤੋਂ ਮਨੁੱਖ ਦੇ ਅੰਦਰੋਂ ਮਾਇਆ ਦੇ ਮੋਹ ਦੂਰ ਹੋ ਕੇ ਅਜੇਹੀਆਂ **ਬੇਅੰਨ** ਅੱਖੀਆਂ ਮਿਲ ਜਾਣ, ਜਿਸ ਤੋਂ ਮਨੁੱਖ ਹਰ ਥਾਂ, ਹਰ ਸਮੇ ਪ੍ਰਭੂ ਦੇ ਦੀਦਾਰੇ ਕਰਨ ਦਾ ਦੇਵੀ ਸੁੱਖ ਮਾਣਦਾ ਰਹਿੰਦਾ ਹੈ:--

ਪਿਛਲੇ ਸਫਿਆਂ ਵਿਚ ਅਸੀਂ ਚੰਗੀ ਤਰ੍ਹਾਂ ਸਮਝ ਚੁੱਕੇ ਹਾਂ ਕਿ ਜੀਵਾਂ ਦਾ ਜਨਮ ਅਤੇ ਮਰਨ ਕੇਵਲ ਅਕਾਲਪੁਰਖ ਦੇ ਆਪਣੇ ਹੱਥ ਵਿਚ ਹੈ। ਸਤਿਗੁਰਾਂ ਨੇ ਚੇਟਕੀ ਢੰਗ ਨਾਲ ਕਦੇ ਕਿਸੇ ਨੂੰ ਨਾ **ਮਾਰਿਆ** ਸੀ ਅਤੇ ਨਾ ਕਿਸੇ ਮੁਰਦੇ ਨੂੰ ਕਦੇ **ਸੁਰਜੀਤ** ਹੀ ਕੀਤਾ ਸੀ। ਸਤਿਗੁਰੂ ਦੇ ਉਪਦੇਸ਼ ਅਨੁਸਾਰ ਚਲ ਕੇ ਆਤਮਕ ਉੱਚਤਾ ਵਾਲੇ ਗੁਣ ਗ੍ਰਹਣ ਕਰ ਲੈਣ ਤੋਂ ਬਿਨਾਂ ਵਿਖਾਵੇ ਵਾਲਾ ਕੋਈ ਵੀ ਧਰਮ-ਕਰਮ ਕਰ ਲੈਣ ਨਾਲ ਪ੍ਰਭੂ ਦਰਬਾਰ ਤੱਕ ਪਹੁੰਚ ਹੋ ਸਕਣ ਦੀ ਗੱਲ ਸੋਚਣੀ ਕੇਵਲ ਭਰਮ ਹੈ "। ਕੇਵਲ ਪ੍ਰਭੂ ਦੇ ਨਾਮ ਦਾ ਗੂੜ੍ਹਾ ਰੰਗ ਹੀ ਮਨੁੱਖ ਨੂੰ ਨਿਰਮਲ ਜੀਵਨ ਪ੍ਰਦਾਨ ਕਰਦਾ ਹੈ, ਗੁਰੂ ਦੀ ਸਿਖਿਆ ਹੀ ਉਚੇ ਗੁਣ ਬਖ਼ਸ਼ਦੀ ਹੈ--**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥**(ਜਪ-੬) ਅਟੱਲ ਆਤਮਕ ਜੀਵਨ ਦੇਣ ਵਾਲੇ ਅੰਮ੍ਰਿਤ ਦੀ ਸੋਝੀ ਕਰਾਉਣ ਲਈ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ---

੯- **ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥**
**ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥ ੧ ॥ ਬਾਬਾ ਮੈ ਕੁਚੀਲੁ ਕਾਚਉ ਮਤਿ ਹੀਨ ॥**
**ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥ ੧ ॥ ਰਹਾਉ ॥**[੧੦੧੦]-੩

**ਅਰਥ:**--(ਜਦੋਂ ਮਨੁੱਖ ਗੁਰੂ ਦੇ) ਸ਼ਬਦ-ਗਿਆਨ ਵਿਚ ਸੁਰਤਿ ਜੋੜ ਕੇ ਆਪਾ-ਭਾਵ ਤੋਂ ਮਰਦਾ ਹੈ ਤਦੋਂ ਉਹ ਮੌਤ ਦੇ ਡਰ ਨੂੰ ਮਾਰ ਲੈਂਦਾ ਹੈ। (ਉਂਵ ਮੌਤ ਤੋਂ) ਭੱਜ ਕੇ ਮੈਂ ਕਿਸ ਕੋਲ ਜਾ ਸਕਦਾ ਹਾਂ ? ਜਿਸ ਪਰਮਾਤਮਾ ਦੇ ਡਰ-ਅਦਬ ਵਿਚ ਰਿਹਾਂ (ਮੌਤ ਦੇ ਡਰ ਤੋਂ) ਬਚ ਸਕੀਦਾ ਹੈ (ਉਸ ਦਾ ਨਾਮ ਜਪਣਾ ਚਾਹੀਦਾ ਹੈ), ਉਸ ਦਾ ਨਾਮ ਹੀ ਅਟੱਲ ਜੀਵਨ ਦੇਣ ਵਾਂਲਾ ਹੈ। ਹੇ ਪ੍ਰਭੂ ! ਤੂੰ ਆਪ ਹੀ ਮਾਰਦਾ ਹੈਂ, ਤੂੰ ਆਪ ਹੀ ਰੱਖਿਆ ਕਰਦਾ ਹੈਂ। ਤੈਥੋਂ ਬਿਨਾਂ ਹੋਰ ਕੋਈ ਥਾਂ ਨਹੀਂ। ੧। ਹੇ ਪ੍ਰਭੂ ! (ਤੇਰੇ ਨਾਮ ਤੋਂ ਬਿਨਾਂ) ਮੈਂ ਗੰਦਾ ਹਾਂ, ਕਮਜ਼ੋਰ ਹਾਂ ਅਕਲ ਤੋਂ ਸੱਖਣਾ ਹਾਂ। ਤੇਰੇ ਨਾਮ ਤੋਂ ਬਿਨਾਂ ਕੋਈ ਵੀ ਜੀਵ ਕਾਸੇ ਜੋਗਾ ਨਹੀਂ ਹੈ (ਭਾਵ, ਅਕਲੋ ਖਾਲੀ ਹੈ)। (ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਪਿਆ) ਪੂਰੇ ਗੁਰੂ ਨੇ ਉਸ ਨੂੰ ਉਹ ਮਤਿ ਦੇ ਦਿੱਤੀ ਜਿਸ ਨਾਲ ਉਹ ਜੀਵਨ-ਸਫ਼ਰ ਵਿਚ ਉਕਾਈ ਨਾਂ ਖਾਏ। ੧। ਰਹਾਉ।

ਜਿਸ ਆਸ਼ੇ ਨਾਲ ਦਸ਼ਮੇਸ਼ ਜੀ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕਾਉਣ ਦੀ ਰੀਤ ਖ਼ਾਲਸਾ ਪੰਥ ਲਈ ਜ਼ਰੂਰੀ ਫ਼ੁਰਮਾਈ ਸੀ (ਜਿਸ ਦਾ ਵੇਰਵਾ ਉੱਪਰ ਕਈ ਵਾਰ ਸਪੱਸ਼ਟ ਕੀਤਾ ਗਿਆ ਹੈ) ਉਸ ਦਾ ਸਤਿਕਾਰ ਲਗ-ਪਗ ਗੁਆਚ ਚੁੱਕਾ ਹੈ। ਅਜੇਹੇ ਜਥੇ ਕਈ ਬਣ ਗਏ ਹਨ ਜਿਹੜੇ ਅੰਮ੍ਰਿਤ ਵਿਚ ਬਿੱਪ੍ਰੀ-ਕਰਾਮਾਤੀ ਸ਼ਕਤੀਆਂ ਹੋਣ ਦਾ ਭਰਮ ਪਾ ਰਹੇ ਹਨ। ਅਜੇਹੇ ਲੋਕਾਂ ਨੇ ਪੰਥਕ ਰਹਿਤ ਮਰਯਾਦਾ ਵਿਚ ਲਿਖੀ ਅੰਮ੍ਰਿਤ-ਸੰਸਕਾਰ ਵਾਲੀ ਮਰਯਾਦਾ ਦੇ ਥਾਂ ਆਪਣੀਆਂ ਆਪਣੀਆਂ ਵਿਧੀਆਂ ਚਲਾ ਲਈਆਂ ਹਨ। ਅੰਮ੍ਰਿਤ ਅਭਿਲਾਖੀ ਨੂੰ ਤਸੱਲੀ ਕਰਾਈ ਜਾਂਦੀ ਸੀ ਕਿ ਉਨ੍ਹਾਂ ਦੀ ਵਿਧੀ ਨਾਲ ਤਿਆਰ ਕੀਤਾ ਅੰਮ੍ਰਿਤ ਬਹੁਤੀ ਸ਼ਕਤੀ ਵਾਲਾ ਹੈ। ਜਿਹੜਾ ਉਨ੍ਹਾਂ ਦਾ ਤਿਆਰ ਕੀਤਾ ਅੰਮ੍ਰਿਤ ਛਕ ਲਏ ਉਹ ਦਸ਼ਮੇਸ਼ ਜੀ ਦਾ ਪੱਕਾ ਸਿੱਖ ਬਣ ਜਾਂਦਾ ਹੈ ਅਤੇ ਉਨ੍ਹਾਂ ਦੀ ਵਿਧੀ ਅਨੁਸਾਰ ਤਿਆਰ ਕੀਤਾ ਅੰਮ੍ਰਿਤ ਸਾਰੇ ਪਾਪ ਖੰਡਣ ਕਰਕੇ ਸੱਚ ਖੰਡ ਵਿਚ ਪੁਚਾ ਦੇਣ ਦਾ ਵਧੀਆ ਸਾਧਨ ਹੈ।

ਇਸ ਤਰ੍ਹਾਂ ਦੇ ਲਾਰਿਆਂ ਦੁਆਰਾ ਕਿਸੇ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਲਈ ਤਿਆਰ ਕਰ ਲੈਣਾ ਪੰਥਕ ਧਰੋਹ ਹੈ। ਗੁਰਮਤਿ ਅਨੁਸਾਰ ਢਾਲੇ ਹੋਏ ਉੱਚੇ ਆਚਰਨ ਤੋਂ ਬਿਨਾ ਨਿਰਾ ਪੰਜ ਕਕਾਰਾਂ ਦੇ ਧਾਰਨੀ ਬਣ ਜਾਣ ਨਾਲ, ਦਸ਼ਮੇਸ਼ ਜੀ ਦੇ ਸਪੁੱਤ੍ਰ ਬਣ ਜਾਣ ਦਾ ਅਥਵਾ ਪ੍ਰਭ ਦੀ ਪ੍ਰਾਪਤੀ ਵਾਲਾ ਵਿਖਾਵਾ ਅਜੇਹਾ ਹਾਰ ਸ਼ਿੰਗਾਰ ਹੈ ਜਿਸ ਵੱਲ ਪਹਿਲਾਂ ਵੀ ਕਈ ਵਾਰਾ ਤਵੱਜੋ ਦਿਵਾਈ ਗਈ ਹੈ:--

੧੦- **ਕਹੈ ਪ੍ਰਭੁ ਅਵਰੁ, ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥** ੮੩੬]-੫-੮

੫

## ਸਿੱਖ ਬਨਾਉਣ ਲਈ ਚਰਣਾਮ੍ਰਿਤ ਪਿਲਾਉਣ ਦੀ ਰੀਤ?

ਦਾਸ ਦੀ ਉਮਰ ਇਸ ਵੇਲੇ (ਜਨਵਰੀ ੧੯੯੮) ੭੬ ਹੋਣ ਵਾਲੀ। ਮਾਤਾ ਜੀ ਦੀ ਕਿਰਪਾ ਨਾਲ ਬਾਲ ਉਮਰਾ ਤੋਂ ਹੀ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਕਥਾ ਕੀਰਤਨ ਸੁਣਨ ਦੀ ਚਿਟਕ ਲੱਗ ਚੁੱਕੀ ਸੀ। ਸਾਡੇ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਬਾਬਾ ਕੇਸਰ ਸਿੰਘ ਜੀ ਗੁਰਮਤਿ ਦੇ ਗਿਆਤਾ ਅਤੇ ਬੜੇ ਰਹਿਤਵਾਨ ਗੁਰਸਿੱਖ ਸਨ। ਬੱਚਿਆਂ ਦੇ ਰਿਸ਼ਤੇ ਸਦਾ ਗੁਰਸਿੱਖ ਪਰਵਾਰਾਂ ਵਿਚ ਕੀਤੇ ਜਾਣ ਨੂੰ ਸਿੱਖੀ ਧਰਮ ਦਾ ਜ਼ਰੂਰੀ ਅੰਗ ਮੰਨਦੇ ਸਨ। ਉਨ੍ਹਾਂ ਦੀ ਬੱਚੀ ਪੰਥ ਦੇ ਪ੍ਰਸਿਧ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਨਾਲ ਵਿਆਹੀ ਹੋਈ ਸੀ। ਬਾਬਾ ਜੀ ਦੇ ਪਰਚਾਰ ਦਾ ਸਦਕਾ ਸਾਡੇ ਪਿੰਡ ਵਿਚ ਕਈ ਗੁਰਸਿੱਖ ਪਰਵਾਰਾਂ ਨੇ ਅੰਮ੍ਰਿਤ ਪਾਨ ਕੀਤਾ। ਪਿੰਡ ਦੇ ਗਭਰੂਆਂ ਵਿਚ ਕੀਰਤਨ ਕਰਨ ਦੀ ਚਿਟਕ ਲੱਗੀ ਅਤੇ ਰਸਭਿੰਨਾ ਕੀਰਤਨ ਕਰਨ ਵਾਲੇ ਗੁਰਮੁਖਾਂ ਦੇ ਦੋ ਜਥੇ ਤਿਆਰ ਹੋ ਗਏ। ਪਿੰਡ ਵਿਚੋਂ ਹੀ ਇਕ ਅਜੇਹਾ ਢਾਡੀ ਜਥਾ ਵੀ ਪ੍ਰਗਟ ਹੋ ਗਿਆ ਜੋ ਦੂਰ ਦੁਰਾਡੇ ਦੇ ਪਿੰਡਾਂ ਵਿਚ ਵੀ ਜਾਂਦਾ ਅਤੇ ਵਾਰਾਂ ਦੁਆਰਾ ਸਿੱਖ ਇਤਿਹਾਸ ਸੁਣਾਇਆ ਕਰਦਾ ਸੀ। ਬਾਬਾ ਜੀ ਕੋਲੋਂ ਸੁਣਿਆਂ ਕਰਦੇ ਸਾਂ ਕਿ ਪੰਜ ਭੂਤਕ ਸਰੀਰ ਵਿਚ ਆਉਂਦੇ ਰਹਿਣ ਵਾਲੀ ਖੇਡ ਖ਼ਤਮ ਕਰਨ ਸਮੇ ਦਸ਼ਮੇਸ਼ ਜੀ ਨੇ ਖ਼ਾਲਸਾ ਪੰਥ ਦਾ ਬੂਟਾ ਸਦਾ ਹਰਾ ਭਰਾ ਰੱਖਣ ਲਈ ਹਰ ਇੱਕ ਗੁਰਸਿੱਖ ਦਾ ਹਰ ਪੱਖੋਂ ਨਿਆਰਾ ਰਹਿਣਾ ਜ਼ਰੂਰੀ ਫ਼ੁਰਮਾਨ ਕੀਤਾ ਸੀ। ਇਸ ਲਈ ਆਪਣੇ ਆਪ ਨੂੰ ਹਰ ਪੱਖੋਂ ਨਿਆਰਾ ਰੱਖਣ ਲਈ ਸਿੱਖ ਤੋਂ ਖੰਡੇ-ਬਾਟੇ ਦੇ ਅੰਮ੍ਰਿਤ ਛਕਾਉਣ ਸਮੇ ਗੁਰਮਤਿ ਮਰਯਾਦਾ ਅਨੁਸਾਰ ਜੀਵਨ ਗੁਜ਼ਾਰਨ ਦਾ ਪ੍ਰਣ ਲੈਣ ਦੀ ਮਰਯਾਦਾ ਚਾਲੂ ਕਰਨ ਦਾ ਉਪਕਾਰ,, ਸਤਿਗੁਰਾਂ ਦੇ ਅਪਾਰ-ਪੰਥਕ ਪਿਆਰ ਦਾ ਸੂਚਕ ਹੈ। ਪੁਰਾਣਕ ਸਮੇ ਤੋਂ ਸਾਧਾਂ ਸੰਤਾਂ ਦੀ ਚਲਾਈ ਪੈਰ ਧੋ ਕੇ ਪਿਲਾਉਣ ਵਾਲੀ ਹੀਣ-ਰਸਮ ਦੇ ਥਾਂ, ਦਸ਼ਮੇਸ਼ ਜੀ ਨੇ ਸਿੱਖ ਧਰਮ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਨ ਦੀ ਬਿਲਕੁਲ ਨਵੀਂ ਮਰਯਾਦਾ ਬਣਾਈ ਹੈ। ਬਚਪਨ ਤੋਂ ਹੀ ਇਹ ਭਰੋਸਾ ਬਣ ਚੁੱਕਾ ਸੀ ਕਿ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਵਾਲਾ ਗੁਰਸਿੱਖ ਬੜਾ ਅਣਖੀ ਅਤੇ ਬਹਾਦਰ ਸਿੰਘ ਸੂਰਮਾਂ ਬਣ ਜਾਂਦਾ ਹੈ। ਇਹ ਵੇਰਵਾ ਕਦੇ ਨਹੀਂ ਸੀ ਸੁਣਿਆਂ ਕਿ ਸਿੱਖ ਬਣਨ ਲਈ ਪਹਿਲਾਂ ਪੈਰ ਧੋ ਕੇ ਪੀਣੇ ਜ਼ਰੂਰੀ ਸਨ ਅਤੇ ਹੁਣ ਸਿੱਖ ਬਣਨ ਲਈ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਇੱਕ ਜ਼ਰੂਰੀ ਸ਼ਰਤ ਹੈ। ਸਿੱਖ ਤੋਂ ਸਿੰਘ ਬਣਨ ਲਈ ਅੰਮ੍ਰਿਤ ਛਕਣਾ ਜ਼ਰੂਰੀ ਸਮਝਿਆ ਜਾਂਦਾ ਸੀ।

੧੯੭੮ ਦੀ ਵਿਸਾਖੀ ਵਾਲੇ ਸਾਕੇ ਤੋਂ ਪਿੱਛੋ ਅਥਵਾ ੧੯੮੪ ਤੋਂ ਸਾਧ-ਟੋਲੇ ਦਾ ਬੋਲ ਬਾਲਾ ਹੋ ਜਾਣ ਤੇ ਇਹ ਰੌਲਾ ਬਹੁਤ ਜ਼ੋਰ ਫੜ ਗਿਆ ਕਿ ਗੁਰੂ ਨਾਨਕ ਜੀ ਦੇ ਸਮੇਂ ਤੋਂ ਗੁਰੂ ਵਾਲਾ ਬਣਾਉਣ ਲਈ ਚਰਣਾਮ੍ਰਿਤ ਪਿਲਾਇਆ ਜਾਂਦਾ ਸੀ। ਪਰ (ਹੀਣ ਭਾਵਣਾ ਪੈਦਾ ਕਰਨ ਵਾਲੀ) ਉਸ ਰਸਮ ਨੂੰ ਬਦਲ ਕੇ ਦਸ਼ਮੇਸ਼ ਜੀ ਨੇ ਗੁਰੂ ਵਾਲਾ ਬਣਾਉਣ ਲਈ ਖੰਡੇ ਬਾਟੇ ਦਾ ਅੰਮ੍ਰਿਤ ਛਕਣਾਂ ਜ਼ਰੂਰੀ ਬਣਾ ਦਿੱਤਾ ਸੀ। ਇਸ ਗੱਲ ਨਾਲ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ ਉਠਨੇ ਅਰੰਭ ਹੋ ਗਏ। ਕਈ ਸੁਹਿਰਦ ਗੁਰਸਿੱਖ ਸੱਜਣਾ ਤੋਂ ਪੁੱਛਿਆ ਤਾਂ ਇਹ ਸੁਣਿਆਂ ਕਿ ਗੁਰੂ ਵਾਲਾ ਬਣਾਉਣ ਲਈ ਚਰਨਾ ਧੋ ਕੇ ਨਹੀਂ ਨ ਪਿਲਾਏ ਜਾਂਦੇ ਪਰ ਜਲ ਨੂੰ ਅੰਗੂਠਾ ਛੂਹਾ ਕੇ ਚਰਣਾਮ੍ਰਿਤ ਪਿਲਾਉਣ ਦਾ ਰਿਵਾਜ ਅਰੰਭ ਤੋਂ ਹੀ ਸੀ। ਇਹ ਦਲੀਲ ਵੀ ਸਗੋਂ ਕਮਜ਼ੋਰ ਮਨ ਦੀ ਉਕਤੀ ਹੀ ਹੋ ਦਿੱਸਦੀ ਸੀ। ਇਸ ਲਈ ਸੱਚਾਈ ਜਾਨਣ ਲਈ ਖੋਜ ਜਾਰੀ ਰੱਖੀ॥

**ਮਹਾਨ ਕੋਸ਼** ਦੇ ੪੫੭ ਸਫ਼ੇ ਤੇ ਚਰਨਾਮ੍ਰਿਤ ਦੇ ਅਰਥ ਇਸ ਪ੍ਰਕਾਰ ਲਿਖੇ ਹਨ--ਚਰਨਾਂ ਦਾ ਅੰਮ੍ਰਿਤ, ਚਰਣੋਦਕ । ਦੇਵਤਾ ਦੀ ਮੂਰਤੀ ਅਥਵਾ ਧਰਮਉਪਦੇਸ਼ਕ ਗੁਰੂ ਦੇ ਚਰਨਾਂ ਦਾ ਜਲ । ਉਹ ਜਲ ਜਿਸ ਨਾਲ ਗੁਰੂ ਦੇ ਪੈਰ ਧੋਤੇ ਜਾਣ । ਨੌ ਸਤਿਗੁਰਾਂ ਵੇਲੇ ਸਿੱਖ ਧਰਮ ਵਿੱਚ ਲਿਆਉਣ ਲਈ ਚਰਣਾਮ੍ਰਿਤ ਪਿਆਇਆ ਜਾਂਦਾ ਸੀ । ਇਸ ਦਾ ਨਾਮ ਚਰਣਪਾਹੁਲ ਅਤੇ ਪਗਪਾਹੁਲ ਭੀ ਲਿਖਿਆ ਹੈ । ਅਜੇਹੀ ਵਿਚਾਰ ਸੁਣੀ ਪੜ੍ਹੀ ਪਰ ਗੁਰਮਤਿ ਦੀ ਕਸਵੱਟੀ ਤੇ ਪੂਰੀ ਨਾ ਉਤਰਦੀ ਹੋਣ ਕਰਕੇ ਹੋਰ ਖੋਜ ਜਾਰੀ ਰੱਖੀ ।

ਪ੍ਰਿੰ: ਸਾਹਿਬ ਸਿੰਘ ਜੀ ਨੇ ਪਿਛਲੇ ਕਿਸੇ ਅਜੇਹੇ ਰਿਵਾਜ ਦਾ ਜ਼ਿਕਰ ਕਿਤੇ ਨਹੀਂ ਕੀਤਾ । ਭਾਈ ਵੀਰ ਸਿੰਘ ਜੀ ਵੀ ਇਸ ਮਸਲੇ ਵਿਚ ਚੁੱਪ ਹੀ ਨਜ਼ਰ ਆਏ । S.G.P.C. ਵਲੋਂ ਪਰਕਾਸ਼ਤ ਹੋਈ, ਪ੍ਰੋਫ਼ੈਸਰ ਸ਼ੇਰ ਸਿੰਘ ਜੀ M.A.,P.H.D.(ਲੰਡਨ) ਦੀ ਲਿਖੀ ਪੁਸਤਕ " ਗੁਰਮਤਿ ਦਰਸ਼ਨ " ਦੇ ੬੭-੬੮ ਸਫ਼ੇ ਤੇ ਇਸ ਪ੍ਰਕਾਰ ਲਿਖਿਆ ਹੈ--

> " ਭਾਵੇਂ ਅੰਮ੍ਰਿਤ ਦਾ ਖ਼ਿਆਲ ਧੁਰ ਦਰਗਾਹੀ ਹੁਕਮ ਸੀ ਜਾਂ ਪਿਛਲੀ ਪਰਚੱਲਤ ਰੀਤ " ਪਾਹੁਲ ' ਨੂੰ ਹੀ ਦਸ਼ਮੇਸ਼ ਜੀ ਨੇ ਇੱਕ ਨਵੇਂ ਸ਼ਾਨਦਾਰ ਸੂਰਬੀਰਤਾ ਦੇ ਸਰੂਪ ਵਿਚ ਪੇਸ਼ ਕੀਤਾ ਸੀ ਪਰ ਸੀ ਇਹ ਇੱਕ ਕਰਾਮਾਤ । ਮੁਸਲਮਾਨਾਂ ਵਿਚ ਕੋਈ ਪਾਹੁਲ-ਨੁਮਾ ਰਸਮ ਨਹੀਂ ਸੀ । ਉਨ੍ਹਾਂ ਵਿਚ ਸੁੰਨਤ ਦਾ ਰਿਵਾਜ ਹੈ । ਈਸਾਈਆਂ ਵਿਚ ਬੈਪਤਿਸਮਾ ਹੈ ਤੇ ਬੈਪਤਿਸਮੇਂ ਵਿਚ ਕਈ ਗੱਲਾਂ ਸਾਂਝੀਆਂ ਹਨ, ਪਰ ਅੰਮ੍ਰਿਤ ਦਾ ਖ਼ਿਆਲ ਨਿਰਾ ਪੂਰਾ ਵਿਦੇਸ਼ੀ ਨਹੀਂ ਹੈ । ਹਿੰਦ ਚ ਧਾਰਮਿਕ ਜਥੇ-ਬੰਦੀ ਵਿਚ ਦਾਖ਼ਲ ਹੋਣ ਦੀ ਅੰਮ੍ਰਿਤ-ਨੁਮਾ ਰਸਮ ਕਈ ਸ਼ਕਲਾਂ ਵਿਚ ਮੌਜੂਦ ਸੀ । ਸਿੱਖਾਂ ਵਿਚ ਹੀ ਪਾਹੁਲ ਦਾ ਰਿਵਾਜ-ਮੁੱਢ ਤੋਂ ਚਲਾ ਆ ਰਿਹਾ ਸੀ । ਦੱਖਣੀ ਭਾਰਤ ਦੇ ਹਿੰਦੂਆਂ ਵਿਚ ਜੰਞੂ ਪਹਿਰਾਣ ਦੀ ਰਸਮ ਵੇਲੇ ਪਾਹੁਲ-ਰੀਤੀ ਹੁੰਦੀ ਹੈ । ਕੁਝ ਭੀ ਸੀ, **ਪਰ ਜਿਵੇਂ ਸ੍ਰੀ ਦਸ਼ਮੇਸ਼ ਜੀ ਨੇ ਅੰਮ੍ਰਿਤ ਤਿਆਰ ਕੀਤਾ ਉਹ ਬਿਲਕੁਲ ਨਵਾਂ ਸੀ, ਨਿਰਾਲਾ ਅਤੇ ਅਣਖੀਲਾ ਸੀ ।** ਇਹ ਅੰਮ੍ਰਿਤ ਖ਼ਾਲਸਾ ਜਥੇ-ਬੰਦੀ ਵਿਚ ਦਾਖ਼ਲ ਹੋਣ ਦੀ ਜ਼ਰੂਰੀ ਰਸਮ ਬਣਾਈ ਗਈ । "

ਭਾਵ, ਅੰਮ੍ਰਿਤਧਾਰੀ ਖ਼ਾਲਸਾ ਜੋਧੇ, ਬੇ-ਅੰਮ੍ਰਿਤੀਏ ਸਿੱਖ ਜਗਤ ਦਾ ਬੜਾ ਉੱਜਲ ਅੰਗ ਸਮਝੇ ਜਾਂਦੇ ਸਨ। ਸਿੱਖ ਜਗਤ ਵਿਚੋਂ ਚੁਣੀ ਗਈ ਸੂਰਬੀਰ ਮਹਾਂਪੁਰਖਾਂ ਦੀ ਸਤਾਣੀ ਫੌਜ ਆਪਣੀ ਰੀੜ੍ਹ ਦੀ ਹੱਡੀ ਤੋਂ ਕਦੇ ਵੱਖ ਨਹੀਂ ਸੀ ਹੋਈ। ਅਸਲ ਵਿਚ ਖ਼ਾਲਸਾ ਬਹਾਦਰਾਂ ਦੇ ਅਦੁਤੀ ਕਾਰਨਾਮਿਆਂ ਦੇ ਪਿੱਛੇ ਉਨ੍ਹਾਂ ਦਾ ਵੀ ਭਰਪੂਰ ਹੱਥ ਸੀ ਜਿਹੜੇ ਖ਼ਾਲਸਾ ਜਥੇਬੰਦੀ ਲਈ ਪਨੀਰੀ ਦੀ ਵਡਮੁੱਲੀ ਸੇਵਾ ਨਿਭਾ ਰਹੇ ਸਨ। ਇਹ ਸੇਵਾ ਬੇਅੰਤ ਹਿੰਦੂ ਪਰਵਾਰਾਂ ਤੋਂ ਇਲਾਵਾ ਕਈ ਮੁਸਲਮਾਨ ਪਰਵਾਰ ਵੀ, ਸਾਵੀਂ ਨਿਭਾਉਂਦੇ ਰਹੇ ਸਨ।

ਪ੍ਰੋਫੈਸਰ ਸ਼ੇਰ ਸਿੰਘ ਜੀ ਨੇ " ਪਾਹੁਲ " ਪੀਣ ਦਾ ਜ਼ਿਕਰ ਕੀਤਾ ਹੈ। ਮਹਾਨ ਕੋਸ਼ ਦੇ ੭੫੯ ਸਫ਼ੇ ਤੇ " ਪਾਹੁਲ " ਦਾ ਅਰਥ--ਪਾਣ ਚੜ੍ਹਾਉਣ ਵਾਲਾ ਧਰਮ-ਮੰਤ੍ਰ ਨਾਲ ਤਿਆਰ ਕੀਤਾ ਜਲ " ਲਿਖਿਆ ਹੈ। ਸਪੱਸ਼ਟ ਹੈ ਕਿ ਪਾਹੁਲ ਦਾ ਅਰਥ ਚਰਣਾਮ੍ਰਿਤ ਨਹੀਂ ਹੈ। ਪ੍ਰੋਫੈਸਰ ਸ਼ੇਰ ਸਿੰਘ ਜੀ ਦੀ ਪੁਸਤਕ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਮਨ ਤੇ ਪੁਰਾਤਨ ਰਿਵਾਜ ਦੇ ਅਸਰ ਹੋਣ ਦਾ ਜ਼ਿਕਰ ਹੋਰ ਵੀ ਕਈ ਥਾਂਈਂ ਹੈ। ਜੋ ਠੀਕ ਨਹੀਂ ਹੈ। ਧੁਰੋਂ ਹੀ ਨਿਆਰੀ ਮਰਯਾਦਾ ਲੈ ਕੇ ਆਏ ਪੂਰਨ ਸਤਿਗੁਰਾਂ ਦੇ ਮਨ ਤੇ ਪ੍ਰਚਲਤ ਪੁਰਾਣੀਆਂ ਰੀਤਾਂ ਰਿਵਾਜਾਂ ਦਾ ਅਸਰ ਪੈਣ ਵਾਲੀ ਗੱਲ ਦਾਸ ਦੇ ਮਨ ਨੂੰ ਜ਼ਰਾ ਨਹੀਂ ਭਾਈ। ਇਹ ਜ਼ਰੂਰੀ ਨਹੀਂ ਹੈ ਕਿ ਪਾਠਕ ਸੱਜਣ ਦਾਸ ਦੇ ਮਨ ਵਿਚ ਉਪਜੇ ਸ਼ੰਕਿਆਂ ਨਾਲ ਸਹਿਮਤ ਹੋਣ, ਪਰ ਚਰਣਾਮ੍ਰਿਤ ਪਿਲਾਉਣ ਵਾਲੀ ਗੱਲ ਦੇ ਵਿਚਾਰ ਨਾਲ, ਦਾਸ ਦੇ ਮਨ ਨੂੰ ਹੇਠ ਲਿਖੇ ਸ਼ੰਕੇ ਅਵੱਸੋਂ ਹੀ ਆ ਘੇਰਦੇ ਹਨ:--

(ੳ) ਸਿੰਮ੍ਰਿਤੀਆਂ ਅਨੁਸਾਰ ਹਿੰਦੂ ਧਰਮ ਵਿਚ ਲਿਆਉਣ ਲਈ ਜਨੇਊ ਪਾਉਣਾ ਜ਼ਰੂਰੀ ਰਸਮ ਸੀ। ਪਰ ਸਤਿਗੁਰਾਂ ਨੇ ਬਚਪਨ ਵਿਚ ਹੀ ਵਿਖਾਵੇ ਵਾਲੀ ਕਿਸੇ ਅਜੇਹੀ ਰਸਮ ਨੂੰ ਪਰਵਾਨ ਨਹੀਂ ਸੀ ਕੀਤਾ। ਜਨੇਊ ਪਾਉਣ ਲੱਗੇ ਪ੍ਰੋਹਿਤ ਕੋਲੋਂ ਸਤਿਗੁਰਾਂ ਨੇ ਅਜੇਹਾ ਜਨੇਊ ਮੰਗ ਲਿਆ ਸੀ ਜੋ ਨਾ ਕਦੇ ਟੁੱਟੇ, ਨਾ ਮੈਲਾ ਹੋਏ, ਨਾ ਸੜੇ ਅਤੇ ਜੋ ਮਰਨ ਉਪ੍ਰੰਤ ਵੀ ਸਾਥ ਨਾ ਛੱਡੇ---"**.... ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**[੪੭੧]

(ਅ) ਜਦ ਮੁਸਲਮਾਨੀ ਧਰਮ ਵਿਚ ਲਿਆਉਣ ਲਈ ਸੁੰਨਤ ਵਾਲੀ ਸ਼ਰਤ ਦੀ ਗੱਲ ਹੋਈ ਤਾਂ ਸਤਿਗੁਰਾਂ ਨੂੰ ਉਹ ਬਾਣੀ ਪਿਆਰੀ ਲੱਗੀ ਜਿਸ ਇਹ ਲਿਖਿਆ ਹੈ--"

੧੧- **ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥**
**ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥ ੩ ॥**[੪੭੭]-੮

ਸੋ ਆਪਣਾ ਸਿੱਖ ਬਣਾਉਣ ਲਈ ਕਿਸੇ ਵਿਖਾਵੇ ਵਾਲੀ ਰਸਮ ਨੂੰ ਸਤਿਗੁਰੂ ਜੀ ਕਿਵੇਂ ਪ੍ਰਵਾਨ ਕਰ ਸਕਦੇ ਸਨ ?

(ੲ) ਕੀ ਗੁਰੂ ਨਾਨਕ ਸਾਹਿਬ ਜੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਦੀ ਜਾਚ ਨਹੀਂ ਸੀ ਜੋ ਉਹ ਪੈਰ ਧੋ ਕੇ ਪਿਲਾਉਣ ਵਾਲੀ ਬ੍ਰਾਹਮਣੀ ਰਸਮ ਅਪਣਾ ਬੈਠੇ ? ਦਾਸ ਲਈ ਮੰਨ ਲੈਣਾ ਜਾਂ ਸੋਚਣਾ ਜ਼ਹਿਰ ਦਾ ਘੁੱਟ ਭਰਨ ਤੁੱਲ ਹੈ। ਇਹੋ ਗੱਲ ਠੀਕ ਲੱਗਦੀ ਹੈ ਕਿ ਸਿੱਖ ਖੰਡੇ-ਬਾਟੇ ਦੀ ਪ੍ਰਾਹਲ ਛਕਣ ਦੀ ਜ਼ਿੰਮੇਵਾਰ ਨਿਭਾਉਣ ਜੋਗਾ ਅਜੇ ਹੋਇਆ ਹੀ ਨਹੀਂ ਸੀ। ਉਚੇਰੀ ਜ਼ਿਮੇਵਾਰੀ ਵਾਲੀ ਦਾਤ ਦੀ ਬਖ਼ਸ਼ਸ਼ ਬੜੇ ਢੁਕਵੇਂ ਸਮੇ ਤੇ ਹੀ ਹੋਣੀ ਸੀ।

(ਸ) ਡੇਰੇਦਾਰ ਅਥਵਾ ਉਨ੍ਹਾਂ ਦੇ ਚੇਲਿਆਂ ਦੇ ਪਰਚਾਰ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਕੇਵਲ ਉਨ੍ਹਾਂ ਦੇ ਹੀ ਗੁਰੂ ਸਨ ਜਿਹੜੇ ਉਨ੍ਹਾਂ ਦੇ ਪੈਰ ਧੋ ਕੇ ਪੀ ਲੈਂਦੇ ਸਨ। ਪਰ ਭਾਈ ਗੁਰਦਾਸ ਜੀ ਨੇ ਤਾਂ ਗੁਰੂ ਨਾਨਕ ਜੀ ਨੂੰ " **ਜਗਤ ਗੁਰ ਬਾਬਾ** " ਲਿਖਿਆ ਹੈ। ਕੀ ਗੁਰੂ ਨਾਨਕ ਦੇਵ ਜੀ ਸਾਰੇ ਜਗਤ ਦੇ ਗੁਰੂ ਨਹੀਂ ਸਨ ? ਕੀ ਉਹ ਕੇਵਲ ਉਨ੍ਹਾਂ ਦੇ ਹੀ ਗੁਰੂ ਸਨ ਜਿੰਨ੍ਹਾਂ ਨੇ ਉਨ੍ਹਾਂ ਤੋਂ ਚਰਣਾਮ੍ਰਿਤ ਪੀ ਲੈਣੀ ਪ੍ਰਵਾਨ ਕਰ ਲਈ ਸੀ ?

(ਹ) ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਬੇਅੰਤ ਗੁਰੂ ਸ਼ਬਦ ਹਨ ਜਿਨ੍ਹਾਂ ਦੁਆਰਾ ਇਹ ਵਿਸ਼ਵਾਸ਼ ਬੱਝਦਾ ਹੈ ਕਿ ਸਤਿਗੁਰਾਂ ਦਾ ਉਪਦੇਸ਼ ਬਿਨਾ ਕਿਸੇ ਵਿਤਕਰੇ ਦੇ ਸਰਬ-ਸਾਂਝਾ ਹੈ। ਪਰ ਸੰਤਾਂ ਮਹਾਂਪੁਰਖਾਂ ਦਾ ਡੇਰੇਦਾਰ-ਟੋਲਾ ਇਹ ਕਹਿ ਰਿਹਾ ਹੈ ਕਿ ਗੁਰੂ-ਉਪਦੇਸ਼, ਗੁਰੂ-ਦੀਖਿਆ, ਗੁਰੂ-ਗਿਆਨ, ਕੇਵਲ ਉਸ ਨੂੰ ਹੀ ਮਿਲਦਾ ਸੀ ਜਿਹੜਾ ਸਤਿਗੁਰਾਂ ਦਾ ਚਰਣਾਮ੍ਰਿਤ ਪੀ ਕੇ ਗੁਰੂ-ਵਾਲਾ ਬਣਦਾ ਸੀ, ਭਾਵ, ਬਾਕੀ ਲੋਕਾਂ ਨਾਲ ਸਤਿਗੁਰਾਂ ਦਾ ਕੋਈ ਵਾਸਤਾ ਨਹੀਂ ਸੀ। ਸਤਿਗੁਰਾਂ ਦੇ ਜਗਤ-ਗੁਰੂ ਹੋਣ ਬਾਰੇ, ਸ਼ੰਕੇ ਪੈਦਾ ਕਰਨ ਵਾਲੀ ਗੱਲ ਤੋਰਨੀ ਪੰਥਕ ਸੇਵਾ ਨਹੀਂ ਹੈ।

(ਕ) ਕੀ ਭਾਈ ਮਰਦਾਨਾ ਜੀ, ਰਾਜਾ ਰਾਏ ਬੁਲਾਰ ਜੀ, ਪੀਰ ਮੀਆਂ ਮੀਰ ਜੀ, ਪੀਰ ਬੱਧੂ ਸ਼ਾਹ ਜੀ ਸੈਦ ਖ਼ਾਨ ਜੀ ਆਦਿ ਸਤਿਗੁਰਾਂ ਦੇ ਸਿਦਕੀ ਸਿੱਖ ਨਹੀਂ ਸਨ ? ਕੀ ਉਨ੍ਹਾਂ ਨੇ ਸਤਿਗੁਰਾਂ ਤੋਂ ਕੁਰਬਾਨ ਹੋਣ ਵਿਚ ਕਦੇ ਕੋਈ ਝਿਜਕ ਵਿਖਾਈ ਸੀ ? ਕੀ ਕਾਰਨ ਹੈ ਕਿ ਉਨ੍ਹਾਂ ਵਿਚੋਂ ਕਿਸੇ ਦਾ ਪਰਵਾਰ ਵੀ ਸਿੱਖ ਨਹੀਂ ਹੈ? ਮੱਕੇ, ਬਗ਼ਦਾਦ, ਅਫ਼ਗਾਨਿਸਤਾਨ ਆਦ ਇਸਲਾਮੀ ਦੇਸ਼ਾਂ ਵਿਚੋਂ ਬਣੇ ਬੇਅੰਤ ਗੁਰੂ ਸਿੱਖ ਕਿਧਰ ਗਏ ? ਜੇ ਕਦੇ ਕਿਸੇ ਪਾਠਕ ਸੱਜਣ ਨੂੰ ਇਨ੍ਹਾਂ ਸ਼ੰਕਿਆਂ ਦਾ ਉੱਤਰ ਲੱਭ ਜਾਵੇ ਤਾਂ ਦਾਸ ਨੂੰ ਸਮਝਾ ਦੇਣ ਦਾ ਉਪਕਾਰ ਕਰ ਦੇਵੇ। ਉਂਜ ਦਾਸ ਦਾ ਅਟੱਲ ਯਕੀਨ ਹੈ, ਕਿ, ਜੇ ਅਸੀਂ ਸਤਿਗੁਰਾਂ ਦੇ ਉਨ੍ਹਾਂ **ਪੂਰਨਿਆਂ ਦੀ ਅਸਲੀਯਤ** ਨੂੰ ਸਮਝ ਲੈਂਦੇ ਜੋ ਉਨ੍ਹਾਂ ਨੇ ਗੁਰਮਤਿ ਸਿਧਾਂਤ ਨੂੰ ਹਰਮਨ ਪਿਆਰਾ ਬਨਾਉਣ ਲਈ ਹਜ਼ਾਰਾਂ ਮੀਲ ਦਾ ਬਿਖੜਾ ਪੈਂਡਾ ਝਾਗ ਕੇ **ਪਾਏ ਸਨ,** ਤਾਂ ਸਾਰੇ ਸੰਸਾਰ ਨੂੰ ਅੰਮ੍ਰਿਤਧਾਰੀ ਸਿੰਘ ਸਜਿਆ ਵੇਖ ਸਕਣ ਵਿਚ ਕੋਈ ਕਸਰ ਨਹੀਂ ਸੀ ਰਹਿਣੀ।

**ਸਾਨੂੰ ਮੰਦਭਾਗੀਆਂ** ਨੂੰ ਕੀ ਪਤਾ ਕਿ ਪੰਚਮ ਪਾਤਿਸ਼ਾਹ ਜੀ ਦੇ ਧੁਰ ਹਿਰਦੇ ਵਿਚੋਂ ਪਿਆਰਾਂ ਅਤੇ ਸੱਧਰਾਂ ਲੱਦੀ ਇਹ ਸੱਧ ਕਿਸ ਅਵਸਥਾ ਵਿਚ ਨਿਕਲੀ ਸੀ:--**ਤੈਡੀ ਬੰਦਸਿ ਮੈ ਕੋਇ ਨਾ, ਡਿਠਾ ਤੂ ਨਾਨਕ ਮਨਿ ਭਾਣਾ ॥ .......** [੯੬੯]

## ਚਰਨਾਮ੍ਰਿਤ ਪ੍ਰੋਹਿਤਵਾਦੀ ਰਸਮ ?--

ਹਿੰਦੂਆਂ ਦੇ ਧਰਮ-ਗ੍ਰੰਥਾਂ ਦੀਆਂ ਲਿਖਤਾਂ ਇਹ ਦਸਦੀਆਂ ਹਨ ਕਿ ਪੁਰਾਣਕ ਕਾਲ ਤੋਂ ਬ੍ਰਾਹਮਣ ਨੇ " ਪੈਰ ਧੋਤੇ ' ਪਾਣੀ (ਚਰਨਾਮ੍ਰਿਤ) ਨੂੰ ਉਚੇਚੀਆਂ ਬਰਕਤਾਂ ਵਾਲਾ, ਮਨੁੱਖ ਦੇ ਸਰੀਰ ਨੂੰ ਪਾਪ-ਰਹਿਤ ਕਰਨ ਵਾਲਾ, ਅਤੇ ਉਸ ਦੇ ਘਰ-ਘਾਟ ਨੂੰ ਪਾਵਨ ਪਵਿੱਤ੍ਰ ਕਰ ਦੇਣ ਦੀ ਕਰਾਮਾਤੀ ਸ਼ਕਤੀ ਵਾਲਾ ਲਿਖਿਆ ਹੈ। ਮਿਥਿਹਾਸਕ ਗਾਥਾ " ਮਹਾਂਭਾਰਤ " ਦੇ ਉਦਯੋਗ ਪਰਵ ਦੇ ੨੨੪ ਸਫ਼ੇ ਤੇ ਇਸ ਪ੍ਰਕਾਰ ਅੰਕਿਤ ਹੈ--" ਇਸ ਤੋਂ ਬਾਅਦ ਯੁਧਿਸ਼ਟਰ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨ ਧੋ ਕੇ ਚਰਨਾਮ੍ਰਿਤ ਪਾਨ ਕੀਤਾ ਤੇ ਉਸ ਜਲ ਨੂੰ ਘਰ ਵਿਚ ਛਿਣਕ ਕੇ ਆਪਣੇ ਨਿਵਾਸ ਅਸਥਾਨ ਨੂੰ ਪਵਿੱਤ੍ਰ ਕੀਤ '....। ਬ੍ਰਾਹਮਣ ਦੀ ਬਣਾਈ ਰੀਤ ਦਾ ਧਾਰਨੀ ਹੋਣ ਵਾਲੇ ਗੁਰਸਿੱਖ ਨੂੰ ਬੇਪ੍ਰਤੀਤਾ ਫ਼ੁਰਮਾਉਣ ਵਾਲੇ ਸਤਿਗੁਰੂ ਜੀ, ਆਪ ਕਿਸੇ ਪ੍ਰੋਹਿਤਵਾਦੀ ਰੀਤ ਨੂੰ ਕਿਸੇ ਹਾਲਤ ਵਿਚ ਵੀ ਨਹੀਂ ਸਨ ਅਪਨਾ ਸਕਦੇ। ਹਿੰਦੂ ਧਰਮ ਦੇ ਗ੍ਰੰਥਾਂ ਤੋਂ ਸਿੱਧ ਹੋ ਜਾਂਦਾ ਹੈ ਕਿ, ਸਿੱਧ, ਜੋਗੀ, ਰਿਖੀ, ਮੁਨੀ, ਅਥਵਾ ਪੰਡਿਤ ਆਦਿ ਧਰਮ-ਗੁਰੂ, ਕਈ ਤਰ੍ਹਾਂ ਦੀਆਂ ਕਰਮ-ਕਾਂਡੀ ਰੀਤਾ ਕਰਨ ਕਰਾਉਣ ਉਪ੍ਰੰਤ ਦਾਨ-ਦੱਛਣਾ ਲੈ ਕੇ, ਖ਼ਾਸ ਰਸਮ ਦੁਆਰਾ ਕਿਸੇ ਨੂੰ ਆਪਣਾ ਚੇਲਾ ਜਾਂ ਸ਼ਿਸ਼ਯ ਬਣਾਉਂਦੇ ਸਨ। ਰਾਮਾਇਣ ਗਾਥਾ ਦੀ ਫ਼ਿਲਮ ਜਿਹੜੀ ਭਾਰਤ ਸਰਕਾਰ ਨੇ T.V ਤੇ ਵਿਖਾਈ ਸੀ, ਅਤੇ ਜਿਸ ਦੀਆਂ Video ਰੀਲਾਂ ਬਾਜ਼ਾਰ ਵਿਚ ਵਿਕਦੀਆਂ ਹਨ, ਉਸ ਵਿਚ ਉਹ ਦ੍ਰਿਸ਼ਯ (Scene) ਬੜੇ ਵਿਸਥਾਰ ਨਾਲ ਦਰਸਾਇਆ ਗਿਆ ਹੈ ਜਦ ਸ੍ਰੀ ਰਾਮ, ਲਛਮਣ ਆਦਿ ਚੌਹਾਂ ਭਰਾਵਾਂ ਨੇ ਰਿਸ਼ੀ ਵਿਸ਼ਿਸ਼ਟ ਨੂੰ ਗੁਰੂ ਧਾਰਨ ਕੀਤਾ ਸੀ। ਉਸ ਵਿਚ ਪਹਿਲਾਂ ਚੌਹਾਂ ਰਾਜਕੁਮਾਰਾਂ ਦੇ ਸਿਰ ਰਗੜ ਕੇ ਮੁੰਨੇ ਗਏ ਅਤੇ ਫਿਰ ਮੰਗਤਿਆਂ ਵਾਲੇ ਕੱਪੜੇ ਪਾਏ, ਅਤੇ ਕਈ ਬ੍ਰਾਹਮਣੀ ਰਸਮਾਂ ਕੀਤੀਆਂ ਫ਼ਿਲਮਾਈਆਂ ਹੋਈਆਂ ਹਨ। ਸਿੱਧ ਹੁੰਦਾ ਹੈ ਕਿ ਗੁਰੂ ਧਾਰਨ ਕਰਨ ਲਈ ਖ਼ਾਸ ਰਸਮਾਂ ਕਰਨੀਆਂ ਬਿੱਪ੍ਰਨ ਕੀ ਰੀਤ ਹੈ। ਕਿਸੇ ਅਜੇਹੀ ਰਸਮ ਨੂੰ ਗੁਰੂ ਨਾਨਕ ਜੀ ਦੇ ਪਾਵਨ ਹਸਤੀ ਨਾਲ ਜੋੜਨਾ, ਦਾਸ ਦੀ ਸੋਚਣੀ ਅਨੁਸਾਰ, ਸਤਿਗੁਰਾਂ ਦੀ ਨਿਰਾਦਰੀ ਹੈ। ਸਤਿਗੁਰਾਂ ਨੂੰ ਧਨ ਧਨ ਪੁਕਾਰ ਰਹੇ ਚੌਥੇ ਗੁਰ ਨਾਨਕ, ਸ੍ਰੀ ਗੁਰੂ ਰਾਮਦਾਸ ਜੀ ਦੇ ਫ਼ੁਰਮਾਨ ਵਿਚੋਂ ਜ਼ਰਾ ਸੰਕੇਤ ਤੱਕ ਵੀ ਨਹੀਂ ਮਿਲਦਾ, ਕਿ ਸਤਿਗੁਰਾਂ ਨੇ ਸਿੱਖ ਬਣਾਉਣ ਤੋਂ ਕਦੇ ਕਿਸੇ ਨੂੰ ਆਪਣੇ ਚਰਨ ਧੋ ਕੇ ਪਿਲਾਏ ਸਨ ?--

੧੨- **ਧਨੁ ਧਨੁ ਸਤ ਪੁਰਖ ਸਤਿਗੁਰੂ ਹਮਾਰਾ ਜਿਤੁ ਮਿਲਿਐ, ਹਮ ਕਉ ਸਾਂਤਿ ਆਈ ॥**
**ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥**
**ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥**
**ਧਨੁ ਧਨੁ ਹਰਿ ਗਿਆਨੀ ਸਤਿਗਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਮ ਦ੍ਰਿਸਟਿ ਦਿਖਾਈ ॥**
**ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥**[੫੯੪]

੬

## ਸਤਿਗੁਰੂ ਗਿਆਨ ਦੀ ਬਰਖਾ ਦਾ ਮੇਘਲਾ ?

ਗੁਰੂ ਨਾਨਕ ਸਾਹਿਬ ਜੀ ਬ੍ਰਹਮ-ਗਿਆਨ ਦੇ ਨਿਰੇ ਛੱਟੇ ਹੀ ਨਹੀਂ ਸਨ ਦਿੰਦੇ ਉਹ ਤਾਂ ਆਤਮਕ ਠੰਡ ਵਰਤਾਉਣ ਵਾਲੇ ਆਤਮ ਗਿਆਨ ਦਾ ਬੱਦਲ ਬਣ ਕੇ ਸੰਸਾਰੀ ਜੀਵਾਂ ਦੇ ਹਿਰਦਿਆਂ ਤੇ ਵਰ੍ਹੇ ਹਨ । ਇਸ ਗੱਲ ਦੀ ਪੁਸ਼ਟੀ ਗੁਰਬਾਣੀ-ਸ਼ਬਦ ਇਸ ਪ੍ਰਕਾਰ ਕਰਦੇ ਹਨ:--

੧੩- **ਮਾਝ ਮਹਲਾ ੫ ॥ ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ॥ ਜਲਿ ਥਲਿ ਮਹੀਅਲਿ,**
**ਦਹਦਿਸਿ ਵਰਸਾਇਆ ॥ ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ ॥ ੧ ॥**[੧੦੬]-੩੪-੪੧

**ਅਰਥ:**--ਜਿਵੇਂ ਜਦੋਂ ਵੀ ਪਾਰਬ੍ਰਹਮ ਪ੍ਰਭੂ ਨੇ ਬੱਦਲ ਘਲਿਆ ਤੇ, ਹਰ ਥਾਂ ਹਰ ਪਾਸੇ ਵਰਖਾ ਕਰ ਦਿੱਤੀ, ਜਿਸ ਦੀ ਬਰਕਤਿ ਨਾਲ ਠੰਢ ਵਰਤ ਗਈ, ਸਭਨਾਂ ਦੀ ਪਿਆਸ ਮਿਟ ਗਈ ਤੇ ਸਭ ਥਾਂਈ ਖ਼ੁਸ਼ੀ ਹੀ ਖ਼ੁਸ਼ੀ ਹੋ ਗਈ (ਏਸੇ ਤਰ੍ਹਾਂ ਅਕਾਲ ਪੁਰਖ ਨੇ ਗੁਰੂ ਨਾਨਕ ਦੇਵ ਜੀ ਨੂੰ ਘਲਿਆ ਜਿਸ ਨੇ ਪ੍ਰਭੂ ਦੇ ਨਾਮ ਦੀ ਵਰਖਾ ਕੀਤੀ ਤਾਂ ਸਭ ਜੀਵਾਂ ਦੇ ਹਿਰਦੇ ਵਿਚ ਸ਼ਾਂਤੀ ਵਰਤ ਗਈ, ਸਭ ਦੀ ਮਾਇਕ ਤ੍ਰਿਸ਼ਨਾਂ ਮਿਟ ਗਈ, ਤੇ ਸਭ ਦੇ ਹਿਰਦਿਆਂ ਵਿਚ ਆਤਮਕ ਆਨੰਦ ਪੈਦਾ ਹੋ ਗਿਆ । ੧ ।

੧੪- **ਮ: ੫ ॥ ਵੁਠੇ ਮੇਘ ਸੁਹਾਵਣੇ, ਹੁਕਮੁ ਕੀਤਾ ਕਰਤਾਰਿ ॥ ਰਿਜਕੁ ਉਪਾਇਓਨੁ ਅਗਲਾ, ਠਾਂਢਿ ਪਈ**
**ਸੰਸਾਰਿ ॥ ਤਨੁ ਮਨੁ ਹਰਿਆ ਹੋਇਆ ਸਿਮਰਤ ਅਗਮ ਅਪਾਰ ॥** ਕਰਿ ਕਿਰਪਾ ਪ੍ਰਭ ਆਪਣੀ ਸਚੇ
ਸਿਰਜਣਹਾਰ ॥ ਕੀਤਾ ਲੋੜਹਿ ਸੋ ਕਰਹਿ ਨਾਨਕ ਸਦ ਬਲਿਹਾਰ ॥ ੨ ॥ [੧੨੫੧]-ਵਾ-੩੬

**ਅਰਥ:**--ਜਦੋਂ ਕਰਤਾਰ ਨੇ ਹੁਕਮ ਦਿੱਤਾ, ਸੋਹਣੇ ਬੱਦਲ ਆ ਕੇ ਵਰ੍ਹ ਪਏ, ਤੇ ਉਸ ਪ੍ਰਭੂ ਨੇ ਬੇਅੰਤ ਰਿਜ਼ਕ ਜੀਵਾਂ ਲਈ ਪੈਦਾ ਕੀਤਾ, ਸਾਰੇ ਜਗਤ ਵਿਚ ਠੰਢ ਵਰਤ ਗਈ, (ਏਸੇ ਤਰ੍ਹਾਂ ਕਰਤਾਰ ਦੀ ਮੇਹਰ ਨਾਲ ਗੁਰੂ-ਨਾਨਕ-ਬੱਦਲ ਦੇ ਉਪਦੇਸ਼ ਦੀ ਵਰਖਾ ਨਾਲ ਬੇਅੰਤ ਨਾਮ-ਧਨ ਪੈਦਾ ਹੋਇਆ ਤੇ ਉਪਦੇਸ਼ ਸੁਣ ਕੇ ਮੰਨ ਵਸਾਉਣ ਵਾਲੇ ਵਡ-ਭਾਗੀਆਂ ਦੇ ਅੰਦਰ ਠੰਢ ਪਈ) ਅਪਹੁੰਚ ਅਤੇ ਬੇਅੰਤ ਪ੍ਰਭੂ ਦਾ ਸਿਮਰਨ ਕਰਨ ਨਾਲ ਉਨ੍ਹਾਂ (ਵਡ-ਭਾਗੀਆਂ) ਦਾ ਤਨ ਮਨ ਖਿੜ ਪਿਆ । (ਪੰਜਵੇਂ ਗੁਰ ਨਾਨਕ ਜੀ ਦਾ ਫ਼ੁਰਮਾਨ, ਕਿ ਇਵੇਂ ਅਰਜੋਈ ਕਰੋ=) ਹੇ ਸਦਾ ਕਾਇਮ ਰਹਿਣ ਵਾਲੇ ਸਿਰਜਣਹਾਰ ਪ੍ਰਭੂ ! ਆਪਣੀ ਮੇਹਰ ਕਰ (ਮੈਨੂੰ ਵੀ ਇਹ ਨਾਮ-ਧਨ ਦੇਹ), ਜੋ ਤੂੰ ਕਰਨਾ ਚੁੰਹਦਾ ਹੈਂ ਉਹੀ ਕਰਦਾ ਹੈਂ, ਮੈਂ ਤੈਥੋਂ ਸਦਕੇ ਹਾਂ। ੨ ।

੧੫- **ਮ: ੫ ॥ ਘਨਿਹਰ ਬਰਸਿ ਸਗਲ ਜਗੁ ਛਾਇਆ ॥ ਭਏ ਕ੍ਰਿਪਾਲ**
**ਪ੍ਰੀਤਮ ਪ੍ਰਭ ਮੇਰੇ ਅਨਦ ਮੰਗਲ ਸੁਖ ਪਾਇਆ ॥੧॥ ਰਹਾਉ ॥** [੧੨੬੯]-੭-੧੧

**ਅਰਥ:**-- (ਉਂਵ ਤਾਂ ਨਾਮ-ਜਲ ਨਾਲ ਭਰਪੂਰ ਸਤਿਗੁਰੂ-(ਨਾਨਕ ਜੀ) ਨਾਮ ਦੀ ਵਰਖਾ ਕਰ ਕੇ ਸਾਰੇ ਜਗਤ ਉੱਤੇ ਪ੍ਰਭਾਵ ਪਾ ਰਹੇ ਹਨ, ਪਰ ਜਿਸ ਮਨੁੱਖ ਉੱਤੇ ਮੇਰੇ ਪ੍ਰਭੂ ਪ੍ਰੀਤਮ ਜੀ ਦਇਆਵਾਨ ਹੁੰਦੇ ਹਨ, ਉਹ ਉਸ ਨਾਮ-ਵਰਖਾ ਵਿਚੋਂ ਆਨੰਦ ਖ਼ੁਸ਼ੀਆਂ ਤੇ ਆਤਮਕ ਸੁਖ ਪ੍ਰਾਪਤ ਕਰਦਾ ਹੈ । ੧ । ਰਹਾਉ । ੧੪

੧੬- **ਮ: ੫ ॥ ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥**
**ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥ ੧ ॥**[੧੨੮੦]-ਵਾ-੬

**ਅਰਥ:**--(ਗੁਰੂ-ਬੱਦਲ) ਝੁਕ ਝੁਕ ਕੇ ਆਇਆ ਹੈ ਤੇ ਝੜੀ ਲਾ ਕੇ ਵਰ੍ਹ ਰਿਹਾ ਹੈ (ਭਾਵ, ਗੁਰੂ ਨਾਮ-ਉਪਦੇਸ਼ ਦੀ ਵਰਖਾ ਕਰ ਰਿਹਾ ਹੈ), ਪਰ (ਇਸ ਉਪਦੇਸ਼ ਨੂੰ ਸੁਣ ਕੇ) ਜੋ ਮਨੁੱਖ ਖਸਮ-ਪ੍ਰਭੂ ਦੀ ਰਜ਼ਾ ਵਿਚ ਤੁਰਦਾ ਹੈ ਉਹੀ ਉਸ ਉਪਦੇਸ਼-ਵਰਖਾ ਦਾ ਅਨੰਦ ਮਾਣਦਾ ਹੈ । ੧ ।

੧੭- **ਮ: ੫ ॥ ਬਰਸੁ ਮੇਘ ਜੀ ਤਿਲੁ ਬਿਲਮੁ ਨਾ ਲਾਉ ॥ ਬਰਸੁ**
**ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ ॥ ੧ ॥ ਰਹਾਉ ॥**[੧੨੬੭]-੩-੭

**ਅਰਥ:**--ਹੇ ਨਾਮ-ਜਲ ਦੇ ਬੱਦਲ ਸਤਿਗੁਰੂ ਜੀ ! ਨਾਮ ਜਲ ਦੀ ਵਰਖਾ ਛੇਤੀ ਕਰੋ । ਹੇ ਪਿਆਰੇ ਗੁਰੂ । ਹੇ ਮਨਾਂ ਦੇ ਸਹਾਰੇ ਗੁਰੂ ਜੀ ! ਨਾਮ ਜਲ ਦੀ ਵਰਖਾ ਕਰੋ । ਇਸ ਵਰਖਾ ਨਾਲ ਮਨ ਵਿਚ ਸਦਾ ਖ਼ੁਸ਼ੀ ਹੁੰਦੀ ਹੈ ਸਦਾ ਆਨੰਦ ਪੈਦਾ ਹੁੰਦਾ ਹੈ । ੧ । ਰਹਾਉ ।

ਪਾਣੀ ਦੇ ਅਥਾਹ ਭੰਡਾਰ, ਬੱਦਲ ਨੇ ਇਹ ਵਿਚਾਰ ਕਦੇ ਨਹੀਂ ਕੀਤੀ ਕਿ ਉਸ ਦਾ ਪਾਣੀ ਚੰਗੇ ਥਾਂ ਪੈ ਰਿਹਾ ਹੈ ਜਾਂ ਕਿਸੇ ਗੰਦੇ ਥਾਂ ਦੀ ਸਫ਼ਾਈ ਕਰ ਰਿਹਾ ਹੈ। ਗਿਆਨ ਦੇ ਅਥਾਹ ਭੰਡਾਰ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਗੁਰਬਾਣੀ ਨੇ ਅਜੇਹਾ ਹੀ ਮੇਘ (ਬੱਦਲ) ਕਿਹਾ ਹੈ ਜੋ ਬਿਨਾਂ ਕਿਸੇ ਵਿਤਕਰੇ ਦੇ, ਚੰਗੇ ਮਾੜੇ, ਪਾਤਰ ਕੁਪਾਤਰ, ਧਰਮੀ ਅਧਰਮੀ, ਆਸਤਕ ਨਾਸਤਕ, ਸਭ ਦੇ ਭਲੇ ਲਈ ਦੈਵੀ ਉਪਦੇਸ਼ ਦੀ ਨਿਰੰਤਰ ਝੜੀ ਲਾਉਂਦੇ ਹੋਏ ਸਮੁੱਚੇ ਭਾਰਤ ਵਿਚ ਅਤੇ ਸੰਸਾਰ ਦੇ ਦੂਰ ਨੇੜੇ ਦੇ ਦੇਸ਼ਾਂ ਵਿਚ ਪੁੱਜਦੇ ਰਹੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਗਿਆਨ ਦੇ ਤਾਂ ਅੱਜ ਵੀ ਬਿਨਾ ਕਸੇ ਵਿਤਕਰੇ ਦੇ, ਬੜੇ ਖੁਲ੍ਹੇ ਛੱਟੇ ਵੱਜ ਰਹੇ ਹਨ। ਸਗਿਰੂ ਜੀ ਦਾ ਹੋਕਾ ਤਾਂ ਸੁਣੋ, ਉਹ ਕੀ ਫ਼ੁਰਮਾ ਰਹੇ ਹਨ:--

੧੮- **ਰਾਮਕਲੀ ਮਹਲਾ ੧ ॥ ਡੋਲੈ ਵਾਉ ਨ ਵਡਾ ਹੋਇ ॥ ਜਾਪੈ ਜਿਉ ਸਿੰਘਾਸਣਿ ਲੋਇ ॥**
**ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ** ॥ ਨਿਰਤਿ ਨ ਪਾਈਆ ਗਣੀ ਸਹੰਸ ॥
**ਐਸਾ ਦੀਵਾ ਬਾਲੇ ਕੋਇ** ॥ ਨਾਨਕ ਸੋ ਪਾਰੰਗਤਿ ਹੋਇ ॥ ੪ ॥ [੮੭੮]-੭

**ਪਦ ਅਰਥ:**--ਵਾਉ=ਹਵਾ । ਨ ਵਡਾ ਹੋਇ=ਬੁੱਝਦਾ ਨਹੀਂ। ਜਾਪੈ=ਦਿੱਸ ਪੈਂਦਾ ਹੈ। ਜਿਉ=ਜਿਉਂ ਦਾ ਤਿਉਂ, ਪ੍ਰਤੱਖ। ਸਿੰਘਾਸਣਿ= ਸਿੰਘਾਸਣ ਉਤੇ, ਹਿਰਦੇ-ਤਖ਼ਤ ਉਤੇ। ਲੋਇ= (ਦੀਵੇ ਦੀ) ਲੋ ਨਾਲ। ਕਿ=ਭਾਵੇਂ। ਨਿਰਤਿ=ਨਿਰਨਾ, ਗਿਣਤੀ। ਗਣੀ=ਜੇ ਮੈਂ ਗਿਣਾ। ਸਹੰਸ=ਹਜ਼ਾਰਾਂ (ਜਾਤੀਆਂ)। ਕੋਇ=ਕੋਈ ਵੀ ਮਨੁੱਖ, ਕਿਸੇ ਵੀ ਜ਼ਾਤੀ ਦਾ । ਪਾਰੰਗਤਿ=(ਸੰਸਾਰ-ਸਮੁੰਦਰ ਤੋ ਪਾਰ ਲੰਘਣ ਵਾਲੀ ਆਤਮਕ ਅਵਸਥਾ ਵਾਲਾ। ਗਤਿ=ਆਤਮਕ ਅਵਸਥਾ। ੪ ।

ਆਤਮਕ ਤੌਰ ਤੇ ਉੱਚੇ, ਸੰਤ ਅਤੇ ਸੂਰਮਿਆਂ ਵਾਲੀਆਂ ਸਾਰੀਆਂ ਸਿਫ਼ਤਾਂ ਦਾ ਮਾਲਕ, ਗ਼ਰੀਬਾਂ, ਨਿਆਸਰਿਆਂ, ਦੁਖਿਆਰਾਂ ਦਾ ਸੰਗੀ-ਸਾਥੀ, ਨਿਆਰੇ ਖ਼ਾਲਸਾ ਪੰਥ ਲਈ ਲੋੜੀਦੇ, ਮਰਯਾਦਾ-ਸਿਧਾਂਤ ਦੇ ਜਨਮ-ਦਾਤਾ, ਸ੍ਰੀ ਗੁਰੂ ਨਾਨਕ ਸਾਹਿਬ ਜੀ ਫ਼ੁਰਮਾ ਰਹੇ ਹਨ, ਕਿ ਖੱਤਰੀ, ਵੈਸ, ਸੂਦਰ ਬ੍ਰਾਹਮਣ ਆਦਿ ਨਿਰੇ ਚੌਹਾਂ ਹੀ ਵਰਣਾ ਦੀ ਗੱਲ ਨਹੀਂ ਹੈ, ਸਾਰੇ ਸੰਸਾਰ ਦੀਆਂ ਹਜ਼ਾਰਾਂ ਜਾਤੀਆਂ ਵਿਚੋਂ ਕੋਈ ਵੀ ਸਤਿਗੁਰਾਂ ਦੇ ਬਖ਼ਸ਼ੇ ਗਿਆਨ ਦੇ ਚਾਨਣਨੇ ਤੋਂ ਆਪਣੇ ਹਿਰਦੇ ਦਾ ਹਨੇਰਾ ਦੂਰ ਕਰ ਲਵੇ, ਉਹ ਸੰਸਾਰ ਸਮੁੰਦਰ ਦੀਆਂ ਵਿਕਾਰਾਂ ਦੀਆਂ ਲਹਿਰਾਂ ਤੋਂ ਪਾਰ ਲੰਘ ਜਾਵੇਗਾ। ਸਤਿਗੁਰਾਂ ਦੇ ਕਿਸੇ ਵੀ ਬਚਨ ਵਿਚੋਂ, ਕਿਸੇ ਪ੍ਰਕਾਰ ਦੀ ਕੋਈ ਕਰਮਕਾਂਡੀ ਪਾਬੰਦੀ ਨਜ਼ਰ ਨਹੀਂ ਆ ਰਹੀ। ਕਿਸੇ ਪ੍ਰਕਾਰ ਦੇ ਵਿਤਕਰੇ ਦਾ ਕਿਤੇ ਸੰਕੇਤ ਤੱਕ ਨਹੀਂ ਹੈ। ਬਿਨਾਂ ਕਿਸੇ ਪ੍ਰਕਾਰ ਦੀ ਝਿਜਕ ਅਤੇ ਸੰਕੋਚ ਤੋਂ ਸਾਰਿਆਂ ਨੂੰ ਨਿਰੰਤਰ ਬੁਲਾਵਾ ਆ ਰਿਹਾ ਹੈ---

੧੯- **ਖਤ੍ਰੀ ਬ੍ਰਾਹਮਣ ਸੂਦ ਵੈਸੁ ਸਭ ਏਕੈ ਨਾਮਿ ਤਰਾਨਥ ॥**
**ਗੁਰੁ ਨਾਨਕੁ ਉਪਦੇਸੁ ਕਰਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥ ੪ ॥**[੧੦੦੧]-੧-੧੦

੨੦- **ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥ ਗੁਰੁ**
**ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ ॥ ੧ ॥ [੮੦੦]੫**

੨੧- **ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥ ਕੋ ਉਪਦੇਸੈ ਕੋ ਦ੍ਰਿੜੈ ਤਿਸਾ ਕਾ ਹੋਇਆ ਉਧਾਰੁ ॥**
**ਕਿਲਬਿਖਿ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ ॥ ਹਲਤਿ ਪਲਤਿ ਮੁਖੁ ਊਜਲਾ ਨਹ**
**ਪੋਹੈ ਤਿਸੁ ਮਾਇ ॥ ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥ ਸੋ ਸੂਰਾ ਕੁਲਵੰਤੁ ਸੋਇ**
**ਜਿਨਿ ਭਜਿਆ** ਭਗਵੰਤੁ ॥ **ਖਤ੍ਰੀ ਬ੍ਰਾਹਮਣੁ ਸੂਦ ਬੈਸੁ ਉਧਰੈ ਸਿਮਰਿ ਚੰਡਾਲ ॥**
**ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲੁ ॥ ੧੭ ॥**[੩੦੦]-ਵਾਰ

ਬਿਨਾ ਕਿਸੇ ਸ਼ਰਤ ਦੇ ਬਿਨਾ ਕਿਸੇ **Fomality** ਦੀ ਬੰਦਸ਼ ਦੇ ਸਤਿਗੁਰਾਂ ਦਾ ਉਪਦੇਸ਼ ਜਿਸ ਨੇ ਵੀ ਧਿਆਨ ਨਾਲ ਸੁਣ, ਲਿਆ ਹਿਰਦੇ ਤੋਂ ਸਤਿਗੁਰਾਂ ਦਾ ਸਿੱਖ ਬਣ ਗਿਆ। ਭਾਵੇਂ ਕੋਈ ਕਿੱਡਾ ਵੀ ਵਡੇ ਤੋਂ ਵਡਾ ਵਿਕਾਰੀ ਵੀ ਸੀ, ਜਿਸ ਨੇ ਵੀ ਸੱਚੇ ਹਿਰਦੇ ਤੋ ਉਪਜੀ ਸ਼ਰਧਾ ਨਾਲ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਦਰਸ਼ਨ ਕਰ ਲਏ, ਵਿਕਾਰਾਂ ਨਾਲ ਤਪਦਾ ਉਸ ਦਾ ਹਿਰਦਾ ਠਰ ਗਿਆ। ਫਿਰ ਜਿਸ ਨੇ ਉਨ੍ਹਾਂ ਨੂੰ ਧਿਆਨ ਨਾਲ ਸੁਣ ਲਿਆ, ਉਹ ਮਨ ਕਰਕੇ ਉਨ੍ਹਾਂ ਦਾ ਦੀਵਾਨਾ ਹੋ ਗਿਆ, ਉਸ ਦਾ ਜਨਮ ਮਰਨ ਕੱਟਿਆ ਗਿਆ--**ਗੁਰੁ ਨਾਨਕੁ ਜਿਨ ਸੁਣਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥ ੪ ॥** [੬੧੨] ਕੀ, ਇਸ ਗੁਰੂ ਫ਼ੁਰਮਾਨ ਤੋਂ ਚਰਨ ਧੋ ਕੇ ਪੀਣ ਵਾਲੀ ਰਸਮ ਪੂਰੀ ਕਰਕੇ ਸੰਸਾਰ ਦੀਆਂ ਨਜ਼ਰਾਂ ਵਿਚ ਗੁਰੂ-ਚੇਲਾ ਬਣਨ ਵਾਲੀ ਕੋਈ ਕਸਰ ਬਾਕੀ ਰਹਿ ਗਈ? ਬਿਨਾ ਵਿਤਕਰੇ ਦੇ, ਬਿਨਾ ਕਿਸੇ ਸ਼ਰਤ ਦੇ **ਜਿਨ੍ਹ ਵੀ** ਧਿਆਨ ਨਾਲ ਸਤਿਗੁਰਾਂ ਨੂੰ ਸੁਣ ਲਿਆ ਅਤੇ ਉਸ ਉਪਦੇਸ਼ ਨੂੰ ਆਪਣੇ ਜੀਵਨ ਵਿਚ ਢਾਲ ਕੇ ਵੇਖਿਆ ਲਿਆ, ਉਹੀ ਜਨਮ ਮਰਣ ਦੇ ਗੇੜ ਵਿਚੋਂ ਬਾਹਰ ਹੋ ਗਿਆ--

੨੨- **ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥ ਜਿਨੀ ਸਚਾ ਮੰਨਿਆ, ਤਿਨ ਮਨਿ ਸਚੁ ਧਿਆਨ ॥**
**ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥ ੪ ॥** [੫੫]-੪

੨੩- **ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ ॥ ਜਿਨੀ ਸਚੁ ਵਣੰਜਿਆ**
**ਗੁਰ ਪੂਰੇ ਸਾਬਾਸਿ ॥ ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ ॥ ੪ ॥**[੧੮]-੧੧

੨੪- **ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ**

**ਹਰਿ ਪਾਇਆ ਗੁਣਤਾਸੁ ॥ ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥**
**ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਰਗਾਸੁ ॥ ੧ ॥**[੨੭]-੪-੩੭

੨੫- **ਜਾਗੁ ਸਲੋਨੜੀਐ ਬੋਲੈ ਗੁਰਬਾਣੀ ਰਾਮ ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥ ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥ ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ ॥ ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣਿ ਸਾਰਿਆ ॥ ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ ॥ ੩ ॥**[੮੪੪]-੨

੨੬- **ਅਗਮ ਅਗੋਚਰੁ ਤੂ ਧਣੀ ਸਚਾ ਅਲਖ ਅਪਾਰੁ ॥ ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ ॥ ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ ॥ ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ ॥ ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥ ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰੁ ॥ ਤੂ ਪ੍ਰਭੂ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ ॥ ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ ॥ ੧੯ ॥**[੧੨੮੭]-ਵਾਰ

ਗਲ ਹਿਰਦੇ ਤੋਂ ਉਪਜੀ ਸ਼ਰਧਾ ਦੀ ਹੈ। **ਜਿਸ ਨੇ ਵੀ** ਸਤਿਗੁਰਾਂ ਦਾ ਉਪਦੇਸ਼ (ਭਾਵੇਂ ਪੜ੍ਹ ਕੇ ਜਾਣ ਲਿਆ, ਭਾਵੇਂ ਸੁਣ ਕੇ) ਸਮਝ ਲਿਆ ਅਤੇ ਉਸ ਨੂੰ ਆਪਣੇ ਜੀਵਨ ਵਿਚ ਢਾਲ ਲਿਆ ਉਹੀ ਸਤਿਗੁਰਾਂ ਦਾ ਪੱਕਾ ਸਿੱਖ ਬਣ ਗਿਆ। ਵਿਖਾਵੇ ਵਾਲੀ ਕਿਸੇ ਵੀ ਰਸਮ ਦੀ ਕੋਈ ਪਾਬੰਦੀ ਨਾ ਕਦੇ ਸੀ ਅਤੇ ਨਾ ਹੀ ਅੱਜ ਹੈ। ਸਰਬੱਤ ਦੇ ਭਲੇ ਲਈ ਸੋਚਣ ਵਾਲੇ ਸਰਬੱਤ ਦੇ ਸਾਂਝੇ ਦਿਆਲੂ ਗੁਰੂ ਨਾਨਕ ਸਾਹਿਬ ਜੀ ਬਾਰੇ ਲੋਕਾਂ ਦੇ ਮਨਾਂ ਵਿਚ ਇਹ ਵਿਚਾਰ ਬਣਾ੧੧੭ਕਿ, ਗੁਰਦੇਵ ਜੀ ਗਿਆਨ ਦੀ ਬਖ਼ਸ਼ਸ਼ ਕਰਨ ਤੋਂ ਪਹਿਲਾਂ ਆਪਣੇ ਚਰਨ ਧੋ ਕੇ ਪਿਲਾਇਆ ਕਰਦੇ ਸਨ ਠੀਕ ਨਹੀਂ ਹੈ। ਦਾਸ ਪਹਿਲਾਂ ਵੀ ਕਈ ਥਾਈਂ ਲਿਖ ਚੁਕਿਆ ਹੈ ਕਿ ਪੰਚਮ ਪਾਤਿਸ਼ਾਹ ਜੀ ਦੇ ਵਡਮੁਲੇ ਫ਼ੁਰਮਾਨ ਦੀ ਅਸਲੀਯਤ ਨੂੰ ਸਮਝੀਏ ਜਿਸ ਵਿਚ ਉਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਉਚੇਚੇ ਤੌਰ ਤੇ ਕਾਰਨ, ਕੁਰਬਾਨ ਸਦਕੇ ਕਿਉਂ ਜਾ ਰਹੇ ਹਨ? ਪਾਵਨ ਬਚਨ ਅਨੁਸਾਰ, ਉਚੇਚੇ ਤੌਰ ਤੇ ਕੁਰਬਾਨ ਜਾਣ ਵਾਲੀ ਮਿਹਰ ਗੁਰੂ ਨਾਨਕ ਜੀ ਨੇ ਇਹ ਕੀਤੀ ਕਿ, ਉਨ੍ਹਾਂ ਨੇ ਕਿਸੇ ਕਰਮਕਾਂਡੀ ਰੀਤੀ ਰਿਵਾਜ ਦੀਆਂ ਬੰਦਸ਼ਾਂ ਤੋਂ ਬਿਨਾ ਹੀ ਸਿਰਜਣ-ਹਾਰ ਪ੍ਰਭੂ-ਪਤੀ ਦੀ ਪਛਾਣ ਕਰਵਾ ਦਿੱਤੀ। ਗੁਰੂ ਨਾਨਕ ਸਾਹਿਬ ਜੀ ਨੂੰ ਕਿਸੇ ਵੀ ਕਰਮ-ਕਾਂਡੀ ਰੀਤ ਦੇ ਬੰਧਨ ਨਾਲ ਜੋੜਨ ਦੀ ਭੁੱਲ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪਾਵਨ ਬਚਨ ਦੀ ਅਵੱਗਿਆ ਨਾ ਕਰੀਏ:--

੨੭- **ਸਲੋਕ ਮਃ ੧॥ ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥**
**ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥ ੧ ॥** [੯੬੪]

੭

# ਚਰਨਾਮ੍ਰਿਤ ਪਿਲਾਉਣ ਦਾ ਇਤਿਹਾਸਕ ਪੱਖ

ਸਾਰੇ ਇਤਿਹਾਸ ਕਾਰ ਮੰਨਦੇ ਹਨ ਕਿ ਸਭ ਤੋਂ ਪਹਿਲਾਂ ਬੇਬੇ ਨਾਨਕੀ ਜੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣੇ ਸਨ। ਦੂਜੇ ਸਿੱਖ ਰਾਏ ਬੁਲਾਰ ਜੀ ਮੰਨੇ ਜਾਂਦੇ ਹਨ। ਕੀ, ਸਤਿਗੁਰਾਂ ਨੇ ਇਨ੍ਹਾਂ ਨੂੰ ਪਹਿਲਾਂ ਚਰਣਾਮ੍ਰਿਤ ਪਿਲਾ ਲਈ ਹੋਵੇਗੀ? ਸਿਖਿਆ ਦੇਣ ਵਾਲੇ ਅਤੇ ਸਿਖਿਆ ਲੈਣ ਵਾਲੇ ਵਿਚ ਗੁਰੂ ਚੇਲੇ ਦਾ ਰਿਸ਼ਤਾ ਆਪਣੇ ਆਪ ਹੀ ਕਾਇਮ ਹੋ ਜਾਂਦਾ ਹੈ। ਹਰਿਦੁਆਰ ਵਿਖੇ ਗੰਗਾ ਦਾ ਪਾਣੀ ਲਹਿੰਦੇ ਵੱਲ ਨੂੰ ਛੱਟਣਾ ਅਰੰਭ ਕਰ ਦੇਣ ਵਿਚ ਸਤਿਗੁਰਾਂ ਦਾ ਬੜਾ ਬਹੁਮੁੱਲਾ ਗਿਆਨ ਲੁਕਿਆ ਹੋਇਆ ਸੀ। ਲਹਿੰਦੇ ਵਲ ਨੂੰ ਪਾਣੀ ਛੱਟਣ ਲੱਗ ਪੈਣ ਤੋਂ ਪਹਿਲਾਂ, ਕੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਚਰਨ ਧੋ ਕੇ ਪਿਲਾ ਲਏ ਸਨ * ?**>>>>** [Foot Note:--ਸਾਖੀ ਹੈ ਕਿ, ਸਤਿਗੁਰੂ ਨਾਨਕ ਦੇਵ ਜੀ ਇੱਕ ਵਾਰ ਹਰਿਦੁਆਰ ਗਏ ਤਾਂ ਉਨ੍ਹਾਂ ਵੇਖਿਆ ਕਿ ਬਹੁਤ ਸਾਰੇ ਲੋਕ ਸੂਰਜ ਵਲ ਨੂੰ ਮੂੰਹ ਕਰਕੇ ਗੰਗਾ ਨਦੀ ਦਾ ਪਾਣੀ ਉਤਾਂਹ ਨੂੰ ਸੁੱਟ ਰਹੇ ਸਨ । ਗੁਰਦੇਵ ਜੀ ਦੇ ਪੁੱਛਣ ਤੇ ਪਾਂਡਿਆਂ ਨੇ ਦੱਸਿਆ ਕਿ " ਉਹ ਉਪਰ ਵੱਸਦੇ ਆਪਣੇ ਪਿੱਤਰਾਂ ਨੂੰ ਅਤੇ ਨਾਲ ਹੀ ਸੂਰਜ ਨੂੰ ਪਾਣੀ ਪਿਲਾ ਰਹੇ ਹਨ । ਅਤੇ ਇਹ ਵੀ ਦੱਸਿਆ ਕਿ ਪਿੱਤ੍ਰ ਲੋਕ ਕਈ ਕ੍ਰੋੜ ਮੀਲ ਸੂਰਜ ਤੋਂ ਵੀ ਅੱਗੇ ਹੈ " । ਗੁਰਦੇਵ ਜੀ ਗੰਗਾ ਵਿਚ ਵੜ ਗਏ ਅਤੇ ਸੂਰਜ ਵੱਲ ਪਿੱਠ ਕਰਕੇ, ਬੁੱਕਾਂ ਨਾਲ ਪੱਛਮ ਵਲ ਨੂੰ ਪਾਣੀ ਸਿੰਜਣ ਲੱਗ ਪਏ । ਪੁਠਾ ਕੰਮ ਸਮਝ ਕੇ ਲੋਕ ਬਾਬਾ ਜੀ ਦੇ ਦੁਆਲੇ ਆ ਜੁੜੇ, ਅਤੇ ਪੁਛਿਆ ਕਿ ਉਹ ਪੁੱਠੇ ਪਾਸੇ ਪਾਣੀ ਸੁੱਟ ਕੇ ਵਿਆਰਥ ਦੀ ਖੇਚਲ ਕਿਸ ਕਾਰਨ ਕਰ ਰਹੇ ਹਨ । ਜਦ ਕਾਫ਼ੀ ਲੋਕ ਇੱਕਠੇ ਹੋ ਗਏ ਤਾਂ ਬਾਬਾ ਜੀ ਨੇ ਦੱਸਿਆ ਕਿ ਉਹ ਕਰਤਾਰ ਪੁਰ ਵਿਖੇ ਸੁੱਕ ਰਹੀ ਆਪਣੀ ਫ਼ਸਲ ਨੂੰ ਪਾਣੀ ਪੁਚਾ ਰਹੇ ਹਨ । ਲੋਕਾਂ ਨੇ ਬਾਬਾ ਜੀ ਨੂੰ ਝੱਲਾ ਕਹਿ ਕੇ ਸਮਝਾਇਆ ਕਿ ਉਸ ਦਾ ਪਾਣੀ ਏਡੀ ਦੂਰ ਨਹੀਂ ਜਾ ਸਕਦਾ । ਇਹ ਵੀ ਦੱਸਿਆ ਕਿ ਪਾਣੀ ਤਾਂ ਮੁੜ ਨਦੀ ਵਿਚ ਹੀ ਡਿਗ ਰਿਹਾ ਹੈ । ਜਗਤ ਗੁਰੂ-ਬਾਬਾ ਜੀ ਨੇ ਫ਼ੁਰਮਾਨ ਕੀਤਾ ਕਿ " ਜੇ ਤੁਹਾਡਾ ਪਾਣੀ ਕਈ ਕਰੋੜਾਂ ਮੀਲਾਂ ਉੱਪਰ ਵੱਸਦੇ ਕਥਿਤ ਪਿੱਤ੍ਰ ਲੋਕ ਅਤੇ ਅੱਗ ਦੇ ਗੋਲੇ ਸੂਰਜ ਤੱਕ ਪੁੱਜ ਸਕਦਾ ਹੈ ਤਾਂ ਏਸੇ ਧਰਤੀ ਤੇ ਉਗੀ ਕੁਝ ਸੈਂਕੜੇ ਮੀਲ ਦੂਰ ਸਾਡੀ ਫ਼ਸਲ ਤੱਕ ਕਿਵੇਂ ਨਹੀਂ ਪੁੱਜ ਸਕਦਾ । ਸੂਝ ਵਾਨ ਲੋਕੀ ਪੰਡਿਤ ਜੀ ਦੇ ਮਾਇਆ ਜਾਲ ਦੀ ਅਸਲੀਅਤ ਨੂੰ ਸਮਝ ਗਏ ਅਤੇ ਗੁਰੂ ਨਾਨਕ ਜੀ ਦੇ ਸਿੱਖ ਬਣ ਗਏ । ਚਰਣਾਮ੍ਰਿਤ ਕਿਸੇ ਨੂੰ ਨਹੀਂ ਸੀ ਪਿਲਾਇਆ) **<<<<<**ਗੁਰੂ ਨਾਨਕ ਜੀ ਜਿਸ ਤੀਰਥ ਅਸਥਾਨ ਤੇ ਗਏ, ਲੋਕਾਂ ਦੇ ਜਿਸ ਇਕੱਠ ਵਿਚ ਪੁਜੇ, ਭੀੜਾਂ ਦੀਆਂ ਭੀੜਾਂ ਗੁਰੂ ਨਾਨਕ ਨਾਮ ਲੇਵਾ ਬਣਦੀਆਂ ਗਈਆਂ। ਸਿਧਾਂ ਦੇ ਜਿਸ ਮੱਠ ਤੇ ਗਏ, ਸਿੱਧ ਮੰਡਲੀ ਜਿਤੀ ਗਈ, ਪੀਰਾਂ ਦੇ ਜਿਰਗੇ ਗਏ ਤਾਂ ਪੀਰ ਹੱਥ ਬੰਨ੍ਹ ਖਲੋਤੇ, ਮਿਜ਼ਾਰਾਂ ਤੇ ਪੁਜੇ, ਮਜੌਰਾਂ ਨੇ ਡੰਡੌਤ ਕਰ ਦਿੱਤੀ, ਮੱਕੇ ਪੁਜ ਕੇ ਕਾਬੇ ਵੱਲ ਪੈਰ ਕਰ ਕੇ ਲੇਟਣ ਤੋਂ ਪਹਿਲਾਂ ਹਾਜੀਆਂ ਨੂੰ ਬੁਲਾਇਆ ਤਕ ਨਹੀਂ ਪਰ ਬ੍ਰਹਮ ਗਿਆਨ ਦੀ ਡੂੰਘੀ ਰਮਜ਼ ਸਮਝ ਕੇ ਹਾਜੀਆਂ ਨੇ ਗੁਰ ਨਾਨਕ ਨਿਰੰਕਾਰੀ ਜੀ ਅੱਗੇ ਸਿਜਦਾ ਕਰ ਦਿੱਤਾ, ਬਗਦਾਦ ਦਾ ਪੀਰ ਆਪਣੀ ਪੀਰੀ ਭੁੱਲ ਗਿਆ ਅਤੇ ਗੁਰੂ ਨਾਨਕ ਜੀ ਨੂੰ ਹਿੰਦ ਦਾ ਪੀਰ ਕਹਿ ਕੇ ਧੰਨ ਧੰਨ ਪੁਕਾਰ ਉਠਿਆ ਸੀ। ਬ੍ਰਹਮ ਗਿਆਨ ਦੀ ਬਖ਼ਸ਼ਸ਼ ਤਾਂ ਇਨ੍ਹਾਂ ਸਾਰਿਆਂ ਨੂੰ ਹੋ ਚੁੱਕੀ ਸੀ। ਗੁਰੂ ਚੇਲੇ ਵਾਲਾ ਨਾਤਾ ਤਾਂ ਸਾਰਿਆਂ ਦੇ ਹਿਰਦਿਆਂ ਨੇ ਕਬੂਲ ਕਰ ਲਿਆ ਸੀ, ਪਰ ਇਨ੍ਹਾਂ ਵਿਚੋਂ ਕਿਸੇ ਇੱਕ ਨੂੰ ਵੀ ਗੁਰੂ ਨਾਨਕ ਜੀ ਆਪਣੇ ਚਰਨ ਧੋ ਕੇ ਨਹੀਂ ਸਨ ਪਿਲਾਏ ।

ਬੇਬੇ ਨਾਨਕੀ ਜੀ ਨੇ ਆਪਣੇ ਵੀਰ ਨਾਨਕ (ਜੀ) ਵਿਚ ਰੱਬ ਦੇ ਦਰਸ਼ਨ ਕਰ ਲਏ ਤਾਂ ਹਿਰਦੇ ਦੀ ਡੂੰਘਾਈ ਤੋਂ ਅੱਖੀਆਂ ਦੇ ਤਾਰੇ ਛੋਟੇ ਵੀਰਨ ਜੀ ਨੂੰ ਆਪਣਾ ਗੁਰੂ ਮੰਨ ਲਿਆ, ਰਾਜੇ ਰਾਏ-ਬੁਲਾਰ ਨੇ ਬਾਲਕ ਗੁਰੂ ਨਾਨਕ ਜੀ ਵਿਚ ਅੱਲਾ ਦਾ ਨੂਰ ਵੇਖਿਆ, ਤਾਂ ਚੇਲਾ ਬਣ ਜਾਣ ਵਿਚ ਉਸ ਨੂੰ ਬਹਿਸ਼ਤਾਂ ਦੇ ਸੁਖ ਨਜ਼ਰੀਂ ਆਏ, ਬਾਬਰ ਨੇ ਸਿਰ ਝੁਕਾ ਕੇ ਗੁਰੂ ਨਾਨਕ ਜੀ ਦੀ ਅਜ਼ਮਤ ਨੂੰ ਤਸਲੀਮ ਕੀਤਾ, ਕੀ ਇਨ੍ਹਾਂ ਸਾਰਿਆਂ ਨੂੰ ਨਾਨਕ ਪਾਤਿਸ਼ਾਹ ਜੀ ਨੇ ਆਪਣੇ ਚਰਨ ਧੋ ਕੇ ਪਿਲਾਏ ਸਨ ? ਸੱਜਣ ਠੱਗ ਨੂੰ ਠੱਗੀ ਤੋਂ ਹਟਾ ਕੇ ਭਾਈ ਸੱਜਣ ਬਣਾਉਣ ਲਈ ਤਲੁੰਬੇ ਪੁਜਣ ਤੋਂ ਪਹਿਲਾਂ ਸਤਿਗੁਰਾਂ ਨੇ ਆਪਣੇ ਚਰਨ ਧੋ ਕੇ ਸੱਜਣ ਨੂੰ ਪਿਲਾਉਣ ਦਾ ਕੋਈ ਪ੍ਰਬੰਧ ਨਹੀਂ ਸੀ ਕਰ ਲਿਆ ਹੋਇਆ। ਕੌਡੇ ਰਾਖਸ਼ ਨੇ ਵੀ ਸਤਿਗੁਰਾਂ ਨੂੰ ਸੁਨੇਹਾ ਨਹੀਂ ਸੀ ਭੇਜਿਆ ਕਿ ਆਉ, ਮੈਂ ਚਰਨ ਧੋ ਕੇ ਪੀਣ ਲਈ ਤਿਆਰ ਹਾਂ। ਨੂਰਸ਼ਾਹ ਦਾ ਅਤੇ ਲਹੂ-ਪੀਣੇ ਠੱਗਾਂ ਦਾ ਨਿਸਤਾਰਾ ਵੀ ਚਰਨ ਧੋ ਕੇ ਪਿਲਾਉਣ ਵਾਲੀ ਸ਼ਰਤ ਨਾਲ ਨਹੀਂ ਜੁੜਿਆ ਹੋਇਆ, ਅਤੇ ਫਿਰ ਕੀ, ਵਲੀ ਕੰਧਾਰੀ ਨੇ ਵੀ ਚਰਨ ਧੋ ਕੇ ਪੀਣੇ ਮੰਨ ਲਏ ਸਨ? ਪਾਣੀ ਦਾ ਖੁਲ੍ਹਾ ਛੱਟਾ ਦੇਣ ਤੁਰੀ ਸ਼ਿਆਮ ਰੰਗ **' ਘਟਾ '** ਨੇ ਕਦੇ ਪੁੱਛ ਕੇ ਨਿਰਮਲ ਅਤੇ ਠੰਢੇ ਜਲ ਦੀ ਬਰਖਾ ਕਦੇ ਨਹੀਂ ਕੀਤੀ। ਗੁਰੂ ਨਾਨਕ ਜੀ ਗਿਆਨ ਦੀ ਬਰਖਾ ਨਾਲ ਜੀਵਾਂ ਦੇ ਤਪਦੇ ਹਿਰਦਿਆਂ ਨੂੰ ਠਾਰਦੇ ਹੋਏ ਦੇਸ਼ ਦਿਸ਼ਾਂਤ੍ਰਾਂ ਵਿਚ ਪੁੱਜਦੇ ਅਤੇ ਹੋਰ ਅਗਾਂਹ ਤੋਂ ਅਗਾਂਹ ਤੁਰੇ ਜਾਂਦੇ ਰਹੇ ਸਨ। ਉਨ੍ਹਾਂ ਲੋਕਾਂ ਨੇ ਵੀ ਗੁਰਦੇਵ ਜੀ ਦੇ ਚਰਨ ਧੋ ਕੇ ਨਹੀਂ ਸਨ ਪੀਤੇ ਹੋਏ ਜਿਹੜੇ ਸਤਿਗੁਰਾਂ ਦੀ ਪਾਵਨ ਦੇਹ ਨੂੰ ਇਸਲਾਮੀ ਢੰਗ ਨਾਲ ਕਬਰ ਵਿਚ ਦਫ਼ਨਾਉਣਾ ਚਾਹੁੰਦੇ ਸਨ ।

ਗੁਰਮਤਿ-ਗਿਆਨ ਚਰਣਾਮ੍ਰਿਤ ਵਿਚ ਨਹੀਂ ਲੁਕਿਆ ਹੋਇਆ। ਗੁਰੂ ਨਾਨਕ ਦੇਵ ਜੀ ਦੇ ਚਰਨ ਧੋ ਕੇ ਪੀ ਲੈਣ ਨਾਲ ਹੀ ਬ੍ਰਹਮ ਗਿਆਨ ਦੀ ਸੋਝੀ ਨਹੀਂ ਸੀ ਹੋ ਜਾਂਦੀ। ਕਰਮਕਾਂਡੀ ਬੰਧਨਾਂ ਦੇ ਪਰਚਾਰਕ-ਬਿਪ੍ਰਾਂ ਨੂੰ ਮਤਿ ਦੇਣ ਵਾਲੇ ਗੁਰੂ ਨਾਨਕ ਸਾਹਿਬ ਜੀ, ਨੂੰ ਕਿਸੇ ਕਰਮਕਾਂਡੀ ਰੀਤੀ-ਰਿਵਾਜ ਨਾਲ ਜੋੜਨ ਵਾਲੇ ਵੀਰੋ ! ਆਉ ਅਜੇਹੇ ਪਾਪ ਤੋਂ ਬਚੇ ਰਹੀਏ। ਗੁਰਮਤਿ ਗਿਆਨ ਤੋਂ ਸੱਖਣੇ ਹੋਣ ਕਰਕੇ ਅਸੀਂ ਅਜੇਹੀਆਂ ਭੁੱਲਾ ਕਰ ਰਹੇ ਹਾਂ। ਸੰਗਤਾਂ ਦਾ ਵੀ ਕੀ ਦੋਸ਼ ? ਸਿੱਖੀ ਦੇ ਵੈਰੀ, ਡੇਰੇ ਦਾਰਾਂ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ (ਪਹਿਲੀ ਵਾਰ ਦੀ ੨੩ਵੀਂ ਪਉੜੀ ਦੀ) ਤੁਕ ਸੁਣਾ ਕੇ ਸਾਰਿਆਂ ਦੀ ਤਸੱਲੀ ਕਰਾਈ ਜਾਣ ਵਾਲਾ ਹਥਿਆਰ ਜੁ ਫੜਿਆ ਹੋਇਆ ਹੈ। ਅਸ਼ੁੱਧ ਅਰਥਾਂ ਨਾਲ ਵਰਤੀ ਜਾ ਰਹੀ ਉਹ ਤੁਕ ਇਸ ਪ੍ਰਕਾਰ ਹੈ:-

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ।
**ਚਰਨ ਧੋਇ** ਰਹਰਾਸਿ ਕਰਿ **ਚਰਣਾਮ੍ਰਿਤ ਸਿਖਾਂ ਪੀਲਾਇਆ** ।(=ਸਿੱਖਾਂ ਨੂੰ ਪਿਲਾਇਆ। ਸਿੱਖ ਬਣਨ ਵਾਲਆਂ ਦੇ ਗੱਲ ਨਹੀਂ ਹੈ)

ਜ਼ਰਾ ਦਿਮਾਗ਼ ਨੂੰ ਖੇਚਲ ਦੇ ਕੇ ਵਿਚਾਰੀਏ ਤਾਂ ਇਹ ਸਾਫ਼ ਸਿੱਧ ਹੋ ਰਿਹਾ ਹੈ ਕਿ ਚਰਣਾਮ੍ਰਿਤ ਉਨ੍ਹਾਂ ਨੂੰ ਪਿਆਇਆ ਗਿਆ ਸੀ ਜਿਹੜੇ ਗੁਰੂ ਦੇ ਸਿੱਖ ਬਣ ਚੁੱਕੇ ਸਨ। ਜਿਸ ਪਉੜੀ ਵਿਚੋਂ ਇਹ ਤੁਕ ਲਈ ਗਈ ਹੈ ਉਸ ਸਾਰੀ ਪਉੜੀ ਵਿਚੋਂ ਹੀ ਇਹ ਟੋਹ ਜ਼ਰਾ ਨਹੀਂ ਮਿਲਦੀ ਕਿ ਚਰਣਾਮ੍ਰਿਤ ਉਨ੍ਹਾਂ ਮਨੁੱਖਾਂ ਨੂੰ ਪਿਲਾਇਆ ਗਿਆ ਸੀ ਜਿਨ੍ਹਾਂ ਨੇ ਅਜੇ ਸਿੱਖ ਬਣਨਾ ਸੀ। ਪੂਰੀ ਪਉੜੀ ਇਸ ਤਰ੍ਹਾਂ ਹੈ:---

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ । ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ ।
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਲਾਇਆ । ਚਾਰੇ ਪੈਰ ਧਰਮ ਦੇ ਚਾਰਿ ਵਰਣ ਇਕ ਵਰਨੁ ਕਰਲਾਇਆ ।
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ । ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸੁ ਨਿਵਾਇਆ ।
ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ । **ਕਲਿ ਤਾਰਣਿ ਗੁਰੁ ਨਾਨਕ ਆਇਆ** ॥ ੨੩ ॥

**ਅਰਥ:**--ਦਾਤਾਰ ਪ੍ਰਭੂ ਨੇ (ਧਰਮ ਦੀ) ਪੁਕਾਰ ਸੁਣੀ, ਗੁਰੂ ਨਾਨਕ ਨੂੰ ਜਗਤ ਵਿਖੇ ਭੇਜਿਆ । (ਗੁਰੂ ਜੀ ਨੇ ਚਰਨ ਧੋਣ ਦੀ ਰਹੁਰੀਤ ਕਰਕੇ ਚਰਣੋਦਕ ਸਿਖਾਂ ਨੂੰ ਪਿਲਾਯਾ । **(ਭਾਵ, ਨਿੰਮ੍ਰਤਾ ਤੇ ਭਗਤੀ ਸਿਖਲਾਈ)** । ਪਾਰਬ੍ਰਹਮ ਪੂਰਣ ਪਰਮਾਤਮਾ ਕਲਜੁਗ ਵਿਖੇ 'ਇੱਕ' ਦਿਖਲਾਯਾ (ਭਾਵ, ਅਨੇਕਤਾ ਦੀ ਪੂਜਾ ਤੋਂ ਕੱਢ ਕੇ ਏਕਤਾ ਪਰ ਸੰਸਾਰ ਨੂੰ ਦ੍ਰਿੜ ਕੀਤਾ) । ਧਰਮ ਦੇ ਚਾਰੇ ਪੈਰ (ਕਾਇਮ ਕੀਤੇ) ਤੇ ਚਾਰ ਵਰਨਾਂ ਨੂੰ ਇੱਕ ਕੀਤਾ (ਭਾਵ, ਧਰਮ ਦੇ ਸਾਰੇ ਅੰਗ ਸਿਖਾਏ ਤੇ ਨਾਲ ਹੀ ਸਹੋਦਰਤਾ ਸਿਖਾਈ) (ਸਹੋਦਰਤਾ--ਭਾਵ ਉਸੇ ਉਦਰ ਵਿਚੋਂ ਜਨਮੇ, ਸਕੇ ਭਰਾਵਾਂ ਵਾਲਾ ਪਿਆਰ) । ਰਾਣਾ ਤੇ ਕੰਗਾਲ ਨੂੰ ਸਮਾਨ ਜਾਣਨਾ ਤੇ ਪੈਰੀ ਪੈਣਾਂ (ਨਿੰਮ੍ਰਤਾ ਦਾ ਗੁਣ) ਜੱਗ ਵਿਖੇ ਚਲਾਇਆ (ਭਾਵ ਧਰਮ-ਭਾਵ ਵਿਚ ਗ਼ਰੀਬੀ ਅਮੀਰੀ ਦੀ ਵਿੱਥ ਮੇਟਕੇ ਸਹੋਦਰਤਾ-ਭਾਵ ਸਿਖਾਯਾ ਤੇ ਨਿੰਮ੍ਰਤਾ ਸਿਖਾਈ) । ਪਰਮੇਸ਼ਰ ਦਾ ਉਲਟਾ ਕੌਤਕ ਦੇਖੋ: ਪੈਰਾਂ ਉਤੇ ਸਿਰ ਝੁਕਾ ਦਿੱਤਾ (ਭਾਵ, ਲੋਕਾਂ ਨੂੰ ਨੀਉਂਣ ਦੀ ਮੱਤ ਸਿਖਾਈ, ਜਿਵੇਂ ਉੱਚਾ ਸਿਰ, ਹੈ ਪਰ ਉਸ ਨੂੰ ਪੈਰਾਂ ਤੇ ਨਿਵਾ ਦਿੱਤਾ) । ਕਲਿਜੁਗ ਬਾਬੇ ਨੇ ਤਾਰ ਦਿਤਾ, ਸਤਿਨਾਮ ਦਾ ਮੰਤ੍ਰ ਪੜ੍ਹ ਕੇ ਸੁਣਾ ਦਿੱਤਾ । ਸੋ ਸਸੰਸਾਰ-ਰੂਪ ਕਲਿਜੁਗ ਦਾ ਉਧਾਰ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਜੀ ਆਏ ।

ਭਾਵ--ਗਿਲਾਨੀ ਦੇ ਸਭ ਸਾਮਾਨ ਉਡਾ ਕੇ ਪ੍ਰੇਮਾ ਭਗਤੀ, ਵਾਹਿਗੁਰੂ ਦੀ ਏਕਤਾ, ਮਾਨੁੱਖਾਂ ਦੀ ਸਹੋਦਰਤਾ, ਪਰਸਪਰ ਪਯਾਰ ਤੇ ਨਿੰਮ੍ਰਤਾ ਤੇ ਧਰਮ ਨੂੰ ਧਾਰਨ ਕਰਨਾ ਸਿਖਾ ਦਿੱਤਾ, ਇਉਂ ਗੁਰ ਨਾਨਕ ਦੇਵ ਜੀ ਨੇ ਦੁਖੀ ਸੰਸਾਰ ਦੇ ਦੁਖਾਂ ਦਾ ਦਾਰੂ ਕੀਤਾ * । [ ਇਹ ਅਰਥ ਵਾਰਾਂ ਭਾਈ ਗੁਰਦਾਸ ਸਟੀਕ-ਭਾਈ ਸਾਹਿਬ ਭਾਈ ਵੀਰ ਸਿੰਘ-ਸਫ਼ਾ-੧੧]

ਨਿਮਰਤਾ ਦਾ ਉਪਦੇਸ਼ ਦੇਣ ਵਾਲੀ ਇਸ ਰੀਤ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ੧੬ਵੀਂ ਵਾਰ ਦੀ ੧੯ਵੀ ਪਉੜੀ ਵਿਚ ਵੀ ਕੀਤਾ :--

ਚਰਣ ਰੇਣੁ ਮਸਤਕਿ ਤਿਲਕ ਭਰਮ ਕਰਮ ਦਾ ਲੇਖੁ ਮਿਟਾਏ ।
ਚ੍ਰਣੋਦਕ ਲੈ ਆਚਮਨੁ ਹਉਮੈ ਦੁਬਿਧਾ ਰੋਗੁ ਗਵਾਏ ।

**ਪਦ ਅਰਥ:**--ਰੇਣੁ--ਧੂੜੀ । ਚਰਣੋਦਕ--ਚੇਣਾਂਮ੍ਰਿਤ । ਆਚਮਨ--ਪੀਣਾ ।

**ਅਰਥ:**--ਚਰਣਾ ਦੀ ਧੂੜੀ ਮੱਥੇ ਦਾ ਤਿਲਕ ਬਣਕੇ ਭਰਮ ਕਰਮ ਦੀ ਲਿਖਤ ਮਿਟਾ ਦਿੰਦੀ ਹੈ, [ਜਿਹਾ ਕੁ--ਤਜਿ ਭਰਮ ਕਰਮ ਗੁਰੂ ਦੇ ਚਰਣਾਂਮ੍ਰਿਤ ਦਾ ਆਚਮਨ ਲੈ, (ਇਹ) ਹਉਮੈ ਅਤੇ ਦੁਬਿਧਾ ਦੇ ਰੋਗ ਗਵਾ ਦੇਵੇ ਗਾ । [ਵਾਰਾਂ ਭਾਈ ਗੁਰਦਾਸ ਸਟੀਕ ਭਾਈ ਸਾਹਿਬ ਭਾਈ ਵੀਰ ਸਿੰਘ ਜੀ-ਸਫ਼ਾ-੨੬੯]

ਭਾਈ ਗੁਰਦਾਸ ਜੀ ਨੇ ਤਾਂ ਇਹ ਸਮਝਾਇਆ ਹੈ ਕਿ, ਸਤਿਗੁਰਾਂ ਨੇ ਆਪਣੇ ਸਿੱਖਾਂ ਦੇ ਮਨਾਂ ਵਿਚੋਂ ਹਉਮੈ ਹੰਕਾਰ ਨੂੰ ਮਾਰ ਕੇ ਪ੍ਰਭੂ ਨਾਲ ਜੋੜ ਦੇਣ ਲਈ ਚਰਣਾਮ੍ਰਿਤ ਇੱਕ ਦਾਰੂ ਵਜੋਂ ਵਰਤਿਆ ਸੀ, ਡੇਰੇ-ਦਾਰ ਮਹਾਂਪੁਰਖ ਨੇ ਅਰਥ ਵਿਗਾੜ ਕੇ ਇਹ ਬਣਾ ਦਿੱਤਾ ਕਿ ਗੁਰੂ ਵਾਲਾ ਬਣਨ ਲਈ ਸਤਿਗੁਰੂ ਜੀ ਚਰਨ ਧੋ ਕੇ ਪਿਆਇਆ ਕਰਦੇ ਸਨ ।

ਭਾਈ ਦੇਸਾ ਸਿੰਘ ਜੀ ਰਹਿਤਨਾਮੇ ਵਿੱਚ ਲਿਖੇ ਪਾਹੁਲ ਬਾਰੇ ਬਚਨ ਇਸ ਪ੍ਰਕਾਰ ਹਨ:--

ਪ੍ਰਥਮ ਰਹਤ ਇਹ ਜਾਨ, ਖੰਡੇ ਕੀ ਪਾਹੁਲ ਛਕੇ । ਸੋਈ ਸਿੰਘ ਪ੍ਰਧਾਨ **ਅਵਰ ਨ** ਪਾਹੁਲ ਜੋ ਲਏ ।

**ਵਿਚਾਰ**--ਜਦ ਗੁਰੂ ਘਰ ਵਿਚ ਖੰਡੇ ਬਾਟੇ ਤੀ ਪਾਹੁਲ ਏਡੇ ਚਮਤਕਾਰੀ ਸਾਕੇ ਦੁਆਰਾ ਤਿਆਰ ਹੋ ਕੇ ਪਰਚਲਤ ਹੋ ਚੁੱਕੀ ਸੀ ਤਾਂ ਇਹ ਕਿਵੇ ਮੰਨ ਲਿਆ ਜਾਵੇ ਕਿ ਸਿੱਖ ਜਗਤ ਵਿਚ ਕੋਈ ਹੋਰ ਪਾਹੁਲ ਵੀ ਪਿਲਾਈ ਜਾਣ ਦਾ ਰਵਾਜ ਵੀ ਸੀ ? ਨਿਰਸੰਦੇਹ ਇਹ ਜ਼ਿਕਰ ਉਸੇ ਪਾਹੁਲ ਦਾ ਹੈ ਜਿਹੜੀ ਹਿੰਦੂ ਧਰਮ ਵਿਚਲੇ ਸਾਧ-ਮੱਠ ਆਦਿ ਪਿਲਾਇਆ ਕਰਦੇ ਸਨ। ਜਿਵੇਂ ਅੱਜ ਵੀ ਕਈ ਸਿੱਖ ਦੇਵੀ ਦੇਵਤਿਆਂ ਦੇ ਮੰਦਰਾਂ ਅਤੇ ਤੀਰਥਾਂ ਤੇ ਜਾਂਦੇ ਵੇਖੇ ਜਾ ਸਕਦੇ ਹਨ ਹਿੰਦੂਆਂ ਵਿਚ ਤਾਜ਼ੇ ਬਣੇ ਸਿੱਖਾਂ ਵਿਚ ਉਸ ਸਮੇਂ ਵੀ ਅਜੇਹੀ ਰੁਚੀ ਦਾ ਹੋਣਾ ਕੁਦਰਤੀ ਸੀ ਜੋ ਭਾਈ ਦੇਸਾ ਸਿੰਘ ਜੀ ਨੂੰ ਨਹੀਂ ਸੀ ਭਾਇਆ। ਖ਼ਾਲਸਾ ਜੀ ਦੀ ਮੂਰਤਿ ਸੂਰਤ ਨੂੰ ਸੁਰੱਖਿਅਤ ਕਰੀ ਰੱਖਣ ਵਾਲੀ ਖੰਡੇ ਬਾਟੇ ਦੀ ਪਾਹੁਲ ਪਿਲਾਈ ਜਾਣ ਦੀ ਚਮਤਕਾਰੀ ਮਰਯਾਦਾ ਬਿਲਕੁਲ ਨਵੀਂ, ਪਹਿਲੀ ਅਤੇ ਆਖ਼ਰੀ ਹੈ।

ਰਾਹਾਂ ਰਸਤਿਆਂ ਵਿਚ, ਜੰਗਲਾਂ ਬੀਆ-ਬਾਨਾ ਵਿਚ, ਮੇਲਿਆਂ ਦੀ ਰੌਣਕਾਂ ਵਿਚ, ਜਿੱਥੇ ਵੀ ਕਿਸੇ ਨੇ ਸਤਿਗੁਰੂ ਨਾਨਕ ਸਾਹਿਬ ਜੀ ਨੂੰ " ਸੁਣਿਆ ਪੇਖਿਆ " ਸਾਰੇ ਦੇ ਸਾਰੇ ਗੁਰੂ ਨਾਨਕ ਨਾਮ ਲੇਵਾ ਬਣਦੇ ਗਏ। ਕਈ ਇਤਿਹਾਸਕਾਰ ਲਿਖਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਸਿੱਖਾਂ ਦੀ ਗਿਣਤੀ ਦੋ ਕ੍ਰੋੜ ਸੀ, ਪਰ ਕੋਈ ਖੋਜੀ ਇਤਿਹਾਸਕਾਰ ਸਤਿਗੁਰਾਂ ਦੇ ਨਾਮ-ਲੇਵਾ ਪਰਵਾਨਿਆਂ ਦੀ ਗਿਣਤੀ ਦੋ ਕ੍ਰੋੜ ਤੋਂ ਵੀ ਵੱਧ ਦੱਸ ਰਿਹਾ ਹੈ। ਏਹੀ ਕਾਰਨ ਹੈ ਕਿ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਜੀ ਨੂੰ **" ਜਗਤ ਗੁਰੂ ਬਾਬਾ "** ਲਿਖਿਆ ਹੈ। ਪੈਰ ਧੋ ਕੇ ਪੀਣ ਵਾਲਿਆਂ ਨੂੰ ਹੀ ਸਿੱਖ ਮੰਨਣ ਵਾਲਾ ' ਜਗਤ ਗੁਰੂ ' ਨਹੀਂ ਅਖਵਾ ਸਕਦਾ। ਸਿੱਖ ਬਣਾਉਣ ਲਈ ਸਤਿਗੁਰਾਂ ਦੀ ਜੇ ਕੋਈ ਸ਼ਰਤ ਹੈ ਸੀ ਤਾਂ ਕੇਵਲ ਇਹ--**ਸਿਰੁ ਧਰਿ ਤਲੀ ਗਲੀ ਮੇਰੀ ਆਉ ॥** ਅਤੇ--**ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ ੧ ॥** [੧੧੦੨]-ਵਾਰ-੨੩ ਭਾਵ, ਆਪਣਾ ਆਪ ਗੁਆ ਕੇ ਗੁਰੂ ਦੀ ਸਰਣ ਵਿਚ ਆਉਣਾ ਹੈ। ਹੰਕਾਰ ਵਾਲੀ ਪਹਿਲੀ ਮਤ ਨੂੰ ਤਲਾਂਜਲੀ ਦੇ ਕੇ ਗੁਰੂ ਦੀ ਮਤ ਅਨੁਸਾਰ ਜੀਵਨ ਬਣਾਉਣ ਲਈ ਹਿਰਦਾ ਤਿਆਰ ਕਰਕੇ ਸਤਿਗੁਰਾਂ ਦੀ ਸਰਣੀ ਆਉਣ ਵਾਲਾ ਤਾਂ ' ਬੂੜੇ " ਤੋਂ ਬਾਬਾ ਬੁਢਾ ਜੀ " ਮਨਸੁਖ " ਤੋਂ ਭਾਈ ਮਨਸੁਖ ਜੀ ਅਤੇ ਲਹਿਣਾ (ਜੀ) ਤੋਂ ਸਤਿਗੁਰੂ ਅੰਗਦ ਸਾਹਿਬ ਜੀ " ਬਣ ਸਕਦੇ ਸਨ । ਸਤਿਗੁਰਾਂ ਦਾ ਹੋਕਾ ਤਾਂ ਇਹ ਹੈ ਕਿ ਬਿੱਖ ਮਾਇਆ ਵਿਚ ਲਿੱਬੜੇ, ਦ੍ਰਿਸ਼ਟਮਾਨ ਅੰਮ੍ਰਿਤ ਪੀ ਕੇ ਧਰਮੀ ਅਖਵਾਉਣ ਦੀ ਲਾਲਸਾ ਵਾਲਿਉ ! ਆਉ ਆਪ ਹੀ ਅੰਮ੍ਰਿਤ ਬਣ ਜਾਉ। ਆਪ ਹੀ ਅੱਕ ਤੋਂ ਚੰਦਨ ਬਣ ਜਾਉ। ਕੇਵਲ ਆਪਾ ਭਾਵ ਗੁਆ ਕੇ ਗੁਰੂ ਦੀ ਮਤਿ ਗ੍ਰਹਣ ਕਰਨ ਦੀ ਢਿੱਲ ਹੈ:--

੨੮- **ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥ ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥ ੫ ॥**[੫੬੫]-੨

**ਅਰਥ**:--ਜਿਹੜਾ ਮਨੁੱਖ ਗੁਰੂ ਦੀ ਮਤਿ ਉਤੇ ਤੁਰ ਕੇ ਸ੍ਰੈਸ਼ਟ ਅਕਲ ਪ੍ਰਾਪਤ ਕਰ ਲੈਂਦਾ ਹੈ ਉਹ (ਮਾਨੋਂ) ਜ਼ਹਿਰ ਤੋਂ ਅੰਮ੍ਰਿਤ ਬਣ ਜਾਂਦਾ ਹੈ, ਉਹ (ਮਾਨੋ) ਅੱਕ ਤੋਂ ਚੰਦਨ ਬਣ ਜਾਂਦਾ ਹੈ, ਉਨ੍ਹਾਂ ਦੇ ਅੰਦਰ (ਸੁੱਚੇ ਆਤਮਕ ਜੀਵਨ ਦੀ) ਸੁਗੰਧੀ ਆ ਵੱਸਦੀ ਹੈ । ੫ ।

ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਫ਼ੁਰਮਾਨ ਹੈ ਕਿ:---

੨੯- **ਕਬੀਰ ਗੂੰਗਾ ਹੂਆ ਬਾਵਰਾ, ਬਹਰਾ ਹੂਆ ਕਾਨ ॥ ਪਵਹੁ ਤੇ ਪਿੰਗੁਲ ਭਇਆ,**
**ਮਾਰਿਆ ਸਤਿਗੁਰ ਬਾਨ ॥ ੧੯੩ ॥ ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ**
**ਜੁ ਏਕੁ ॥ ਲਾਗਤ ਹੀ ਭੁਇ ਗਿਰਿ ਪਰਿਆ, ਪਰਾ ਕਰੇਜੇ ਛੇਕ ॥ ੧੯੪ ॥**[੧੩੭੪]

" ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ " ਦੀ ਦਸਵੀਂ ਪੋਥੀ ਦੇ ੨੫੫ ਸਫ਼ੇ ਤੇ ਇਨ੍ਹਾਂ ਦੋਹਾਂ ਸਲੋਕਾਂ ਦੀ ਵਿਆਖਿਆ ਅਤੇ ਅਰਥ ਇਸ ਪ੍ਰਕਾਰ ਲਿਖੇ ਹਨ:--" ਨੋਟ ! ਸਲੋਕ ਨੰ: ੧੮੯ ਤੋਂ ਲੈ ਕੇ ਕਬੀਰ ਸਾਹਿਬ ਕਹਿ ਰਹੇ ਹਨ ਕਿ ਬ੍ਰਾਹਮਣ ਪਾਸੋਂ ਜਨੇਊ ਪਵਾ ਕੇ, ਉਸ ਨੂੰ ਗੁਰੂ ਧਾਰ ਕੇ ਠਾਕੁਰ-ਪੂਜਾ ਵੇਲੇ, ਅਤੇ ਹੋਰ ਮਿਥੇ ਹੋਏ ਦਿਨ-ਦਿਹਾਰਾਂ ਸਮੇਂ, ਜਨੇਊ-ਧਾਰੀ ਮਨੁੱਖ, ਬ੍ਰਾਹਮਣ ਦੀ ਸੇਵਾ ਨੂੰ ਧਰਮ ਸਮਝ ਲੈਂਦਾ ਹੈ, ਪਰ ਇਸ ਗੱਲ ਵਲ ਕਦੇ ਧਿਆਨ ਨਹੀਂ ਦੇਂਦਾ ਕਿ ਜੀਵਨ ਵਿਚ ਕੀ ਕੋਈ ਫ਼ਰਕ ਪਿਆ ਹੈ? ਪਰਾਈ ਨਿੰਦਾ ਕਰਨੀ ਤੇ ਸੁਣਨੀ, ਜਨੇਊ ਧਾਰੀ ਬਨਣ ਤੋਂ ਵਡੇ ਧਰਮੀ ਹੋਣ ਦਾ ਹੰਕਾਰੀ ਹੋ ਜਾਣ ਨਾਲ ਮਨ ਦਾ ਵਿਕਾਰਾਂ ਵਲ ਨੂੰ ਦੌੜਨੋਂ ਨਹੀਂ ਰੁਕਦਾ। ਅਜੇਹੇ ਗੰਦ ਵਿਚ ਫਸਿਆ ਹੋਇਆ ਵੀ ਉਹ ਸਮਝਦਾ ਹੈ ਕਿ ਉਹ ਗੁਰੂ ਵਾਲਾ ਬਣ ਚੁੱਕਾ ਹੈ ਅਤੇ ਦੂਜੇ ਨਗੁਰੇ ਹੁ ਹਨ। ਪਰ ਏਧਰ, **ਜਿੰਨ੍ਹਾਂ ਨੂੰ ਸਤਿਗੁਰੂ ਮਿਲ ਪੈਂਦਾ ਹੈ** (=ਭਾਵ, ਜਿਹੜੇ ਸਤਿਗੁਰਾਂ ਦੇ ਉਪਦੇਸ਼ ਦੀ ਕਮਾਈ ਕਰਨ ਲੱਗ ਪੈਂਦੇ ਹਨ---ਜਿਹੜੇ ਸਤਿ ਗੁਰਾਂ ਦੇ ਗਿਆਨ ਅਨੁਸਾਰ ਆਪਣੀ ਜੀਵਨ ਜੁਗਤ ਸੁਆਰ ਲੈਂਦੇ ਹਨ) ਉਹਨਾਂ ਵਿਚ ਅਜੇਹੇ ਵਿਕਾਰ ਰਹਿ ਹੀ ਨਹੀਂ ਸਕਦੇ, ਉਹ ਹਰ ਵੇਲੇ ਪ੍ਰਭੂ-ਚਰਨਾਂ ਵਿਚ ਜੁੜੇ ਰਹਿੰਦੇ ਹਨ। [ਸਿੱਖ ਪੰਥ ਵਿਚਲੇ ਧਰਮ-ਆਗੂ (ਸਾਧ-ਸੰਤ ਅਥਵਾ ਹੋਰ ਪ੍ਰਚਾਰਕ ਆਦਿ) ਵੀ ਏਹੀ ਭਾਣਾ ਵਰਤਾ ਰਿਹੇ ਹਨ । ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਪੰਜ ਕਾਕਾਰਾਂ ਦਾ ਧਰਨੀ ਬਣ ਜਾਣ ਨੂੰ ਅਤੇ ਬਾਣੀ ਦੇ ਪਾਠ ਦਾ ਅਭਿਆਸ ਮਾਤਰ ਨਿਤਨੇਮ ਨੂੰ ਹੀ ਗੁਰੂ ਨਾਨਕ ਦੀ ਸਿੱਖੀ ਮੰਨ ਬੈਠਣ ਤੇ ਜ਼ੋਰ ਦੇ ਰਹੇ ਹਨ]

**ਪਦ ਅਰਥ**:--ਗੂੰਗਾ=(ਭਾਵ,) ਜੋ ਆਪਣੀ ਜੀਭ ਨਾਲ ਝੂਠ ਜਾਂ ਮੰਦਾ ਬੋਲ ਨਹੀਂ ਬੋਲਦਾ, ਪਰਾਈ ਨਿੰਦਾ ਨਹੀਂ ਕਰਦਾ । ਬਾਵਰਾ=ਕਮਲਾ, ਬੇ-ਸਮਝ । ਬਹਰਾ=ਬੋਲਾ, ਜੋ ਪਰਾਈ ਨਿੰਦਾ ਨਹੀਂ ਸੁਣਦਾ । ਪਿੰਗੁਲਾ=ਲੂਲ੍ਹਾ । ਪਾਵਹੁ ਤੇ=ਪੈਰਾਂ ਤੋਂ (ਭਾਵ ਉਹਨੀਂ ਥਾਈਂ ਨਹੀਂ ਜਾਂਦਾ ਜਿਥੇ ਮੰਦੇ ਕੰਮ ਹੁੰਦੇ ਹੋਣ) । ਬਾਨੁ=ਸ਼ਬਦ ਦਾ ਤੀਰ (ਗੁਰਮਤਿ-ਗਿਆਨ ਦਾ ਬੋਲ) ।੧੯੩ । ਭੁਇ=ਧਰਤ ਉੱਤੇ, ਮਿੱਟੀ ਵਿਚ । ਭੁਇ ਗਿਰਿ ਪਰਿਆ=(ਭਾਵ,) ਨਿਰਅੰਕਾਰ ਹੋ ਗਿਆ । ਪਰਾ ਕਰੇਜੇ ਛੇਕੁ=ਕਲੇਜੇ ਵਿਚ ਛੇਕ ਹੋ ਗਿਆ, ਹਿਰਦਾ ਸ਼ਬਦ-ਗਿਆਨ ਨਾਲ ਵਿ:ਝ ਗਿਆ, ਹਿਰਦਾ ਪ੍ਰਭੂ-ਚਰਨਾਂ ਨਾਲ ਪ੍ਰੋਤਾ ਗਿਆ। ਸੂਰਮ ਸਤਿਗੁਰੂ=ਉਹ ਗੁਰੂ ਜੋ ਆਪ ਇਹਨਾਂ ਕਾਮਾਦਿਕ ਵੈਰੀਆਂ ਦਾ ਟਾਕਰਾ ਸੂਰਮਿਆਂ ਵਾਂਗ ਕਰਦਾ ਹੈ । ੧੯੪ ।

**ਅਰਥ**:--ਹੇ ਕਬੀਰ ! (ਜਨੇਊ ਪਾ ਕੇ ਬ੍ਰਾਹਮਣ ਨੂੰ ਗੁਰੂ ਧਾਰ ਕੇ, ਠਾਕੁਰ-ਪੂਜਾ ਅਤੇ ਹਰੇਕ ਦਿਨ-ਦਿਹਾਰ ਸਮੇਂ ਬ੍ਰਾਹਮਣ ਦੀ ਹੀ ਪੂਜਾ-ਸੇਵਾ ਕਰ ਕੇ ਗੁਰੂ ਵਾਲਾ ਨਹੀਂ ਬਣ ਸਕੀਦਾ, ਜਿਸ ਨੂੰ ਸਚ-ਮੁਚ ਗੁਰੂ ਮਿਲਦਾ ਹੈ ਉਸ ਦਾ ਸਾਰਾ ਜੀਵਨ ਹੀ ਬਦਲ ਜਾਂਦਾ ਹੈ) ਜਿਸ ਮਨੁੱਖ ਦੇ ਹਿਰਦੇ ਵਿਚ ਸਤਿਗੁਰੂ ਆਪਣੇ ਸ਼ਬਦ ਦਾ ਤੀਰ ਮਾਰਦਾ ਹੈ, ਉਹ (ਦੁਨੀਆਂ ਦੇ ਭਾਣੇ) ਗੁੰਗਾ, ਕਮਲਾ ਬੋਲਾ ਤੇ ਲੂਲ੍ਹਾ ਹੋ ਜਾਂਦਾ ਹੈ (ਕਿਉਂਕਿ ਉਹ ਮਨੁੱਖ ਮੂੰਹੋਂ ਮੰਦੇ ਬੋਲ ਨਹੀਂ ਬੋਲਦਾ, ਉਸ ਨੂੰ ਕਿਸੇ ਦੀ ਮੁਥਾਜੀ ਨਹੀਂ ਹੁੰਦੀ, ਕੰਨਾ ਨਾਲ ਨਿੰਦਾ ਨਹੀਂ ਸੁਣਦਾ, ਅਤੇ ਪੈਰਾਂ ਨਾਲ ਮੰਦੇ ਪਾਸੇ ਵਲ ਤੁਰ ਕੇ ਨਹੀਂ ਜਾਂਦਾ) **। ੧੯੩ ।** ਜਿਸ ਮਨੁੱਖ ਨੂੰ ਸੂਰਮਾ ਸਤਿਗੁਰੂ ਆਪਨੇ ਸ਼ਬਦ ਦਾ ਤੀਰ ਮਾਰਦਾ ਹੈ, ਤੀਰ ਵੱਜਦਿਆਂ ਹੀ ਉਹ ਮਨੁੱਖ ਨਿਰ-ਹੰਕਾਰ ਹੋ ਜਾਂਦਾ ਹੈ, ਉਸ ਦਾ ਹਿਰਦਾ ਪ੍ਰਭੂ-ਚਰਨਾਂ ਨਾਲ ਪ੍ਰੋਤਾ ਜਾਂਦਾ ਹੈ । ੧੯੪ ।

ਅੱਜ ਕੇਵਲ ਅੰਮ੍ਰਿਤ-ਧਾਰੀਆਂ ਦੀ ਗਿਣਤੀ ਵਧਾਉਣ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਗੁਰੂ ਬਾਣੀ ਦੇ ਉਪਦੇਸ਼ ਅਨੁਸਾਰ ਜੀਵਨ ਢਾਲ ਲੈਣ ਦੀ ਕੋਈ ਗੱਲ, ਕਿਤੇ ਵੀ ਨਹੀਂ ਕੀਤੀ ਜਾਂਦੀ। ਸਾਧ ਟੋਲਾ ਗੁਰੂ ਦਰਬਾਰਾਂ ਵਿਚ ਬੜੀ ਉੱਚੀ ਸੁਰ ਨਾਲ ਗਾ ਵਜਾ ਕੇ, ਸੰਗਤਾਂ ਨੂੰ ਵਿਸ਼ਵਾਸ਼ ਦਿਵਾ ਰਿਹਾ ਹੁੰਦਾ ਹੈ ਕਿ ਉਨ੍ਹਾਂ ਕੋਲੋਂ, ਖੰਡੇ ਬਾਟੇ ਦਾ ਅੰਮ੍ਰਿਤ ਛਕ ਲੈਣ ਦੀ ਢਿੱਲ ਹੈ, ਮਨੁੱਖ ਦਾ ਲੋਕ ਪਰਲੋਕ ਸੌਂਵਰ ਜਾਂਦਾ ਹੈ। ਪਰ ਸਤਿਗੁਰਾਂ ਦੇ ਸਪੱਸ਼ਟ ਫ਼ੁਰਮਾਨ ਹਨ ਕਿ ਪ੍ਰਭੂ ਦੀ ਪ੍ਰਾਪਤੀ ਦੀ ਆਸ ਨਾਲ, ਆਪਣੇ ਆਪ ਨੂੰ ਵਡਾ ਧਰਮੀ ਬਣਾ ਲੈਣ ਦੀ ਸੱਧਰ ਨਾਲ, ਅਥਵਾ ਗੁਰੂ ਪਰਮੇਸ਼ਵਰ ਨੂੰ ਪ੍ਰਸੰਨ ਕਰ ਲੈਣ ਦੇ ਹੱਠ ਨਾਲ, ਕੀਤਾ ਕੋਈ ਵੀ ਸਰੀਰਕ ਕਰਮ--**ਫੋਕਟ ਕਰਮ-ਕਾਂਡ ਹੀ ਹੈ**--ਤੀਰਥਾਂ ਦੇ ਇਸ਼ਨਾਨ, ਧਰਮ ਆਗੂਆਂ ਨੂੰ ਜਾਂ ਧਰਮ ਅਸਥਾਨਾਂ ਨੂੰ ਧਨ ਦੌਲਤ ਭੇਟਾ ਕਰਨੀ, ਕਿਸੇ ਪ੍ਰਕਾਰ ਦਾ ਵਰਤ ਰੱਖਣਾ, ਤਪ ਕਰਨੇ, ਧਿਆਨ ਜੋੜਨ ਲਈ ਸਮਾਧੀਆਂ ਲਾਉਣੀਆਂ, ਕੋਈ ਪਦਾਰਥ, (ਕੜਾ੍ਹ ਪ੍ਰਸ਼ਾਦ, ਜਾਂ ਲੰਗਰ ਦਾ ਚਾਹ ਫੁਲਕਾ ਆਦਿ) ਨਿਰਾ ਖਾ ਲੈਣ ਨਾਲ ਹੀ, ਜਾਂ ਕੋਈ ਤਰਲ ਪਦਾਰਥ (ਗੁਰੂ ਗ੍ਰੰਥ ਸਾਹਿਬ ਜੀ ਦੇ ਪੀਹੜੇ ਹੇਠ, ਜਾਂ ਸ੍ਰੀ ਅਖੰਡ-ਪਾਠ ਕੋਲ ਰਖੇ ਕੁੰਭ ਵਿਚੋ ਅਥਵਾ ਖੰਡੇਬਾਟੇ ਦਾ ਅੰਮ੍ਰਿਤ) ਕੇਵਲ ਪੀ ਲੈਣ ਨਾਲ ਹੀ ਪਰਮੇਸ਼ਵਰ ਦੀ ਪ੍ਰਸੰਨਤਾ ਸਮਝ ਲੈਣੀ, ਏਥੋਂ ਤੱਕ ਕਿ ਕੇਵਲ ਜ਼ਬਾਨ ਨਾਲ ਕੋਈ ਕਿਸੇ ਸ਼ਬਦ ਦਾ ਜਾਂ ਮੰਤ੍ਰ ਦਾ ਜਾਪ ਕਰੀ ਜਾਣ ਨਾਲ, ਜਾਂ ਮੂੰਹੋਂ ਹਰਿ ਹਰਿ ਕਹੀ ਜਾਣ ਨਾਲ ਵੀ, ਆਤਮਕ ਜੀਵਨ ਕਦੇ ਨਹੀਂ ਸੌਰਦਾ। ਗੱਲ ਸਰੀਰ ਦੀ ਨਹੀਂ ਗੱਲ ਹਿਰਦੇ ਦੀ ਹੈ, ਗਲ ਮਨ ਦੀ ਹੈ---**ਮੁਖਹੁ ਹਰਿ ਹਰਿ ਸਭ ਕਰੈ ਵਿਰਲੈ ਹਿਰਦੈ ਵਸਾਇਆ ॥ ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥ ੮ ॥ [੫੬੫]** ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀਆਂ ਲੜੀਆਂ ਬਹੁਤ ਲੱਗ ਰਹੀਆਂ ਹਨ। ਤੀਸਰੀ ਹੀ ਅਸਟਪਦੀ ਵਿਚ ਪੰਚਮ ਪਾਤਿਸ਼ਾ ਜੀ ਜੋ ਸਮਝਾ ਰਹੇ ਹਨ ਉਸ ਵੱਲ ਧਿਆਨ ਦੇਣ ਦੀ ਲੋੜ ਹੀ ਮੁਕਾ ਦਿੱਤੀ ਹੋਈ ਹੈ। ਸਰੀਰ ਦੁਆਰਾ ਕੀਤੇ ਜਾ ਰਹੇ ਲਗ-ਪਗ ਸਾਰੇ ਤਰ੍ਹਾਂ ਦੇ ਕਰਮਕਾਂਡਾਂ ਨੂੰ ਨਿਸਫ਼ਲ ਦਰਸਾਉਣ ਵਾਲੀ ਇਹ ਪਾਵਨ ਅਸਟਪਦੀ ਤਾਂ, **ਜਾਪ ਕਰਨ** ਨੂੰ ਅਤੇ **ਤਪ ਸਾਧਨਾ** ਦੇ ਜ਼ਿਕਰ ਤੋਂ ਹੀ ਅਰੰਭ ਹੁੰਦੀ ਹੈ:---

੩੦- **ਜਾਪ ਤਾਪ * ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥**
**ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥**
**ਅਨਿਕ ਪ੍ਰਕਾਰ, ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥**
**ਸਰੀਰ ਕਟਾਇਆ ਹਪਮੈ ਕਰਿ ਰਾਤੀ ॥ ਵਰਤ ਨੇਮੁ ਕਰੈ ਬਹੁ ਭਾਤੀ ॥**
**ਨਹੀ ਤੁਲਿ, ਰਾਮ ਨਾਮ ਬੀਚਾਰ ॥ ਨਾਨਕ, ਗੁਰਮੁਖਿ ਨਾਮੁ ਜਪੀਐ ਇਕ ਬਾਰ ॥ ੧ ॥**
**ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾ ਉਦਾਸੁ ਤਪੀਸਰੁ ਥੀਵੈ ॥**
**ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥**
**ਨਿਊਲੀ ਕਰਮ ਕਰੈ ਬਹੁ ਆਸਨ ॥ ਜੈਨ ਮਾਰਗ ਸੰਜਮ ਅਤਿ ਸਾਧਨ ॥.** [੨੬੫]-ਅਸਟ-੩

***{Foot note**:--ਉਦਾਸੀਆਂ, ਨਿਰਮਲਿਆਂ ਆਦਿ ਸੰਪ੍ਰਦਾਈਆਂ ਸਮਤੇ ਕਈ ਹੋਰ, ਸਿੱਖਾਂ ਦੇ ਘਰਾਂ ਵਿਚੋਂ ਪ੍ਰਗਟ ਹੋਏ, ਸਿੱਖੀ ਸਰੂਪ ਵਾਲੇ (ਕਥਿਤ?) ਸਾਧਾਂ ਸੰਤਾਂ ਨੇ ਸਤਿਗੁਰਾਂ ਦੇ ਸਪੱਸ਼ਟ ਹੁਕਮਾਂ ਨੂੰ ਬੇ-ਲੋੜਾ ਜਾਣਿਆ ਅਤੇ ਗ੍ਰਿਹਸਤ ਤਿਆਗ ਕੇ ਜਪਾਂ, ਤਪਾਂ ਆਦਿ ਦਾ ਰਾਹ ਫੜਿਆ। ਸੰਤ ਅਤਰ ਸਿੰਘ ਜੀ ਮਸਤੂਆਣੇ ਬਾਰੇ ਬੜਾ ਸੁਣਿਆਂ ਹੋਇਆ ਸੀ, ਕਿ ਉਨ੍ਹਾਂ ਦਾ ਜੀਵਨ ਗੁਰਮਤਿ ਦੇ ਅਨਕੂਲ ਸੀ ਅਤੇ ਪੰਥ ਨੇ ਉਨ੍ਹਾਂ ਨੂੰ " ਸੰਤ ' ਪਦ ਵਰਤਨ ਬਾਰੇ ਆਪ ਬੇਨਤੀ ਕੀਤੀ ਸੀ। ਉਨ੍ਹਾਂ ਦੀ ਜੀਵਨੀ ਦੇ ਹਾਲਾਤ ਪੜ੍ਹੇ ਤਾਂ ਇਹ ਜਾਣ ਕੇ ਅਤੀ ਦੁੱਖ ਹੋਇਆ ਕਿ ਉਹ ਵੀ ਬਾਣੀ ਦੇ ਜਾਪ ਕਰਦੇ ਹੋਏ ਕਈ ਕਈ ਮਹੀਨੇ (ਬਿਨਾ ਖ਼ੁਰਾਕ) ਹਠ-ਤਪ ਕਰਿਆ ਕਰਦੇ ਸਨ। ਗ੍ਰਿਹਸਤ ਦੀਆਂ ਜ਼ਿਮੇਵਾਰੀਆਂ ਨਿਭਾਉਣ ਤੋਂ ਉਹ ਵੀ ਭਗੌੜੇ ਹੋ ਗਏ ਹੋਏ ਸਨ। ਉਨ੍ਹਾਂ ਦੀ ਰੀਸੇ ਕਈਆਂ ਨੇ ਧਰਮਪਤਨੀ ਨੂੰ ਵਾਧੂ ਦਾ ਬੰਧਨ ਜਾਣ ਕੇ ਇਸਤ੍ਰੀਆਂ ਕੋਲੋਂ ਦੂਰ ਰਹਿਣ ਦਾ ਫੋਕਾ ਪਖੰਡ ਰਚਾ ਲਿਆ। ਸਿੱਖੀ ਸਿਧਾਂਤ ਦੀ ਨਆਰੀ ਨੁਹਾਰ ਨੂੰ ਗ੍ਰਿਹਣ ਤਾਂ ਕਥਿਤ ਮਹਾਂਪੁਰਖਾਂ ਨੇ ਹੀ ਲਾਉਣਾ ਅਰੰਭ ਕਰ ਦਿੱਤਾ, ਫਿਰ ਆਮ ਲੋਕਾਂ ਦਾ ਦੋਸ਼ ਕੀ?} ਕੇਵਲ ਚਰਨਾਮ੍ਰਿਤ ਪੀ ਲੈਣ ਹੀ ਨਾ ਕਦੇ ਕੋਈ ਅਗਿਆਨੀ ਤੋਂ ਗਿਆਨੀ, ਅਧਰਮੀ ਤੋਂ ਧਰਮੀ, ਚੋਰ ਤੋਂ ਸਾਧ ਅਥਵਾ ਨਾਸਤਕ ਤੋਂ ਆਸਤਕ ਬਣ ਸਕਿਆ ਸੀ। ਸਰੀਰ ਜੋ ਏਥੇ ਹੀ ਸੜ ਬਲ ਕੇ ਪੰਜਾਂ ਤੱਤਾਂ ਵਿਚ ਸਮਾ ਜਾਂਦਾ ਹੈ ਉਸ ਨੇ ਤਾਂ ਕਿਸੇ ਦਤਗਾਹ ਵਿਚ ਪੇਸ਼ ਨਹੀਂ ਹੋਣਾ। ਉਸ ਦੀ ਸੰਭਾਲ ਕਰਨ ਦੀ ਸਿਖਿਆ ਹੈ। ਸਿੱਖ ਬਣਨ ਦਾ ਨਿਰਣਾ ਸਰੀਰ ਨੇ ਤਾਂ ਨਹੀਂ ਕਰਨਾ, ਨਾ ਹੀ ਦੇਹ ਨੂੰ ਧਰਮੀ ਬਣਦ ਦੀ ਚਿੰਤਾ ਹੈ।ਸਿੱਖ ਤਾਂ ਬਣਨਾ ਹੀ ਮਨ ਨੇ ਹੈ। ਰੱਬ ਦੇ ਰਾਹ ਦੇ ਸੌਦੇ ਮਨ ਦੇ ਹਨ। ਕੀਮਤੀ ਤੋਂ ਕੀਮਤੀ ਕਿਸੇ ਪਦਾਰਥਾਂ ਦੇ ਵੱਟੇ ਪ੍ਰਭੂ ਦੀ ਬ੍ਰਾਪਤੀ ਕਦੇ ਨਹੀਂ ਹੋਈ। ਇਹ ਸੌਦਾ ਤਾਂ ਹੈ ਹੀ ਕੇਵਲ ਮਨ ਦਾ--**ਕੰਚਨ ਸਿਉ ਪਾਈਐ ਨਹੀਂ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥ ੧ ॥** [੩੨੭] ਸਾਈਂ ਬੁਲ੍ਹੇ ਸ਼ਾਹ ਜੀ ਵੀ ਬੜੇ ਠੇਠ ਸ਼ਬਦਾਂ ਵਿਚ ਏਹੀ ਸਿਧਾਂਤ ਸਮਝਾ ਰਹੇ ਹਨ---**ਬੁਲ੍ਹਿਆ ਰੱਬ ਦਾ ਕੀ ਪਾਉਣਾ ॥ ਏਧਰੋਂ ਪੁਟਣਾ ਤੇ ਏਧਰ ਲਾਉਣਾ।** ਮਾਇਆ ਦੇ ਮੋਹ ਵਿਚ ਖੁੱਭੇ ਹਪਏ ਮਨ ਨੂੰ ਉਸ ਖੋਭੇ ਵਿਚ ਪੁੱਟ ਕੇ ਗੁਰੂ ਚਰਨਾ ਨਾਲ ਜੋੜਨ ਦੀ ਢਿੱਲ ਹੈ, ਸਤਿਗੁਰਾਂ ਦੀ ਸਿੱਖੀ ਦਾ ਦਰ ਖੁਲ੍ਹ ਜਾਂਦਾ ਹੈ। ਫਿਰ ਜਦ ਹਿਰਦਾ ਸਿੱਖ ਬਣ ਗਿਆ, ਤਾਂ ਸਤਿਗੁਰਾਂ ਦੇ ਹੁਕਮ ਅਨੁਸਾਰ ਜੀਵਨ ਜੁਗਤ ਢਾਲ ਲੈਣ ਦੀ ਸ਼ਰਧਾ ਬਣ ਜਾਣੀ ਹੈ। ਉਸ ਜੀਵਨ ਜੁਗਤ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਪੰਜ ਕਕਾਰਾਂ ਵਿਚ ਸੁਰਖਿਆਤ ਚੜ੍ਹਦੀ ਕਲਾ ਵਾਲੇ, ਉੱਚੇ ਸੁੱਚੇ ਜੀਵਨ ਦੀ ਸ਼ਰਤ ਆਪਣੇ ਆਪ ਆ ਜੁੜਦੀ ਹੈ।

ਸ਼ਰਧਾ ਨਾਲ ਗੁਰਬਾਣੀ ਦੀ ਵਿਚਾਰ ਕਰਕੇ ਉਸ ਅਨੁਸਾਰ ਜੀਵਨ ਢਾਲੀ ਰੱਖਣ ਦੀ ਚਿਟਕ ਲਾ ਲਈਏ ਤਾਂ ਗ੍ਰਿਹਸਤ ਦੇ ਕੰਮ ਕਰਦਿਆਂ ਹੀ ਗੁਰੂ ਦੀ ਮਿਹਰ ਦੇ ਪਾਤਰ ਬਣ ਜਾਈਦਾ ਹੈ। ਮਨੁੱਖ ਕੱਚ ਤੋਂ ਸੋਨਾ ਬਣਦਾ ਜਾਂਦਾ ਹੈ ਹਿਰਦੇ ਵਿਚ ਨਾਮ ਦਾ ਵਾਸਾ ਹੋਣਾ ਅਰੰਭ ਹੋ ਜਾਂਦਾ ਹੈ। ਫਿਰ ਮਨ ਕਰਕੇ ਪ੍ਰਭੂ ਨਾਮ ਦਾ ਸਿਮਰਨ ਕਰਦਾ ਰਹਿਣ ਵਾਲਾ ਮਨੁੱਖ, ਜ਼ਹਿਰ ਤੋਂ ਅੰਮ੍ਰਿਤ ਬਣ ਜਾਂਦਾ ਹੈ ਅਤੇ--

੩੦- **ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥ ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥ ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥ ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥ ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥ ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥ ੨ ॥**[੧੩੯੯]-੬

ਗੁਰੂ ਸ਼ਬਦ ਸੁਣਨ ਲਈ ਨਾ ਕੋਈ ਪਾਬੰਦੀ ਹੈ ਅਤੇ ਨਾ ਹੀ ਕੋਈ ਸ਼ਰਤ ਹੈ। ਨਿਮਰਤਾ ਸਹਿਤ ਗੁਰਮਤਿ ਸਿੱਖਣ ਦੀ ਦਿਲੀ ਉਮੰਗ, ਗੁਰਮਤਿ ਅਨੁਸਾਰ ਜੀਵਨ ਢਾਲ ਲੈਣ ਦੀ ਲਾਲਸਾ, ਪ੍ਰਭੂ ਨਾਮ ਦੀ ਵਡਿਆਈਆਂ ਦੀ ਵਿਚਾਰ ਦੀ ਚਟਕ ਲਾਉਣ ਲਈ ਜੋਦੜੀਆਂ, ਹਿਰਦੇ ਵਿਚ ਲੱਗੇ ਪ੍ਰਭੂ ਦੇ ਦਰਬਾਰ ਦਾ ਨਿਰਮਲ **ਭਉ** ਟਿਕਿਆ ਰਹਿਣ ਦੀ ਲੋੜ ਹੈ--' **ਨਾਨਕ ਜਿਨ ਮਨਿ, ਭਉ ਤਿਨ੍ਾ ਮਨਿ ਭਾਉ ॥੨॥** [੪੬੫]-ਵਾ-੫ ਮਨੁੱਖ ਦਾ ਜੀਵਨ ਅੰਮ੍ਰਿਤ ਬਣ ਜਾਂਦਾ ਹੈ।

ਗੁਰੂ ਵਾਲਾ ਬਣਨ ਵਾਸਤੇ ਸ਼ਰਤ ਅੱਜ ਵੀ ਉਹੀ ਹੈ ਜੋ ਅਭੁੱਲ ਸਤਿਗੁਰਾਂ ਨੇ ਪੰਦਰਵੀ ਸਦੀ ਵਿਚ ਲਾਈ ਸੀ, ਅਤੇ ਉਸ ਸ਼ਰਤ ਵਿਚ ਫ਼ਰਕ ਕਦੇ ਨਹੀਂ ਪੈਣਾ। ੧੪੬੯ ਵਿਚ ਆਏ ਸ੍ਰੀ ਗੁਰੂ ਨਾਨਕ ਪਾਤਿਸ਼ਾਹੀ ਜੀ ਨੂੰ ੧੬੯੯ ਵਿਚ ਆਪਣੀ ਕਿਸੇ ਪਹਿਲੀ ਬਣਾਈ ਮਰਯਾਦਾ ਵਿਚ ਤਬਦੀਲੀ ਕਰਨ ਦੀ ਲੋੜ ਤਦ ਹੀ ਪੈਂਦੀ ਜੇ ਪਹਿਲਾਂ ਉਨ੍ਹਾਂ ਨੇ ਕੋਈ ਉਕਾਈ ਖਾ ਲਈ ਹੁੰਦੀ। ਪਰ ਉਕਾਈ ਤਾਂ ਭੁੱਲੜ ਖਾਂਦੇ ਹਨ। ਅਭੁੱਲ ਸਤਿਗੁਰਾਂ ਨੇ ਮਨੁੱਖ ਨੂੰ ਪੂਰਨਤਾ ਦੀ ਸਿਖਰ ਤੱਕ ਲੈ ਜਾਣ ਵਾਸਤੇ ਪਹਿਲੇ ਦਿਨ ਤੋਂ ਮਿਥੇ ਟੀਚੇ ਤੇ ਪੁੱਜਣ ਲਈ ਪੱਕੀ ਅਤੇ ਸਦੀਵੀ ਸੱਚ ਵਾਲੀ ਮਰਯਾਦਾ ਬਣਾਈ ਸੀ। ਕਥਨੀ ਦਾ ਸੂਰਾ--**ਬਚਨੁ ਕਰੈ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥** ਘਾਲ ਕਮਾਉਣੀ ਅਤੇ ਵੰਡ ਛਕਣਾ--**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥** [੧੨੪੫] ਮਿਠਾ ਬੋਲਣਾ, ਨਿਵ ਚੱਲਣਾ--**ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥** [੩੧] ਸੁਚਾ ਆਚਰਨ--" **ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥"** [੧੨੫੫] ਤਥਾ--**ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥ ੧ ॥** [੧੧੬੩] ਖਿਮਾ--**ਜਹਾ ਖਿਮਾ ਤਹ ਆਪਿ**-- ਗ਼ਰੀਬੀ--**ਗਰੀਬੀ ਗਦਾ ਹਮਾਰੀ,** ਨਿਮਰਤਾ--**ਹਮ ਨਹੀ ਨਹੀਂ ਚੰਗੇ ਬੁਰਾ ਨਹੀਂ ਕੋਇ " [੧੨੮]**--"**ਨੀਚਾ ਅੰਦਰਿ ਨੀਚ ਜਾਤਿ** ਨੀਚੀ ਹੂ ਅਤਿ ਨੀਚੁ॥ [੧੫]...--, ਹਥ ਕਾਰ ਵਲ ਚਿਤ ਪ੍ਰਭੂ ਵਲ--" **ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥**[੧੩੭੬] ਆਦਿ ਨੀਯਮ ਗੁਰੂ ਨਾਨਕ ਸਾਹਿਬ ਜੀ ਦੇ ਵਿਦਿਆਲੇ ਦੇ ਅਰੰਭ ਤੋਂ ਹੀ ਪ੍ਰਧਾਨ ਗੁਣ ਮੰਨੇ ਜਾਂਦੇ ਰਹੇ ਹਨ। ਇਨ੍ਹਾਂ ਗੁਣਾ ਦਾ ਨਾਮ ਹੀ ' ਚਰਣਾਮ੍ਰਿਤ ' ਹੋ ਸਕਦਾ ਹੈ।

੩੧- **ਕਹਨ ਕਹਾਵਨ ਕਉ ਕਈ ਕੇਤੈ ॥ ਐਸੋ ਜਨੁ ਬਿਰਲੋ ਹੈ ਸੇਵਕੁ, ਜੋ ਤਤ ਜੋਗ ਕਉ ਬੇਤੈ ॥ ੧ ॥**

**ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥**

**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀਂ ਸਭ ਜੇਤੈ ॥ ੧ ॥** [੧੩੦੨] -੩-੨੨

# ਛੇਵਾਂ ਕਾਂਡ

## ੧

## ਗ਼ਰੀਬੀ ਅਥਵਾ ਨਿਮਰਤਾ

ਮੁਹੱਮਦ ਇੱਕਬਾਲ ਜਿਹੇ ਉੱਚ ਕੋਟੀ ਦੇ ਵਿਦਵਾਨ ਕਵੀ ਦਾ ਉਰਦੂ ਭਾਸ਼ਾ ਵਿਚ ਇੱਕ ਸ਼ੇਅਰ ਹੈ:--

**" ਮਿਟਾ ਦੇ ਆਪਣੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੇ । ਕਿ ਦਾਨਾ ਖ਼ਾਕ ਮੇ ਮਿਲ ਕਰ, ਗੁਲੋ ਗੁਲਜ਼ਾਰ ਹੋਤਾ ਹੈ "।**

ਜੇ ਦਾਣਾ, ਮਿਟੀ ਵਿਚ ਮਿਲ ਕੇ ਆਪਣੀ ਹੋਂਦ ਦੀ ਕੁਰਬਾਨੀ ਨਾ ਦਿੰਦਾ, ਤਾਂ ਉਹ ਸੁਗੰਧੀ ਭਰੇ ਫੁਲਾਂ ਨਾਲ ਅਤੇ ਸੁਆਦਿਸ਼ਟ ਫਲਾਂ ਨਾਲ ਕਦੇ ਨਾ ਲੱਦਿਆ ਜਾਂਦਾ। ਏਵੇਂ ਹੀ ਆਪਾ ਭਾਵ ਮਿਟਾਇਆਂ ਹੀ ਗੁਰੂ ਸ਼ਬਦ ਗਿਆਨ ਤੋਂ ਪ੍ਰਭੂ ਪ੍ਰਾਪਤੀ ਦੇ ਅਸਲ ਟਿਕਾਣੇ ਦੀ ਸੂਝ ਆਉਂਦੀ ਹੈ। ਰਿਧੀਆਂ ਸਿਧੀਆਂ ਦੇ ਜ਼ੋਰ ਨਾਲ ਸੁਮੇਰ ਪਰਬਤ ਤੇ ਚੜ੍ਹ ਬੈਠੇ ਸਿੱਧਾਂ ਨੇ ਗੁਰੂ ਨਾਨਕ ਜੀ ਤੋਂ ਪੁਛਿਆ, ਹੇ ਬਾਲਕੇ ! ਏਡੀ ਉਚਾਈ ਤੇ ਤੈਨੂੰ ਕਿਹੜੀ ਸ਼ਕਤੀ ਲੈ ਆਈ ਹੈ ? ਆਪਾ ਭਾਵ ਮਿਟਾ ਕੇ ਆਉਣ ਵਾਲਿਆਂ ਨੂੰ ਗੁਰੂ ਨਾਨਕ ਜੀ ਦੇ ਘਰੋਂ ਗੁਰਮਤਿ, ਗੁਰੂ ਉਪਦੇਸ਼ ਅਥਵਾ ਗੁਰੂ-ਸਿਖਿਆ-ਰੂਪ ਅਮੋਲਕ ਰਤਨਾਂ **ਦੀ ਪ੍ਰਾਪਤੀ ਹੁੰਦੀ ਹੈ---" ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥..੬ ॥"** ਰਿਧੀਆਂ ਸਿਧੀਆਂ ਦੇ ਜ਼ੋਰ ਨਾਲ ਸੁਮੇਰ ਪਰਬਤ ਤੇ ਚੜ੍ਹ ਬੈਠੇ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਤੋਂ ਪੁੱਛ ਲਿਆ, ਹੇ ਨਾਨਕ ! ਏਡੀ ਉਚਾਈ ਤੇ ਤੈਨੂੰ ਕਿਹੜੀ ਸ਼ਕਤੀ ਲੈ ਆਈ ਹੇ ?----- ਬਾਬੇ ਡਿੱਠੀ ਪਿਰਥਵੀ ਨਵੇ ਖੰਡਿ ਜਿਥੈ ਤਕਿ ਆਹੀ ॥

ਫਿਰਿ ਜਾਇ ਚੜ੍ਹਿਆ ਸੁਮੇਰ ਪਰ, ਸਿਧ ਮੰਡਲੀ, ਦ੍ਰਿਸਟੀ ਆਈ ॥ ........

ਪ੍ਰਸ਼ਨ- ਸਿਧ ਪੁਛਣਿ ਸੁਣਿ ਬਾਲਿਆ ! ਕਉਣ ਸਕਤਿ ਤੁਹ ਏਥੇ ਲਿਆਈ ॥ .........

ਉੱਤਰ- **ਨੀਚ ਕਹਾਇ ਊਚ ਘਰਿ ਆਈ ॥ ੨੮ ॥** [ਭਾ: ਗੁ: ਵਾਰ ਪਹਿਲੀ]

ਮਨ ਕਰਕੇ ਆਪ ਨੂੰ ਨੀਚ ਕਹਾਉਣ ਵਾਲਾ ਤਾਂ, ਸਭ ਤੋਂ ਉੱਚੇ ਪ੍ਰਭੂ ਦੇ ਮਹਲੀਂ ਵੀ ਜਾ ਵੜਦਾ ਹੈ, ਫਿਰ ਇਹ ਵਿਚਾਰਾ ਪਰਬਤ ਕਿਸ ਬਾਗ਼ ਦੀ ਮੂਲੀ ਸੀ ? ਸਿੱਧਾਂ ਨਾਲ ਚਰਚਾ ਹੋਣ ਦੀਆਂ ਅਗਲੀਆਂ ਤਿੰਨ ਪਉੜੀਆਂ ਵਿਚੋਂ ਜ਼ਰਾ ਵੀ ਸੰਕੇਤ ਨਹੀਂ ਮਿਲਦਾ ਕਿ ਸਿਧਾਂ ਨੂੰ ਸਤਿਗੁਰਾਂ ਨੇ ਆਪਣੇ ਚਰਨ ਧੋ ਕੇ ਪਿਲਾਏ ਸਨ, ਪਰ ਇਹ ਸਚਾਈ ਸਪੱਸ਼ਟ ਸ਼ਬਦਾਂ ਵਿਚ ਲਿਖੀ ਹੈ--

**ਸਬਦ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ ॥ ...** ੩੧ ॥ [ਭਾ: ਗੁ: ਵਾਰ-੧]

ਸ੍ਰੀ ਜਪੁਜੀ ਸਾਹਿਬ ਦੀ ੧੬ਵੀਂ, ਪਉੜੀ ਦੀ ਪਹਿਲੀ ਸਤਰ " **ਪੰਚ ਪਰਵਾਣ ਪੰਚ ਪਰਧਾਨੁ ॥"** ਭਾਵ, ਪ੍ਰਭੂ ਦੀ ਦਰਗਹੇ ਪ੍ਰਵਾਣ ਸਿਆਣੇ ਮਨੁਖਾਂ ਦਾ ਜ਼ਿਕਰ ਅਰੰਭ ਹੋ ਜਾਂਦਾ ਹੈ। ਫਿਰ ੧੭ਵੀ ਪਉੜੀ ਦੀ ਪਹਿਲੀ ਸਤਰ ਤੋਂ " **ਅਸੰਖ ਜਪ ਅਸੰਖ ਭਾਉ ॥** " ਭਾਵ, ਜਪੀਆਂ ਅਤੇ ਪ੍ਰਭੂ ਨਾਲ ਪਿਆਰ ਕਰਨ ਵਾਲਿਆਂ ਦਾ ਜ਼ਿਕਰ ਹੈ ਅਤੇ ਫਿਰ ੧੯ਵੀਂ ਪਉੜੀ ਦਾ ਅਰੰਭ " **ਅਸੰਖ ਨਾਵ, ਅਸੰਖ ਥਾਵ ॥** ਭਾਵ, ਪ੍ਰਭੂ ਦੀ ਬੇਅੰਤਤਾਈ ਦਾ ਵਰਨਣ ਹੈ। ਇਨ੍ਹਾਂ ਤਿੰਨਾਂ ਪਉੜੀਆਂ ਦੀਆਂ ਅਖੀਰਲੀਆਂ ਚੌਹਾਂ ਸਤਰਾਂ ਦੀ ਪਹਿਲੀ ਪੰਗਤੀ " **ਕੁਦਰਤਿ ਕਵਣ ਕਹਾ ਵੀਚਾਰੁ ॥**

**ਹੈ** । ੧੯ਵੀਂ ਪਉੜੀ ਦੀ ਪਹਿਲੀ ਪੰਗਤੀ--**ਅਸੰਖ ਮੂਰਖ ਅੰਧ ਘੋਰ ॥** ਭਾਵ ਜਿਸ ਵਿਚ ਸਾਰੇ ਨੀਚ-ਕਰਮੀ ਮਨੁੱਖਾਂ ਦਾ ਜ਼ਿਕਰ ਹੈ, ਉਸ ਪਉੜੀ ਦੀ ਉਹੀ ਸਤਰ " **ਕੁਦਰਤਿ ਕਵਣ ਕਹਾ ਵੀਚਾਰੁ ॥** " ਲਿਖਣੀ ਗੁਰਦੇਵ ਜੀ ਨੂੰ ਨਾ ਭਾਈ। ਨੀਚੋਂ ਊਚ ਕਰਨ ਆਏ ਨੀਚਾਂ ਦੇ ਸੰਗੀ ਸਾਥੀ, ਗੁਰਦੇਵ ਪਾਤਿਸ਼ਾਹ ਜੀ ਆਪ ਵੀ ਨੀਚਾਂ ਦੀ ਹੀ ਕਤਾਰ ਵਿਚ ਜਾ ਖਲੋਤੇ। ਏਥੇ ਇਉਂ ਲਿਖਿਆ--"**ਨਾਨਕੁ ਨੀਚੁ ਕਹੈ ਵੀਚਾਰੁ** "॥ ਨਿਮਰਤਾ ਦੀ ਸਿਖਲਾਈ ਦੇਣ ਵਾਲੇ ਗੁਰੂ-ਪਰਮੇਸ਼ਰ ਦੀ ਆਪਣੀ ਨਿਮਰਤਾ ਦਾ ਸਿਖ਼ਰ ਹੈ। ਪਾਰਬ੍ਰਹਮ ਦੇ ਰੂਪ, ਅਜੇਹੇ ਦਇਆਲੂ ਸਤਿਗੁਰਾਂ ਦੀ ਯਾਦ ਆਉਂਦਿਆਂ ਹੀ ਗੁਰੂ-ਬਾਣੀ ਦੀ ਇਹ ਤੁਕ ਕਿਵੇ ਨਾ ਰਸਨਾਂ ਤੇ ਆ ਟਿਕੇ " **ਰਾਮ, ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥** " [੧੬੯]

ਗੁਰਬਾਣੀ ਵਿਚ ਹੋਰ ਵੀ ਅਜੇਹੇ ਸ਼ਬਦ ਹਨ ਜਿਨ੍ਹਾਂ ਵਿਚ ਸੱਭ ਤੋਂ ਉਚੇ, ਸਭ ਤੋਂ ਸੁੱਚੇ ਮੇਰੇ ਸ਼ਹਿਨਸ਼ਾਹ--ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ, ਸਾਨੂੰ ਅਕਿਰਤਘਣਾਂ ਨੂੰ ਨਿਮਰਤਾ ਦਾ ਉਪਦੇਸ਼ ਦੇਣ ਲਈ, ਆਪਣੇ ਆਪ ਨੂੰ " **ਨੀਚ** " ਲਿਖਿਆ ਹੈ:--

੧- **ਕਥਨੀ ਕਥਉ ਨ ਆਵੈ ਓਰੁ ॥ ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥**
**ਦੁਖੁ ਸੁਖੁ ਭਾਣੈ ਤਿਸੈ ਰਜਾਇ ॥ ਨਾਨਕੁ ਨੀਚੁ ਕਹੈ ਲਿਵ ਲਾਇ ॥ ੮ ॥** [੨੨੩]-੪

**ਅਰਥ:**--ਜਿਸ ਪਰਮਾਤਮਾਂ ਦੇ ਗੁਣਾ ਦਾ ਅੰਤ ਨਹੀਂ ਪੈ ਸਕਦਾ, ਮੈ ਉਸ ਦੇ ਗੁਣ ਗਾਉਂਦਾ ਹਾਂ । ਮੈਂ ਆਪਣੇ ਗੁਰੂ ਨੂੰ ਪੁੱਛ ਕੇ ਵੇਖ ਲਿਆ ਹੈ ਕਿ (ਉਸ ਪ੍ਰਭੂ ਤੋਂ ਬਿਨਾ ਸੁਖ ਦਾ) ਹੋਰ ਕੋਈ ਟਿਕਾਣਾ ਨਹੀ ਹੈ । ਜੀਵਾਂ ਨੂੰ ਦੁਖ ਤੇ ਸੁਖ ਉਸ ਪ੍ਰਭੂ ਦੀ ਰਜਾਂ ਵਿਚ, ਉਸ ਪ੍ਰਭੂ ਦੇ ਭਾਣੇ ਵਿਚ ਹੀ ਮਿਲਦਾ ਹੈ । ਨੀਚ-ਮਤਿ ਨਾਨਕ (ਪ੍ਰਭੂ-ਚਰਨਾਂ ਵਿਚ) ਸੁਰਤਿ ਜੋੜ ਕੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਾ ਹੈ (ਇਸ ਵਿਚ ਹੀ ਸੁਖ ਹੈ ) । ੮ ।

੨- **ਆਪਿ ਨਿਰਾਲਮੁ ਗੁਰ ਗਮ ਗਿਆਨਾ ॥ ਜੋ ਦੀਸੈ ਤੁਝ ਮਾਹਿ ਸਮਾਨਾ ॥**
**ਨਾਨਕੁ ਨੀਚੁ ਭਿਖਿਆ ਦਰਿ ਜਾਚੈ ਮੈ ਦੀਜੈ ਨਾਮੁ ਵਡਾਈ ਹੇ ॥ ੧੬ ॥** [੧੦੨੧]-੧

**ਅਰਥ:**--ਹੇ ਪ੍ਰਭੂ ! (ਇਤਨਾ ਬੇਅੰਤ ਜਗਤ ਰਚ ਕੇ) ਤੂੰ ਆਪ (ਇਸ ਦੇ ਮੋਹ ਤੋਂ) ਨਿਰਲੇਪ ਹੈਂ । ਹੇ ਪ੍ਰਭੂ ! (ਤੇਰੇ ਰੂਪ) ਗੁਰੂ ਦੇ ਰਾਹੀਂ ਹੀ ਤੇਰੇ ਨਾਲ ਜਾਣ-ਪਛਾਣ ਹੋ ਸਕਦੀ ਹੈ । (ਜਗਤ ਵਿਚ) ਜੋ ਕੁਝ ਦਿੱਸ ਰਿਹਾ ਹੈ ਉਹ ਸਭ ਕੁਝ ਤੇਰੇ ਵਿਚ ਹੀ ਲੀਨ ਹੋ ਜਾਂਦਾ ਹੈ । ਗ਼ਰੀਬ ਨਾਨਕ ਤੇਰੇ ਦਰ ਤੋਂ (ਨਾਮ ਦਾ) ਖ਼ੈਰ ਮੰਗਦਾ ਹੈ । ਹੇ ਪ੍ਰਭੂ ! ਮੈਨੂੰ ਆਪਣਾ ਨਾਮ ਦੇਹ, ਇਹੀ ਮੇਰੇ ਵਾਸਤੇ ਸਭ ਤੋਂ ਉਚੀ ਇੱਜ਼ਤ ਹੈ । ੧੬ ।

੩- **ਜੁਗੁ ਜੁਗੁ ਸਾਚਾ ਹੈ ਭੀ ਹੋਸੀ ॥ ਕਉਣੁ ਨ ਮੂਆ ਕਉਣੁ ਨ ਮਰਸੀ ॥**
**ਨਾਨਕੁ ਨੀਚੁ ਕਹੈ ਬੇਨੰਤੀ, ਦਰਿ ਦੇਖਹੁ ਲਿਵ ਲਾਈ ਹੇ ॥ ੧੬ ॥** [੧੦੨੨]-੨ (ਦੇਖਹੁ--ਸੰਭਾਲ ਕਰਦਾ ਹੈ )

**ਅਰਥ:**--ਪ੍ਰਭੂ ਹਰ ਜੁਗ ਵਿਚ (ਭਾਵ, ਸਦਾ ਹੀ) ਰਹਿਣ ਵਾਲਾ ਹੈ, ਹੁਣ ਵੀ ਮੌਜੂਦ ਹੈ, ਸਦਾ ਹੀ ਕਾਇਮ ਰਹੇਗਾ । ਜਗਤ ਵਿਚ ਹੋਰ ਜਿਹੜਾ ਵੀ ਜੀਵ ਆਇਆ ਉਹ (ਆਖ਼ਰ) ਮਰ ਗਿਆ, ਜਿਹੜਾ ਵੀ ਆਵੇਗਾ ਉਹ ਵੀ (ਜ਼ਰੂਰ) ਮਰੇਗਾ । ਗ਼ਰੀਬ ਨਾਨਕ ਬੇਨਤੀ ਕਰਦਾ ਹੈ, ਹੇ ਪ੍ਰਭੂ ! ਤੂੰ ਆਪਣੇ ਦਰਬਾਰ ਵਿਚ ਬੈਠਾ ਸਭ ਜੀਵਾਂ ਦੀ ਬੜੇ ਧਿਆਨ ਨਾਲ ਸੰਭਾਲ ਕਰ ਰਿਹਾ ਹੈਂ ।।

ਗੁਰੂ ਨਾਨਕ ਜੀ ਤਾਂ ਸਦਾ ਉਨ੍ਹਾਂ ਦੇ ਸਾਥੀ ਰਹੇ ਜਿਹੜੇ ਨੀਚਾਂ ਵਿਚੋਂ ਵੀ ਨੀਚ ਸਮਝੇ ਜਾਂਦੇ ਸਨ । ਮੈਂ ਗੁਰੂ ਵਾਲਾ ਬਣ ਕੇ ਅਸਲੀ ਸਿੱਖ ਬਣ ਗਿਆ ਹਾਂ ਤੂੰ ਨਿਗੁਰਾ ਹੋਣ ਕਰਕੇ ਘਿਰਣਾ ਜੋਗ ਹੈਂ, ਅਜੇਹਾ ਕਹਿਣ ਵਾਲੇ ਹੰਕਾਰੀਆਂ ਨਾਲ ਗੁਰੂ ਨਾਨਕ ਜੀ ਦਾ ਕੀ ਵਾਸਤਾ ?

੪- **ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ ੪ ॥**[੧੫]-੩ (ਸਮਾਲੀਅਨਿ--ਸੰਭਾਲੇ ਜਾਂਦੇ ਹਨ, ਸਾਰ ਲਈ ਜਾਂਦੀ ਹੈ )

੫- **ਨੀਚ ਤੇ ਨੀਚੁ ਅਤਿ ਨੀਚੁ ਹੋਇ, ਕਰਿ ਬਿਨਉ ਬੁਲਾਵਉ ॥**
**ਪਾਵ ਮਲੋਵਾ ਆਪੁ ਤਿਆਗਿ ਸੰਤ ਸੰਗਿ ਸਮਾਵਉ ॥ ੨ ॥** [੮੧੨]-੧੫-੪੫

**ਅਰਥ:**--ਹੇ ਪ੍ਰਭੂ ! ਮੇਹਰ ਕਰ) ਮੈਂ ਨੀਵੇਂ ਤੋਂ ਨੀਵਾਂ ਹੋ ਕੇ ਬਹੁਤ ਨੀਵਾਂ ਹੋ ਕੇ (ਗੁਰਮੁਖਾਂ ਅੱਗੇ) ਬੇਨਤੀ ਕਰਕੇ ਉਨ੍ਹਾਂ ਨੂੰ ਬੁਲਾਉਂਦਾ ਰਹਾਂ, ਮੈਂ ਆਪਾ-ਭਾਵ ਛੱਡ ਕੇ ਗੁਰਮੁਖਾਂ ਦੇ ਪੈਰ ਘੁਟਿਆ ਕਰਾਂ, ਅਤੇ ਸਦਾ ਗੁਰਮੁਖਾਂ ਦੀ ਸੰਗਤਿ ਵਿਚ ਹੀ ਟਿਕਿਆ ਰਹਾਂ । ੨ ।

੬- **ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਨਹੀਨੁ ॥ ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ ॥ ੪ ॥**[੮੧੪]-੨੫-੫੫

**ਅਰਥ:**--(ਪੰਚਮ ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ, ਹੇ ਭਾਈ ! ਮੈਂ ਨੀਚ ਸਾਂ, ਅਨਾਥ ਸਾਂ, ਅੰਞਾਨ ਸਾਂ, ਮੇਰੇ ਅੰਦਰ ਕੋਈ ਗੁਣ ਨਹੀਂ ਸਨ, ਮੈਂ ਗੁਣਾਂ ਤੋਂ ਸੱਖਣਾਂ ਸਾਂ (ਪਰ ਗੁਰੂ ਦੀ ਮਤਿ ਤੇ ਚਲਦੇ ਰਹਿਣ ਨਾਲ, ਮੈਂ) ਨਾਨਕ ਉਤੇ ਪਰਮਾਤਮਾਂ ਦੀ ਮਿਹਰ ਹੋਈ, ਪਰਮਾਤਮਾਂ ਨੇ ਮੈਨੂੰ ਆਪਣਾ ਸੇਵਕ ਬਣਾ ਲਿਆ (ਗੁਰੂ-ਪਦਵੀ ਮਿਲ ਗਈ) । ੪ ।

੭- **ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ ॥ ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ ॥ ੮ ॥**[੧੦੧੫]-੨-੧੦

**ਅਰਥ:**-- ਗੁਰੂ ਨਾਨਕ ਨਿਰੰਕਾਰੀ ਜੀ ਦਾ ਫ਼ੁਰਮਾਨ ਹੈ ਕਿ ( ਪ੍ਰਭੂ-ਚਰਨਾਂ ਵਿਚ ਇਕ-ਮਿਕ ਹੋਣ ਵਾਸਤੇ) ਹਉਮੈ ਦੂਰ ਕਰਨੀ ਚਾਹੀਦੀ ਹੈ (ਜਿਸ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਹਉਮੈ ਦੂਰ ਕੀਤੀ) ਉਹ ਸਦਾ-ਥਿਰ ਪ੍ਰਭੂ ਵਰਗਾ ਹੀ ਬਣ ਗਿਆ । (ਅਜੇਹੇ ਭਾਗਾਂ ਵਾਲੇ ਬੰਦੇ ਇਹ ਨਿਸ਼ਚਾ ਰੱਖਦੇ ਹਨ ਕਿ) ਅਸੀ (ਸਭ ਤੋਂ) ਚੰਗੇ ਨਹੀਂ ਆਖੇ ਜਾ ਸਕਦੇ, ਤੇ ਸਾਥੋਂ ਭੈੜਾ ਕੋਈ ਮਨੁੱਖ ਜਗਤ ਵਿਚ ਨਹੀਂ ਵੱਸਦਾ । ੮ ।

੮- **ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥ ੪ ॥** [੭੨੮]-੧-੨

**ਅਰਥ:**--ਨਾਨਕ ਬੇਨਤੀ ਕਰਦਾ ਹੈ--ਜੋ ਮਨੁੱਖ (ਹਉਮੈ ਦਲ ਤਿਆਗ ਕਰਦਾ ਹੈ ਤੇ) ਸਮਝਦਾ ਹੈ ਕਿ ਮੈਂ ਹੋਰਨਾਂ ਨਾਲੋਂ ਚੰਗਾ ਨਹੀਂ ਤੇ ਕੋਈ ਮੈਥੋਂ ਮਾੜਾ ਨਹੀਂ, ਅਜੇਹੇ ਸੇਵਕ ਨੂੰ ਪਰਮਾਤਮਾ (ਸੰਸਾਰ ਸਮੁੰਦਰ ਦੀਆਂ ਵਿਕਾਰ-ਲਹਿਰਾਂ ਤੋਂ) ਪਾਰ ਲੰਘਾ ਲੈਂਦਾ ਹੈ । ੪ ।

ਨਿਮਰਤਾ ਦੀ ਸਿਖਿਆ ਦੇਣ ਵਾਲੇ ਅਜੇਹੇ ਬੇਅੰਤ, ਗੁਰੂ-ਸ਼ਬਦਾਂ ਵਿਚੋਂ ਕੁਝ ਦੀ ਸੂਚੀ ਇਸ ਪ੍ਰਕਾਰ ਹੈ:---

| | | | | | |
|---|---|---|---|---|---|
| ੧= [੬੨]-੧੪(੬) | ੨= [੪੪]-੮-੭੮(੩) | ੩= [੨੦੭]੧੦-੧੩੧(੩) | ੪= [੧੦੨]-੨੦-੨੭(੨) | ੫= [੧੦੫]-੩੧-੩੮(੨) | ੬= [੨੨੮]-੧੬(੮) |
| ੭= [੨੩੩]-੮ | ੮= [੨੭੮]-੧੨(੧) | ੯= [੪੪੧]-ਛੰਤ-੨-੭(੭) | ੧੦=[੪੬੫]-ਵਾ-੫ | ੧੧=[੪੭੦]-ਵਾਰ-੧੪ | ੧੨=[੩੭੭]-੨੮(੨) |
| ੧੩=[੪੫੭]-ਛੰਤ-੫-੮(੨) | ੧੪=[੪੭੦]-ਵਾਰ-੧੪(੧) | ੧੫=[੪੭੩]-ਵਾਰ-੧੯ | ੧੬=[੬੦੦]-੩(੧) | ੧੭=[੬੧੬]-੧੭-੨੮(੨) | ੧੮=[੬੨੫]-੧੬-੮੦(੨) |
| ੧੯=[੭੧੨]-੩-੫(੪) | ੨੦=[੮੧੫]-੨੫-੫੫ | ੨੧=[੮੨੦]-੧-੮੧(੩) | ੨੨=[੯੧੨]-੩-੧੨ | ੨੩=[੮੮੩]-੨(੧) | ੨੪=[੯੮੧]-ਅਸਟ-੩(ਰਹਾ) |
| ੨੫=[੯੮੫]-੩(੧) | ੨੬=[੯੯੧]-੭ | ੨੭=੧੧੭੮]-੨-੪(੪) | ੨੮=[੧੨੯੫]-੩(੪) | ੨੯=[੧੩੦੯]-੨(੫) | ੩੦=[੧੩੧੨]-ਵਾਰ-੧(੧) |
| ੩੧=[੭੪੫]-੨-੪੨(੨) | ੩੨=[੧੦੧੦]-੩(ਰਹਾ) | ੩੩=[੭੭੭]-੧(੪) | ੩੪=[੨੪]-੨੯(੪) | ੩੫=[੬੬]-੪-੨੧(੧) | ੩੬=[੧੩੭੫]-੨੦੩ |

੨੭=[੧੩੭੫]-੨੦੩ ੩੮=[੧੩੭੫]-੨੦੪ ੩੯=[੧੩੭੭]-੨੩੯ ੪੦=[੧੩੭੮]-੧੭ ੪੧=[੧੩੭੮]-੧੨੬ ੪੨=[੧੩੭੮]੧੨੭

੯- **ਕਬੀਰ ਸਭ ਤੇ ਹਮ ਬੁਰੇ, ਹਮ ਤਜਿ ਭਲੋ ਸਭੁ ਕੋਇ ॥**
**ਜਿਨਿ ਐਸਾ ਕਰਿ ਬੂਝਿਆ, ਮੀਤੁ ਹਮਾਰਾ ਸੋਇ ॥ ੭ ॥** [੧੩੬੪]

## ੨

## ਹੋਹੁ ਸਭਨਾ ਕੀ ਰੇਣਕਾ ..... ॥

ਚਰਣ ਧੂੜ ਬਣ ਜਾਣਾ ਨਿਮਰਤਾ ਦਾ ਸਿਖ਼ਰ ਹੈ। ਬੇਅੰਤ ਗੁਰੁ-ਸ਼ਬਦਾਂ ਵਿਚ ਚਰਨ-ਧੂੜ ਬਣ ਜਾਣ ਨੂੰ ਪ੍ਰਭੂ-ਮਿਲਾਪ ਦਾ ਸਾਧਨ ਮੰਨਿਆ ਹੈ। ਸਤਿਗੁਰਾਂ ਨੇ ਸਿੱਖ ਨੂੰ ਉਹ ਅੱਖ ਪ੍ਰਦਾਨ ਕੀਤੀ ਹੈ ਜਿਹੜੀ ਸਾਰੇ ਪ੍ਰਾਣੀਆਂ ਵਿਚ ਅਕਾਲ ਪੁਰਖ ਦੀ ਜੋਤਿ ਦੇ ਦਰਸ਼ਨ ਕਰਦੀ ਹੈ---**ਏ ਨੇਤ੍ਰਹੁ ਮੇਰਿਹੋ, ਹਰਿ ਤੁਮ ਮਹਿ ਜੋਤਿ ਧਰੀ, ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥** [੯੨੨] ਜਦ ਸਾਰਿਆਂ ਜੀਆਂ ਵਿਚ ਉਹ ਆਪ ਹੀ ਆਪ ਹੈ ਤਾਂ ਮੰਦਾ ਕਿਸ ਨੂੰ ਕਹਿਣਾ ਹੋਇਆ? ਪਿਆਰ ਅਤੇ ਹਮਦਰਦੀ ਵੰਡਣ ਦੀ ਥਾਂ ਕਿਸੇ ਪ੍ਰਤੀ ਅਜਾਈਂ ਘਿਰਣਾ ਦਾ ਪ੍ਰਗਟਾਵਾ ਕਰਕੇ ਕਿਸੇ ਦਾ ਦਿਲ ਦੁਖਾਉਣਾ, ਗੁਰੂ ਪੰਥ ਦੀ ਸੇਵਾ ਨਹੀਂ ਹੈ, ਸਗੋਂ ਪੰਥ ਨੂੰ ਢਹਿੰਦੀਆਂ ਕਲਾਂ ਵਲ ਲੈ ਜਾਣ ਵਾਲੀ ਹੈਂਕੜ ਗ੍ਰਸੀ ਮੂਰਖਤਾਈ ਹੈ।

**ਸਗਲ, ਸਭਨਾਂ, ਸਰਬ, ਸਰਬੱਤ, ਸਾਂਝੀਵਾਲਤਾ** ਆਦਿ ਸ਼ਬਦ ਗੁਰਮਤਿ ਦਾ ਪਰਧਾਨ ਅੰਗ ਹਨ। ਉਚਾ ਬਣਨ ਲਈ ਮਨੁੱਖ ਨੇ ' **ਸਭਨਾਂ** ' ਦੀ ਚਰਣ ਧੂੜ ਬਣਨ ਵਾਲਾ ਮਨ ਬਨਾਉਣਾ ਹੈ। ਜਿਵੇ ਅਰਦਾਸ ਕਰਨ ਸਮੇਂ " **ਸਰਬੱਤ ਦਾ ਭਲਾ** " ਮੰਗਣ ਸਮੇਂ ਕੋਈ ਸਿੱਖ ਇਹ ਨਹੀਂ ਕਹਿ ਸਕਦਾ, ਕਿ ਸਿਵਾਏ ਨਿਗੁਰਿਆਂ ਦੇ, ਸ਼ਰਾਬੀਆਂ ਦੇ, ਵਿਕਾਰੀਆਂ ਦੇ, ਅਥਵਾ ਸਿਵਾਏ ਮੇਰੇ ਦੁਸ਼ਮਨਾਂ ਦੇ ਬਾਕੀ ਸਰਬੱਤ ਦਾ ਭਲਾ। -- ਏਸੇ ਤਰ੍ਹਾਂ ਹੀ ਚਰਣ ਧੂੜ ਵੀ " ਸਭਨਾਂ " ਦੇ ਚਰਨਾਂ ਦੀ ਹੀ ਬਣਨ ਸੰਕਲਪ ਹੈ। " **ਹੋਹੁ ਸਭਨਾ ਕੀ ਰੇਣਕਾ, ਤਉ ਆਉ ਹਮਾਰੈ ਪਾਸਿ ॥** " ਗੁਰਵਾਕ ਦਾ ਇਹ ਅਰਥ ਨਹੀਂ ਹੈ ਕਿ ' ਸਵਾਏ ਕਥਿਤ ਨਿਗੁਰਿਆਂ ਦੀ ਚਰਨ ਧੂੜ ਬਣਨ ਦੇ, ਬਾਕੀ ਸਾਰਿਆਂ ਦੀ ਚਰਨ ਧੂੜ ਬਣ ਕੇ ਮੇਰੇ ਪਾਸ ਆਉ। ਚਰਣ ਧੂੜ ਦਾ ਅਰਥ ਸੱਚ ਮੁੱਚ ਰਸਤੇ ਦਾ ਘੱਟਾ ਬਣਨ ਤੋਂ ਨਹੀਂ ਹੈ। ਮਨ ਵਿਚ ਆਪਣੇ ਨਾਲੋਂ ਸਾਰਿਆਂ ਨੂੰ ਚੰਗਾ ਸਮਝਣਾ ਹੀ " **ਚਰਣ ਧੂੜ** " ਬਣਨਾ ਹੁੰਦਾ ਹੈ। ਸਗਿਰਾਂ ਦਾ ਇਹ ਫ਼ੁਮਾਨ ਕਿ " **ਹਮ ਨਹੀਂ ਚੰਗੇ ਬੁਰਾ ਨਹੀਂ ਕੋਇ** " ਮਨੁੱਖ ਨੂੰ ਸਭਨਾਂ ਦੀ " ਚਰਨ ਧੂੜ " ਬਣਨ ਦਾ ਉਤਸ਼ਾਹ ਦੇ ਰਿਹਾ ਹੈ। ਨਿਰਮਾਣ ਹੋ ਕੇ ਲੋੜਵੰਦਾ ਦਾ ਸਹਾਈ ਹੋਣਾਂ ਹੀ ਲੋਕਾਂ ਦੀ ਚਰਣਧੂੜ ਬਣਨ ਤੁੱਲ ਹੈ। ਆਪ ਭਾਵ ਗੁਆ ਕੇ ਸਤਿਗੁਰਾਂ ਦੇ ਅਥਵਾ ਗੁਰਮੁਖਾਂ ਦੇ ਉਪਦੇਸ਼ ਅਨੁਸਾਰ ਆਪਣਾ ਜੀਵਨ ਢਾਲ ਲੈਣਾ ਹੀ ਸਤਿਗੁਰਾਂ ਦੀ ਅਤੇ ਗੁਰਮੁਖਿ ਸੰਤ-ਜਨਾਂ ਦੀ ਚਰਨ ਧੂੜ ਹੈ। ਏਹੀ ਹੈ ਗੁਰਮਤਿ ਦੀ " **ਚਰਣਾਮ੍ਰਿਤ**। ਉਪ੍ਰੋਕਤ ਨਾਮ-ਅੰਮ੍ਰਿਤ ਲੇਖ ਵਿਚ ਖੋਹਲ ਕੇ ਲਿਖਿਆ ਹੈ ਕਿ ਗੁਰਬਾਣੀ ਵਿਚ **ਨਾਮ ਅੰਮ੍ਰਿਤ** ਲਈ ਚੱਖਣ, ਖਾਣ, ਪੀਣ ਦੇ ਨਾਲ ਪਹਿਨਣ ਪਦ ਵੀ ਵਰਤੇ ਹੋਏ ਹਨ। ਸੋ ਚਰਣਾਮ੍ਰਿਤ ਪੀਣ ਦੇ ਅਥਵਾ ਚਰਣ ਧੂੜ ਬਣ ਜਾਣ ਦੇ ਗੁਰਮਤਿ ਅਰਥ ਵੀ ਉਸੇ ਅਧਾਰ ਤੇ ਹੀ ਸਮਝਣੇ ਲੋੜੀਏ।

ਸਤਿਗੁਰਾਂ ਦਾ ਅਸਲ ਭਾਵ ਸਮਝਣ ਲਈ ਆਪਣੀ ਮਤਿ ਤਿਆਗ ਕੇ, ਗੁਰੂ-ਬਾਣੀ ਦੇ ਹਰ ਪੱਖ ਨੂੰ ਸਮਝਣ ਦੀ ਘਾਲਣਾ ਘਾਲਣ ਦੀ ਲੋੜ ਹੈ। ਫਿਰ ਕੋਈ ਕਿੰਤੂ ਪ੍ਰੰਤੂ ਨਹੀਂ ਰਹਿ ਜਾਂਦਾ। ਭਾਣਾ ਇਹ ਵਰਤ ਰਿਹਾ ਹੈ ਕਿ ਸਾਡੀ ਹਉਮੈ ਏਨੀ ਪਰਬਲ ਰੂਪ ਧਾਰ ਚੁੱਕੀ ਹੈ ਕਿ ਅਸੀਂ ਸਤਿਗੁਰਾਂ ਦਾ ਉਪਦੇਸ਼ ਮੰਨਣ ਲਈ ਆਪਣੇ ਮਨ ਨੂੰ ਤਿਆਰ ਨਹੀਂ ਕਰ ਸਕਦੇ। ਨਿਮਰਤਾ ਪ੍ਰਤੀ ਅਜੇਹਾ ਉਪਦੇਸ਼ ਸਾਨੂੰ ਬੜਾ ਓਪਰਾ ਲੱਗਦਾ ਹੈ। ਗੁਰਮਤਿ ਵਲੋਂ ਮੂੰਹ ਫੇਰ ਕੇ ਮਨ-ਮਤਿ (=ਬਿੱਪ੍ਰਨ ਕੀ ਰੀਤ) ਨਾਲ ਜੁੜਦੇ ਜਾਣ ਵਾਲੀ **ਰੁਚੀ,** ਸਾਡੀ ਖ਼ੁਆਰੀ ਦਾ **ਕਾਰਨ** ਹੈ। ਚੜ੍ਹਦੀ ਕਲਾ ਦੀ ਪ੍ਰਾਪਤੀ, ਸਤਿਗੁਰਾਂ ਦੇ ਉਪਦੇਸ਼ ਤੇ ਚੱਲਣ ਵਿਚ ਹੈ। ਸਰਬ ਸਾਂਝਾ ਉਪਦੇਸ਼ ਦੇਣ ਆਏ ਸਤਿਗੁਰਾਂ ਕੋਲੋਂ, ਆਉ, **ਸਭਨਾ ਦੀ ਚਰਣ ਧੂੜ** ਬਣਨ ਦਾ ਉਪਦੇਸ਼ ਦ੍ਰਿੜ ਕਰੀਏ:--

੧੦- **ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥** [ਰੇਣ=ਚਰਨ ਧੂੜ । ਲਹੀਐ=ਲੱਭ ਲਈਦਾ ਹੈ]
**ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥ ੩ ॥**[੭੧੨]-੩-੫

ਭਵ, ਪਰਮਾਤਮਾਂ ਨੂੰ ਹਾਜ਼ਰ ਨਾਜ਼ਰ ਜਾਣਦੇ ਹੋਏ ਮਨ ਕਰਕੇ ਸਾਰਿਆਂ ਦੀ ਚਰਨ ਧੂੜ ਬਣ ਜਾਣ ਨਾਲ, ਸਾਧੂ-ਸਤਿਗੁਰੂ (ਗ੍ਰੰਥ ਸਾਹਿਬ ਜੀ) ਦੀ (ਸਹੀ ਅਰਥਾਂ ਵਾਲੀ) ਸੰਗਤਿ ਪ੍ਰਾਪਤਿ ਹੋ ਜਾਂਦੀ ਹੈ, ਜਿਸ ਤੋਂ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ ।

੧੧- **ਜਬ ਇਹੁ ਮਨ ਮਹਿ ਕਰਤ ਗੁਮਾਨਾ ॥ ਤਬ ਇਹੁ ਬਾਵਰੁ ਫਿਰਤ ਬਿਗਾਨਾ ॥ ਜਬ ਇਹੁ ਹੂਆ ਸਗਲ ਕੀ ਰੀਨਾ ॥**
**ਤਾ ਤੇ ਰਮਈਆ ਘਟਿ ਘਟਿ ਚੀਨਾ ॥ ੧ ॥ ਸਹਜ ਸੁਹੇਲਾ ਫਲੁ ਮਸਕੀਨੀ ॥ ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥**
**੧ ॥ ਰਹਾਉ ॥ ਜਬ ਕਿਸ ਕਉ ਇਹੁ ਜਾਨਸਿ ਮੰਦਾ ॥ ਤਬ ਸਗਲੇ ਇਸੁ ਮੇਲਹਿ ਫੰਦਾ ॥ ਮੇਰ ਤੇਰ ਜਬ ਇਨਹਿ**
**ਚੁਕਾਈ ॥ ਤਾ ਤੇ ਇਸੁ ਸੰਗਿ ਨਹੀ ਬੈਰਾਈ ॥ ੨ ॥**[੨੩੫]-੧

**ਅਰਥ:**--ਮੇਰੇ ਪ੍ਰਭੂ ਨੇ ਮੈਨੂੰ (ਗ਼ਰੀਬੀ ਸੁਭਾਉ ਦੀ) ਦਾਤ ਬਖ਼ਸ਼ੀ ਹੈ, ਗ਼ਰੀਬੀ ਸੁਭਾਵ ਦਾ ਫਲ ਇਹ ਹੋਇਆ ਹੈ ਕਿ ਮੈਨੂੰ ਆਤਮਕ ਅਡੋਲਤਾ ਮਿਲ ਗਈ ਹੈ, ਮੈ ਸੁਖੀ ਹਾਂ । ੧ । ਰਹਾਉ । ਜਦੋਂ ਮਨੁੱਖ ਆਪਣੇ ਮਨ ਵਿਚ (ਦੂਜਿਆਂ ਨਾਲੋਂ ਚੰਗਾ) ਹੋਣ ਦਾ ਮਾਣ ਕਰਦਾ ਹੈ, ਤਦੋਂ (ਉਸ ਹੰਕਾਰ ਵਿਚ) ਝੱਲਾ ਹੋਇਆ ਮਨੁੱਖ ਸਭ ਲੋਕਾਂ ਤੋਂ ਵੱਖਰਾ ਵੱਖਰਾ

ਤੁਰਿਆ ਫਿਰਦਾ ਹੈ, ਪਰ ਜਦੋਂ ਇਹ ਸਭ ਲੋਕਾਂ ਦੀ ਚਰਨ-ਧੂੜ ਹੋ ਗਿਆ, ਤਦੋਂ ਇਸ ਨੇ ਸੋਹਣੇ ਰਾਮ ਨੂੰ ਹਰੇਕ ਸਰੀਰ ਵਿਚ ਵੇਖ ਲਿਆ । **੧ ।** ਜਦ ਤਕ ਮਨੁੱਖ ਹਰ ਕਿਸੇ ਨੂੰ ਭੈੜਾ ਸਮਝਦਾ ਹੈ ਤਦ ਤਕ (ਇਸ ਨੂੰ ਇਉਂ ਜਾਪਦਾ ਹੈ ਕਿ) ਸਾਰੇ ਲੋਕ ਇਸ ਦੇ ਵਾਸਤੇ (ਠੱਗੀ ਦੇ) ਜਾਲ ਵਿਛਾ ਰਹੇ ਹਨ, ਪਰ ਜਦੋਂ ਇਸ ਨੇ (ਆਪਣੇ ਅੰਦਰੋਂ) ਵਿਤਕਰਾ ਦੂਰ ਕਰ ਦਿੱਤਾ, ਤਦੋਂ (ਇਸ ਨੂੰ ਯਕੀਨ ਬਣ ਜਾਂਦਾ ਹੈ ਕਿ) ਕੋਈ ਇਸ ਨਾਲ ਵੈਰ ਨਹੀਂ ਕਰ ਰਿਹਾ । ੨ ।

੧੨- **ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥ ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥ ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥..੬ ॥** [੨੬੬]-ਅਸਟ-੩

**ਅਰਥ:**---ਜੋ ਮਨੁੱਖ ਆਪਣੇ ਆਪ ਨੂੰ (ਸਾਰਿਆਂ ਨਾਲੋਂ) ਮੰਦ-ਕਰਮੀ ਖ਼ਿਆਲ ਕਰਦਾ ਹੈ, ਉਸ ਨੂੰ ਸਾਰਿਆਂ ਨਾਲੋਂ ਚੰਗਾ ਸਮਝਣਾ ਚਾਹੀਦਾ ਹੈ । ਜਿਸ ਮਨੁੱਖ ਦਾ ਮਨ ਸਭਨਾਂ ਦੇ ਚਰਨਾਂ ਦੀ ਧੂੜ ਹੁੰਦਾ ਹੈ (ਭਾਵ, ਜੋ ਸਭ ਨਾਲ ਗਰੀਬੀ-ਸੁਭਾਉ ਵਰਤਦਾ ਹੈ ਤਾਂ ਸਮਝੋ ਕਿ) ਉਸ ਮਨੁੱਖ ਨੇ ਹਰੇਕ ਸਰੀਰ ਵਿਚ ਪ੍ਰਭੂ ਦੀ ਸੱਤਾ ਪਛਾਣ ਲਈ ਹੈ ।

੧੩- **ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥ ਸਰਬ ਕੀ ਰੇਨ ਜਾ ਕਾ ਮਨੁ ਹੋਇ ॥ ਕਹੁ ਨਾਨਕ ਤਾ ਕੀ ਨਿਰਮਲ ਸੋਇ ॥ ੩ ॥** [੨੭੮]-੧੨

**ਅਰਥ:**---ਜੋ ਮਨੁੱਖ ਆਪਣੇ ਆਪ ਨੂੰ ਨੇਕ ਅਖਵਾਉਂਦਾ ਹੈ, ਨੇਕੀ ਉਸ ਮਨੁੱਖ ਦੇ ਨੇੜੇ ਵੀ ਨਹੀਂ ਢੁੱਕਦੀ । ਜਿਸ ਮਨੁੱਖ ਦਾ ਮਨ ਸਭਨਾਂ ਦੇ ਚਰਨਾਂ ਦੀ ਧੂੜ ਹੋ ਜਾਏ, ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਉਸ ਮਨੁੱਖ ਦੀ ਸੋਹਣੀ ਸੋਭਾ ਖਿੱਲਰਦੀ ਹੈ । ੩ ।

੧੪- **ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥ ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ ॥ ੨ ॥** [੩੭੯]-੩੬

**ਅਰਥ:**--ਜਿਸ ਦਾ ਮਨ ਸਭਨਾਂ ਦੀ ਚਰਨ-ਧੂੜ ਬਣ ਜਾਂਦਾ ਹੈ ਉਸ ਨੂੰ (ਸ੍ਰਿਸ਼ਟੀ ਦੇ) ਸਾਰੇ ਜੀਵ ਪਿਆਰੇ ਮਿੱਤਰ ਦਿੱਸਦੇ ਹਨ (ਉਸ ਨੂੰ ਪ੍ਰਤੱਖ ਦਿੱਸਦਾ ਹੈ ਕਿ) ਪਿਆਰਾ ਪਾਲਣਹਾਰ ਪ੍ਰਭੂ ਸਭ ਜੀਵਾਂ ਵਿਚ ਵਿਆਪਕ ਹੈ ਤੇ ਸਭ ਜੀਵਾਂ ਨੂੰ ਦਾਤਾਂ ਦੇ ਕੇ ਸਭ ਦੀ ਸੰਭਾਲ ਕਰ ਰਿਹਾ ਹੈ । ੨ ।

੧੫- **ਪਉੜੀ ॥ ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥ ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ ॥ ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥ ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥ ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ ॥ ੧੭ ॥** [੩੨੨]-ਵਾਰ

**ਅਰਥ:**--ਮੈਂ ਉਸ ਸੱਚੇ ਪ੍ਰਭੂ ਨੂੰ ਸਿਮਰਾਂ ਜਿਸ ਪਾਸੋਂ ਸਾਰੇ ਸੁਖ ਤੇ ਸਾਰੇ ਫਲ ਮੰਗੀਦੇ ਹਨ, ਉਸ ਪਾਰਬ੍ਰਹਮ ਨੂੰ ਆਪਣੇ ਅੰਗ-ਸੰਗ ਵੇਖਾਂ ਤੇ ਕੇਵਲ ਉਸੇ ਦਾ ਹੀ ਨਾਮ ਧਿਆਵਾਂ । ਸਾਰਿਆਂ ਦੇ ਚਰਨਾਂ ਦੀ ਧੂੜ ਹੋ ਕੇ ਮੈਂ ਪਰਮਾਤਮਾ ਵਿਚ ਲੀਨ ਹੋ ਜਾਵਾਂ । ਮੈਂ ਕਿਸੇ ਵੀ ਜੀਵ ਨੂੰ ਦੁੱਖ ਨਾ ਦਿਆਂ ਤੇ (ਇਸ ਤਰ੍ਹਾਂ) ਇੱਜ਼ਤ ਨਾਲ (ਆਪਣੇ ਅਸਲੀ) ਘਰ ਵਿਚ ਜਾਂਵਾਂ (ਭਾਵ, ਪ੍ਰਭੂ ਦੀ ਹਜ਼ੂਰੀ ਵਿਚ ਅਪੜਾਂ) ਹੇ ਨਾਨਕ ! ਮੈ ਹੋਰਨਾਂ ਨੂੰ ਵੀ ਦੱਸਾਂ ਕਿ ਅਕਾਲ-ਪੁਰਖ (ਵਿਕਾਰਾਂ ਵਿਚ) ਡਿੱਗਿਆਂ ਹੋਇਆ ਨੂੰ ਵੀ ਪਵਿੱਤ੍ਰ ਕਰਨ ਵਾਲਾ ਹੈ ।

੧੬- **ਦਾਸਨ ਦਾਸ ਰੇਣੁ ਦਾਸਨ ਕੀ ਜਨ ਕੀ ਟਹਲ ਕਮਾਵਉ ॥ ਸਰਬ ਸੂਖ ਬਡਿਆਈ ਨਾਨਕ ਜੀਵਉ ਮੁਖਹੁ ਬੁਲਾਵਉ ॥ ੨ ॥** [੫੨੯]-੫

੧੭- **ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ ॥ ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ ॥ ੨ ॥** [੬੧੪]-੯-੨੦

**ਅਰਥ:**--ਕਾਮ ਕ੍ਰੋਧ ਲੋਭ ਮੋਹ ਹੰਕਾਰ--ਇਸ ਵਿਚ ਫਸੇ ਰਿਹਾਂ ਸੁਖ ਨਹੀਂ ਮਿਲਿਆ ਕਰਦਾ । ਹੇ ਮੇਰੇ ਮਨ ! ਤੂੰ ਸਭਨਾਂ ਦੇ ਚਰਨਾਂ ਦੀ ਧੂੜ ਬਣਿਆ ਰਹੁ । ਤਦੋਂ ਹੀ ਆਤਮਕ ਆਨੰਦ ਖ਼ੁਸ਼ੀ ਪ੍ਰਾਪਤ ਹੁੰਦੀ ਹੈ । ੨ ।

੧੮- **ਗੁਰ ਕੇ ਚਰਨ ਕਮਲ ਨਮਸਕਾਰਿ ॥ ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥ ਹੋਇ ਰਹੀਐ ਸਗਲ ਕੀ ਰੀਨਾ ॥ ਘਟਿ ਘਟਿ ਰਮਈਆ ਸਭ ਮਹਿ ਚੀਨਾ ॥ ੧ ॥** [੮੬੬]-੧੧-੧੩

**ਅਰਥ:**--ਆਪਣੇ ਗੁਰੂ ਚਰਨਾਂ ਤੇ ਨਮਸਕਾਰ ਕਰਿਆ ਕਰੋ । ()ਗੁਰੂ ਦੀ ਕਿਰਪਾ ਨਾਲ ਆਪਣੇ) ਇਸ ਸਰੀਰ ਵਿਚੋਂ ਕਾਮ ਅਤੇ ਕ੍ਰੋਧ (ਆਦਿਕ ਵਿਕਾਰਾਂ) ਨੂੰ ਮਾਰ ਮੁਕਾ । ਹੇ ਭਾਈ ! ਸਭਨਾਂ ਦੇ ਚਰਨਾਂ ਦੀ ਧੂੜ ਹੋ ਕੇ ਰਹਿਣਾ ਚਾਹੀਦਾ ਹੈ । ਹਰੇਕ ਸਰੀਰ ਵਿਚ ਸਭ ਜੀਵਾਂ ਵਿਚ ਸੋਹਣੇ ਰਾਮ ਨੂੰ ਵੱਸਦਾ ਵੇਖ । ੧ ।

੧੯- **ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ ॥ ਅਪਨੀ ਭਗਤਿ ਦੇਹਿ ਦਇਆਲਾ ਵਡਭਾਗੀ ਨਾਨਕ ਹਰਿ ਪਾਵਹੁ ॥ ੨ ॥** [੧੧੨੦]-੪-੬

**ਅਰਥ:**--ਹੇ ਦਇਆਲ ਪ੍ਰਭੂ ! (ਮਿਹਰ ਕਰਿ, ਮੈਨੂੰ) ਆਪਣੀ ਭਗਤੀ ਦੀ ਦਾਤ ਬਖ਼ਸ਼ (ਮਿਹਰ ਕਰ, ਮੇਰੇ ਅੰਦਰੋਂ) ਹਉਮੈ ਦੂਰ ਕਰ, ਮੇਰਾ ਮਨ ਸਭਨਾਂ ਦੇ ਚਰਨਾਂ ਦੀ ਧੂੜ ਹੋਇਆ ਰਹੇ । ਸਤਿਗੁਰਾਂ ਦਾ ਫ਼ੁਮਾਨ ਹੈ ਕਿ, (ਸਭਨਾਂ ਦੇ ਚਰਨ ਦੀ ਧੂੜ ਹੋਣ ਕਾਰਨ) ਤੁਸੀਂ ਪਰਮਾਤਮਾਂ ਦਾ ਮਿਲਾਪ ਪ੍ਰਾਪਤ ਕਰ ਕੇ ਵਡਭਾਗੇ ਬਣਦੇ ਹੋ ।

ਅਸੀਂ ਜਿਹੜੇ ਅੱਜ ਬੰਦੂਕਾਂ, ਪਸਤੌਲ, ਮੋਟਰ ਸਾਈਕਲ, ਬੰਬ ਆਦਿ ਲੈ ਕੇ ਉਨ੍ਹਾਂ ਲੋਕਾਂ ਨੂੰ ਸੋਧਨ ਚੜੇ ਹੋਏ ਹਾਂ ਜਿਨ੍ਹਾਂ ਨੂੰ ਅਸੀਂ ਚੰਗੇ ਨਹੀਂ ਸਮਝਦੇ, ਸਾਨੂੰ ਆਪਣੇ ਸਤਿਗੁਰਾਂ ਦੇ ਇਹ ਬਚਨ ਚੰਗੇ ਕਿਵੇਂ ਲੱਗ ਸਕਦੇ ਹਨ ? ਸਾਡੀ ਬਦਕਿਸਮਤੀ ਦਾ ਕਾਰਣ ਵੀ ਏਹੀ ਹੈ ਕਿ ਅਸੀਂ ਆਪਣੇ ਪੂਰਨ-ਗੁਰੂ ਨੂੰ ਛੱਡ ਤੁਰੇ ਹਾਂ ਅਤੇ ਉਨ੍ਹਾਂ ਡੇਰੇ ਦਾਰਾਂ ਨੂੰ ਮਹਾਂਪੁਰਖ ਸਮਝ ਕੇ ਆਪਣੇ ਧਰਮ-ਗੁਰੂ ਮੰਨ ਬੈਠੇ ਹਾਂ ਜਿਨ੍ਹਾਂ ਨੂੰ ਗੁਰਮਤਿ ਦਾ ਜਾਂ ਉੱਕਾ ਹੀ ਪਤਾ ਨਹੀਂ ਜਾਂ ਫਿਰ ਉਹ ਸਿੱਖ ਨੂੰ ਗੁਰਮਤਿ ਨਾਲੋਂ ਬਿਲਕੁਲ ਤੋੜ ਕੇ ਆਪਣੇ ਜੋਗੇ ਬਣਾ ਲੈਣਾ ਚਾਹੁੰਦੇ ਹਨ । ਵਿਕਾਰੀਆਂ ਨੂੰ ਭਾਜੜਾਂ ਪਾਉਣ ਲਈ ਜਿਹੜੇ ਸ਼ਸਤ੍ਰ ਗੁਰਦੇਵ ਜੀ ਸਾਨੂੰ ਫੜਾ ਰਹੇ ਹਨ ਉਨ੍ਹਾਂ ਦੇ ਧਾਰਨ ਵਿਚ ਹੀ ਸਾਡੀ ਕਲਿਆਣ ਹੈ :--

੨੦- **ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥ ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥ ੧ ॥** [੬੨੮]-੧੬-੮੦

**ਅਰਥ:**--ਨਿਮ੍ਰਤਾ-ਸੁਭਾਉ ਸਾਡੇ ਪਾਸ ਗੁਰਜ ਹੈ, ਸਭ ਦੀ ਚਰਨ-ਧੂੜ ਬਣੇ ਰਹਿਣਾ ਸਾਡੇ ਪਾਸ ਖੰਡਾ ਹੈ । ਇਸ ਗੁਰਜ ਅੱਗੇ, ਇਸ ਖੰਡੇ ਅੱਗੇ ਕੋਈ ਵੀ ਕੁਕਰਮੀ ਟਿੱਕ ਨਹੀਂ ਸਕਦਾ । ਸਾਨੂੰ ਪੂਰੇ ਗੁਰੂ ਨੇ ਇਹ ਗੱਲ (ਚੰਗੀ ਤਰ੍ਹਾਂ) ਸਮਝਾ ਦਿੱਤੀ ਹੈ । ੧ ।

ਗੁਰੂ ਨੇ ਮੇਰੇ ਅੰਦਰੋਂ ਅਪਣੱਤ ਮੁਕਾ ਕੇ ਨਿਮਰਤਾ ਇਸ ਹੱਦ ਤੱਕ ਪੱਕੀ ਕਰ ਦਿੱਤੀ ਹੈ ਕਿ ਮੇਰਾ ਮਨ ਸਭਨਾ ਦੀ ਚਰਨ-ਧੂੜ ਬਣ ਗਿਆ ਹੈ। ਏਹੀ ਹੈ ਸਤਿਗੁਰਾਂ ਦੇ ਘਰ ਦੀ ਚਰਣਾਮ੍ਰਿਤ:--

੨੧- **ਏਤ ਛਡਾਈ ਮੋਹਿ ਤੇ ਇਤਨੀ ਦ੍ਰਿੜਤਾਰੀ ॥**
**ਸਗਲ ਰੇਨ ਇਹੁ ਮਨੁ ਭਇਆ ਬਿਨਸੀ ਅਪਧਾਰੀ ॥ ੨ ॥** [੮੧੦]-੧੦-੪੦

੨੨- **ਮਹਾ ਅਨੰਦ ਮੰਗਲ ਰੂਪ, ਤੁਮਰੇ ਬਚਨ ਅਨੂਪ ਰਸਾਲ ॥**
**ਹਿਰਦੈ ਚਰਣ ਸਬਦ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥ ੨ ॥** [੬੮੦]-੭-੩੮

**ਅਰਥ**:--ਪੰਚਮ ਪਾਤਿਸ਼ਾਹ--ਗੁਰਦੇਵ ਜੀ ਦਾ ਫ਼ੁਰਮਾਨ ਹੈ (ਹੇ ਭਾਈ ! ਇਹ ਗੱਲ ਘੁੱਟ ਕੇ) ਪੱਲੇ ਬੰਨ੍ਹ ਲਵੋ ਕਿ, ਅਤੀਅੰਤ ਨਿਰਮਰਤਾ-ਭਾਵ ਨਾਲ ਸਤਿਗੁਰਾਂ ਦਾ ਸ਼ਬਦ-ਉਪਦੇਸ਼ ਹਿਰਦੇ ਵਿਚ ਵਸਾਉਣਾ ਹੀ ਸਤਿਗੁਰੂ ਦੇ ਚਰਨ (ਹਿਰਦੇ ਵਿਚ ਵਸਾਉਣੇ ਹੁੰਦੇ) ਹਨ । (ਪ੍ਰਭੂ ਦੀਆਂ ਵਡਿਆਈਆਂ ਦ੍ਰਿੜ ਕਰਾਉਣ ਵਾਲੇ ਸਤਿਗੁਰਾਂ ਦੇ ਬਚਨ ਇਹ ਕਹਿਣ ਜੋਗਾ ਗੁਰਸਿੱਖ ਨੂੰ ਬਣਾ ਦਿੰਦੇ ਹਨ ਕਿ) ਹੇ ਪ੍ਰਭੂ ! ਤੂੰ ਆਨੰਦ-ਸਰੂਪ ਹੈਂ, ਤੂੰ ਮੰਗਲ-ਰੂਪ ਹੈਂ (ਆਨੰਦ ਹੀ ਆਨੰਦ, ਖ਼ੁਸ਼ੀ ਹੀ ਖ਼ੁਸ਼ੀ ਤੇਰਾ ਵਜੂਦ ਹੈ) । ਹੇ ਪ੍ਰਭੂ ਤੇਰੀ ਸਿਫ਼ਤਿ-ਸਾਲਾਹ ਦੀ ਬਾਣੀ ਸੁੰਦਰ ਹੈ ਅਤੇ ਰਸੀਲੀ ਹੈ । ੨ ।

੨੩- **ਨਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ ॥ ਰੈਣਿ ਦਿਣਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ॥**
**ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ ॥ ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ ॥ ੩੧ ॥**[੨੫੬]

**ਅਰਥ**:--ਹੇ ਨਾਨਕ ! ਜੇਹੜਾ ਮਨੁੱਖ ਇਕ ਪ੍ਰਭੂ ਦਾ ਹੀ ਆਸਰਾ-ਪਰਨਾ ਲੈਂਦਾ ਹੈ, ਕਿਸੇ ਹੋਰ ਨੂੰ ਆਪਣਾ ਆਸਰਾ ਨਹੀਂ ਸਮਝਦਾ, ਸਰਬ-ਵਿਆਪਕ ਬੇਅੰਤ ਪ੍ਰਭੂ ਨੂੰ ਦਿਨ ਰਾਤ ਹਰ ਵੇਲੇ ਸਿਮਰਦਾ ਹੈ, ਆਪਣੇ ਇਸ ਮਨ ਨੂੰ ਸਭਨਾਂ ਦੀ ਚਰਨ-ਧੂੜ ਬਣਾਉਂਦਾ ਹੈ--ਜੇਹੜਾ ਮਨੁੱਖ ਇਹ ਕਰਮ ਕਮਾਉਂਦਾ ਹੈ ਉਹ ਪਰਮਾਤਮਾ ਦੀ ਰਜ਼ਾ ਨੂੰ ਸਮਝ ਲੈਂਦਾ ਹੈ, ਸਦਾ ਆਤਮਕ ਆਨੰਦ ਮਾਣਦਾ ਹੈ, ਪਿਛਲੇ ਕੀਤੇ ਭਲੇ ਕਰਮਾਂ ਦਾ ਲੇਖ ਉਸ ਦੇ ਮੱਥੇ ਉਤੇ ਉੱਘੜ ਪੈਂਦਾ ਹੈ। ੩੧ ।

ਗੁਰ ਸਾਹਿਬ ਜੀ ਦੇ ਅਜੇਹੇ ਬਚਨ ਹਿਰਦੇ ਵਿਚ ਪੱਕੇ ਕਰ ਲੈਣੇ ਹੀ ਸਤਿਗੁਰਾਂ ਦੇ ਅਸਲੀ ਚਰਨ ਹਨ। ਗੁਰੂ ਬਚਨਾ ਅਨੁਸਾਰ ਨਿਮਰਤਾ ਨਾਲ ਆਪਣਾ ਜੀਵਨ ਢਾਲ ਲੈਣ ਦਾ ਪੱਕਾ ਸੰਕਲਪ ਹੀ ਸਤਿਗੁਰਾਂ ਦੀ ਚਰਨਧੂੜ ਅਥਵਾ ਚਰਣਾਮ੍ਰਿਤ ਹੈ।

੨੪- **ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥**
**ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ੩ ॥** [੧੧੯੫]-੧

ੳ

## " ਸਭਨਾ, ਸਰਬੱਤ, ਸਗਲ " ਸ਼ਬਦ ਦੇ ਅਰਥਾਂ ਬਾਰੇ ਭੁਲੇਖਾ ?

**(ੳ)** **ਦਾਸ ਨੂੰ ਕਈ ਪਾਠਕਾਂ** ਦੇ ਖ਼ਤ ਮਿਲੇ ਹਨ ਅਤੇ ਕਈਆਂ ਨੇ ਮਿਲ ਕੇ ਵੀ ਅੱਗੇ ਲਿਖੇ ਗੁਰੂ ਫ਼ੁਰਮਾਨਾਂ ਦੇ ਅਧਾਰ ਤੇ ਸ਼ੰਕੇ ਪ੍ਰਗਟਾਏ ਹਨ-- **(੧) ਸਲੋਕ ਮਹਲਾ ੨ ॥ ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬ ਏਕੁ ॥** [੧੨੩੮] **(੨) ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ ॥ ਨਾਨਕ ਹਉਮੈ ਮਾਰੀਐ ਸਚੇ ਜਿਹੜਾ ਸੋਇ ॥ ੮ ॥** [੧੦੧੫] **(੩) ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥** [੧੩੬੪] ਅਤੇ **(੪) ਕਾਨੜਾ ਮਹਲਾ ੫ ॥ ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥ ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥ ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹੁ ਸੁਮਤਿ ਸਾਧੂ ਤੇ ਪਾਈ ॥ ੨ ॥ ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥ ੩ ॥** [੧੨੯੯]-੮ ਨਿਰਵੈਰਤਾ ਸਿਖਾਉਣ ਵਾਲੇ ਹੋਰ ਬੇਅੰਤ ਗੁਰੂ-ਸ਼ਬਦ, ਅਤੇ ਫਿਰ **(੫) ਸਚ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥ ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥**[੧੨੪੫] ਇਨ੍ਹਾਂ ਪੰਜ ਗੁਰੂ ਫ਼ੁਰਮਾਨਾਂ ਤੋਂ ਇਲਾਵਾ ਅਜੇਹੇ ਹੋਰ ਕਈ ਗੁਰੂ ਸ਼ਬਦ ਹਨ ਜਿਨ੍ਹਾਂ ਵਿਚ ਅਪਣੇ ਆਪ ਨਾਲੋਂ ਹੋਰ ਸਾਰਿਆਂ ਨੂੰ ਚੰਗਾ ਸਮਝਣ ਦਾ ਉਪਦੇਸ਼ ਹੈ। ਬੇਅੰਤ ਗੁਰੂ ਸ਼ਬਦਾਂ ਅਨੁਸਾਰ ਸਾਰਿਆਂ ਜੀਵਾਂ ਵਿਚ ਪਰਮਾਤਮਾ ਦੀ ਜੋਤਿ ਅਥਵਾ ਪਰਮਾਤਮਾ ਆਪ ਹੀ ਵਿਆਪਕ ਹੈ, ਇਸ ਲਈ ਕਿਸੇ ਨੂੰ ਵੀ ਮੰਦਾ ਕਹਿਣਾ ਪ੍ਰਭੂ ਨੂੰ ਮੰਦਾ ਕਹਿਣ ਤੁੱਲ ਹੈ। ਸਾਰਿਆਂ ਦਾ ਸਿਰਜਣਹਾਰ, ਪਾਲਣਹਾਰ ਅਥਵਾ ਸਰਬੱਤ ਦਾ ਮਾਤਾ ਪਿਤਾ ਵੀ ਉਹੀ ਹੈ, ਇਸ ਲਈ ਹਰ ਥਾਂ ਉਸੇ ਪ੍ਰਭੂ ਨੂੰ ਵਿਆਪਕ ਜਾਣਦਿਆਂ ਸਾਰੇ ਸੰਸਾਰ ਨੂੰ ਇੱਕ ਪਰਵਾਰ ਸਮਝ ਕੇ ਸਰਬਤ ਨਾਲ ਪਿਆਰ ਸਤਿਕਾਰ ਰੱਖਣ ਦਾ ਉਪਦੇਸ਼ ਹੈ। ਇਸ ਗੁਰਮਤਿ ਸਿਖਿਆ ਬਾਰੇ ਸ਼ੰਕਾ ਇਹ ਦਰਸਾਇਆ ਜਾਂਦਾ ਹੈ ਕਿ, ਸਾਰਿਆਂ ਨੂੰ ਆਪਣੇ ਨਾਲੋਂ ਚੰਗੇ ਸਮਝਣ ਦਾ ਅਰਥ ਕੀ ਇਹ ਹੈ ਕਿ, ਡਾਕਾ ਮਾਰਨ ਆਏ, ਸਾਨੂੰ ਜਾਨੋਂ ਮਾਰਨ ਆਏ, ਸਾਡਾ ਘਰ-ਘਾਟ, ਸਾਡੀ ਪਤਿ ਆਦਿ ਸਭ ਕੁਝ ਲੁਟ ਕੇ ਲੈ ਜਾਣ ਵਾਲੇ, ਅਜੇਹੇ ਸਾਰੇ ਜ਼ਾਲਮ ਉਪੱਦ੍ਰਵੀਆਂ ਨੂੰ ਵੀ ਆਪਣੇ ਨਾਲੋਂ ਚੰਗਾ ਸਮਝ ਕੇ ਉਨ੍ਹਾਂ ਵਿਰੁੱਧ ਕੋਈ ਰੋਸ ਨਹੀਂ ਕਰਨਾ ਚਾਹੀਦਾ? ਫਿਰ ਸ਼ਕਾਇਤ ਕਿਸ ਦੀ, ਅਤੇ ਪੁਲਸ ਕਚਹਿਰੀਆਂ ਆਦਿ ਦੀ ਲੋੜ ਕੀ ਰਹੀ? ਜਿਹੜਾ ਤਕੜਾ ਹੈ ਮਾੜੇ ਨੂੰ ਮਾਰ ਕੇ ਨਿਝੱਕ ਹੋ ਕੇ ਛਕੀ ਜਾਏ? ਫਿਰ ਜਦ ਸਾਰਾ ਸੰਸਾਰ ਹੀ ਮਿੱਤਰ ਹੈ ਤਾਂ ਖ਼ਾਲਸਾ ਜੀ ਦੇ ਜੰਗਾਂ ਜੁੱਧਾਂ ਦੇ ਇਤਿਹਾਸ ਦਾ ਅਰਥ ਕੀ ਬਣਦਾ ਹੈ? ਖ਼ਾਲਸਾ ਜੀ ਦੇ ਸਾਰੇ ਸੰਘਰਸ਼ ਕੀ ਗੁਰਮਤਿ ਦੇ ਵਿਰੁੱਧ ਸਨ?

**(ਅ)** **ਲੋਕਾਂ ਵਲੋਂ ਪੁੱਜੇ ਸ਼ੰਕਿਆਂ ਦਾ ਦੂਜਾ ਪੱਖ** --

" **ਹੋਹੁ ਸਭਨਾ ਕੀ ਰੇਣੁਕਾ** " ਦਾ ਅਰਥ ਕੀ, ਇਹ ਹੈ ਕਿ, **(੧)** ਸਤਿਗੁਰਾਂ ਨੂੰ ਤੱਤੀ ਲੋਹ ਤੇ ਬਿਠਾਲ ਕੇ ਸ਼ਹੀਦ ਕਰਾਉਂਣ ਵਾਲੇ ਹਾਕਮਾ ਦੇ, ਜਲਾਦਾਂ ਦੇ, ਮਾਤਾਵਾਂ ਦੇ ਸਾਹਮਣੇ ਬੇਰਹਿਮੀ ਨਾਲ ਬਚਿਆਂ ਦੇ ਟੋਟੇ ਕਰਕੇ ਉਨ੍ਹਾਂ ਟੁਕੜਿਆਂ ਦਾ ਹਾਰ ਬਣਾ ਕੇ ਮਾਵਾਂ ਦੇ ਗਲਾਂ ਵਿਚ ਪਾਉਣ ਵਾਲਿਆਂ ਦੇ, ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਹੁਰਮਤੀ ਕਰਨ ਵਾਲਿਆਂ (ਅਹਿਮਦਸ਼ਾਹ ਅਬਦਾਲੀ, ਮੱਸਾ ਰੰਗੜ, ਇੰਦ੍ਰਾ) ਦੇ, ਅਤੇ ਹੋਰ ਬੇਅੰਤ ਜ਼ਾਲਮ ਕਾਤਲਾਂ, ਲੁਟੇਰਿਆਂ ਆਦਿ ਸਭਨਾਂ ਦੇ ਚਰਨਾਂ ਦੀ ਧੂੜ ਵੀ ਬਣੇ ਰਿਹਣ ਦਾ ਉਪਦੇਸ਼ ਹੈ? ਕੀ ਉਸ ਧੱਕੇ ਖੋਰ ਦੇ ਚਰਨਾਂ ਦੀ ਧੂੜ ਵੀ ਬਣਨਾ ਪੈਣਾ ਹੈ ਜਿਸ ਨੇ ਸਾਡੀ ਬੱਚੀ ਨਾਲ ਬਲਾਤਕਾਰ ਕੀਤਾ ਹੈ? ਅਤੇ ਜੇ ਇਹ ਗੱਲ ਨਹੀਂ, ਤਾਂ **ਸਭਨਾ** ਲਫ਼ਜ਼ ਦਾ ਅਰਥ ਕੀ ਰਹਿ ਜਾਂਦਾ ਹੈ? **(੨)** ਅਤੇ ਜਦ ਅਸੀਂ **ਸਰਬੱਤ** ਦਾ ਹੀ ਭਲਾ ਮੰਗਦੇ ਹਾਂ, ਤਾਂ ਜ਼ਾਲਮਾਂ ਵਿਰੁੱਧ ਹਥਿਆਰ ਚੁੱਕਣ ਦੀ ਖੁਲ੍ਹ ਕਿਵੇ ਰਹਿ ਗਈ? ਅਤੇ ਜਦ

ਅਸੀਂ ਵੈਰੀਆਂ ਨੂੰ ਅਥਵਾ ਦੁਸ਼ਟਾਂ ਨੂੰ ਸੋਧਨ ਦੀ ਗੱਲ ਕਰਦੇ ਹਾਂ ਤਾਂ ਸਾਰਿਆਂ ਵਿਚ ਪ੍ਰਭੂ ਦੇ ਦਰਸ਼ਨ ਕਰਨ ਦਾ ਅਤੇ " **ਸਰਬੱਤ ਦੇ ਭਲੇ** " ਵਾਲੀ ਗੱਲ ਦਾ ਅਰਥ ਕੀ ਰਹਿ ਗਿਆ? " **ਸਰਬੱਤ, ਸਗਲ, ਸਭਨਾਂ** " ਸ਼ਬਦਾਂ ਵਿਚ, ਚੰਗੇ-ਮਾੜੇ, ਨੇਕ-ਬਦ, ਮਜ਼ਲੂਮ-ਜ਼ਾਲਮ, ਆਸਤਕ-ਨਾਸਤਕ, ਆਦਿ ਸਾਰੇ ਹੀ ਆਉਂਦੇ ਹਨ। ਸਾਰਿਆਂ ਦੀ ਚਰਨ ਧੂੜ ਹੋ ਚੁੱਕੇ ਮਨ ਵਾਲਾ ਮਨੁੱਖ, ਹਥਿਆਰ ਕਿਵੇਂ ਫੜ ਸਕਦਾ ਹੈ? ਜਿਸ ਮਨੁੱਖ ਦਾ ਮਨ, ਜ਼ਾਲਮਾਂ, ਕਾਤਲਾਂ, ਡਾਕੂਆਂ, ਚੋਰਾਂ ਆਦਿ " ਸਭਨਾ " ਕੀ ਰੇਣੁਕਾ ਬਣ ਗਿਆ, ਫਿਰ ਉਹ ਆਪਣੀ ਹੀ ਪੱਤ ਲੁਟਣ ਵਾਲੇ ਦੇ ਵਿਰੁੱਧ ਵੀ ਕੋਈ ਰੋਸ ਕਿਵੇਂ ਕਰ ਸਕਦਾ ਹੈ ?

**(ੲ)** ਅਜੇਹੀ ਸਿਖਿਆ ਦਾ ਸਪੱਸ਼ਟ ਅਤੇ ਖੁੱਲ੍ਹ ਕੇ ਜ਼ਿਕਰ ਕੀਤੇ ਬਿਨਾ, ਲਿਖਿਆ ਜਾ ਰਿਹਾ ਹੈ ਅਤੇ ਗੁਰੂ ਦਰਬਾਰਾਂ ਵਿਚ ਜੁੜੀਆਂ ਸੰਗਤਾਂ ਵਿਚ ਭਾਸ਼ਨਾ ਦੁਆਰਾ ਪਰਚਾਰਿਆ ਵੀ ਜਾ ਰਿਹਾ ਹੈ ਕਿ, (ਅਜੇਹੀ ਸਿਖਿਆ ਨੇ) ਭਾਰਤੀ ਮਨੁੱਖ ਕਮਜ਼ੋਰ ਅਤੇ ਡਰਪੋਕ ਕਰ ਦਿੱਤਾ ਸੀ। ਦਸ਼ਮੇਸ਼ ਜੀ ਦੀ ਰਚਨਾ ਦਾ (ਅਤੇ ਖੰਡੇ ਬਾਟੇ ਦੇ ਅੰਮ੍ਰਿਤ ਦਾ) ਸਦਕਾ ਸਿੱਖਾਂ ਵਿਚ ਸੂਰਮਤਾਈ ਆਈ। ਸ੍ਰੀ ਪਿਆਰਾ ਸਿੰਘ ਪਦਮ ਆਪਣੀ ਪੁਸਤਕ " **ਦਸਮ ਗ੍ਰੰਥ ਦਰਸ਼ਨ** " ਦੇ ੪੨ ਸਫੇ ਤੇ ਲਿਖਦੇ ਹਨ ਕਿ--"

> **ਸ੍ਰੀ ਆਦਿ ਗਰੰਥ** ਵਿਚ ਤਾਂ ਭਗਤੀ ਦੇ ਸ਼ਬਦ ਹਨ ਜਿਨ੍ਹਾਂ ਦੇ ਪੜ੍ਹਨ ਨਾਲ ਮਨ ਵਿਚ ਸ਼ਾਂਤੀ ਆਉਂਦੀ ਹੈ, ਆਪਣੇ ਪਿਆਰੇ ਪ੍ਰਭੂ ਦਾ ਪ੍ਰੇਮ ਜਾਗਦਾ ਹੈ, **ਜੁੱਧ ਆਦਿ ਦੇ ਭਾਵ ਚੂਰ ਹੁੰਦੇ ਹਨ।** ਜਦੋਂ ਸ਼ਾਂਤੀ ਪ੍ਰਦਾਨ ਕਰਨ ਵਾਲੀ ਬਾਣੀ ਨੇ ਦਿਲਾਂ ਵਿਚ ਸ਼ਾਂਤੀ ਪ੍ਰਗਟਾਈ ਤਾਂ **ਦਇਆ ਨੇ ਆਣ ਦਰਸ਼ਨ ਦਿਤੇ** (ਵਿਅੰਗ?)। ਫਿਰ ਦਸਮ ਗ੍ਰੰਥ ਵਿਚ **ਆਈ ਬੀਰਤਾ ਨੇ ਸੋਨੇ** ਤੇ ਸੁਹਾਗੇ ਦਾ ਕੰਮ ਕੀਤਾ। ਦਸਮ ਗਰੰਥ ਬੀਰ ਰਸ ਪ੍ਰਧਾਨ ਹੈ, ਇਸ ਦੇ ਪੜ੍ਹਿਆਂ ਕਾਇਰਾਂ ਵਿਚ ਬੀਰਤਾ ਦਾ ਜੋਸ਼ ਪੈਦਾ ਹੋ ਜਾਂਦਾ ਹੈ। ਸੰਸਕ੍ਰਿਤ ਪੁਰਾਣਾ ਵਿਚੋਂ ਕਥਾਵਾਂ ਨੇ ਉਨ੍ਹਾਂ ਨੂੰ ਅਜੇਹੇ ਰੰਗ ਵਿਚ ਰੰਗਿਆ ਹੈ ਜੋ ਪੜ੍ਹਨ ਵਾਲਿਆਂ ਵਿਚ ਜੋਸ਼ ਆ ਜਾਵੇ। ਗੁਰੂ ਜੀ ਦਾ ਮੰਤਵ ਸੀ, ਪਈ ਮਨੁੱਖ ਵਿਚ **ਸਰੀਰਕ** ਅਤੇ **ਆਤਮਕ** ਸ਼ਕਤੀ ਇਸ ਲਈ ਨਹੀਂ ਹੁੰਦੀ ਕਿ ਉਹ ਨਿਰਬਲ ਤੇ ਅਨਾਥਾਂ ਉਤੇ ਅਤਿਆਚਾਰ ਕਰੇ ਬਲਕਿ ਏਸ ਲਈ ਹੁੰਦੀ ਹੈ ਪਈ **ਮੁਸਲਮਾਨ ਹਾਕਮ ਹਿੰਦੂਆਂ ਉਤੇ** ਅਤਿਆਚਾਰ ਕਰ ਰਹੇ ਸਨ ਗੁਰੂ ਜੀ ਨੇ **ਮੁਸਲਮਾਨ ਤਾਕਤ** ਦਾ ਮੁਕਾਬਲਾ ਕਰਕੇ ਹਿੰਦੂਆਂ ਨੂੰ ਬਚਾਇਆ। ਹੁਣ ਸਿੱਖ ਕੇਵਲ 'ਸ਼ਿਸ਼ " ਅਰਥਾਤ ਚੇਲੇ ਨ ਰਹੇ ਬਲਕਿ ' ਸਿੰਘ ' ਅਰਥਾਤ ਸ਼ੇਰ ਬਹਾਦਰ ਹੋ "- ਅਤੇ ਏਸੇ ਬੇਥਵੀ ਤਰਜ਼ ਦਾ ਹੋਰ ਕਈ ਕੁਝ।

' ਪਦਮ ' ਜੀ ਨੇ ਦੌਲਤ ਰਾਏ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਸ ਨੇ ਦਸ਼ਮੇਸ਼ ਜੀ ਦਾ ਰਾਹ (ਬਾਕੀ ਨੌਂ ਗੁਰੂ ਸਾਹਿਬਾਨ ਨਾਲੋਂ) ਅੱਡਰਾ ਕਰਕੇ ਵਿਖਾਇਆ ਹੈ ਅਤੇ ਉਸ ਨੇ ਵੀ ਸ੍ਰੀ ਕਲਗੀਧਰ ਜੀ ਨੂੰ ਹਿੰਦੂ ਧਰਮ ਦੇ ਰਾਖੇ ਦੇ ਰੂਪ ਵਿਚ ਚਿਤਰਿਆ ਹੈ। ਦਸਮ ਗ੍ਰੰਥ ਵਿਚਲੀ ਚੰਡੀ ਦੀ ਵਾਰ ਆਦਿ ਕਾਵ-ਰਚਨਾ ਦਾ ਜ਼ਿਕਰ ਕਰਦਿਆਂ ਪਦਮ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ, ਕਮਜ਼ੋਰ ਹੋ ਚੁੱਕੇ ਲੋਕਾਂ ਵਿਚ ਸੂਰ-ਬੀਰਤਾ ਭਰਨ ਲਈ ਦਸ਼ਮੇਸ਼ ਜੀ ਨੇ ਪਹਿਲੇ ਗੁਰੂ ਸਾਹਿਬਾਨ ਨਾਲੋਂ ਬਾਣੀ ਲਿਖਣ ਦਾ ਢੰਗ ਅੱਡਰਾ ਕਰ ਲੈਣਾ ਠੀਕ ਸਮਝਿਆ ਸੀ। ਉਨ੍ਹਾਂ ਦਾ ਕਹਿਣਾ ਹੈ ਕਿ, ਦਸ਼ਮੇਸ਼ ਜੀ ਨੇ ਦੁਰਗਾ ਆਦਿ ਤ੍ਰੀਮਤ=ਰੂਪ ਦੇਵੀਆਂ ਦੀ ਬਹਾਦਰੀ ਦੇ ਸਾਕਿਆਂ ਨੂੰ ਅਜੇਹੀ ਜੋਸ਼ੀਲੀ ਕਵਿਤਾ ਵਿਚ ਲਿਖਿਆ ਕਿ ਸਮਾਜ ਵਿਚ ਲਿਤਾੜੀ ਹੋਈ ਕਮਜ਼ੋਰ ਅਤੇ ਸਵੈ-ਮਾਣ ਗੁਆ ਚੁੱਕੀ ਭਾਰਤੀ ਨਾਰੀ ਨੂੰ ਵੀ ਬਹਾਦਰ ਬਣਾ ਦਿੱਤਾ । ਭਾਵ, ਝਾਂਸੀ ਦੀ ਰਾਣੀ ਜਿਹੀਆਂ ਸੂਰਬੀਰ ਬੀਬੀਆਂ ਦਾ ਜਨਮ ਲੈਣਾ ਦਸ਼ਮੇਸ਼ ਜੀ ਦੀਆਂ ਜੋਸ਼ੀਲੀ ਕਾਵ-ਰਚਨਾਂ ਦੇ ਕਾਰਨ ਹੋਇਆ ਸੀ? ਪਦਮ ਜੀ ਅਨੁਸਾਰ ਇਹ ਸਿਹਰਾ ਕੇਵਲ ਦਸਮਗ੍ਰੰਥ ਦੀ ਬਾਣੀ ਦੇ ਹੀ ਸਿਰ ਹੈ (ਬਾਕੀ ਨੌਂ ਗੁਰੂ ਸਾਹਿਬਾਨ ਦੀ ਘਾਲਣਾ ਅਤੇ ਗੁਰਬਾਣੀ ਨਿਸਫਲ?) ਕਿ ਕਮਜ਼ੋਰ, ਡਰਪੋਕ ਅਤੇ ਨਿਤਾਣੇ ਹੋ ਚੁੱਕੇ ਭਾਰਤੀ ਮਰਦ ਅਤੇ ਤੀਵੀਆਂ, ਸ਼ੇਰਾਂ ਵਾਂਗ ਗੱਜ ਕੇ ਜ਼ਾਲਮਾਂ ਦੇ ਗਲ ਜਾ ਪਏ ਸਨ। ਇਹ ਦਲੀਲ ਵੀ ਬੜੇ ਜ਼ੋਰ ਦਾਰ ਸ਼ਬਦਾਂ ਵਿਚ ਦਿੱਤੀ ਜਾਂਦੀ ਹੈ ਕਿ, ਦਸਮੇਸ਼ ਜੀ ਦੀ ਨਿਆਰੀ ਬਾਣੀ ਦੀ ਉਚੇਰੀ ਮਹੱਤਤਾ ਦੇ ਕਾਰਨ, ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਸਮੇ ਇਸ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲੋਂ ਵੱਧ (ਤਿੰਨ ਅਤੇ ਦੋ ਦਾ ਅਨੁਪਾਤ) ਸਤਿਕਾਰ ਦਿੱਤਾ ਗਿਆ ਹੈ। ਆਪਣੀ ਨਿਆਰੀ ਬਾਣੀ ਦੇ ਕਾਰਨ ਹੀ ਦਸ਼ਮੇਸ਼ ਜੀ ਨੇ ਨਿਆਰਾ ਖ਼ਾਲਸਾ ਪੈਦਾ ਕੀਤਾ ਅਤੇ ਏਸੇ ਕਾਰਨ ਉਚੇਚੇ ਤੌਰ ਤੇ ਦਸ਼ਮੇਸ਼ ਜੀ ਨੂੰ ਖ਼ਾਲਸਾ ਜੀ ਦਾ **ਪਿਤਾ** ਅਤੇ (ਮਾਤਾ) ਸਹਿਬ ਦੇਵਾਂ ਜੀ ਨੂੰ ਖ਼ਾਲਸੇ ਦੀ ' **ਜਨਮ-ਦਾਤੀ ਮਾਤਾ** " ਮੰਨਿਆਂ ਜਾਂਦਾ ਹੈ। ਨਿਆਰੇ ਖ਼ਾਲਸਾ ਜੀ ਵਲੋਂ ਨਿਆਰੀ ਕਿਸਮ ਦਾ ਰਾਜ ਭਾਗ ਸਥਾਪਤ ਕਰ ਲੈਣਾ ਵੀ ਕੇਵਲ ਦਸ਼ਮੇਸ਼ ਜੀ ਦੀ ਰਚੀ ਬੀਰ-ਰਸੀ ਬਾਣੀਆਂ ਦਾ ਹੀ ਚਮਤਕਾਰ ਸੀ। (ਪ੍ਰਭਾਵ ਇਹ ਦਿੱਤਾ ਗਿਆ ਹੈ ਕਿ ਸਭਨਾਂ ਦੇ ਚਰਨਾਂ ਦੀ ਧੂੜ ਬਣਨ ਦਾ ਉਪਦੇਸ਼ ਕਿਸੇ ਵੈਰੀ ਦਾ ਮੁਕਾਬਲਾ ਕਰਨ ਜੋਗਾ ਨਹੀਂ ਰਹਿਣ ਦਿੰਦਾ) ਆਦਿ ਆਦਿ, (ਦਸ਼ਮੇਸ਼ ਜੀ ਨੂੰ ਬਾਕੀ ਨੌ ਗੁਰੂ ਸਾਹਬਾਨ ਨਾਲੋਂ ਅੱਡਰਾ ਸਿੱਧ ਕਰਨ ਵਾਲਾ) ਕਈ ਤਰ੍ਹਾਂ ਦਾ ਊਲ-ਜਲੂਲ .......'

## ਗੁਰਮਤਿ ਦਾ ਪੱਖ:---

ਸੁਹਿਰਦ ਗੁਰਸਿੱਖਾਂ ਦੇ ਮਨਾਂ ਵਿਚ ਵੀ ਗੁਰੂ ਬਾਣੀ ਪ੍ਰਤੀ ਅਜੇਹੇ ਸ਼ੰਕੇ ਪੈਦਾ ਹੋਣ ਦਾ ਇੱਕ ਵਡਾ ਕਾਰਨ ਏਹ ਹੈ ਕਿ ਅਸੀਂ (ਬੜੇ ਵਿਰਲੇ ਗੁਰਮੁਖਾਂ ਨੂੰ ਛੱਡ ਕੇ) ਸਾਰੇ ਹੀ ਗੁਰ ਬਾਣੀ ਦੇ ਗਿਆਨ ਤੋਂ ਦੁਖਦਾਈ ਹੱਦ ਤੱਕ ਅਣਜਾਣ ਹੋਣ ਕਰਕੇ ਕਈ ਤਰ੍ਹਾਂ ਦੇ ਭਰਮਾਂ ਵਿਚ ਫਸੇ ਹੋਏ ਹਾਂ:--

(੧) ਪਹਿਲੀ ਸਮਝਣ ਵਾਲੀ ਜ਼ਰੂਰੀ ਗੱਲ ਇਹ ਹੈ ਕਿ, ਸੰਸਾਰ ਦੇ ਅਰੰਭ ਤੋਂ ਲੈ ਕੇ ਅੱਜ ਤੱਕ ਲਿਖੇ ਗਏ ਸਾਰੇ ਧਰਮ ਗ੍ਰੰਥਾਂ ਵਿਚੋਂ **ਨਿਆਰੇ** ਅਤੇ ਹਰ ਪੱਖੋਂ **ਸੰਪੂਰਨ** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇੱਕ ਥਾਂ ਬੈਠ ਕੇ, ਇੱਕ ਹੀ ਸਮੇ, ਇੱਕ ਹੀ ਵਾਤਾਵਰਣ ਵਿਚ ਨਹੀਂ ਲਿਖੀ ਗਈ। ਸ਼ੇਖ ਫਰੀਦ ਜੀ ਦਾ ਜਨਮ ਸੰਨ ੧੧੭੩ ਵਿਚ (ਮ: ਕੋ: ੮੧੧) ਹੋਇਆ ਸੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ੧੧ ਨਵੰਬਰ ਸਨ ੧੬੭੫ ਨੂੰ ਚਾਂਦਨੀ ਚੌਕ ਦਿੱਲੀ ਵਿਖੇ ਸ਼ਹੀਦ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰੂ-ਬਾਣੀ, ਕਰੀਬ ੫੦੦ ਸਾਲ ਦੇ ਲੰਮੇ ਸਮੇ ਵਿਚ ਲਿਖੀ ਗਈ ਸੀ।

(੨) ਦੂਜਾ, (ਛੇ ਗੁਰੂ ਸਰੂਪਾਂ ਦੇ ਸਮੇਤ) ਇਹ ਧੁਰ-ਦੀ ਬਾਣੀ, ੪੦ ਤੋਂ ਵੱਧ ਮਹਾਂਪੁਰਖਾਂ ਨੇ ਅੱਡ ਅੱਡ ਸਮਿਆਂ ਤੇ ਅੱਡ ਅੱਡ ਮਤਾਂ ਦੇ ਲੋਕਾਂ ਨੂੰ ਸੰਬੋਧਨ ਕਰਕੇ ਉਚਾਰੀ ਹੋਈ ਹੈ।

(ਇਸ ਇਤਿਹਾਸਕ ਸਚਾਈ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਭੱਟ ਮਹਾਂਪੁਰਖਾਂ ਦੀ, ਸੁੰਦਰ ਜੀ ਦੀ, ਅਥਵਾ ਸਤੇ ਬਲਵੰਡ ਜੀ ਦੀ ਬਾਣੀ ਤੋਂ ਛੁੱਟ, ਬਾਕੀ ਸਾਰੇ ਭਗਤਾਂ ਦੀ ਬਾਣੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੀਆਂ ਉਦਾਸੀਆਂ ਦੇ ਸਮੇ ਆਪ ਆਪਣੇ ਮੁਬਾਰਕ ਕਰਕੰਵਲਾਂ ਨਾਲ ਹੀ ਇੱਕਤਰ ਕੀਤੀ ਸੀ। ਇਸ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਪਰਖ-ਮੋਹਰ ਲੱਗ ਜਾਣ ਦੇ ਕਾਰਨ, ਭਗਤ-ਬਾਣੀ ਵੀ ਉਨ੍ਹਾਂ ਦੀ ਆਪਣੀ ਬਾਣੀ ਹੀ ਬਣ ਚੁੱਕੀ ਹੈ)

(੩) ਸਾਰੀ ਗੁਰਬਾਣੀ ਕਵਿਤਾ ਵਿਚ ਹੈ ਅਤੇ ਗੁਰੂ ਬਾਣੀ ਦੀ ਸੰਪਾਦਨਾ ਰਾਗਾਂ ਦੀ ਤਰਤੀਬ ਵਿਚ ਹੈ। ਇਨ੍ਹਾਂ ਕਾਰਨਾ ਕਰਕੇ ਅੱਡ ਅੱਡ ਸਿਧਾਂਤ ਨਾਲ ਸੰਬਧਤ ਗੁਰੂ ਸ਼ਬਦ ਇਕੋ ਥਾਂ ਲਿਖਣ ਦੀ ਤਰਤੀਬ ਨਹੀਂ ਸੀ ਬਣ ਸਕਦੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਿਸ ਸੰਤ-ਸੂਰਮੇ ਮਨੁੱਖ ਦੀ ਸਿਰਜਣਾ ਦਾ ਪ੍ਰੋਗਰਾਮ ਉਲੀਕਿਆ ਸੀ, ਅਤੇ ਜਿਸ ਤਰਤੀਬ ਨਾਲ ਅਤੇ ਜਿਸ ਨਿਆਰੇ ਨਿਆਰੇ ਢੰਗ ਦੀ ਸਿਖਲਾਈ ਦੇਣੀ ਸੀ ਉਸ ਅਨੁਸਾਰ ਸਾਰੇ ਗੁਰਮਤਿ ਉਪਦੇਸ਼ਾਂ ਨੂੰ ਤਰਤੀਬ ਵਾਰ ਲਿਖਣਾ ਅਸੰਭਵ ਸੀ। ਫਿਰ ਵੀ ਵੱਡੇ ਕਮਾਲ ਦੀ ਗੱਲ ਇਹ ਹੈ ਕਿ ਸਾਰੀ ਗੁਰੂ ਬਾਣੀ ਦਾ ਸਿੱਧਾਂਤ **ਇੱਕ-ਸਾਰ**, ਅਤੇ **ਸਦੀਵੀ ਸਚਾਈ** ਵਾਲਾ ਹੈ।

ਅਜੇਹੇ (ਉਪ੍ਰੋਕਤ ਵਰਣਨ) ਭਰਮ ਪੈਦਾ ਹੋ ਜਾਣ ਦਾ ਵੱਡਾ ਕਾਰਨ ਇਹ ਹੈ ਕਿ, ਕਈ ਵਾਰੀ ਅਸੀਂ ਕੇਵਲ ਇੱਕ ਅੱਧ ਪੰਗਤੀ ਨੂੰ, ਇਕ ਜਾਂ ਅਧੂਰੇ ਗੁਰੂ ਸ਼ਬਦ ਨੂੰ ਹੀ, ਅਤੇ (ਵਡੀ ਛਾਲ ਮਾਰੀਏ ਤਾਂ), ਗੁਰਮਤਿ ਦੇ ਸਿਧਾਂਤ ਦੇ ਇੱਕ ਪੱਖ ਨੂੰ ਹੀ ਸਮੁੱਚੇ ਗੁਰੂ ਗ੍ਰੰਥ ਸਾਹਿਬ ਜੀ ਦਾ ਪੱਕਾ ਸਿਧਾਂਤ ਮੰਨ ਬੈਠਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਬਾਰੇ, ਪੂਰਾ ਅਤੇ ਸ਼ੁੱਧ ਗੁਰਮਤਿ-ਉਪਦੇਸ਼ ਤਦ ਹੀ ਸਮਝ ਵਿਚ ਆ ਸਕਦਾ ਹੈ ਜੇ ਪੂਰੀ ਗੁਰੂਬਾਣੀ ਦੇ ਅੱਡ ਅੱਡ ਵਿਚਾਰਾਂ ਨੂੰ ਇੱਕ ਥਾਂ ਕਰਕੇ ਸਮਝਣ ਦੀ ਸੋਝੀ ਆ ਚੁੱਕੀ ਹੋਵੇ। ਸੁਮੁੱਚੇ ਗੁਰਮਤਿ ਗਿਆਨ ਨੂੰ ਸਮਝ ਲੈਣਾ ਇੱਕ ਇੱਕਲੇ ਮਨੁੱਖ ਲਈ ਬੜੀ ਕਠਨ ਸਮੱਸਿਆ ਹੈ। ਸੰਸਾਰ ਵਿਚ ਨਿਆਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਨਿਆਰੇ ਸਿਧਾਂਤ ਨੂੰ ਆਮ ਲੋਕਾਂ ਦੀ ਸਮਝ ਗੋਚਰਾ ਕਰਨ ਲਈ ਸਮੁੱਚੇ ਪੰਥ ਵਲੋਂ ਬੜੇ ਨਿਆਰੇ ਹੀ ਪ੍ਰਬੰਧ ਕਰਨ ਦੀ ਲੋੜ ਸੀ*****। *[**Foot note:--**ਇਸ ਵਿਸ਼ੇ ਬਾਰੇ ਵਿਸਥਾਰ ਸਹਿਤ ਗੁਰਮਤਿ ਵਿਚਾਰਾਂ ਪੁਸਤਕ ਦੇ ਦਸਵੇਂ ਭਾਗ ਦੇ " ਗੁਰਦੁਆਰਾ " ਲੇਖ ਵਿਚ ਲਿਖੀਆਂ ਜਾ ਰਹੀਆਂ ਹਨ] ਦਾਸ ਜਿਹੇ ਅਸ਼ੁੱਧ ਮਤੀਏ ਨੂੰ ਸਤਿਗੁਰਾਂ ਦੀ ਨਿਆਰੀ ਮਿਹਰ ਦਾ ਸਦਕਾ ਗੁਰਮਤਿ ਦੇ ਜਿਸ ਗਿਆਨ-ਰਤਨ-ਕਿਣਕੇ ਦਾ ਪ੍ਰਸ਼ਾਦ ਪ੍ਰਾਪਤ ਹੋਇਆ ਹੈ ਉਸ ਦੇ ਅਧਾਰ ਤੇ, ਉਪ੍ਰੋਕਤ ਸ਼ੰਕਿਆਂ ਪ੍ਰਤੀ ਕਰਮਵਾਰ ਗੁਰਮਤਿ ਵਿਚਾਰਾਂ ਪਾਠਕਾਂ ਨਾਲ ਸਾਂਝੇ ਕਰਨ ਦਾ ਹੌਸਲਾ ਕਰ ਰਿਹਾ ਹਾਂ। ਇਕਾਗਰਤਾ ਅਤੇ ਸੁਹਿਰਦਤਾ ਦੀ ਲੋੜ ਹੈ। ਸਤਿਗੁਰੂ ਜੀ ਮਿਹਰਾਂ ਕਰਨ ਅਤੇ ਅਸੀਂ ਆਪਣੀ ਜੀਵਨ ਜੁਗਤ ਉਨ੍ਹਾਂ ਦੇ ਉਪਦੇਸ਼ ਅਨੁਸਾਰ ਢਾਲਣ ਜੋਗ ਬਣ ਜਾਈਏ:--

**(ੳ)** ਅਤੇ **(ਅ)** ਇਸ ਪੁਸਤਕ ਦੇ ਪਹਿਲੇ ਭਾਗ ਵਿਚ ਬੜੇ ਵਿਸਥਾਰ ਨਾਲ ਲਿਖਿਆ ਪਾਠਕ ਸੱਜਣ ਪੜ੍ਹ ਚੁੱਕੇ ਹਨ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਵਾਹ ਉਨ੍ਹਾਂ ਲੋਕਾਂ ਨਾਲ ਪਿਆ ਸੀ ਜਿੰਨਾਂ ਨੂੰ ਚਾਤੁਰ ਅਤੇ ਵਿਦਵਾਨ ਬ੍ਰਾਹਮਣ ਨੇ ਵਿਦਿਆ-ਹੀਨ ਰੱਖ ਕੇ, ਅਨੇਕਤਾ ਦੇ ਪੁਜਾਰੀ ਬਣਾ ਕੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਕਰਮਕਾਂਡੀ ਭਰਮ-ਜਾਲ ਵਿਚ ਫ਼ਸਾ ਲਿਆ ਹੋਇਆ ਸੀ। ਉਸੇ ਭਰਮ-ਜਾਲ ਵਿਚ ਫਸਿਆ ਮਨੁੱਖ ਆਪਣੀਆਂ ਸੁੰਦਰ ਮਾਸੂਮ ਬੱਚੀਆਂ ਨੂੰ ਪੱਥਰ-ਰੂਪ ਠਾਕਰਾਂ ਨਾਲ ਵਿਆਹ ਕੇ ਪੁਜਾਰੀ-ਪ੍ਰੋਹਿਤਾਂ ਦੀ ਹਵਸ ਦਾ ਸ਼ਿਕਾਰ ਬਣਾਈ ਰੱਖਣ ਵਿਚ ਆਪਣੀ ਕਲਿਆਣ ਮੰਨ ਬੈਠਾ ਸੀ। ਸ੍ਰੀ ਗੁਰੂ ਨਾਨਕ ਜੀ ਦੇ ਸਮੇਂ ਤੱਕ ਮਨੁੱਖ ਪੂਰਨ ਤੌਰ ਤੇ ਬੇਅਣਖਾ, ਅਧਰਮੀ, ਆਚਰਣ ਹੀਣ ਅਤੇ ਪ੍ਰੋਹਿਤ ਦੀਆਂ ਅਸ਼ਲੀਲ ਵਧੀਕੀਆਂ ਦਾ ਪੂਰੀ ਤਰ੍ਹਾਂ ਸਹਿੰਦੜ ਬਣ ਚੁੱਕਾ ਹੋਇਆ ਸੀ। ਚਾਰ ਹਿੱਸਿਆਂ (ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ) ਵਿਚ ਵੰਡਿਆ ਮਨੁੱਖ ਆਪਸੀ ਫੁੱਟ ਦਾ ਸ਼ਿਕਾਰ ਹੋ ਕੇ ਵਿਦੇਸ਼ੀਆਂ ਦਾ ਗੁਲਾਮ ਬਣ ਚੁੱਕਾ ਸੀ। ਅਤੇ ਫਿਰ ਪ੍ਰੋਹਿਤਵਾਦੀ ਛੂਤ-ਛਾਤ, ਭਿੱਟ, ਸੂਤਕ-ਪਾਤਕ ਅਤੇ ਉਚੇਚੀ ਸੁੱਚਮ ਰੱਖਣ ਜਿਹੇ ਵਿਅਰਥ ਦੇ ਭਰਮਾਂ ਨੇ ਪਰਸਪਰ ਪਿਆਰ ਦੇ ਥਾਂ ਦੁਖਦਾਈ ਫ਼ੁੱਟ ਪੈਦਾ ਕਰ ਦਿੱਤੀ ਹੋਈ ਸੀ। (ਪੁਸਤਕ ਦੇ ਚੋਥੇ ਭਾਗ ਵਿਚ ਭਰਮ ਭਟਕਣਾ ਦੀ ਗੁਰਮਤਿ ਵਿਚਾਰ ਪਾਠਕ ਪੜ੍ਹ ਆਏ ਹਨ। ਗੁਰੂ ਬਾਣੀ ਦਾ ਫ਼ਤਵਾ ਹੈ ਕਿ ਭਰਮ ਗ੍ਰਸਿਆ ਮਨੁੰਖ ਮਨ ਕਰਕੇ ਕਦੇ ਸੁਖੀ ਨਹੀਂ ਰਹਿ ਸਕਦ ') ਬੇਅੰਤ ਭਰਮਾਂ ਵਿਚ ਫਸਿਆ ਭਾਰਤੀ ਮਨੁੱਖ ਦੁਖੀ ਹੋ ਰਿਹਾ ਸੀ। ਕਿਸੇ ਦੂਜੇ ਦੁਖਿਆਰੇ ਦੀ ਸਹਾਇਤਾਂ ਤਾਂ ਕੀ ਕਰਨੀ ਸੀ ਆਪਣੀ ਹੀ ਧੀ-ਭੈਣ ਦੀ ਲੁੱਟੀ ਜਾਂਦੀ ਪਤਿ ਦਾ ਤਮਾਸ਼ਾ ਵੇਖੀ ਜਾਣ ਤੋਂ ਵੱਧ ਕੁਝ ਵੀ ਕਰਨ ਜੋਗਾ ਨਹੀਂ ਸੀ ਰਿਹਾ ਹੋਇਆ। ਹਰ ਪਾਸੇ ਝੂਠ ਦੀ ਪੂਜਾ ਹੋ ਰਹੀ ਸੀ। ਸੱਚ ਖੰਭ ਲਾ ਕੇ ਉਡ ਗਿਆ ਹੋਇਆ ਸੀ।

**ਆਪਣੇ ਆਪ ਨੂੰ ਉਸ ਸਮੇ ਵਿਚ ਲੈ ਚਲੀਏ**। ਦੇਸ਼ ਦਾ ਰਾਜਾ ਤੰਗ ਦਿਲ, ਕੱਟੜਵਾਦੀ ਅਜੇਹਾ ਮੁਸਲਮਾਨ ਹੈ ਜੋ ਦੂਜਿਆਂ ਸਾਰਿਆਂ ਨੂੰ ਕਾਫ਼ਰ ਅਤੇ ਪਸ਼ੂਆਂ ਨਾਲੋਂ ਵੀ ਨੀਵਾਂ ਮੰਨਦਾ ਹੈ। ਧੱਕੇ ਖੋਰ ਜ਼ਾਲਮ ਅਤੇ ਰਿਸ਼ਵਤੀ ਮਨੁੱਖ ਨਿਆਂ ਦੀ ਕੁਰਸੀ ਤੇ ਬੈਠਾ ਹੋਇਆ ਹੈ। ਪਰਜਾ ਝੂਠ ਦੀ ਪੁਜਾਰੀ ਬਣ ਚੁੱਕੀ ਹੈ। ਧਾਰਮਿਕ ਆਗੂ (ਬ੍ਰਾਹਮਣ ਅਤੇ ਮੌਲਵੀ) ਲੁਟੇਰਾ ਬਣ ਖਲੋਤਾ ਹੋਇਆ ਹੈ। ਹਰ ਪਾਸੇ ਆਚਰਨ ਹੀਣਤਾ, ਅਤੇ ਭਰਮਾਂ ਗ੍ਰਸੀ ਅਗਿਆਨਤਾ ਦਾ ਹਨੇਰਾ ਪੱਸਰਿਆ ਹੋਇਆ ਹੈ। ਇਸ ਹਨੇਰ ਗਰਦੀ ਦੇ ਅਥਾਹ ਧੁੰਦੂਕਾਰ ਵਿਚ, ਸ੍ਰੀ ਗੁਰੂ ਨਾਨਕ ਸਾਹਿਬ ਜੀ ਕੇਵਲ ਅਤੇ ਕੇਵਲ ਇੱਕ ਅਕਾਲਪੁਰਖ ਦੀ ਓਟ ਤੇ ਅਤੀਅੰਤ ਬਿਖੜਾ ਕਾਰਜ ਅਰੰਭ ਕਰ ਰਹੇ ਹਨ।

**(੧)** ਹਜ਼ਾਰਾਂ ਸਾਲਾਂ ਤੋਂ ਹਰਿ ਜੀਅ ਦਾ, ਹਰ ਘਰ ਦਾ, ਹਰ ਖ਼ਾਨਦਾਨ ਦਾ ਅਥਵਾ ਹਰ ਬਰਾਦਰੀ ਦਾ, ਆਪਣਾ ਅੱਡਰਾ ਇਸ਼ਟ ਮੰਨਿਆਂ ਅਤੇ ਪੂਜਿਆ ਜਾ ਰਿਹਾ ਸੀ। ਅਨੇਕਤਾ=ਰੂਪ ਝੂਠ ਦੀ ਪੂਜਾ ਹੀ ਨਿਰੋਲ ਸੱਚ ਬਣ ਚੁੱਕੀ ਸੀ। ਲੋਕਾਂ ਵਿਚ ਇੱਕ ਸੁਰਤਾ ਦੀ ਭਾਵਣਾ ਉਜਾਗਰ ਕਰਨ ਲਈ, ਮਨੁੱਖ ਨੂੰ ਅਨੇਕਤਾ ਦੀ ਪੂਜਾ ਤੋਂ ਹਟਾ ਕੇ ਇੱਕ ਅਕਾਲ ਦਾ ਪੁਜਾਰੀ ਬਨਾਉਣਾ ਬੜਾ ਜ਼ਰੂਰੀ ਕਾਰਜ ਸੀ। ਪਰ " ਸੱਚ " ਨਾਲ ਜੋੜਨ ਵਾਲੀ ਕੋਈ ਵੀ ਗੱਲ ਸੁਣਨੀ, ਲੋਕਾਂ ਲਈ ਅਧਰਮ ਬਣ ਚੁੱਕੀ ਸੀ। ਲੁੱਟ ਖਾਣ ਦੀ ਯੋਜਨਾ ਅਧੀਨ ਚਲਾਈ ਬ੍ਰਾਹਮਣ ਦੀ ਕੂਟਨੀਤੀ ਦੇ ਬੜੇ ਵਿਸ਼ਾਲ ਅਤੇ ਅਸਰਦਾਰ ਪ੍ਰਚਾਰ ਦੇ ਕਾਰਨ, ਪਰਮਾਰਥ ਬਾਰੇ ਅਥਵਾ ਧਰਮ ਬਾਰੇ ਕੋਈ ਉਪਦੇਸ਼ ਕਿਸੇ ਗ੍ਰਿਹਸਤੀ ਕੋਲੋਂ ਸੁਣ ਲੈਣਾ, ਪਾਪ ਸਮਝਿਆ ਜਾਂਦਾ ਸੀ। ਸਧਾਰਨ ਹੈਸੀਯਤ ਵਾਲੇ ਕਿਰਤੀ **ਗ੍ਰਿਹਸਤੀ** ਦੇ ਘਰ ਜਨਮੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ **ਪੂਰਨ ਸੱਚ** ਕੌਣ ਸੁਣੇ? ਪਰ ਸਦਕੇ ਜਾਈਏ ਸੂਰਮੇ ਸਤਿਗੁਰਾਂ ਦੇ ਜਿਨ੍ਹਾਂ ਨੇ ਆਪਣਾ ਸਾਥੀ ਵੀ ਉਹ ਚੁਣਿਆ ਜਿਸ ਡੂਮ ਨੂੰ ਲੋਕਾਂ ਨੇ ਭਿੱਟੜ ਆਖ ਕੇ ਆਪਣੀ ਬਸਤੀ ਤੋਂ ਬਾਹਰ ਕੱਢਿਆ ਹੋਇਆ ਸੀ। ਬੜੀ ਤਕੜੀ ਦਿਰੜਤਾ ਨਾਲ ਸਤਿਗੁਰਾਂ ਨੇ ਮਨੁੱਖ ਨੂੰ ਸੰਤ-ਸੂਰਮਾ ਬਨਾਉਣ ਦਾ ਕਠਨ ਕੰਮ ਅਰੰਭ ਕਰ ਲਿਆ। ਆਦਮ ਖ਼ੋਰ

ਦਰਿੰਦਿਆਂ, ਜ਼ਹਿਰੀਲੇ ਸੱਪਾਂ, ਅਤੇ ਖ਼ੂਨੀ ਲੁਟੇਰਿਆਂ ਕੋਲੋਂ ਪੈਰ ਪੈਰ ਤੇ ਜਾਨ ਲੇਵਾ ਖ਼ਤਰਿਆਂ ਨਾਲ ਭਰੇ, ਜੰਗਲਾਂ ਵਾਲੇ ਬਿਖੜੇ ਪਹਾੜੀ ਰਸਤਿਆਂ ਤੇ, ਜੰਮੂ, ਕਸ਼ਮੀਰ, ਤਿੱਬਤ, ਨਾਨਕਾਈ (ਚੀਨ), ਲੇਹ, ਲੱਦਾਖ਼, ਬ੍ਰਹਮਾਂ, ਸੰਗਲਾਦੀਪ ਅਤੇ ਅਜੋਕੇ ਪਾਕਿਸਤਾਨ ਵਾਲੇ ਸਾਰੇ ਭਾਰਤ ਦੀ ਹਜ਼ਾਰਾਂ ਮੀਲਾਂ ਦੀ ਪੈਦਲ ਯਾਤਰਾ ਕੀਤੀ (ਅਫ਼ਗ਼ਾਨਿਸਤਾਨ, ਈਰਾਨ, ਬਗ਼ਦਾਦ ਸਮੇਤਸਾਰੇ ਅਰਬ ਦੇਸ਼ ੩੫ ਹਜ਼ਾਰ ਮੀਲ ਤੋਂ ਵੱਧ ਪੈਂਡਾ ਕਰਕੇ) ਅਨੇਕਤਾ ਦੇ ਪੁਜਾਰੀਆਂ ਕੋਲ ਜਾ ਜਾ ਕੇ ਹੋਕਾ ਦਿੱਤਾ:--

੨੫- **ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਈ ਏਕੋ ਹੈ ॥ ੧ ॥ ਰਹਾਉ ॥**
**ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥ ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥ ੨ ॥**[੩੫੦]-੫

੨੬- **ਜਿਨੀ ਏਕੋ ਸੇਵਿਆ ਪੂਰੀ ਮਤਿ ਭਾਈ ॥ ਆਦਿ ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ ॥ ੨ ॥**
**ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀਂ ਭਾਈ ॥ ਕਿਰਪਾ ਤੇ ਸੁਖ ਪਾਇਆ ਸਾਚੇ ਪਰਥਾਈ ॥ ੩ ॥**[੪੨੦]-੧-੮

ਝੂਠ ਦੇ ਪੁਜਾਰੀਆਂ ਵਿਚੋਂ ਦੋ ਕ੍ਰੋੜ ਬੁੱਤ ਪ੍ਰਸਤਾਂ ਨੂੰ ਇੱਕ ਅਕਾਲ ਪੁਰਖ ਦੀ ਸੋਝੀ ਕਰਾ ਦੇਣੀ, ਸਤਿਗੁਰੂ ਬਾਬਾ ਜੀ ਦੀ ਵਡੀ ਕਰਾਮਾਤ ਸੀ।--**ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ ॥ ੧੦ ॥**[੧੩੯੦]

ਹੌਲੀ ਹੌਲੀ ਲੋਕਾਂ ਨੇ ਚਮਤਕਾਰੀ ਸਤਿਗੁਰੂ ਬਾਬਾ ਜੀ ਦੇ ਉਸ **੧ੴ** ਦੀ ਪਛਾਣ ਕਰਨੀ ਅਰੰਭ ਕਰ ਲਈ। ਗੁਰਦੇਵ ਜੀ ਦੀ ਲੰਮੀ ਅਤੇ ਕਠਨ ਸਾਧਨਾ ਨੂੰ ਫਲ ਲੱਗਾ। ਸਤਿਕਰਤਾਰ ਦਾ ਬੋਲ ਬਾਲਾ ਹੋਣ ਲੱਗ ਪਿਆ।

**(੨)** ਮਾਇਆ ਵਹੇੜੇ ਸੰਸਾਰ ਸਾਗਰ ਵਿਚ ਵਿਕਾਰਾਂ ਦੀ ਕਾਗਾਂ ਉਛਾਲੇ ਮਾਰਦੀਆਂ ਹੀ ਰਹਿੰਦੀਆਂ ਹਨ। ਇਨ੍ਹਾਂ ਵਿਕਾਰ ਲਹਿਰਾਂ ਤੋਂ ਕੋਈ ਵਿਰਲਾ ਹੀ ਪਾਰ ਲੰਘਦਾ ਹੈ। ਵਿਕਾਰ-ਛੱਲਾਂ ਵਿਚ ਡੁੱਬਣ ਦੀ ਬੁਰਿਆਈ ਤੋਂ ਉਹੀ ਬਚ ਸਕਦਾ ਹੈ ਜਿਸ ਦੇ ਮਨ ਵਿਚ ਇਹ ਯਕੀਨ ਦ੍ਰਿੜ੍ਹ ਹੋ ਜਾਵੇ ਕਿ ਪਰਮਾਤਮਾਂ ਸਦਾ ਮੇਰੇ ਅੰਗ ਸੰਗ ਹੈ--

੨੭- **ਗੁਪਤੇ ਬੂਝਹੁ ਜੁਗ ਚਤੁਆਰੇ ॥ ਘਟਿ ਘਟਿ ਵਰਤੈ ਉਦਰ ਮਝਾਰੇ ॥**
**ਜੁਗੁ ਜੁਗੁ ਏਕਾ ਏਕੀ ਵਰਤੈ ਕੋਈ ਬੂਝੈ ਗੁਰ ਵੀਚਾਰਾ ਹੇ ॥ ੩ ॥ [੧੦੨੬]-੧**

**ਅਰਥ:-(**ਹੇ ਭਾਈ ! ਉਸ ਨੂੰ) ਚੌਹਾਂ ਜੁਗਾਂ ਵਿਚ (ਜਗਤ ਦੇ ਅੰਦਰ) ਗੁਪਤ ਵਿਆਪਕ ਜਾਣੋ। ਉਹ ਹਰੇਕ ਸਰੀਰ ਦੇ ਅੰਦਰ ਹਰੇਕ ਹਿਰਦੇ ਦੇ ਅੰਦਰ ਵਿਆਪਕ ਹੈ। ਉਹ ਇਕੱਲਾ ਆਪ ਹੀ ਹਰੇਕ ਜੁਗ ਵਿਚ (ਸਾਰੀ ਸਿਰਸ਼ਟੀ ਦੇ ਅੰਦਰ) ਰਮ ਰਿਹਾ ਹੈ--ਇਸ ਭੇਤ ਨੂੰ ਉਹ ਵਿਰਲਾ ਬੰਦਾ ਸਮਝਦਾ ਹੈ ਜੋ ਗੁਰੂ (ਦੀ ਬਾਣੀ) ਦੀ ਵਿਚਾਰ ਕਰਦਾ ਹੈ। ੩ ।

ਜਦ ਮਨੁੱਖ ਉਸ ਪ੍ਰਭੂ ਨੂੰ ਆਪਣੇ ਅੰਦਰ ਹੀ ਅਥਵਾ ਆਪਣੇ ਏਡਾ ਨੇੜੇ ਅਨੁਭਵ ਕਰਨ ਲੱਗ ਪਏ ਤਾਂ ਫਿਰ " **ਨਿਕਟ ਬੁਝੈ ਸੋ ਬੁਰਾ ਕਿਉ ਕਰੇ** "। ਉਸ ਤੋਂ ਅਗਲਾ ਕਦਮ ਸੀ ਲੋਕਾਂ ਨੂੰ ਇਹ ਤਸੱਲੀ ਕਰਾਉਣੀ ਕਿ ਜੀਵਾਂ ਦੇ ਕਰਮਾਂ ਦਾ ਲਿਖਣਹਾਰ **ਚਿਤ੍ਰਗੁਪਤ** ਅਥਵਾ ਜੀਵਾਂ ਦੇ ਕਰਮਾਂ ਦੇ ਫ਼ੈਸਲੇ ਕਰਕੇ ਸੁਰਗਾਂ ਨੂੰ ਭੇਜਣ ਵਾਲਾ, ਜਾਂ ਨਰਕ ਵੱਲ ਨੂੰ ਧੱਕਾ ਦੇਂਦਾ ਰਹਿਣ ਵਾਲਾ **ਧਰਮਰਾਜ,** ਕੇਵਲ ਬ੍ਰਾਹਮਣੀ ਮਾਇਆ-ਜਾਲ, **ਇੱਕ ਭਰਮ ਹੈ।** ਅਸਲੀਯਤ ਇਹ ਹੈ ਕਿ,--**ਕਰਮੀ ਕਰਮੀ ਹੋਇ ਵਿਚਾਰੁ ॥ ਸਚਾ ਆਪਿ ਸਚਾ ਦਰਬਾਰੁ** ॥[੭] ਮਨੁੱਖ ਦੇ ਚੰਗੇ ਜਾਂ ਮਾੜੇ ਕਰਮਾਂ ਦਾ ਅਤੇ ਉਸ ਦੇ ਮਨ ਵਿਚ ਆਉਂਦੇ ਚੰਗੇ ਮੰਦੇ ਵਿਚਾਰਾਂ ਦਾ, (ਸੰਸਕਾਰ ਰੂਪ) ਪੂਰਾ ਜੋੜ ਕਰੀ ਜਾ ਕੇ ਸਚੇ ਨਿਆਂਕਾਰ,**(="ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥**) ਉਸ **ਸਚੇ** ਦਾ ਦਰਬਾਰ, ਮਨੁੱਖ ਦੇ ਅੰਦਰੇ ਹੀ ਹੈ--**ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ** ॥ [੧੦੯੨] ਜਦੋਂ ਵੀ ਮਨ ਭਟਕ ਕੇ ਮੰਦ ਵਿਚਾਰਾਂ ਵਿਚ ਡੁੱਬਣ ਲੱਗੇ ਅੰਦਰੋਂ ਹੀ ਚਿਤਾਵਣੀ ਹੋਣ ਲੱਗ ਪਏ--ਖ਼ਬਰਦਾਰ ! ਤੇਰਾ ਇਹ ਵਿਚਾਰ ਵੀ ਅੰਦਰ ਬੈਠੇ ਸਿਰਜਣਹਾਰ-ਨਿਆਂਕਾਰ ਨੇ ਲਿਖ ਲੈਣਾ ਹੈ। ਉਸ ੧ ਨੂੰ ਵਿਸਾਰੀ ਬੈਠੇ ਹੇ ਮੇਰੇ ਖੁਟਹਰ ਮਨ **!** ਹੋਸ਼ ਕਰ, ਇਸ ਤਰ੍ਹਾਂ ਤੂੰ ਮੈਨੂੰ ਜਨਮ ਮਰਨ ਵਾਲੇ ਕੁੰਭੀ ਨਰਕ ਵਿਚ ਧੱਕੀ ਰੱਖੇਂਗਾ। ਹੇ ਸ੍ਰੀ ਗੁਰੂ ਨਾਨਕ ਸਾਹਿਬ ਜੀਓ, ਧੰਨ ਹੈ ਤੇਰਾ " **ਆਦਿ ਸਚੁ** "। ਕਿਸੇ ਦੇ ਬੁਰੇ ਦੀ ਵਿਚਾਰ ਤੱਕ ਵੀ ਮਨ ਵਿਚ ਕਿਵੇਂ ਆਵੇ? ਜਿਉਂ ਜਿਉਂ ਮਨ ਸਰਬੱਤ ਦੇ ਭਲੇ ਵਾਲੀ ਵਿਚਾਰ ਧਾਰਨ ਕਰਦਾ ਹੈ ਅੰਦਰ ਠੰਡ ਵਰਤਦੀ ਹੈ। ਧੰਨ ਸਤਿਗੁਰੂ ਨਾਨਕ ਸਾਹਿਬ ਜੀ ਜਿਸ ਨੇ ਸਾਨੂੰ ਉਸ ਪਰਮ-ਠੰਢ ਦੇ ਏਨਾ ਨੇੜੇ ਕਰ ਵਿਖਾਇਆ। ਪਰ ਅਜੇਹਾ ਉੱਚਾ ਗੁਣ ਭਰਨ ਵਾਸਤੇ, ਨਾਲ ਹੀ ਪਹਿਲਾਂ ਇੱਕ ਬੜੀ ਜ਼ਰੂਰੀ ਲੋੜ ਹੋਰ ਵੀ ਪੂਰੀ ਕਰਨੀ ਸੀ-

**(੩)** ਹਉਮੈ ਅਤੇ ' ਨਾਮ ', ਦੋਹਾਂ ਦਾ ਆਪਸੀ ਵਿਰੋਧ ਹੋਣ ਦੇ ਕਾਰਨ, ਇਹ ਦੋਵੇਂ ਇੱਕ ਥਾਂ ਇਕੱਠੇ ਨਹੀਂ ਰਹਿ ਸਕਦੇ--**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥** ਪ੍ਰਭੂ ਕੰਤ ਨਾਲ ਸਮਾਈ ਕੇਵਲ ਤਦ ਹੀ ਹੋ ਸਕਦੀ ਸੀ ਜਦੋਂ---**ਹਉਮੈ ਜਾਈ ਤਾ ਕੰਤ ਸਮਾਈ** ॥--ਫਿਰ ਇਹ ਫ਼ੁਰਮਾਨ ਵੀ ਹੋਇਆ ਕਿ ਜਿਹੜਾ ਹਉਮੈ ਨੂੰ ਮਾਰ ਲਵੇ ਉਹ ਰੱਬ ਵਰਗਾ ਹੀ ਬਣ ਜਾਂਦਾ---**ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ ॥ ੯ ॥** ਸਾਰੇ ਆਤਮਕ ਰੋਗਾਂ ਦਾ ਦਾਰੂ ਲੈ ਕੇ ਆਏ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਹ ਫ਼ੁਰਮਾਨ ਵੀ ਕੀਤਾ ਕਿ, ਪਰਮਾਤਮਾ ਦਾ ਨਿਰਮਲ ਭੈ ਵੀ ਹਉਮੈ ਰੋਗ ਦਾ ਕਾਰੀ ਦਾਰੂ ਹੈ--**ਸਚ ਭੈ ਰਾਤਾ ਗਰਬੁ ਨਿਵਾਰੈ ॥** [੯੪੩] ਹਉਮੈ ਮਾਰਨ ਲਈ ਨਿਮਰਤਾ ਅਤੇ ਮਨ ਵਿਚ ਗ਼ਰੀਬੀ ਭਾਵ ਦਾ ਆਉਣਾ ਬੜਾ ਜ਼ਰੂਰੀ ਹੈ ਇਸ ਲਈ--

**(੪)** ਮਨੁੱਖ ਨੂੰ ਸਰਬ--ਵਿਆਪਕਤਾ ਦਾ ਅਨੁਭਵ ਕਰਾ ਕੇ-- ਉਸ ਵਿਚ ਨਿਮਰਤਾ ਅਤੇ ਗ਼ਰੀਬੀ ਭਾਵ, ਦਾ ਗੁਣ ਭਰਨਾ ਅਰੰਭ ਹੋਇਆ। ਸੋ ਹਮ ਨਹੀਂ ਚੰਗੇ ..., ਅਤੇ-- ਨਾਨਕ ਨੀਚ ਕਹੈ ....-- ਅਵਰ ਭਲਾ ਸੰਸਾਰ ..... { ਨੋਟ:--ਇਸ ਉਪਦੇਸ਼ ਪ੍ਰਥਾਇ ਉਪ੍ਰੋਕਤ ਪਹਿਲੇ ਦੋ ੧ ਗ਼ਰੀਬੀ ਅਥਵਾ ਨਿਮਰਤਾ ੨ ਹੋਹੁ ਸਭਨਾ ਕੀ ਰੇਣੁਕਾ " ਲੇਖਾਂ ਵਿਚ ਪੜ੍ਹ ਆਏ ਹਾਂ}।

**(੫)** ਸਰਬੱਤ ਨਾਲ ਇੱਕ ਸਾਰ ਪ੍ਰੇਮ ਕਰਨਾ, ਸੱਜਣ ਅਤੇ ਵੈਰੀ ਲਈ ਹਿਰਦੇ ਵਿਚ ਸਾਵੀਂ ਹਮਦਰਦੀ ਹੋਣੀ, ਮਾਇਆ ਵਿਚ ਰਹਿੰਦਿਆਂ ਮਾਇਆ ਤੋਂ ਨਿਰਲੇਪ ਰਹਿਣਾ, ਚੁਗਲੀ ਨਿੰਦਿਆ ਤੋਂ ਅਣਜਾਣ ਰਹਿਣਾ, ਨਿਰਭਉ ਅਤੇ ਨਿਰਵੈਰ ਹੋਣਾ ਸੰਤ-ਸੂਰਮੇ ਦੇ ਗੁਣਾ ਦਾ ਜ਼ਰੂਰੀ ਹਿੱਸਾ

ਹਨ। ਰੋਗ ਦਾਰੂ ਦੋਵੇਂ ਬੁੱਝਣ ਵਾਲੇ ਸੁਜਾਨ ਵੈਦ, ਸ੍ਰੀ ਗੁਰੂ ਨਾਨਕ ਜੀ ਨੇ ਮੂਲ ਮੰਤ੍ਰ ਵਿਚ ਹੀ " **ਨਿਰਭਉ** ਅਤੇ **ਨਿਰਵੈਰ** ' ਸ਼ਬਦ ਪਾ ਦਿੱਤੇ-**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ** "॥ **[੧੦]--ਨਿਰਭਉ ਜਪੈ ਸਗਲ ਭਉ ਮਿਟੈ** ॥[੨੯੩] ਫਿਰ ਸਤਿਗੁਰਾਂ ਇਹ ਵੀ ਫ਼ੁਰਮਾ ਦਿੱਤਾ ਕਿ, ਜਿਸ ਨੇ ਹਰ ਤਰ੍ਹਾਂ ਦਾ ਭੈ ਨਾਸ ਕਰਨ ਵਾਲੇ ਪਰਮਾਤਮਾ ਨੂੰ ਮਨ ਵਿਚ **ਨਹੀਂ** ਵਸਾਇਆ ਉਸ ਦੇ ਕਈ ਜਨਮ ਡਰਦਿਆਂ ਹੀ ਲੰਘ ਜਾਂਦੇ ਹਨ--**ਭੈ ਭੰਜਨ ਪ੍ਰਭ ਮਨਿ ਨ ਬਸਾਹੀ ॥ ਡਰਪਤ ਡਰਪਤ ਜਨਮ ਬਹੁਤੁ ਜਾਹੀ ॥ ੧॥ ਰਹਾਉ ॥** [੧੯੭] ਅਤੇ ਫਿਰ--**ਆਪ ਨ ਡਰਉ ਨ ਅਵਰ ਡਰਾਉ** ॥[੩੨੭] ਕਿਉਂਕਿ ਸੈਂਕਿਆਂ ਵਿਚ ਸ੍ਰੀ ਦਸਮ ਗ੍ਰੰਥ ਦੀ ਗੱਲ ਵੀ ਨਾਲ ਹੀ ਚਲ ਰਹੀ ਹੈ ਇਸ ਲਈ ਪਾਠਕਾਂ ਦਾ ਧਿਆਨ ਇਸ ਪਾਸੇ ਵੀ ਦਿਵਾਉਣਾ ਪੈ ਰਿਹਾ ਹੈ, ਕਿ, ਰਹਿਰਾਸ ਦੇ ਨਿਤਨੇਮ ਸਮੇ ਅਤੇ ਫਿਰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਸਮੇ ਪੜ੍ਹੀ ਜਾਣ ਵਾਲੀ ' ਬੇਨਤੀ ਚੌਪਈ " ਬਾਣੀ ਵਿਚ --" **ਆਪ ਹਾਥ ਦੇ ਮੁਝੈ ਉਬਰਿਯੈ ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥"** ਪੰਗਤੀ ਤੋਂ ਤਾਂ ਮੌਤ ਦੇ ਸਮੇ ਦੇ ਤ੍ਰਾਸ ਤੋਂ ਕਾਂਬਾ ਛਿੜਿਆ ਨਜ਼ਰ ਆ ਰਿਹਾ ਹੈ, ਪਰ ਏਧਰ ਸ੍ਰੀ ਗੁਰੂ ਗ੍ਰੰਥ ਸਾਹਿਬ ਇਉ ਫ਼ੁਰਮਾਨ ਕਰ ਰਹੇ ਹਨ--**ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥ ੧ ॥ ਅਬ ਕੈਸੇ ਮਰਉ, ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ, ਜਿਨ ਰਾਮੁ ਨ ਜਾਨਿਆ ॥ ੧ ॥ ਰਹਾਉ ॥** ਸਦੀਵੀ ਆਤਮਕ ਸੁੱਖ ਮਾਣਦੇ ਰਹਿਣ ਲਈ ਗੁਰਮਤਿ ਦਾ ਇੱਕ ਬੜਾ ਜ਼ਰੂਰੀ ਸਿਧਾਂਤ ਹੈ--**ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥ ੩ ॥**[੩੮੬]--ਹਿਰਦੇ ਨੂੰ ਕਿਸੇ ਪ੍ਰਕਾਰ ਦੇ (ਈਰਖਾ, ਦੁਸ਼ਮਨੀ-ਭਾਵਣਾ, ਨਿੰਦਿਆ-ਰੋਗ ਆਦਿ) ਸਾੜੇ ਤੋਂ ਸਾਫ਼ ਰੱਖਣ ਲਈ **ਨਿਰਵੈਰਤਾ** ਗੁਣ ਦਾ ਹੋਣਾ ਵੀ ਸਤਿਗੁਰਾਂ ਨੇ ਜ਼ਰੂਰੀ ਜਾਤਾ। ਅਤੇ " **ਤੂੰ ਨਿਰਵੈਰੁ ਸੰਤੁ ਤੇਰੇ ਨਿਰਮਲ ॥ ਜਿਨ ਦੇਖੇ ਸਭ ਉਤਰਹਿ ਕਲਮਲ ॥ ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥** [੧੦੮/੯] ਫਿਰ ---**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥** ਅਖ਼ੀਰ ਤੱਕ ਏਸੇ ਅਧਾਰ ਤੇ ਸਿਖਲਾਈ ਦਿੱਤੀ ਜਾ ਰਹੀ ਸੀ, ਅੰਤ ਵਿਚ ਨੌਵੇਂ ਪਾਤਸ਼ਾਹ ਜੀ ਦਾ ਫ਼ੁਰਮਾਨ:--

੨੮- **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥**[੧੪੨੬]

ਨਾ ਕਦੇ ਕਿਸੇ ਨੂੰ ਅਜਾਈਂ ਭੈ-ਭੀਤ ਕਰਨਾ ਅਤੇ ਨਾ ਹੀ (ਅਕਾਲ ਪੁਰਖ ਦੇ ਨਿਰਮਲ ਭਉ ਤੋਂ ਬਿਨਾਂ) ਕਿਸੇ ਦੂਜੇ ਦਾ ਕਦੇ ਕੋਈ ਭੈ ਮੰਨਣਾ, ਪ੍ਰਭੂ ਨਾਲ ਜੁੜੇ ਮਨੁੱਖ ਦੀ ਨਿਸ਼ਾਨੀ ਹੈ। ਅਜੇਹੇ ਸਪੱਸ਼ਟ ਸ਼ਬਦਾਂ ਵਿਚ ਅਜੇਹਾ ਉਪਦੇਸ਼ ਦਸਮ ਗ੍ਰੰਥ ਦੇ ਬਚਿਤ੍ਰ ਨਾਟਕ ਅਥਵਾ ਦੇਵੀ ਆਦਿ ਮਿਥਿਹਾਸਕ ਭਗਵਾਨਾਂ ਦੇ ਚਰਿਤ੍ਰਾਂ ਵਿਚੋਂ ਕਿਸੇ ਥਾਉ ਨਸੀਬ ਨਹੀਂ ਹੁੰਦਾ।

**(੬)** ਸੂਰਮੇ ਲਈ ਜਿੱਥੇ ਹੋਰ ਮਾਨਸਕ ਸ਼ੁੱਭ ਗੁਣਾ ਦੀ ਲੋੜ ਸੀ, ਉਥੇ ਸਰੀਰ ਦਾ ਰਿਸ਼ਟ-ਪੁਸ਼ਟ ਹੋਣਾ ਵੀ ਜ਼ਰੂਰੀ ਸੀ। ਸਤਿਗੁਰਾਂ ਨੇ ਜਪਾਂ ਤਪਾਂ ਦੁਆਰਾ ਸਰੀਰ ਨੂੰ ਗਾਲ ਲੈਣ ਦੀ ਗੱਲ ਜ਼ਰਾ ਵੀ ਪਸੰਦ ਨਾ ਕੀਤੀ, ਸਗੋਂ ਆਪਣੇ ਸੰਤ-ਸੂਰਮੇ ਲਈ ਇਉਂ ਫ਼ੁਰਮਾਨ ਹੋਇਆ:---

੨੯- **ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥ ਨਾਨਕ ਸੋ ਪ੍ਰਭੂ ਸਿਮਰੀਐ ਤਿਸੁ ਦੇਹੀ ਕਉ ਪਾਲਿ ॥ ੨ ॥** [੫੫੪]

ਹੇ ਪਰਮਾਤਮਾ ਦੀ ਯਾਦ ਨਾਲ ਜੁੜ ਕੇ ਸੰਤ ਸੂਰਮੇ ਬਣ ਰਹੇ ਮੇਰੇ ਖ਼ਾਲਸਾ ਜੀ, ਆਪਣੀ ਅਰੋਗਤਾ ਦਾ ਵੀ ਪੂਰਾ ਧਿਆਨ ਰੱਖਣਾ ਹੈ। ਜਿਸ ਦੇਹੀ ਨੇ ਤੈਨੂੰ ਪ੍ਰਭੂ ਦੀ ਯਾਦ ਵਿਚ ਜੁੜ ਕੇ ਸੰਸਾਰ ਤੇ ਨੇਕੀ ਫੈਲਾਉਣ ਦਾ ਅਵਸਰ ਦਿੱਤਾ ਹੈ ਉਸ ਸਰੀਰ ਦੀ ਪਾਲਣਾ ਕਰਦਿਆਂ ਇਸ ਨੂੰ ਸਦਾ ਰਿਸ਼ਟ-ਪੁਸ਼ਟ ਰਖਣਾ ਹੈ। ਅਤੇ ਇਸ ਅਰੋਗ ਸਰੀਰ ਨਾਲ--**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥** ਹੱਕ ਹਲਾਲ ਦੀ ਕਮਾਈ ਵਿਚੋਂ ਲੋੜਵੰਦਾਂ ਨਾਲ ਵੰਡ ਛਕਣਾ ਹੈ। ਜੇ ਕੱਲ ਦਾ ਵੈਰੀ ਵੀ ਸਵਾਲੀ ਆ ਹੋਇਆ ਹੈ ਤਾਂ ਉਸ ਦੀ ਲੋੜ ਪੂਰੀ ਕਰਦਿਆਂ ਵੀ ਜ਼ਰਾ ਨਹੀਂ ਝਕਣਾ। ਏਹੀ ਹੈ ਜ਼ਿੰਦਗੀ ਦਾ ਸਹੀ ਗੁਰਮਤਿ ਰਸਤਾ। ਅਜੇਹੀ ਉਤੱਮ ਸਿੱਖਿਆ ਦਸਮ ਗ੍ਰੰਥ ਵਿਚੋਂ ਕਿਸੇ ਥਾਉਂ ਨਹੀਂ ਮਿਲਦੀ। ਕੀ ਕਿਤੇ ਏਹੀ ਕਾਰਨ ਤਾਂ ਨਹੀਂ ਸੀ ਜੋ ਸਮਰੱਥ ਦਸ਼ਮੇਸ਼ ਜੀ ਨੇ ਉਸ ਬਾਣੀ ਵਿਚੋਂ ਇੱਕ ਪੰਗਤੀ ਨੂੰ ਵੀ ਗੁਰਿਆਈ ਦੇ ਕਾਬਲ ਨਹੀਂ ਸੀ ਸਮਝੀ?

**(੭)** ਡਰਪੋਕ ਅਥਵਾ ਬੁਜ਼ਦਿਲ ਮਨੁੱਖ ਕਦੇ ਕਿਸੇ ਨੂੰ ਖਿਮਾ ਨਹੀਂ ਕਰ ਸਕਦਾ। ਕਿਸੇ ਦੇ ਗੁਨਾਹ ਬਖ਼ਸ਼ ਦੇਣੇ ਸੂਰਮਤਾਈ ਦਾ ਪ੍ਰਧਾਨ ਗੁਣ ਹੈ। ਸੱਚ ਇਹ ਹੈ ਕਿ ਬਖ਼ਸ਼ਿੰਦ ਹੋਣਾ ਪਰਮਾਤਮਾ ਦਾ ਗੁਣ ਹੈ---**ਗੁਣ** ਕਹਿ ਕਹਿ ਕੇ **ਗੁਣੀ** ਵਿਚ ਸਮਾ ਚੁਕਿਆ ਮਨੁੱਖ ਖਿਮਾ ਦਾ ਪੁਤਲਾ ਕਿਵੇਂ ਨਾ ਹੋਵੇ? ਤਦੇ ਤਾਂ ਗੁਰਬਾਣੀ ਦਾ ਇਹ ਫ਼ੁਰਮਾਨ ਵੀ ਹੈ--**ਜਹਿ ਖਿਮਾ ਤਹ ਆਪਿ**-- ਸੰਤ-ਸੂਰਮੇ ਲਈ ਖਿਮਾ ਅਤੇ ਹਮਦਰਦੀ ਜਿਹੇ ਸ਼ੁੱਭ ਗੁਣਾ ਦਾ ਭੰਡਾਰ ਹੋਣਾ ਵੀ ਜ਼ਰੂਰੀ ਹੈ। ਨਾਮ ਸਿਮਰਨ ਦੇ ਬੇਅੰਤ ਸ਼ਬਦਾਂ ਦੇ ਨਾਲ ਸੰਤ ਅਤੇ ਸੂਰਮੇ ਵਿਚ ਜਿਨ੍ਹਾਂ ਨਿਆਰੇ ਗੁਣਾ ਦੀ ਲੋੜ ਸੀ ਉਹ ਹਰ ਇੱਕ ਸ਼ੁਭ ਗੁਣ ਭਰ ਦੇਣ ਲਈ ਗੁਰਬਾਣੀ ਵਿਚ ਕਈ ਕਈ ਸ਼ਬਦ ਰਚੇ ਗਏ। **ਸਭਨਾ, ਸਰਬੱਤ, ਸਗਲ** ਆਦਿ ਸ਼ਬਦਾਂ ਦੀ ਵਰਤੋਂ ਵੀ ਮਨੁੱਖ ਦੇ ਹਿਰਦੇ ਨੂੰ ਨਿਸ਼ਕਪਟ ਬਣਾ ਕੇ ਉਸ ਨੂੰ ਆਤਮਕ ਸੁਖ ਪੁਚਾਉਣ ਲਈ ਬੜਾ ਕਾਰੀ ਦਾਰੂ ਸੀ/ਹੈ **?**। ਅਜੇਹੇ ਸਾਰੇ ਗੁਣ ਮਨੁੱਖ ਨੂੰ ਵੀ ਪ੍ਰਭੂ ਵਾਂਗ ਹੀ ਸਾਰੀ ਸਿਰਜਣਾ ਦਾ ਅੰਗ ਬਣੇ ਰਹਿਣ ਲਈ ਉਤਸ਼ਾਹਤ ਕਰਨ ਦੇ ਪ੍ਰਤੀਕ ਹਨ। **ਕਬੀਰ ਤੂੰ ਤੂੰ** ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥ ੨੦ ੪ ॥ [੧੩੭੫] **ਤੂੰ** ਵਿਚ ਸਮਾਉਣ ਲਈ ਮੈਂ **ਹੂੰ** ਦਾ ਖ਼ਾਤਮਾ ਹੋਣਾ ਬੜਾ ਜ਼ਰੂਰੀ ਹੈ। **ਸਰਬੱਤ ਦੇ ਭਲੇ** ਵਾਲੀ, ਸਰਬੱਤ ਦੇ ਸੱਚੇ ਸੇਵਾਦਾਰ ਬਣੇ ਰਹਿਣ ਵਾਲੀ, ਅਥਵਾ **ਸਭਨਾ ਕੀ ਰੇਣੁਕਾ** ਬਣੇ ਰਹਿਣ ਵਾਲੀ ਗ਼ਰੀਬੀ ਭਾਵਣਾ, ਸਰਬੱਤ ਨੂੰ ਮਿੱਤਰ ਸਮਝਣਾ, ਸੰਤ-ਸੂਰਮੇ ਮਨੁੱਖ ਦੇ ਹਿਰਦੇ ਦਾ ਸਦੀਵੀ ਸ਼ਿੰਗਾਰ ਹੈ। ਇਸ ਤਰ੍ਹਾਂ ਬਹੁਪੱਖੀ ਸਿਖਲਾਈ ਦੁਆਰਾ ਗੁਰਮਤਿ ਦੀ ਸੱਚੀ ਟਕਸਾਲ ਵਿਚ ਸੰਤ-ਸੂਰਮੇ ਮਨੁੱਖ ਦੀ ਘਾੜਤ ਘੜੀ ਜਾਂਦੀ ਰਹੀ। ਗੁਰਮਤਿ ਦੇ ਇੱਕ ਪੱਖ ਨੂੰ ਅੱਡ ਅੱਡ ਥਾਂ ਤੇ ਸਮੁੱਚੀ ਗੁਰਬਾਣੀ ਦਾ ਸਿਧਾਂਤ ਮਨ ਬਹਿਣਾ ਹੂੜ ਮੱਤ ਹੈ। ਆਉ ਵਿਚਾਰ ਨੂੰ ਅੱਗੇ ਤੋਰੀਏ--

**(੮)** ਜਦ ਅਜੇਹਾ ਯਕੀਨ ਦ੍ਰਿੜ ਹੋ ਗਿਆ ਤਾਂ ਸਤਿਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਗੁਰਸਿੱਖ ਨੂੰ ਅਜੇਹੀ ਅੱਖ ਮਿਲ ਗਈ ਹੈ ਜਿਸ ਨਾਲ ਉਹ ਹਰ ਥਾਂ ਪ੍ਰਭੂ ਦੇ ਹੀ ਦਰਸ਼ਨ ਕਰਨ ਦਾ ਅਨੰਦ ਮਾਣਦਾ ਹੈ। ਹਿਰਦੇ ਵਿਚ ਅਜੇਹੀ ਗ਼ਰੀਬੀ ਆ ਗਈ ਹੈ ਕਿ ਮਨ ਸਭਨਾਂ ਦੀ ਚਰਨ ਧੂੜ

ਬਣ ਜਾਣ ਨਾਲ ਪ੍ਰਭੂ ਨਾਲ ਇੱਕ ਮਿੱਕ ਹੋ ਰਿਹਾ ਹੈ, ਤਾਂ ਘਾੜਤ ਦਾ ਦੂਜਾ ਹਿੱਸਾ ਅਰੰਭ ਹੋਇਆ। ਫ਼ੁਰਮਾਨ ਹੋਇਆ ਕਿ ਭਾਈ ! ਹੇ ਮੇਰੇ ਵਿਦਿਆਲੇ ਵਿਚ ਦਾਖ਼ਲ ਹੋਏ ਸਿੱਖ ਪੁਤਰੋ! ਯਾਦ ਰਖਿਓ, ਕਿ ਇਹ ਸਾਰੇ ਗੁਣ ਤੁਹਾਡੀ ਆਤਮਕ ਠੰਢ ਲਈ, ਤੁਹਾਡੀ ਆਤਮਕ ਬਲਵਾਨਤਾ ਲਈ ਅਤੇ ਪ੍ਰਭੂ ਨਾਲ ਤੁਹਾਡੀ ਨੇੜਤਾ ਬਣਾਈ ਰੱਖਣ ਲਈ ਬੜੇ ਜ਼ਰੂਰੀ ਹਨ। ਕਿਸੇ ਵੀ ਸਥਿਤੀ ਵਿਚ,ਇਨ੍ਹਾਂ ਗੁਣਾ ਨੂੰ ਹਥੋਂ ਜਾਣ ਨਹੀਂ ਦੇਣਾ--**ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥ ੧ ॥** [੭੧੯]

**(੯)** ਪਰ ਜਦੋਂ ਕਿਸੇ ਦੂਜੇ ਨਾਲ ਵਾਹ ਪੈਂਦਾ ਹੈ ਤਾਂ ਬਹੁ-ਪੱਖੀ ਸਿਖਿਆ ਵਾਲੀ ਗੁਰੂਮਤਿ ਦੇ ਇਸ ਪੱਖ ਨੂੰ ਵੀ ਗੁਰੂ ਖ਼ਾਲਸੇ ਨੇ ਧਿਆਨ ਵਿਚ ਰੱਖਣਾ ਹੈ:---

੩੦- **ਜਨ ਕਉ ਪ੍ਰੀਤਿ ਲਗੀ ਗੁਰ ਸੇਤੀ ਜਿਉ ਚਕਵੀ ਦੇਖਿ ਸੂਰੀਜੈ ॥ ਨਿਰਖਤ ਨਿਰਖਤ ਰੈਨਿ ਸਭ ਨਿਰਖੀ**
**ਮੁਖੁ ਕਾਢੈ ਅੰਮ੍ਰਿਤ ਪੀਜੈ॥ ੫ ॥** (ਪਰ ਨਾਲ ਹੀ-) **ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ**
**ਮੈਲੁ ਭਰੀਜੈ ॥ ਆਪ ਸੁਆਇ ਕਰਹਿ ਬਹੁ ਬਾਤਾ ਤਿਨ ਕਾ ਵਿਸਾਹੁ ਕਿਆ ਕੀਜੈ ॥ ੬ ॥**[੧੩੨੬]-੫

ਕਿਸੇ ਆਪ ਹੁਦਰੇ ਸਾਕਤ ਦੀਆਂ ਗੱਲਾਂ ਵਿਚ ਆ ਕੇ ਕਦੇ ਕਿਸੇ ਭਰਮ ਵਿਚ ਨਹੀਂ ਪੈਣਾ। ਅਵੱਲ ਤਾਂ ਕਿਸੇ ਭੈੜੇ ਦੀ ਸੰਗਤਿ ਵਿਚ ਪੈਣਾ ਹੀ ਕਿਉਂ ਹੈ ਸਗੋਂ: ---

੩੧- **ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ ੧੩੧ ॥**[੧੩੭੧]

ਰਬ ਤੋਂ ਟੁੱਟੇ ਵਿਕਾਰੀ ਮਨੁੱਖ ਦੀ ਸੰਗਤਿ ਤੋਂ ਸਦਾ ਬਚੇ ਰਹਿਣ ਲਈ ਕਰੜੇ ਸ਼ਬਦ ਵਰਤਦਿਆਂ ਫ਼ੁਰਮਾਨ ਕੀਤਾ ਹੈ ਕਿ, ਸਾਕਤ ਤੋਂ ਤਾਂ ਦੂਰੋ ਹੀ ਦੌੜ ਕੇ ਲੰਘ ਜਾਣਾ ਚਾਹੀਦਾ ਹੈ। ਉਦਾਹਰਣ ਨਾਲ ਸਮਝਾਇਆ ਹੈ ਕਿ, ਸਿਆਹੀ ਨਾਲ ਲਿੱਬੜੇ ਕਾਲੇ ਬਰਤਨ ਨੂੰ ਭਾਵੇਂ ਜਿੰਨਾ ਮਰਜੀ ਹੈ ਬਚਾ ਕੇ ਫੜੀਏ, ਕੁਝ ਨ ਕੁਝ ਕਾਲਖ ਜ਼ਰੂਰ ਲੱਗ ਜਾਂਦੀ ਹੈ। ਕੁਸੰਗਤ ਤੋਂ ਬਚੇ ਰਹਿਣ ਲਈ ਸਤਿਗੁਰਾਂ ਦਾ ਇਹ ਫ਼ੁਰਮਾਨ--**ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥ ੨੧੧ ॥**[੧੩੭੫] ਅਤੇ ਜੇ ਕਦੇ ਮੰਦ ਵਿਚਾਰਾਂ ਵਾਲੇ ਕਿਸੇ ਮਨੁੱਖ ਦੀ ਗੱਲਾਂ ਸੁਣਨੀਆਂ ਪੈ ਹੀ ਗਈਆਂ ਹਨ, ਤਾਂ ਇਉ ਸਮਝੋ ਕਿ ਐਵੇਂ ਹਵਾ ਦਾ ਬੁੱਲਾ ਆਇਆ ਸੀ ਜੋ ਲੰਘ ਗਿਆ:--

੩੨/੩- **ਸੋਗੁ ਨ ਬਿਆਪੈ ਆਪੁ ਨ ਥਾਪੈ ਸਾਧਸੰਗਤਿ ਬੁਧਿ ਪਾਈ ॥** [ਇਹੀ ਗੁਰੂ-ਫ਼ੁਰਮਾਨ ਉਪ੍ਰੋਕਤ ੩ ਨੰਮਰ ਤੇ ਵੀ ਆਇਆ ਹੈ]
**ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਕਾਈ ॥ ੩ ॥**[੬੦੯]-੪

ਪਰ ਯਾਦ ਰੱਖੋ ਕਿ ਆਪਣੇ ਹਿਰਦੇ ਦੀ ਸਵੱਛਤਾ ਓਵੇਂ ਹੀ ਅਡੋਲ ਬਣਾਈ ਰੱਖਣੀ ਹੈ। ਹਿਰਦੇ ਵਿਚ ਤਰਸ ਮਿਹਰ ਅਤੇ ਭਲੇ ਦੀ ਲੋਚਨਾਂ ਭੈੜੇ ਤੋਂ ਭੈੜੇ ਵਿਕਾਰੀ ਲਈ ਵੀ ਸਦਾ ਬਣਾਈ ਰੱਖਣੀ ਹੈ। ਪਤਾ ਨਹੀਂ ਕਿਨ੍ਹਾਂ ਹਾਲਾਤਾਂ ਨੇ ਕਿਸੇ ਨੂੰ ਮੰਦੇ ਪਾਸੇ ਧੱਕ ਖੜਿਆ? ਸੱਜਣ ਠੱਗ, ਬੰਦੇ ਖਾਣਾ ਕੌਡਾ ਅਤੇ ਭਾਈ ਲਾਲੋ ਜੀ ਸਤਿਗੁਰਾਂ ਨੇ ਇੱਕੋ ਕਤਾਰ ਵਿਚ ਲੈ ਆਂਦੇ, ਪਰ ਮਾਇਆ ਦੇ ਹੰਕਾਰੀ, ਮਲਕ ਭਾਗੋ ਦੇ ਸੰਗੀ ਸਾਥੀ ਗੁਰਦੇਵ ਜੀ ਨਾ ਬਣ ਸਕੇ ਪਰ ਮਨ ਕਰਕੇ ਸਰਬੱਤ ਦੇ ਚਰਨਾਂ ਦੀ ਧੂੜ ਬਣੇ ਰਹਿਣ ਵਾਲੀ **ਨਿਮਰਤਾ** ਹੀ, ਸੱਚੀ ਗੁਰਮੁਖਤਾਈ ਹੈ:---

੩੩- **ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ**
**ਵਡਿਆਂ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ ੪ ॥** [੧੫]-੩

ਮਾਇਆ ਦੇ ਹੰਕਾਰੀ ਹੋਏ ਵਡਿਆਂ ਦੀ " ਰੀਸ ' ਦੀ ਹੀ (ਭਾਵ, ਉਨਹਾਂ ਵਰਗੇ ਹੰਕਾਰੀ ਨਾ ਬਣ ਜਾਣ ਦੀ ਹੀ) ਸਤਿਗੁਰਾਂ ਨੇ ਗੱਲ ਕੀਤੀ ਹੈ ਉਨ੍ਹਾਂ ਦਾ ਬੁਰਾ ਨਹੀਂ ਮੰਗਿਆ। ਡਾਕੂਆਂ, ਕਾਤਲਾਂ, ਠੱਗਾਂ ਨੂੰ ਸੁਮੱਤ ਬਖ਼ਸ਼ਣ ਦੀ ਅਰਦਾਸ ਹੈ, ਗੰਦੀ ਜਿਲ੍ਹਣ ਵਿਚੋਂ ਸਾਰੇ ਹੀ ਨਿਕਲ ਆਉਣ ਤਾਂ ਜੋ ਉਨ੍ਹਾਂ ਤੋਂ ਦੁਖੀ ਹੋਣ ਵਾਲੇ ਚੈਨ ਦੀ ਜ਼ਿੰਦਗੀ ਬਤੀਤ ਕਰ ਸਕਣ। ਮੰਦ ਕਰਮੀ ਮਨੁੱਖ ਆਪ ਵੀ ਪਾਪਾਂ ਦੀ ਅੱਗ ਵਿਚ ਸੜਦੇ ਰਹਿਣ ਤੋਂ ਬਚ ਕੇ ਮਨ ਕਰਕੇ ਸੁਖੀ ਹੋ ਜਾਣ। ਗੁਰੂ ਨਾਨਕ ਦੇ ਸੰਤ-ਸੂਰਮੇ ਦੇ ਏਹੀ ਗੁਣ ਉਸ ਨੂੰ ਲਾਹੌਰ ਦੇ ਤਖ਼ਤ ਤੇ ਲੈ ਪੁੱਜੇ ਸਨ।

ਇਨ੍ਹਾਂ ਉਪਰੋਕਤ ਗੁਰੂ ਫ਼ੁਰਮਾਨਾਂ ਤੋਂ ਸਭਨਾ, ਸਗਲ ਅਥਵਾ ਸਰਬੱਤ ਵਾਲੇ ਅਰਥਾਂ ਦੀ ਖੰਡਨਾ ਮਿਥ ਲੈਣੀ ਵਡੀ ਅਗਿਆਨਤਾ ਹੈ। ਸੰਤ ਸੂਰਮਾ ਬਨਾਉਣ ਦੀ ਸਿਖ਼ਰ ਤੇ ਪੁੱਜਣ ਵਾਲੀ ਗੁਰਮਤਿ-ਪਉੜੀ ਦੇ ਇਹ ਅਲੱਗ ਅਲੱਗ ਡੰਡੇ ਹਨ। ਸੰਤ ਦਾ ਮਨ ਸਦੀਵੀ ਤੌਰ ਤੇ ਨਿਰਮਲ ਰਹਿਣਾ ਚਾਹੀਏ। ਪਰ ਜਦ ਸਮਾਜ ਵਿਚ ਵਿਚਰਦਿਆਂ ਉਨ੍ਹਾਂ ਮਨੁੱਖਾਂ ਨਾਲ ਵਾਹ ਪੈਂਦਾ ਹੈ, ਜਿਹੜੇ ਇਸ ਅਨੁਭਵ ਤੋਂ ਕੋਰੇ ਹੁੰਦੇ ਹਨ ਕਿ, ਪਰਮਾਤਮਾ ਉਨ੍ਹਾਂ ਦੇ ਅੰਦਰੇ ਬੈਠਾ ਉਨ੍ਹਾਂ ਦੀਆਂ ਸਾਰੀਆਂ ਚੰਗੀਆਂ ਮੰਦੀਆਂ ਕਰਤੂਤਾਂ ਵੇਖ ਰਿਹਾ ਹੈ ਤਾਂ ਸਤਿਗੁਰਾਂ ਦੇ ਇਸ ਫ਼ੁਰਮਾਨ--**ਦੁਕਿਰਤੁ ਸੁਕ੍ਰਿਤੁ ਥਾਰੋ ਕਰਮੁ ਰੀ "** ਤੋਂ ਸੁਚੇਤ, ਸੰਤ ਸੂਰਮੇ ਨੇ ਨਿਰਣਾ ਕਰਨਾ ਹੈ ਕਿ, ਕੀ ਕਿਤੇ--**ਮੂਰਖ ਗੰਢ ਪਵੈ ਮੂੰਹ ਮਾਰਿ**--ਵਾਲੀ ਸਥਿਤੀ ਤਾਂ ਨਹੀਂ ਬਣ ਖਲੋਤੀ ਹੋਈ? ਕਿਸੇ ਤੋਂ ਵਿਅਰਥ ਦਾ ਭੈ ਨਾ ਮੰਨਣ ਦਾ ਗੁਰੂ ਉਪਦੇਸ਼ ਅਜੇਹੇ ਮਨੁੱਖ ਦੇ ਵਿਰੁੱਧ ਸ-ਸ਼ਸਤਰ ਹੋ ਕੇ ਡੱਟ ਖਲੋਣ ਦਾ ਉਤਸ਼ਾਹ ਦੇ ਰਿਹਾ ਹੈ, ਜਿਹੜਾ ਹੰਕਾਰ ਵਿੱਚੇ ਅੰਨ੍ਹੇ ਹੋਇਆ, ਸੁਲਾਹ ਸਫ਼ਾਈ ਦੇ ਸਾਰੇ ਰਸਤੇ ਬੰਦ ਕਰਕੇ ਜਾਨ ਮਾਲ ਦਾ ਵੈਰੀ ਬਣ ਕੇ ਗਲ ਪਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਅਜੇਹਾ ਫ਼ੁਰਮਾਨ ਵੀ ਹੈ, ਜਿਸ ਅਨੁਸਾਰ ਸੰਤ ਸੂਰਮੇ ਨੇ ਜੰਗ ਦੇ ਮੈਦਾਨ ਵਿਚ ਜੂਝਦਿਆਂ ਹੋਇਆ ਪੁਰਜਾ ਪੁਰਜਾ ਕੱਟ ਕੇ ਸ਼ਹੀਦ ਹੋ ਜਾਣਾ ਹੈ ਪਰ ਪਰ ਜੰਗ ਦੇ ਮੈਦਾਨ ਵਿਚੋਂ ਇੱਕ ਪੈਰ ਵੀ ਪਿੱਛੇ ਨਹੀਂ ਹਟਾਉਣਾ: --

੩੪- **ਸਲੋਕ ॥ ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥ ੧ ॥**
**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ ੨ ॥**[੧੧੦੫]-੨

ਗੁਰੂ ਬਾਣੀ ਦੇ ਇਸ ਉਪਦੇਸ਼ ਦੇ ਸਾਹਮਣੇ ' **ਚਿਤ ਮੈ ਜੁਧ ਬੀਚਾਰੇ** ' ਅਥਵਾਂ ਧਰਮ ਯੁੱਧ ਕੈ ਚਾਇ '--ਪੰਗਤੀਆਂ ਦਾ ਕੀ ਅਸਥਾਨ ਬਣਿਆਂ? ਕਿਸੇ ਨੂੰ ਆਪਣਾ **ਭੈ** ਦੇਣਾ ਬਹੁਤ ਮਾੜੀ ਗੱਲ ਹੈ, ਪਰ ਕਾਇਰਾਂ ਵਾਂਗ ਕਿਸੇ ਦੂਜੇ ਦਾ **ਭੈ** ਮੰਨਣਾ, ਉਸ ਤੋਂ ਵੱਧ ਸ਼ਰਮ ਵਾਲੀ ਗੱਲ ਹੈ। ਮੱਸਾ ਰੰਗੜ ਲਗਾਤਾਰ ਵਧੀਕੀ ਕਰੀ ਜਾ ਰਿਹਾ ਸੀ। ਰਾਜ ਮਦ ਵਿਚ ਅੰਨ੍ਹਾਂ ਹੋਇਆ, ਕਿਸੇ ਦਲੀਲ ਨੂੰ ਸੁਣ ਸਕਣ ਵਾਲੀਆਂ ਸਾਰੀਆਂ ਹੱਦਾਂ ਟੱਪ ਚੁੱਕਾ ਸੀ। ਮਰਨਾ ਭੁਲਾ ਕੇ ਹਰਿਮੰਦਰ ਸਾਹਿਬ ਦੀ ਨਿਰੰਤਰ ਬੇਹੁਰਮਤੀ ਕਰ ਰਿਹਾ ਸੀ। ਉਸ ਨੂੰ ਜਿਸ ਸਥਿਤੀ ਵਿਚ ਅਤੇ ਜਿਸ ਵਿਧੀ ਨਾਲ ਖ਼ਤਮ ਕੀਤਾ ਸੀ, ਉਹ ਅਦੁਤੀ ਸੂਰਮਤਾਈ ਵਾਲਾ ਵਡਾ ਸਾਕਾ ਸੀ। ਉਂਜ ਸਤਿਗੁਰਾਂ ਦੇ ਸਿੱਖ ਨੇ ਜੰਗ ਦੇ ਮੈਦਾਨ ਵਿਚ ਵੀ ਬਦਲਾ ਭਾਵਣਾ, ਈਰਖਾ ਅਤੇ ਕ੍ਰੋਧ ਤੋਂ, ਭਾਈ ਘਨੱਯਾ ਜੀ ਵਾਂਗ ਨਿਰਲੇਪ ਰਹਿਣਾ ਹੈ।

ਯਾਦ ਰੱਖਣਾ ਹੈ ਕਿ ਸ਼ਸਤਰਾਂ ਦੀ ਵਰਤੋਂ ਬੇਦਲੀਲੇ ਸ਼ਸਤਰ ਧਾਰੀ ਦੇ ਵਿਰੁੱਧ ਹੀ ਹੈ। ਨਹੀਂ ਤਾਂ ਸਦਾ ਗਿਆਨ ਦਾ ਖੜਗ ਵਰਤਣਾ ਹੀ ਗੁਰਸਿੱਖੀ ਹੈ। ਗੁਰਬਾਣੀ ਦੀ ਗ਼ਲਤ ਵਰਤੋਂ ਦੇ ਸਹਾਰੇ ਬਣੇ ਕਿਸੇ ਦੇਹਧਾਰੀ ਗੁਰੂ ਦੀ ਪ੍ਰਭਤਾ ਅਤੇ ਉਸ ਦੀ ਪ੍ਰਸਿੱਧਤਾ ਨੂੰ, ਸ਼ੁੱਧ ਗੁਰਮਤਿ ਗਿਆਨ ਦੇ ਪਰਚਾਰ ਦੇ ਹੜ ਦੁਆਰਾ ਖ਼ਤਮ ਕਰਨਾ ਹੈ। ਹੋਛੇ ਪੈ ਕੇ ਹਥਿਆਰ ਕੱਢ ਤੁਰਨਾ, ਅਗਿਆਨੀਆਂ ਦਾ ਕਰਮ ਹੈ। ਧੀਰਜਵਾਨ ਬਣ ਚੁੱਕੇ ਗੁਰਸਿੱਖ ਕੋਲ ਤਾਂ ਸਰਬ-ਪੱਖੀ ਅਨੂਪਮ ਗਿਆਨ ਦਾ ਅਥਾਹ ਭੰਡਾਰ ਹੈ। ਸੱਚਾ ਗੁਰਮੁੱਖ ਤਾਂ ਬਹੁਤਾ ਕਰਕੇ ਗਿਆਨ-ਖੜਗ ਦੀ ਹੀ ਵਰਤੋਂ ਕਰਦਾ ਹੈ। ਉਪ੍ਰੋਕਤ ਵਣਗੀ ਮਾਤਰ ਗੁਰੂ ਫ਼ੁਰਮਾਨਾ ਦੇ ਅਧਾਰ ਤੇ ਲਿਖੀ ਵਿਚਾਰ ਤੋਂ ਉਪ੍ਰੋਕਤ **(ੳ)** ਅਤੇ **(ਅ)** ਪੈਰਿਆਂ ਵਿਚਲੇ ਸ਼ੰਕੇ ਸਾਫ ਹੋ ਜਾਣੇ ਚਾਹੀਦੇ ਹਨ।

**ਸ਼ੰਕਿਆਂ ਦਾ ਤੀਜਾ ਭਾਗ---**

**(ੲ)** (੧) ਅਸਲ ਵਿਚ ਅਸੀਂ ਸਾਰੇ ਹੀ ਲੀਹੋਂ ਉਤਰੇ ਗੱਡੇ ਵਾਂਗ ਹਿਚਕੋਲੇ ਖਾ ਰਹੇ ਹਾਂ। ਬ੍ਰਾਹਮਣ ਦੇ ਚੇਲੇ ਬਣ ਚੁੱਕੇ ਅਸੀਂ ਸੱਚ ਨੂੰ ਤਿਆਗ ਕੇ ਮੁੜ ਝੂਠ ਦੀ ਪੂਜਾ ਅਰੰਭ ਕਰ ਲੈਣ ਲਈ ਬੜੇ ਕਾਹਲੇ ਪੈ ਰਹੇ ਹਾਂ। ਅਸੀਂ ਇਹ ਸਮਝਣ ਦੀ ਲੋੜ ਵੀ ਮੁਕਾ ਚੁੱਕੇ ਹਾਂ ਡਾ: ਗੋਕਲ ਚੰਦ ਨਾਰੰਗ ਜੀ ਨੇ ਇਸ ਬਚਨ ਕਿਸ ਕਾਰਨ ਲਿਖੇ ਸਨ--**The steel of the sword of Guru Gobind Singh was provided by Guru Nannk '** (ਹੇ ਦੁਨੀਆਂ ਦੇ ਲੋਕੋ ! ਧਿਆਨ ਨਾਲ ਸੁਣ ਲਉ) ਸ੍ਰੀ ਗੁਰੂ ਗੋਬਿੰਦ ਸਿੰਘ ਦੀ ਤਲਵਾਰ ਦਾ ਫ਼ੌਲਾਦ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਹੀ ਬਖ਼ਸ਼ਸ਼ ਕੀਤਾ ਸੀ।

**" ਰਾਜੇ ਸੀਹ ਮੁਕਦਮ ਕੁਤੇ "**-[੧੨੮੮] ਇਹ ਬਚਨ ਉਸੇ ਨਿਰਭੈ ਸੂਰਮੇ ਸਤਿਗੁਰਾਂ ਦੇ ਹਨ ਜਿਨ੍ਹਾਂ ਨੇ ਬਾਬਾਰ ਜਿਹੇ ਜਾਬਰ ਦੀ ਫੌਜ ਵਲੋਂ ਐਮਨਾਬਾਦ ਵਿਚ ਹੋ ਰਹੀ ਕਤਲਾਮ ਸਮੇ, ਇਉਂ ਫ਼ੁਰਮਾਨ ਵੀ ਕੀਤਾ ਸੀ--**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ ॥** [੩੬੦] ਅਤੇ ਫਿਰ ਸੀਸ ਭੇਟਾ ਕਰਨ ਦੀ ਗੱਲ--**ਸਿਰੁ ਧਰਿ ਤਲੀ ਗਲੀ ਮੇਰੀ ਆਉ ॥** ਵੀ ਪਹਿਲਾਂ ਉਸੇ ਪਰਮ ਸੂਰਮੇ ਗੁਰੂ-ਪਰਮੇਸ਼ਰ ਨੇ ਹੀ ਕਹੀ ਸੀ। ਪਿਆਰਾ ਸਿੰਘ ਪਦਮ ਦਾ ਇਹ ਲਿਖਣਾ ਕਿ--" ਸ੍ਰੀ ਆਦਿ ਗਰੰਥ ਵਿਚ ਤਾਂ ਭਗਤੀ ਦੇ ਸ਼ਬਦ ਹਨ ਜਿਨ੍ਹਾਂ ਦੇ ਪੜ੍ਹਨ ਨਾਲ .........ਜੁੱਧ ਆਦਿ ਦੇ ਭਾਵ ਚੂਰ ਹੁੰਦੇ ਹਨ ', ਨਿਰ-ਅਧਾਰ ਅਤੇ ਭੁਲੇਖਾ ਪਾਊ ਕੋਰਾ ਝੂਠ ਹੈ। ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਦੇ ਸਦੀਵੀ ਮਾਲਕ ਬਣ ਚੁੱਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ--**ਸ੍ਰੀ ਆਦਿ ਗਰੰਥ** " ਲਿਖਣਾ ਵੀ ਗੁਰਦੇਵ ਜੀ ਦੀ ਓਵੇ ਹੀ ਨਿਰਾਦਰੀ ਹੈ ਜਿਵੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ **ਸ੍ਰੀ ਲਹਿਣਾ**, ਜਾਂ **ਸ੍ਰੀ ਲਹਿਣਾ ਪੁਰਖ***" ਕਰਕੇ ਲਿਖਣਾ ਜਾਂ ਕਹਿਣਾ, ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਦੀ ਘੋਰ ਬੇਅਦਬੀ ਕਰਨ ਦਾ ਅਪਰਾਧ ਹੈ। ਪਤਾ ਨਹੀਂ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਇਹ ਬਚਨ ਆਪਣੀ ਪੁਸਤਕ ਵਿਚ ਕਿਸ ਕਾਰਨ ਲਿਖਣੇ ਪਸੰਦ ਨਾ ਕੀਤੇ:--

੩੫- **ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥** [੧੪੧੨]

*[**Foot note:--**ਬਚਿਤ੍ਰ ਨਾਟਕ ਸਾਹਿਬ ਅਤੇ ਚਰਿਤ੍ਰਾਂ ਬਾਰੇ ਪੁਸਤਕ ਦੇ ਛੇਵੇ ਭਾਗ ਵਿਚ ਬੜੀ ਵਿਸਥਾਰ ਨਾਲ ਗੁਰਮਤਿ ਵਿਚਾਰਾਂ ਲਿਖੀਆਂ ਜਾ ਰਹੀਆਂ ਹਨ। ਜੇ ਸਤਿਗੁਰਾਂ ਨੂੰ ਭਾਉਂਦਾ ਹੋਇਆ ਤਾਂ ਇਨ੍ਹਾਂ ਲਿਖਤਾਂ ਦਾ ਅਸਲ ਰੂਪ ਪਾਠਕਾਂ ਦੀ ਸੇਵਾ ਵਿਚ ਜ਼ਰੂਰ ਹਾਜ਼ਰ ਕੀਤਾ ਜਾਵੇਗਾ। ਨਿਰਣਾ ਪਾਠਕਾਂ ਦੇ ਸਮੂਹ ਨੇ ਅਥਵਾ ਬਹੁਸਮਤੀ ਪੰਥ ਨੇ ਕਰਨਾ ਹੈ]

ਜਿਸ ਸਥਿਤੀ ਵਿਚ ਸਤਿਗੁਰੂ ਨਾਨਕ ਜੀ ਨੇ ਗੁਰਮਤਿ ਦਾ ਪਰਚਾਰ ਅਰੰਭਿਆ ਅਤੇ ਜਿਸ ਪ੍ਰਕਾਰ ਦੀ ਸਫਲਤਾ ਪ੍ਰਾਪਤ ਉਨ੍ਹਾਂ ਨੇ ਕੀਤੀ, ਉਸ ਦੀ ਮਿਸਾਲ ਮਿਲਣੀ ਅਸੰਭਵ ਹੈ। ਉਸ ਸਾਰੀ ਘਾਲਣਾ ਬਾਰੇ ਅਸੀਂ ਪੁਸਤਕ ਦੇ ਪਹਿਲੇ ਭਾਗ ਦੇ ਪਹਿਲੇ ਕਾਂਡ ਵਿਚ ਬੜੇ ਵਿਸਥਾਰ ਨਾਲ ਪੜ੍ਹ ਆਏ ਹਾਂ। ਇਸ ਲੇਖ ਦੇ (ੳ) (ਅ) ਭਾਗ ਦੇ ਸ਼ੰਕਿਆਂ ਦੇ ਉੱਤਰ ਲਿਖਦਿਆਂ ਅਰੰਭ ਵਿਚ ਹੀ ਸਤਿਗੁਰੂ ਨਾਨਕ ਸਾਹਿਬ ਜੀ ਦੀ ਘਾਲਣਾ ਦੀ ਸੰਖੇਪ ਝਲਕੀ ਦਰਸਾਈ ਹੋਈ ਹੈ। ਦਸ਼ਮੇਸ਼ ਜੀ ਤੱਕ ਤਾਂ ਗੁਰ-ਘਰ ਕਾਫ਼ੀ ਮਜ਼ਬੂਤ ਹੋ ਚੁੱਕਾ ਸੀ। ਗੁਰੂ ਸਾਹਿਬ ਦੀ ਕਮਾਨ ਵਿਚ ੨੦੦੦ ਸੂਰਮੇ ਹਰ ਸਮੇ ਰਹਿਣ ਦਾ ਰਿਵਾਜ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇ ਤੋਂ ਹੀ ਪੈ ਚੁੱਕਾ ਸੀ। ਉਨ੍ਹਾਂ ਨੇ ਸ਼ਾਹੀ ਫ਼ੌਜਾਂ ਨੂੰ ਚਾਰ ਵਾਰੀ ਭਾਜੜਾਂ ਪਾਈਆਂ ਸਨ। ਭਾਈ ਮਤੀਦਾਸ, ਭਾਈ ਦਿਆਲਾ ਜੀ ਅਤੇ ਫਿਰ ਭਾਈ ਜੈਤਾ ਜੀ ਨੇ ਚੰਡੀ ਚਰਿਤ੍ਰ ਤਾਂ ਨਹੀਂ ਸੀ ਪੜ੍ਹਿਆ ਹੋਇਆ। ਜਾਣ ਬੁੱਝ ਕੇ ਦਸ਼ਮੇਸ਼ ਜੀ ਨੂੰ ਪਹਿਲੇ ਗੁਰੂ ਸਾਹਿਬਾਨ ਨਾਲੋਂ ਅੱਡਰਾ ਕਰਨਾ ਬੜੀ ਖ਼ਤਰਨਾਕ ਕੁਟਲਤਾ ਹੈ। ਕੀ ਭੰਗਾਣੀ ਦਾ ਯੁੱਧ ਹਿੰਦੂ ਧਰਮ ਦੀ ਰਾਖੀ ਲਈ ਲੜਿਆ ਗਿਆ ਸੀ ਕਿ ਜਾਂ ਹਿੰਦੂ ਰਜਵਾੜਿਆਂ ਦੇ ਹੱਥੋ ਦਸ਼ਮੇਸ਼ ਜੀ ਦੀ ਜਾਨ ਦੀ ਰਖਿਆ ਲਈ ਪੀਰ ਬੁਧੂ ਸ਼ਾਹ ਦੇ ਭਰਾਵਾਂ, ਪੁੱਤਰਾਂ ਅਤੇ ੭੦੦ ਮੁਰੀਦਾਂ ਨੇ ਜਾਨਾਂ ਵਾਰੀਆਂ ਸਨ? ਦਸ਼ਮੇਸ਼ ਜੀ ਨੇ ਆਪ ਪੁੱਜ ਕੇ ਹਿੰਦੂਆਂ ਦੀ ਰਖਿਆ ਲਈ ਕਿਹੜਾ ਜੰਗ ਸਹੇੜਿਆ ਸੀ? ਫ਼ਿਰ ਇਹ ਵੀ ਕਿਵੇ ਭੁਲਿਆ ਜਾ ਸਕਦਾ ਹੈ ਕਿ ਜੇ ਬੇਦਾਵਾ ਲਿਖ ਨੇ ਕਿਲ੍ਹੇ ਵਿਚੋਂ ਚਲੇ ਜਾਣ ਵਾਲਾ ਸਾਕਾ ਸੱਚ ਹੈ ਤਾਂ ਜਿਹੜੇ ਲੋਕ ਕਲਗ਼ੀਧਰ ਜੀ ਨੂੰ ਸਖ਼ਤ ਔਕੜ ਸਮੇ ਛੱਡ ਤੁਰੇ ਸਨ ਉਨ੍ਹਾਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਨ ਦੇ ਨਾਲ ਦਸਮ ਗ੍ਰੰਥ ਵਾਲੀ ਕਥਿਤ ਜੋਸ਼ੀਲੀ ਬਾਣੀ ਵੀ ਜ਼ਰੂਰ ਸੁਣੀ ਹੋਈ ਹੋਣੀ

ਹੈ? ਜਗਰਾਤਿਆਂ ਵਿਚ ਦੁਰਗਾ ਦੇਵੀ ਦੀਆਂ ਯੁੱਧ-ਪ੍ਰਾਪਤੀਆਂ ਦੇ ਸਾਕੇ ਹਿੰਦੂ ਪਰਵਾਰ ਹਜ਼ਾਰਾਂ ਸਾਲਾਂ ਤੋਂ ਸੁਣਦੇ ਆ ਰਹੇ ਸਨ। ਮਹੰਮਦ-ਬਿਨ-ਕਾਸਮ, ਤੈਮੂਰ, ਮਹਿਮੂਦ, ਬਾਬਰ ਆਦਿ ਕਈ ਹਮਲਾ ਆਵਰ ਉਨ੍ਹਾਂ ਦੇ ਧਨ ਦੇ ਨਾਲ ਉਨ੍ਹਾਂ ਦੀ ਪਤਿ, ਸਭ ਕੁਝ ਸੈਂਕੜੇ ਸਾਲ ਲੁਟੀ ਗਏ, ਦੇਵੀ ਦੇ ਭਗਤਾਂ ਨੇ ਕਿਸੇ ਨੂੰ ਰੋਕਣਾ ਤਾਂ ਕੀ ਸੀ ਸਗੋਂ ਰੋਂਦੀਆਂ ਕੁਰਲਾਉਂਦੀਆਂ ਆਪਣੀਆਂ ਧੀਆਂ ਭੈਣਾ ਆਪ ਆਪਣੇ ਮੋਢਿਆਂ ਤੇ ਚੁੱਕ ਕੇ ਜਾਬਰਾਂ ਦੇ ਹਵਾਲੇ ਕਰ ਆਉਂਦੇ ਰਹੇ ਸਨ। ਉਨ੍ਹਾਂ ਹੀ ਜਾਬਰਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਲਈ ਆ ਰਹੇ ਘੋੜੇ ਖੋਹ ਕੇ ਸੱਖ਼ਤ ਪਹਿਰੇ ਵਾਲੇ ਸ਼ਾਹੀ ਕਿਲ੍ਹੇ ਵਿਚ ਲਿਆ ਬੰਨ੍ਹੇ ਸਨ। ਸਤਿਗੁਰਾਂ ਨੇ ਫੌਜੀ ਕਾਰਵਾਈ ਦੀ ਗੱਲ ਛੇੜੀ ਤਾਂ, ਭਾਈ ਬਿਧੀ ਚੰਦ ਸਤਿਗੁਰਾਂ ਦੀ ਆਗਿਆ ਲੈ ਕੇ, ਇਕੱਲਾ ਹੀ, ਸ਼ਾਹੀ ਕਿਲ੍ਹੇ ਵਿਚੋਂ ਦੋਵੇਂ ਘੋੜੇ ਲੈ ਆਇਆ ਸੀ। ਦਸਮ ਗ੍ਰੰਥ ਦੀ ਬਾਣੀ ਦਾ ਢੋਲ ਵਜਾਉਣਾ ਅਰੰਭ ਕਰਨ ਵਾਲਿਆਂ ਨੇ ਦਸ਼ਮੇਸ਼ ਜੀ ਦੇ ਪਾਵਣ ਨਾਮਣੇ ਨਾਲ ਅਜੇਹਾ ਕਈ ਕੁੜ ਜੋੜ ਦਿੱਤਾ ਹੈ, ਜਿਸ ਦੇ ਸਿੱਟੇ ਪੰਥ ਨੂੰ ਦਿਨ ਬਦਿਨ ਢੈਂਦੀਆਂ ਕਲਾਂ ਵਲ ਲਈ ਜਾ ਰਹੇ ਹਨ। ਪੰਥ ਦੇ ਸਿਰਜਣਹਾਰ ਗੁਰੂ ਨਾਨਕ ਸਾਹਿਬ ਜੀ ਹੀ ਹਨ। ਕਿਉਂਕਿ ਦਸਾਂ ਹੀ ਸਰੂਪਾਂ ਸਮੇਂ ਉਹ ਆਪ ਹੀ ਆਪ ਵਰਤ ਰਹੇ ਸਨ। ਆਉ ਰਲ ਕੇ ਉਚੀ ਸੁਰ ਵਿਚ ਪੁਕਾਰੀਏ, ਹੇ ਗਰੀਬ ਨਿਆਸਰਿਆਂ ਦੇ ਆਸਰੇ ਦੁਖੀਆਂ ਦੇ ਸੱਚੇ ਹਮਦਰਦ, ਸ੍ਰੀ ਗੁਰੂ ਨਾਨਕ ਸਾਹਿਬ ਜੀਓ ! ਤੁਹਾਡੇ ਬਿਨਾ ਅਜੇਹਾ ਚਮਤਕਾਰ ਕੌਣ ਕਰ ਸਕਦਾ ਸੀ ?:--

੩੬- **ਐਸੀ ਲਾਲ ਤੁਝ ਬਿਨੁ ਕਉਨ ਕਰੈ ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ ॥ ੧ ॥ ਰਹਉ ॥**[੧੧੦੬]-੧

## ੪

## ਆਪੁ ਗਇਆ ਸੋਝੀ ਪਈ ...॥

ਅਸਾਂ ਅਜੇ ਹੁਣੇ ਹੀ ਇਹ ਵੀ ਵਿਚਾਰ ਕਰ ਹਟੇ ਹਾਂ ਹਉਂ ਅਥਵਾ ' ਮੈਂ " ਆਪਾ ਭਾਵ ਹੈ ਅਤੇ " **ਤੂੰ** " ਪਰਮਾਤਮਾ ਦਾ ਅਥਵਾ ਉਸ ਦੇ **ਨਾਮ** ਦਾ ਲਖਾਇਕ ਹੈ--" **ਕਬੀਰ ਤੂੰ ਤੂੰ ਕਰਤਾ ਤੂ ਹੁਆ** " " ਮੈਂ ' ਵਿਚ " ਤੂੰ " ਦਾ ਅਭਾਵ ਹੋਣਾ ਕੁਦਰਤ ਦਾ ਅਸੂਲ ਹੈ। ਜਿੱਥੇ " ਹਉਂ ਹਉਂ, ਮੈਂ ਮੈ " ਹੈ, ਉਥੋਂ " ਤੂੰ ਤੂੰ " ਦੀ ਧੁਨੀ ਉਠਣੀ ਅਸੰਭਵ ਹੈ। ਏਸੇ ਕਾਰਨ ਗੁਰੂ ਫ਼ੁਰਮਾਨ ਹੈ ਕਿ--**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥** [੫੬੦] ਆਪਾ ਭਾਵ ਅਤੇ ਪ੍ਰਭੂ ਇੱਕ ਥਾਂ ਨਹੀਂ ਰਹਿ ਸਕਦੇ। ਆਪੇ ਦੇ ਮਾਣ ਨਾਲ ਭਰੇ ਮਨੁੱਖ ਨੂੰ ਆਪਣੇ ਅੰਦਰੇ ਵੱਸਦੇ ਪਰਮਾਤਮਾ ਦਾ ਗਿਆਨ ਨਹੀਂ ਹੋ ਸਕਦਾ। **ਹਉਂ** ਅਥਵਾ **ਮੈਂ** ਸਦੀਵੀ ਟਿਕੀ ਨਹੀਂ ਰਹਿ ਸਕਦੀ । **ਮੈਂ** ਹੀ **ਮੈਂ** ਦਾ ਹੋਕਾ ਦੇਣ ਵਾਲੇ ਰਾਜੇ ਮਹਾਰਾਜੇ, ਡਾਕੂ ਲੁਟੇਰੇ ਅਸੰਖਾਂ ਹੀ ਸੰਸਾਰ ਵਿਚ ਆਏ ਅਤੇ ਚਲੇ ਗਏ ਪਰ ' **ਤੂੰ** ' ਭਾਵ, ਸਿਰਜਣਹਾਰ ਸਦਾ ਅਟੱਲ ਹੈ। ਅਤੇ **ਤੂੰ** ਨਾਲ ਜੁੜੇ ਹੋਏ ਵੀ ਆਰਮਕ ਤੌਰ ਤੇ ਜਿਉਂਦੇ ਹਨ-ਸੋ ਜੀਵਤ ਜਿਹ ਜੀਵਤ ਜਪਿਆ ॥ [੨੫੪] ਅਰਦਾਸ ਕਰਦਿਆਂ ਦਸਾਂ ਸਤਿਗੁਰਾਂ ਸਮੇਤ ਜਿਨ੍ਹਾਂ ਮਹਾਂਪੁਰਖਾਂ ਦੇ ਹਠੀਆਂ ਜਪੀਆਂ ਨੇ ਨਾਮ ਅਸੀਂ ਲੈਂਦੇ ਹਾਂ ਆਤਮਕ ਤੌਰ ਤੇ ਉਹ ਜੀਊਂਦੇ ਹੀ ਹਨ। ਆਪੇ ਦਾ ਭਾਵ ਝੂਠ ਹੈ, ਅਤੇ ਝੂਠ ਦੇ ਪਰਦੇ ਵਿਚਦੀ ਪ੍ਰਭੂ ਦੇ ਦਰ ਦੀ ਸੋਝੀ ਨਹੀਂ ਹੋ ਸਕਣੀ। ਜਿਵੇ ਇਹ ਸਚਾਈ ਹੈ ਕਿ ਕਿਸੇ ਭਾਂਡੇ ਵਿਚ ਕੋਈ ਹੋਰ ਵਸਤੂ ਤਦ ਹੀ ਪੈ ਸਮਾ ਸਕਦੀ ਹੈ, ਜੇ ਪਹਿਲੀ ਵਸਤੂ ਕੱਢ ਕੇ ਭਾਂਡਾ ਖ਼ਾਲੀ ਕਰ ਲਿਆ ਜਾਵੇ ਅਤੇ ਪਾਉਣ ਵਾਲੀ ਨਵੀਂ ਵਸਤੂ ਦੀ ਪਾਵਨਤਾ ਅਨੁਸਾਰ ਉਸ ਭਾਂਡੇ ਨੂੰ ਸਾਫ਼ ਸੁਥਰਾ ਕਰ ਲਿਆ ਜਾਵੇ--**ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥** ੪੭੪]। ਸੁਰਤ, ਮਤਿ, ਮਨ, ਬੁੱਧ ਆਦਿ ਨਾਵਾਂ ਨਾਲ ਜਾਣਿਆਂ ਜਾਣ ਵਾਲਾ **ਭਾਂਡਾ**, (ਮੈ ਹੀ ਵਡਾ ਸਿਆਣਾ ਹਾਂ, ਇਹ ਸਾਰੀ ਜਾਇਦਾਦ ਮੈਂ ਆਪਣੀ ਹੀ ਸਮਝ ਨਾਲ ਬਣਾਈ ਹੈ, ਮੈ ਹੀ ਇਸ ਦਾ ਇਕੋ ਇੱਕ ਮਾਲਕ ਹਾਂ, ਮੈਂ ਕਿਸੇ ਨੂੰ ਕੀ ਜਾਣਦਾ ਹਾਂ ? ਅਜੇਹੇ ਵਿਚਾਰ ਵਾਲੇ " ਆਪਾ ਭਾਵ ' (=ਹਉਮੈ) ਦੀ ਮੈਲ ਨਾਲ ਭਰੇ ਹੋਏ ਹਨ---**ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥**[੭੫੬] ਮੈਲ-ਭਰੇ ਇਸ **ਭਾਂਡੇ** ਵਿਚ ਗੁਰੂ-ਸ਼ਬਦ ਤੋਂ ਪ੍ਰਾਪਤ ਹੋਣ ਵਾਲੀ **ਮਤਿ** (=ਬ੍ਰਹਮ ਗਿਆਨ ਦੀ ਸੋਝੀ) ਕਿਵੇਂ ਸਮਾ ਸਕਦੀ ਹੈ। ਇਸ ਲਈ " **ਆਪਾ ਭਾਵ** " ਗੁਆ ਕੇ ਸਤਿਗੁਰਾਂ ਦੀ ਹਜ਼ੂਰੀ* ਵਿਚ ਪੁੱਜਣਾ ਚਾਹੀਦਾ ਹੈ। *[**Foot note**:--" ਸਤਿਗੁਰਾਂ ਦੀ **ਹਜ਼ੂਰੀ** ' ਤੋਂ ਭਾਵ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ-ਵਿਚਾਰ ਨਾਲ ਮਨ ਕਰਕੇ ਜੁੜਨਾ ਅਤੇ ਉਸ ਤੋਂ ਪ੍ਰਾਪਤ ਹੋਏ ਉਪਦੇਸ਼ ਅਨੁਸਾਰ ਆਪਣਾ ਜੀਵਨ ਬਣਾ ਲੈਣ ਦੇ ਉਪਰਾਲੇ ਵਿਚ ਜੁੱਟ ਜਾਣਾ ਹੈ]

ਆਉਂ ਸ਼ਬਦ ਵਿਚਾਰ ਤੋਂ ਗੁਰਮਤਿ ਦੇ ਇਸ ਸਿਧਾਂਤ ਨੂੰ ਦ੍ਰਿੜ ਕਰਨ ਦਾ ਯਤਨ ਕਰੀਏ:--

੩੭- **ਦਾਸਨਿ ਦਾਸੁ ਹੋਵੈ ਤਾ ਹਰਿ ਪਾਏ ਵਿਚਹੁ ਆਪੁ ਗਵਾਈ ॥ ਭਗਤਾ ਕਾ ਕਾਰਜੁ ਹਰਿ ਅਨੰਦੁ**
**ਹੈ ਅਨਦਿਨੁ ਹਰਿਗੁਣ ਗਾਈ ॥ ਸਬਦਿ ਰਤੇ ਸਦਾ ਇਕ ਰੰਗੀ ਹਰਿ ਸਿਉ ਰਹੇ ਸਮਾਈ ॥ ੧ ॥**[੬੦੦]-੩

**ਅਰਥ**:--ਜਿਹੜਾ ਮਨੁੱਖ ਆਪਣੇ ਅੰਦਰੋਂ ਆਪਾ ਭਾਵ ਦੂਰ ਕਰਕੇ ਬਹੁਤ ਗ਼ਰੀਬੀ ਸੁਭਾਵ ਵਾਲਾ ਬਣਦਾ ਹੈ, ਉਹ ਪਰਮਾਤਮਾ ਨੂੰ ਮਿਲ ਪੈਂਦਾ ਹੈ। ਪ੍ਰਭੂ ਦੇ ਭਗਤਾਂ ਦਾ ਮੁੱਖ ਕੰਮ ਹੈ ਕਿ ਉਹ (ਆਪਾ ਭਾਵ ਗਵਾ ਕੇ) ਹਰ ਵੇਲੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਗੀਤ ਗਾ ਕੇ ਉਸ ਦੇ ਮਿਲਾਪ ਦਾ ਅਨੰਦ ਮਾਣਦੇ ਹਨ । ਭਗਤ ਜਨ ਗੁਰੂ ਦੇ ਸ਼ਬਦ ਵਿਚ ਸਦਾ ਇਕ-ਰਸ ਰੰਗੇ ਰਹਿ ਕੇ ਪਰਮਾਤਮਾ (ਦੀ ਯਾਦ) ਵਿਚ ਲੀਨ ਰਹਿੰਦੇ ਹਨ । ੧ ।

੩੮- **ਸਤਿਗੁਰੁ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ ॥ ਏਕ ਨਦਰਿ ਕਰਿ ਵੇਖੈ ਸਭ**
**ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ ॥ ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ ॥ ੪ ॥** [੬੦੨]-੬

**ਅਰਥ**:--ਸਤਿਗੁਰੂ ਜੀ ਹਰ ਵੇਲੇ ਹੀ ਦਇਆਵਾਨ ਰਹਿੰਦੇ ਹਨ (ਮਾਇਆ-ਵੇੜ੍ਹਿਆ ਮਨੁੱਖ ਗੁਰੂ ਦੀ ਸਰਨ ਨਹੀਂ ਆਉਂਦਾ) ਕਿਸਮਤਿ ਤੋਂ ਬਿਨਾ (ਗੁਰੂ ਪਾਸੋਂ) ਕੀ ਮਿਲੇ ? ਗੁਰੂ ਸਭਨਾਂ ਨੂੰ ਇਕ ਪਿਆਰ ਦੀ ਨਜ਼ਰ ਨਾਲ ਵੇਖਦਾ ਹੈ । (ਪਰ ਸਾਡੀ ਜੀਵਾਂ ਦੀ) ਜਿਹੋ ਜਿਹੀ ਭਾਵਨਾ ਹੁੰਦੀ ਹੈ ਉਹੋ ਜਿਹਾ ਫਲ (ਸਾਨੂੰ ਗੁਰੂ ਪਾਸੋਂ) ਮਿਲ ਜਾਂਦਾ ਹੈ । ਹੇ ਨਾਨਕ ! (ਜੇ ਗੁਰੂ ਦੀ ਸਰਨ ਪੈ ਕੇ ਆਪਣੇ) ਅੰਦਰੋਂ ਆਪਾ-ਭਾਵ ਦੂਰ ਕਰ ਲਈਏ, ਤਾਂ ਪਰਮਾਤਮਾ ਦਾ ਨਾਮ ਮਨ ਵਿਚ ਆ ਵੱਸਦਾ ਹੈ । ੪ ।

੩੯- **ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥ ਤਨੁ ਮਨੁ ਸਉਪੀ ਆਗੈ ਧਰੀ**

ਵਿਚਹੁ ਆਪੁ ਗਵਾਇ ॥ ੨੨ ॥ ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥
ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ ॥ ੨੩ ॥ [੭੫੬]-੧-੩

**ਅਰਥ**:--(ਜੇ ਪ੍ਰਭੂ ਮਿਹਰ ਕਰੇ ਤਾਂ) ਮੈਂ ਆਪਣੇ ਗੁਰੂ ਦੀ ਵਡਿਆਈ ਕਰਾਂ, ਨਿਉਂ ਨਿਉਂ ਕੇ ਮੈਂ ਗੁਰੂ ਦੀ ਚਰਨੀਂ ਲੱਗਾਂ, ਆਪਣੇ ਅੰਦਰੋਂ ਆਪਾ ਭਾਵ (ਹਉਂਮੈ) ਦੂਰ ਕਰ ਕੇ ਆਪਣਾ ਮਨ ਤਨ ਗੁਰੂ ਦੇ ਹਵਾਲੇ ਕਰ ਦਿਆਂ (ਮਨ-ਤਨ ਹਵਾਲੇ ਕਰਨਾ=ਭਾਵ, ਮਨ ਕਰਕੇ ਗੁਰੂ ਦੇ ਹੁਕਮ ਦੀ ਪਾਲਣਾ ਕਰਦਾ ਹੋਇਆ ਸਰੀਰਕ ਰਹਿਣੀ ਗੁਰਮਤਿ ਅਨੁਸਾਰ ਬਣਾ ਲਵਾਂ) । ੨੩ । ਡਾਂਵਾਂ-ਡੋਲ ਹਾਲਤ ਵਿਚ ਵਿਚ ਰਿਹਾਂ ਸਦਾ ਖ਼ੁਆਰ ਹੋਈਦਾ ਹੈ। ਇੱਕ ਪਰਮਾਤਮ ਨਾਲ ਹੀ ਸੁਰਤਿ ਜੋੜੀ ਰੱਖ। ਆਪਣੇ ਅੰਦਰੋਂ ਮੈ ਮੇਰੀ ਵਾਲੀ ਹਉਮੈ ਦੂਰ ਕਰ ਅਤੇ ਸਦਾ ਥਿਰ ਰਹਿਣ ਵਾਲੇ ਪ੍ਰਭੂ ਵਿਚ ਲੀਨਤਾ ਪ੍ਰਾਪਤ ਕਰ ਲਵੇਂਗਾ । ੨੪।

੪੦- ਗੁਰਮੁਖਿ ਹੋਵੈ ਸੋ ਤਤੁ ਪਾਏ ॥ ਆਪਣਾ ਆਪੁ ਵਿਚਹੁ ਗਵਾਏ ॥
ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥ ੭ ॥[੧੦੧੬]-੧

੪੧- ਆਵਾ ਗਉਣੁ ਨਿਵਾਰਿ ਸਚਿ ਰਾਤੇ ਸਾਚ ਸਬਦੁ ਮਨਿ ਭਾਇਆ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਜਿਨਿ ਵਿਚਹੁ ਆਪੁ ਗਵਾਇਆ ॥ ੫ ॥ [੧੨੩੪]-੨

੪੨- ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥ ਮਿਲਿ ਸਤਸੰਗਤਿ ਹਰਿ ਪਾਈਐ
ਗੁਰਮੁਖਿ ਹਰਿ ਲਿਵ ਲਾਇ ॥ ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥ ੨ ॥[੨੨]-੨੨

੪੩- ਨਾਨਕ ਕੀ ਅਰਦਾਸਿ ਹੈ ਸਚ ਨਾਮਿ ਸੁਹੇਲਾ ॥
ਆਪੁ ਗਇਆ ਸੋਝੀ ਪਈ ਗੁਰ ਸਬਦੀ ਮੇਲਾ ॥ ੧ ॥ ਰਹਾਉ ॥ [੪੨੧]-੨੦

੪੪- ਜਨ ਕੀ ਕੀਨੀ ਆਪਿ ਸਹਾਇ ॥ ਸੁਖੁ ਪਾਇਆ ਲਗਿ ਦਾਸਹ ਪਾਇ ॥
ਆਪੁ ਗਇਆ ਤਾ ਆਪਹਿ ਭਏ ॥ ਕ੍ਰਿਪਾ ਨਿਧਾਨ ਕੀ ਸਰਨੀ ਪਏ ॥ ੩ ॥ [੨੦੨]-੧੧੦-੧੬੯

੪੫- ਹਉ ਮੈ ਕਰੀ ਤਾਂ ਤੂ ਨਾਹੀ, ਤੂ ਹੋਵਹਿ ਹਉ ਨਾਹਿ ॥ ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥
ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸਭ ਮਾਹਿ ॥ ਸਤਿਗੁਰੁ ਮਿਲੈ ਤ ਜਾਣੀਐ ਜਾਂ ਸਬਦੁ ਵਸੈ ਮਨ ਮਾਹਿ ॥
ਆਪੁ ਗਇਆ ਭ੍ਰਮੁ ਭਉ ਗਇਆ ਜਨਮ ਮਰਨ ਦੁਖ ਜਾਹਿ ॥ ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥
ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥ ੧ ॥[੧੦੯੩]-ਵਾ-੧੯

[ਸੋਹੰ ਹੰਸਾ ਜਪੁ=ਉਹ ਜਪ ਜਿਸ ਨਾਲ " ਉਹ ਮੈਂ " ਤੇ " ਮੈਂ ਉਹ " ਹੋ ਜਾਏ, ਉਹ ਸਿਮਰਨ ਜਿਸ ਨਾਲ ਜੀਵ ਤੇ ਪ੍ਰਭੂ ਇੱਕ-ਰੂਪ ਹੋ ਜਾਣ ]

**ਅਰਥ**:--ਹੇ ਪ੍ਰਭੂ ! ਜਦੋਂ ਮੈਂ ' ਹਉਂ ਹਉਂ ਕਰਦਾ ਹਾਂ ਉਦੋਂ ਤੂੰ (ਮੇਰੇ ਅੰਦਰ ਪ੍ਰਗਟ) ਨਹੀਂ ਹੁੰਦਾ, ਪਰ ਜਦੋਂ ' ਤੂੰ ' ਆ ਵੱਸਦਾ ਹੈਂ ਮੇਰੀ ' ਹਉਂ ' ਮੁੱਕ ਜਾਂਦੀ ਹੈ । ਹੇ ਗਿਆਨਵਾਨ ! ਅਕੱਥ ਪ੍ਰਭੂ ਦੀ ਇਹ ਡੂੰਘੀ ਰਾਜ਼ ਵਾਲੀ ਗੱਲ ਆਪਣੇ ਮਨ ਵਿਚ ਸਮਝ । ਅਲੱਖ ਪ੍ਰਭੂ ਵੱਸਦਾ ਤਾਂ ਅੰਦਰ ਹੈ, ਪਰ ਇਹ ਅਸਲੀਅਤ ਗੁਰੂ ਤੋਂ ਬਿਨਾ ਨਹੀਂ ਲੱਭਦੀ, ਜਦੋਂ ਗੁਰੂ ਮਿਲ ਪਏ ਅਤੇ ਗੁਰੂ ਦਾ ਸ਼ਬਦ ਮਨ ਵਿਚ ਆ ਵੱਸੇ ਤਾਂ ਇਹ ਸਮਝ ਆਉਂਦੀ ਹੈ ।

ਜਿਸ ਮਨੁੱਖ ਦੀ ' ਹਉਂ ' ਦੂਰ ਹੋ ਜਾਂਦੀ ਹੈ (ਮੌਤ ਆਦਿਕ ਦਾ) ਡਰ ਮੁੱਕ ਜਾਂਦਾ ਹੈ, ਉਸ ਦੇ ਸਾਰੀ ਉਮਰ ਦੇ ਦੁੱਖ ਨਾਸ ਹੋ ਜਾਂਦੇ ਹਨ (ਕਉਂਕਿ ਦੁੱਖ ਹੁੰਦੇ ਹੀ ਏਹੀ ਹਨ, ਭਾਵ, ਸੈਂਕੜੇ ਦੁਖਾਂ ਦਾ ਮੂਲ ਹਉਮੈ-ਰੋਗ ਅਤੇ ਇਸ ਤੋਂ ਉਪਜਿਆ ਮੌਤ ਦੇ ਡਰ ਦਾ ਦੁੱਖ) । ਗੁਰੂ ਦੀ ਮਤਿ (ਅਨੁਸਾਰ ਜੀਵਨ ਬਣਾ) ਲਿਆਂ ਜਿੰਨ੍ਹਾਂ ਨੂੰ ਰੱਬ ਦਿੱਸ ਪੈਂਦਾ ਹੈ, ਜਿੰਨ੍ਹ ਦੀ ਬੁੱਧ ਉਜਲ ਹੋ ਜਾਂਦੀ ਹੈ ਉਹ (ਇਨ੍ਹਾਂ ਦੁਖਾਂ ਦੇ ਸਮੁੰਦਰ ਤੋਂ) ਤਰ ਜਾਂਦੇ ਹਨ । (ਗੁਰਦੇਵ ਜੀ ਦਾ ਫ਼ੁਰਮਾਨ--) ਸੋ (ਤੂੰ ਵੀ) ਸਿਮਰਨ ਕਰ ਜਿਸ ਨਾਲ ਤੇਰੀ ਆਤਮਾ ਪ੍ਰਭੂ ਨਾਲ ਇੱਕ-ਰੂਪ ਹੋ ਜਾਏ, (ਵੇਖ) ਤ੍ਰਿਲੋਕੀ ਦੇ ਹੀ ਜੀਵ ਉਸ ਵਿਚ ਟਿਕੇ ਹੋਏ ਹਨ (ਉਸ ਦੇ ਆਸਰੇ ਹਨ) । ੧ ।

੪੬- ੜਾੜੈ ਰੂੜਾ ਹਰਿ ਜੀਉ ਸੋਈ ॥ ਤਿਸੁ ਬਿਨੁ ਰਾਜਾ ਅਵਰੁ ਨ ਕੋਈ ॥ ੜਾੜੈ ਗਾਰੜੁ ਤੁਮ ਸੁਣਹੁ
ਹਰਿ ਵਸੈ ਮਨ ਮਾਹਿ ॥ ਗੁਰਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ ॥ ਸੋ ਸਾਹੁ ਸਾਚਾ
ਜਿਸੁ ਹਰਿ ਧਨੁ ਰਾਸਿ ॥ ਗੁਰਮੁਖਿ ਪੂਰਾ ਤਿਸੁ ਸਾਬਾਸਿ ॥ ਰੂੜੀ ਬਾਣੀ ਹਰਿ ਪਾਇਆ ਗੁਰ
ਸਬਦੀ ਬੀਚਾਰਿ ॥ ਆਪੁ ਗਇਆ ਦੁਖੁ ਕਟਿਆ ਹਰਿ ਵਰੁ ਪਾਇਆ ਨਾਰਿ ॥ ੪੭ ॥ [੯੩੬-੩੭]-ਓਂ

**ਅਰਥ**:--ਉਹ ਪ੍ਰਭੂ ਹੀ (ਸਭ ਤੋਂ ਵਧੀਕ) ਸੁਦਰ (=ਰੂੜਾ) ਹੈ, ਉਸ ਤੋਂ ਬਿਨਾ ਹੋਰ ਕੋਈ (ਭਾਵ, ਉਸ ਦੇ ਬਰਾਬਰ ਦਾ) ਹਾਕਮ ਨਹੀਂ ਹੈ। (ਹੇ ਭਾਈ !) ਮਨ ਨੂੰ ਵੱਸ ਕਰਨ ਲਈ (ਗੁਰੂ-ਸ਼ਬਦ-ਰੂਪ ਮੰਤ੍ਰ ਸੁਣ (ਇਸ ਨਾਲ) ਪ੍ਰਭੂ ਮਨ ਵਿਚ ਆ ਵੱਸਦਾ ਵੱਸੇਗਾ। ਪਰ ਮਤਾਂ ਕਿਸੇ ਕਿਸੇ ਭੁਲੇਖੇ ਵਿਚ ਪਏਂ, (ਕਿ ਪ੍ਰਭੂ ਗੁਰੂ ਤੋਂ ਬਿਨਾ ਪ੍ਰਾਪਤ ਹੋ ਸਕਦਾ ਹੈ) ਪ੍ਰਭੂ ਤਾਂ ਗੁਰੂ ਦੀ ਮਿਹਰ ਨਾਲ ਹੀ ਮਿਲਦਾ ਹੈ। ਗੁਰੂ ਹੀ ਸੱਚਾ ਸ਼ਾਹ ਹੈ ਜਿਸ ਦੇ ਪ੍ਰਭੂ ਦਾ ਨਾਮ-ਰੂਪ ਧਨ ਹੈ, ਗੁਰੂ ਹੀ ਪੂਰਨ ਪੁਰਖ ਹੈ, ਗੁਰੂ ਨੂੰ ਹੀ ਧੰਨ ਧੰਨ ਆਖੋ। (ਜਿਸ ਕਿਸੇ ਨੂੰ ਮਿਲਿਆ ਹੈ) ਸਤਿਗੁਰੂ ਦੀ ਸੁੰਦਰ ਬਾਣੀ ਰਾਹੀਂ, ਗੁਰੂ ਦੇ ਸ਼ਬਦ ਦੀ ਵਿਚਾਰ ਦੀ ਰਹੀ ਹੀ ਪ੍ਰਭੂ ਮਿਲਿਆ ਹੈ, (ਗੁਰੂ ਦੀ ਲਿਖਿਆ ਰਾਹੀਂ ਜਿਸ ਦਾ) ਆਪਾ-ਭਾਵ ਦੂਰ ਹੋਇਆ ਹੈ (ਹਉਮੈ ਦਾ ਦੁੱਖ ਕੱਟਿਆ ਗਿਆ ਹੈ ਉਸ ਜੀਵ ਇਤ੍ਰੀ ਨੇ ਪ੍ਰਭੂ-ਖ਼ਸਮ ਲੱਭ ਲਿਆ ਹੈ । ੪੭ ।

੪੭- ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥ ੨੦੪ ॥ [੧੩੭੫]

੫

## ਕਹੁ ਨਾਨਕ ਬਿਨੁ ਆਪਾ ਚੀਨੈ....॥

**ਜਬ ਲਗ ਖ਼ਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਆ ਮੈਂ ਸਾਰਾ** '। ਇਨ੍ਹਾਂ ਬਚਨਾਂ ਦਾ ਸਪੱਸ਼ਟ ਅਰਥ ਹੈ ਕਿ ਖ਼ਾਲਸਾ ਜੀ ਦਾ ਤੇਜ ਪ੍ਰਤਾਪ ਨਿਆਰਾ ਰਹਿਣ ਦੀ ਸ਼ਰਤ ਨਾਲ ਜੁੜਿਆ ਹੋਇਆ ਸੀ। ਰਾਜ ਭਾਗ ਖੁੱਸ ਜਾਣ ਤੇ ਸਾਨੂੰ ਚਾਹੀਦਾ ਸੀ ਕਿ ਅਸੀਂ ਆਪਣਾ ਆਪਾ ਫ਼ਰੋਲਦੇ । ਕੀ, ਅਸੀਂ ਅੱਜ ਵੀ ਉਨ੍ਹਾਂ ਹੀ ਗੁਣਾ ਦੇ ਮਾਲਕ ਹਾਂ ਜਿਨ੍ਹਾਂ ਗੁਣਾਂ ਦੇ ਕਾਰਨ ਸਾਨੂੰ ਤੇਜ ਪ੍ਰਤਾਪ ਦੀ ਪ੍ਰਾਪਤੀ ਹੋਈ ਸੀ ?

ਕਿਡੀ ਦੁਖਦਾਈ ਸਥਿਤੀ ਬਣੀ ਹੋਈ ਹੈ ਕਿ, ਪੰਥਕ ਤੌਰ ਤੇ " **ਖ਼ਾਲਸਾ-ਰਾਜ** " ਦੀ ਮੰਗ ਤਾਂ ਨਿਰੰਤਰ ਕੀਤੀ ਜਾਂ ਰਹੀ ਹੈ ਪਰ--" **ਆਪਾ ਫ਼ਰੋਲ ਕੇ** " ਆਪਣੇ ਅੰਦਰ ਆ ਵੜੀਆਂ ਕਮੀਆਂ ਨੂੰ ਦੂਰ ਕਰਨ ਦੀ ਲੋੜ ਅਸੀਂ ਮੁਕਾਈ ਬੈਠੇ ਹਾਂ। ਗੁਰਬਾਣੀ ਵਿਚੋਂ ' **ਆਪਾ ਪਰਖਣ** ' ਦਾ ਉਪਦੇਸ਼ ਕਈ ਵਾਰੀ ਪੜ੍ਹਿਆ ਸੁਣਿਆ ਜਾ ਰਿਹਾ ਹੁੰਦਾ ਹੈ। ਹੰਕਾਰ ਗ੍ਰਸੀ ਸੁਰ ਵਿਚ " **ਗੁਰੂ ਵਾਲੇ** " ਹੋਣ ਦੀ ਘੋਸ਼ਨਾ ਕਰਦੇ ਰਹਿਣ ਨੂੰ ਸੱਚੀ ਗੁਰੂ-ਸੇਵਾ ਮਿਥੀ ਬੈਠੇ,, ਬਾਣੀ ਅਤੇ ਬਾਣੇ ਦੇ ਧਾਰਨੀ, ਹੇ ਅੰਮ੍ਰਿਤ ਧਾਰੀ ਸੱਜਣੋ ! ਕੀ, ਆਪਣੇ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਜੀਵਨ ਬਨਾਉਣ ਦੀ ਗੱਲ ਵੀ ਕਦੇ ਸੋਚੀ ਜੇ? ਸਤਿਗੁਰਾਂ ਨੇ ਆਪਣੇ ਕਈ ਬਚਨਾਂ ਦੁਆਰਾ ਸਮਝਾਇਆ ਹੈ ਕਿ, ਜਿਹੜੇ ਮਨੁੱਖ ਆਪਣੇ ਜੀਵਨ ਦੀ ਪੜਤਾਲ ਨਹੀਂ ਕਰਦੇ, ਜਿਹੜੇ ਮਨੁੱਖ ਆਪਣੀਆਂ ਖ਼ਾਮੀਆਂ ਵੱਲ ਝਾਤੀ ਨਹੀਂ ਮਾਰੇਦ, ਉਹ ਕਦੇ ਸੁਖੀ ਜੀਵਨ ਵਾਲੇ ਨਹੀਂ ਬਣ ਸਕਦੇ । ਮਾਇਆ ਦੇ ਮੋਹ ਵਿਚ ਡੁੱਬੇ ਰਹਿ ਕੇ ਆਤਮਕ ਮੌਤੇ ਸਹੜੀ ਬੈਠ ਵੀ ਅਸੀਂ ਵਡੇ ਧਰਮੀ ਹੋਣ ਦੀ ਵਡਿਆਈ ਦਾ ਹੰਕਾਰ ਲਈ ਬੈਠੇ ਹਾਂ। " --**ਆਪਣਾ ਆਪੁ ਨ ਪਛਾਣਹਿ ਸੰਤਹੁ ਕੂੜਿ ਕਰਹਿ ਵਡਿਆਈ ॥ ੧੩ ॥ ਪਾਖੰਡਿ ਕੀਨੈ ਜਮੁ ਨਹੀ ਛੋਡੈ ਲੈ ਜਾਸੀ ਪਤਿ ਗਵਾਈ ॥ ੧੪ ॥** [੯੧੦]

ਵਿਚਾਰ ਨੂੰ ਅੱਗੇ ਤੋਰਨ ਤੋਂ ਪਹਿਲਾਂ **ਆਪਾ ਪਰਖਣ** ਬਾਰੇ ਸਤਿਗੁਰਾਂ ਦੇ ਪਾਵਨ ਬਚਨਾਂ ਤੋਂ ਸਿਖਿਆ ਲੈ ਕੇ ਆਪਣੇ ਅਸਲੇ ਦੀ ਪਛਾਣ ਕਰਨ ਦਾ ਉਪਰਾਲਾ ਕਰ ਵੇਖੀਏ :--

੪੮- **ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥**
**ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥ ੬ ॥** [੬੮੫]-੧

**ਅਰਥ:**--(ਪਿਛਲੇ ਕਰਮਾ ਅਨੁਸਾਰ ਧੁਰੋਂ) ਆਤਮਕ ਮੌਤ ਦਾ (ਲੇਖ ਲਿਖਵਾ ਕੇ) ਜਗਤ ਵਿਚ ਆਇਆ ਜਿਹੜਾ ਮਨੁੱਖ ਆਪਣੇ ਆਤਮਕ ਜੀਵਨ ਨੂੰ ਨਹੀਂ ਪਰਖਦਾ (ਜਿਹੜਾ ਆਪਣੇ ਆਪੇ ਦੀ ਪਛਾਣ ਕਰਕੇ ਆਪਣੇ ਗੁਣਾ ਔਗੁਣਾ ਵੱਲ ਕਦੇ ਝਾਤੀ ਨਹੀਂ ਮਾਰਦਾ) ਉਹ ਭਟਕ ਭਟਕ ਕੇ ਦੁਖੀ ਹੁੰਦਾ ਰਹਿੰਦਾ ਹੈ, ਪਰਮਾਤਮਾ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਭਾਲ ਵਿਚ ਉਹ ਅਮੋਲਕ ਮਨੁੱਖਾ ਜਨਮ ਗਵਾ ਲੈਂਦਾ ਹੈ, ਅਨੇਕਾਂ ਹੋਰ ਹੋਰ ਜਤਨ ਕਰਨ ਕਰਕੇ (ਸਹੇੜੀ ਹੋਈ) ਆਤਮਕ ਮੌਤ ਉਸ ਨੂੰ ਸਦਾ ਦੁਖੀ ਕਰਦੀ ਰਹਿੰਦੀ ਹੈ। ੬।

੪੯- **ਆਪੁ ਵੀਚਾਰਿ ਨ ਰੋਵੈ ਕੋਈ ॥ ਸਤਿਗੁਰੁ ਮਿਲੈ ਤਾ ਸੋਝੀ ਹੋਈ ॥**
**ਬਿਨੁ ਗੁਰ ਬਜਰ ਕਪਾਟ ਨ ਖੂਲਹਿ ਸਬਦਿ ਮਿਲੈ ਨਿਸਤਾਰਾ ਹੇ ॥ ੧੦ ॥** [੧੦੨੭]-੧-੭

**ਅਰਥ:**---ਜਿਹੜਾ ਕੋਈ ਮਨੁੱਖ ਆਪਣੇ ਆਪੇ ਨੂੰ ਪੜਤਾਲਦਾ ਰਹਿੰਦਾ ਹੈ ਉਹ (ਜੀਵਨ ਵਿਚ) ਦੁਖੀ ਨਹੀਂ ਹੁੰਦਾ । ਪਰ ਇਹ ਸੋਝੀ ਕਿਸੇ ਨੂੰ ਤਦੋਂ ਹੀ ਹੁੰਦੀ ਹੈ ਜਦੋਂ ਉਸ ਨੂੰ ਗੁਰੂ (ਗ੍ਰੰਥ ਸਾਹਿਬ) ਜੀ ਮਿਲ ਪੈਣ । (ਭਾਵ, ਜੀਵਨ ਵਿਚ ਹੋਈਆਂ ਪ੍ਰਾਪਤੀਆਂ ਦੀ ਅਤੇ ਨਮੋਸ਼ੀਆਂ ਵਾਲੀਆਂ ਨਾਕਾਮੀਆਂ ਦੀ ਵਿਚਾਰ ਕਰਦਾ ਰਹਿ ਕੇ, ਜਿਹੜਾ ਮਨੁੱਖ ਆਪਣਾ ਜੀਵਨ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਢਾਲਣਾ ਸਿੱਖ ਜਾਵੇ, ਉਹ ਦੁਖੀ ਨਹੀਂ ਹੁੰਦਾ, ਗੁਰੂ ਮਿਲ ਪੈਣ ਦਾ ਅਰਥ ਗੁਰੂ ਦੇ ਸਰੂਪ ਦੇ ਦਰਸ਼ਨ ਨਹੀਂ ਹੈ, ਸਤਿਗੁਰਾਂ ਦੇ ਗਿਆਨ ਦੀ ਸੋਝੀ ਹੀ ਗੁਰੂ ਦੇ ਦਰਸ਼ਨ ਹਨ) । (ਮਾਇਆ ਦੇ ਮੋਹ ਤੋਂ ਉਪਜੀ ਹਉਮੈ ਦੇ ਕਾਰਨ ਮਨੁੱਖ ਦੀ ਅਕਲ ਤੇ ਪੜਦਾ ਪਿਆ ਰਹਿੰਦਾ ਹੈ, ਅਕਲ, ਮਾਨੋ, ਕਰੜੇ ਕਵਾੜਾਂ ਵਿਚ ਬੰਦ ਰਹਿੰਦੀ ਹੈ) ਗੁਰੂ (-ਗ੍ਰੰਥ ਸਾਹਿਬ ਜੀ ਦੇ ਗਿਆਨ) ਤੋਂ ਬਿਨਾ ਉਹ ਕਰੜੇ ਕਵਾੜ ਖੁਲ੍ਹਦੇ ਨਹੀਂ ਹਨ । ਜਿਹੜਾ ਮਨੁੱਖ ਗੁਰੂ ਦੇ ਸ਼ਬਦ-ਗਿਆਨ ਦੀ ਵਿਚਾਰ ਵਿਚ ਜੁੜਦਾ ਹੈ ਉਹ (ਉਹ ਇਸ ਕੈਦ ਵਿਚੋਂ) ਖ਼ਲਾਸੀ ਹਾਸਲ ਕਰ ਲੈਂਦਾ ਹੈ । ੧੦ ।

੫੦- **ਬਿਨੁ ਗੁਰ, ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ ॥ ਸੋਹੰ ਆਪੁ ਪਛਾਣੀਐ**
**ਸਬਦਿ ਭੇਦਿ ਪਤੀਆਇ ॥ ਗੁਰਮੁਖਿ ਆਪੁ ਪਛਾਣੀਐ ਅਵਰੁ ਕਿ ਕਰੇ ਕਰਾਇ ॥ ੯ ॥** [੫੯]-੧੧

**ਅਰਥ:**--ਗੁਰੂ (ਦੀ ਸਰਣ ਪੈਣ) ਤੋਂ ਬਿਨਾ (ਪ੍ਰਭੂ-ਚਰਨਾਂ ਵਿਚ) ਪ੍ਰੀਤ ਪੈਦਾ ਨਹੀਂ ਹੁੰਦੀ (ਕਿਉਂਕਿ ਮਨੁੱਖ ਦੇ ਆਪਣੇ ਉੱਦਮ ਨਾਲ ਮਨ ਵਿਚੋਂ) ਹਉਮੈ ਦੀ ਮੈਲ ਦੂਰ ਨਹੀਂ ਹੋ ਜਾਂਦੀ । ਜਦੋਂ ਮਨੁੱਖ ਦਾ ਮਨ ਗੁਰੂ ਦੇ ਸ਼ਬਦ-(ਗਿਆਨ) ਵਿਚ ਵਿੱਝ ਜਾਂਦਾ ਹੈ, ਗੁਰੂ ਦੇ ਸ਼ਬਦ (-ਗਿਆਨ) ਵਿਚ ਪਤੀਜ ਜਾਂਦਾ ਹੈ, ਤਦੋਂ ਇਹ ਪਛਾਣ ਆਉਂਦੀ ਹੈ ਕਿ ਮੇਰਾ ਆਪਾ ਪ੍ਰਭੂ ਵਿਚ ਲੀਨ ਹੋਇਆ ਹੈ ਕਿ ਨਹੀਂ । ਗੁਰੂ ਦੀ ਸਰਨ ਪੈ ਕਰ ਹੀ ਮਨੁੱਖ ਆਪਣੇ ਆਪ ਨੂੰ (ਆਪਣੇ ਅਸਲੇ ਨੂੰ) ਪਛਾਣਦਾ ਹੈ । (ਗੁਰੂ ਦੀ ਸਰਨ ਤੋਂ ਬਿਨਾ) ਜੀਵ ਹੋਰ ਕੋਈ ਉੱਦਮ ਕਰ ਕਰਾ ਨਹੀਂ ਸਕਦਾ । ੯ ।

੫੧- **ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥**
**ਜਨ ਨਾਨਕ ਬਿਨੁ ਆਪਾ ਚੀਨੈ, ਮਿਟੈ ਨ ਭ੍ਰਮ ਕੀ ਕਾਈ ॥ ੨ ॥** [੬੮੪]-੧

**ਅਰਥ:**--ਹੇ ਭਾਈ ! ਗੁਰੂ ਦਾ (ਆਤਮਕ ਜੀਵਨ ਦਾ) ਉਪਦੇਸ਼ ਇਹ ਦੱਸਦਾ ਹੈ ਕਿ (ਆਪਣੇ ਸਰੀਰ ਦੇ) ਅੰਦਰ ਅਤੇ ਬਾਹਰ (ਹਰ ਥਾਂ) ਇਕ ਪਰਮਾਤਮਾ ਨੂੰ (ਵੱਸਦਾ) ਸਮਝੋ । ਹੇ ਦਾਸ ਨਾਨਕ ! ਆਪਣਾ ਆਤਮਕ ਜੀਵਨ ਪਰਖਣ ਤੋਂ ਬਿਨਾ (ਮਨ ਉੱਤੋਂ) ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ । ੨ ।

੫੨- **ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥**
**ਹਰਿਗੁਣ ਗਾਵੈ ਮਤਿ ਊਤਮ ਹੋਇ ॥ ਸਹਜੇ ਸਹਜਿ ਸਮਾਵੈ ਸੋਇ ॥ ੨ ॥** [੧੬੧]-੧੨-੩੨

**ਅਰਥ:**--(ਸਤਿਗੁਰਾਂ ਦੀ ਮਤਿ ਤੇ ਚਲਦਿਆਂ ਜਿਹੜਾ ਮਨੁੱਖ) ਆਪਣੇ ਆਤਮਕ ਜੀਵਨ ਨੂੰ ਪੜਤਾਲਦਾ ਰਹਿੰਦਾ ਹੈ, ਉਸ ਦਾ ਮਨ ਪਵਿੱਤ੍ਰ ਹੋ ਜਾਂਦਾ ਹੈ, ਉਹ ਇਸ ਜਨਮ ਵਿਚ ਹੀ ਮਾਇਆ ਦੇ ਬੰਧਨਾਂ ਤੋਂ ਖ਼ਲਾਸੀ ਹਾਸਲ ਕਰ ਲੈਂਦਾ ਹੈ ਤੇ ਪਰਮਾਤਮਾ ਨੂੰ ਮਿਲ ਪੈਂਦਾ ਹੈ । ਜਿਹੜਾ ਮਨੁੱਖ (ਗੁਰੂ ਦੀ ਸਰਨ ਪੈ ਕੇ) ਪਰਮਾਤਮਾ ਦੇ ਗੁਣ ਗਾਉਂਦਾ ਹੈ, ਉਸ ਦੀ ਬੁੱਧੀ ਸ੍ਰੇਸ਼ਟ ਜੋ ਜਾਂਦੀ ਹੈ ਉਹ ਸਦਾ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ । ੨ ।

੫੩- **ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥**
**ਸੋ ਕੁਲਵੰਤਾ ਜਿ ਸਿਮਰੈ ਸੁਆਮੀ ॥ ਸੋ ਪਤਿਵੰਤਾ ਜਿ ਆਪੁ ਪਛਾਨੀ ॥ ੨ ॥** [੧੧੫੦]-੩੫-੪੮

੫੪- **ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ ॥ ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ ॥**
**ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ ॥ ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ ॥ ੮ ॥**[੧੪੧੦]

**ਅਰਥ:**--ਜਿਸ ਮਨੁੱਖ ਨੇ ਗੁਰੂ ਦੀ ਸਿਖਿਆ ਪ੍ਰਾਪਤ ਕਰ ਲਈ (ਭਾਵ, ਜਿਸ ਮਨੁੱਖ ਨੇ ਸਤਿਗੁਰਾਂ ਦੀ ਸਿਖਿਆ ਅਨੁਸਾਰ ਆਪਣਾ ਜੀਵਨ ਬਣਾ ਲਿਆ), ਉਸ ਦਾ ਮਨ ਵੱਸ ਵਿਚ ਆ ਜਾਂਦਾ ਹੈ, (ਉਸ ਦੇ ਅੰਦਰੋਂ ਆਤਮਕ ਜੀਵਨ ਨੂੰ ਖਾ ਜਾਣ ਵਾਲਾ ) ਬਘਿਆੜ ਮਰ ਜਾਂਦਾ ਹੈ । (ਉਹ ਮਨੁੱਖ) ਆਤਮਕ ਜੀਵਨ ਨੂੰ ਪਰਖਦਾ ਰਹਿੰਦਾ ਹੈ, ਉਹ ਪਰਮਾਤਮਾ ਨੂੰ ਮਿਲ ਪੈਂਦਾ ਹੈ, ਮੁੜ ਉਸ ਨੂੰ ਜਨਮ ਮਰਨ ਦਾ ਗੇੜ ਨਹੀਂ ਹੁੰਦਾ । ਪਰਮਾਤਮਾ (ਉਸ ਮਨੁੱਖ ਨੂੰ) ਮਿਹਰ ਦੀ ਨਿਗਾਹ ਨਾਲ ਵੇਖਦਾ ਹੈ (ਇਸ ਵਾਸਤੇ ਉਸ ਦਾ ਹੱਥ ਚਿੱਕੜ ਵਿਚ ਨਹੀਂ ਡੁੱਬਦਾ (ਉਸ ਦਾ ਮਨ ਵਿਕਾਰਾਂ ਵਿਚ ਨਹੀਂ ਫਸਦਾ) । ਗੁਰੂ ਦੀ ਸਰਨ ਪੈਣ ਵਾਲੇ (ਭਾਵ, ਆਪਣਾ ਸਿਰ ਤਲੀ ਤੇ ਰੱਖ ਕੇ, ਆਪਣੀ ਹਉਮੈ ਵਾਲੀ ਮਤਿ ਤਿਆਗ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ-ਗਿਆਨ ਨਾਲ ਸੁਰਤ ਜੋੜਨ ਵਾਲੇ) ਮਨੁੱਖ (ਵਿਕਾਰਾਂ ਦੇ ਚਿੱਕੜ ਵਿਚ ਡੁੱਬਣੋਂ) ਬਚ ਨਿਕਲਦੇ ਹਨ । ਗੁਰੂ ਹੀ (ਨਾਮ-ਜਲ ਦਾ) ਸਰੋਵਰ ਹੈ, ਗੁਰੂ ਹੀ ਸਦਾ ਥਿਰ ਰਹਿਣ ਵਾਲੀ ਕੰਧ ਹੈ (ਜੋ ਵਿਕਾਰਾਂ ਦੇ ਚਿੱਕੜ ਵਿਚ ਲਿਬੜਨ ਤੋਂ ਬਚਾਉਂਦਾ ਹੈ । ੮ ।

੫੫- **ਫਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖੁ ॥**
**ਆਪਨੜੇ ਗਿਰੀਵਾਨ ਮਹਿ, ਸਿਰੁ ਨੀਵਾਂ ਕਰਿ ਦੇਖੁ ॥ ੬ ॥** [੧੩੭੮]

**ਅਰਥ:**--ਹੇ ਫ਼ਰੀਦ ! ਜੇ ਤੂੰ ਬਰੀਕ ਅਕਲ ਵਾਲਾ (ਸਮਝਦਾਰ) ਹੈਂ, ਤਾਂ ਹੋਰ ਬੰਦਿਆਂ ਦੇ ਮੰਦੇ ਕਰਮਾਂ ਦੀ ਪੜਚੋਲ ਨਾ ਕਰ (ਦੂਜਿਆਂ ਨੂੰ ਦੋਸ਼ੀ ਨਾ ਮਿਥ ਕਿ ਉਨ੍ਹਾਂ ਨੇ ਮੇਰਾ ਤੇਜ ਪ੍ਰਤਾਪ ਖੋਹ ਲਿਆ ਹੈ ਜਾਂ, ਦੂਜੇ ਮੈਨੂੰ ਤੇਜ ਪ੍ਰਤਾਪ ਨਹੀਂ ਲੈਣ ਦਿੰਦੇ ਅਥਵਾ ਆਪ ਅੰਮ੍ਰਿਤ ਧਾਰੀ ਹੋ ਕੇ ਦੂਜਿਆਂ ਨੂੰ ਨਿਗੁਰੇ ਕਹਿ ਕੇ ਆਪਣੇ ਹੰਕਾਰ ਨੂੰ ਪੱਠੇ ਨਾ ਪਾ) ਆਪਣੀ ਬੁੱਕਲ ਵਿਚ ਮੂੰਹ ਦੇ ਕੇ ਵੇਖ (ਕਿ ਤੇਰੇ ਆਪਣੇ ਕਰਮ ਕੈਸੇ ਹਨ, ਕਿਤੇ ਤੂੰ ਆਪ ਹੀ ਆਪਣਾ ਨਿਆਰਾ ਆਚਰਨ, ਨਿਆਰੀ ਗੁਰਮਤਿ-ਮਰਯਾਦਾ ਤੇ ਨਹੀਂ ਗੁਆ ਬੈਠਾ ਹੋਇਆ, ਕਿਤੇ ਤੂੰ ਬਿੱਪ੍ਰਨ ਕੀ ਰੀਤ ਦਾ ਧਾਰਨੀ ਬਣ ਕੇ ਸਤਿਗੁਰਾਂ ਦੀਆਂ ਨਜ਼ਰਾਂ ਵਿਚ ਬੇਪ੍ਰਤੀਤਾ ਤਾਂ ਨਹੀਂ ਹੋ ਗਿਆ ਹੋਇਆ ? ) । ੬ ।

੫੬- **ਬਹੁਤੇ ਭੇਖ ਕਰੈ ਭੇਖਧਾਰੀ ॥ ਅੰਤਰਿ ਤਿਸਨਾ ਫਿਰੈ ਅਹੰਕਾਰੀ ॥ ਆਪੁ ਨ ਚੀਨੈ ਬਾਜੀ ਹਾਰੀ** ॥ ੬ ॥ [੨੩੦]-੩

**ਅਰਥ:**--ਨਿਰੇ ਧਾਰਮਿਕ ਪਹਿਰਾਵੇ ਨੂੰ ਹੀ ਧਰਮ ਸਮਝਣ ਵਾਲਾ ਮਨੁੱਖ ਅਨੇਕਾਂ ਧਾਰਮਿਕ ਪਹਿਰਾਵੇ ਕਰਦਾ ਹੈ, (ਪਰ ਉਸ ਦੇ) ਅੰਦਰ (ਮਾਇਆ ਦੀ) ਤ੍ਰਿਸ਼ਨਾ (ਬਣੀ ਰਹਿੰਦੀ ਹੈ) ਉਹ ਅਹੰਕਾਰ ਵਿਚ ਹੀ ਵਿਚਰਦਾ ਹੈ, ਉਹ ਆਪਣੇ ਜੀਵਨ ਨੂੰ ਨਹੀਂ ਪਰਖਦਾ (ਇਸ ਵਾਸਤੇ) ਉਹ ਮਨੁੱਖ ਜਨਮ ਦੀ ਬਾਜ਼ੀ ਹਾਰ ਜਾਂਦਾ ਹੈ । ੬ ।

ਆਪਣੇ ਆਪੇ ਦੀ ਪਛਾਣ ਨਾ ਕਰਨ ਵਾਲੇ ਨੂੰ ਗੁਰੂ ਗ੍ਰੰਥ ਸਾਹਿਬ ਜੀ ਬਉਰਾ ਭਾਵ, ਸਿਰਫਿਰਿਆ ਫ਼ੁਰਮਾਨ ਕਰਦੇ ਹਨ--**ਸੋ ਬਉਰਾ ਜੋ ਆਪੁ ਨ ਪਛਾਨੈ ॥** ਅੰਦਰ ਵੇਖਣਾ ਕਿ ਮੇਰੇ ਵਿਚ ਭੈੜ ਕਿਹੜੇ ਹਨ? ਕੀ ਮਨ **ਮੈ ਮੇਰੀ** ਵਾਲੇ ਹਉਮੈ ਰੋਗ ਦਾ ਰੋਗੀ ਤਾਂ ਨਹੀਂ? ਕੀ ਮੈਂ ਅਜੇਹਾ ਕੋਈ ਕਰਮ ਤਾਂ ਨਹੀਂ ਕੀਤਾ ਜਿਸ ਤੋਂ ਕਿਸੇ ਦੂਜੇ ਮਨੁੱਖ ਦਾ ਦਿਲ ਦੁਖੀ ਹੋਇਆ ਹੋਵੇ? ਅਤੇ ਜਦੋਂ ਇਸ ਤਰ੍ਹਾਂ ਆਪੇ ਨੂੰ ਪਛਾਣ ਕੇ, ਆਪਣੇ ਆਤਮਕ ਜੀਵਨ ਨੂੰ ਪੜਤਾਲਦਾ ਰਹਿ ਕੇ ਆਪਣੇ ਮਨ ਦੀ ਘਾੜਤ ਘੜਨੀ ਅਰੰਭ ਕਰ ਦਿੱਤੀ ਤਾਂ ਉਸ **ਇਕ** ਦੀ ਸੋਝੀ ਆ ਜਾਂਦੀ ਹੈ--**ਆਪੁ ਪਛਾਨੈ ਤ ਏਕੋ ਜਾਨੈ ॥ ੪ ॥** [੮੫੫]-- ਆਪਣੇ ਆਤਮਕ ਜੀਵਨ ਦੀ ਪੜਤਾਲ ਕਰਦੇ ਰਹਿਆਂ, ਆਖ਼ਰ ਮਨ ਟਿਕਾਉ ਵਿਚ ਆ ਗਿਆ--**ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ ॥** [੫੭]

ਪੁਸਤਕ ਦੇ ਦੂਜੇ ਭਾਗ ਵਿਚ ਅਸੀਂ " ਭੇਖ " ਦੇ ਅਰਥ ਚੰਗੀ ਤਰ੍ਹਾਂ ਪੜ੍ਹ ਚੁੱਕੇ ਹਾਂ। ਆਪਣੀ ਅਸਲੀਯਤ ਨੂੰ ਲੁਕਾਉਣ ਵਾਲਾ ਪਹਿਰਾਵਾ ਭੇਖ ਅਖਵਾਉਂਦਾ ਹੈ । ਇਹ ਸਚਾਈ ਆਪਣੇ ਚੇਤੇ ਵਿਚ ਰਖ ਕੇ, ਕਿ--ਸਾਡੇ ਚੰਗੇ ਮਾੜੇ ਸੰਕਲਪਾਂ ਦੀ, ਸਾਡਿਆਂ ਸੱਚੀਆਂ ਝੂਠੀਆਂ ਵਿਚਾਰਾਂ ਦੀ ਪਰਖ ਕਰਕੇ, ਨਾਲੋ ਨਾਲ ਫੈਸਲੇ ਕਰੀ ਜਾਣ ਵਾਲੇ " ਆਪ ਸੱਚੇ " ਦਾ ਸੱਚਾ ਦਰਬਾਰ--**ਸਚਾ ਆਪਿ ਸਚਾ ਦਰਬਾਰੁ ॥** [ਜਪੁ-੩੪] ਸਾਡੇ ਅੰਦਰ ਹੀ ਲੱਗਾ ਹੋਇਆ---**ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥** [੧੦੯੨]--ਆਉ ਭਲਾ ਆਪਣੇ ਅੰਦਰ ਝਾਤੀ ਮਾਰੀਏ, ਕੀ ਅੱਜ, ਅੰਮ੍ਰਿਤ ਧਾਰੀਆਂ ਦਾ, ਪੰਜ ਕਕਾਰਾਂ ਨਾਲ ਸੰਗਾਰਿਆ ਹੋਇਆਂ ਦਾ **ਸਾਡਾ** ਇਹ ਚੜ੍ਹਦੀ ਕਲਾ ਵਾਲਾ ਬਾਣਾ ਵੀ, **ਕਿਤੇ ਭੇਖ ਹੀ ਤਾਂ ਨਹੀਂ ਬਣ ਚੁੱਕਾ** ? ਕੀ, ਅਸੀਂ ਸਤਿਗੁਰਾਂ ਦੇ ਫ਼ੁਰਮਾਨਾਂ ਦੀ ਪਰਵਾਹ ਕਰਦੇ ਹਾਂ? ਕੀ ਅਸੀਂ ਆਪਣੇ ਸਤਿਗੁਰਾਂ ਦੇ ਹੁਕਮਾਂ ਤੋਂ ਸਗੋਂ ਸਭ ਕੁਛ ਉਲਟ ਹੀ ਤਾਂ ਨਹੀਂ ਕਰ ਰਹੇ? ਕੀ ਅਸੀਂ ਆਪਣਾ ਆਪਾ ਪੜਤਾਲ ਕੇ ਆਪਣੀ ਜ਼ਿੰਦਗੀ ਆਪਣੇ ਸਤਿਗੁਰਾਂ ਦੇ ਹੁਕਮ ਅਨੁਸਾਰ ਢਾਲ ਲੈਣ ਵਾਸਤੇ ਕਦੇ ਸੋਚਿਆ ਵੀ ਹੈ? ਸਾਡੇ ਵਿਚੋਂ ਅੱਜ ਸ਼ਾਇਦ ਕੋਈ ਵੀ ਨਹੀਂ ਹੈ, ਜਿਹੜਾ ਇਨ੍ਹਾਂ ਉਪ੍ਰੋਕਤ ਪ੍ਰਸ਼ਨਾਂ ਦੇ ਉੱਤਰ ਵਿਚ ਬੜੇ ਯਕੀਨ ਨਾਲ ਛਾਤੀ ਤੇ ਹੱਥ ਮਾਰ ਕੇ, **ਹਾਂ** ਕਹਿ ਸਕਦਾ ਹੋਵੇ। ਲਗ-ਪਗ ਸਾਰਿਆਂ ਦਾ ਪ੍ਰਤੱਖ ਉੱਤਰ, **ਨਾਂਹ** ਵਿਚ ਹੀ ਹੈ।

ਫਿਰ ਕੰਨ ਖੋਹਲ ਕੇ ਸੁਣ ਲਈਏ ਕਿ, ਆਪਣੇ ਗੁਰੂ ਪਰਮੇਸ਼ਰ ਦੇ ਹੁਕਮਾਂ ਤੋਂ ਉਲਟ ਵਿਹਾਰ ਕਰਨ ਵਾਲਿਆਂ ਦਾ ਸਾਡਾ ਧਾਰਮਿਕ ਪਹਿਰਾਵਾ, ਅਤੇ ਨਾਮ ਦੀ ਪ੍ਰਾਪਤੀ ਵਾਲੀ ਸਾਡੀ ਕੋਈ ਇਛਿਆ ਬਾਰੇ ਸਤਿਗੁਰਾਂ ਦਾ, ਫ਼ੁਰਮਾਨ ਇਉਂ ਹੈ:---**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰ ਫੋਕਟ ਫੋਕਟਈਆ ॥ ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥**[੮੩੬] ਆਪਣੇ ਗੁਰੂ-ਪਰਮੇਸ਼ਰ ਦੇ ਹੁਕਮਾ ਤੋਂ ਉਲਟ ਚਲਣ ਵਾਲਿਆਂ ਦਾ ਸਾਡਾ ਧਾਰਮਿਕ ਲਿਬਾਸ ਵਾਲਾ ਹਾਰ ਸਿੰਗਾਰ ਸਭ ਫੋਕਟ ਹੈ ਅਤੇ ਦਾਤਾਰ ਦੇ ਨਾਮ ਅੰਮ੍ਰਿਤ ਦੇ ਥਾਂ ਸਦਾ ਸਾਡੇ ਮੂੰਹ ਵਿਚ ਅਸਫ਼ਲਤਾ ਅਥਵਾ ਨਮੋਸ਼ੀ-ਰੂਪ ਥੁੱਕ ਪੈਣਾ ਹੀ ਸਾਡੇ ਭਾਗ ਬਣ ਚੁੱਕੇ ਹਨ। ਆਪੇ ਦਾ ਪੜਤਾਲ ਕਰਨ ਦੇ ਉਪਦੇਸ਼ ਵਾਲੇ ਹੋਰ ਗੁਰੂ ਫ਼ੁਰਮਾਨਾ ਦੀ ਸੂਚੀ:--

| | | | | | |
|---|---|---|---|---|---|
| ੧= [੨੮੧]-੧੪(੪) | ੨= [੪੨੬]-੭-੨੯ | ੩= [੯੧੦]-੩(੮) | ੪= [੮੫੭]-੨-੧੨(੧) | ੫= [੯੧੦]-੨(੨੨) | ੬= [੧੦੫੬]-੪-੩(੮) |
| ੭= [੧੦੬੪]-੭-੨੧(੧੪) | ੮= [੨੦]-੧੭(੩) | ੯= [੫੬]-੬(੫) | ੧੦=[੮੮]-ਵਾ-੧੩(੨) | ੧੧=[੧੧੦]-੧-੨(੩) | ੧੨=[੧੪੮]-ਵਾ-੨੨(੨) |
| ੧੩=[੧੬੨]-੨-੧੬-੩੬(੩) | ੧੪=[੨੨੯]-੨-੧੮(੮) | ੧੫=[੩੩੦]-੧-੩੬(੪) | ੧੬=[੩੪੦]-੨੨-੭੩(੩) | ੧੭=[੩੭੪]-੧੫(੪) | ੧੮=[੪੧੩]-੫(੧) |
| ੧੯=[੪੧੫]-੮(੭) | ੨੦=[੪੨੩]-੨-੨੪(੫) | ੨੧=[੬੪੭]-ਵਾ-੧੨(੧) | ੨੨=[੬੫੪]-੧(੪) | ੨੩=[੬੯੩]-੨(ਰਹਾ) | ੨੪=[੭੫੪]-੨(੬) |
| ੨੫=[੮੪੦]-੧(੨੦) | ੨੬=[੮੫੫]-੨(੪) | ੨੭=[੮੭੨]-੭-੧੦(ਰਹਾ) | ੨੮=[੭੨੬]-੧-੭(੧੦) | ੨੯=[੧੦੪੦]-੩-੨੦(੧੩) | ੩੦=[੧੦੬੫]-੭-੨੧(੧੦) |

੫੭- **ਆਪਿ ਕਰਾਏ ਕਰੇ ਆਪਿਹਉ ਕੈ ਸਿਉ ਕਰੀ ਪੁਕਾਰ ॥ ਆਪੇ ਲੇਖਾ ਮੰਗਸੀ ਆਪਿ ਕਰਾਏ ਕਾਰ ॥**
**ਜੋ ਤਿਸੁ ਭਾਵੈ ਸੋ ਥੀਐ ਹੁਕਮੁ ਕਰੇ ਗਾਵਾਰੁ ॥ ਆਪਿ ਛਡਾਏ ਛੁਟੀਐ, ਆਪੇ ਬਖਸਣਹਾਰੁ ॥**
**ਆਪੇ ਵੇਖੈ ਸੁਣੈ ਆਪਿ ਸਭਸੈ ਦੇ ਆਧਾਰੁ ॥ ਸਭ ਮਹਿ ਏਕੁ ਵਰਤਦਾ ਸਿਰਿ ਸਿਰਿ ਕਰੇ ਬੀਚਾਰੁ ॥**

**ਗੁਰਮੁਖਿ ਆਪੁ ਵੀਚਾਰੀਐ ਲਗੈ ਸਚਿ ਪਿਆਰੁ ॥ ਨਾਨਕ ਕਿਸ ਨੋ ਆਖੀਐ ਆਪੇ ਦੇਵਣਹਾਰੁ ॥ ੧੦॥**
[੧੨੮੩]

## ੬
# ਸਰਬ ਸਾਂਝਾ ਉਪਦੇਸ਼

ਸਾਰਿਆਂ ਨੂੰ ਸਾਂਝਾ ਉਪਦੇਸ਼ ਦੇਣ ਦੀ ਗੱਲ ਕਰਨ ਵਾਲਾ ਸਤਿਗੁਰੂ ਸਿੱਖ ਬਣਾਉਣ ਲਈ ਵਿਖਾਵੇ ਵਾਲੀ ਕੋਈ ਸ਼ਰਤ ਕਿਉਂ ਲਾਵੇ ? ਸਿੱਖੀ ਤਾਂ ਮਨ ਨੇ ਗ੍ਰਹਿਣ ਕਰਨੀ ਹੈ। ਮਨ ਦਾ ਸੌਦਾ ਮਨ ਨਾਲ ਹੋਣਾ ਹੁੰਦਾ ਹੈ--**ਮਨੁ ਦੇ ਰਾਮੁ ਲੀਆ ਹੈ ਮੋਲਿ ॥** " [੩੨੭] ਜੇ ਮਨੁੱਖ ਦਾ ਮਨ ਬਾਹਰ ਭਟਕ ਰਿਹਾ ਹੋਵੇ ਤਾਂ ਸਤਿਗੁਰਾਂ ਨੇ ਸਰੀਰ ਕਰਕੇ ਸਾਹਮਣੇ ਬੈਠੇ ਮਨੁੱਖ ਨੂੰ ਆਪਣੇ ਨੇੜੇ ਬੈਠਾ ਨਹੀਂ ਮੰਨਿਆ:--

੫੮- **ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨ ਰਹੈ ਹਦੂਰਿ ॥ ੨ ॥**[੮੪]-ਵਾ-੪

ਮਨ ਨਾ ਮੰਨਦਾ ਹੋਵੇ ਤਾਂ ਨਾ ਚਰਣਾਮ੍ਰਿਤ ਪੀਤੀ ਦਾ ਕੋਈ ਅਰਥ ਹੈ ਅਤੇ ਨਾ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਦਾ ਹੀ ਕੋਈ ਲਾਭ ਰਹਿ ਜਾਂਦਾ ਹੈ। ਮਨ ਦਾ ਰਿਸ਼ਤਾ ਕਿਸੇ ਹਦ ਬੰਨੇ ਦਾ ਮੁਥਾਜ ਨਹੀਂ ਹੈ। ਹਜ਼ਾਰਾਂ ਮੀਲਾਂ ਤੇ ਬੈਠੇ ਮਨੁੱਖ ਨੇ ਕਿਸੇ ਮਹਾਂਪੁਰਖ ਦੇ ਗੁਣਾ ਭਰਪੂਰ ਕੋਈ ਬਚਨ ਰੇਡੀਉ ਰਾਹੀਂ ਸੁਣੇ, ਤਾਂ ਮਨ ਮੋਹਤ ਹੋ ਗਿਆ। ਉਥੇ ਬੈਠਾ ਹੀ ਅਜੇਹ ਮਨੁੱਖ ਉਸ ਮਹਾਂਪੁਰਖ ਦਾ ਗੁਲਾਮ ਹੋ ਗਿਆ। **ਪਰਮਾਤਮਾ,** ਸ਼ਬਦ-(=**ਗੁਰ),** ਅਤੇ **ਮਨ** ਤਿੰਨੇ ਹੀ ਅਦ੍ਰਿਸ਼ਟ ਹਨ। ਪ੍ਰੇਮ ਦੇ ਸੌਦੇ ਅਖੀਆਂ ਨਾਲ ਵੇਖੇ ਜਾਣ ਵਾਲੇ ਵਿਸ਼ੇ ਨਹੀਂ ਹਨ। ਮਨ ਦਾ ਮਨ ਨਾਲ ਹੁੰਦਾ ਸੌਦਾ, ਅੱਜ ਤੱਕ ਕਦੇ ਕਿਸੇ ਨੇ ਨਹੀਂ ਵੇਖਿਆ। ਅਦ੍ਰਿਸ਼ਟ ਦੁਨੀਆ ਵਿਚ ਸਾਰੇ ਵਿਹਾਰ ਅਦ੍ਰਿਸ਼ਟ ਹੀ ਹੋ ਰਹੇ ਹਨ। ਜਿਵੇਂ ਮਨ ਕਿਸੇ ਹਦ ਬਨੇ ਦਾ ਮੁਥਾਜ ਨਹੀਂ ਹੈ ਏਸੇ ਤਰ੍ਹਾਂ ਮੇਰੇ ਸਤਿਗੁਰਾਂ ਦਾ ਉਪਦੇਸ਼ ਵੀ ਕਿਸੇ ਹਦ ਬੰਨੇ ਵਿਚ ਸੀਮਤ ਨਹੀਂ ਹੈ। ਅਸੀਮ ਵਜੂਦ ਵਾਲੇ ਸਤਿਗੁਰਾਂ ਦੇ ਉਪਦੇਸ਼ ਦਾ ਘੇਰਾ ਵੀ ਸਰਬ ਸਾਂਝਾ ਅਤੇ ਅਸੀਮ ਹੀ ਹੈ। ਆਉ ਸਤਿਗੁਰਾਂ ਦੇ ਸਰਬ-ਸਾਂਝੇ ਉਪਦੇਸ਼ ਵਾਲੇ ਫ਼ੁਰਮਾਨ ਦ੍ਰਿੜ ਕਰ ਲਈਏ। ਸੁਖਨਮੀ ਸਾਹਿਬ ਦਾ ਪਾਠ ਕਰਨ ਵਾਲੇ ਗੁਰਮੁਖਾਂ ਨੇ ਸਤਿਗੁਰਾਂ ਦਾ ਇਹ ਫ਼ੁਰਮਾਨ ਵੀ ਜ਼ਰੂਰ ਪੜ੍ਹਿਆ ਹੁੰਦਾ ਹੈ :--

੫੯- **ਬੀਜ ਮੰਤ੍ਰ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥ ਜੋ ਜੋ ਜਪੈ ਤਿਸ ਕੀ ਗਤਿ ਹੋਇ ॥**
**ਸਾਧ ਸੰਗਿ ਪਾਵੈ ਜਨੁ ਕੋਇ ॥ ਕਰਿ ਕਿਰਪਾ ਅੰਤਰਿ ਉਰਧਾਰੈ ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥ ੫ ॥**[੨੭੪]-੯

**ਅਰਥ:**--(ਬ੍ਰਾਹਮਣ, ਖਤ੍ਰੀ, ਵੈਸ਼ ਸ਼ੂਦਰ) ਚਾਰੇ ਹੀ ਜਾਤੀਆਂ ਵਿਚੋਂ ਕੋਈ ਵੀ ਮਨੁੱਖ ਪ੍ਰਭੂ ਦਾ ਨਾਮ ਜਪ ਕੇ ਵੇਖ ਲਏ, ਨਾਮ ਹੋਰ ਸਭ ਮੰਤ੍ਰਾਂ ਦਾ ਮੁੱਢ ਮੰਤ੍ਰ ਹੈ ਅਤੇ ਸਭ ਦਾ ਗਿਆਨ ਦਾਤਾ ਹੈ । ਜੋ ਜੋ ਮਨੁੱਖ ਨਾਮ ਜਪਦਾ ਹੈ ਉਸ ਦੀ ਉੱਚੀ ਜਿੰਦਗੀ ਬਣ ਜਾਂਦੀ ਹੈ, ਪਰ ਕੋਈ ਵਿਰਲਾ ਮਨੁੱਖ ਸਾਧ (ਗੁਰੂ ਗ੍ਰੰਥ ਸਾਹਿਬ ਦੀ) ਸੰਗਤਿ ਵਿਚ ਰਹਿ ਕੇ ਇਸ ਨੂੰ ਹਾਸਲ ਕਰਦਾ ਹੈ । ਜੇ (ਪ੍ਰਭੂ) ਕਿਰਪਾ ਕਰਕੇ ਉਸ ਦੇ ਹਿਰਦੇ ਵਿਚ ਨਾਮ ਟਿਕਾ ਦੇਵੇ ਤਾਂ ਪਸ਼ੂ (ਦੀ ਮਤਿ ਵਾਲਾ) ਚੰਦ੍ਰੀ ਰੂਹ, ਪੱਥਰ (-ਦਿਲ) ਕੋਈ ਵੀ ਹੋਵੇ ਸਭ ਨੂੰ ਨਾਮ ਤਾਰ ਦਿੰਦਾ ਹੈ ।

ਪੰਚਮ ਪਾਤਿਸ਼ਾਹ ਜੀ ਨੇ ਆਪਣੇ ਇਸ ਫ਼ੁਰਮਾਨ ਵਿਚ ਇਸ਼ਾਰਾ ਤੱਕ ਨਹੀਂ ਕੀਤਾ ਕਿ ਉਨ੍ਹਾਂ ਦਾ ਇਹ ਉਪਦੇਸ਼ ਉਸ ਲਈ ਨਹੀਂ ਹੈ ਜਿਸ ਨੇ ਉਨ੍ਹਾਂ ਦੇ ਚਰਨ ਧੋ ਕੇ ਨਹੀਂ ਪੀਤੇ। ਅਕਾਲ ਪੁਰਖ ਲਈ ਜਿਵੇਂ ਸਾਰੀਆਂ ਜਾਤਾਂ ਗੋਤਾਂ ਅਥਵਾ ਧਰਮਾਂ ਦੇ ਮਨੁੱਖ ਇੱਕੋ ਜਿਹੇ ਹਨ ਉਸੇ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਜੀ ਲਈ ਸੰਸਾਰ ਦੇ ਸਾਰੇ ਜੀਵ ਇੱਕ ਸਮਾਨ ਹਨ। ਉਨ੍ਹਾਂ ਦਾ ਉਪਦੇਸ਼ ਠੱਗੀਆਂ ਮਾਰਨ ਵਾਲੇ ਕਾਤਲ ਸੱਜਣ ਲਈ ਅਤੇ ਧਰਮ-ਆਤਮਾ ਬਾਬਾ ਬੁੱਢਾ ਜੀ ਲਈ, ਸਰਬਤ ਦੇ ਭਲੇ ਲਈ ਇੱਕ ਸਮਾਨ ਹੈ । ਸਤਿਗੁਰਾਂ ਦੇ ਉਪਦੇਸ਼ ਨੂੰ ਕੋਈ ਗ੍ਰਹਣ ਕਿਵੇਂ ਕਰਦਾ ਹੈ, ਪਿਛਲੇ ਬਣੇ ਸੰਸਕਾਰਾਂ ਦੇ ਅਧਾਰ ਤੇ ਬਣੀ ਆਪੋ ਆਪਣੀ ਰੁਚੀ ਅਤੇ ਲਗਨ ਹੁੰਦੀ ਹੈ ਜੋ ਕਿਸੇ ਨੂੰ ਅਸਮਾਨੀ ਲੈ ਚੜ੍ਹਦੀ ਹੈ ਤੇ ਕੋਈ ਪ੍ਰਭੂ ਦੇ ਦੇਸ਼ ਵਲ ਨੂੰ ਜਾਂਦੇ ਰਾਹ ਤੇ ਮਸਾਂ ਤੁਰਨਾ ਹੀ ਸਿੱਖ ਸਕਦਾ ਹੈ:--

੬੦- **ਹਰਿ ਸਿਮਰਨ ਕੀ ਸਗਲੀ ਬੇਲਾ ॥ ਹਰਿ ਸਿਮਰਨੁ ਬਹੁ ਮਾਹਿ ਇਕੇਲਾ ॥**
**ਜਾਤਿ ਅਜਾਤਿ ਜਪੈ ਜਨੁ ਕੋਇ ॥ ਜੋ ਜਾਪੈ ਤਿਸ ਕੀ ਗਤਿ ਹੋਇ ॥ ੩ ॥**[੧੧੫੦]-੩੬-੪੯

**ਅਰਥ:**--(ਜਿਹੜਾ ਵੀ ਸਮਾ ਸਿਮਰਨ ਵਿਚ ਗੁਜ਼ਾਰਿਆ ਜਾਏ ਉਹੀ ਚੰਗਾ ਹੈ) ਹਰੇਕ ਸਮਾਂ ਸਿਮਰਨ ਵਾਸਤੇ ਢੁਕਵਾਂ ਹੈ, ਪਰ ਅਨੇਕਾਂ ਵਿਚੋਂ ਕੋਈ ਵਿਰਲਾ ਮਨੁੱਖ ਹੀ ਹਰਿ-ਨਾਮ ਦਾ ਸਿਮਰਨ ਕਰਦਾ ਹੈ । ਉੱਚੀ ਜ਼ਾਤਿ ਦਾ ਹੋਵੇ ਚਾਹੇ ਨੀਵੀਂ ਜ਼ਾਤਿ ਦਾ ਹੋਵੇ, ਜਿਹੜਾ ਵੀ ਮਨੁੱਖ ਨਾਮ ਜਪਦਾ ਹੈ ਉਸ ਦੀ ਆਤਮਕ ਅਵਸਥਾ ਉੱਚੀ ਹੋ ਜਾਂਦੀ ਹੈ ।

੬੧- **ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ ॥**
**ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥ ੩ ॥**[੮੬੧]-੪

**ਅਰਥ**:--(ਹੇ ਮਨ ! ਸਾਡੇ ਦੇਸ਼ ਵਿਚ) ਬ੍ਰਾਹਮਣ, ਖਤ੍ਰੀ, ਵੈਸ਼, ਸ਼ੂਦਰ--ਇਹ ਚਾਰ) ਪ੍ਰਸਿੱਧ) ਵਰਨ ਹਨ, (ਬ੍ਰਹਮਚਰਜ, ਗ੍ਰਿਹਸਤ, ਵਾਨਪ੍ਰਸਤ, ਸੰਨਿਆਸ--ਇਹ) ਚਾਰ ਆਸ਼੍ਰਮ (ਪ੍ਰਸਿੱਧ) ਹਨ। ਇਨ੍ਹਾਂ ਵਿਚੋਂ ਜਿਹੜਾ ਵੀ ਮਨੁੱਖ ਪ੍ਰਭੂ ਦਾ ਨਾਮ ਸਿਮਰਦਾ ਹੈ, ਉਹੀ ਸਭ ਤੋਂ ਸ੍ਰੇਸ਼ਟ ਹੈ। ਜਿਵੇ ਚੰਦਨ ਦੇ ਨੇੜੇ ਵਿਚਾਰਾ ਹਰਿੰਡ ਵੱਸਦਾ ਹੈ (ਤੇ ਸੁਗੰਧਿਤ ਹੋ ਜਾਂਦਾ ਹੈ) ਤਿਵੇਂ ਸਾਧ (ਗੁਰੂ ਗ੍ਰੰਥ ਸਾਹਿਬ ਦੀ ਸ਼ਬਦ ਵਿਚਾਰ ਵਾਲੀ ਸੰਗਤਿ) ਵਿਚ ਮਿਲ ਕੇ ਵਿਕਾਰੀ ਵੀ (ਪਵਿਤੱਰ ਹੋ ਕੇ) ਕਬੂਲ ਹੋ ਜਾਂਦੇ ਹਨ।

੬੨- **ਜੋ ਅੰਤਰਿ ਸੋ ਬਾਹਰਿ ਦੇਖਹੁ, ਅਵਰੁ ਨਾ ਦੂਜਾ ਕੋਈ ਜੀਉ ॥**
**ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥ ੨॥** [੫੯੮]-੧੧

**ਅਰਥ**:--ਜੇਹੜਾ ਪ੍ਰਭੂ ਤੇਰੇ ਅੰਦਰ ਵੱਸਦਾ ਹੈ ਉਸ ਨੂੰ ਬਾਹਰ (ਸਾਰੀ ਕੁਦਰਤਿ ਵਿਚ) ਵੇਖ, ਉਸ ਤੋਂ ਬਿਨਾ (ਕੁਦਰਤ ਵਿਚ) ਹੋਰ ਕੋਈ ਨਹੀਂ ਹੈ। ਗੁਰੂ ਦੇ ਦੱਸੇ ਰਾਹ ਤੇ ਤੁਰ ਕੇ ਉਸ ਇੱਕ ਨੂੰ ਵੇਖਣ ਵਾਲੀ ਨਜ਼ਰ ਬਣਾ (ਫਿਰ ਤੈਨੂੰ ਦਿੱਸ ਪਏਗਾ ਕਿ) ਹਰੇਕ ਸਰੀਰ ਵਿਚ ਪਰਮਾਤਮਾ ਦੀ ਹੀ ਜੋਤਿ ਮੌਜੂਦ ਹੈ। ੨।

੬੩- **ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ ਨਉ ਨਿਧਿ ਤੇਰੈ ਅਖੁਟ ਭੰਡਾਰਾ ॥ ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥ ੨ ॥ ਸਭੁ ਕੋ ਆਸੈ ਤੇਰੀ ਬੈਠਾ ॥ ਘਟ ਘਟ ਅੰਤਰਿ ਤੂੰ ਹੈ ਵੁਠਾ ॥ ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ੩ ॥ ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥ ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥ ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ ॥ ੪ ॥**[੯੭]-੨-੯

**ਅਰਥ**:--ਹੇ ਦਾਤਾਰ ! ਤੂੰ ਸਾਡਾ ਸਭਨਾਂ ਜੀਵਾਂ ਦਾ ਪਿਉ ਹੈ (ਤੇ ਸਭ ਨੂੰ ਹੀ ਦਾਤਾਂ ਬਖ਼ਸ਼ਦਾ ਹੈਂ) ਤੇਰੇ ਘਰ ਵਿਚ (ਜਗਤ ਦੇ ਸਾਰੇ) ਨੌਂ ਹੀ ਖ਼ਜਾਨੇ ਮੌਜੂਦ ਹਨ, ਤੇਰੇ ਖ਼ਜ਼ਾਨਿਆਂ ਵਿਚ ਕਦੇ ਤੋਟ ਨਹੀਂ ਆਉਂਦੀ। ਪਰ ਜਿਸ ਨੂੰ (ਤੂੰ ਆਪਣੇ ਨਾਮ ਦੀ ਦਾਤਿ) ਦਿੰਦਾ ਹੈਂ ਉਹ (ਦੁਨੀਆਂ ਦੇ ਪਦਾਰਥਾਂਵਲੋਂ) ਰੱਜ ਜਾਂਦਾ ਹੈ, ਤ੍ਰਿਪਤਿ ਹੋ ਜਾਂਦਾ ਹੈ, ਤੇ ਹੇ ਪ੍ਰਭੂ ! ਉਹੀ ਤੇਰਾ ਭਗਤ (ਅਖਵਾ ਸਕਦਾ) ਹੈ **। ੨ ।** ਹੇ ਦਾਤਾਰ ! ਹਰੇਕ ਜੀਵ ਤੇਰੀ ਬਖ਼ਸ਼ਸ਼ ਦੀ ਆਸ ਰੱਖੀ ਬੈਠਾ ਹੈ, ਹਰੇਕ ਸਰੀਰ ਵਿਚ ਤੂੰ ਆਪ ਵੱਸ ਰਿਹਾ ਹੈਂ। (ਦੁਨੀਆਂ ਦੇ) ਸਾਰੇ ਜੀਅ ਜੰਤ ਤੇਰੇ ਨਾਲ ਹੀ ਸਾਂਝ ਰੱਖਣ ਵਾਲੇ ਹਨ। ਕੋਈ ਐਸਾ ਨਹੀਂ ਦਿੱਸਦਾਂ, ਜੋ ਤੈਥੋਂ ਵੱਖਰਾ ਹੋਵੇ (ਜਿਸ ਵਿਚ ਤੂੰ) ਨਾਹ ਹੋਵੇਂ **। ੩ ।** ਹੇ ਦਾਤਾਰ ! ਤੂੰ ਆਪ ਹੀ ਜੀਵਾਂ ਨੂੰ ਗੁਰੂ ਦੀ ਸਰਨ ਪਾ ਕੇ (ਮਾਇਆ ਦੇ ਬੰਧਨਾਂ ਤੋਂ) ਛੁਡਾ ਦੇਂਦਾ ਹੈਂ, ਤੂੰ ਆਪ ਹੀ ਜੀਵਾਂ ਨੂੰ ਮਨ ਦਾ ਗੁਲਾਮ ਬਣਾ ਕੇ ਜਨਮ ਮਰਨ ਦੇ ਗੇੜ ਵਿਚ ਭਵਾਉਂਦਾ ਹੈਂ। ਗੁਰਦੇਵ ਜੀ ਫ਼ੁਰਮਾਨ ਕਰਦੇ ਹਨ, (ਹੇ ਪ੍ਰਭੂ !) ਮੈਂ ਤੈਥੋਂ ਕੁਰਬਾਨ ਹਾਂ, ਇਹ ਸਾਰੀ ਜਗਤ-ਰਚਨਾਂ ਤੇਰਾ ਪ੍ਰਤੱਖ ਤਮਾਸ਼ਾ ਹੈ **। ੪ ।**

ਸਤਿਗੁਰਾਂ ਦੇ ਇਸ ਸਿਧਾਂਤ ਨੂੰ ਸਮਝ ਲੈਣ ਵਾਲੇ ਪਾਠਕ ਇਹ ਕਿਵੇਂ ਸੋਚ ਸਕਦੇ ਹਨ ਕਿ ਸਤਿਗੁਰਾਂ ਦਾ ਉਪਦੇਸ਼ ਕੇਵਲ, ਉਨ੍ਹਾਂ ਲਈ ਹੀ ਸੀ ਜਿਹੜੇ ਪਹਿਲਾਂ ਗੁਰਦੇਵ ਜੀ ਦੇ ਚਰਨ ਧੋ ਕੇ ਪੀ ਲੈਂਦੇ ਸਨ। ਕੀ ਅੱਜ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੀ ਸੋਝੀ ਕੇਵਲ ਉਨ੍ਹਾਂ ਨੂੰ ਹੀ ਆਉਂਦੀ ਹੈ ਜਿਹੜੇ ਕਿਸੇ ਖ਼ਾਸ ਵਿਧੀ ਵਿਧਾਨ ਦੁਆਰਾ ਉਨ੍ਹਾਂ ਨੂੰ ਗੁਰੂ ਧਾਰ ਲੈਂਦੇ ਹਨ? ਗਿਆਨ ਦੇਣ ਲਈ ਕੋਈ ਸ਼ਰਤ ਲੱਗ ਜਾਣ ਤੇ ਉਪਦੇਸ਼ ਸਰਬ ਸਾਂਝਾ ਨਹੀਂ ਰਹਿ ਜਾਂਦਾ। ਸੋ ਇਹ ਕਹਿਣਾ ਵੀ ਮਨਮਤ ਹੈ ਕਿ ਜਿੰਨਾ ਚਿਰ ਖੰਡੇ ਬਾਟੇ ਦਾ ਅੰਮ੍ਰਿਤ ਨਾ ਛਕਿਆ ਜਾਵੇ ਉਨਾ ਚਿਰ ਗੁਰੂ ਗੰਥ ਸਾਹਿਬ ਜੀ ਆਪਣੇ ਗਿਆਨ ਦੀ ਬਖ਼ਸ਼ਸ਼ ਨਹੀਂ ਕਰਦੇ। ਗੁਰਬਾਣੀ ਪੜ੍ਹ ਕੇ ਕਈ ਅੰਗ੍ਰਜ਼ਾਂ ਨੇ ਗੁਰਮਤਿ ਬਾਰੇ ਬੜੇ ਠੀਕ ਵਿਚਾਰ ਲਿਖੇ। ਸੁਆਮੀ ਰਾਮ ਤੀਰਥ ਜੀ ਸੰਨਿਆਸੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਪ੍ਰਾਪਤ ਹੋਏ ਗਿਆਨ ਤੋਂ ਏਡੇ ਪ੍ਰਭਾਵਤ ਹੋਏ ਸਨ ਕਿ ਉਨ੍ਹਾਂ ਨੇ ਕੇਸ ਰੱਖ ਲਏ ਸਨ। ਸੋ ਗਿਆਨ ਕਿਸੇ ਸ਼ਰਤ ਦੇ ਅਧੀਨ ਨਹੀਂ ਹੈ। ਇਹ ਮਨ ਮੰਨੇ ਦਾ ਅਤੇ ਸ਼ਰਧਾ ਦਾ ਸੌਦਾ ਹੈ।

ਏਸੇ ਤਰ੍ਹਾਂ ਸਰਬ-ਸਾਂਝੇ ਉਪਦੇਸ਼ ਵਾਲੇ ਬੇਅੰਤ ਸ਼ਬਦ ਹਨ, ਕੁਝ ਦੀ ਸੂਚੀ ਇਸ ਪ੍ਰਕਾਰ ਹੈ :---

| | | | | | |
|---|---|---|---|---|---|
| ੧= [੯੬]-੭(੩-੪) | ੨= [੭੪੭]-੩-੫੦(੪) | ੩= [੮੩੫]-ਅਸਟ-੪(੬-੮) | ੪= [੮੫੮]-੨ | ੫= [੮੮੫]-੯ | ੬= [੧੦੦੧]-੧-੧੦(੪) |
| ੭= [੩੪੬]-੧੭ ॥ | ੮= [੭੩੦]-੧-੮(ਰਹਾ) | ੯= [੩੭੨]-੮ | ੧੦=[੨੭੨]-੮ | ੧੧=[੫੭੪]-ਛੰਤ-੪(੩) | ੧੨=[੬੪੭]-ਵਾਰ-੧੨(੧) |
| ੧੩=[੧੧੨੭]-੧ | ੧੪=[੩੧੧]-ਵਾਰ-੨੦(੨) | ੧੫=[੧੧੦੩]-੪(੨) | ੧੬=[੧੨੯੭]-੫-੦੧੧(੨) | ੧੭=[੬੬੨]-੫-੭ | ੧੮=[੪੭੭]-੮ |
| ੧੯=[੫੩੫]-੨-੩੩(੧) | ੨੦=[੧੨੧੭]-੪੬-੬੯ | | | | |

੬੪- **ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥ ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥ ਗੁਰ ਪਰਸਾਦੀ ਜੀਵਤੁ ਮਰੈ ਤਾ ਮਨ ਹੀ ਤੇ ਮਨੁ ਮਾਨੈ ॥ ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ ॥ ੧ ॥** [੬੪੭]-ਵਾਰ-੧੨

## ੭

## ਸਾਧ-ਸੰਗਤਿ (-ਗੁਰਮੁਖਾਂ) ਦੀ ਚਰਨ-ਧੂੜ

(ਭਾਵੇਂ, ਚਾਤੁਰ ਬੰਦੇ ਇਸ ਨੂੰ ਅਗਿਆਨਤਾ ਹੀ ਕਹਿੰਦੇ ਹੋਣਗੇ ਪਰ) ਸਤਿਗੁਰਾਂ ਦੇ ਦਰਸ਼ਨਾਂ ਨੂੰ ਆਉਣ ਵਾਲੇ ਸ਼ਰਧਾਲੂ, ਜਿਸ ਪਾਣੀ ਵਿਚੋਂ ਪੈਰ ਸੁੱਚੇ ਕਰ ਕੇ ਅੰਦਰ ਆਉਂਦੇ ਸਨ ਉਸ ਜਲ ਵਿਚੋਂ ਚੁਲੀ ਪੀਣ ਦਾ ਰਿਵਾਜ ਅੱਜ ਵੀ ਵੇਖਿਆ ਜਾ ਸਕਦਾ ਹੈ। ਅਕਾਲ ਪੁਰਖ ਤੋਂ ਵਿਥ ਪੈਦਾ ਕਰੀ ਰੱਖਣ ਵਾਲੇ ਹਉਮੈ ਰੋਗ ਦਾ ਇਲਾਜ ਕਰਨ ਆਏ ਸਤਿਗੁਰਾਂ ਨੇ ਆਪਣਾ ਸਿੱਖ ਬਣਾਉਣ ਦੀ ਸ਼ਰਤ ਵਜੋਂ ਚਰਨ ਧੋਣ ਦੀ ਗੱਲ ਨਹੀਂ ਕੀਤੀ। ਪ੍ਰਭੂ ਦੇ ਮਾਰਗ ਦੇ ਪਾਂਧੀਆਂ ਪ੍ਰਤੀ ਅਪਾਰ ਸ਼ਰਧਾ ਦਾ ਪ੍ਰਗਟਾਵਾ ਅਤੀਅੰਤ ਨਿਮਰਤਾ ਨਾਲ ਕਰਦਿਆਂ ਉਨ੍ਹਾਂ ਦੇ ਚਰਣ ਧੋਣ ਦੀ ਸਵਾ ਦਾ ਅਤੇ ਚਰਣ ਧੋ ਕੇ ਪੀਣ ਦਾ ਜ਼ਿਕਰ ਸਤਿਗੁਰਾਂ ਨੇ ਨਾਲ ਜ਼ਰੂਰ ਕੀਤਾ ਹੈ। ਗੁਰਮਤਿ ਦਾ ਇਹ ਪੱਖ ਸਮਝਣ ਲਈ ਆਉ ਗੁਰੁ-ਸ਼ਬਦ-ਵਿਚਾਰ ਨਾਲ ਜੁੜੀਏ:--

੬੫- **ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ ॥ ਨੈਨ ਨਿਹਾਲੀ ਤਿਸੁ ਪੁਰਖ ਦਇਆਲੈ ॥**
**ਮਨੁ ਦੇਵਾ ਤਿਸੁ ਅਪੁਨੇ ਸਾਜਨ ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥ ੨ ॥**[੧੦੨]-੨੦-੨੭

**ਅਰਥ:**--(ਹੇ ਪ੍ਰਭੂ !) ਜਿਹੜਾ ਮਨੁੱਖ ਤੇਰੇ (ਮਿਲਾਪ ਦੇ) ਰਾਹ ਤੇ ਤੁਰਦਾ ਹੈ, ਮੈਂ ਉਸ ਦੇ ਪੈਰ ਧੋਂਦਾ ਰਹਾਂ । ਦਇਆ ਦੇ ਸੋਮੇ ਉਸ ਅਕਾਲ ਪੁਰਖ ਨੂੰ ਮੈਂ ਆਪਣੀਆਂ ਅੱਖਾਂ ਨਾਲ ਵੇਖਣਾ ਚਾਹੁੰਦਾ ਹਾਂ, ਇਸ ਵਾਸਤੇ ਮੈਂ ਆਪਣਾ ਮਨ ਉਸ ਸੱਜਣ ਦੇ ਹਾਵਲੇ ਕਰਨ ਨੂੰ ਤਿਆਰ ਹਾਂ ਜਿਸ ਨੇ ਗੁਰੂ ਨੂੰ ਮਿਲ ਕੇ ਉਸ ਪ੍ਰਭੂ ਨੂੰ ਲੱਭ ਲਿਆ ਹੈ । ੨ ।

੬੬- **ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ ॥**
**ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ ॥**
**ਜਨ ਨਾਨਕ ਨਾਮੁ ਧਿਆਇ ਤੂ ਜਪਿ ਹਰਿ ਹਰਿ ਨਾਮਿ ਸੁਖੁ ਹੋਇਆ ॥ ੧ ॥**[੩੦੯]-ਵਾ-੧੬

**ਅਰਥ:**--ਜਿਸ ਮਨੁੱਖ ਤੇ ਪ੍ਰਭੂ ਆਪਣੀ ਮਿਹਰ ਕਰੇ, ਉਹ ਸਤਿਗੁਰ ਦੇ ਚਰਨ ਧੋਂਦਾ ਹੈ । ਜਿਵੇਂ ਲੋਹਾ ਲਕੜੀ ਦੇ ਸੰਗ ਤਰਦਾ ਹੈ ਤਿਵੇਂ ਉਹ ਸਤਿਗੁਰ ਦੇ ਪੂਰਨਿਆਂ ਤੇ ਤੁਰ ਕੇ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ । ਗੁਰਦੇਵ ਜੀ ਨਾਮ ਸਿਮਰਨ ਦਾ ਉਪਦੇਸ਼ ਦਿੰਦੇ ਹੋਏ ਫ਼ੁਰਮਾਨ ਕਰਦੇ ਹਨ ਕਿ ਪ੍ਰਭੂ ਦਾ ਨਾਮ ਸਿਮਰਿਆਂ ਸੁਖ ਮਿਲਦਾ ਹੈ ।

੬੭- **ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ ॥**
**ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥ ੪ ॥**[੨੦੭]-੭-੧੨੮

**ਅਰਥ:**--ਗੁਰਦੇਵ ਜੀ ਫ਼ੁਰਮਾਨ ਕਰਦੇ ਹਨ---ਮੈਂ (ਗੁਰੂ ਦੇ) ਚਰਨ ਧੋ ਕੇ ਗੁਰੂ ਦੀ ਸੇਵਾ ਕਰਦਾ ਹਾਂ, ਮੈਂ ਗੁਰੂ ਤੋਂ ਲੱਖਾਂ ਵਾਰੀ ਕੁਰਬਾਨ ਜਾਂਦਾ ਹਾਂ, ਕਿਉਂਕਿ ਉਸ (ਗੁਰੂ) ਦੀ ਕਿਰਪਾ ਨਾਲ ਹੀ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ, ਤੇ ਪ੍ਰੀਤਮ ਪ੍ਰਭੂ ਦੇ ਚਰਨਾਂ ਵਿਚ ਜੁੜ ਸਕੀਦਾ ਹੈ । ੪ ।

੬੮- **ਗੁਰ ਕੇ ਚਰਨ ਬਸੇ ਰਿਦ ਭੀਤਰਿ ਸੁਭ ਲਖਣ ਪ੍ਰਭਿ ਕੀਨੇ ॥**
**ਭਏ ਕ੍ਰਿਪਾਲ ਪੂਰਨ ਪਰਮੇਸਰ ਨਾਮ ਨਿਧਾਨ ਮਨਿ ਚੀਨੇ ॥ ੧ ॥** [੬੧੮]-੯-੩੭

**ਅਰਥ:**--ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਦੇ ਚਰਨ ਵੱਸ ਪਏ, ਪ੍ਰਭੂ ਨੇ (ਉਸ ਦੀ ਜ਼ਿੰਦਗੀ ਵਿਚ) ਸਫ਼ਲਤਾ ਪੈਦਾ ਕਰਨ ਵਾਲੇ ਲੱਛਣ ਪੈਦਾ ਕਰ ਦਿੱਤੇ ।ਸਰਬ-ਵਿਆਪਕ ਪ੍ਰਭੂ ਜੀ ਜਿਸ ਮਨੁੱਖ ਤੇ ਦਇਆਵਾਨ ਹੋ ਗਏ, ਉਸ ਮਨੁੱਖ ਨੇ ਪਰਮਾਤਮਾ ਦੇ ਨਾਮ ਦੇ ਖ਼ਜ਼ਾਨੇ ਆਪਣੇ ਮਨ ਵਿਚ (ਟਿਕੇ ਹੋਏ) ਪਛਾਣ ਲਏ । ੧ ।

ਆਪਣੇ ਗੁਰੂ ਦੇ ਚਰਣ ਧੋ ਕੇ (**ਨਾਮ ਰਸ**) ਪੀਣ ਦੇ ਜ਼ਿਕਰ ਵਾਲੇ ਸ਼ਬਦ:--

੬੯- **ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰ ਕੇ ਚਰਣ ਧੋਇ ਧੋਇ ਪੀਵਾ ॥ ੧ ॥**
**ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥ ੨ ॥** [੨੪੦]-੯

**ਅਰਥ:**--ਜਿਉਂ ਜਿਉਂ ਮੈਂ ਗੁਰੂ ਦੇ ਦਰਸ਼ਨ ਕਰਦਾ ਹਾਂ, ਮੈਨੂੰ ਆਤਮਕ ਜੀਵਨ ਮਿਲਦਾ ਹੈ । ਜਿਉਂ ਜਿਉਂ ਮੈਂ ਗੁਰੂ ਦੇ ਚਰਨ ਧੋਂਦਾ ਹਾਂ, ਮੈਨੂੰ (ਆਤਮਕ ਜੀਵਨ ਦੇਣ ਵਾਲਾ) ਨਾਮ-ਜਲ (ਪੀਣ ਨੂੰ, ਜਪਣ ਨੂੰ) ਮਿਲਦਾ ਹੈ **। ੧ ।** ਗੁਰੂ ਦੇ ਚਰਨਾਂ ਦੀ ਧੂੜ (ਮੇਰੇ ਵਾਸਤੇ ਤੀਰਥ ਦਾ ਜਲ ਹੈ ਉਸ) ਵਿਚ ਮੈਂ ਸਦਾ ਇਸ਼ਨਾਨ ਕਰਦਾ ਹਾਂ, ਤੇ ਅਨੇਕਾਂ ਜਨਮਾਂ ਦੀ (ਇਕੱਠੀ ਹੋਈ ਹੋਈ) ਹਉਮੈ ਦੀ ਮੈਲ (ਆਪਣੇ ਮਨ ਵਿਚੋਂ) ਦੂਰ ਕਰਦਾ ਹਾਂ । ੨ ।

੭੦- **ਚਰਨ ਸਾਧ ਕੇ ਧੋਇ ਧੋਇ ਪੀਉ ॥ ਅਰਪਿ ਸਾਧ ਕਉ ਅਪਨਾ ਜੀਉ ॥**
**ਸਾਧ ਕੀ ਧੂਰਿ ਕਰਹੁ ਇਸਨਾਨੁ ॥ ਸਾਧ ਊਪਰਿ ਜਾਈਐ ਕੁਰਬਾਨੁ ॥.... ੬ ॥** [੨੮੩}-੧੫

**ਅਰਥ:**--ਗੁਰੂ-ਸਾਧੂ ਦੇ ਪੈਰ ਧੋ ਧੋ ਕੇ (ਨਾਮ-ਜਲ) ਪੀਉ, ਸਾਧ-ਗੁਰੂ ਤੋਂ ਆਪਣੀ ਜਿੰਦ ਵੀ ਵਾਰ ਦੇਉ । ਗੁਰਮੁਖਿ ਮਨੁੱਖ ਦੇ ਪੈਰਾਂ ਦੀ ਖ਼ਾਕ (ਧੂੜੀ) ਵਿਚ ਇਸ਼ਨਾਨ ਕਰੋ ਗੁਰਮੁਖ ਤੋਂ ਸਦਕੇ ਹੋਵੋ ।

੧੨- **ਸਿਮਰਿ ਸਿਮਰਿ ਤਾ ਕਉ ਹਉ ਜੀਵਾ ॥ ਚਰਣ ਕਮਲ ਤੇਰੇ ਧੋਇ ਧੋਇ ਪੀਵਾ ॥ ੧ ॥** [੭੪੦]-੧੧-੧੭

**ਅਰਥ:**--ਪ੍ਰਭੂ ਦੇ ਨਾਮ ਨੂੰ ਸਦਾ ਸਿਮਰ ਕੇ ਮੈਂ ਆਤਮਕ ਜੀਵਨ ਪ੍ਰਾਪਤ ਕਰਦਾ ਹਾਂ । ਹੇ **ਪ੍ਰਭੂ** ! ਮੈਂ ਤੇਰੇ ਸੋਹਣੇ ਚਰਣ ਧੋ ਧੋ ਕੇ ਨਿਤ ਪੀਂਦਾ ਹਾਂ । ੧ । (ਪ੍ਰਭੂ ਦੇ ਚਰਣ ਧੋ ਕੇ ਪੀਣ ਤੋਂ ਭਾਵ,--ਹਉਮੈ ਤਿਆਗ ਤੇ ਨਿਮਰਤਾ ਨਾਲ ਪ੍ਰਭੂ ਦੇ ਨਾਮ ਦਾ ਸਿਮਰਨ) ।

੭੨- **ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ ॥**
**ਚਰਣ ਕਮਲ ਤੇਰੇ ਧੋਇ ਧੋਇ ਪੀਵਾ ਮੇਰੇ ਸਤਿਗੁਰ ਦੀਨ ਦਇਆਲਾ ॥ ੩ ॥** [੭੪੯]-੮-੫੫

**ਅਰਥ:**--ਹੇ ਦੀਨਾ ਉਤੇ ਦਇਆ ਕਰਨ ਵਾਲੇ ਮੇਰੇ ਸਤਿਗੁਰ ! (ਮੇਹਰ ਕਰ) ਮੈਂ ਤੇਰਾ ਨਾਮ ਜਪ ਜਪ ਕੇ ਆਤਮਕ ਜੀਵਨ ਪ੍ਰਾਪਤ ਕਰਦਾ ਰਹਾਂ, ਮੇਰਾ ਮਨ ਮੇਰਾ ਤਨ (ਤੇਰੇ ਨਾਮ ਦੀ ਬਰਕਤਿ ਨਾਲ) ਖਿੜਿਆ ਰਹੇ । ( ਮੇਹਰ ਕਰ) ਮੈਂ ਸਦਾ ਤੇਰੇ ਸੋਹਣੇ ਚਰਨ ਧੋ ਧੋ ਕੇ ਪੀਂਦਾ ਰਹਾਂ । ੩ ।

੭੩- **ਮਤੜੀ ਕਾਂਢੁ ਕੁਆਹ, ਪਾਵ ਧੋਵੰਦੋ ਪੀਵਸਾ ॥ ਮੂ ਤਨਿ ਪ੍ਰੇਮੁ ਅਥਾਹ, ਪਸਣ ਕੂ ਸਚਾ ਧਣੀ ॥ ੩ ॥**[੧੦੯੯]-ਵਾ-੧੫

**ਅਰਥ:**--ਸਦਾ ਕਾਇਮ ਰਹਿਣ ਵਾਲੇ ਮਾਲਕ ਦਾ ਦਰਸ਼ਨ ਕਰਨ ਵਾਸਤੇ ਮੇਰੇ ਹਿਰਦੇ ਵਿਚ ਅਥਾਹ ਪ੍ਰੇਮ ਹੈ (ਪਰ ਮੇਰੀ ਖੋਟੀ ਮਤ ਦਰਸ਼ਨ ਦੇ ਰਸਤੇ ਵਿਚ ਰੋਕ ਪਾਉਂਦੀ ਹੈ । ਜਿਹੜਾ ਮਨੁੱਖ ਮੇਰੀ ਇਸ ਖੋਟੀ ਮਤ ਨੂੰ ਮੇਰੇ ਅੰਦਰੋਂ ਕੱਢ ਦੇਵੇ, ਮੈਂ ਉਸ ਦੇ ਪੈਰ ਧੋ ਕੇ ਪੀਵਾਂਗਾ ।

ਮਨੁੱਖ ਨੂੰ ਨਿਮਰਤਾ ਭਾਵਣਾਂ ਦੀ ਸਿਖਰ ਤੱਕ ਪੁੱਜਾ ਵੇਖਣ ਦੀ ਸੱਧਰ ਵਾਲੇ ਗੁਰਦੇਵ ਜੀ ਨੇ " ਚਰਨ ਪਰਸਦਾ ਹਾਂ " ਕਹਿਣ ਦੇ ਥਾਂ " ਪੈਰ ਚੱਟਣਾ " ਵੀ ਫ਼ੁਰਮਾਨ ਕੀਤਾ ਹੈ-- **ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥ ੫ ॥** [੧੦੮]-੧੧-੧੩੨

੭੪- **ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥ ਜਬ ਹਿਰਦੈ ਰਾਮਨਾਮ ਗੁਣਤਾਸੁ ॥**
**ਗੁਰਮੁਖਿ ਬੁਧਿ ਪ੍ਰਗ਼ਟੀ ਪ੍ਰਭ ਜਾਸੁ ॥ ਜਬ ਹਿਰਦੈ ਰਵਿਆ ਚਰਣ ਨਿਵਾਸੁ ॥ ੭ ॥** [੨੩੨]-੭

**ਅਰਥ:**--ਜਦੋਂ ਹਿਰਦੇ ਵਿਚ ਪਰਮਾਤਮਾ ਦਾ ਨਾਮ ਅਥਵਾ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਆ ਵੱਸਦਾ ਹੈ, ਤਦੋਂ ਅੰਦਰੋਂ ਹਉਮੈ, ਅਪਣੱਤ, ਖੋਟੀ ਬੁਧੀ ਅਤੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ । ਜਦੋਂ ਮਨੁੱਖ ਗੁਰੂ ਦੀ ਸਰਨੀ ਪੈ ਕੇ ਆਪਣੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਸਿਮਰਦਾ ਹੈ, ਜਦੋਂ ਪ੍ਰਭੂ-ਚਰਨਾਂ ਵਿਚ ਟਿਕਦਾ ਹੈ, ਪ੍ਰਭੂ ਦੀ ਸਿਫ਼ਤ-ਸਾਲਾਹ ਸੁਣਦਾ ਹੈ ਤਾਂ ਇਸ ਦੀ ਬੁਧੀ ਉੱਜਲ ਹੋ ਜਾਂਦੀ ਹੈ । ੭ ।

ਪ੍ਰਭੂ ਦੇ ਚਰਣਾ ਵਿਚ ਹਿਰਦਾ ਟਿਕਾਉਂਣ ਤੋਂ ਭਾਵ ਹੈ, ਆਪਣਾ ਆਪਾ ਭਾਵ ਮਿਟਾ ਕੇ ਨਿਮਰਤਾ ਨਾਲ ਪ੍ਰਭੂ ਦੀ ਯਾਦ ਵਿਚ ਜੁੜਨਾ । ਚਰਣ ਸਦਾ ਹੀ ਨਿਮ੍ਰਤਾ ਦੇ ਪ੍ਰਤੀਕ ਹਨ ।

੭੫- **ਧਧਾ ਧੂਰਿ ਪੁਨੀਤ ਤੇਰੇ ਜਨੂਆ ॥ ਧਨਿ ਤੇਊ ਜਿਹ ਰੁਚ ਇਆ ਮਨੂਆ ॥**
**ਧਨੁ ਨਹੀ ਬਾਛਹਿ ਸੁਰਗ ਨ ਆਛਹਿ ॥ ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ॥-੪॥**[੨੫੧]

**ਅਰਥ:**--ਹੇ ਪ੍ਰਭੂ ! ਤੇਰੇ ਸੇਵਕਾਂ ਦੇ ਚਰਨਾਂ ਦੀ ਧੂੜ ਪਵਿਤ੍ਰ (ਕਰਨ ਵਾਲੀ ਹੁੰਦੀ) ਹੈ । ਉਹ ਬੰਦੇ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਮਨ ਵਿਚ ਇਸ ਧੂੜ ਦੀ ਤਾਂਘ ਹੈ । (ਅਜੇਹੇ ਮਨੁੱਖ ਇਸ ਚਰਨ-ਧੂੜ ਦੇ ਟਾਕਰੇ ਤੇ ਦੁਨੀਆਂ ਵਾਲਾ) ਧਨ ਨਹੀਂ ਲੋੜਦੇ, ਸੁਰਗ ਦੀ ਤਾਂਘ ਨਹੀਂ ਰੱਖਦੇ, ਉਹ ਤਾਂ ਆਪਣੇ ਪਿਆਰੇ ਪ੍ਰਭੂ ਦੀ ਪ੍ਰੀਤ ਵਿਚ ਅਤੇ ਗੁਰਮੁਖਾਂ ਦੀ ਚਰਨ-ਧੂੜ ਵਿਚ ਹੀ ਮਸਤ ਹਨ ।

ਚਰਨ ਧੋ ਕੇ ਪੀਣ ਦੇ, ਉਪਦੇਸ਼ ਵਾਲੇ ਪਾਵਨ ਸ਼ਬਦਾਂ ਦੀ ਵਿਚਾਰ ਤੋਂ ਕਿਸੇ ਇੱਕ ਥਾਉਂ ਵੀ ਇਹ ਸੰਕੇਤ ਨਹੀਂ ਮਿਲਦਾ, ਕਿ ਕਿਸੇ ਮਨੁੱਖ ਨੇ ਸਿੱਖ ਬਣਨ ਤੋਂ ਪਹਿਲਾਂ ਅਥਵਾ ਗੁਰੂ ਧਾਰਨ ਤੋਂ ਪਹਿਲਾਂ ਗੁਰੂ ਦੇ ਚਰਨ ਧੋਤੇ ਹੋਣ, ਜਾਂ ਚਰਨ ਧੋ ਕੇ ਪੀਤੇ ਹੋਣ। ਕਿਸੇ ਨੂੰ ਆਪਣਾ ਸਿੱਖ ਅਥਵਾ ਸ਼ਿਸ਼ਯ ਬਨਾਉਣ ਲਈ ਵਿਖਾਵੇ ਵਾਲੇ ਕਰਮ ਵਿਚ ਪੈਣ ਵਾਲੇ " ਸੰਸਾਰੀ ਗੁਰੂ " ਹੁੰਦੇ ਹਨ । ਅਜੇਹੇ ਗੁਰੂ ਤੋਂ ਪ੍ਰਾਪਤ ਹੋਏ ਗਿਆਨ ਦੀ ਸਹਾਇਤਾ ਨਾਲ ਕੇਵਲ ਸਮਾਜ ਵਿਚ ਇੱਜ਼ਤ ਮਾਣ ਮਿਲ ਸਕਦਾ ਹੈ। ਕੇਵਲ ਲੋਕਾਂ ਵਿਚ ਤਾਂ ਭਾਵੇਂ ਵਾਹ-ਵਾ ਖੱਟੀ ਜਾ ਸਕਦੀ ਹੋਵੇ, ਪਰ ਪਰਲੋਕ ਨਹੀਂ ਸੌਰਦਾ। ਪੈਰ ਧੋ ਕੇ ਪੀਣ ਜਿਹੇ, ਵਿਖਾਵੇ ਵਾਲੇ ਕਸੇ ਵੀ ਕਰਮ ਨਾਲ, ਲੋਕਾਂ ਦੀ ਨਜ਼ਰਾਂ ਵਿਚ ' ਗੁਰੂ ਵਾਲਾ ਬਨਣ ' ਨਾਲ ਵਿਕਾਰਾਂ ਦੀ ਮੈਲ ਤੋਂ ਖ਼ਲਾਸੀ ਹੋਣ ਦੇ ਥਾਂ ਸਗੋਂ ਮਨ ਵਿਚ ਹਉਮੈ ਰੋਗ ਆ ਡੇਰਾ ਲਾਉਂਦਾ ਹੈ-- " ਮੈਂ ਨਿਗੁਰਿਆਂ ਨਾਲੋਂ ਸ੍ਰੇਸ਼ਟ ਹੋ ਗਿਆ ਹਾਂ " । ਵਕਾਰਾਂ ਦੀ ਫ਼ੌਜ ਤੇ ਪੂਰਨ ਜਿੱਤ ਪ੍ਰਾਪਤ ਕਰ ਚੁਕਿਆ ਪੂਰਨ ਸਤਿਗੁਰੂ, ਕਿਸੇ ਨੂੰ ਆਪਣਾ ਸਿੱਖ ਬਨਾਉਣ ਲਈ ਕਿਸੇ ਵਿਖਾਵੇ ਵਾਲੀ ਰਸਮ ਵਿਚ ਪੈਣ ਦੀ ਵਿਚਾਰ ਤੋਂ ਨਿਰਲੇਪ ਹੁੰਦਾ ਹੈ ਅਤੇ ਕਿਸੇ ਦੀ ਕਾਇਆ ਕਲਪ ਕਰਨ ਲੱਗਾ ਜ਼ਰਾ ਵੀ ਢਿੱਲ ਨਹੀਂ ਲਾਉਂਦਾ :--

੭੬- **ਕਬੀਰ ਗੂੰਗਾ ਹੂਆ ਬਾਵਰਾ, ਬਹਰਾ ਹੂਆ ਕਾਨ ॥ ਪਾਵਹੁ ਤੇ ਪਿੰਗੁਲ ਭਇਆ, ਮਾਰਿਆ ਸਤਿਗੁਰ ਬਾਨ ॥ ੧੯੩ ॥**

੭੭- **ਕਬੀਰ ਸਤਿਗੁਰ ਸੂਰਮੇ, ਬਾਹਿਆ ਬਾਨੁ ਜੁ ਏਕੁ ॥ ਲਾਗਤ ਹੀ ਭੁਇ ਗਿਰਿ ਪਰਿਆ, ਪਰਾ ਕਰੇਜੇ ਛੇਕੁ ॥ ੧੯੪ ॥**[੧੩੭੪]

ਜਦ ਮਨੁੱਖ ਦਾ " **ਮਨ** " ਕਿਸੇ ਨੂੰ ਗੁਰੂ ਮੰਨ ਲੈਂਦਾ ਹੈ ਤਾਂ ਬਾਹਰ ਸਰੀਰ ਤੇ, ਗੁਰ-ਸਿੱਖੀ ਆਪਣੇ ਆਪ ਪ੍ਰਗਟ ਹੋ ਜਾਂਦੀ ਹੈ । ਜਦ **ਮਨ** ਸਿੱਖ ਬਣ ਗਿਆ ਤਾਂ ਫਿਰ---

> " ਜਿਉਂ ਜਿਉਂ ਗੁਰੂ ਦੀਆਂ ਨਿਆਰੀਆਂ ਵਡਿਆਈਆਂ ਦੀ ਕਦਰ ਹਿਰਦੇ ਵਿਚ ਵਧਦੀ ਗਈ, ਜਿਉਂ ਜਿਉਂ ਸਤਿਗੁਰੂ ਤੋਂ ਮਿਲਦੇ ਗਿਆਨ ਨਾਲ ਭਰਮ-ਭਟਕਣਾ ਮੁੱਕਦੀ ਗਈ, ਜਿਉਂ ਜਿਉਂ ਤ੍ਰਿਸ਼ਨਾ-ਅਗਨੀ ਦਾ ਸਾੜ ਹਟਦਾ ਗਿਆ ਅਤੇ ਮਨ ਵਿਚ ਠੰਢ ਵਰਤਦੀ ਗਈ, ਤਿਉ ਤਿਉਂ ਸਤਿਗੁਰਾਂ ਨਾਲ ਦਿਲੀ ਪਿਆਰ ਵਧਦਾ ਗਿਆ । ਅਵਸਥਾ ਇਹ ਬਣ ਗਈ ਕਿ ਸਤਿਗੁਰਾਂ ਦੇ ਦਰਬਾਰ ਵਿਚ ਆਉਣ ਵਾਲਿਆਂ ਦੀ ਚਰਣ ਧੂੜੀ ਨਾਲ ਇਸ਼ਨਾਨ ਕਰਨ ਵਿਚ, (ਭਾਵ, ਗੁਰਦੇਵ ਜੀ ਦੀ ਸੰਗਤ ਵਿਚ ਟਿਕੇ ਰਹਿਣ ਵਿਚ ), ਅਲੋਕਿਕ ਅਨੰਦ ਆਉਣ ਲੱਗ ਪਿਆ । ਦਿਲ ਦੀ ਲੋਚਨਾ ਇਹ ਬਣ ਜਾਂਦੀ ਹੈ ਕਿ ਜਿਸ ਦੀਆਂ ਮਿਹਰਾਂ ਦੀ ਬਾਰਸ਼ ਨਾਲ ਹਰ ਪਾਸੇ ਠੰਢ ਵਰਤ ਰਹੀ ਹੈ, ਅਜੇਹੇ ਸਮਰਥ ਗੁਰੂ ਦੀ ਸੇਵਾ ਕਰਦਾ ਹੋਇਆ, ਨਾ ਕਦੇ ਮੈਂ ਥੱਕਾਂ ਅਤੇ ਨਾ ਹੀ ਕਦੇ ਅੱਕਾਂ । ਸਤਿਗੁਰੂ ਜੀ ਦੀ ਬਖ਼ਸ਼ਸ਼ ਨਾਲ ' ਅਖੀਆਂ " ਹੁਣ ਹਰ ਥਾਂ ਪ੍ਰਭੂ-ਪ੍ਰੀਤਮ ਦੇ ਦਰਸ਼ਨ ਕਰਨ ਗਿੱਝ ਗਈਆਂ ਹਨ, ਜਿਸ ਗੁਰੂ ਦੀ ਕਿਰਪਾ ਨਾਲ ਆਪਣੇ ਆਪੇ ਦੀ ਅਸਲੀਅਤ ਦਾ ਗਿਆਨ ਹੋ ਜਾਣ ਨਾਲ ਹਉਮੈ ਅਗਨੀ ਸ਼ਾਂਤ ਹੋ ਗਈ ਹੈ, ਦਿਲ ਕਰਦਾ ਹੈ ਅਜੇਹੇ ਪੂਰਨ-ਪੁਰਖ ਸਤਿਗੁਰੂ ਦੇ ਚਰਨ ਧੋ ਕੇ ਪੀ ਲਵਾਂ । "

ਨਿਮਰਤਾ ਭਰੇ ਡੂੰਘੇ ਪਿਆਰ ਦੇ ਇਸ ਪਵਿੱਤ੍ਰ ਜਜ਼ਬੇ ਨੂੰ, ਕਰਮਕਾਂਡੀ ਰੰਗਤ ਦੇਣੀ, ਬਿੱਪ੍ਰਨ ਕੀ ਰੀਤ ਹੈ। ਗੁਰੂ ਵਾਲਾ ਬਣਨ ਦੀ ਨਿਸ਼ਾਨੀ ਨਿਰੀ ਬਾਰਹੀ ਡਿੱਠ ਹੀ ਨਹੀਂ, ਸਗੋ ਉਨ੍ਹਾਂ ਅਖੀਆਂ ਦਾ ਮਾਲਕ ਬਣਨਾ ਹੁੰਦਾ ਹੈ ਜੋ ਹਰ ਥਾਂ ਸੱਚੇ ਸੱਜਣ ਦੇ ਦੀਦਾਰੇ ਕਰਨ ਗਿੱਝ ਜਾਣ:--

੭੮- **ਡਿਠਾ ਹਭ ਮਝਾਹਿ, ਖਾਲੀ ਕੋਇ ਨ ਜਾਣੀਐ ॥**
**ਤੈ ਸਖੀ ਭਾਗ ਮਥਾਹਿ, ਜਿਨੀ ਮੇਰਾ ਸਜਣੁ ਰਾਵਿਆ ॥ ੩ ॥**[੧੦੯੭]ਵਾਰ-੯

ਸਾਂਝੀਵਾਲਤਾ ਵਾਲੀ ਗੱਲ ਉਸੇ ਵੇਲੇ ਖ਼ਤਮ ਹੋ ਜਾਂਦੀ ਹੈ ਜਦੋਂ ਇਹ ਕਿਹਾ ਜਾਵੇ ਕਿ ਗੁਰੂ ਵਾਲਾ ਬਣਨ ਲਈ ਕੋਈ ਸ਼ਰਤ ਪੂਰੀ ਕਰਨੀ ਪੈਂਦੀ ਹੈ । ਸੋ ਅਜੇਹੀਆਂ ਸ਼ਰਤਾਂ ਲਾਉਣ ਵਾਲੇ ਡੇਰੇਦਾਰ (ਜਾਂ ਡੇਰੇਦਾਰਾਂ ਦੇ ਚੇਲੇ) ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਵਾਲੇ ਗੁਰਬਾਣੀ ਸ਼ਬਦਾਂ ਨੂੰ ਵਿਅਰਥ ਬਣਾ ਦੇਣ ਦਾ ਬੱਜਰ-ਪਾਪ ਕਰ ਰਹੇ ਹਨ ।

੭੯- **ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ ॥**
**ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ ॥ ੨ ॥** [੯੨੯]-ਛੰਦ-੬-੮

## ਗੁਰਮਤਿ ਦੀ ਘੋਰ ਖੰਡਨਾਂ ?

**ਗੁਰਮਤਿ ਗਿਆਨ ਦੀ ਪ੍ਰਾਪਤੀ,** ਕਿਸੇ ਕਰਮਕਾਂਡੀ ਸ਼ਰਤ ਨਾਲ ਹੋ ਸਕਣ ਦੀ ਗੱਲ ਕਰਨੀ, ਕੀ, ਕਿਤੇ ਗੁਰਮਤਿ ਦੀ ਘੋਰ ਖੰਡਨਾ ਕਰਨ ਦਾ ਪਾਪ ਤਾਂ ਨਹੀਂ ਹੈ ? ਭਰਮ ਦੀ ਉਪਜ, ਸਾਰੀਆਂ ਕਰਮਕਾਂਡੀ ਬੰਦਸ਼ਾਂ ਨੂੰ ਤੋੜਨ ਆਏ ਮਨ-ਭਾਣੇ ਗੁਰੂ ਨਾਨਕ ਜੀ ਨੇ, ਸਿੱਖੀ ਦੀ ਬਖ਼ਸ਼ਸ਼ ਕਰਨ ਤੋਂ ਪਹਿਲਾਂ ਚਰਨ ਧੋ ਕੇ ਪਿਲਾਉਣ ਵਾਲੀ, ਜਾਂ **ਵਿਖਾਵੇ ਵਾਲੀ** ਹੋਰ ਕੋਈ ਵੀ ਭਰਮ-ਬੰਦਸ਼ ਕਿਉਂ ਲਾਉਣੀ ਸੀ? ਸੰਸਾਰ ਵਿਚ ਗੁਰਮਤਿ-ਗਿਆਨ ਦੇ ਪਰਚਾਰ ਦਾ ਖੁਲ੍ਹਾ ਛੱਟਾ ਦੇਣ ਲਈ ਸਤਿਗੁਰਾਂ ਦਾ ਫ਼ੁਰਮਾਨ ਹੈ " **ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥** " ਭਾਵ, ਪ੍ਰੇਮ ਦੀ ਬਰਕਤਿ ਸਦਕਾ, ਸਿੱਖ ਆਪਣੇ ਗੁਰੂ ਨਾਲ ਇੱਕ-ਰੂਪ ਹੋ ਜਾਂਦਾ ਹੈ, ਭਾਵ ਸਿੱਖ ਗੁਰੂ ਵਿਚ ਲੀਨ ਹੋ ਜਾਂਦਾ ਹੈ, ਫਿਰ ਸਿੱਖ ਵੀ ਗੁਰੂ ਵਾਲੇ ਉਪਦੇਸ਼ ਦੀ ਲੜੀ ਨੂੰ ਅਗਾਂਹ ਤੋਰਦਾ ਰਹਿੰਦਾ ਹੈ। ਸੂਝਵਾਨ ਸਿੱਖ ਗੁਰੂ ਦੇ ਗਿਆਨ ਦਾ ਪਰਚਾਰਕ ਤਾਂ ਬਣ ਜਾਂਦਾ ਹੈ ਪਰ ਉਹ ਕਿਸੇ ਦਾ ਗੁਰੂ ਨਹੀਂ ਬਣ ਬੈਠਦਾ। ਬਾਬਾ ਬੁਢਾ ਜੀ ਤੋਂ ਲੈ ਕੇ, ਅਜਿਤਾ ਰੰਧਾਵਾ ਜੀ, ਭਾਈ ਮਨਸੁਖ, ਭਾਈ ਸੱਜਣ ਅਤੇ ਗੁਰੂ ਨਾਨਕ ਦੇਵ ਜੀ ਦੇ ਵਿਰੋਸਾਏ ਹੋਏ ਹੋਰ ਬੇਅੰਤ ਸੂਝ-ਵਾਨ ਗੁਰਸਿੱਖ, ਫਿਰ ਬੇਅੰਤ ਮਸੰਦ, ਭਾਈ ਗੁਰਦਾਸ ਜੀ ਭਾਈ ਬਿਧੀ ਚੰਦ ਜੀ ਆਦਿ ਕਈਆਂ ਗੁਰਮੁਖਾਂ ਨੇ ਦੇਸ਼-ਦੇਸਾਂਤ੍ਰਾਂ ਵਿਚ ਸਿੱਖੀ ਫੈਲਾਉਣੀ, ਸਤਿਗੁਰਾਂ ਦੀ ਸੱਚੀ ਸੇਵਾ ਮੰਨੀ ਹੋਈ ਸੀ। ਜਿਸ ਨੇ ਵੀ ਗੁਰੂ ਨਾਨਕ ਜੀ ਦਾ ਗਿਆਨ ਸਮਝਣਾ ਅਰੰਭ ਕਰ ਦਿੱਤਾ ਉਹੀ ਗੁਰੂ ਨਾਨਕ ਦਾ ਸਿੱਖ ਬਨਦਾ ਗਿਆ। ਤਦੇ ਹੀ ਤਾਂ ਗੁਰੂ ਨਾਨਕ ਨਾਮ-ਲੇਵਾ ਸਿੱਖਾਂ ਦੀ ਗਿਣਤੀ ਦੋ ਕ੍ਰੋੜ ਤੋਂ ਟੱਪ ਖਲੋਤੀ ਸੀ।

ਪਰਚਲਤ ਬ੍ਰਾਹਮਣੀ ਪਰੰਪਰਾ ਅਨੁਸਾਰ ਕਿਸੇ ਗੁਰੂ ਤੋਂ ਗਿਆਨ ਦੀ ਪ੍ਰਾਪਤੀ ਦਾ " ਸ੍ਰੀ ਗਣੇਸ਼ " ਕਰਨ ਤੋਂ ਪਹਿਲਾਂ, ਗੁਰੂ ਚੇਲੇ ਦਾ ਸੰਬੰਧ ਸਥਾਪਤ ਕਰਨ ਵਾਲੀਆਂ ਸਾਰੀਆਂ Formalities ਪੂਰੀਆਂ ਕਰ ਲੈਣੀਆਂ ਜ਼ਰੂਰੀ ਸਨ। ਸਤਿਗੁਰਾਂ ਦੇ ਨਿਵਾਜੇ ਗੁਰਮੁੱਖ-ਧਰਮ -ਪਰਚਾਰਕ, ਗੁਰੂ ਚਰਣਾਂ ਦਾ ਚਰਣਾਮ੍ਰਿਤ ਆਪਣੇ ਨਾਲ ਤਾਂ ਨਹੀਂ ਸਨ ਚੁੱਕੀ ਫਿਰਦੇਂ ਜੋ ਗੁਰੂ ਨਾਨਕ ਜੀ ਦੇ ਗਿਆਨ ਦੀ ਬਖ਼ਸ਼ਸ਼ ਕਰਨ ਤੋਂ ਪਹਿਲਾਂ ਚਰਣਾਮ੍ਰਿਤ ਪਿਲਾ ਲੈਂਦੇ ਹੋਣਗੇ। ਇਹ ਸ਼ੋਸ਼ਾ ਵੀ ਕਿਤੋਂ ਨਹੀਂ ਸੁਣਿਆਂ ਕਿ ਸਤਿਗੁਰਾਂ ਦੇ ਚਰਨਾਂ ਦੇ ਭੌਰੇ, ਉਹ ਵਿਦਵਾਨ ਗੁਰਮੁਖ , ਆਪਣਾ ਹੀ ਚਰਣ-ਧੋ ਪਿਲਾ ਕੇ ਬੁੱਤਾ ਸਾਰ ਲੈਂਦੇ ਸਨ ।

ਈਸਾਈ ਧਰਮ ਦੇ ਪਰਚਾਰ ਦੀ ਸੇਵਾ ਕਰਨ ਵਾਲੇ ਘਰ ਘਰ ਜਾ ਕੇ ਆਪਣੇ ਲੋਕਾਂ ਨੂੰ ਗਿਰਜੇ ਆਉਣ ਲਈ ਤਿਆਰ ਕਰਦੇ ਫਿਰਦੇ ਹਨ। ਨਵੀਂ ਕਿਸਮ ਦੇ ਸਿੰਘਾਂ ਨੇ ਉਨ੍ਹਾਂ ਨੂੰ ਹੀ ਅਸਿੱਖ ਕਹਿਣਾ ਅਰੰਭ ਕੀਤਾ ਹੋਇਆ ਹੈ ਜਿਨ੍ਹਾਂ ਨੇ ਕਈ ਪੀੜ੍ਹੀਆਂ ਤੋਂ ਗੁਰੂ ਨਾਨਕ ਜੀ ਨੂੰ ਆਪਣਾ ਇਸ਼ਟ ਮੰਨਿਆਂ ਹੋਇਆ ਹੈ। ਗੁਰਸਿੱਖਾਂ ਨੇ ਸਿੱਖੀ ਦੇ ਨਿਆਰੇ ਗਿਆਨ ਨੂੰ, ਅਥਵਾ ਸਿੱਖੀ ਦੇ ਨਿਆਰੇ ਸਿਧਾਂਤ ਨੂੰ ਦੁਨੀਆਂ ਦੇ ਹੋਰ ਧਰਮਾਂ ਵਿਚ ਤਾਂ ਕੀ ਵੰਡਣਾਂ ਹੈ (ਡੇਰਾ-ਵਾਦ ਦੇ ਇਨ੍ਹਾਂ ਚੇਲਿਆਂ ਨੇ) ਉਲਟਾ ਸਿੱਖੀ ਪਰਚਾਰ ਦਾ ਘੇਰਾ ਸੁੰਗੇੜੀ ਜਾਣ ਤੇ ਲੱਕ ਬੱਧਾ ਹੋਇਆ ਹੈ। ਇਸ ਵਿਚ ਕਿਸੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ ਕਿ **ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਸਾਰੇ ਗੁਰਸਿਖਾਂ ਲਈ ਅਤੀਅੰਤ ਜ਼ਰੂਰੀ ਹੈ,** ਪਰ ਇਸ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਤੋਂ ਜਾਣੂੰ ਹੋ ਜਾਣਾ, ਅਥਵਾ ਗੁਰਮਤਿ ਸਿਧਾਂਤ ਨੂੰ ਸਮਝ ਲੈਣਾਂ, ਅਤੇ ਗੁਰੂ ਦੀ ਮਤ ਤੇ ਤੁਰ ਕੇ ਆਪਣੀ ਜੀਵਨ-ਜੁਗਤ ਸੁਆਰੀ ਰੱਖਣ ਦੀ ਸੱਧਰ ਬਣਾ ਲੈਣੀ, **ਉਸ ਤੋਂ ਵੀ ਕਿਤੇ ਵੱਧ ਜ਼ਰੂਰੀ ਹੈ।** ਸੋ " ਚਰਣਾਮ੍ਰਿਤ " ਪਿਲਾਉਣ (ਅਥਵਾ " ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਾਉਣ") ਵਾਲੀ ਲਕੀਰ, ਕਦੋਂ ਪਾਰ ਕਰਨੀ ਹੋਵੇਗੀ? ਗੁਰੂ ਦਾ ਗਿਆਨ ਸਮਝਣਾ ਅਰੰਭ ਕਰਨ ਤੋਂ ਪਹਿਲਾਂ, ਕਿ ਜਾਂ ਪੂਰੀ ਸੂਝ ਬੂਝ ਨਾਲ ਅੰਮ੍ਰਿਤ ਦੀ ਮਹੱਤਤਾ ਨੂੰ ਸਮਝ ਕੇ ਦਿਲੀ ਸੱਧਰ ਅਤੇ ਉਮੰਗ ਨਾਲ " ਅੰਮ੍ਰਿਤ ਅਭਿਲਾਖੀ " ਬਣ ਜਾਣ ਦੇ ਉਪ੍ਰੰਤ ?

ਮਿੱਠੇ ਬਚਨ ਅਤੇ ਨਿਮਰਤਾ, ਮਨੁੱਖ ਦੇ ਗੁਣਾਂ ਅਤੇ ਚੰਗਿਆਈਆਂ ਦਾ ਨਿਚੋੜ ਹੈ--**ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ ॥** (੪੭੦) । ਇਹ ਮਹਾਨ ਗੁਣ ਆਪਣੇ ਸਿੱਖ ਦੇ ਆਚਰਨ ਵਿਚ ਦ੍ਰਿੜ ਕਰ ਦੇਣ ਲਈ ਸਤਿਗੁਰਾਂ ਨੇ ਨਿਮਰਤਾ ਨੂੰ ਹੀ ਚਰਣਾਮ੍ਰਿਤ ਫ਼ੁਰਮਾਨ ਕਰ ਦਿੱਤਾ। ਸ੍ਰੀ ਰਾਮ ਚੰਦ੍ਰ ਜੀ ਆਪਣੀ ਪਤਨੀ ਸੀਤਾ ਜੀ ਅਤੇ ਭਰਾਤਾ ਲਛਮਣ ਜੀ ਸਮੇਤ ਜਿਸ ਰਿਖੀ ਦੇ ਡੇਰੇ ਗਏ ਆਪਣੇ ਚਰਨ ਸੁੱਚੇ ਕਰਦੇ ਰਾਮਾਇਣ ਮੂਵੀ ਵਿਚ ਦਰਸਾਏ ਹੋਏ ਹਨ। ਸੋ ਪੈਰ ਸੁੱਚੇ ਕਰਕੇ ਰਿਸ਼ੀਆਂ ਦੇ ਆਸ਼ਰਮ ਵਿਚ ਬੈਠਣ ਦਾ ਰਿਵਾਜ ਬ੍ਰਾਹਮਣੀ ਦੇਣ ਹੈ। ਗੁਰੂ ਦਰਸ਼ਨਾਂ ਨੂੰ ਆਏ ਸ਼ਰਧਾਵਾਨਾਂ ਨੇ ਗੁਰੂ-ਸੰਗਤਿ ਵਿਚ ਬੈਠਨ ਤੋਂ ਪਹਿਲਾਂ ਪੈਰ ਧੋ ਕੇ ਸਾਫ਼ ਕਰ ਲੈਣ ਦੀ ਮਰਯਾਦਾ ਅਰੰਭ ਕਰ ਲਈ। ਜਿਸ ਪਾਣੀ ਵਿਚ ਸੰਗਤਾਂ ਪੈਰ ਸਾਫ਼ ਕਰਕੇ ਗੁਰੂ ਦਰਬਾਰ ਵਿਚ ਪ੍ਰਵੇਸ਼ ਕਰਦੀਆਂ ਹਨ। ਇਤਿਹਾਸਕ ਗੁਰੂ ਦੁਆਰਿਆਂ ਦੇ ਦਰਸ਼ਨਾਂ ਨੂੰ ਆਏ ਸ਼ਰਧਾਲੂ ਪੈਰ ਧੋਣ ਲਈ ਬਣੇ ਚੁਬੱਚੇ ਦੇ ਜਲ ਵਿਚੋਂ (ਚ੍ਰਣਾਮ੍ਰਿਤ ਸਮਝੇ ਜਾ ਰਹੇ ਜਲ ਵਿਚੋ) ਚੁਲੇ ਪੀਂਦੇ ਅੱਜ ਵੀ ਵੇਖੇ ਜਾ ਸਕਦੇ ਹਨ। ਪਰ ਸਿੱਖ ਬਣਾਉਣ ਲਈ ਪੈਰ ਧੋ ਕੇ ਪਿਲਾਉਣ ਵਾਲੀ ਕਰਮਕਾਂਡੀ ਗੱਲ ਗੁਰੂ ਨਾਨਕ ਜੀ ਦੇ ਪਾਵਣ ਪਵਿੱਤਰ ਨਾਮਣੇ ਨਾਲ **ਜੋੜਨੀ ਬਿੱਪ੍ਰਨ ਕੀ ਰੀਤ ਦੇ ਧਾਰਨੀ ਬਣਨ ਦਾ ਉਪਦੇਸ਼ ਹੈ।**

੮੦- **ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ ॥**
**ਤਜਿ ਅਭਿਮਾਨੁ ਸਰਣੀ ਪਰਉ ਹਰਿ ਗੁਣ ਨਿਧਿ ਪਾਈ ॥੨॥** [੭੪੫]-੨-੪੨

## ੮

## ਗੁਰੂ ਵਾਲੇ ਬਣਨਾ

ਲੋੜ ਤਾਂ ਇਸ ਗੱਲ ਦੀ ਹੈ ਕਿ ਲੋਕਾਂ ਨੂੰ ਗੁਰੂ ਨਾਨਕ ਜੀ ਦੇ ਨਿਆਰੇ ਗਿਆਨ ਤੋਂ ਅਜੇਹੇ ਯੋਜਨਾ-ਬੱਧ ਢੰਗਾਂ ਨਾਲ ਜਾਣੂੰ ਕਰਾਇਆ ਜਾਵੇ ਕਿ ਦੂਜੇ ਧਰਮ ਵਾਲਿਆਂ ਨੂੰ ਵੀ ਗੁਰੂ ਨਾਨਕ ਜੀ ਦੀ ਸਿੱਖੀ ਪਿਆਰੀ ਲੱਗਣ ਲੱਗ ਪਏ, ਅਤੇ ਉਨ੍ਹਾਂ ਅੰਦਰ ਗੁਰਬਾਣੀ ਸਿਧਾਂਤ ਨੂੰ ਸਮਝਣ ਦੀ ਸੱਧਰ ਜਾਗ ਪਏ । ਫਿਰ ਆਪਣੇ ਮਿੱਠੇ ਅਤੇ ਪਰਉਪਕਾਰੀ ਵਤੀਰੇ ਦੇ ਪ੍ਰਭਾਵ ਨਾਲ ਲੋਕਾਂ ਦੇ ਮਨਾ ਵਿਚ ਅੰਮ੍ਰਿਧਾਰੀ ਬਣਨ ਦਾ ਉਤਸ਼ਾਹ ਪੈਦਾ ਕੀਤਾ ਜਾਵੇ । ਪਰ ਕੁਝ ਸਾਲਾਂ ਤੋਂ ਡੇਰੇਦਾਰ ਸੰਤ ਟੋਲਿਆਂ ਨੇ ਪੰਥ ਵਿਚ " ਗੁਰੂ ਵਾਲੇ " ਬਨਾਉਣ ਦਾ ਨਾਰ੍ਹਾ ਬੜਾ ਪਰਚਲਤ ਕੀਤਾ ਹੋਇਆ ਹੈ । ਇਹ ਕਿਹਾ ਜਾਂਦਾ ਹੈ ਕਿ ਜਿਹੜਾ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਨਹੀਂ ਛਕਦਾ ਉਹ ਨਿਗੁਰਾ ਰਹਿੰਦਾ ਹੈ। ਫਿਰ ਅੰਮ੍ਰਿਤ ਛਕਣ ਤੋਂ ਵਾਂਜੇ ਕਥਿਤ ਨਿਗੁਰਿਆ ਦੇ ਅੰਦਰ ਹੀਣ ਭਾਵਣਾ ਪੈਦਾ ਕਰ ਦੇਣ ਦਾ ਪਾਪ ਕਰਦੇ ਹੋਏ, ਬੜੀ ਖਰ੍ਹਵੀ ਸੁਰ ਵਿਚ ਗੁਰਬਾਣੀ ਦੀਆਂ ਇਹ ਤੁਕਾਂ ਪੜ੍ਹ ਸੁਣਾਉਂਦੇ ਹਨ---**...ਨਿਗੁਰੇ ਕਉ ਗਤਿ ਕਾਈ ਨਾਹੀ ॥ ਅਵਗਣਿ ਮੁਠੇ ਚੋਟਾ ਖਾਹੀ ॥ ੩ ॥** [੩੬੧] ਅਰਥਾਂ ਦੁਆਰਾ ਇਹ ਸਮਝਾਇਆ ਜਾਂਦਾ ਹੈ ਕਿ ਨਿਗੁਰੇ ਦੀ ਗਤੀ ਨਹੀਂ ਹੁੰਦੀ ਉਹ ਸਦਾ ਪਸ਼ੂ-ਜੂੰਨਾ ਵਿਚ ਹੀ ਭਟਕਦਾ ਰਹਿੰਦਾ ਹੈ । " **ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥** ਗੁਰੂਬਾਣੀ ਤੁਕ ਪੜ੍ਹ ਕੇ ਪ੍ਰਭਾਵ ਇਹ ਦਿੱਤਾ ਜਾਂਦਾ ਹੈ ਕਿ ਜੇ ਜਨਮ ਮਰਨ ਦੇ ਗੇੜ ਵਿਚੋਂ ਬਚਨਾ ਹੈ ਤਾਂ ਸਤਿਗੁਰਾਂ ਦੇ ਘਰ " ਜਨਮ ਲੈਣਾ " ਪਵੇਗਾ । ਸਤਿਗੁਰਾਂ ਦੇ ਘਰ ਜਨਮ ਕੇਵਲ ਉਸੇ ਦਾ ਹੋਇਆ ਮੰਨਿਆਂ ਜਾ ਸਕਦਾ ਹੈ ਜੋ (ਡੇਰਾਵਾਦੀਆਂ ਦੇ) ਪੰਜਾਂ ਪਿਆਰਿਆਂ ਕੋਲੋਂ ਉਨ੍ਹਾਂ ਦੀ ਵਿਧੀ ਅਨੁਸਾਰ ਅੰਮ੍ਰਿਤ ਪਾਨ ਕਰੇਗਾ । ਅਤੇ ਬੇ-ਅੰਮ੍ਰਿਤੀਆਂ ਅਥਵਾ ਨਿਗੁਰਿਆਂ ਨੂੰ ਚਿੜਾਉਣ ਲਈ ਤਰਕ ਮਈ ਟੋਣ ਵਿਚ ਇਹ ਤੁਕ ਸੁਣਾਈ ਜਾਂਦੀ ਹੈ- **.... ਨਿਗੁਰੇ ਕਾ ਹੈ ਨਾਉ ਬੁਰਾ ॥ ੧੩ ॥**[੪੩੫]

ਇਸ ਤਰ੍ਹਾਂ ਜਿਹੜੇ ਸਿੱਖ ਨਿਗੁਰੇ ਰਹਿਣ ਦੇ ਹੀਣ ਭਾਵ ਤੋਂ ਖ਼ਲਾਸੀ ਪਾਉਣ ਲਈ ਅੰਮ੍ਰਿਤ ਛਕਦੇ ਹਨ ਉਨ੍ਹਾਂ ਦੇ ਸੁਭਾ ਵਿਚ ਜਾਂ ਵਤੀਰੇ ਵਿਚ " **ਹੋਹੁ ਸਭਨਾ ਕੀ ਰੇਣੁਕਾ** " ਵਾਲੀ ਨਿਮਰਤਾ ਦੇ ਥਾਂ **ਗੁਰੂ ਵਾਲੇ** " ਬਣ ਜਾਣ ਦਾ " **ਹੰਕਾਰ** " ਠਾਠਾਂ ਮਾਰਨ ਲੱਗ ਪੈਂਦਾ ਹੈ । ਅਜੇਹੇ ਅੰਮ੍ਰਿਤਧਾਰੀਆਂ ਦੇ ਅੰਦਰ ਦੀ ਹਉਮੈ, ਕਥਿਤ ਨਿਗੁਰੇ ਸਿੱਖਾਂ ਲਈ ਘਿਰਣਾ ਦਾ ਰੂਪ ਧਾਰ ਲੈਂਦੀ ਹੈ । ਬਾਹਰ ਆਮ ਵਿਹਾਰ ਸਮੇ ਦੀ ਗੱਲ

ਤਾਂ ਛੱਡੀ, ਅਜੇਹੀ ਘਿਰਣਾ ਕਈ ਵਾਰੀ ਗੁਰੂ ਦਰਬਾਰਾਂ ਵਿਚ ਵੀ ਲੜਾਈ ਝਗੜੇ ਦਾ ਰੂਪ ਧਾਰ ਕੇ ਸ਼ਰਧਾਵਾਨਾ ਦਾ ਹਿਰਦਾ ਵਲੂੰਧਰ ਰਹੀ ਹੁੰਦੀ ਹੈ । ਹਾਲਤ ਇਹ ਬਣ ਰਹੀ ਹੈ ਕਿ, " ਗੁਰੂ ਵਾਲੇ " ਬਣ ਜਾਣ ਦੇ ਹੰਕਾਰੀ, ਅਜੇਹੇ ਅੰਮਿਤਧਾਰੀਆਂ ਦੇ ਬੋਲ-ਬਾਣੀ ਵਿਚੋ ਅਥਵਾ ਆਮ ਵਰਤੋਂ-ਵਿਓਹਾਰ ਤੋ ਹੰਕਾਰ ਉਬਾਲੇ ਮਾਰ ਮਾਰ ਕੇ, ਕਥਿਤ ਨਿਗੁਰੇ ਸਿੱਖਾਂ ਦੇ ਮਨਾਂ ਤੇ ਨਸ਼ਤਰ ਚਲਾ ਰਿਹਾ ਹੁੰਦਾ ਹੈ।

ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ, ਪੰਜ ਵਿਕਾਰ ਆਤਮਕ ਜੀਵਨ ਦੇ ਵੈਰੀ ਮੰਨੇ ਗਏ ਹਨ। ਇਨ੍ਹਾਂ ਪੰਜਾਂ ਵਿਕਾਰਾਂ ਵਿਚੋਂ ਸਤਿਗੁਰਾਂ ਨੇ " ਹਉਮੈ ਰੋਗ " ਨੂੰ ਸਭ ਤੋਂ ਵੱਧ ਹਾਨੀ ਕਾਰਕ ਫ਼ੁਰਮਾਨ ਕੀਤਾ ਹੈ । ਕਿਉਂਕਿ ਕੇਵਲ ਹਉਮੈ ਹੀ ' ਪ੍ਰਭੂ ਨਾਮ ' ਦਾ ਵਿਰੋਧੀ ਹੈ । ਜਿਥੇ ਹਉਮੈ ਹੈ ਉਥੇ ਪ੍ਰਭੂ ਦੇ ਨਾਮ ਦਾ ਵਾਸਾ ਕਦੇ ਨਹੀਂ ਹੋ ਸਕਦਾ--**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥ ੧ ॥** [੫੬੦] ਹੰਕਾਰੀ ਮਨੁੱਖ, ਨਾ ਕਦੇ ਪ੍ਰਭੂ ਦੇ ਨਾਮ ਨਾਲ ਪ੍ਰੀਤੀ ਪਾ ਸਕਦਾ ਹੈ ਅਤੇ ਨਾ ਉਹ ਕਦੇ ਸਤਿਗੁਰੂ ਦਾ ਸੱਚਾ ਸੇਵਕ ਹੀ ਬਣ ਸਕਦਾ ਹੈ । ਹੁਸਨ, ਜਵਾਨੀ ਅਤੇ ਸਰੀਰਕ ਸ਼ਕਤੀ ਦਾ ਹੰਕਾਰ, ਬਿਮਾਰੀ ਲੱਗ ਜਾਣ ਤੇ ਜਾਂ ਬੁਢਪਾ ਆ ਜਾਣ ਤੇ ਜਾਂਦਾ ਰਹਿੰਦਾ ਹੈ। ਮਾਇਆ ਦਾ, ਪ੍ਰਭਤਾ ਦਾ, ਅਥਵਾ ਕਿਸੇ ਪਦਵੀ ਦਾ ਹੰਕਾਰ ਵੀ ਬਹੁਤ ਵਾਰੀ, ਰੋਣ-ਕੁਰਲਾਉਣ ਵਿਚ ਬਦਲ ਜਾਂਦਾ ਹੈ। ਹੋਰ ਸਾਰੇ ਹੰਕਾਰ ਮਨੁੱਖ ਦਾ ਪਿੱਛਾ ਛਡ ਜਾਣ ਪਰ--ਧਰਮੀ ਹੋਣ ਦਾ ਹੰਕਾਰ, ਮੌਤ ਦੇ ਬਿਸਤਰੇ ਤੇ ਪਏ ਆਖ਼ਰੀ ਸੁਆਸ ਲੈ ਰਹੇ ਦਾ ਵੀ ਸਾਥ ਨਹੀਂ ਛੱਡਦਾ। ਨਿਹਕਲੰਕ ਬਣ ਜਾਣ ਦੀ ਲਾਲਸਾ ਨਾਲ ' " ਗੁਰੂ ਵਾਲਾ " ਬਣਿਆਂ ਅੰਮ੍ਰਿਤਧਾਰੀ, ਮੌਤ ਤੇ ਬਿਸਤਰੇ ਤੇ ਪਿਆ ਵੀ ਉਸ ਮਨੁੱਖ ਨੂੰ ਵੇਖ ਕੇ ਮੱਥਾ ਜ਼ਰੂਰ ਵੱਟੇਗਾ, ਜਿਸ ਨੂੰ ਉਹ **ਨਿਗੁਰਾ** ਮੰਨਦਾ ਹੈ। ਅਜੇਹੇ ਖ਼ਾਲਸੇ ਲਈ ਨੀਚਾਂ ਦੇ ਸੰਗੀ ਸਾਥੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਫ਼ੁਰਮਾਨ--**ਹਮ ਨਹੀ ਚੰਗੇ ਬੁਰਾ ਨਹੀਂ ਕੋਇ "** ਵਿਅਰਥ ਬਣ ਕੇ ਰਹਿ ਜਾਂਦਾ ਹੈ। ਆਪਣੇ ਹੀ ਭਰਾਵਾਂ ਨਾਲ ਘਿਰਣਾ ਕਰਨ ਵਾਲੇ ਇਹ ਹੰਕਾਰੀ ਅੰਮ੍ਰਿਤਧਾਰੀ, ਕੀ ਉਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਹਨ, ਜਿਨ੍ਹਾਂ ਦੀ ਪਾਵਨ ਦੇ ਬੇਅੰਤ ਗੁਰੂ ਸ਼ਬਦ, ਨਿਮਰਤਾ, ਹਲੀਮੀ, ਨਿਰਵੈਰਤਾ, ਅਤੇ ਬਿਨਾ ਕਿਸੇ ਵਿਤਕਰੇ ਦੇ ਸਾਰਿਆਂ ਨਾਲ ਇਕੋ ਜਿਹਾ ਸਲੂਕ ਅਤੇ ਪਿਆਰ ਕਰਨ ਦਾ ਉਪਦੇਸ਼ ਦੇ ਰਹੇ ਹਨ ?

ਚਾਹੀਦਾ ਤਾਂ ਇਹ ਹੈ ਕਿ ਲੋਕਾਂ ਨੂੰ ਗੁਰੂ ਨਾਨਕ ਜੀ ਦੇ ਨਿਆਰੇ ਗਿਆਨ ਤੋਂ ਅਜੇਹੇ ਯੋਜਨਾਬੱਧ ਢੰਗ ਨਾਲ ਜਾਣੂੰ ਕਰਾਇਆ ਜਾਵੇ ਕਿ ਗੁਰਮਤਿ ਤੋਂ ਅਗਿਆਨੀ ਆਪਣਿਆਂ ਦੇ ਨਾਲ ਦੂਜੇ ਧਰਮ ਵਾਲਿਆਂ ਨੂੰ ਵੀ ਸਿੱਖੀ ਸੱਭ ਤੋਂ ਵੱਧ ਪਿਆਰੀ ਲੱਗਣ ਲੱਗ ਪਏ, ਅਤੇ ਉਨ੍ਹਾਂ ਅੰਦਰ ਗੁਰਬਾਣੀ ਸਿਧਾਂਤ ਨੂੰ ਸਮਝਣ ਦੀ ਸੱਧਰ ਜਾਗ ਪਏ। ਫਿਰ ਆਪਣੇ ਮਿੱਠੇ ਅਤੇ ਪਰਉਪਕਾਰੀ ਵਤੀਰੇ ਦੇ ਪ੍ਰਭਾਵ ਨਾਲ ਲੋਕਾਂ ਦੇ ਮਨਾਂ ਵਿਚ ਅੰਮ੍ਰਿਤ-ਧਾਰੀ ਬਣ ਜਾਣ ਦਾ ਉਤਸ਼ਾਹ ਪੈਦਾ ਕੀਤਾ ਜਾਵੇ। ਪਰ ਖੰਡੇ-ਬਾਟੇ ਦੇ ਝੂਠੇ ਕਰਾਮਾਤੀ ਗੁਣਾਂ ਦੇ ਨਿਰਮੂਲ ਲਾਰਿਆਂ ਨਾਲ ਭਿੰਡਰਾਂ ਵਾਲੇ ਡੇਰੇਦਾਰਾਂ ਦੇ ਚੇਲਿਆਂ ਨੇ **ਸੱਚਾ ਸਿੰਘ** ਤਾਂ ਸ਼ਾਇਦ ਹੀ ਕੋਈ ਬਣਾਇਆ ਹੋਵੇ, ਪਰ (ਬਾਬਾ ਜਰਨੈਲ ਸਿੰਘ ਜੀ ਦੇ ਕਥਨ ਵਾਲੇ) **" ਬੰਬ* "** ਬੇਅੰਤ ਬਣਾਈ ਜਾ ਰਹੇ ਹਨ । [* Foot not:---ਸਤੰਬਰ ੧੯੮੩ ਵਿਚ ਜਦ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਪਾਨ ਕਰਕੇ ਆਏ ਦੋ ਸੌ ਦੇ ਕਰੀਬ, ਸਿੰਘ, ਗੁਰੂ ਨਾਨਕ ਨਿਵਾਸ ਦੀ ਛੱਤ ਤੇ ਬਾਬਾ ਜਰਨੈਨ ਸਿੰਘ ਜੀ ਦੇ ਦਰਸਨਾ ਨੂੰ ਪੁੱਜੇ ਤਾਂ ਉਨ੍ਹਾਂ ਦੇ ਟੇਪ ਹੋਏ ਬਚਨ ਇਸ ਪ੍ਰਕਾਰ ਹਨ --ਬੀਬੀ ਇੰਦ੍ਰਾ ਕਹਿੰਦੀ ਆ ਕਿ ਮੈਂ ਬੰਬ ਬਣਾਉਣਦਾ ਹਾਂ, ਠੀਕ ਹੈ, ਮੈਂ ਬੰਬ ਜ਼ਰੂਰ ਬਣਾਉਂਦਾ ਹਾਂ,(ਅੰਮਿਤਧਾਰੀਆਂ ਵੱਲ ਇਸ਼ਾਰਾ ਕਰਕੇ) ਆਹ ਅੰਮ੍ਰਿਤਧਾਰੀ ਸਿੰਘ ਸਾਰੇ ਬੰਬ ਹੀ ਤਾਂ ਹਨ}

**ਗੁਰੂ ਵਾਲੇ** ਬਣ ਜਾਣ ਦੇ ਹੰਕਾਰੀ ਹੋ ਕੇ ਸਤਿਗੁਰਾਂ ਤੇ ਆਪਣੀ ਮਲ ਮਾਰ ਬਹਿਣਾ, ਸਾਰੀ ਮਨੁੱਖਤਾ ਦੇ ਸਾਂਝੇ, ਜਗਤ ਗੁਰੂ ਨਾਨਕ ਸਾਹਿਬ ਜੀ ਦੀ ਪਿਆਰਾਂ ਲੱਦੀ ਬੁੱਕਲ ਦੀ ਵਿਸ਼ਾਲਤਾ ਦਾ ਖੰਡਣ ਕਰਨ ਦੀ ਗੰਭੀਰ ਗੁਸਤਾਖ਼ੀ ਹੈ। ਅਜੇਹਾ ਗੁਰਮਤਿ ਵਿਰੋਧੀ ਵਤੀਰਾ ਕੌਮੀ ਬਦ-ਕਿਸਮਤੀ ਹੈ । ਸਤਿਗੁਰਾਂ ਦੇ ਪਰਵਾਰ ਦੇ ਭਾਈ-ਵਾਲ ਬਣੇ ਅੰਮ੍ਰਿਤ ਧਾਰੀਆਂ ਨੂੰ ਸੋਹਬਦਾ ਤਾਂ ਇਹ ਸੀ, ਕਿ ਨੱਗਰ ਨੱਗਰ ਵਿਚ ਗੁਰਬਾਣੀ ਅਰਥ-ਵਿਚਾਰ ਦੀ ਸੱਧਰ ਜਗਾ ਦਿੰਦੇ । ਗੁਰਮਤਿ ਸਿਧਾਂਤ ਤੋਂ ਪੂਰੀ ਸੂਝ ਕਰਾਉਣ ਲਈ ਅਜੇਹੇ ਵਿਦਿਆਲੇ ਚਾਲੂ ਕੀਤੇ ਜਾਂਦੇ ਜਿਥੋਂ ਹਰ ਸਾਲ ਵਿਦਵਾਨ ਪਰਚਾਰਕ ਪੈਦਾ ਹੋ ਕੇ ਦੇਸ਼ ਵਿਦੇਸ਼ਾਂ ਵਿਚ ਖਿੱਲਰ ਕੇ ਸੰਸਾਰ ਨੂੰ ਗੁਰਮਤਿ ਦੇ ਨਿਆਰੇ ਗਿਆਨ ਦੀ ਸੋਝੀ ਕਰਾਉਂਦੇ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਦੀਵੀ ਸੱਚ ਵਾਲੇ ਵਿਸ਼ਾਲ ਗਿਆਨ ਤੋਂ ਜਾਣੂੰ ਹੋ ਕੇ ਲੋਕ, ਸੁਆਮੀ ਰਾਮ ਤੀਰਥ ਵਾਂਗ ਪੁਕਾਰ ਉੱਠਦੇ---**" ਸੰਸਾਰ ਦਾ ਸਰਬ ਉੱਤਮ ਧਰਮ-ਗ੍ਰੰਥ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਅਤੇ ਸੰਸਾਰ ਦੇ ਧਰਮਾ ਵਿਚ ਸਰਬ ਉੱਤਮ ਧਰਮ ਸਤਿਗੁਰੂ ਨਾਨਕ ਸਾਹਿਬ ਜੀ ਦਾ ਸਿੱਖ ਧਰਮ ਹੀ ਹੈ "**। ਸੰਸਾਰ ਦੇ ਮਨੁੱਖਾਂ ਨੂੰ ਯਕੀਨ ਕਰਾ ਦਿੱਤਾ ਜਾਂਦਾ ਕਿ ਜਗਤ ਵਿਚ ਗੁਰੂ ਨਾਨਕ ਨਿਰੰਕਾਰੀ ਜੀ ਨੂੰ **" ਸਰਬੱਤ ਦੇ ਸਾਂਝੇ ਅਤੇ ਨਿਆਰੇ "** ਸਤਿਗੁਰੂ ਸਾਬਤ ਕਰ ਦਿੰਦੇ । ਲੋਕਾਂ ਨੂੰ ਇਹ ਵੀ ਸਮਝਾਉਂਦੇ ਕਿ ਸਤਿਗੁਰਾਂ ਨੇ ਸਾਰੇ ਸੰਸਾਰ ਨੂੰ ਇੱਕ ਪਿਤਾ ਦੀ ਔਲਾਦ ਕਹਿ ਕੇ ਸਾਨੂੰ ਸਕੇ ਭੈਣ ਭਾਈ ਬਣਾਇਆ ਹੈ-**ਏਕੁ ਪਿਤਾ ਏਕਸ ਕੇ ਹਮ ਬਾਰਿਕ .......**(੬੧੧) ਉਸ Creator ਦੀ ਉਸ God ਦੀ, ਉਸ ਅੱਲਾਹ ਦੀ, ਉਸ ਗਿਰਧਾਰੀ ਦੀ ਅਥਵਾ ਉਸ ਅਕਾਲ ਪੁਰਖ ਦੀ ਸੇਵਾ ਵਿਚ ਸਾਡੇ ਸਤਿਗੁਰੂ ਜੀ ਦੀ ਇਹ ਅਰਦਾਸ ਹੈ--**ਜਿਤ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥... ੧ ॥** [੮੫੩] ਬਿਨਾ ਜ਼ਾਤ ਪਾਤ ਦੇ ਵਿਤਕਰੇ ਦੇ, ਬਿਨਾਂ ਕਿਸੇ ਨੈਸਨੈਲਿਟੀ (Nationality) ਵਾਲੇ ਪੱਖ ਪਾਤ ਦੇ, ਬਿਨਾ ਕਿਸੇ ਚਮੜੀ ਦੇ ਰੰਗ ਦੇ ਭਿੰਨ-ਭੇਤ ਦੇ, ਅਸੀਂ ਸਾਰੇ ਸੰਸਾਰ ਦੇ ਵਾਸੀ, ਇੱਕੋ ਪ੍ਰਵਾਰ ਦੇ ਜੀਅ ਹਾਂ । ਸੰਸਾਰ ਵਿਚ ਭਲੇ ਅਤੇ ਮੰਦੇ ਦਾ ਵਿਤਕਰਾ ਮਿਟਾਉਣ ਵਾਲੇ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਮੋਟੇ ਅੱਖਰਾਂ ਵਿਚ ਸੰਸਾਰ ਦੀਆਂ ਕੰਧਾਂ ਤੇ ਲਗ ਗਿਆ ਹੁੰਦਾ--

੮੧- **ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ ੧ ॥ ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥ ੧ ॥ ਰਹਾਉ ॥ ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥ ੨ ॥ ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਿਛੁ ਹੋਈ ॥ ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥ ੩ ॥ ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥ ਕਹਿ ਕਬੀਰ ਮੇਰੀ ਸੰਕਾ ਨਾਸੀ, ਸਰਬ ਨਿਰੰਜਨੁ ਡੀਠਾ ॥ ੪ ॥**[੧੩੫੦]-੩

ਜਗਤ ਦੇ ਲੋਕਾਂ ਦੇ ਹਿਰਦੇ ਮੰਨ ਜਾਂਦੇ ਕਿ ਸ੍ਰੀ ਗੁਰੂ ਨਾਨਕ ਸਾਹਿਬ ਦਾ ਪੰਥ, ਸੰਸਾਰ ਦਾ ਸਰਬ ਉੱਤਮ ਪੰਥ ਹੈ । ਸਤਿਗੁਰਾਂ ਦੇ ਸਿੱਖ ਦਾ ਪਿਆਰਾਂ ਲਦਿਆ ਪਰ-ਉਪਕਾਰੀ ਉੱਚਾ ਸੁੱਚਾ ਆਚਰਣ ਲੋਕਾਂ ਦੇ ਮਨ ਤੇ ਅਜੇਹੀ ਛਾਪ ਲਾਉਂਦਾ ਕਿ, ਹਰ ਕੋਈ ਗੁਰੂ ਨਾਨਕ ਜੀ ਦੀ ਸਿੱਖੀ ਵਿਚ ਸ਼ਾਮਲ ਹੋਣ ਲਈ ਕਾਹਲੇ ਪੈ ਜਾਂਦਾ। ਫਿਰ ਬਿਨਾਂ ਕਿਸੇ ਧਰਮ ਦੇ ਅਥਵਾ ਬਿਨਾਂ ਉੱਚੇ ਨੀਵੇਂ ਦੇ ਵਿਤਕਰੇ ਦੇ, ਲੋੜਵੰਦਾਂ ਦੀ ਸਾਹਿਇਤਾ ਅਤੇ ਦੁਖਿਆਰਿਆਂ ਦੀ ਤਨੋ, ਮਨੋਂ, ਧਨੋ, ਪੂਰੀ ਲਗਨ ਨਾਲ ਸੇਵਾ-ਸੰਭਾਲ ਕਰਨ ਵਾਲੇ ਅੰਮ੍ਰਿਤਧਾਰੀਆਂ ਦਾ ਨਿਆਰੀ ਮਿਠਾਸ ਵਾਲਾ ਵਤੀਰਾ ਅਤੇ ਸਰਬੱਤ ਨਾਲ ਉਚੇਚਾ ਪਿਆਰ ਕਰਨ ਵਾਲਾ ਨਿਮਰਤਾ ਭਰਿਆ ਸੁਭਾਅ ਵੇਖ ਕੇ, ਸਾਰਾ ਸੰਸਾਰ ਸਤਿਗੁਰਾਂ ਦੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਨ ਲਈ ਉਵੇ ਹੀ ਢੂੰਡ ਵਿਚ ਤੁਰ ਪੈਂਦਾ ਜਿਵੇ ਮਨੁੱਖ--ਆਬੇ-ਹੱਯਾਤ " ਲਭਣ ਚੜ੍ਹਿ ਪਿਆ ਸੀ ।

ਅਜੇਹੀ ਸੇਵਾ ਨਾਲ ਗੁਰੂ-ਪੰਥ ਦਾ ਦਾ ਨਾਮਣਾ ਉੱਚਾ ਕਰਨ ਵਾਲੀ ਸੇਵਾ ਕਰਨ ਦੀ ਕਦੇ ਵਿਚਾਰ ਵੀ ਨਹੀਂ ਕੀਤੀ, ਸਗੋਂ (ਚੜ੍ਹਦੀ ਕਲਾ ਦਾ ਬਾਣਾ ਪਾ ਲੈਣ ਦੇ ਹੰਕਾਰੀ ਬਣੇ, ਗੁਰੂ ਦੇ ਇਹ ਉਚੇਚੇ ਲਾਲ), ਇਹ ਕਹਿਣ ਵਿਚ ਗੁਰੂ ਪੰਥ ਦੀ ਸੇਵਾ ਮੰਨ ਬੈਠੇ ਕਿ, ' ਗੁਰੂ ਨਾਨਕ ਜੀ ਸਿਰਫ਼ ਉਨ੍ਹਾਂ ਲੋਕਾਂ ਦੇ ਹੀ ਗੁਰੂ ਬਣਦੇ ਸਨ ਜਿਹੜੇ ਉਨ੍ਹਾਂ ਦੇ ਚਰਨ ਧੋ ਕੇ ਪੀਣਾਂ ਮੰਨ ਜਾਂਦੇ ਸਨ, ਅਤੇ ਹੁਣ ਦਸ਼ਮੇਸ਼ ਜੀ ਕੇਵਲ ਉਨ੍ਹਾਂ ਦੇ ਹੀ ਗੁਰੂ ਹਨ ਜਿੰਨ੍ਹਾਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਲਿਆ ਹੈ "। ਇਹ ਵਿਚਾਰ ਗੁਰਮਤਿ ਵਿਰੋਧੀ ਹੈ ਅਤੇ ਸਤਿਗੁਰਾਂ ਦੀ ਅਜ਼ਮਤ ਨੂੰ ਨੀਵਾਂ ਕਰਨ ਵਾਲੀ ਹੈ। ਅੰਤਰਜਾਮੀ ਸਤਿਗੁਰਾਂ ਨੂੰ ਸਾਡੀ ਤੰਗ ਦਿਲੀ ਵਾਲੀ ਇਸ ਕਮਜ਼ੋਰੀ ਦਾ ਪਤਾ ਸੀ। ਕੁਰਾਹੇ ਪੈ ਕੇ ਗੁਰੂ ਉਪਦੇਸ਼ ਤੋਂ ਉੱਖੜੀ ਹੋਈ ਸਾਡੀ ਸੁਰਤਿ ਨੂੰ ਮੁੜ ਟਿਕਾਣੇ ਸਿਰ ਲਿਆਉਣ ਲਈ ਹੀ ਉਨ੍ਹਾਂ ਨੇ ਫ਼ੁਰਮਾਇਆ--**ਕਰਿ ਮਹਿ ਅੰਮ੍ਰਿਤੁ ਆਨਿ ਨਿਸਾਰਿਓ ॥ ਖਿਸਰਿ ਗਇਓ ਭੂਮ ਪਰਿ ਡਾਰਿਓ ॥ ੨ ॥**[੩੯੯] ਪਰ ਨਾ ਡੇਰੇਦਾਰ ਸਾਧ ਮਹਾਂਪੁਰਖ ਨੇ ਅਤੇ ਨਾ ਹੀ ਮਾਇਆ ਦੀ ਉਗਰਾਹੀ ਕਰਨ ਦੀ ਤ੍ਰਿਸ਼ਨਾਂ ਦੇ ਮਾਰੇ, ਦੇਸੋਂ ਪ੍ਰਦੇਸ ਦੌੜੇ ਫਿਰਦੇ " ਉਪਦੇਸ਼ਕਾਂ, ਰਾਗੀਆਂ, ਢਾਡੀਆਂ ' ਨੇ ਕਦੇ ਦੱਸਿਆ ਹੈ ਕਿ ਸਤਿਗੁਰਾਂ ਨੇ ਉਹ ਕਿਹੜਾ ਅੰਮ੍ਰਿਤ ਸਾਡੇ ਕਿਸ ਬੁੱਕ ਵਿਚ ਲਿਆ ਪਾਇਆ ਸੀ? ਅਸਾਂ ਕਿਵੇਂ, ਅਤੇ ਕਿਸ ਧਰਤੀ ਦੀ ਮਿਟੀ ਵਿਚ ਉਸ ਅੰਮ੍ਰਿਤ ਨੂੰ ਰੋਲ ਦਿੱਤਾ? ਪਰ ਅਸਾਂ ਵੀ ਕਿਹੜਾ ਕਦੇ ਸਤਿਗੁਰਾਂ ਦੇ ਇਸ ਅੰਮ੍ਰਿਤ ਬਾਰੇ ਕੋਈ ਵਿਚਾਰ ਕੀਤੀ ਜਾਂ ਕਿਸੇ ਕਥਿਤ ਮਹਾਂਪੁਰਖਾਂ ਕੋਲੋਂ ਕਦੇ ਕੋਈ ਅਜੇਹਾ ਸ਼ੰਕਾ ਨਿਵਿਰਤ ਕਰਾਉਣ ਲਈ ਕਦੇ ਕੁਝ ਪੁਛਿੱਆ ਹੈ। ਸਾਡੇ ਲਈ ਤਾਂ ਸਭ ਕੁਝ ਪਹਿਲਾਂ ਚਰਣਾਮ੍ਰਿਤ ਸੀ ਤੇ ਹੁਣ ਖੰਡੇ ਬਾਟੇ ਦੀ ਪਾਹੁਲ। ਗੁਰਬਾਣੀ ਸਮਝ ਕੇ ਉਸ ਅਨੁਸਾਰ ਜੀਵਨ ਬਨਾਉਣ ਵਾਲੀ ਸਿਖਿਆ ਨਾਲ ਸਾਡਾ ਕੀ ਵਾਸਤਾ ?

ਆਪਸ ਵਿਚ ਸਹੋਦਰਤਾ ਵਾਲਾ ਪਿਆਰ ਹੋਣ ਦੇ ਥਾਂ, ਮਾਇਆ ਦੇ ਮੋਹ ਕਾਰਨ ਉਪਜੀ ਘਿਰਣਾ ਗ੍ਰਸੀ ਹਉਮੈ ਤੋਂ ਜਨਮੀ ਆਪਸੀ **ਫੁੱਟ** (**ਨਾ-ਇਤਫ਼ਾਕੀ**) ਦਾ ਅਜੇਹਾ ਰੋਗ ਸਹੇੜ ਬੈਠੇ, ਜਿਹੜਾ ਚੰਗੀਆਂ ਭਲੀਆਂ ਸਿਰਕੱਢ ਕੌਮਾਂ ਦਾ ਵੀ ਘਾਤ ਕਰਦਾ ਆਇਆ ਹੈ। ਅਸੀ ਪੜ੍ਹ ਆਏ ਹਾਂ ਕਿ ਹੰਕਾਰ ਦੀ ਟੀਸੀ ਤੇ ਬੈਠੇ ਬ੍ਰਾਹਮਣ ਨੇ ਫੁੱਟ ਪਾਈ ਰੱਖਣ ਲਈ **ਭਿੱਟ** ਅਤੇ **ਛੂਤ ਛਾਤ** ਵਰਗੇ ਕਈ ਰੋਗ ਕੌਮ ਨੂੰ ਚੰਬੇੜ ਦਿੱਤੇ ਸਨ। ਅਤੇ ਹੁਣ ਇਹ ਡੇਰੇਦਾਰ ਅਥਵਾ ਪੰਥ-ਵੈਰੀਆਂ ਦੇ ਏਜੰਟ, **ਗੁਰੂਵਾਲੇ** ਅਤੇ **ਨਿਗੁਰੇ** ਦਾ ਭਰਮ ਪਾ ਕੇ ਵਿਅਰਥ ਦੀ ਘਿਣਾਵਣੀ ਫੁੱਟ ਦਾ ਬੀਜ ਗੁਰੂ-ਪੰਥ ਵਿਚ ਵੀ, ਬਿੱਪ੍ਰ ਦੇ ਹੀ ਇਨ੍ਹਾਂ ਚੇਲਿਆਂ ਨੇ ਬੀਜਿਆ ਹੈ। ਸੱਭ ਤੋਂ ਵੱਧ ਦੁਖਦਾਈ ਭਾਣਾ ਇਹ ਵਰਤਾਇਆ ਹੈ ਕਿ **'ਅੰਮ੍ਰਿਤ-ਸੰਸਕਾਰ "** ਮਰਯਾਦਾ ਵਿਚ ਹੰਕਾਰ ਪੈਦਾ ਕਰਨ ਵਾਲੀਆਂ ਅਜੇਹੀਆਂ ਗੱਲਾਂ ਰਲਾ ਦਿੱਤੀਆਂ ਹੋਈਆਂ ਹਨ ਜਿਨ੍ਹਾਂ ਦੇ ਕਾਰਨ ਸਿੱਖ ਦੁਖਦਾਈ ਫੁੱਟ ਅਤੇ ਆਪਸੀ ਘਿਰਣਾਂ ਦਾ ਸ਼ਿਕਾਰ ਹੋਈ ਤੁਰਿਆ ਜਾ ਰਿਹਾ ਹੈ ।

**[ਜ਼ਰੂਰੀ ਬੇਨਤੀ**--ਅਗੇ ਲਿਖੀ ਵਿਚਾਰ ਅਰੰਭ ਕਰਨ ਤੋਂ ਪਹਿਲਾਂ ਪਿਛਲੇ ਪੰਜਵੇ ਕਾਂਡ ਦੇ ਲੇਖ ਨੰਬਰ ੪ ਵਿਚ- " ਖੰਡੇ ਬਾਟੇ ਦੇ ਅੰਮ੍ਰਿਤ ਵਿਚ ਕਰਾਮਾਤੀ ਸ਼ਕਤੀਆਂ " ਵਿਚੋਂ " ਅਸਲੀ ਕਰਮਾਤਾਂ ਦਾ ਵਰਵਾ " ਪੜ੍ਹ ਕੇ ਯਾਦ ਤਾਜ਼ਾ ਕਰ ਲਈ ਜਾਵੇ ਤਾਂ, ਅੱਗੇ ਲਿਖੇ ਜਾਣ ਵਾਲੇ ਵਿਸ਼ੇ ਦੀ ਅਸਲ ਭਾਵਣਾ ਨੂੰ ਸਮਝਣ ਵਿਚ ਕੋਈ ਝਮੇਲਾ ਪੈਣ ਦਾ ਡਰ ਨਹੀ ਰਹੇਗਾ । ਦਸ਼ਮੇਸ਼ ਜੀ ਅਤੇ ਮਾਤਾ ਸਾਹਿਬ ਕੌਰ ਜੀ ਦਾ ਸਪੁੱਤਰ ਬਣ ਜਾਣ ਦਾ ਮਾਣ ਮਿਲ ਜਾਣ ਦਾ ਅਰਥ ਹੈ ਅੰਮ੍ਰਿਤਧਾਰੀ ਦਾ ਆਚਰਨ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਆਚਰਨ ਵਾਰਗਾ ਬਣ ਜਾਵੇ । ਜੇ ਅੰਮ੍ਰਿਤਧਾਰੀ ਦਾ ਆਚਰਨ ਸਤਿਗੁਰਾਂ ਦੇ ਸਾਹਿਬ ਜ਼ਾਦਿਆਂ ਜਿਹਾ ਬਣ ਜਾਵੇ ਤਾਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਨ ਵਿਚ, ਇਸ ਤੋਂ ਵੱਡੀ ਹੋਰ ਕਿਹੜੀ ਕਰਾਮਾਤ ਹੋ ਸਕਦੀ ਹੈ ? ਅੰਮ੍ਰਿਤ ਧਾਰੀ ਸਿੰਘ, ਪਰਉਪਕਰੀ ਰੁਚੀਆਂ ਵਾਲਾ ਕਰਮਯੋਗੀ ਬਣ ਕੇ ਨਿਆਰੇ ਆਚਰਨ ਦਾ ਮਾਲਕ ਬਣ ਜਾਵੇ--ਬਸ, ਏਹੀ ਸੀ ਦਸ਼ਮੇਸ਼ ਜੀ ਦੇ ਘਰ ਜਨਮ ਹੋ ਜਾਣ ਦਾ ਅਰਥ। ਪਰ ਅੰਮ੍ਰਿਤਧਾਰੀ ਨੂੰ ਅਜੇਹਾ ਭਰੋਸਾ ਦਿਵਾਉਣ ਲਈ ਗੁਰਬਾਣੀ ਦੇ ਆਸ਼ੇ ਨੂੰ ਵਿਗਾੜ ਕੇ ਨਿੱਜੀ ਆਸ਼ੇ ਅਨੁਸਾਰ ਵਰਤਨ ਵਾਲਾ ਦੁਖਦਾਈ ਭਾਣਾ ਵਰਤ ਰਿਹਾ ਹੁੰਦਾ ਹੈ। ਲੇਖਕ ਵਲੋਂ ਪਾਠਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਕਾਹਲੀ ਨਾਲ ਕੋਈ ਸਿੱਟਾ ਕੱਢ ਲੈਣ ਤੋਂ ਸੰਕੋਚ ਕਰਦੇ ਹੋਏ, ਗੁਰਮਤਿ ਸਿਧਾਂਤ ਦੀ ਅਸਲੀਯਤ ਨੂੰ ਸਮਝਣ ਲਈ ਉਚੇਚੀ ਇਕਾਗਰਤਾ ਦੀ ਬਖ਼ਸ਼ਸ਼ ਕਰਨ ਦੀ ਖੇਚਲ ਕਰਨ ]

**ਦੁਖਦਾਈ ਗੱਲਾਂ ਦਾ ਵੇਰਵ**ਾ:--

**(੧) ਇਹ ਭਰੋਸਾ ਦਿੱਤਾ ਜਾਣ ਲਈ**, ਕਿ ਅੰਮ੍ਰਿਤਧਾਰੀ ਦਾ ਜਨਮ ਦਸ਼ਮੇਸ਼ ਜੀ ਦੇ ਘਰ ਹੋ ਜਾਂਦਾ ਹੈ ਅਤੇ ਉਸ ਦਾ ਜਨਮ-ਮਰਨ ਦਾ ਚੱਕਰ ਖ਼ਤਮ ਹੋ ਜਾਂਦਾ ਹੈ, ਗੁਰਬਾਣੀ ਦੀ ਇਸ ਪੰਗਤੀ--**" ਸਤਿਗੁਰ ਕੈ ਜਨਮੇ ਗਵਨੁ ਮਿਟਾਇਆ "**--ਦੀ ਗ਼ਲਤ ਵਰਤੋਂ ਜਾਂਦੀ ਹੈ। ਇਹ ਪਾਵਨ ਪੰਗਤੀ ਸਿੱਧ ਗੋਸਟ ਬਾਣੀ ਦੇ ਸਲੋਕ ਨੰਬਰ ੨੦ ਵਿਚੋਂ ਹੈ। ਗੁਰਮੁਖ ਪਾਠਕਾਂ ਨੂੰ ਭਲੀ-ਭਾਂਤ ਪਤਾ ਹੈ ਕਿ, ਸਿੱਧ-ਗੋਸਟ ਵਿਚ ' ਚਰਣਾਮ੍ਰਿਤ ' ਬਾਰੇ, ਜਾਂ ' ਖੰਡੇ ਬਾਟੇ ਦੇ ਅੰਮ੍ਰਿਤ ' ਬਾਰੇ ਕੋਈ ਚਰਚਾ ਨਹੀਂ ਸੀ ਹੋ ਰਹੀ। ਸਿਧਾਂ ਦੇ ਪ੍ਰਸ਼ਨ ਦੇ ਉੱਤਰ ਵਿਚ ਉਚਾਰੇ ਗੁਰੂ ਨਾਨਕ ਦੇਵ ਜੀ ਦੇ ਉਸ ਪੂਰੇ ਸਲੋਕ ਨੂੰ ਸਮਝਣ ਦੀ ਲੋੜ ਹੈ। ਉਸ ਸਲੋਕ ਦੇ ਅਰਥ ਠੀਕ ਤਰ੍ਹਾਂ ਸਮਝਣ ਲਈ ਸਿੱਧਾਂ ਦੇ ਪ੍ਰਸ਼ਨ ਵਾਲਾ ਸਲੋਕ ਵੀ ਵਿਚਾਰ ਲੈਣਾ ਲਾਹੇਵੰਦ ਰਹੇਗਾ :--

੮੨- **ਕਿਤੁ ਬਿਧਿ ਪੁਰਖਾ, ਜਨਮੁ ਵਟਾਇਆ ॥ ਕਾਹੇ ਕਉ, ਤੁਝੁ ਇਹੁ ਮਨੁ ਲਾਇਆ ॥ ਕਿਤੁ ਬਿਧਿ ਆਸਾ ਮਨਸਾ ਖਾਈ ॥ ਕਿਤੁ ਬਿਧਿ, ਜੋਤਿ ਨਿਰੰਤਰਿ ਪਾਈ ॥ ਬਿਨੁ ਦੰਤਾ, ਕਿਉ ਖਾਈਐ ਸਾਰੁ॥ ਨਾਨਕ, ਸਾਚਾ ਕਰਹੁ ਬੀਚਾਰੁ॥੧੯॥**

**ਅਰਥ**:--(ਸਤਵੇਂ ਸਲੋਕ ਤੋਂ ਪਤਾ ਚਲਦਾ ਹੈ ਕਿ " ਲੋਹਾਰੀਪਾ " ਨਾਮੀ ਸਿੱਧ ਜੋ 'ਗੁਰੂ ਗੋਰਖ ਨਾਥ ' ਦਾ ਚੇਲਾ ਸੀ ਸਤਿਗੁਰਾਂ ਨਾਲ ਚਰਚਾ ਕਰ ਰਿਹਾ ਹੈ । ਇਸ ਸਲੋਕ ਵਿਚ ਉਹੀ ਸਿੱਧ, ਗੁਰੂ ਨਾਨਕ ਜੀ ਤੋਂ ਪੁੱਛਦਾ ਹੈ) ਹੇ ਪੁਰਖਾ ! ਤੂੰ ਆਪਣੀ ਜਿੰਦਗੀ ਕਿਸ ਤਰੀਕੇ ਨਾਲ ਪਲਟ ਲਈ ਹੈ ? ਤੂੰ ਆਪਣਾ ਇਹ ਮਨ ਕਿਸ ਵਿਚ ਜੋੜਿਆ ਹੈ ? ਮਨ

ਦੀਆਂ ਆਸਾਂ ਤੇ ਮਨ ਦੇ ਫੁਰਨੇ ਤੂੰ ਕਿਵੇਂ ਮੁਕਾ ਲਏ ਹਨ ? ਰੱਬੀ ਪ੍ਰਕਾਸ਼ ਤੈਨੂੰ ਇੱਕ-ਰਸ ਕਿਵੇਂ ਮਿਲ ਪਿਆ ਹੈ ? (ਮਾਇਆ ਦੇ ਇਸ ਪ੍ਰਭਾਵ ਤੋਂ ਬਚਨਾ ਇਉਂ ਹੀ ਔਖਾ ਹੈ ਜਿਵੇਂ ਬਿਨਾ ਦੰਦਾਂ ਦੇ ਲੋਹਾ ਚੱਬਣਾ) ਦੰਦਾਂ ਤੋਂ ਬਿਨਾਂ ਲੋਹਾ ਕਿਵੇਂ ਚੱਬਿਆ ਜਾਏ ? ਹੇ ਨਾਨਕ ! ਕੋਈ ਸਹੀ ਵਿਚਾਰ ਦੱਸੋ (ਜੋ ਸਾਡੇ ਮਨ ਲੱਗ ਜਾਏ) । ੧੯ ।

੮੩- **ਸਤਿਗੁਰ ਕੈ ਜਨਮੇ, ਗਵਨੁ ਮਿਟਾਇਆ ॥ ਅਨਹਤਿ ਰਾਤੇ, ਇਹੁ ਮਨੁ ਲਾਇਆ ॥**
**ਮਨਸਾ ਆਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥**
**ਤ੍ਰੈਗੁਣ ਮੇਟੇ, ਖਾਈਐ ਸਾਰੁ ॥ ਨਾਨਕ, ਤਾਰੇ ਤਾਰਣ- ਹਾਰੁ ॥ ੨੦ ॥**[੯੪੦]

**ਅਰਥ:**--ਜਿਉਂ ਜਿਉਂ ਸਤਿਗੁਰੂ ਦੀ ਸਿਖਿਆ ਤੇ ਤੁਰੇ, ਤਿਉਂ ਤਿਉਂ ਮਨ ਦੀ ਭਟਕਣਾ ਮੁੱਕਦੀ ਗਈ । ਜਿਉਂ ਜਿਉਂ ਇੱਕ-ਰਸ ਵਿਆਪਕ ਪ੍ਰਭੂ ਵਿਚ ਜੁੜਨ ਦਾ ਆਨੰਦ ਆਇਆ, ਤਿਉਂ ਤਿਉਂ ਇਹ ਮਨ ਪਰਚਦਾ ਗਿਆ । ਮਨ ਦੇ ਫੁਰਨੇ ਤੇ ਦੁਨੀਆਂ ਵਾਲੀਆਂ ਆਸਾਂ ਅਸਾਂ ਗੁਰੂ ਦੇ ਸ਼ਬਦ ਦੀ ਰਾਹੀਂ ਸਾੜੀਆਂ ਹਨ, ਗੁਰੂ ਦੇ ਸਨਮੁਖ ਹੋਇਆਂ ਹੀ ਇੱਕ-ਰਸ ਰੱਬੀ ਪ੍ਰਕਾਸ਼ ਲੱਭਾ ਹੈ । (ਇਸ ਰੱਬੀ ਪ੍ਰਕਾਸ਼ ਦੀ ਬਰਕਤਿ ਨਾਲ) ਅਸਾਂ ਮਾਇਆ ਦੇ ਝਟਕੇ ਦੇ ਤਿੰਨ ਹੀ ਕਿਸਮਾਂ ਦੇ ਅਸਰ ( ਤਮੋ, ਰਜੋ, ਸਤੋ) ਆਪਣੇ ਉਤੇ ਪੈਣ ਨਹੀਂ ਦਿੱਤੇ, ਤੇ (ਇਸ ਤਰ੍ਹਾਂ ਮਾਇਆ ਦੀ ਚੋਟ ਤੋਂ ਬਚਨ ਦਾ ਇਹ ਅੱਤਿ ਔਖਾ ਕੰਮ-ਰੂਪ) ਲੋਹਾ ਚੱਬਿਆ ਗਿਆ ਹੈ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ (ਇਸ ਔਖੇ ਤਰੇ ਜਾਣ ਵਾਲੇ ਸੰਸਾਰ ਸਾਗਰ ਤੋਂ) ਤਾਰਣ ਦੇ ਸਮਰੱਥ ਪ੍ਰਭੂ ਆਪ ਹੀ ਤਾਰਦਾ ਹੈ । [ਅਰਥ--ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ--ਪੋਥੀ ਸਤਵੀਂ ਸਫ਼ਾ ੪੭-ਕਿਰਤ ਪ੍ਰਿੰ: ਸਾਹਿਬ ਸਿੰਘ ਜੀ]

ਆਪਣੀ ਸਮਝ ਅਨੁਸਾਰ ਬਣਾਏ ਮਨ-ਮਤੀ ਆਸ਼ੇ ਨੂੰ ਸੱਚਾ ਸਿੱਧ ਕਰਨ ਲਈ ਗੁਰਬਾਣੀ ਦੀ ਕਿਸੇ ਤੁਕ ਨੂੰ ਜਾਂ ਸ਼ਬਦ ਨੂੰ ਅਢੁਕਵੇਂ ਥਾਂ ਜੋੜਨ ਲਈ ਗ਼ਲਤ ਅਰਥ ਕਰਨੇ ਗੁਰਬਾਣੀ ਦੀ ਬੇਅਦਬੀ ਹੈ। ਅਜੇਹਾ ਕਰਨ ਦਾ ਅਧਿਕਾਰ ਸਮੁੱਚੇ ਪੰਥ ਨੂੰ ਵੀ ਕਦੇ ਨਹੀਂ ਮਿਲਿਆ। ਸਤਿਗੁਰਾਂ ਨੇ ਜਿਸ ਗੁਰਮਤਿ ਸਿਧਾਂਤ ਨੂੰ ਸਮਝਾਉਣ ਵਾਸਤੇ ਗੁਰਬਾਣੀ ਉਚਾਰੀ ਹੈ ਉਸ ਸਿਧਾਂਤ ਨੂੰ ਛੱਡ ਕੇ ਆਪਣੀ ਮਤ ਅਨੁਸਾਰ ਮਿਥੇ ਆਸ਼ੇ ਨੂੰ ਸੱਚਾ ਸਿੱਧ ਕਰਨ ਲਈ ਗੁਰਬਾਣੀ ਦੀ ਵਰਤੋਂ ਕਰਨੀ, ਲਗ-ਪਗ ਉਹੀ ਭੁੱਲ ਹੈ ਜੋ ਰਾਮ ਰਾਏ ਜੀ ਨੇ ਕੀਤੀ ਸੀ। " **ਸਤਿਗੁਰ ਕੈ ਜਨਮੈ ਗਵਨ ਮਿਟਾਇਆ** " ਮਹਾਂ ਵਾਕ ਦਾ ਅਰਥ ਇਹ ਨਹੀਂ ਹੈ ਕਿ ਕੇਵਲ ਖੰਡੇ ਬਾਟੇ ਦਾ ਅੰਮ੍ਰਿਤ ਛਕ ਲੈਣ ਨਾਲ ਸਿੰਘ ਸਤਿਗੁਰਾਂ ਦੀ ਔਲਾਦ ਬਣ ਗਿਆ ਹੈ ਅਤੇ ਉਸ ਦਾ ਜਨਮ ਮਰਨ ਕਟਿਆ ਗਿਆ ਹੈ। ਗੁਰੂ ਦੇ ਘਰ ਜਨਮ ਲੈ ਕੇ ਜਨਮ-ਮਰਨ ਦਾ ਚੱਕਰ ਮਿਟਾ ਲੈਣ ਦਾ ਅਰਥ ਇਹ ਹੈ, ਕਿ ' ਸਿੰਘ ਜੀ ਨੇ ਆਪਣੀ ਪਹਿਲੀ ਹਉਮੈ ਵਾਲੀ ਮਤਿ ਦਾ ਸੁਭਾਵ, ਵਤੀਰਾ ਅਥਵਾ ਪਹਿਲੀ ਰਹਣੀ ਛੱਡ ਕੇ, ਆਪਣੀ ਜੀਵਨ-ਜੁਗਤ ਗੁਰਮਤਿ ਅਨੁਸਾਰ ਢਾਲ ਲਈ ਹੈ, ਅਤੇ ਆਪਣੀ ਪਹਿਲੀ ਜ਼ਾਤ ਗੋਤ ਵਾਲੀ ਪਛਾਣ ਗੁਆ ਕੇ ਕੇਵਲ ਅਤੇ ਕੇਵਲ ਸਤਿਗੁਰੂ ਨਾਨਕ **...** ਗੁਰੂ ਗੋਬਿੰਦ ਸਿੰਘ ਜੀ, ਦਸਾਂ ਸਤਿਗੁਰਾਂ ਦੀ ਜੋਤਿ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਨੂੰ ਹੀ ਆਪਣੀ ਪਛਾਣ ਬਣਾ ਲਿਆ ਹੈ**--

੮੪- **ਕਬੀਰ ਹਰਦੀ ਪੀਰਤਨੁ ਹਰੈ, ਚੂਨ ਚਿਹਨੁ ਨ ਰਹਾਇ ॥**
**ਬਲਿਹਾਰੀ ਇਹ ਪ੍ਰੀਤਿ ਕਉ, ਜਿਹ ਜਾਤਿ ਬਰਨੁ ਕੁਲੁ ਜਾਇ ॥ ੫੭ ॥** [੧੩੬੭]

ਸਤਿਗੁਰੂ ਜੀ ਉਸ ਪ੍ਰੀਤ ਤੋਂ ਬਲਿਹਾਰੇ ਜਾ ਰਹੇ ਹਨ ਜਿਹੜੀ ਜ਼ਾਤ ਗੋਤ ਦਾ ਭਰਮ ਗੁਆ ਕੇ ਪ੍ਰੇਮੀ (ਗੁਰਸਿੱਖ) ਦੀ ਰਹਿਣੀ ਵਿਚ ਹੀ ਲੀਨ ਕਰ ਦਿੰਦੀ ਹੈ। ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਨਾਲ ਗੁਰੂ ਦੇ ਘਰ ਜਨਮ ਲੈ ਲੈਣ ਦਾ ਜੇ ਹੰਕਾਰ ਹੋ ਜਾਣਾ ਹੈ ਅਤੇ ਜਾਤ ਗੋਤ ਅਥਵਾ ਜੀਵਨ-ਜੁਗਤ ਪਹਿਲੀ ਹੀ ਰਹਣੀ ਹੈ, ਤਾਂ ਅਜੇਹੇ ਅੰਮ੍ਰਿਤ ਧਾਰੀ ਨਾਲੋਂ, **ਰੱਬ ਦੇ ਭੈ ਵਿਚ ਰਹਿਣ ਵਾਲਾ, ਨਿਰਮਾਣ ਅਤੇ ਉਚੇ ਆਚਰਨ ਦਾ ਮਲਕ ਮਿਠ-ਬੋਲਾ, ਬੇ-ਅੰਮ੍ਰਿਤੀਆ ਹਜ਼ਾਰ ਗੁਣਾ ਚੰਗਾ ਹੈ ।**

**(੨)** ਸ੍ਰੀਮਾਨ ਪੰਥ ਰਤਨ ਵਿਦਯਾਮਾਰਤੰਡ ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਮਹਾਂਪੁਰਖ ਜੀ ਦਾ ਆਪਣੀ ਲਿਖੀ ਪੁਸਤਕ " ਗੁਰਮਤਿ ਰਹਿਤ ਮਰਯਾਦਾ " ਦੇ ੧੦੦ ਸਫ਼ੇ ਤੇ ਅਤੇ ਗੁਰਬਾਣੀ ਪਾਠ ਦਰਸ਼ਨ ਦੇ ੮੮ ਸਫ਼ੇ ਤੇ ਇਹ ਲਿਖਣਾ -" ਅੰਮ੍ਰਿਤ ਦੀ ਪੂਰੀ ਮਹੱਤਤਾ ਤਾਂ ਕੋਈ ਕਹਿ ਨਹੀਂ ਹੀ ਸਕਦਾ, ਪਰ ਕੁਝ ਕਹਿੰਦੇ ਹਾਂ--ਅੰਮ੍ਰਿਤ ਛਕਣ ਕਰਕੇ ਪਿਛਲੇ ਜਨਮਾਂ ਦੇ ਸਾਰੇ ਪਾਪ ਬਖ਼ਸ਼ੇ ਜਾਂਦੇ ਹਨ । ਸਤਿਗੁਰੂ ਸਾਹਿਬ ਜੀ ਬਖ਼ਸ਼ ਦਿੰਦੇ ਹਨ । ਸਤਿਗਰਾਂ ਦਾ ਹੁਕਮ ਹੈ ਇਕ ਵਾਰ **ਵੀ ਜਿਸ ਦੇ ਮੁਖ ਅੰਮ੍ਰਿਤ ਪੈ ਗਿਆ** ਫਿਰ ਭਾਵੇਂ ਗ਼ਲਤੀ ਹੋਣ ਕਰਕੇ ਮੁਕਤ ਨਾ ਹੋ ਸਕੇ ਪਰ ਦਸ ਹਜ਼ਾਰ ਵਰ੍ਹੇ ਤਕ ਅਸੀਂ ਨਰਕਾਂ ਵਿਚ ਨਹੀਂ ਪੈਣ ਦਿਆਂਗੇ । ਵਾਰ ਵਾਰ ਸਿੱਖਾਂ ਦੇ ਘਰ ਜਨਮ ਦਿਆਂਗੇ । ਕਦੇ ਤਾਂ ਰਹਿਤ ਰੱਖਕੇ ਮੁਕਤ ਹੋਵੇਗਾ । ਅੰਮ੍ਰਿਤ ਛਕਣ ਕਰਕੇ ਰਹਿਤ ਵਿਚ ਰਹਿਣ ਕਰਕੇ ਕੇਵਲ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ "।[ਗੁਰਬਾਣੀ ਪਠ ਦਰਸ਼ਨ " ਸਫ਼ਾ ੮੮] ਕੌਮ ਲਈ ਘਾਤਕ ਸਿੱਧ ਹੋਣ ਦਾ ਕਾਰਨ ਇਹ ਹੈ, ਕਿ, ਮਹਾਂਪੁਰਖਾਂ ਦੇ ਲਿਖੇ ਅਨੁਸਾਰ ਜਦ ਮਨੁੱਖ ਨੂੰ ਇਹ ਪਤਾ ਲੱਗ ਜਾਵੇ ਕਿ, ਅੰਮ੍ਰਿਤ ਮੁਖ ਪੈਂਦਿਆਂ ਹੀ ਪਿਛਲੇ ਜਨਮਾਂ ਦੇ ਕੀਤੇ ਸਾਰੇ ਪਾਪ ਵੀ ਨਾਸ ਹੋ ਜਾਂਦੇ ਹਨ ਅਤੇ ਫਿਰ ਜੇ ਕਿਸੇ ਮਨਚਲੇ ਦਾ, ਦਸ ਹਜ਼ਾਰ ਸਾਲਾਂ ਲਈ ਮੁੜ ਮੁੜ ਸਿੱਖਾਂ ਦੇ ਘਰ ਹੀ ਜਨਮ ਲੈਣ ਦਾ ਦਿਲ ਕਰਦਾ ਹੋਵੇ, ਤਾਂ, ਅੰਮ੍ਰਿਤ ਛਕ ਕੇ ਉਸ ਨੂੰ ਗ਼ਲਤੀਆਂ ਕਰੀ ਜਾਣ ਦੀ ਖੁਲ੍ਹੀ ਛੁੱਟੀ ਹੈ। ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਅਜੇਹੇ ਵਿਸ਼ਵਾਸ਼ ਬਣ ਜਾਣ ਨਾਲ ਮਨੁੱਖ ਨਿਹਕਲੰਕ ਬਣ ਬਹਿੰਦਾ ਹੈ ਅਤੇ ਨਿਸੰਗ ਹੋ ਕੇ ਪਾਪ ਕਮਾਉਣ ਲੱਗ ਪੈਂਦਾ ਹੈ:---

੮੫- **ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥**
**' ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮਪੁਰਿ ਬਾਂਧਿ ਖਰੇ ਕਾਲੰਕ ॥ ੨ ॥**[੧੩੪੮]-੧

**(੩)** ਸਤਿਗੁਰਾਂ ਨੇ ਪੰਥ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਅੰਮ੍ਰਿਤ ਦੀ ਦਾਤ ਉਨ੍ਹਾਂ ਮਹਾਂਨ-ਤਿਆਗੀਆਂ ਨੂੰ ਬਖ਼ਸ਼ੀ ਸੀ ਜਿਨਾਂ ਨੇ ਆਪਣਾ ਸੀਸ ਵੀ ਆਪਣਾ ਨਹੀਂ ਸੀ ਸਮਝਿਆ। ਕਈ ਪ੍ਰਕਾਰ ਦੇ ਲੋਭ-ਲਾਲਚ ਦੇ ਕੇ ਅੰਮ੍ਰਿਤ ਧਾਰੀ ਬਣਾਈ ਜਾਣ ਦਾ ਅਰਥ ਹੈ ਸਿੰਘ ਨੂੰ ਧਾਰਮਿਕ ਤੌਰ ਲੋਭੀ ਬਣਾ ਕੇ ਪੰਥ ਦੀ ਰਹਿੰਦੀ-ਖੂੰਦੀ ਜਖਣਾ ਪੁੱਟੀ ਜਾਣ ਦਾ ਬਾਨ੍ਹਣੂ ਬੰਨੀ ਜਾਣਾ । ਲੋਭੀ ਦਾ ਪ੍ਰੇਮ ਕੇਵਲ ਛਲਾਵਾ ਹੁੰਦਾ ਹੈ, ਅਤੇ ਲੋਭੀ ਮਨੁੱਖ ਬੇਇਤਬਾਰਾ ਹੁੰਦਾ ਹੈ:--" **ਫਰੀਦਾ ਜਾ ਲਬੁ ਤ ਨੇਹੁ ਕਿਆ ਲਬੁ ਤ ਕੂੜਾ ਨੇਹੁ** " [੧੩੭੮] " **ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ** " ॥ [੧੪੧੭]

ਭੈ ਦੇ ਕੇ ਜਾਂ ਕੋਈ ਲਾਲਚ ਦੇ ਕੇ ਅੰਮ੍ਰਿਤ ਪਾਨ ਕਰਾਉਣਾ, ਪੰਥ ਦੀ ਸੇਵਾ ਨਹੀਂ ਹੈ ਸਗੋਂ ਦਸ਼ਮੇਸ਼ ਜੀ ਦੇ ਖ਼ਾਲਸੇ ਦੇ ਆਚਰਨ ਦਾ ਪੂਰੀ ਤਰ੍ਹਾਂ ਭੋਗ ਪਾ ਦੇਣ ਵਾਲਾ ਦੁਸ਼-ਕਰਮ ਹੈ। ਗੁਰਮਤਿ ਗਿਆਨ ਦੀ ਸਮਝ ਆ ਜਾਣ ਤੋਂ ਅਤੇ ਗੁਰੂ--ਸਿੱਖ ਇਤਿਹਾਸ ਤੋਂ ਅਤੇ ਅੰਮ੍ਰਿਤ ਧਾਰੀਆਂ ਦੇ

ਨਿਆਰੇ ਸ਼ੁਭ ਗੁਣਾ ਨੂੰ ਵੇਖ ਕੇ ਮਿਲੀ ਪ੍ਰੇਰਨਾ ਤੋਂ, ਜਿਹੜਾ (ਸਿੱਖ) ਅੰਮ੍ਰਿਤ ਪਾਨ ਕਰੇਗਾ, ਕੇਵਲ ਉਸੇ ਸਿੰਘ ਕੋਲੋਂ ਆਸ ਕੀਤੀ ਜਾ ਸਕਦੀ ਹੈ ਕਿ ਉਹ, ਪੰਥ ਦਾ ਮਾਣ ਸਤਿਕਾਰ ਵਧਾਉਣ ਵਾਲੀ ਜੀਵਨੀ ਜੀਊਣ ਲਈ ਘਾਲਣਾ ਘਾਲਦੇ ਰਹਿਣ ਨੂੰ ਆਪਣਾ ਜਿਵਨ-ਮਨੋਰਥ ਬਣਾ ਲਵੇਗਾ ।

**(੪)** ਉਪ੍ਰੋਕਤ ਪੰਗਤੀ ਦੇ ਨਾਲ ਡੇਰੇ-ਦਾਰਾਂ ਮਹਾਂਪੁਰਖਾਂ ਨੇ ਗੁਰਬਾਣੀ ਦੀ ਇੱਕ ਹੋਰ ਤੁਕ ਵਿਅੰਗ ਮਈ ਢੰਗ ਨਾਲ ਪੜ੍ਹ ਕੇ ਕਈਆਂ ਦਾ ਦਿਲ ਦੁਖਾਉਣ ਵਾਲਾ ਹੰਕਾਰ ਗ੍ਰਸਿਆ ਰਿਵਾਜ, ਚਾਲੂ ਕਰ ਦਿੱਤਾ ਹੋਇਆ ਹੈ । ਇਹ ਕਿਹਾ ਜਾਂਦਾ ਹੈ ਕਿ (ਵਾਹਿਗੁਰੂ) ਗੁਰਮੰਤ੍ਰ ਕੇਵਲ ਅੰਮ੍ਰਿਤ ਛਕਣ ਸਮੇ ਹੀ ਪ੍ਰਾਪਤ ਹੋ ਸਕਦਾ ਹੈ [ਹਾਲਾਂਕਿ " ਸਿੱਖ ਰਹਿਤ ਮਰਯਾਦਾ ਦੁਆਰਾ ਗੁਰੂ-ਪੰਥ ਵਲੋਂ", " ਵਹਿਗੁਰੂ ' ਗੁਰਮੰਤ੍ਰ ਦੇ ਉਪਦੇਸ਼ ਦੀ ਪ੍ਰਾਪਤੀ ਸਮੂਹ ਸਿੱਖ ਜਗਤ ਨੂੰ ਹੋ ਚੁੱਕੀ ਹੈ} । ਗੁਰੂ ਬਾਣੀ ਨੂੰ ਆਪਣੀ ਵਿਉਂਤ ਨਾਲ ਵਰਤਣ ਲਈ ਗੁਰਮਿਤ ਦਾ ਅਸਲ ਆਸ਼ਾ ਵਿਗਾੜਨ ਗਿੱਝੇ ਹੋਏ, ਹੇਠ ਲਿਖੇ ਗੁਰੂ ਫ਼ੁਰਮਾਨ ਨੂੰ ਹੋਰ ਵੀ ਵੱਧ ਤਰਕ ਮਈ ਦੁਖਾਂਵੇਂ ਸ਼ਬਦਾਂ ਵਿਚ ਵਰਤਦੇ ਹੋਏ ਕਿਹਾ ਜਾ ਰਿਹਾ ਹੁੰਦਾ ਹੈ ਕਿ, " ਗੁਰਮੰਤ੍ਰ ਤੋਂ ਸੱਖਣੇ ਮਨੁੱਖ ਨੂੰ ਸਤਿਗੁਰਾਂ ਨੇ ਕੁੱਤਾ ਸੂਰ ਅਤੇ ਖੋਤਾ ਕਿਹਾ ਹੈ "। ਉਹ ਗੁਰੂ-ਬਾਣੀ ਫ਼ੁਰਮਾਨ ਅਰਥਾਂ ਸਮੇਤ ਇਸ ਪ੍ਰਕਾਰ ਹੈ:--

੮੬- **ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ, ਧ੍ਰਿਗੰਤ ਜਨਮ ਭ੍ਰਸਟਣਹ ॥**
**ਕੂਕਰਹ ਸੂਕਰਹ ਗਰਧਭਹ, ਕਾਕਹ ਸਰਪਨਹ ਤੁਲਿ ਖਲਹ ॥ ੩੩ ॥** [੧੩੫੬]

**ਅਰਥ:**--ਜਿਹੜਾ ਬੰਦਾ ਸਤਿਗੁਰੂ ਦੇ ਉਪਦੇਸ਼ ਤੋਂ ਸੱਖਣਾ ਹੈ, (ਭਾਵ, ਜਿਸ ਨੇ ਗੁਰੂ ਦੀ ਮਤਿ ਗ੍ਰਹਣ ਨਹੀ ਕੀਤੀ, ਜਿਸ ਨੇ ਗੁਰੂ ਦੇ ਉਪਦੇਸ਼ ਵਲ ਕਦੇ ਧਿਆਨ ਨਹੀਂ ਦਿੱਤਾ) ਉਸ ਭੈੜੀ ਬੁਧਿ ਵਾਲੇ ਦਾ ਜੀਵਨ ਫਿਟਕਾਰ ਜੋਗ ਹੈ । ਉਹ ਮੂਰਖ ਕੁੱਤੇ ਸੂਰ ਖੋਤੇ ਕਾਂ ਸੱਪ ਦੇ ਬਰਾਬਰ ਹੈ । ੩੩ । ਭਾਵ, ਗੁਰਮੰਤ੍ਰ ਦਾ ਅਰਥ ਗੁਰਉਪਦੇਸ਼ ਮੰਨਣਾ ਮਹਾਂਪੁਰਖ ਜੀ ਹੱਤਕ ਮੰਨ ਰਹੇ ਹੁੰਦੇ ਹਨ । ਕੇਵਲ ਪ੍ਰੋਹਿਤਵਾਦੀ ਮੰਤ੍ਰ ਜਾਪ ਨੂੰ ਸਿੱਖੀ ਦਾ ਅੰਗ ਬਣਾਉਣ ਨੂੰ ਪੰਥ ਦੀ ਸੇਵਾ ਮੰਨਦੇ ਹਨ।

ਉਪ੍ਰੋਕਤ ਮਹਾਂ ਵਾਕ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਜਿਸ ਮਨੁੱਖ ਨੇ (ਭਾਂਵੇ ਉਹ ਅੰਮ੍ਰਿਤਧਾਰੀ ਹੀ ਹੋਵੇ) ਆਪਣਾ ਜੀਵਨ ਗੁਰੂ ਦੇ ਉਪਦੇਸ਼ ਅਨੁਸਾਰ ਨਹੀਂ ਬਣਾਇਆ ਉਸ ਦਾ ਜੀਵਨ ਫ਼ਿਟਕਾਰ-ਜੋਗ ਹੈ। ਸਾਰੇ ਚਿੰਤਾ ਝੋਰੇ ਮਿਟਾ ਕੇ, ਤਪਦੇ ਹਿਰਦਿਆਂ ਨੂੰ ਠੰਡਕ ਪੁਚਾਉਣ ਆਈ ਧੁਰ ਕੀ ਬਾਣੀ, ਨੂੰ ਕਿਸੇ ਦਾ ਦਿਲ ਦੁਖਾਉਣ ਲਈ ਤਰਕਮਈ ਢੰਗ ਨਾਲ ਵਰਤਣਾ ਘੋਰ ਪਾਪ ਹੈ। ਗੁਰਮਤਿ ਵਿਰੋਧੀ ਬੋਲਾਂ ਨਾਲ ਕਿਸੇ ਦਾ ਦਿਲ ਦੁਖਾ ਕੇ ਸਿੱਖ ਜਗਤ ਵਿਚ ਫ਼ੁੱਟ ਪਾਉਣ ਦਾ ਕੁਕਰਮ, ਕਿਸੇ ਅੰਮ੍ਰਿਤ-ਧਾਰੀ ਨੂੰ ਕਿਵੇਂ ਫੱਬ ਸਕਦਾ ਹੈ ?

੮੭- **ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥**
**ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥ ੧੧੪ ॥**[੧੩੭੦]

੮੮- **ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ ॥**
**ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ ॥ ੧੭੨ ॥** [੧੩੭੩]

੮੯- **ਕਬੀਰ ਹਰਿ ਕਾ ਸਿਮਰਨੁ ਜੋ ਕਰੈ ਸੋ ਸੁਖੀਆ ਸੰਸਾਰਿ ॥**
**ਇਤ ਉਤ ਕਤਹਿ ਨ ਡੋਲਈ ਜਿਸ ਰਾਖੈ ਸਿਰਜਨਹਾਰ ॥ ੨੦੬ ॥** [੧੩੭੫]

## ੯

## ਬੜਾ ਜ਼ਰੂਰੀ ਗੁਰਮਤਿ ਪੱਖ

ਜੇ ਕਿਸੇ ਉਚੇਚੀ ਕਰਮਕਾਂਡੀ ਵਿਧੀ ਨਾਲ ਕੋਈ ਵਿਕਾਰੀ ਮਨੁੱਖ ਗੁਰੂ ਵਾਲਾ ਬਣ ਸਕਦਾ ਹੁੰਦਾ ਤਾਂ ਕਿਸੇ ਗਿਆਨ ਦੀ ਸੋਝੀ ਕਰਾਉਣ ਦੀ ਗੱਲ ਮੁੱਕ ਗਈ ਹੁੰਦੀ। ਜੇ ਕੇਵਲ ਖੰਡੇ ਬਾਟੇ ਦਾ ਅੰਮਿਰਤ ਛਕ ਲੈਣ ਨਾਲ ਹੀ ਸਤਿਗੁਰਾਂ ਦੇ ਘਰ ਜਨਮ ਹੋ ਸਕਦਾ ਹੁੰਦਾ ਅਥਵਾ ਸਤਿਗੁਰਾਂ ਦੇ ਪਰਵਾਰ ਦੀ ਭਾਈ ਵਾਲੀ ਮਿਲ ਸਕਦੀ ਹੁੰਦੀ ਤਾਂ ਵਡੇ ਤੋਂ ਵਡਾ ਅਪਰਾਧੀ, ਅਥਵਾ ਨਾਸਤਕ, ਅਤੇ ਬੇਮੁੱਖ ਸਾਰੇ ਦੇ ਸਾਰੇ ਦਸ਼ਮੇਸ਼ ਜੀ ਦੇ ਸਪੁੱਤਰ ਬਣ ਸਕਦੇ ਸਨ। ਜੇ ਅਜੇਹੀ ਕਿਸੇ ਵੀ ਵਿਧੀ ਨਾਲ ਕਿਸੇ ਨੂੰ ਗੁਰੂ ਦੇ ਚਰਨਾਂ ਨਾਲ ਜੋੜ ਲੈਣ ਵਾਲੇ ਵਿਧਾਨ ਨੂੰ ਸਤਿਗੁਰਾਂ ਨੇ ਗੁਰਮਤਿ ਮੰਨਿਆਂ ਹੁੰਦਾ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਨਰ ਸੰਪਾਦਨਾਂ ਕਰਕੇ ਪੰਥ ਨੂੰ ਇਨ੍ਹਾਂ ਦੇ ਲੜ ਨਾ ਲਾਉਂਦੇ। ਅੰਮ੍ਰਿਤ ਪਾਨ ਕਰਾਉਣ ਵਾਲਿਆਂ ਦੀ ਸੁਤੰਤਰ ਗੁਰਿਆਈ ਨੂੰ ਹੀ ਕਾਫ਼ੀ ਸਮਝਿਆ ਜਾਂਦਾ? ਪਰ ਅਜੇਹਾ ਕਰਨ ਦੇ ਥਾਂ ਪਣਜ ਪਿਆਰਿਆਂ ਦੀ ਅਥਵਾ ਸਮੁੱਚੇ ਪੰਥ ਦੀ ਗੁਰਿਆਈ ਵੀ ਗੁਰੂ ਗ੍ਰੰਥ ਸਾਹਿਬ ਦੇ ਅਧੀਨ ਕਰ ਦਿ:ਤੀ। ਅਤੇ ਫਿਰ ਜੇ ਕੇਵਲ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰ ਲੈਣਾ ਹੀ ਸਿੱਖ ਲਈ ਕਾਫ਼ੀ ਹੁੰਦੀ ਤਾਂ ਗੁਰੁ-ਬਾਣੀ ਵਿਚ ਮਾਤਾ ਬਾਰੇ **ਵਿਧਵਾ** ਅਥਵਾ ਰੰਡੀ ਜਾਂ **ਬਾਂਝ** ਹੋਣ ਦੀ ਮੰਗ, ਅਥਵਾ ਮਾਤਾ ਨੂੰ ਧੰਨ ਧੰਨ ਲਿਖਿਆ ਕਦੇ ਨਾ ਮਿਲਦਾ:--

੯੦- **ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ ॥**
**ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸ ਬਿਧਵਾ ਕਰਿ ਮਹਤਾਰੀ ॥ ੨ ॥** [੧੨੬੨]-੧

**ਅਰਥ:**--ਜਿਸ ਮਨੁੱਖ ਨੇ ਏਹੋ ਜਿਹਾ ਹਰਿ-ਨਾਮ ਵਿਸਾਰ ਦਿੱਤਾ, ਜਿਸ ਨੇ ਹਰਿ-ਪ੍ਰਭੂ ਦੀ ਯਾਦ ਭੁਲਾ ਦਿੱਤੀ, ਉਸ ਦੀ (ਸਾਰੀ) ਕੁਲ ਵਿਚ ਗਾਲੀ ਲੱਗਦੀ ਹੈ (ਉਸ ਦੀ ਸਾਰੀ ਕੁਲ ਕਲੰਕਿਤ ਹੋ ਜਾਂਦੀ ਹੈ) । ਹੇ ਹਰੀ ! ਉਸ (ਨਾਮ-ਹੀਣ) ਬੰਦੇ) ਦੀ ਕੁਲ ਵਿਚ (ਕਿਸੇ ਨੂੰ) ਜਨਮ ਹੀ ਨਾ ਦੇਵੀਂ, ਉਸ (ਨਾਮ-ਹੀਣ) ਮਨੁੱਖ ਦੀ **ਮਾਂ ਨੂੰ ਹੀ ਵਿਧਵਾ ਕਰ ਦੇਵੀਂ** । ੨ ।

੯੧- **ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥ ੧ ॥** [੩੨੮]-੨੫

**ਅਰਥ:**--ਜਿਸ ਕੁਲ ਵਿਚ ਗਿਆਨ ਦੀ ਵਿਚਾਰ ਕਰਨ ਵਾਲਾ ਕੋਈ ਪੁੱਤਰ ਨਹੀਂ ਜਨਮਿਆਂ ਉਸ ਦੀ ਮਾਂ ਰੰਡੀ ਕਿਉਂ ਨਾ ਹੋ ਗਈ ? । ੧ ।

੯੨- **ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥**

**ਨਿਤ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥ ੧ ॥** [੬੯੭]-੫

**ਅਰਥ:**--ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਨਹੀਂ ਵੱਸਦਾ, ਉਨ੍ਹਾਂ ਦੀ ਮਾਂ ਨੂੰ ਹਰੀ ਬਾਂਝ ਕਰ ਦਿਆ ਕਰੇ )ਤਾਂ ਚੰਗਾ ਹੈ, ਕਿਉਂਕਿ) ਉਨ੍ਹਾਂ ਦਾ ਸਰੀਰ ਹਰਿ-ਨਾਮ ਤੋਂ ਸੁੰਞਾ ਰਹਿੰਦਾ ਹੈ, ਉਹ ਨਾਮ ਤੋਂ ਵਾਂਜੇ ਹੀ ਤੁਰੇ ਫਿਰਦੇ ਹਨ, ਅਤੇ ਉਹ ਖਿਝ ਖਿਝ ਕੇ ਖ਼ੁਆਰ ਹੁੰਦੇ ਰਹਿੰਦੇ ਹਨ । ੧ ।

ਇਸ ਪੁਸਤਕ ਦੇ ਪਹਿਲੇ ਭਾਗ ਵਿਚ ਅਸੀਂ ਪੜ੍ਹ ਆਏ ਹਾਂ ਕਿ ਬ੍ਰਾਹਮਣੀ ਸਮਾਜ ਵਿਚ ਵਿਧਵਾ ਇਸਤ੍ਰੀ ਦੀ ਜ਼ਿੰਦਗੀ ਵਡੇ ਤੋਂ ਵਡੇ ਦੁਖਦਾਈ ਨਰਕ ਵਾਸੀਆਂ ਨਾਲੋਂ ਵੀ ਭੈੜੀ ਕਰ ਦਿੱਤੀ ਜਾਂਦੀ ਰਹੀ ਹੈ। ਨਾਮ-ਹੀਣ ਅਥਵਾ ਅਗਿਆਨੀ ਮਨੁੱਖ ਦੀ ਮਾਤਾ ਨੂੰ ਵਿਧਵਾ ਹੋ ਜਾਣ ਦੀ ਭਿਅੰਕਰ ਸਜ਼ਾ ਕਿਸ ਦੋਸ਼ ਦੇ ਕਾਰਨ? ਮਨਮੁਖ ਦੇ ਪਿਤਾ ਦੀ ਮੌਤ ਹੋ ਜਾਣ ਨਾਲ ਉਹ ਤਾਂ ਦੁਖਾਂ ਤੋਂ ਛੁੱਟ ਗਿਆ ਪਰ ਜਿਸ ਨੇ ਜਨਮ ਦਿੱਤਾ ਉਸ ਮਾਤਾ ਦੀ ਜ਼ਿੰਦਗੀ ਨੂੰ ਨਰਕੀ ਬਣਾ ਦੇਣਾ ਕਿਥੋਂ ਦਾ ਇਨਸਾਫ਼? ਪ੍ਰਭੂ ਦੀ ਯਾਦ ਨਾਲ ਜੁੜੇ ਰਹਿੰਣ ਦੀ ਪ੍ਰਵਾਹ ਨਾ ਕਰਨ ਵਾਲੇ ਮਨੁੱਖ ਨੂੰ ਜਨਮ ਦੇਣ ਵਾਲੀ ਮਾਤਾ ਨੂੰ **ਬਾਂਝ** ਰੱਖਣ ਦੀ ਪ੍ਰਭੂ ਕੋਲੋਂ ਸਤਿਗੁਰਾਂ ਨੇ ਕਿਸ ਕਾਰਨ ਮੰਗ ਕੀਤੀ ?

ਪਿੱਛੇ ਅਸੀਂ ਇਹ ਵੀ ਪੜ੍ਹ ਆਏ ਹਾਂ, ਕਿ, " ਪੂ " ਨਾਮੀ ਨਰਕ ਤੋਂ ਪਾਰ ਉਤਾਰਾ ਕਰਨ ਵਾਲੇ ਪੁੱਤਰ ਨੂੰ ਜਨਮ ਨਾ ਦੇ ਸਕਣ ਵਾਲੀ **ਬਾਂਝ ਇਸਤ੍ਰੀ** ਦੀ ਵੀ ਹਿੰਦੂ ਸਮਾਜ ਵਿਚ ਬੜੀ ਦੁਰ-ਦਸ਼ਾ ਹੁੰਦੀ ਹੈ। ਕੀ ਕਿਸੇ ਚੰਗੇ ਜਾਂ ਮੰਦੇ ਮਨੁੱਖ ਦਾ ਜਨਮ, ਮਾਤਾ ਪਿਤਾ ਦੇ ਵੱਸ ਦੀ ਗੱਲ ਹੈ ? ਇਹ ਸ਼ੰਕਾ ਵੀ ਸਤਿਗੁਰਾਂ ਨੇ ਆਪ ਹੀ ਦੂਰ ਕਰ ਦਿੱਤਾ ਹੋਇਆ ਹੈ, ਕਿ--**ਹੁਕਮੇ ਜੰਮਣੁ ਹੁਕਮੇ ਮਰਣਾ ॥ ੨ ॥** [੫੬੪] ਜਨਮ ਮਰਣ ਸਭ ਪਰਮਾਤਮਾ ਦੇ ਹੁਕਮ ਵਿਚ ਹੈ। ਅਤੇ ਗੁਰਮਤਿ ਵਿਚ ਇਹ ਵੀ ਸਪੱਸ਼ਟ ਕੀਤਾ ਹੋਇਆ ਹੈ ਕਿ ਮਨੁੱਖਾ ਦੇਹ ਆਪਣੇ ਹੀ ਕੀਤੇ ਚੰਗੇ ਕਰਮਾ ਕਾਰਨ ਪ੍ਰਾਪਤ ਹੁੰਦੀ ਹੈ--**ਦੁਲਭ ਦੇਹ ਪਾਈ ਵਡਭਾਗੀ ॥** [੧੮੮] **ਮਾਣਸ ਜਨਮ ਪੁੰਨਿ ਕਰਿ ਪਾਇਆ ....** ॥[੪੯੩] ਫਿਰ ਮਾਂ ਨੂੰ ਕਿਸ ਦੋਸ਼ ਦੀ ਸਜ਼ਾ ? ਪਰ ਸਤਿਗੁਰਾਂ ਦਾ ਕੋਈ ਬਚਨ ਵੀ ਅਰਥ-ਹੀਣ ਜਾਂ ਬੇਇਨਸਾਫ਼ੀ ਵਾਲਾ ਨਹੀਂ ਹੋ ਸਕਦਾ। ਗੁਰਮਤਿ ਸਿਧਾਂਤ ਨੂੰ ਠੀਕ ਤਰ੍ਹਾਂ ਸਮਝਣ ਲਈ ਅਜੇ ਹੋਰ ਗੁਰਬਾਣੀ-ਸ਼ਬਦਾਂ ਦੀ ਵਿਚਾਰ ਕਰ ਲੈਣ ਦੀ ਲੋੜ ਹੈ ।

**ਦੂਜਾ ਪੱਖ** ---ਗੁਰਬਾਣੀ ਵਿਚ ਮਾਤਾ ਨੂੰ ਧੰਨ ਧੰਨ ਵੀ ਬੜੀ ਵਾਰੀ ਕਿਹਾ ਹੈ :--

੯੩- **ਗੁਰਮਤੀ ਨਾਮੁ ਧਿਆਇਐ ਸੁਖਿ ਰਜਾ ਜਾ ਤੁਧੁ ਭਾਇਆ ॥**
**ਕੁਲ ਉਧਾਰੇ ਆਪਣਾ, ਧੰਨੁ ਜਣੇਦੀ ਮਾਇਆ ॥.....੨ ॥** [੧੩੮]-ਵਾ-੨

੯੪- -**... ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ ਮਾਇਆ ॥ ਦਰਿ ਸਚੈ ਸਚਿਆਰੁ ਸਚਾ ਆਇਆ ॥ ।...੧੮** ॥[੧੨੮੬]-ਵਾਰ

੯੫- **ਧੰਨੁ ਸੁ ਵੰਸੁ ਧੰਨੁ ਸੁ ਪਿਤਾ, ਧੰਨੁ ਸੁ ਮਾਤਾ, ਜਿਨਿ ਜਨ ਜਣੇ ॥**
**ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ ਸੇ ਸਾਚੀ ਹਰਿ ਜਨ ਬਣੇ ॥...... ੩ ॥** [੧੧੩੫]-੩-੭

੯੬- **ਬਿਖਿਆ ਮਾਹਿ ਉਦਾਸੁ ਹੈ ਹਉਮੈ ਸਬਦਿ ਜਲਾਇਆ ॥**
**ਆਪਿ ਤਰਿਆ ਕੁਲ ਉਧਰੇ, ਧੰਨੁ ਜਣੇਦੀ ਮਾਇਆ ॥ .... ੧ ॥** [੮੫੨]-ਵਾ-੮

੯੭- **ਧਨ ਜਨਨੀ ਜਿਨਿ ਜਾਇਆ, ਧੰਨੁ ਪਿਤਾ ਪਰਧਾਨੁ ॥ ਸਤਿਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ ॥ ਦਰਿ ਸੇਵਨਿ ਸੰਤ ਜਨ ਖੜੇ, ਪਾਇਨਿ ਗੁਣੀ ਨਿਧਾਨ ॥ ੧ ॥**[੩੨]-੧੬-੪੯

**ਤੀਜਾ ਪੱਖ**--ਗੁਰਬਾਣੀ ਵਿਚ ਅਜੇਹੇ ਸ਼ਬਦ ਵੀ ਬੇਅੰਤ ਹਨ ਜਿਨ੍ਹਾਂ ਤੋਂ ਇਹ ਪ੍ਰਭਾਵ ਬਣ ਰਿਹਾ ਹੁੰਦਾ ਹੈ ਕਿ, ਸਤਿਗਰੂ ਜੀ ਨੇ ਗੁਰਬਾਣੀ ਰਚਦੇ ਸਮੇ ਆਪਣੇ, ਮਨ ਅੰਦਰ ਦੀ ਵੇਦਨਾ ਦਾ, ਜਾਂ ਹਿਰਦੇ ਵਿਚਲੇ ਅਨੰਦ ਦਾ ਪ੍ਰਗਟਾਵਾ ਕਰਨ ਲਈ ਵੀ**...**ਮਾਤਾ ਨੂੰ ਹੀ ਸੰਬੋਧਨ ਕੀਤਾ ਹੈ:--

੯੮- **ਮਾਈ ਮੇਰੇ ਮਨ ਕੀ ਪਿਆਸ ॥**
**ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ ਦਰਸਨ ਦੇਖਨ ਕਉ ਧਾਰੀ ਆਸ ॥ ਰਹਾਉ ॥**[੭੧੬]-੫-੨੪

**ਅਰਥ:**--ਹੇ ਮਾਤਾ ਜੀ ! ਮਾਇਆ ਇਕ ਛਲਾਵਾ ਹੈ (ਜੋ ਕਈ ਰੂਪ ਵਿਖਾ ਕੇ ਛੇਤੀ ਹੀ ਗੁੰਮ ਹੋ ਜਾਂਦਾ ਹੈ) । ਪਰਮਾਤਮਾ ਦੇ ਭਜਨ ਤੋਂ ਬਿਨਾ (ਇਸ ਮਾਇਆ ਦੀ ਪਾਂਇਆਂ ਇਤਨੀ ਹੈ ਜਿਵੇਂ ਕਿ) ਕੱਖਾਂ ਦੀ ਅੱਗ ਹੈ, ਬੱਦਲਾਂ ਦੀ ਥਾਂ ਹੈ, (ਦਰਿਆ ਦੇ) ਹੜ ਦਾ ਪਾਣੀ ਹੈ । ਰਹਾਉ ।

੯੯- **ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥ ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥ ... ੨** ॥[੯੪]-੨

੧੦੦- **ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥**
**ਹਉ ਹਰਿ ਬਿਨੁ ਖਿਨੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ ॥ ੧ ॥** [੩੬੮]-੨੯-੧੩-੧੫

੧੦੧- **ਜੋ ਮੈ ਬੇਦਨ ਸਾ ਕਿਸੁ ਆਖਾ ਮਾਈ ॥ ਹਰਿ ਬਿਨ ਜੀਉ ਨ ਰਹੈ ਕੈਸੇ ਰਾਖਾ ਮਾਈ ॥ ਰਹਾਉ ॥** [੯੯੦]-੫

**ਅਰਥ:**--ਹੇ ਮੇਰੀ ਮਾਂ ! ਮੈਂ ਕਿਸ ਨੂੰ ਦੱਸਾਂ ਆਪਣੇ ਦਿਲ ਦੀ ਪੀੜ ? (ਬਿਗਾਨੀ ਪੀੜ ਦੀ ਸਾਰ ਕੋਈ ਸਮਝ ਨਹੀਂ ਸਕਦਾ) । ਹੇ ਮਾਂ ! ਪਰਮਾਤਮਾ (ਦੀ ਯਾਦ) ਤੋਂ ਬਿਨਾ ਮੇਰੀ ਜਿੰਦ ਰਹਿ ਨਹੀਂ ਸਕਦੀ । ਸਿਮਰਨ ਤੋਂ ਬਿਨਾ ਮੈਨੂੰ ਕੋਈ ਹੋਰ ਐਸਾ ਤਰੀਕਾ ਸੁੱਝਦਾ ਨਹੀਂ ਜਿਸ ਨਾਲ ਮੈਂ ਇਸ ਨੂੰ ਘਬਰਾਹਟ ਤੋਂ ਬਚਾ ਸਕਾਂ । ੧ । ਰਹਾਉ ।

੧੦੨- **ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥**
**ਜਾ ਕੇ ਬਿਛੁਰਤ ਹੋਤ ਮਿਰਤਕਾ, ਗ੍ਰਿਹ ਮਹਿ ਰਹਨੁ ਨ ਪਾਈ ॥ ੧ ॥ ਰਹਾਉ ॥** [੧੨੦੭]-੩-੧੭

੧੦੩- **ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥**
**ਮਹਾ ਮੋਹ ਅਗਿਆਨਿ ਤਿਮਰਿ ਮਨੁ ਰਹਿਓ ਉਰਝਾਈ ॥ ੧ ॥ ਰਹਾਉ ॥** [੬੩੨]-੬

**ਅਰਥ:**--ਹੇ ਮਾਂ ! ਧਰਤੀ ਦੇ ਖ਼ਸਮ-ਪ੍ਰਭੂ ਨੂੰ ਮੈਂ ਕਿਸ ਤਰ੍ਹਾਂ ਪਛਾਣਾਂ ? ਮੇਰਾ ਮਨ ਤਾਂ ਅਗਿਆਨਤਾ ਦੇ ਕਾਰ ਵੱਡੇ ਮੋਹ ਦੇ ਹਨੇਰੇ ਵਿਚ ਹੀ ਫਸਿਆ ਰਹਿੰਦਾ ਹੈ ।੧। ਰਹਾਉ ।

੧੦੪- **ਮੈ ਸਤਿਗੁਰ ਸੇਤੀ ਪਿਰਹੜੀ, ਕਿਉ ਗੁਰ ਬਿਨੁ ਜੀਵਾ ਮਾਉ ॥**
**ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥ ੮ ॥**

**ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ, ਦੇਵੈ ਮਾਇ ॥**

**ਮੈ ਧਰ ਸਚੇ ਨਾਮ ਕੀ ਹਰਿਨਾਮਿ ਰਹਾ ਲਿਵ ਲਾਇ ॥ ੯ ॥**[੭੫੮]-੧-੨-੧

**ਅਰਥ:**--ਹੇ ਮਾਂ ! ਮੇਰਾ ਆਪਣੇ ਗੁਰੂ ਨਾਲ ਡੂੰਘਾ ਪਿਆਰ ਹੈ । ਗੁਰੂ ਤੋਂ ਬਿਨਾ ਮੈਂ ਕਿਵੇਂ ਜੀਊ ਸਕਦਾ ਹਾਂ ? ਗੁਰੂ ਮੇਰਾ ਸਹਾਰਾ ਹੈ । ਗੁਰੂ ਦੀ ਬਾਣੀ ਵਿਚ ਜੁੜ ਕੇ ਹੀ ਮੈਂ ਰਹਿ ਸਕਦਾ ਹਾਂ । ੮ । ਹੇ ਮਾਂ ! ਪਰਮਾਤਮਾ ਦਾ ਨਾਮ, ਰਤਨ (ਵਰਗਾ ਕੀਮਤੀ ਪਦਾਰਥ) ਹੈ, ਜੋ ਗੁਰੂ ਦੀ ਪ੍ਰਸੰਨਤਾ ਰਾਹੀਂ ਪ੍ਰਾਪਤ ਹੁੰਦਾ ਹੈ । ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਨਾਮ ਮੇਰਾ ਆਸਰਾ ਬਣ ਚੁਕਾ ਹੈ । ਪ੍ਰਭੂ ਦੇ ਨਾਮ ਵਿਚ ਸੁਰਤਿ ਜੋੜ ਕੇ ਹੀ ਮੈਂ ਰਹਿ ਸਕਦਾ ਹਾਂ । ੯ ।

ਅਤੇ ਜਦ ਸਤਿਗੁਰਾਂ ਨੇ ਅਨੰਦ ਅਥਵਾ ਸੁਖ ਵਾਲੀ ਅਵਸਥਾ ਦਾ ਭੇਤ ਸਾਨੂੰ ਸਮਝਾਉਣਾ ਸੀ ਫਿਰ ਵੀ " ਮਾਤਾ " ਨੂੰ ਹੀ ਸੰਬੋਧਨ ਕਰਕੇ ਸ਼ਬਦ ਉਚਾਰਣ ਕੀਤੇ ਹਨ:--

੧੦੫- **ਅਨੰਦ ਭਇਆ ਮੇਰੀ ਮਾਏ, ਸਤਿਗੁਰੂ ਮੈ ਪਾਇਆ ॥**

**ਸਤਿਗੁਰ ਤ ਪਾਇਆ ਸਹਿਜ ਸੇਤੀ ਮਨਿ ਵਜੀਆ ਵਾਧਾਈਆ ॥..... ੧ ॥** [੯੧੭]

੧੦੬- **ਮਾਈ ਮੇਰੇ ਮਨ ਕੋ ਸੁਖੁ ॥**

**ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥ ੧ ॥ ਰਹਾਉ ॥**[੭੧੭]-੧੦-੨੯

੧੦੭-- **ਮਾਈ ਚਰਨ ਗੁਰ ਮੀਠੇ ॥ ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ ॥ ਰਹਾਉ ॥**[੭੧੭]-੮-੨੭

**ਅਰਥ**:--ਹੇ ਮਾਂ ! ਗੁਰੂ ਦੇ ਚਰਨ (ਮੈਨੂੰ) ਪਿਆਰੇ ਲੱਗਦੇ ਹਨ । (ਜਿਸ ਮਨੁੱਖ ਨੂੰ) ਵੁਡੀ ਕਿਸਮਤ ਨਾਲ ਪਰਮਾਤਮਾ (ਗੁਰੂ ਦੇ ਚਰਨਾਂ ਦਾ ਮਿਲਾਪ) ਦਿੰਦਾ ਹੈ, ਗੁਰੂ ਦਾ ਦਰਸਨ ਕੀਤਿਆਂ (ਉਸ ਮਨੁੱਖ ਨੂੰ) ਕ੍ਰੋੜਾਂ (ਪੁੰਨ ਦੇ) ਫਲ ਪ੍ਰਾਪਤ ਹੋ ਜਾਂਦੇ ਹਨ । ਰਹਾਉ ।

੧੦੮- **ਮਾਈ ਮੈ ਧਨੁ ਪਾਇਓ ਹਰਿਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥ ੧ ॥**[੧੧੮੬]-੩

ਅਜੇਹੇ ਹੋਰ ਗੁਰੂ ਫ਼ੁਰਮਾਨਾਂ ਦੀ ਸੂਚੀ:--

| | | | | | |
|---|---|---|---|---|---|
| ੧= [੨੦੨]-੧੧੪(੧) | ੨= [੪੦]-੩-੬੭(੧) | ੩= [੧੩੪]-੮ | ੪= [੨੪੪]-ਛੰਤ-੨(੧) | ੫= [੨੪੯]-੪-੨੫(੩) | ੬= [੩੫੭[-੨੮(੧) |
| ੭= [੧੨੨੭]-੧੦੦-੧੨੩(੪) | ੮=[੧੨੨੮]--੧੦੧-੧੨੧(੧) | ੯=[੧੨੬੭]-੨-੬(੧) | ੧੦=[੫੨੫]-੧(ਰਹਾ) | ੧੧=[੫੬੦]-੧(੩) | ੧੨=[੫੨੮]-੧(ਰਹਾ) |
| ੧੩=[੫੨੯]-੩(ਰਹਾ) | ੧੪=[੫੩੨]-੨੨(ਰਹਾ) | ੧੫=[੭੧੬]-੨-੨੧(ਰਹਾ) | ੧੬=[੭੩੨]-੧-੫(੨) | ੧੭=[੪੩੧]-੩-੨੨-੧੫(੪) | ੧੮=[੪੭੮]-੩-੧੨(੨) |
| ੧੯=[੪੯੫]-੨-੩(ਰਹਾ) | ੨੦=[੪੯੬]-੩-੪(ਰਹਾ) | ੨੧=[੫੨੪]-੨(੪) | ੨੨=[੭੬੧]-੧-੪(੭) | ੨੩=[੯੯੬]-੧-੩(ਰਹਾ) | ੨੪=[੯੯੦]-੫-੧(ਰਹਾ) |
| ੨੫=[੧੦੦੮]-੩(ਰਹਾ) | ੨੬=[੧੧੧੯]-੧(ਰਹਾ) | ੨੭=[੧੧੭੬]-੧੩(ਰਹਾ) | ੨੮=[੧੧੮੧]-੫(੧) | ੨੯=[੧੧੮੭]-੨(੫) | ੩੦[੧੨੦੩]-੫(੧) |
| ੩੧=[੧੨੨੫]-੮੬-੧੦੯(ਰਹਾ) | ੩੨=[੧੨੨੫]-੮੭-੧੧੦ | ੩੩=[੧੨੨੫]-੮੮-੧੦੧ | ੩੪= [੧੨੨੬]-੯੪-੧੧੭ | ੩੫=[੧੨੨੭]-੯੫-੧੧੮ | ੩੬=[੧੨੨੮]-੧੦੦-੧੨੩(ਰਹਾ) |
| ੩੭=[੧੨੪੩]-ਵਾ-੨੯ | ੩੮=[੧੨੬੭]-੨-੬-(ਰਹਾ) | ੩੯=[੧੨੬੯]-੧੨-੧੬ | ੪੦=[੧੩੦੩]-੨-੨੪ | ੪੧=[੧੪੧੬]-੨੨ | ੪੨=[੧੦੦੮]-੨(ਰਹਾ) |
| ੪੩=[੧੦੯੮]-ਵ-੧੨ | ੪੪=[੧੧੩੩]-੧੦-੨੦ | ੪੫=[੩੬੯]-੧੨-੬੪(੨) | ੪੬=[੩੩੯]-੨੩-੭੪ | ੪੭=[੩੬੯]-੧੫-੬੭ | ੪੮=[੬੩੨]-੭(ਰਹਾ) |
| ੪੯=[੭੧੭]-੭-੨੬(ਰਹਾ) | | | | | |

ਉਪ੍ਰੋਕਤ ਸ਼ਬਦ ਵਿਚਾਰ ' ਅਸਾਂ ' ਤਿੰਨ ਪੱਖਾਂ ਤੋਂ ਕੀਤੀ ਹੈ। ਪਹਿਲੇ ਤਿੰਨ ਗੁਰੂ ਸ਼ਬਦਾਂ ਵਿਚ ਰੱਬ ਤੋਂ ਟੁੱਟੇ ਮਨੁੱਖ ਦੀ ਮਾਤਾ ਨੂੰ ਵਿਧਵਾ ਹੋ ਜਾਣ ਦਾ ਜਾਂ ਬਾਂਝ ਰਹਿਣ ਦਾ ਬਚਨ ਹੈ। ਦੂਜੇ ਅਤੇ ਤੀਜੇ ਪੱਖ ਵਾਲੇ ਗੁਰੂ ਸ਼ਬਦਾਂ ਵਿਚ ਆਏ ' ਮਾਈ ' ਪਦ ਵਰਤੇ ਜਾਣ ਦੀ ਲੋੜ ਬਾਰੇ ਯਕੀਨੀ ਤੌਰ ਤੇ ਸਪੱਸ਼ਟ ਸ਼ਬਦਾਂ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਅਤੇ ਅਜੇਹੇ ਸ਼ਬਦ ੪੯ ਤੋਂ ਵੱਧ ਹੋਰ ਵੀ ਹਨ। ਇਹ ਤਾਂ ਸੋਚਿਆ ਵੀ ਨਹੀਂ ਜਾ ਸਕਦਾ ਕਿ ਸਤਿਗੁਰਾਂ ਨੇ ਵੀ ਏਥੇ ' ਮਾਂ ' ਸ਼ਬਦ ਉਵੇਂ ਹੀ ਵਰਤਿਆ ਹੈ ਜਿਵੇਂ ਕਈ ਵਾਰੀ ਆਮ ਬੋਲ ਚਾਲ ਵਿਚ ਸਧਾਰਨ ਤੌਰ ਤੇ ਸਾਡੇ ਮੂੰਹ ਵਿਚੋਂ ਵੀ " ਮਾਂ " ਸ਼ਬਦ ਬੋਲਿਆ ਜਾਂਦਾ ਹੈ ਜਿਵੇਂ--- ਹਾਏ ਮਾਂ ! ਮੈ ਮਰ ਗਿਆ ।---" ਜੇ ਮਾਂ ਦਾ ਪੁੱਤ ਹੈ ਤਾਂ ਖੜਾ ਰਹੁ "---" ਮਾਂ ਦਾ ਦੁੱਧ ਬਦਨਾਮ ਕਿਉਂ ਕਰਦਾ ਹੈਂ ? ' ਅਤੇ ਫਿਰ ਇਸ ਵਿਚ ਵੀ ਕੋਈ ਸੰਦੇਹ ਨਹੀਂ ਹੈ ਕਿ ਧੁਰ ਨਾਲ ਜੋੜ ਦੇਣ ਵਾਲੀ ਗੁਰਬਾਣੀ ਦੀ ' ਲਗ-ਮਾਤ੍ਰ ' ਵੀ ਆਪਣੇ ਆਪ ਵਿਚ ਵਸ਼ੇਸ਼ ਅਰਥ ਸਮੋਈ ਬੈਠੀ ਹੈ। ਜਗਤ ਨੂੰ ਉਪਦੇਸ਼ ਦੇਣ ਵਾਲੀ, ਸਰਬ ਸਾਂਝੀ ਅਤੇ ਸਦੀਵੀ ਸੱਚ ਵਾਲੀ ਗੁਰੂ ਬਾਣੀ ਵਿਚ " **ਮਾਂ, ਮਾਈ, ਮਾਇ, ਮਾਉ** " ਆਦਿ ਸ਼ਬਦ ਆਉਣੇ ਜ਼ਰੂਰ ਕਿਸੇ ਉਚੇਚੇ ਉਪਦੇਸ਼ ਦਾ ਸੰਕੇਤ ਹਨ। ਹੋ ਸਕਦਾ ਹੈ ਵਿਦਵਾਨ ਗੁਰਮੁਖਾਂ ਦਾ ਇਸ ਬਾਰੇ ਕੋਈ ਹੋਰ ਬੜਾ ਵਧੀਆ ਨਿਰਣਾ ਹੋਵੇ, ਪਰ, ਦਾਸ ਦੀ ਤੁਛ ਬੁੱਧੀ ਅਨੁਸਾਰ ਪਹਿਲੇ ਤਿੰਨ ਗੁਰੂ ਫ਼ੁਰਮਾਨਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਔਲਾਦ ਨੂੰ ਚੰਗਾ ਜਾਂ ਮਾੜਾ ਬਨਾਉਣ ਵਿਚ ਮਾਂ ਦਾ ਬੜਾ ਵੱਡਾ ਹੱਥ ਹੁੰਦਾ ਹੈ। ਏਸ ਗੁਰਮਤਿ ਨਿਯਮ ਨੂੰ ਸਪੱਸ਼ਟ ਕਰਨ ਵਾਲੀਆਂ ਪਰਚਲਤ ਗਾਥਾਵਾਂ ਵਿਚੋਂ ਕੁਝ ਇਸ ਪਰਕਾਰ ਹਨ:--

੧) ਤੀਸਰੀ ਜਮਾਤ ਵਿਚ ਪੜ੍ਹਦੇ ਸਮੇ ਸਾਡੀ ਉਰਦੂ ਦੀ ਕਿਤਾਬ ਵਿਚ ਤਸਵੀਰ ਸਮੇਤ ਕਹਾਣੀ ਸੀ, ਕਿ, ਇੱਕ ਮਨੁੱਖ ਚੋਰੀ ਕਰਦਾ ਪੁਲਸ ਨੇ ਕਾਬੂ ਕਰ ਲਿਆ । ਉਸ ਚੋਰ ਦੀ ਮਾਂ ਆਪਣੇ ਪੁੱਤਰ ਦੀ ਸਹਾਇਤਾ ਲਈ ਰੋਂਦੀ ਕੁਰਲਾਉਂਦੀ ਪੁਲਿਸ ਕੋਲ ਫ਼ਰਿਆਦ ਕਰਨ ਆਈ । ਹਥਕੜੀਆਂ ਵਿਚ ਨੂੜੇ ਹੋਏ ਉਸ ਦੇ ਕਾਕੇ ਨੇ ਆਪਣੀ ਮਾਂ ਨੂੰ ਕੰਨ ਨੇੜੇ ਕਰਨ ਲਈ ਕਿਹਾ । ਮਾਂ ਨੇ ਸਮਝਿਆ ਕੇ ਮੇਰੇ ਸੁੱਖੀ-ਲੱਧੇ ਲਾਲ ਨੇ ਕੋਈ ਖ਼ਾਸੇ ਭੇਤ ਵਾਲੀ ਗੱਲ ਦੱਸਣੀ ਹੋਵੇਗੀ । ਪਰ ਜਦ ਮਾਂ ਨੇ ਆਪਣਾ ਕੰਨ ਪੁੱਤਰ ਦੇ ਮੂੰਹ ਦੇ ਨੇੜੇ ਕੀਤਾ ਤਾਂ ਪੁੱਤਰ ਨੇ ਮਾਂ ਦਾ ਕੰਨ ਆਪਣੇ ਦੰਦਾਂ ਨਾਲ ਟੁੱਕ ਦਿਤਾ । ਮਾਤਾ ਪੀੜ ਨਾਲ ਚਿਚਲਾ ਉਠੀ ਅਤੇ ਉਸ ਦੇ ਕੱਪੜੇ ਲਹੂ ਨਾਲ ਭਿੱਜ ਗਏ । ਪੁਲਸ ਵਾਲਿਆਂ ਦੇ ਪੁੱਛਣ ਤੇ ਚੋਰ ਨੇ ਦੱਸਿਆ ਕਿ,' ਮੈਨੂੰ ਚੋਰ ਬਣਾਉਣ ਵਾਲੀ ਮੇਰੀ ਇਹ ਮਾਂ ਹੀ ਹੈ । ਛੋਟਾ ਹੁੰਦਾ ਇੱਕ ਵਾਰੀ ਮੈਂ ਸਕੂਲੋਂ ਇੱਕ ਕਲਮ ਚੋਰੀ ਕਰ ਲਿਆਇਆ ਸਾਂ ਤਾਂ ਮਾਂ ਨੇ ਝਿੜਕਣ ਦੇ ਥਾਂ ਸਗੋਂ ਮੈਨੂੰ ਪਿਆਰ ਕਰਕੇ ਮੇਰਾ ਹੌਸਲਾ ਵਧਾਇਆ । ਫਿਰ ਮੈਂ ਨਿੱਤ ਕੋਈ ਨ ਕੋਈ ਚੀਜ਼ ਚੋਰੀ ਚੁੱਕ ਲਿਆਉਣੀ ਅਤੇ ਇਹ ਮਾਂ ਮੇਰੇ ਤੇ ਪਰਦੇ ਪਾਉਂਦੀ ਰਹੀ । ਜਿਸ ਦਾ ਹੀ ਸਿੱਟਾ ਹੈ ਕਿ ਮੈਂ ਬੜਾ ਵੱਡਾ ਚੋਰ ਬਣ ਗਿਆ ਅਤੇ ਹੁਣ ਜੇਲ੍ਹ ਦੇ ਤਸੀਹੇ ਭੁਗਤਾਂਗਾ ।

੨) ਏਸੇ ਤਰ੍ਹਾਂ ਸ੍ਰੀ ਮੋਹਨ ਸਿੰਘ ਢਿਲੋਂ ਦੀ ਲਿਖੀ " ਬਾਬਾ ਫਰੀਦ ਜੀ ਦੀ ਜਨਮ ਸਾਖੀ " ਦੇ ੧੧ ਸਫ਼ੇ ਤੇ ਪੰਜਾਬ ਭਾਸ਼ਾ ਵਿਭਾਗ ਵਾਲਿਆਂ ਦੇ ਹਵਾਲੇ ਨਾਲ ਲਿਖਿਆ ਹੈ ਕਿ, ਬਾਬਾ ਫਰੀਦ ਜੀ ਦੀ ਧਰਮਾਤਮਾ ਮਾਤਾ ਮਰੀਅਮ ਜੀ (ਹਜ਼ਰਤ ਈਸਾ ਜੀ ਦੀ ਮਾਤਾ ਦਾ ਨਾਮ ਵੀ ਮਰੀਅਮ ਹੀ ਸੀ) ਹਜ਼ਰਤ ਮੁਹੰਮਦ ਸਾਹਿਬ ਦੇ ਖ਼ਾਨਦਾਨ ਵਿਚੋਂ ਸਨ । ਉਨ੍ਹਾਂ ਨੇ ਫਰੀਦ ਜੀ ਨੂੰ ਬਚਪਨ ਵਿਚ ਹੀ ਸ਼ੱਕਰ ਦਾ ਲਾਲਚ ਦੇ ਕੇ ਪੰਜੇ ਵਕਤ ਨਿਮਾਜ਼ ਪੜ੍ਹਨ ਲਈ ਪ੍ਰੇਰਿਆ । ਫਰੀਦ ਜੀ ਦੇ ਮਾਤਾ

ਜੀ ਉਸ ਦੇ ਸੌਣ ਵਾਲੇ ਮੰਜੇ ਦੇ ਸਿਰਹਾਣੇ ਹੇਠਾਂ ਸ਼ੱਕਰ ਦੀ ਪੁੜੀ ਰੱਖ ਦਿਆ ਕਰਦੇ ਸਨ । ਫ਼ਰੀਦ ਦੀ ਜਦੋਂ ਨਿਮਾਜ਼ ਪੜ੍ਹ ਕੇ ਆਉਂਦੇ ਤਾਂ ਸਿਰਹਾਣੇ ਹੇਠਲੀ ਸ਼ੱਕਰ ਕੱਢਕੇ ਖਾ ਲੈਂਦੇ । ਮਾਤਾ ਜੀ ਉਪਦੇਸ਼ ਕਰਦੇ--' ਹੇ ਪੁਤਰ ! ਜਿਹੜੇ ਲੋਕ ਅਲ੍ਹਾ (ਵ੍ਹਾਹਗੁਰੂ) ਦੀ ਬੰਦਗੀ ਕਰਦੇ ਹਨ ਰਬ ਉਨ੍ਹਾਂ ਨੂੰ ਮਿੱਠੇ ਪਦਾਰਥ ਖਾਣ ਨੂੰ ਦਿੰਦਾ ਹੈ। ਮਾਤਾ ਦੀ ਕਿਰਪਾ ਨਾਲ ਫਰੀਦ ਜੀ ਨੂੰ ਆਖ਼ਰ, ਰੱਬ ਦਾ ਨਾਮ ਹੀ ਸਾਰੇ ਪਦਾਰਥਾਂ ਨਾਲੋਂ ਮਿੱਠੇ ਪਦਾਰਥਾਂ ਨਾਲੋਂ ਵੱਧ ਮਿੱਠਾ ਲੱਗਣ ਲੱਗ ਪਿਆ-

**ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ ੨੭ ॥**[੧੩੭੯]

੩) ਉਸੇ ਹੀ ਪੁਸਤਕ ਦੇ ੧੩ ਸਫ਼ੇ ਤੇ ਇਉਂ ਲਿਖਿਆ ਹੋਇਆ ਹੈ --ਪੁਰਾਣੇ ਸਮੇਂ ਦੇ ਲੋਕਾਂ ਤੋਂ ਪਤਾ ਲਗਦਾ ਆ ਰਿਹਾ ਹੈ ਕਿ ਅਜ ਤਕ ਧਾਰਮਿਕ ਖ਼ਿਆਲਾਂ ਦੀਆਂ ਦੁਨੀਆਂ ਵਿਚ **ਢਾਈ ਮਾਵਾਂ** ਪੈਦਾ ਹੋਈਆਂ ਹਨ । ਜਿਵੇਂ ਅੱਧੀ ਧ੍ਰੂ ਭਗਤ ਦੀ, ਇੱਕ ਮਾਤਾ ਰਾਜੇ ਗੋਪੀ ਚੰਦ ਦੀ ਤੇ ਦੂਸਰੀ ਫ਼ਰੀਦ ਜੀ ਦੀ ਮਾਤਾ ਮਰੀਅਮ "।

ਉਪ੍ਰੋਕਤ ਪਹਿਲੇ ਤਿੰਨ੍ਹਾਂ ਗੁਰੂ-ਸ਼ਬਦਾਂ ਤੋਂ ਇਲਾਵਾ ਵੀ ਗੁਰਬਾਣੀ ਵਿਚ ਕਈ ਵਾਰੀ ' **ਮਾਤਾ** ' ਦਾ ਜ਼ਿਕਰ ਆਉਣ ਤੋਂ ਏਹੀ ਸੰਕੇਤ ਮਿਲਦਾ ਅਨੁਭਵ ਹੁੰਦਾ ਹੈ ਕਿ ਸਤਿਗੁਰਾਂ ਨੇ ਆਉਣ ਵਾਲੀਆਂ ਪੀੜ੍ਹੀਆਂ ਦਾ ਆਚਰਨ ਚੰਗੇ ਤੋਂ ਚੰਗਾ ਬਣਾ ਸਕਣ ਲਈ, ਮਾਤਵਾਂ ਨੂੰ ਆਪਣੀ ਔਲਾਦ ਦੇ ਆਚਰਨ ਤੇ ਲਾਹੇਵੰਦ ਪ੍ਰਭਾਵ ਪਾਉਣ ਵਿਚ ਤਤਪਰ ਰਹਿਣ ਦੀ ਯੋਗਤਾ ਨਾਲ ਜੁੜੇ ਰਹਿਣ ਦਾ ਉਤਸ਼ਾਹ ਦ੍ਰਿੜ ਕਰਾਇਆ ਹੈ ।

ਸ਼ਾਇਦ ਏਸੇ ਮਿਹਰ ਦਾ ਹੀ ਸੂਖ਼ਸ਼ਮ ਰੂਪ ਵਿਚ ਅਸਰ ਹੋ ਰਿਹਾ ਹੈ ਜੋ ਗੁਰੂ ਨਾਨਕ ਨਿਰੰਕਾਰੀ ਜੀ ਦੇ ਸਿਰਜੇ ਪੰਥ ਵਿਚ ਕਈ ਭਾਗਾਵਾਲੀਆਂ ਗੁਰਮੁਖ ਮਾਤਾਵਾਂ ਦੇ ਦਰਸ਼ਨ ਹੋ ਜਾਂਦੇ ਹਨ । ਗੁਰੂ ਸ਼ਬਦ ਦੀ ਵਿਚਾਰ ਨਾਲ ਪ੍ਰੀਤੀ ਜੋੜ ਬੈਠੀਆਂ ਗੁਰਮੁਖਿ ਮਾਤਾਵਾਂ ਤਾਂ ਬਾਲ ਦੇ ਗ੍ਰਭ ਵਿਚ ਆਉਂਦੇ ਸਮੇਂ ਤੋਂ ਹੀ ਬਾਲਕ ਨੂੰ ਸੱਚਾ ਗੁਰਸਿੱਖ (ਸੰਤ ਸੂਰਮਾ) ਬਣਾਉਣ ਦੇ ਆਹਰ ਵਿਚ ਲੱਗ ਜਾਂਦੀਆਂ ਹਨ । ਖ਼ਿਆਲਾਂ ਵਿਚ ਕਦੇ ਕੋਈ ਭੈੜੀ ਵਿਚਾਰ ਨਾ ਆਉਣ ਦੇਣੀ, ਸਦਾ ਹੀ ਸਤਿਗੁਰਾਂ ਦੇ ਚਰਨਾਂ ਪ੍ਰਤੀ ਪਿਆਰ ਵਿਚ ਭਿੱਜੇ ਵਿਚਾਰ ਬਣਾਈ ਰੱਖਦਿਆਂ ਗੁਰੂ ਇਤਿਹਾਸ ਅਤੇ ਸਿੰਘ ਸੂਰਮਿਆਂ ਦਾ ਇਤਿਹਾਸ ਪੜ੍ਹਨ ਲਈ ਸਮਾਂ ਕੱਢਣਾ, ਕੰਮ ਕਾਜ ਤੋਂ ਵਿਹਲ ਦਾ ਸਮਾਂ ਫ਼ਜ਼ੂਲ ਗੱਪਾਂ ਵਿਚ ਗੁਆਉਣ ਦੇ ਥਾਂ, ਗੁਰੂ ਸ਼ਬਦ ਦੀ ਵਿਚਾਰ ਦੁਆਰਾ ਵਿਹਲ ਦਾ ਹਰ ਇੱਕ ਪਲ ਸਫ਼ਲਾ ਕਰਨਾ, ਖ਼ੁਰਾਕ ਅਤੇ ਅਰੋਗਤਾ ਦੇ ਨਿਯਮਾ ਦਾ ਧਿਆਨ ਰਖਣਾ ਆਦਿ। {ਨੋਟ:--ਅਸੀਂ ਸਿੱਖ ਰਹਿਤ ਮਰਯਾਦਾ ਵਿਚਲੀ ਸ਼ਕਸੀ ਰਹਿਣੀ ਵਿਚ ਹਰ ਗੁਰਸਿੱਖ ਬਚੇ ਬੱਚੀ ਲਈ ਗੁਰਮੁਖੀ ਪੜ੍ਹਨ ਲਿਖਨ ਵਿਚ ਵਿਦਵਾਨ ਬਣਨ ਦੀ ਤਾਕੀਦ ਬਾਰੇ ਪੜ੍ਹ ਆਏ ਹਾਂ ]

ਅਜੇਹੀਆਂ ਗੁਰਮੁਖ ਮਾਤਾਵਾਂ ਆਪਣੇ ਬੱਚੇ ਨੂੰ ਗੁੜ੍ਹਤੀ ਹੀ ਸਤਿਨਾਮ-ਵਾਹਿਗੁਰੂ ਦੀ ਦਿੰਦੀਆਂ ਹਨ। ਅਤੇ ਜਦ ਢਾਈ ਤਿੰਨ ਸਾਲ ਦੀ ਉਮਰ ਦੇ " ਭੁਜੰਗੀ " ਅਥਵਾ ਭੁਜੰਗਣ ਨੂੰ ' ਹੱਥ ਜੋੜ ਕੇ ਫਤਿਹ ਬੁਲਾਉਂਦੇ ਵੇਖੀਏ, ਜਾਂ ਜਦ ਏਡੀ ਛੋਟੀ ਉਮਰ ਦੇ ਸਿੱਖ ਬੱਚੇ ਜਪ ਸਾਹਿਬ ਦੀਆਂ ਪੰਜ ਪਉੜੀਆਂ ਸ਼ੁੱਧ ਪੜ੍ਹ ਸੁਣਾਉਂਦੇ ਹਨ, ਤਾਂ ਉਨ੍ਹਾਂ ਦੀ ਮਾਤਾ, ਆਪਣੀ ਔਲਾਦ ਨੂੰ ਸਤਿਗੁਰੂ ਗ੍ਰੰਥ ਸਾਹਿਬ ਵਾਲਾ ਬਣਾ ਦੇਣ ਵਾਲੀ, ਭਾਵ ਗੁਰੂ ਉਪਦੇਸ਼ ਨੂੰ ਅਗਾਂਹ ਤੁਰਦਾ ਰੱਖਣ ਵਾਲੀ ਕੇਵਲ ਗੁਰੂ-ਪਆਰੀ ਹੀ ਨਹੀਂ ਸਗੋਂ ਪ੍ਰਤੱਖ ਗੁਰੂ-ਰੂਪ ਹੀ ਹੋ ਦਿੱਸਦੀ ਹੈ, ਕਿਉਂਕਿ--**ਗੁਰੂ ਸਿੰਖੁ, ਸਿਖ ਗੁਰੂ ਹੈ ਏਕੋ, ਗੁਰ ਉਪਦੇਸੁ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥ ੮ ॥**[੪੪੪]

ਇਸ ਤਰ੍ਹਾਂ ਗੁਰਸਿੱਖ ਪ੍ਰਵਾਰਾਂ ਦੇ ਬੱਚੇ ਤਾਂ ਜਨਮ ਤੋਂ ਹੀ " **ਗੁਰੂ ਵਾਲੇ** " ਬਣ ਜਾਂਦੇ ਹਨ। ਪਾਠ ਕਰਨਾਂ, ਗੁਰ ਦੁਆਰੇ ਜਾ ਕੇ ਜੋੜਿਆਂ ਦੀ ਸੇਵਾ ਕਰਨੀ, ਸਤਿਗੁਰਾਂ ਦੇ ਦਰਬਾਰ ਵਿਚ ਸ਼ਬਦ ਗਾਇਨ ਕਰਨਾ ਅਤੇ ਮੁੱਖ ਵਾਕ ਲੈਣਾ, ਛੋਟੀ ਉਮਰ ਦੇ ਅਜੇਹੇ ਸਿੱਖ ਬੱਚੇ ਆਪਣੇ ਮਾਤਾ ਦੀ ਸਿਖਿਆ ਦੁਆਰਾ ਗੁਰੂ ਨਾਨਕ ਜੀ ਦੇ ਸਿੱਖ ਬਣ ਚੁੱਕੇ ਹੁੰਦੇ ਹਨ। ਅਤੇ ਹੁਣ ਕੇਵਲ, ਖੰਡੇ ਬਾਟੇ ਦਾ ਅੰਮ੍ਰਿਤ ਛਕਣ ਸਮੇ, ਗੁਰਮਤਿ ਅਨੁਸਾਰ ਜੀਵਨੀ ਜੀਉਂਦਿਆਂ, ਆਪਣੇ ਜਨਮ ਤੋਂ ਮਿਲੀ ਜ਼ਾਤਿ ਗੋਤ ਨੂੰ ਭੁੱਲ-ਭੁਲਾ ਕੇ, ਗੁਰੂ ਦੇ ਬਣ ਚੁੱਕੇ, ਪੰਜਾਂ ਕਕਾਰਾਂ ਦੇ ਧਾਰਨੀ ਰਹਿਣ ਦਾ **ਪ੍ਰਣ ਲੈਣ ਦੀ ਹੀ ਕਸਰ ਬਾਕੀ ਹੁੰਦੀ ਹੈ**। ਇਸ ਤਰ੍ਹਾਂ ਪਹਿਲਾਂ ਦਸ਼ਮੇਸ਼ ਜੀ ਦੇ ਪੁੱਤਰ ਆਖਵਾਉਣ ਜੋਗੇ ਬਣ ਕੇ, ਫਿਰ ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ ਪੰਜਾਂ ਕਕਾਰਾਂ ਦਾ ਧਾਰਨੀ ਬਣਨਾ ਹੈ। ਫਿਰ ਆਪਣੇ ਆਪ ਨੂੰ ਦਸ਼ਮੇਸ ਜੀ ਦਾ ਪੁੱਤਰ, ਅਥਵਾ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਹੁਣਾ ਦੇ ਭਾਈ ਅਖਵਾਉਣ ਦੇ ਹੱਕਦਾਰ ਬਣ ਜਾਈਦਾ ਹੈ ।

ਜਿੰਨਾ ਚਿਰ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਬਖ਼ਸ਼ੇ ਸਿਧਾਂਤ ਦੀ ਅਸਲੀਯਤ ਨਾਲ ਨਹੀਂ ਜੁੜਦੇ ਸਾਡੀ ਕਲਿਆਣ ਕਦੇ ਨਹੀਂ ਹੋਣੀ। ਆਉ ! ਬਿਨਾ ਕਿਸੇ ਵਿਤਕਰੇ ਦੇ ਸਰਬੱਤ ਦੇ ਭਲੇ ਲਈ ਜੋਦੜੀਆਂ ਕਰਨੀਆਂ ਸਿਖਾਉਣ ਵਾਲੇ ਸਤਿਗੁਰੂ ਜੀ ਦੇ ਇਸ ਫ਼ੁਰਮਾਨ ਦੀ ਅਸਲੀਯਤ ਨੂੰ ਪਛਾਣ ਕੇ, ਰੁੱਸੀ ਹੋਈ ਖ਼ਾਲਸਈ ਆਨ ਬਾਨ ਅਤੇ ਸ਼ਾਨ ਨੂੰ ਮੋੜ ਕੇ ਆਪਣੇ ਵਿਹੜੇ ਵਿਚ ਲਿਆ ਵਾੜਨ ਦੇ ਆਹਰ ਵਿਚ ਜੁੱਟ ਜਾਈਏ:---

੧੦੯- **ਜਗਤੁ ਜਲੰਦਾ ਰਖਿ ਲੈ ਅਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥ ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥ ੧ ॥**[੮੫੩]-ਵਾ-੧੦

੧੦

## ਨਿਗੁਰਾ ਕੌਣ ?

ਆਉ ਹੁਣ ਇਹ ਸਮਝ ਲਈਏ ਕਿ ਗੁਰਮਤਿ ਅਨੁਸਾਰ ਨਿਗੁਰਾ ਕੌਣ ਹੈ। ਗੁਰਬਾਣੀ ਵਿਚਾਰ ਤੋਂ ਪਹਿਲਾਂ ਪੰਥ ਵਿਚ ਪ੍ਰਮਾਣਿਕ ਮੰਨੇ ਗਏ ਗ੍ਰੰਥਾਂ ਦੇ ਹਵਾਲੇ ਪੜ੍ਹ ਲਈਏ:--

**(ੳ)** ਮਹਾਨ ਕੋਸ਼ ਦੇ ੭੦੬ ਸਫ਼ੇ ਤੇ " ਨਿਗੁਰਾ " ਪਦ ਦੇ ਅਰਥ ਇਸ ਪ੍ਰਕਾਰ ਹਨ:--੧ ਜਿਸ ਦਾ ਗੁਰੂ ਨਹੀਂ । ਮਨਮੁਖ । ੨ ਸਤਿਗੁਰੂ ਨਾਨਕ ਉੱਪਰ ਵਿਸ਼ਵਾਸ਼ ਨਾ ਕਰਨ ਵਾਲਾ ।

**(ਅ)** ਦੋ ਜਿਲਦਾਂ ਵਿਚ ਸੰਪੂਰਨ ਹੋਈ ਪੁਸਤਕ" **ਗੁਰਮਤ ਮਾਰਤੰਡ**" ਜਿਹੜੀ ਸ਼੍ਰੋਮਨੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੁਆਰਾ, ੧੯੬੨ ਤੋਂ ਪ੍ਰਕਾਸਤ ਹੋ ਰਹੀ ਹੈ ਅਤੇ ਹੁਣ ਤਾਂਈ ਤਿੰਨ ਵਾਰ ਛਪ ਕੇ ਲਗ-ਪਗ ੫੩੦੦ ਪੁਸਤਕਾਂ ਪਾਠਕਾਂ ਤੱਕ ਪੁੱਜ ਚੁੱਕੀਆਂ ਹਨ।

ਉਸ ਪੁਸਤਕ ਦੇ ੬੩੯ ਸਫ਼ੇ ਤੇ " **ਨਿਗੁਰਾ** " ਸਿਰਲੇਖ ਦੇ ਹੇਠਾਂ ਇਉਂ ਲਿਖਿਆ ਹੋਇਆ ਹੈ---" **ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥** " ਇਸ ਵਾਕ ਅਨੁਸਾਰ ਪਰਮ ਗੁਰੂ ਤੇ ਵਿਸ਼ਵਾਸ਼ ਨਾ ਕਰਨ ਵਾਲਾ ਅਤੇ ਜਗਤ ਗੁਰੂ ਸਰਬ ਪ੍ਰਿਯ ਗੁਰੂ ਨਾਨਕ ਦੇਵ ਤੇ ਆਸਤਿਕਤਾ ਨਾ ਰੱਖਣ ਵਾਲਾ ਨਿਗੁਰਾ ਹੈ " ।

**(ੲ)** ਪੰਥ ਵਲੋਂ ਬਣੀ ' ਸਿੱਖ ਰਹਿਤ ਮਰਯਾਦਾ " ਦੇ **ਖਰੜੇ ਵਿਚ " ਨਿਗੁਰਾ " ਲਫ਼ਜ਼ ਮੁਢੋਂ ਹੈ ਹੀ ਕਿਤੇ ਨਹੀਂ** ।

ਆਉ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋ ਕੇ ਪਤਾ ਕਰੀਏ ਕਿ ਉਨ੍ਹਾਂ ਨੇ ਨਿਗੁਰਾ ਕਿਸ ਨੂੰ ਸਮਝਿਆ ਹੈ। ਹੇਠਾਂ ਲਿਖਿਆ ਗੁਰੂ ਫ਼ੁਰਮਾਨ ਮਾਰੂ ਰਾਗ ਦੇ ਉਸ ਲੰਮੇ ਗੁਰੂ ਸ਼ਬਦ ਵਿਚੋਂ ਹੈ ਜਿਸ ਵਿਚ ਸਿੱਖ ਪੰਥ ਦੇ ਜਨਮ ਦਾਤਾ, ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਕਈ ਭੇਖਾਂ ਵਾਲੇ ਮੰਗਤੇ-ਜੋਗੀਆਂ ਆਦਿ ਦਾ ਜ਼ਿਕਰ ਕੀਤਾ ਹੈ। ਗੁਰੂ ਵਾਲੇ ਬਣਨ ਲਈ ਅਜੇਹੇ ਲੋਕ ਪਹਿਲਾਂ ਮਿਥੀ ਹੋਈ ਸਮੱਗ੍ਰੀ ਅਤੇ ਮਾਇਆ, (ਉਸ ਸਮੇਂ ਦੀ ਮਿਥੀ ਹੋਈ ਭੇਟਾ) ਅਰਪਣ ਕਰ ਕੇ ਮੱਥਾ ਟੇਕਦੇ ਅਤੇ ਮਿਥੀਆਂ ਹੋਈਆਂ ਵਿਧੀਆਂ ਅਨੁਸਾਰ ਚਰਣਾਮ੍ਰਿਤ ਪਾਨ ਕਰਦੇ, ਅਤੇ ਫਿਰ ਸੰਬੰਧਤ ਪੰਥ ' (ਜੋਗੀਆਂ, ਜੰਗਮਾ ਸੰਨਿਆਸੀਆਂ, ਕਾਪੜੀਆਂ, ਸਰੇਵੜਿਆਂ, ਆਦਿ ਦੇ ਕਈ ਕਈ ਪੰਥ) ਦੇ ਗੁਰੂ ਕੋਲੋਂ ਦੀਖਿਆ ਵਿਚ ਗੁਰ-ਮੰਤ੍ਰ ਲੈਂਦੇ ਹਨ । ਗੁਰੂ ਵਾਲੇ ਬਣੇ ਅਜੇਹੇ ਭੇਖੀ ਜੋ ਲੋਕਾਂ ਨੂੰ ਧਰਮ ਪੁਸਤਕਾਂ ਦਾ ਪਾਠ ਸੁਣਾ ਕੇ ਮਾਇਆ ਉਗ੍ਰਾਹ ਰਹੇ ਹੁੰਦੇ ਹਨ, ਉਨ੍ਹਾਂ **ਗੁਰੂ** ਵਾਲੇ (**-ਨਿਗੁਰਿਆਂ**) ਦੇ ਬਾਹਰ ਦੀ ਅਤੇ ਅੰਦਰ ਦੀ ਹਾਲਤ ਦੀ ਅਸਲੀਯਤ ਵਲ ਧਿਆਨ ਦਿਵਾਂਉਂਦਿਆਂ ਸਤਿਗੁਰੂ ਜੀ ਨੇ ੯ ਤੁਕਾਂ ਵਾਲਾ ਜੋ ਪਾਵਨ ਸ਼ਬਦ ਉਚਾਰਿਆ ਉਸ ਦੀ ਚੋਥੀ ਤੁਕ ਇਸ ਪ੍ਰਕਾਰ ਹੈ :---

੧੧੦- ***ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥ ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥ ੪ ॥** [੧੦੧੩]-੭

[*Foot note :--ਪੁਸਤਕ ਦੇ ਤੀਜੇ ਭਾਗ ਦੇ ਛੇਵੇਂ ਕਾਂਡ ਦੇ ੧੨ ਨੰਬਰ ਤੇ ਇਸ ਪੂਰੇ ਗੁਰੂ ਸ਼ਬਦ ਦੀ ਵਿਚਾਰ ਲਿਖੀ ਜਾ ਚੁੱਕੀ ਹੈ ] ॥॥

ਇਹ ਉਨ੍ਹਾਂ ਗੁਰੂ ਵਾਲੇ ਗਿਆਨ-ਹੀਣ ਨਿਗੁਰਿਆਂ ਦੇ ਅੰਦਰ ਦੀ ਹਾਲਤ ਦੀ ਵਣਗੀ ਹੈ, ਜਿਨ੍ਹਾਂ ਦਾ ਗੁਰੂ ਵੀ ਮਾਇਆ ਮੋਹ ਵਿਚ ਅੰਨ੍ਹਾਂ ਹੀ ਹੈ--**ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥** [੯੫੧] ਉਂਜ ਅਜੇਹੇ ਨਿਗੁਰੇ ਆਪਣੇ ਆਪ ਨੂੰ (ਸਿਵਾਏ ਕਿਸੇ ਪੇਸ਼ਾਵਰ ਠੱਗ ਦੇ) ਗੁਰੂ ਵਾਲੇ ਹੀ ਸਮਝਦੇ ਹਨ। ਕੋਈ ਵੀ ਆਪਣੇ ਆਪ ਵਿਚ **ਨਿਗੁਰਾ** ਨਹੀਂ ਹੁੰਦਾ। ਇਸ ਗੁਰੂ ਫ਼ੁਰਮਾਨ ਤੋਂ ਸਪੱਸ਼ਟ ਹੈ ਕਿ ਪੂਰੀ ਵਿਧੀ ਨਾਲ ਅੰਮ੍ਰਿਤ ਪਾਨ ਕਰਕੇ ਗੁਰੂ ਵਾਲਾ ਬਣਿਆਂ ਅੰਮ੍ਰਿਤਧਾਰੀ ਅਤੇ ਅਖੰਡ ਪਾਠੀ ਸਿੰਘ, ਜੇ **ਝੂਠ ਬੋਲਦਾ ਹੈ ਤਾਂ ਉਹ ਵੀ ਨਿਗੁਰਾ ਹੀ ਹੈ** । ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਦਸ਼ਮੇਸ਼ ਜੀ ਦੇ ਪਰਵਾਰ ਵਿਚ ਸ਼ਾਮਲ ਹੋਏ ਅੰਮ੍ਰਿਤਧਾਰੀ ਦਾ ਆਚਰਨ ਜੇ ਕਿਸੇ ਪੱਖੋਂ ਵੀ ਨੀਵਾਂ ਹੈ ਤਾਂ ਉਹ **ਦਸ਼ਮੇਸ਼ ਜੀ ਦੇ ਪਾਵਨ ਨਾਮ ਨੂੰ ਬਦਨਾਮ ਕਰਨ ਵਾਲਾ ਕਪੁੱਤਰ ਹੈ। ਅਜੇਹੇ ਨਿਗੁਰੇ-ਅੰਮ੍ਰਿਤਧਾਰੀ** ਲਾਹੇਵੰਦ ਨਹੀਂ, ਸਗੋਂ ਪੰਥ ਦੀ ਬਦਨਾਮੀ ਦਾ ਕਾਰਨ ਬਣਦੇ ਹਨ।

੧੧੧- **...ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥ ੧ ॥** [੧੨੪੦]-ਵਾ-੭

[ਨੁਗੁਰਿਆ=ਉਨ੍ਹਾਂ ਮਨੁੱਖਾਂ ਵਿਚ ਜੋ ਗੁਰੂ ਦੇ ਦੱਸੇ ਰਸਤੇ ਉਤੇ ਨਹੀਂ ਤੁਰਦੇ । (**ਪ੍ਰਿੰਸ: ਸਾਹਿਬ ਸਿੰਘ ਜੀ**) ]

**ਅਰਥ:**--ਹੇ ਨਾਨਕ ! ਜਿਹੜੇ ਮਨੁੱਖ ਗੁਰੂ ਦੇ ਦੱਸੇ ਰਾਹ ਉਤੇ ਨਹੀਂ ਤੁਰਦੇ, (ਉਨ੍ਹਾਂ ਦੇ ਅੰਦਰ ਆਤਮਕ ਜੀਵਨ ਉਚਾ ਕਰਨ ਵਾਲਾ ਕੋਈ ਗੁਣ ਨਹੀਂ (ਵਧਦਾ-ਫੁਲਦਾ) । ਜੇ ਗੁਰੂ ਵਲੋਂ ਮੂੰਹ ਮੋੜੀ ਰੱਖੀਏ, ਤਾਂ ਮੂੰਹ ਅਪਵਿੱਤਰ ਹੀ ਰਹਿੰਦਾ ਹੈ । ੧ ।

੧੧੨- **ਰੇ ਮਨ ਲੋਭੀ ਸੁਣਿ ਮਨ ਮੇਰੇ ॥ ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥
ਬਿਨੁ ਸਤਿਗੁਰ ਪਚਿ ਮੁਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ ॥ ੧ ੧॥ [੧੦੭੩]-੧-੨**

[ਸਾਕਤ=ਪਰਮਾਤਮਾ ਤੋਂ ਟੁੱਟਾ ਹੋਇਆ ਮਨੁੱਖ । ਨਿਗੁਰਾ=ਮਨਮੁਖ, ਗੁਰੂ ਦੇ ਕਹੇ ਦੀ ਪਰਵਾਹ ਨਾ ਕਰਨ ਵਾਲਾ ]

੧੧੩- **... ਗੁਰ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥
ਜਿਉ ਚਲਾਏ ਤਿਉ ਚਾਲਹਿ ਭਾਈ ਹੋਰ ਕਿਆ ਕੋ ਕਰੇ ਚਤੁਰਾਈ ॥ ੬** ॥[੬੩੪]-੧

[ਨਿਗੁਰਾ=ਜੋ ਗੁਰੂ ਦੀ ਸਰਨ ਨਹੀਂ ਪਿਆ, ਜਿਸ ਨੇ ਗੁਰੂ ਦੀ ਮਤਿ ਅਨੁਸਾਰ ਤੁਰਨਾ ਨਹੀਂ ਸਿਖਿਆ]

੧੧੪- **ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੇ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥
ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮੁ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥ ੩** ॥[੯੯੨]-੧੦

**ਪਦ ਅਰਥ:**--ਨਿਧਨਿਆ=ਗਰੀਬਾਂ ਵਾਸਤੇ । ਨਿਗੁਰਿਆ=ਜਿੰਨ੍ਹਾਂ ਨੂੰ ਕੋਈ ਜੀਵਨ ਰਾਹ ਦੱਸਣ ਵਾਲਾ ਕੋਈ ਨਾ ਹੋਵੇ । ਅੰਧੁਲੈ=ਅੰਨ੍ਹੇ ਨੇ, ਉਸ ਨੇ ਜਿਸ ਦੀਆਂ ਗਿਆਨ ਦੀਆਂ ਅੱਖਾਂ ਨਹੀਂ। ਨਹੀਂ ਜਾਣਿਆ=ਪਛਾਣਿਆ ਨਹੀਂ ਜਾ ਸਕਦਾ ।

ਅੱਡੋ ਅੱਡਰੀਆਂ ਨਿਆਰੀਆਂ ਵਿਧੀਆਂ ਨਾਲ ਅੰਮ੍ਰਿਤ ਤਿਆਰ ਕਰਨ ਵਾਲੇ ਡੇਰਾਵਾਦੀਆਂ ਦੀ ਦਾਸ ਗੱਲ ਨਹੀਂ ਕਰ ਰਿਹਾ । ਪਰ ਕਲਗੀਧਰ ਜੀ ਦੀਆਂ ਮਿਹਰਾਂ ਨਾਲ ਅਦੁਤੀ ਬਰਕਤਾਂ ਵਾਲਾ ਬਣਿਆਂ, " ਖੰਡੇ ਬਾਟੇ ਦਾ ਅੰਮ੍ਰਿਤ " ਤੱਦ ਹੀ ਨਸੀਬਾਂ ਵਿਚ ਹੋ ਸਕਣਾਂ ਹੈ, ਜਦ (ਆਪਣੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਿਆਰਾ ਭੁਜੰਗੀ), ਗੁਰਮਤਿ ਅਨੁਸਾਰ ਜੀਵਨ ਜੁਗਤ ਬਣਾ ਲੈਣ ਦੇ ਪ੍ਰਣ ਨੂੰ ਨਿਭਾ ਸਕਣ ਵਾਲੀ ਦ੍ਰਿੜ੍ਹਤਾ ਦਾ ਮਾਲਕ ਬਣ ਚੁੱਕਾ ਹੋਵੇ ।

ਅੰਮ੍ਰਿਤਧਾਰੀ ਰਹਿਤਵਾਨ ਸਿੰਘ ਦੀ ਨਿਆਰੀ ਜੀਵਨ-ਜੁਗਤ, ਮਿਠੇ ਬੋਲ ਅਤੇ ਸਰਬੱਤ ਨਾਲ ਮਾਂ-ਜਾਏ ਸਕੇ ਭਾਈਆਂ ਵਾਲਾ ਪਿਆਰਾਂ ਲੱਦਿਆ ਨਿਮਰਤਾ ਵਾਲ ਸੁਭਾਅ ਹੀ, ਦੂਜਿਆਂ ਲਈ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਬਣਨ ਲਈ ਪ੍ਰੇਰਨਾਂ ਦਾ ਸੋਮਾ ਬਣਨਾ ਚਾਹੀਦਾ

ਹੈ। ਪਰ ਜੇ ਪੰਜਾਂ ਕਕਾਰਾਂ ਦਾ ਧਾਰਨੀ ਸਿੰਘ, ਕੁਰੱਖਤ ਸੁਭਾ ਵਾਲਾ, ਆਪਣੇ ਆਪ ਨੂੰ ਦੂਜਿਆਂ ਨਾਲੋਂ ਉੱਚਾ ਸਮਝ ਕੇ ਦੂਜਿਆਂ ਨੂੰ ਨਿਗੁਰਾ ਕਹਿ ਕੇ ਦਿਲ ਦੁਖੀ ਕਰਨ ਵਾਲਾ ਹੋਵੇ, ਬਚਨਾਂ ਤੋਂ ਮੁੱਕਰ ਜਾਣ ਲਗਾ ਢਿੱਲ ਨਾ ਕਰਦਾ ਹੋਵੇ, ਲੁਕ ਛਿਪ ਕੇ ਬੱਜਰ ਕੁਰਹਿਤਾਂ ਕਰ ਲੈਣ ਵਾਲੇ ਉਸ ਦੇ ਭੇਤ ਦਾ ਲੋਕਾਂ ਨੂੰ ਪਤਾ ਹੋਵੇ, ਤਾਂ ਫਿਰ ਅਜੇਹੇ ਗੁਰੂ ਵਾਲੇ ਬਣਨ ਤੋਂ, ਕਈ ਸਿੱਖ ਨਿਗੁਰੇ ਹੀ ਰਹਿਣਾ ਠੀਕ ਮੰਨ ਬੈਠਦੇ ਹਨ ।

**ਚੜ੍ਹਦੀ ਕਲਾ ਵਲ ਮੋੜਾ ਖਾਣ ਲਈ ਹਰ ਇੱਕ ਗੁਰਸਿੱਖ ਬੱਚੀ ਬੱਚੇ ਨੂੰ ਪੰਥ ਵਿਚ ਆ ਵੜੀਆਂ ਸਭ ਤਰ੍ਹਾਂ ਦੀਆਂ ਬਿੱਪ੍ਰੀ ਰੀਤਾਂ ਨੂੰ ਤਿਆਗ ਕੇ, ਆਪਣਾ ਜੀਵਨ ਕੇਵਲ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾ ਅਨੁਸਾਰ ਢਾਲ ਲੈਣ ਦੇ ਆਹਰ ਵਿਚ ਜੁੱਟ ਜਾਣਾ ਚਾਹੀਦਾ ਹੈ ।**

੧੧੫- **ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥**
**ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥ ੧ ॥**[੬੦੧]-੬

# ਸਤਵਾਂ ਕਾਂਡ

੧

## ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ

ਉਪ੍ਰੋਕਤ ਪੰਗਤੀ ਵਾਲੀ ਵਾਰ ਜਾਂ ਪਉੜੀ, ਦੋ ਸੌ ਸਾਲ ਤੋਂ ਵੀ ਵੱਧ ਸਮੇਂ ਤੋਂ ਲਗ-ਪਗ ਸਾਰੇ ਗੁਰੂ ਦਰਬਾਰਾ ਵਿਚ ਪੜ੍ਹੀ ਅਥਵਾ ਗਾਈ ਅਤੇ ਸੁਣੀ ਜਾ ਰਹੀ ਹੈ। ਇਸ ਪੰਗਤੀ ਨੂੰ ਅਥਵਾ ਇਸ ਦੀ ਸਾਰੀ ਵਾਰ ਨੂੰ ਗੁਰਮਤਿ ਦੀ ਕਸਵੱਟੀ ਤੇ ਪਰਖ ਕਰਨ ਦੀ ਲੋੜ ਕਿਸ ਕਾਰਨ ਪਈ ? ਇਸ ਸ਼ੰਕੇ ਵਿਚ ਪੈਣ ਵਾਲੇ ਸੱਜਣਾ ਦੀ ਯਾਦ ਤਾਜ਼ਾ ਕਰਨ ਲਈ ਆਪਣੀ ਬੇਨਤੀ ਨੂੰ ਇੱਕ ਵਾਰੀ ਫਿਰ ਦੋਹਰਾਉਂਦਾ ਹਾਂ-- ਹਿਰਦੇ ਦੀ ਜਿਸ ਪੀੜ ਨੇ ਪੰਥ ਦੀ ਚੜ੍ਹਦੀ ਕਲਾ ਵੇਖਣ ਦੀ ਲੋਚਣਾ ਕੀਤੀ, ਜਿਸ ਤੌਖਲੇ ਨੇ ਬਿੱਪ੍ਰਨ ਕੀ ਰੀਤ ਦੀ ਅਸਲੀਯਤ ਜਾਣ ਕੇ ਉਸ ਦੇ ਹਰ ਪੱਖ ਤੋਂ ਪੰਥ ਨੂੰ ਜਾਣੂੰ ਕਰਾਉਣ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੱਧ ਤੋਂ ਵੱਧ ਸਿਧਾਤਾਂ ਨਾਲ ਸੰਬੰਧਤ ਗੁਰੂ ਸ਼ਬਦਾਂ ਨੂੰ ਅੱਡ ਅੱਡ ਕਰਕੇ ਪੰਥ ਦੀ ਜਾਣਕਾਰੀ ਲਈ ਪੇਸ਼ ਕਰਨ ਦੀ ਘਾਲਣਾ ਅਰੰਭ ਕਰਵਾਈ, ਜਿਸ ਹਿਰਦੇ ਦੀ ਪੀੜ ਦੇ ਕਾਰਨ ਇਹ ਪਤਾ ਕਰਨਾ ਅਰੰਭਿਆ ਕਿ ਅਕਾਲ ਪੁਰਖ ਤੋਂ ਸਦੀਵੀ ਵਿਛੋੜਾ ਪਾ ਦੇਣ ਵਾਲਾ **ਹਉਮ-ਰੋਗ (ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥**[੬੫੦]) ਕਿਨ੍ਹਾਂ ਮਘੋਰਿਆਂ ਰਾਹੀਂ ਪੰਥ ਵਿਚ ਦਾਖ਼ਲ ਹੋ ਰਿਹਾ ਹੈ ? ਅਜੇਹੇ ਤੌਖ਼ਲੇ ਭਰੇ ਪੰਥਕ-ਪਿਆਰ ਨੇ ਦਾਸ ਨੂੰ ਇਸ ਪੰਗਤੀ ਵਾਲੀ " ਵਾਰ " ਨੂੰ ਅਤੇ ਉਸ ਵਾਰ ਦੇ " ਜਨਮ ਦਾਤੇ " ਦੀ ਅਸਲੀਯਤ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਣ ਲਈ ਪ੍ਰੇਰਿਆ ਹੈ। ਹਾਏ ! ਕਿਤੇ ਇਸ ਪਾਸਿਉਂ ਵੀ ਹੀ ਸਤਿਗੁਰਾਂ ਦੇ ਪੰਥ ਤੇ ਬਿੱਪ੍ਰਨ ਕੀ ਰੀਤ ਦਾ ਪਰਛਾਵਾਂ ਤਾਂ ਨਹੀਂ ਪੈ ਰਿਹ? ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ, ਇਨ੍ਹਾਂ ਪੰਜ ਵਿਕਾਰਾਂ ਵਿਚੋਂ ਹੰਕਾਰ ਅਥਵਾ ਹਉਮੈ ਅਜੇਹਾ ਭਿਅੰਕਰ ਰੋਗ ਹੈ ਜਿਸ ਨੂੰ ਗੁਰਬਾਣੀ ਨੇ ਮਨੁੱਖਤਾ ਲਈ ਬਾਕੀ ਵਿਕਾਰਾਂ ਵਿਚੋਂ ਸਭ ਤੋਂ ਵਧ ਹਾਨੀ ਕਾਰਕ ਫ਼ੁਰਮਾਨ ਕੀਤਾ ਹੈ। ਕਿਉਂਕਿ ਹਉਮੈ ਨੇ ਗੁਰੂ-ਪਰਮੇਸ਼ਰ ਤੋਂ ਵਿਛੋੜਾ ਪਾਇਆ, ਫਿਰ---**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥**[੧੩੫] ਫਿਰ ਕਾਮ, ਕ੍ਰੋਧ, ਲੋਭ, ਮੋਹ, ਤ੍ਰਿਸ਼ਨਾ-ਅਗਨੀ, ਦੂਜਾ ਭਾਉ, ਈਰਖਾ, ਚੁਗ਼ਲੀ, ਉਸਤਤਿ ਨਿੰਦਾ, ਬਚਨ ਕਰਕੇ ਖਿਸਕਣਾ, ਝੂਠ ਬੋਲਣਾ, ਵਿਖਾਵੇ ਵਾਲੀ ਫੋਕੀ ਸੁੱਚਮ ਅਤੇ ਹੋਰ ਕਈ ਬ੍ਰਾਹਮਣੀ ਭਰਮ ਨੂੰ ਸਿੱਖ ਸਿਧਾਂਤ ਦਾ ਅੰਗ ਮੰਨ ਬਹਿਣਾ, ਪਰਾਏ ਹੱਕ ਤੇ ਨਜ਼ਰਾਂ ਰਖਣੀਆਂ, ਚੋਰੀ, ਠੱਗੀ, ਡੇਰਾਵਾਦੀ-ਠੱਗ-ਕਿਰਿਆ ਨੂੰ ਸੰਤਪੁਣਾ ਮੰਨ ਬਹਿਣਾ, ਅਕਿਰਤਘਣਤਾ, ਨਿਰਦੈਤਾ, ਬਲਾਤਕਾਰੀ, ਤਸਕਰੀ, ਜੂਏਬਾਜ਼ੀ, ਨਸ਼ਿਆਂ ਦਾ ਸਵੇਨ ਆਦਿ " ਸਭੇ " ਰੋਗ ਵਿਆਪ ਗਏ। ਅਜੇਹਾ ਵਿਚਾਰ ਆਉਂਦਿਆਂ ਹੀ ਹਿਰਦਾ ਪੁਕਾਰ **ਉਠਿਆ ਕਿ ਸਾਰਿਆਂ ਰੋਗਾਂ ਦੀ ਜੜ੍ਹ ਹਉਮੈ ਤਾਂ ਕਿਸੇ ਵੀ ਰਸਤੇ ਪੰਥ ਵਿਚ ਨਹੀਂ ਸੀ ਵੜਨੀ ਚਾਹੀਦੀ**। ਇਸ ਨਿਆਰੇ ਪੰਥ ਦਾ ਸਿਧਾਂਤ ਲੈ ਕੇ ਆਏ ਸਤਿਗੁਰਾਂ ਨੇ ਤਾਂ ਬੜੀ ਘਾਲਣਾ ਉਪ੍ਰੰਤ ਅਕਾਲ ਪੁਰਖ ਤੋਂ ਸਾਡੇ ਲਈ **ਨਾਮ** ਅਤੇ **ਗ਼ਰੀਬੀ** ਦੀ ਹੀ ਦਾਤ ਮੰਗੀ ਸੀ--**ਬਾਬਾ ਪੈਧਾ ਸਚ-ਖਡਿ, ਨਉ ਨਿਧਿ ਨਾਮ ਗ਼ਰੀਬੀ ਪਾਈ ॥** {ਭਾ:ਗੁ:--੧-੨੪] ਨਾਮ ਅਤੇ ਗ਼ਰੀਬੀ ਹੀ ਪੰਥ ਦੀ ਰੀੜ੍ਹ ਦੀ ਹੱਡੀ ਸੀ। ਹਉਮੈ ਨੇ ਤਾਂ ਪਹਿਲੇ ਹੱਲੇ ਹੀ ਇਨ੍ਹਾਂ ਗੁਣਾ ਤੋਂ ਪੰਥ ਨੂੰ ਸਖਣਾ ਕਰ ਦੇਣਾ ਸੀ। ਜਿਸ ਰਾਹੀਂ ਵੜ ਕੇ ਹਉਮੈ-ਮਿਰਗ ਨੇ ਨਿਆਰੇ ਗੁਰਮਤਿ-ਗੁਣਾਂ ਰੂਪ ਅੰਗੂਰੀ ਆ ਖਾਣੀ ਸੀ, ਅਜੇਹੀ ਤਾਂ **ਮਾੜੀ ਮੋਟੀ ਮੋਰੀ** ਵੀ ਨਹੀਂ ਸੀ ਰਹਿਣੀ ਚਾਹੀਦੀ। ਆਉ ਰਲ ਮਿਲ ਕੇ ਅਰਦਾਸ ਕਰੀਏ--ਹੇ ਸਮਰਥ ਸਾਤਿਗੁਰੂ ਜੀਓ ! ਜਿਵੇਂ ਕਬੀਰ ਸਾਹਿਬ ਜੀ ਨੇ ਉਹ ਘਾਤਕ **" ਮੋਰੀ "** ਵੇਖ ਲਈ ਸੀ, ਭੁੱਲੀ ਪਏ ਆਪਣੇ ਇਸ ਪੰਥ ਨੂੰ ਵੀ ਉਹ ਮੋਰੀ ਵਿਖਾ ਦੇਣ ਦੀ ਮਿਹਰ ਕਰ ਦਿਓ। ਸੱਚੇ ਪਾਤਿਸ਼ਾਹ ਜੀ ! ਕਰ ਦਿਉ ਉਹੀ ਅਵਸਥਾ ਪ੍ਰਦਾਨ (ਵੈਰੀਆਂ ਨੂੰ ਮਿੱਤਰ ਬਣਾ ਬੈਠੇ) ਆਪਣੇ ਇਸ ਦੂਲੇ ਪੰਥ ਨੂੰ, ਜਿਸ ਅਵਸਥਾ ਦਾ ਵਰਣਨ ਆਪ ਜੀ ਦੇ ਇਸ ਗੁਰੂ-ਸ਼ਬਦ ਵਿਚ ਹੈ:--

੧- **ਸੰਤਹੁ ਮਨ ਪਵਨੈ ਸੁਖੁ ਬਨਿਆ ॥ ਕਿਛੁ ਜੋਗੁ ਪਰਾਪਤਿ ਗਨਿਆ ॥ ਰਹਾਉ ॥ ਗੁਰਿ ਦਿਖਲਾਈ ਮੋਰੀ ॥ ਜਿਤੁ**
**ਮਿਰਗ ਪੜਤ ਹੈ ਚੋਰੀ ॥ ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥ ੧ ॥ ਕੁੰਭ ਕਮਲੁ ਜਲਿ ਭਰਿਆ ॥**
**ਜਲੁ ਮੇਟਿਆ ਊਭਾ ਕਰਿਆ ॥ ਕਹੁ ਕਬੀਰ ਜਨ ਜਾਨਿਆ ॥ ਜਉ ਜਾਨਿਆ ਤਉ ਮਨੁ ਮਾਨਿਆ ॥ ੨ ॥**[੬੫੬]-੧੦

ਅਜੇਹੀਆਂ ਭਾਵਨਾਵਾਂ ਦੇ ਅਧੀਨ, ਦਾਸ ਅਜੇਹੇ ਉਸ ਹਰ ਪੱਖ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖੀ ਆ ਰਿਹਾ ਹੈ ਜਿਸ ਦੁਆਰਾ ਪੰਥ ਵਿਚ ਸਭ ਰੋਗਾ ਤੋਂ ਬੁਰਾ " ਹਉਮੈ ਰੋਗ " ਆ ਵੜਿਆ ਹੈ--

੨- **ਹਉਮੈ ਵਡਾ ਰੋਗ ਹੈ ਭਾਇ ਦੂਜੈ ਕਰਮ ਕਮਾਇ ॥**
**ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥ ੨ ॥** [੫੮੯]-ਵ-੯

੩- **ਮਨਮੁਖ ਸਦਾ ਵਿਛੁੜੇ ਫਿਰਹਿ, ਕੋਇ ਨ ਕਿਸੇ ਹੀ ਨਾਲਿ ॥ ਹਉਮੈ ਵਡਾ ਰੋਗੁ ਹੈ**
**ਸਿਰਿ ਮਾਰੇ ਜਮਕਾਲਿ ॥ ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮਾਲਿ ॥ ੨ ॥** [੧੨੫੮]-੩

**ਵਿਚਾਰ**--

**ਕਿਸੇ ਵੀ ਵਿਦਵਾਨ ਨੇ** ' ਗੁਰੂ ' ਦਾ ਅਰਥ ' ਚੇਲਾ ' ਨਹੀਂ ਕੀਤਾ । ਗੁਰੂ ਅਤੇ ਚੇਲੇ ਦਾ ਰਿਸ਼ਤਾ ਕੇਵਲ " ਗਿਆਨ" ਦਾ ਹੈ। ਗਿਆਨ ਦੇਣ ਵਾਲਾ ' ਗੁਰੂ ' ਅਤੇ ਉਸ ਤੋਂ ਗਿਆਨ ਪ੍ਰਾਪਤ ਕਰਨ ਵਾਲਾ " ਚੇਲਾ " ਅਖਵਾਉਂਦਾ ਹੈ। ਸੰਸਾਰ ਦੇ ਕਿਸੇ ਧਰਮ ਵਿਚ ਕੋਈ ਗੁਰੂ ਆਪਣੇ ਚੇਲੇ ਦਾ ਚੇਲਾ ਕਦੇ ਨਹੀਂ ਮੰਨਿਆਂ ਗਿਆ।

ਪਰਮਾਤਮਾਂ ਦੀ ਕਿਰਪਾ ਅਪਾਰ ਹੈ ਪਰ ਗੁਰੂ ਦੀ ਮਿਹਰ ਤੋਂ ਬਿਨਾਂ ਪ੍ਰਭੂ ਦੀ ਮਿਹਰ ਦੇ ਪਾਤ੍ਰ ਨਹੀਂ ਬਣ ਸਕੀਦਾ। ਪ੍ਰਭੂ ਨਾਲੋਂ ਵੀ ਗੁਰੂ ਦੀ ਮਿਹਰ ਕਈ ਗੁਣਾ ਵੱਧ ਗੁਣਕਾਰੀ ਮੰਨੀ ਗਈ ਹੈ। ਭੀਖਾ ਜੀ ਦਾ ਕਥਨ ਅਸਾਂ ਅੱਗੇ ਵੀ ਕਈ ਵਾਰ ਚੇਤੇ ਕੀਤਾ ਹੈ--" ਭੀਖਾ ਵੂਹ ਨਰ ਕੌਣ ਹੈਂ ਜੋ ਗੁਰ ਕੋ ਕਹਿਤੇ ਔਰ । ਰੱਬ ਰੂਠੇ ਗੁਰ ਮੇਲਤਾ, ਗੁਰ ਰੂਠੇ ਨਹੀਂ ਠੌਰ "। ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਤਾਂ ਸਤਿਗੁਰ ਨੂੰ ਪਾਰਬ੍ਰਹਮ ਮੰਨਿਣ ਲੱਗਿਆਂ ਜ਼ਰਾ ਵੀ ਢਿੱਲ ਨਹੀਂ ਲਾਈ--**ਰਾਮ, ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥ ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੇ ਬਚਨਿ ਹਮ ਜਾਨੇ ॥** [੧੬੯] ਹਾਏ ! ਏਹੋ ਜਿਹੀ ਸੋਚ ਸੜ ਜਾਏ ਜਿਸ ਨੇ ਉਸੇ ਮਹਾਨ ਗੁਰੂ ਨੂੰ ਆਪਣਾ ਚੇਲਾ ਬਣਿਆਂ ਝੱਲ ਲਿਆ, ਜਿਸ ਸੱਚੇ ਸਤਿਗੁਰੂ ਜੀ ਨੇ ਪਰਮਾਤਮਾਂ ਦੀ ਬਾਂਹ ਫੜਾਈ ਸੀ।

ਕਿਸੇ ਮਨੁੱਖ ਨੂੰ ਆਪਣੇ ਜਿਹਾ ਬਣਾ ਕੇ ਗੁਰੂ ਦੀ ਪਦਵੀ ਦੇ ਦੇਣੀ, ਜਾਂ ਕਿਸੇ ਨੂੰ ਗੁਰੂ ਦੀ ਗੱਦੀ ਮਿਲ ਜਾਣੀ, ਹੋਰ ਗੱਲ ਹੈ, ਪਰ ਆਪਣੇ ਹੀ ਗੁਰੂ ਦਾ ਗੁਰੂ ਬਣ ਬੈਠਣਾ, ਬਿਲਕੁਲ ਹੀ ਵਿਲੱਖਣ ਗੱਲ ਹੈ। ਗੁਰੂ ਤੋਂ ਮਿਲਿਆ ਗਿਆਨ ਗੁਰੂ ਨੂੰ ਹੀ ਕਹਿ ਸੁਣਾਉਣ ਨਾਲ ਜੇ ਕੋਈ ਚੇਲਾ ਆਪਣੇ ਗੁਰੂ ਦਾ ਗੁਰੂ ਬਣ ਜਾਂਦਾ ਹੈ, ਤਾਂ ਕਿਹੜਾ ਅਧਿਆਪਕ ਜਾਂ ਗੁਰੂ ਹੈ ਜਿਹੜਾ ਆਪਣਾ ਦਿੱਤਾ ਸਬਕ ਆਪਣੇ ਸਿੱਖ ਅਥਵਾ ਆਪਣੇ ਸ਼ਗਿਰਦ ਕੋਲੋਂ ਨਹੀਂ ਸੁਣਦਾ ? ਫਿਰ ਗੁਰਦੇਵ ਜੀ ਦਾ ਮੁਖਵਾਕ ਹੈ--**ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ ॥** [੬੦]-੧੨ ਸਦਾ ਭੁੱਲਾਂ ਕਰਨ ਵਾਲਾ ਮਨੁੱਖ ਕਦੇ ਵੀ ਭੁੱਲ ਨਾ ਕਰਨ ਵਾਲੇ ' ਗੁਰੂ ' ਦਾ ' ਗੁਰੂ ' ਕਿਵੇਂ ਬਣ ਬੈਠਾ ? ਜਿਸ ਗੁਰੂ ਕੋਲੋਂ ਜੀਵਨ ਦਾਨ ਪਾਇਆ, ਜਿਸ ਗੁਰੂ ਨੇ ਅਧਿਆਤਮਕ ਉੱਚਤਾ ਤੇ ਪੁਚਾਇਆ, ਜਿਸ ਗੁਰੂ ਨੇ ਸੰਸਾਰ ਵਿਚ ਮਾਣ ਸਤਿਕਾਰ ਵਾਲੀ ਜੀਵਨ-ਜੁਗਤ ਬਖ਼ਸ਼ੀ, ਕੀ ਕੋਈ ਸਿੱਖ ਉਸੇ ਸਮਰੱਥ " ਗੁਰੂ " ਦਾ " ਗੁਰੂ " ਅਖਵਾਉਣਾਂ ਝੱਲ ਸਕਦਾ ਹੈ ? ਗੁਰੂ ਨਾਨਕ ਜੀ ਵਰਗਾ ਸਮਰੱਥ ਗੁਰੂ ਕਿਸੇ ਨੂੰ ਆਪਣੇ ਹੀ ਵਰਗਾ ਬਣਾ ਲਏ ਤਾਂ ਹੋਰ ਗੱਲ ਹੈ, ਪਰ ਗੁਰੂ ਨਾਨਕ ਜੀ ਦੀ ਜੋਤਿ ਦਾ ਮਾਲਕ ਬਣ ਕੇ ਵੀ, ਬਾਬਾ ਲਹਿਣਾ ਜੀ, ਗੁਰੂ ਨਾਨਕ ਜੀ ਦੇ ਕੀ ਗੁਰੂ ਬਣ ਬੈਠ ਸਨ**?** ਆਪਣੇ ਪਿਆਰੇ ਗੁਰੂ ਨਾਨਕ ਜੀ ਦੇ ਵਿਛੋੜੇ ਵਿਚ ਲੁੱਛਦਿਆਂ ਦੀ ਬਿਹਬਲਤਾ ਦਾ ਇਤਿਹਾਸ ਭਾਵੇਂ ਹੋਰ ਵੀ ਕਈ ਇਤਹਾਸਕਾਰਾਂ ਨੇ ਲਿਖਿਆ ਹੈ ਪਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ " ਅਸ਼ਟ ਗੁਰੂ ਚਮਤਕਾਰ " ਪੁਸਤਕ ਦੇ ਅਰੰਭ ਵਿਚ ਹੀ ਜਿਸ ਦਰਦ ਭਰਪੂਰ ਅਤੇ ਉਛਾਲੇ ਮਾਰਦੀ ਸ਼ਰਧਾ ਭਰੀ ਸ਼ਬਦਾਵਲੀ ਦੁਆਰਾ, ਜਿਸ ਵਿਲੱਖਣਤਾ ਨਾਲ ਗੁਰੂ ਅੰਗਦ ਦੇਵ ਜੀ ਦੀ ਉਸ ਹਾਲਤ ਬਿਰਤਾਂਤ ਲਿਖਿਆ ਹੈ, ਉਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਭਾਵ, ਬਾਬਾ ਲਹਿਣਾ ਜੀ ਗੁਰੂ ਅੰਗਦ ਸਾਹਿਬ ਬਣ ਕੇ ਵੀ, ਗੁਰੂ ਨਾਨਕ ਪਾਤਸ਼ਾਹ ਜੀ ਦੇ ਗੁਰੂ ਨਹੀਂ ਸਨ ਬਣ ਬੈਠੇ। ਪਰ ਅੱਜ ਜਿਸ ਹੈਂਕੜ ਭਰੇ ਬੋਲਾਂ ਦੁਆਰਾ ਅਸੀਂ ਆਪਣੇ ਆਪ ਨੂੰ ਗੁਰੂ ਪਦਵੀ ਦੇ ਮਾਲਕ ਸਮਝਦਿਆਂ ਸਤਗੁਰਾਂ ਨੂੰ ੨੦ਵੇਂ ਦਰਜੇ ਤੇ ਰੱਖ ਕੇ ਆਪ ੨੧ ਦਰਜੇ ਦੇ ਮਾਲਕ ਬਣੇ ਹੋਏ, ਜਿਵੇਂ ਸਤਿਗੁਰਾਂ ਦੇ ਦਰਬਾਰ ਵਿਚ ਹੀ ਹੰਕਾਰ ਭਰੇ ਗੁੱਸੇ ਨਾਲ ਮੂੰਹਾਂ ਵਿਚੋਂ ਝੱਗ ਸੁੱਟਦੇ ਇਕ ਦੂਜੇ ਤੇ ਹੱਲੇ ਬੋਲਦੇ ਹੋਏ ਕੇਸਾਂ ਦੀ ਬੇਅਦਬੀ ਕਰਨ ਨੂੰ ਆਪਣਾ ਹੱਕ ਮੰਨ ਰਹੇ ਹੁੰਦੇ ਹਾਂ, ਉਸ ਨੂੰ ਵੇਖ ਕੇ ਸਤਿਗੁਰਾਂ ਦੇ ਬਚਨ ਯਾਦ ਆ ਕੇ ਕਾਂਬਾ ਛਿੜ ਰਿਹਾ ਹੁੰਦਾ ਹੈ :--

੪- **ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥**
**ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥ ੩ ॥** [੯੫੬]-ਵਾ-੧੯

ਹੇ ਸੱਜ ਧੱਜ ਕੇ ਵਧੀਆ ਘੋੜੇ ਤੇ ਚੜ ਕੇ ਹਉਮੈ-ਅਗਨੀ ਦੇ ਫੁੰਕਾਰੇ ਮਾਰਨ ਵਾਲੇ ਹੰਕਾਰੀ ਮਨੁੱਖ ! ਕਿਤੇ ਹੁਣੇ ਹੀ ਧੌਣ ਪਰਨੇ ਡਿੱਗ ਕੇ ਸਦਾ ਦੀ ਨੀਂਦੇ ਹੀ ਨਾ ਸੌਂ ਜਾਈ ? ਪਰ ਸਾਡੀ ਹਾਲਤ ਇਹ ਬਣੀ ਹੋਈ ਹੈ ਕਿ ਅਸੀਂ ਸਿਰ ਪਰਨੇ ਪਏ ਹੋਏ ਵੀ ਅਸਲੀਯਤ ਨੂੰ ਨਹੀਂ ਸਮਝ ਰਹੇ ।

ਸੁਹਿਰਦ ਪਾਠਕਾਂ ਕੋਲੋ ਦਾਸ ਖਿਮਾਂ ਦਾ ਜਾਚਕ ਹੈ ਕਿ, ਦਾਸ ਦੇ ਮਨ ਨੇ ੧੬੯੯ ਵਾਲੀ ਵਿਸਾਖੀ ਦੇ ਦਿਨ ਪੰਜ ਪਿਆਰਿਆਂ ਕੋਲੋਂ ਅੰਮ੍ਰਿਤ ਛਕਣ ਵਾਲੇ ਸਾਕੇ ਦੇ ਨਾਲ ' **ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ**;' ਪੰਗਤੀ ਜੁੜ ਜਾਣ ਨੂੰ ਪੰਥ ਲਈ ਲਾਹੇਵੰਦ ਨਹੀਂ ਮੰਨਿਆਂ। ਦਾਸ ਦੀ ਮੱਤ ਇਸ ਗੱਲ ਨੂੰ ਮੰਨਣ ਤੋਂ ਇਨਕਾਰ ਕਰ ਬੈਠੀ, ਕਿ, ਇਹ ਤੁਕ ਪੰਜਾਂ ਪਿਆਰਿਆਂ ਦੀ ਚੋਣ ਨਾਲ ਅਤੇ ਪੰਜਾਂ ਪਿਆਰਿਆਂ ਦੇ ਹੱਥੋਂ ਸਤਿਗੁਰਾਂ ਦੇ ਅੰਮ੍ਰਿਤ ਪਾਨ ਕਰਨ ਵਾਲੇ ਸਾਕੇ ਨਾਲ ਹੀ ਸੰਬਧਤ ਹੋਵੇਗੀ। ਦਾਸ ਇਸ ਗੱਲ ਦੀ ਪੜਚੋਲ ਕਰਨ ਤੇ ਮਜਬੂਰ ਹੋ ਗਿਆ ਕਿ ਇਹ ਅਢੁਕਵੀਂ ਤੁਕ ੧੬੯੯ ਦੀ ਵਿਸਾਖੀ ਵਾਲੇ ਸਾਕੇ ਨਾਲ ਕਿਵੇਂ ਜੁੜ ਗਈ ? ਦਾਸ ਦੀ ਪੜਚੋਲ ਦੇ ਸਿੱਟੇ ਦਾ ਵੇਰਵਾ ਹਾਜ਼ਰ ਹੈ---

## ਡਾ: ਭਾਈ ਵੀਰ ਸਿੰਘ ਜੀ ਦੇ ਵਿਚਾਰ

ਸਤੰਬਰ ੧੯੮੪ ਵਿਚ ਛਪਣ ਵਾਲੀ ਪੁਸਤਕ " **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ** ਅਰਥਾਤ **ਵਾਰਾਂ ਭਾਈ ਗੁਰਦਾਸ** " ਜਿਸ ਦਾ ਸੰਪਾਦਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਕੀਤਾ ਹੈ, ਉਸ ਦੇ ੬੩੬ ਸਫ਼ੇ ਤੇ ਭਾਈ ਗੁਰਦਾਸ ਜੀ ਦੇ ਨਾਮਣੇ ਨਾਲ ਜੁੜੀ ਵਾਰ ਨੰ: ੪੧ ਦਾ ਸਿਰ ਲੇਖ ਇਸ ਪ੍ਰਕਾਰ ਹੈ -- ੧ ਓ ਸਤਿਗੁਰ ਪ੍ਰਸਾਦਿ ॥

**ਰਾਮਕਲੀ ਵਾਰ ਪਾਤਿਸ਼ਾਹੀ ਦਸਵੀਂ ਕੀ** * ॥ ਟੂਕ ਵਿਚ ਇਉਂ ਲਿਖਿਆ ਹੈ :--

ਪਾਠਾਂਤ੍ਰ ਐਉਂ ਬੀ ਹਨ--**ਵਾਰ ਸੀ ਭਗਉਤੀ ਜੀ ਕੀ ਪਾਤਸਾਹੀ ੧੦ ॥**

ਪੁਨਾ:----**ਉਪਮਾ ਸ੍ਰੀ ਸਤਿਗੁਰੂ ਜੀ ਕੀ ਪਾਤਸ਼ਾਹੀ ੧੦ ॥**

ਛਾਪੇ ਦੀਆਂ ਪੋਥੀਆਂ ਵਿਚ ਇਸ ੪੧ਵੀਂ ਵਾਰ ਦੇ ਅੰਤ ਇਹ ਇਬਾਰਤ ਮਿਲਦੀ ਹੈ:---

" ਪ੍ਰਥਮ ੩੯ ਵਾਰਾਂ ਭਾਈ ਗੁਰਦਾਸ ਭੱਲੇ ਦੀਆਂ ਕ੍ਰਿਤ ਹਨ ਉਪਰੰਤ ੪੦ਵੀਂ ਵਾਰ ਹੋਰ ਕਿਸੇ ਬੁਧੀਵਾਨ ਦੀ ਕ੍ਰਿਤ ਹੈ, ਅਤੇ ਛੇਕੜਲੀ ੧ ਵਾਰ ਹੋਰ ਭਾਈ ਗੁਰਦਾਸ ਹੋਇਆ ਹੈ ਤਿਸਦੀ ਕ੍ਰਿਤ ਹੈ। ' **ਮਗਰੋਂ ਇਹ ਯਤਨ ਹੋਏ ਜਾਪਦੇ ਹਨ ਕਿ ਇਸ ੪੧ਵੀਂ ਵਾਰ ਨੂੰ ਭਾਈ ਗੁਰਦਾਸ ਭੱਲੇ ਜੀ ਦੇ ਨਾਮ ਨਾਲ ਹੀ ਜੋੜਿਆ ਜਾਵੇ,** ਇਸ ਕਰਕੇ ਕਈ ' ਥਾਈਂ ਇਸ ਦੇ ਆਦਿ ਵਿਚ ਐਉਂ ਪਾਠ ਵੀ ਮਿਲਦਾ ਹੈ " **ਰਾਮਕਲੀ ਵਾਰ ਪਾਤਸ਼ਾਹੀ ਦਸਵੇਂ ਕੀ ੧੦ ॥ ਬੋਲਣਾ ਗੁਰਦਾਸ ਭੱਲੇ ਜੀ ਕਾ।** (ਅਜੇਹੀ ਹੇਰਾ ਫੇਰੀ ਕੀਤੀ ਜਾਣ ਦਾ ਅਰਥ, ਸਿਵਾਏ ਗੁਰੂ ਇਤਿਹਾਸ ਵਿਚ ਰਲਾ ਪਾ ਕੇ ਗੁਰਮਤਿ-ਮਰਯਾਦਾ ਨੂੰ ਦੂਸ਼ਤ ਕਰਨ ਦੇ, ਹੋਰ ਕੀ ਹੋ ਸਕਦਾ ਹੈ?)

" ਪਰ ਉਨ੍ਹਾਂ ਹੀ ਨੁਸਖ਼ਿਆਂ ਵਿਖੇ ਇਸ ਦੇ ਅੰਤ ਇਕ ਦੋਹਿਰਾ ਮਿਲਦਾ ਹੈ ਜਿਸ ਵਿਚ ਇਹ ਦੱਸਿਆ ਹੈ ਕਿ ਇਹ ਕੋਈ ਹੋਰ ਭਾਈ ਗੁਰਦਾਸ ਜੀ ਹੋਏ ਹਨ, ਜਿਨ੍ਹਾਂ ਦੀ ਰਚਨਾਂ ਹੈ ਯਥਾ:--**ਗੁਰਦਾਸ ਸਿੰਘ ਪੂਰਨ ਕੀਓ ਸ੍ਰੀ ਮੁਖ ਗ੍ਰੰਥ ਪ੍ਰਮਾਨ ॥** ਸਿੱਖ ਇਤਿਹਾਸ ਵਿਚ ਭਾਈ ਗੁਰਦਾਸ ਤ੍ਰੈ ਚਾਰ ਹੋਏ ਹਨ, ਪਹਿਲੇ ਭਾਈ ਗੁਰਦਾਸ ਜੀ ਭੱਲੇ ਹੋਏ ਹਨ ਬੀਬੀ ਭਾਨੀ ਜੀ ਦੇ ਪੇਕੇ ਸਾਕਾਂ ਵਿਚੋਂ ਭਰਾਉ ਲਗਦੇ ਸਨ ਤੇ ਜੋ ਤੀਜੇ: ਚੌਥੇ, ਪੰਜਵੇਂ ਤੇ ਛੀਵੇਂ ਪਾਤਸ਼ਾਹ ਦੀ ਹਜ਼ੂਰੀ ਵਿਚ ਰਹੇ। ਵਾਰਾਂ ਉਨ੍ਹਾਂ ਦੀ ਪਵਿਤ੍ਰ ਰਚਨਾ ਹਨ । ਦੂਸਰੇ ਭਾਈ ਗੁਰਦਾਸ ਨੌਵੇਂ ਪਾਤਸ਼ਾਹ ਦੇ ਸਿੱਖ ਸਨ, ਜੋ ਦਸ਼ਮੇਸ਼ ਜੀ ਦੇ ਚੌਰ ਬਰਦਾਰ ਕੀਰਤੀਏ ਸਿੱਖ ਦੇ ਪਿਤਾ ਸਨ। ਤੀਸਰੇ ਭਾਈ ਬਹਿਲੋ ਜੀ ਦੀ ਬੰਸ ਵਿਖੇ ਭਾਈ ਗੁਰਦਾਸ ਮਸੰਦ ਹੋਏ ਹਨ ਜੋ ਬਹੁਤ ਚਿਰ ਬਾਬਾ ਰਾਮਰਾਇ ਜੀ ਪਾਸ ਤੇ ਫਿਰ ਪੰਜਾਬ ਕੌਰ ਪਾਸ ਰਹੇ, ਉਸ ਤੋਂ ਪਿਛੋਂ ਸਤਿਗੁਰਾਂ ਦੇ ਹਜ਼ੂਰ ਮੁਆਫ਼ੀ ਮੰਗ ਕੇ ਆ ਟਿਕੇ । ਇਹ ੪੧ਵੀਂ ਵਾਰ ਉਪਰੋਕਤ ਤਿੰਨਾਂ ਸੱਜਣਾਂ ਵਿਚੋਂ ਕਿਸੇ ਦੀ ਨਹੀਂ, ਇਹ **ਕਿਸੇ ਹੋਰ ਭਾਈ ਗੁਰਦਾਸ ਸਿੰਘ ਨਾਮੀ ਕਵੀ ਜੀ ਦੀ ਹੈ ਜੋ ਦਸ਼ਮੇਸ਼ ਜੀ ਤੋਂ ਬਹੁਤ ਚਿਰ ਪਿਛੋਂ ਹੋਏ ਹਨ।** **ਇਹ ਵਾਰ ਸਰਬ ਲੋਹ ਗ੍ਰੰਥ ਵਿਚ ਬੀ ਹੈ ।** ਵਾਰ ਦੇ ਅੰਤ ਇਕ ਦੋਹਰਾ ਹੈ ਜਿਸ ਦਾ ਪਾਠ ਐਉਂ ਹੈ--

**ਸੰਮਤ ਸਤਰਾਂ ਸੈ ਭਏ ਬਰਖ ਸਤਵੰਜਾ ਜਾਨ॥ ਗੁਰਦਾਸ ਸਿੰਘ ਪੂਰਨ ਕੀਓ ਸ੍ਰੀ ਮੁਖ ਗ੍ਰਿੰਥ ਪ੍ਰਮਾਨ॥**

ਇਹ ਦੋਹਰਾ ਇਸ ਵਾਰ ਦੀ ਰਚਨਾਂ ਦਾ ਸੰਮਤ ੧੭੫੭ ਦਿੰਦਾ ਹੈ, ਪਰ ਇਸ ਦੀ ਅੰਦਰਲੀ ਖੋਜ ਕੀਤਿਆਂ ਇਹ ਵਾਰ ਇਸ ਤੋਂ ਬਹੁਤ ਪਿਛੋਂ ਦੀ ਸਾਬਤ ਹੁੰਦੀ ਹੈ। ਦੇਖੋ ਇਸੇ ਵਾਰ ਦੀ ਪਉੜੀ ੧੯ ਦੀ ਤੇਰ੍ਹਵੀਂ ਸਤਰ--

**ਯਹ ਬਾਰਹ ਸਦੀ ਨਿਬੇੜ ਕਰ ਗੁਰ ਫਤੇ ਬੁਲਾਈ॥**

ਇਹ ਤੁਕ ਦਸਦੀ ਹੈ ਕਿ ਇਸ ਦੇ ਕਰਤਾ ਦੇ ਸਮੇਂ ੧੨ਵੀਂ ਸਦੀ ਹਿਜਰੀ ਨਿੱਬੜ ਚੁਕੀ ਹੈ । ਜੋ **੧੮੪੪ ਬਿਕਰਮੀ ਬਣਦਾ ਹੈ** । ਸ੍ਰੀ ਮਾਨ ਸਚਖੰਡ ਵਾਸੀ ਗਯਾਨੀ ਹਜ਼ਾਰਾ ਸਿੰਘ ਜੀ ਦੀਆਂ ਟੀਕਾ ਕੀਤੀਆਂ ਇਹ ਵਾਰਾਂ ਜਦ ਪਹਿਲੇ ਛਪੀਆਂ ਸਨ ਤਾਂ ਇਹ ਵਾਰ ਉਹਨਾਂ ਵਿਚ ਸ਼ਾਮਲ ਨਹੀਂ ਸੀ ।

**ਭਾਈ ਵੀਰ ਸਿੰਘ ਹੁਣਾ ਦੇ** ਖੋਜ ਭਰੇ ਉਪ੍ਰੋਕਤ ਲੇਖ ਤੋਂ ਸਿੱਧ ਹੁੰਦਾ ਹੈ ਕਿ ਇਹ ਵਾਰ ਪੰਜ ਪਿਆਰਿਆਂ ਦੀ ਚੋਣ ਤੋਂ ਕਰੀਬ ੮੮ ਸਾਲ ਮਗਰੋਂ ਦੀ ਲਿਖਤ ਹੈ। ਸਪੱਸ਼ਟ ਹੈ ਕਿ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਹੋਣ ਵਾਲੇ ਇਤਿਹਾਸਕ ਦਿਨ ਨਾਲ ਇਸ ਵਾਰ ਦਾ ਕੋਈ ਸੰਬੰਧ ਨਹੀਂ ਹੈ। ਵਾਰ ਦੀਆਂ ਕੁਲ ੨੮ ਪਉੜੀਆਂ ਹਨ । ਸਿਰਫ਼ ਪਹਿਲੀ ਪਉੜੀ ਵਿਚ ਹੀ ਖੰਡੇ ਧਾਰ ਦਾ ਜ਼ਿਕਰ ਆਇਆ ਹੈ, ਉਥੇ ਵੀ **ਅੰਮ੍ਰਿਤ** ਨਹੀਂ ਸਗੋਂ ' ਪਾਹੁਲ ' ਲਿਖਿਆ ਹੈ--

ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ । ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ ।
ਗੁਰ ਦਾਸ ਮਨਾਈ ਕਾਲਕਾ ਖੰਡੇ ਦੀ ਵੇਲਾ । **ਪੀਵਹਿ ਪਾਹੁਲ ਖੰਡੇ ਧਾਰ** ਹੁਇ ਜਨਮ ਸੁਹੇਲਾ ।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ । ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ।
ਓਅੰਕਾਰ ਅਕਾਰ ਆਪ, ਹੈ ਹੋਸੀ ਆਪੈ । ਉਹੀ ਉਪਾਵਨਹਾਰ ਹੈ ਗੁਰ ਸਬਦੀ ਜਾਪੈ ।

**ਕਿਸ ਨੂੰ** ਪੁਛੀਏ ਕਿ, ਕਾਲਕਾ ਦੇਵੀ ਦਾ ਸਿਮਰਨ ਗੁਰਦਾਸ ਕਵੀ ਨੇ ਕੀਤਾ ਕਿ ਸਤਿਗੁਰਾਂ ਨੇ? ਕੀ ਗੁਰਦਾਸ ਕਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਹੈ ਕਿ ਜਾਂ ਕਾਲਕਾ ਦੇਵੀ ਦਾ ਭਗਤ ਕੋਈ ਵਿਦਵਾਨ ਬਿੱਪ੍ਰ ਹੈ? ਫਿਰ ਉਤਲੇ ਅਰੰਭਕ ਸਿਰਲੇਖ ਤੋਂ ਇਹ ਯਕੀਨ ਬਣਦਾ ਹੈ ਕਿ ਲਿਖਣ ਵਾਲੇ ਦਸਮੇਸ਼ ਆਪ ਹੀ ਹਨ । ਗੰਭੀਰਤਾ ਨਾਲ ਵਿਚਾਰਨ ਵਾਲੀ ਗੱਲ ਹੈ ਕਿ ਅਜੇਹਾ ਭੁਲੇਖਾ ਕਿਉਂ ਅਤੇ ਕਿਸ ਨੀਅਤ ਨਾਲ ਪਾਇਆ ਗਿਆ?

ਭੱਟਾਂ ਦੀ ਬਾਣੀ ਵਿਚ ਮਿਥਿਹਾਸ ਦੇ ਸਾਰੇ ਅਵਤਾਰ, ਸਾਰੇ ਦੇਵੀ ਦੇਵਤੇ, ਗਲ ਕੀ ਸਾਰਾ ਬ੍ਰਹਮੰਡ ਹੀ ਸਤਿਗੁਰੂ ਨਾਨਕ ਸਾਹਿਬ ਜੀ ਦੇ ਗੁਣ ਗਾਉਂਦਾ ਦਰਸਾਇਆ ਹੋਇਆ ਹੈ । ੨- ਸ੍ਰੀ ਗੁਰੂ ਅੰਗਦ ਦੇਵ ਜੀ ਪ੍ਰਭੂ ਨੂੰ ਰਿਦੇ ਵਿਚ ਧਾਰੀ ਰੱਖਣ ਵਾਲੇ, ਜੀਵਾਂ ਦੇ ਸਾਰੇ ਪਾਪਾਂ ਨੂੰ ਨਾਸ ਕਰਨ ਵਾਲੇ ਅਤੇ ਜਨਮ ਮਰਨ ਦਾ ਦੁੱਖ ਮਿਟਾ ਦੇਣ ਵਾਲੇ ਸਮਰਥ ਗੁਰੂ ਲਿਖਿਆ ਹੈ । ੩- ਸ੍ਰੀ ਗੁਰੂ ਅਮਰਦਾਸ ਜੀ ਪ੍ਰਭੂ ਨਾਲ ਓਤ ਪੋਤ ਹੋਏ, ਆਸਾਂ ਪੂਰੀਆਂ ਕਰਨ ਵਾਲੇ, ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੇ, ਅਗੰਮ, ਅਲੱਖ--" **ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥**[੧੩੯੫] ਲਿਖਿਆ ਹੈ । ੪- ਗੁਰੂ ਰਾਮਦਾਸ ਸਾਹਿਬ ਜੀ ਨੂੰ ਦ੍ਰੋਪਦੀ ਆਦਿ ਮਿਥਿਹਾਸਕ ਦੁਖਿਆਰਿਆਂ ਦੇ ਦੁੱਖ ਦੂਰ ਕਰਨ ਵਾਲੇ ਲਿਖਣ ਦੇ ਨਾਲ ਭੱਟ ਮਹਾਂਪੁਰਖਾਂ ਨੂੰ ਸਾਰੇ ਪੁਰਾਣਕ ਅਵਤਾਰਾਂ ਦੇ ਦਰਸ਼ਨ ਵੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਾਵਨ ਸਰੂਪ ਵਿਚ ਹੀ ਹੋਏ ਅਤੇ ਉਨ੍ਹਾਂ ਨੂੰ ਸਤਿਗੁਰੂ ਅਤੇ ਵਾਹਿਗੁਰੂ ਕਈ ਵਾਰੀ ਲਿਖਿਆ ਹੈ । ੫- ਏਸੇ ਤਰ੍ਹਾਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਵੀ ਸਨਮਾਨਜੋਗ ਭੱਟ ਭਗਤਾਂ ਨੂੰ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਹੋਏ ਅਤੇ --**ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥ ੬ ॥** ਅਤੇ--**ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨ ਪਰਤਖ੍ ਹਰਿ ॥ ੭ ॥**[੧੪੦੯] ਲਿਖਿਆ ਹੈ

। ਇਸ ਤਰ੍ਹਾਂ ਭੱਟ ਮਹਾਂਪੁਰਖਾਂ ਨੇ ਪੰਜਾਂ ਗੁਰੂ ਸਾਹਿਬਾਨ ਨੂੰ ਇੱਕ ਜੋਤਿ ਦੇ ਮਾਲਕ, ਓਸੇ ਪ੍ਰਭੂ ਵਿਚ ਲੀਨ, ਪਰਮਾਤਮਾਂ ਦਾ ਹੀ ਰੂਪ ਬਣ ਚੁੱਕੇ ਮੰਨਿਆਂ ਹੈ। ਪਰ ਉਨ੍ਹਾਂ ਨੇ ਸਤਿਗੁਰਾਂ ਨੂੰ--" **ਹਰਨ ਭਰਨ ਸੰਪੂਰਨਾ** " (੧੨੧)--**ਹਰਨ ਭਰਨ ਜਾ ਕਾ ਨੇਤ੍ਰ ਫੋਰੁ** ॥ [੨੮੪] ਕਿਸੇ ਥਾਂ ਨਹੀਂ ਲਿਖਿਆ। ਭਾਵ, ਸਤਿਕਾਰ ਜੋਗ ਭੱਟ ਮਹਾਂਪੁਰਖਾਂ ਨੇ " **ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ ੧ ॥**[੨੭੬] ਗੁਰਮਤਿ ਸਿਧਾਂਤ ਦੀ ਖੰਡਨਾ ਨਹੀਂ ਕੀਤੀ। ਏਸੇ ਤਰ੍ਹਾਂ ਹੀ ਭਾਈ ਨੰਦ ਲਾਲ (ਸਿੰਘ) ਜੀ ਦੀ ਲਿਖੀ ਨਜ਼ਮ " ਨਾਸਰੋ ਮਨਸੂਰ ਗੁਰ ਗੋਬਿੰਦ ਸਿੰਘ---ਵਿਚੋਂ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਥਾਹ ਸ਼ਰਧਾ ਅਤੇ ਸਤਿਕਾਰ ਫੁਟ ਫੁਟ ਪੈ ਰਿਹਾ ਹੈ। ਪਰ ਭਾਈ ਸਾਹਿਬ ਜੀ ਨੇ ਸਤਿਗੁਰਾਂ ਨੂੰ " ਏਜ਼ਦੀ ਮਨਜ਼ੂਰ " ਹੀ ਕਿਹਾ ਹੈ ਦਸ਼ਮੇਸ਼ ਜੀ ਨੂੰ ਸਿੱਧਾ " ਏਜ਼ਦੀ " ਭਾਵ ਹਰਨ ਭਰਨ ਸਮਰੱਥ ਸਿਰਜਣਹਾਰ " ਕਿਤੇ ਨਹੀਂ ਕਿਹਾ। ਭਾਈ ਗੁਰਦਾਸ ਜੀ ਭੱਲਾ ਨੇ ਵੀ ਗੁਰਮਤਿ ਦੇ ਇਸ ਸਿਧਾਂਤ ਦੀ ਖੰਡਨਾ ਨਹੀਂ ਕੀਤੀ।

**ਆਉ ਹੁਣ** ਇਸ ਵਾਰ ਦੇ ਦਰਸ਼ਨ ਕਰੀਏ। ਭਾਈ ਗੁਰਦਾਸ ਸਿੰਘ ਜੀ ਸਤਵੀ ਪਉੜੀ ਵਿਚ ਦਸ਼ਮੇਸ਼ ਜੀ ਬਾਰੇ ਇਉਂ ਲਿਖਦੇ ਹਨ:--

ਓਅੰਕਾਰ ਅਕਾਰ ਆਪ ਹੈ ਹੋਸੀ ਆਪੇ। ਉਹੀ ਉਪਾਵਨ ਹਾਰ ਹੈ ਗੁਰ ਸਬਦੀ ਜਾਪੈ।
**(ੳ)** ਖਿਨ ਮਹਿ ਢਾਹਿ ਉਸਾਰਦਾ ਤਿਸੁ ਭਉ ਨ ਬਿਆਪੇ। ਕਲੀਕਾਲ ਗੁਰ ਸੇਵੀਐ ਤਾਂ ਦੁਖ ਨ ਸੰਤਾਪੈ।
ਸਭ ਜਗ ਤੇਰਾ ਖੇਲ ਹੈ ਤੂੰ ਗੁਣੀ ਗਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ **....** ੭ ॥

ਭਾਵ, " **ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥** ਅਤੇ--" **ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ ੧ ॥** ਵਾਲੇ ਗੁਰਮਤਿ ਸਿਧਾਂਤ ਦੀ ਖੰਡਨਾ **(ੳ)** ਪੰਗਤੀ ਵਿਚ ਹੀ ਕਰ ਲਈ ਹੋਈ ਹੈ।

**ਦੂਜਾ ਖ਼ਾਸ ਧਿਆਨ ਦੇਣ ਵਾਲਾ ਵਿਸ਼ਾ** ਇਹ ਵੀ ਹੈ ਕਿ, ਕੀ ਇਸ ਵਾਰ ਦੇ ਲਿਖਾਰੀ ਨੇ ਵੀ, ਸਨਮਾਨ ਜੋਗ ਭੱਟ ਭਗਤਾਂ ਵਾਂਗ, ਸਾਰੇ ਹੀ ਗੁਰੂ ਸਰੂਪਾਂ ਨੂੰ ਇੱਕ ਜੋਤਿ ਦੇ ਮਾਲਕ ਗੁਰੂ ਨਾਨਕ ਹੀ ਸਮਝਿਆ ਹੈ, ਕਿ ਜਾਂ ਬਿਚਿਤ੍ਰ ਨਾਟਕ ਦੇ ਲਿਖਾਰੀ ਵਾਂਗ ਇਸ ਨੇ ਵੀ ਦਸਮੇਸ਼ ਜੀ ਨੂੰ ਧੁਰੋਂ ਹੀ ਸ਼ਕਤੀਆਂ ਲੈ ਕੇ ਆਏ ਵਿਸ਼ਨੂੰ ਦੇ ਅਵਤਾਰ ਸਿੱਧ ਕਰਕੇ ਗੁਰੂ ਨਾਨਕ ਸਾਹਿਬ ਦੀ ਜੋਤਿ ਤੋਂ ਅੱਡਰਾ ਦਰਸਾਇਆ ਹੈ ? ਬਿਚਿਤ੍ਰ ਨਾਟਕ ਲਿਖਣ ਵਾਲੇ ਨੇ ਭਾਵੇਂ ਸਾਰਾ ਜ਼ੋਰ ਏਸੇ ਗੱਲ ਤੇ ਦਿੱਤਾ ਹੈ ਕਿ, ਕਿਸੇ ਹੋਰ ਦੇਵੀ ਦੇਵਤੇ ਜਾਂ ਸ਼ਕਤੀ ਦੀ ਪੂਜਾ ਕਰਨ ਦੇ ਥਾਂ ਕੇਵਲ ਪ੍ਰਭੂ ਜੀ ਦਾ ਹੀ ਪੁਜਾਰੀ **ਇੱਕ ਨਵਾਂ ਪੰਥ ਚਲਾਉਣ ਲਈ**, ਅਕਾਲਪੁਰਖ ਨੇ ਆਪ ਦਸ਼ਮੇਸ਼ ਜੀ ਨੂੰ ਸਮਝਾ ਬੁਝਾ ਕੇ ਜਗਤ ਵਿਚ ਭੇਜਿਆ ਸੀ, ਪਰ ਉਹ ਲਿਖਾਰੀ ਪੰਜਵੇ ਅਧਿਆਇ ਦੀ ਪੰਜਵੀ ਚੌਪਈ ਵਿਚ ਗੁਰੂ ਨਾਨਕ ਜੀ ਬਾਰੇ ਇਉਂ ਵੀ ਲਿਖ ਬੈਠਾ ਕਿ ਸੀ--" **ਤਿਨ ਇਹ ਕਲ ਮੈ ਧਰਮ ਚਲਾਯੋ** । ਕੀ, ਇਸ ਲਿਖਾਰੀ ਨੇ ਵੀ ਕਿਤੇ ਇਸ ਸਚਾਈ ਨੂੰ ਮੰਨਿਆਂ ਹੈ ਕਿ ਨਵਾਂ ਪੰਥ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਹਿਲੇ ਸਰੂਪ ਵਿਚ ਹੀ ਚਲਾ ਲਿਆ ਸੀ ਕਿ ਜਾਂ ਇਸ ਨੇ ਪਹਿਲਾਂ ਹੋਈ ਉਸ ਭੁੱਲ ਨੂੰ ਸੁਧਾਰ ਲਿਆ ਹੈ ?

ਆਦਿ ਪੁਰਖ ਅਨਭੈ ਗੁਰ ਅਨੰਤ ਗੁਰ ਅੰਤ ਨ ਪਾਈਐ। ਅਪਰ ਅਪਾਰ ਅਗੰਮ ਆਦਿ ਜਿਸ ਲਖੀ ਨ ਜਾਈਐ।
ਮਰ ਅਜਾਚੀ ਸਤਿਨਾਮੁ ਸਦ ਸਦਾ ਧਿਆਈਐ। ਸਚਾ ਸਹਿਬ ਸੇਵੀਐ ਮਨ ਚਿੰਦਿਆ ਪਾਈਐ।
ਅਨਿਕ ਰੂਪ ਧਰ ਪ੍ਰਗਟਿਆ ਹੈ ਏਕ ਅਕੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ ੮ ॥
ਅਬਿਨਾਸ਼ੀ ਅਨੰਤ ਹੈ ਘਟਿ ਘਟਿ ਦਿਸਟਾਇਆ। ਅਘਨਾਸੀ ਆਤਮ ਅਭੁਲ ਨਹੀਂ ਭੁਲੈ ਭੁਲਾਇਆ।
ਹਰਿ ਅਲਖ ਅਕਾਲ ਅਡੋਲ ਹੈ ਗੁਰ ਸਬਦ ਲਖਾਇਆ। ਸਰਬ ਵਿਆਪੀ ਹੈ ਅਲਪ ਜਿਸੁ ਲਗੈ ਨ ਮਾਇਆ।
ਗੁਰਮਖਿ ਨਾਮ ਧਿਆਈਐ ਜਿਤੁ ਲੰਘੈ ਵਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ ੯ ॥
ਨਿਰੰਕਾਰ ਨਰਹਰਿ ਨਿਧਾਨ ਨਿਰਵੈਰੁ ਧਿਆਈਐ। ਨਾਰਾਇਣ ਨਿਰਬਾਣ ਨਾਥ ਮਨ ਅਨਦਿਨ ਗਾਈਐ।
ਨਰਕ ਨਿਵਾਰਣ ਦੁਖ ਦਲਤ ਜਪਿ ਨਰਕ ਨ ਜਾਈਏ। ਦੇਨਹਾਰ ਦਇਆਲ ਨਾਥ ਜੋ ਦੇਇ ਸੁ ਪਾਈਐ।
ਦੁਖ ਭੰਨਜਨ ਸੁਖ ਹਰਿ ਧਿਆਨ **ਮਾਇਆ ਰਚਿ ਖੇਲਾ**। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ ੧੦ ॥
ਪਾਰ ਬ੍ਰਹਮ ਪੂਰਨ ਬ੍ਰਹਮ ਪਰਮੇਸ਼ੁਰ ਦਾਤਾ। ਪਵਿਤ ਪਾਵਨ ਪਰਮਾਤਮਾ ਸ੍ਰਬ ਅੰਤਰ ਜਾਤਾ।
ਹਰਿ ਦਾਨਾ ਬੀਨਾ ਬੇਸੁਮਾਰ ਬੇਅੰਤ ਬਿਧਾਤਾ। ਬਨਵਾਰੀ ਬਖਸਿੰਦ ਆਪਿ ਆਪੇ ਪਿਤ ਮਾਤਾ।
ਇਹ ਮਾਨਸ ਜਨਮ ਅਮੋਲ ਹੈ ਮਿਲਨੇ ਕੀ ਵੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ। ੧੧।
ਭੈ ਭੰਜਨ ਭਗਵਾਨ ਭਜੋ ਭੈ ਨਾਸ਼ਨ ਭੋਗੀ। ਭਗਤ-ਵਛਲ ਭੈ ਭੰਜਨੋ ਜਪ ਸਦਾ ਅਰੋਗੀ।
ਮਨ ਮੋਹਨਿ ਮੂਰਤਿ ਮੁਕੰਦ ਪ੍ਰਭੁ ਜੋਗ ਸੰਜੋਗੀ। <u>ਰਸੀਆ ਰਖਵਾਲਾ ਰਚਨਹਾਰ ਜੋ ਕਰੇ ਸੁ ਹੋਗੀ।</u>
ਮਧਸੂਦਨ ਮਾਧੋ ਮੁਰਾਰਿ ਬਹੁ ਰੰਗੀ ਖੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ ੧੨ ॥
ਲੋਚਾ ਪੂਰਨ ਲਿਖਨਹਾਰੁ ਲੇਖਕ ਲੇਖਾਰੀ। ਹਰਿ ਲਾਲਨ ਲਾਲ ਗੁਲਾਲ ਸਚ ਸਚਾ ਵਾਪਾਰੀ।
ਰਾਵਨਹਾਰ ਰਹੀਮ ਰਾਮ ਆਪੇ ਨਰ ਨਾਰੀ। <u>ਰਿਖੀਕੇਸ਼ ਰਘੁਨਾਥ ਜਪਿ ਜਾਈਐ ਬਲਿਹਾਰੀ</u>।
ਪਰਮਹੰਸ ਭੈ ਤ੍ਰਾਸ ਨਾਸ ਜਪਿ ਰਿਦੇ ਸੁਹੇਲਾ। ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ ੧੩ ॥
ਪ੍ਰਾਨ ਮੀਤ ਪਰਮਾਤਮਾ ਪੁਰਖੋਤਮ ਪੂਰਾ। ਪੋਖਨਹਾਰਾ ਪਤਿਸ਼ਾਹ ਪ੍ਰਤਿਪਾਲ ਨ ਊਰਾ।
ਪਤਿਤ ਉਧਾਰਨ ਪ੍ਰਾਨਪਤਿ ਸਦਾ ਸਦਾ ਹਜੂਰਾ। ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।
ਅਨਦ ਬਿਨੋਦੀ ਜੀਅ ਜਪਿ ਸਚੁ ਸਚੀ ਵੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ ੧੪ ॥ - - - -
ਵਹ ਉਪਜਿਓ ਚੇਲਾ ਮਰਦ ਦਾ ਮਰਦਾਨ ਸਦਾਏ। ਜਿਨਿ ਸਭ ਪ੍ਰਿਥਵੀ ਜੀਤ ਕਰਿ ਨੀਸਾਨ ਝੁਲਾਏ।

ਤਬ ਸਿੰਘਨ ਕਉ ਬਖ਼ਸ਼ ਕਰਿ ਬਹੁ ਸੁਖ ਦਿਖਲਾਏ । ਫਿਰ ਸਭ ਪ੍ਰਿਥਵੀ ਕੇ ਊਪਰੇ ਹਾਕਮ ਠਹਿਰਾਏ ।
ਤਿਨਹੂ ਜਗਤ ਸੰਭਾਲ ਕਰਿ ਆਨੰਦ ਰਚਾਏ । ਤਹ ਸਿਮਰਿ ਸਿਮਰਿ ਅਕਾਲ ਕਉ ਹਰਿ ਹਰਿ ਗੁਨ ਗਾਏ ।
ਵਹਿ ਗੁਰੁ ਗੋਬਿੰਦ ਗਾਜੀ ਸਬਲ ਜਿਨਿ ਸਿੰਘ ਜਗਾਏ । ਤਬ ਭਇਓ ਜਗਤ ਸਭ ਖਾਲਸਾ ਮਨ ਮੁਖ ਭਰਮਾਏ ।
ਇਉ ਉਠ ਭਬਕੇ ਬਲਿਬੀਰ ਸਿੰਘ ਸ਼ਸਤਰ ਝਮਕਾਏ । ਤਬ ਸਬ ਤੁਰਕਨ ਕੋ ਛੇਦ ਕਰਿ ਅਕਾਲ ਜਪਾਏ ।
ਸਭ ਛੱਤ੍ਰਪਤੀ ਚੁਨਿ ਚੁਨਿ ਹਤੇ ਕਹੂੰ ਟਿਕਨਿ ਨ ਪਾਏ । ਤਬ ਜਗ ਮਹਿ ਧਰਮ ਪ੍ਰਗੁਟਿਓ ਸਚੁ ਹੁਕਮ ਚਲਾਏ ।
(ਸੰਨ:੧੮੪੪) **ਯਹ ਬਾਰਹ ਸਦੀ ਨਿਬੇੜ ਕਰਿ ਗੁਰ ਫ਼ਤੇ ਬੁਲਾਏ ।** ਤਬ ਸਭ ਦੁਸਟਾ ਸਹਿਜ ਖਪੇ ਛਲ ਕਪਟ ਉਡਾਏ । ..... ੧੯ ॥

੨੧ ਪਉੜੀ ਤੋਂ ਇਸ ਵਾਰ ਦਾ ਇੱਕ ਅਜੀਬ ਪੱਖ ਅਰੰਭ ਹੁੰਦਾ ਹੈ ।

**(ਅ)** ਗੁਰੂ ਨਾਨਕ ਜੀ ਤੋਂ ਅੱਗੇ, ਉਹੀ ਜੋਤਿ ਵਿਚਰਦੀ ਨਹੀਂ ਦਰਸਾਈ ਗਈ ਸਗੋਂ ਗੁਰੂ ਨਾਨਕ ਜੀ ਆਪਣੇ ਉੱਤਰ ਅਧਿਕਾਰੀਆਂ ਨੂੰ ਪ੍ਰਭੂ ਦੇ ਨਾਮ ਨਾਲ ਜੋੜਨ ਦਾ ਖੇਲ ਰਚਾ ਰਹੇ ਹਨ । ਇਸ ਫ਼ਰਕ ਵੱਲ ਵੀ ਧਿਆਨ ਦੇਣਾ ਹੈ ਕਿ ਕਵੀ ਨੇ ਜਿਹੜੀਆਂ ਰੱਬੀ ਸ਼ਕਤੀਆਂ ਦਸ਼ਮੇਸ਼ ਜੀ ਵਿਚ ਦਰਸਾਈਆਂ ਹਨ ਉਹ ਬਾਕੀ ਨੌ ਸਰੂਪਾ ਵਿਚ ਕਿਤੇ ਨਜ਼ਰ ਨਹੀਂ ਆਉਣਗੀਆਂ :--

ਹਰਿ ਸਤਿਗੁਰ ਨਾਨਕ ਖੇਲ ਰਚਾਇਆ । ਅੰਗਦ ਕਉ ਪ੍ਰਭੁ ਅਲਖ ਲਖਾਇਆ । ਪ੍ਰਿਥਮ ਮਹਲ ਹਰਿ ਨਾਮ ਧਿਆਇਓ । ਦੁਤੀਆ ਅੰਗਦ ਹਰਿ ਗੁਣ ਗਾਇਓ ।
ਤੀਸਰ ਮਹਲ ਅਮਰ ਪਰਧਾਨਾ । ਜਿਨ ਘਟ ਘਟਿ ਮਹਿ ਨਿਰਖੇ ਭਗਵਾਨਾ । ਜਲ ਭਰਿਓ ਸਤਿਗੁਰੂ ਕੇ ਦੁਆਰੇ । ਤਬ ਇਹ ਪਾਇਓ ਮਹਲ ਅਪਾਰੇ ।
ਗੁਰ ਰਾਮ ਦਾਸ ਚਉਥੇ ਪਰਗਾਸਾ । **ਜਿਨਿ ਰਟੇ ਨਿਰੰਜਨ ਪ੍ਰਭੁ ਅਬਿਨਾਸਾ** । ਗੁਰੁ ਅਰਜਨ ਪੰਚਮ ਠਹਿਰਾਇਓ । ਜਿਨ ਸਬਦ ਸੁਧਾਰ ਗਰੰਥ ਬਣਾਇਓ ।
**ਗ੍ਰੰਥ ਬਣਾਇ ਉਚਾਰ ਸੁਨਾਇਆ । ਤਬ ਸਰਬ ਜਗਤ ਮੈਂ ਪਾਠ ਰਚਾਇਆ ।**
**ਕਰਿ ਪਾਠ ਗ੍ਰੰਥ ਜਗਤ ਸਭ ਤਰਿਓ। ਜਿਹ ਨਿਸ ਬਾਸਰੁ ਹਰਿ ਨਾਮ ਉਚਰਿਓ।**
ਗੁਰ ਹਰਿ ਗੋਬਿੰਦ ਖਸਟਮ ਅਵਤਾਰੇ । ਜਿਨਿ ਪਕੜ ਤੇਗ਼ ਬਹੁ ਦੁਸਟ ਪਛਾਰੇ । ਇਉ ਸਭ ਮੁਗ਼ਲਨ ਕਾ ਮਨ ਬਉਰਾਨਾ । ਤਬ ਹਰਿ ਭਗਤਨ ਸੋ ਦੁੰਦ ਰਚਾਨਾ ।
ਇਉ ਕਰਿ ਹੈ ਗੁਰਦਾਸ ਪੁਕਾਰਾ । ਹੇ ਸਤਿਗੁਰ ਮੁਹਿ ਲੇਹੁ ਉਬਾਰਾ ॥ ੨੧ ॥
ਸਪਤਮ ਮਹਿਲ ਅਗਮ ਹਰਿਰਾਇਆ । ਜਿਨ ਸੁੰਨ ਧਿਆਨ ਕਰਿ ਜੋਗ ਕਮਾਇਆ । ਚੜ ਗਗਨ ਗੁਫ਼ਾ ਮਹਿ ਰਹਿਓ ਸਮਾਈ । ਜਹਿ ਬੈਠਾ ਅਡੋਲ ਸਮਾਧਿ ਲਗਾਈ ।
ਸਭ ਕਲਾ ਖੇਂਚ ਕਰਿ ਗੁਪਤ ਰਹਾਯੰ । ਤਹ ਅਪਨ ਰੂਪ ਕੋ ਨਹਿ ਦਿਖਲਾਯੰ । ਇਉ ਇਸ ਪਰਕਾਰ ਗੁਬਾਰ ਮਚਾਓ । ਤਹ ਦੇਵ ਅੰਸ ਕੋ ਬਹੁ ਚਮਕਾਇਓ ।
**ਹਰਿਕਿਸਨ** ਭਯੋ ਅਸਟਮ ਬਲਬੀਰਾ । ਜਿਨ ਪਹੁੰਚਵ ਦਹੇਲੀ ਤਜਿਉ ਸਰੀਰਾ । **ਬਾਲ ਰੂਪ ਧਰਿਓ ਸ੍ਵਾਂਗ ਰਚਾਇ । ਤਬ ਸਹਿਜੇ ਤਨ ਕੋ ਛੋਡ ਸਿਧਾਇ** ।...
ਇਉ ਕਰਿ ਹੈ ਗੁਰਦਾਸ ਪੁਕਾਰਾ ।। ਸਤਿਗੁਰ ਮੁਹਿ ਲੇਹੁ ਉਬਾਰਾ ॥ ੨੨ ॥
ਗੁਰੂ ਨਾਨਕ ਸਭ ਕੇ ਸਿਰ ਤਾਜਾ । ਜਿਸ ਕਉ ਸਿਵਰਿ ਸਰੇ ਸਭ ਕਾਜਾ । **ਗੁਰ ਤੇਗ਼ ਬਹਾਦਰ ਸੁਅ:ਗ ਰਚਾਇਅੰ । ਜਿਹ ਅਪਨ ਸੀਸ ਦੇ ਜਗ ਠਹਰਾਯੰ ।**
ਇਸ ਬਿਧਿ ਮੁਗ਼ਲਣ ਕੋ ਭਰਮਾਇਓ । ਤਬ ਸਤਿਗੁਰ ਅਪਨਾ ਬਲ ਨ ਜਨਾਇਓ । ਪ੍ਰਭੁ ਹੁਕਮ ਬੁਝਿ ਪਹੁੰਚੇ ਦਰਬਾਰਾ । ਤਬ ਸਤਿਗੁਰ ਕੀਨੀ ਬਿਹਰ ਅਪਾਰਾ ।
ਇਹ ਮੁਗ਼ਲਨ ਕੋ ਦੋਖ ਲਗਾਨਾ ॥ ਹੋਇ ਖਰਾਬ ਖਪਿ ਗਏ ਨਿਦਾਨਾ । ਇਉ ਨਉ ਮਹਿਲੋਂ ਕੀ ਜੁਗਤਿ ਸੁਨਾਈ । ਜਿਹ ਕਰਿ ਸਿਮਰਨ ਹਰਿ ਭਗਤਿ ਰਚਾਈ ।....
ਇਉਂ ਕਰਿ ਹੈ ਗੁਰਦਾਸ ਪੁਕਾਰਾ । ਹੇ ਸਤਿਗੁਰੁ ਮੁਹਿ ਲੇਹੁ ਉਬਾਰਾ ॥ ੨੩ ॥

ਏਥੋਂ ਤੱਕ ਕਵੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਪਹਿਲੇ ਨੌਂ ਗੁਰੂ-ਸਰੂਪਾਂ ਦਾ ਜੀਵਨ ਹਾਲ ਲਿਖਿਆ ਹੈ। ਗੁਰੂ ਨਾਨਕ ਜੀ ਨੂੰ ਬਾਕੀ ਅੱਠਾਂ ਸਰੂਪਾਂ ਦਾ ਸਿਰਤਾਜ ਕਹਿ ਕੇ ਸਾਰਿਆਂ ਨੂੰ ਅਕਾਲ ਪੁਰਖ ਦੇ ਸੱਚੇ ਭਗਤ ਲਿਖਿਆ ਹੈ। ਕਿਸੇ ਨਵੇਂ ਪੰਥ ਦੀ ਸਿਰਜਣਾ ਦੀ ਗੱਲ ਜਾਂ ਸੰਸਾਰ ਨੂੰ ਨਿਆਰਾ ਜੀਵਨ-ਸਿਧਾਂਤ ਦੇਣ ਦੀ, ਅਥਵਾ ਪੰਜਵੇਂ ਅਤੇ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਦਾ ਜ਼ਿਕਰ ਤਾਂ ਕੀ ਕਰਨਾ ਸੀ ਸਗੋਂ ਗਹੁ ਨਾਲ ਪੜ੍ਹਿਆਂ ਅਨੁਭਵ ਹੁੰਦਾ ਹੈ ਜਿਵੇਂ ਗੁਰੂ ਨਾਨਕ ਸਾਹਿਬ ਜੀ ਦੀ--**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**[੯੬੬] ਗੁਰਮਤਿ ਸਿਧਾਂਤ ਦੀ ਖਿੱਲੀ ਉਡਾਈ ਹੋਈ ਹੈ। ਗੁਰੂ ਨਾਨਕ ਸਹਿਬ ਜੀ ਦੀ ਜੋਤਿ ਨੂੰ ਚੌਥੇ ਸਰੂਪ ਤੱਕ ਧ੍ਰੂ-ਘਸੀਟ ਕਰਨ ਦੀ ਬਿਚਿਤ੍ਰ ਨਾਟਕ ਵਾਲੀ ਮਜਬੂਰੀ ਹੁਣ ਕੋਈ ਨਹੀਂ ਸੀ। ਸਿੱਖੀ ਦੇ ਇਸ ਵੈਰੀ ਨੇ ਇਸ " ਅਦਭੁਤ ' ਕਵਿਤਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਪਹਿਲਾਂ ਹੀ ਨੌਂ ਸਰੂਪਾਂ ਤੋਂ ਅੱਡ ਨਿਖੇੜ ਲਿਆ। ਨਿਆਰੀ ਪ੍ਰਸਿੱਧਤਾ ਪ੍ਰਾਪਤ ਕਰ ਲੈਣ ਵਾਲੇ ਇਸ ਨਿਆਰੇ ਖ਼ਾਲਸਾ ਪੰਥ ਦਾ ਵੀ ਬੁੱਧ ਧਰਮ ਵਾਂਗ ਹੀ ਖੁਰਾ ਖੋਜ ਮਿਟਉਣ ਦੀ ਬਣਾਈ ਆਪਣੀ ਯੋਜਨਾ ਵਿਚ ਵਰਤਨ ਲਈ, ਦਸ਼ਮੇਸ਼ ਜੀ ਨੂੰ ਗੁਰੂ ਨਾਨਕ ਜੀ ਦੀ ਜੋਤਿ ਦੇ ਮਾਲਕ ਹੋਣ ਦੀ ਲੋੜ ਵਾਲਾ ਪੂਰੀ ਤਰ੍ਹਾਂ ਭੋਗ ਪਾ ਲਿਆ। ਦਸਮ ਗ੍ਰੰਥ ਸਾਹਿਬ ਦੇ ਮਗਰੋਂ ਇਹ ਦੂਜਾ ਖ਼ਤਰਨਾਕ ਬੰਬ ਤਿਆਰ ਕਰ ਲਿਆ ਗਿਆ ਸੀ। ਖ਼ਾਲਸਾ ਪੰਥ ਤੇ ਸਤਿਗੁਰਾਂ ਦੀ ਕਿਰਪਾ ਅਜੇ ਵੀ ਨਜ਼ਰ ਆ ਰਹੀ ਹੈ ਜੋ ਬ੍ਰਾਹਮਣ ਦੀ ਕੁਟਲਤਾ ਨੂੰ ਸਮਝਣ ਵਾਲੇ ਕਈ ਸਿੰਘਾਂ ਦੇ ਦਰਸ਼ਨ ਹੋ ਜਾਂਦੇ ਹਨ। ਪਰ ਹੁਣ ਡੇਰਾਵਾਦੀ-ਸਾਧਾਂ ਸੰਤਾਂ ਨੇ ਜਿਵੇਂ ਦੇ ਅੰਮ੍ਰਿਤਧਾਰੀ ਬਨਾਈ ਜਾਣ ਦੀ ਘਾਤਕ ਸੇਵਾ ਅਰੰਭੀ ਹੋਈ ਹੈ ਉਨ੍ਹਾਂ ਹੰਕਾਰੀ ਅਤੇ ਨਿਹਕਲੰਕ ਅੰਮ੍ਰਿਤਧਾਰੀਆਂ ਨੇ ਪ੍ਰੋਹਿਤਵਾਦੀ ਘਾਤਕ ਰੀਤਾਂ ਦੇ ਵਿਰੁੱਧ ਜ਼ਬਾਨ ਖੋਹਲਣ ਵਾਲੇ ਬਿਬੇਕ ਬੁਧੀ ਗੁਰਮੁਖਾਂ ਨੂੰ ਉਂਜ ਹੀ ਖ਼ਤਮ ਕਰ ਦੇਣ ਦਾ ਯਤਨ ਅਰੰਭ ਕਰ ਦੇਣਾ ਹੈ। ਅਤੇ ਫਿਰ ਢੁੱਕਵਾਂ ਸਮਾਂ ਆਉਣ ਤੇ ਇਨ੍ਹਾਂ ਦੋਹਾਂ ਲਿਖਤਾਂ ਦੇ ਅਧਾਰ ਤੇ ਸਤਿਗੁਰਾਂ ਨੂੰ ਦਸ਼ਰਥ ਪੁੱਤਰ (ਵਿਸ਼ਨੂੰ ਜੀ ਦੇ ਅਵਤਾਰ) ਸੀਆ-ਪਤੀ-ਰਾਮਚੰਦ੍ਰ ਜੀ ਦੀ ਜੱਦ ਵਿਚੋ, ਅਤੇ ਓਸੇ ਵਿਸ਼ਨੂੰ-ਪਰਮਾਤਮਾ ਜੀ ਦੀ ਮੌਜ ਨਾਲ ਪ੍ਰਗਟ ਹੋਏ ਬਲਬੀਰ ਖ਼ਾਲਸਾ ਜੀ ਨੂੰ, ਬ੍ਰਹਮਾ, ਵਿਸ਼ਨੂੰ, ਸ਼ਿਵ, ਭਗਉਤੀ ਅਥਵਾ ਦੁਰਗਾਂ ਮੰਯਾ, ਬਾਣ, ਤੀਰ ਤਲਵਾਰ ਸ਼ਸਤਰਾਂ ਦਾ ਪੁਜਾਰੀ ਪੱਕਾ ਹਿੰਦੂ ਸਿੱਧ ਕਰ ਲਿਆ ਜਾਵੇਗਾ। ਉਸੇ ਦਿਨ ਦੀ ਉਡੀਕ ਵਿਚ ਹੀ ਭਾਰਤ ਦੇ ਵਿਧਾਨ ਵਿਚ ਖ਼ਾਲਸਾ ਜੀ ਨੂੰ ਅੱਡਰੀ ਕੌਮ ਨਹੀਂ ਮੰਨਿਆਂ ਜਾ ਰਿਹਾ। ਸ੍ਰੀ ਦਸਮ ਗੁਰੂ ਗ੍ਰੰਥ ਵਾਂਗ ਹੀ ਇਸ ਵਾਰ ਵਿਚ ਵਿਸ਼ਨੂੰ ਦੇ ਅਵਤਾਰਾਂ ਵਾਂਗ ਕਰਣ ਕਾਰਣ ਸਮਰੱਥ ਸਿਰਜਣਹਾਰ ਸਿੱਧ ਕਰ ਲਿਆ ਹੋਇਆ ਅਸਾਂ ਵੇਖ ਹੀ ਲਿਆ ਹੈ।

**ਹੁਣ ਫੇਰ** ਦਸ਼ਮੇਸ਼ ਜੀ ਬਾਰੇ ਕਵੀ ਜੀ ਇਉਂ ਲਿਖਣਾ ਅਰੰਭ ਕਰਦੇ ਹਨ---

ਉਹ ਗੁਰ ਗੋਬਿੰਦ ਸਿੰਘ ਦਸਵਾਂ ਅਵਤਾਰਾ । ਜਿਨ ਖਾਲਸਾ ਪੰਥ ਅਚਿੰਤ ਸੁਧਾਰਾ । ਤੁਰਕ ਦੁਸਟ ਸਭ ਮਾਰਿ ਬਿਦਾਰੇ । ਸਭ ਪ੍ਰਿਥਵੀ ਕੀਨੀ ਗੁਲਜ਼ਾਰੇ ।
ਯੌ ਪ੍ਰਗਟੇ ਸਿੰਘ ਮਹਾਂ ਬਲਬੀਰਾ । ਤਿਨ ਆਗੇ ਕੋਈ ਧਰੇ ਨ ਧੀਰਾ । ਫਤੇ ਭਈ ਦੁਖ ਦੁੰਦ ਮਿਟਾਏ । ਤਹਿ ਹਰਿ ਅਕਾਲ ਕਾ ਜਾਪ ਜਪਾਏ ।

ਪ੍ਰਿਥਮ ਮਹਲ ਸਿਮਰਿਓ ਕਰਤਾਰਾ । ਤਬ ਸਭੁ ਧਰਤੀ ਕੋ ਲੀਓ ਉਬਾਰਾ । ਹਰਿ ਭਗਤਿ ਦ੍ਰਿੜਾਇ ਨਰੁ ਸਭ ਤਾਰੇ । ਜਬ ਆਗਿਆ ਕੀਨੀ ਅਲਖ ਅਪਾਰੇ ।
ਇਉਂ ਸੰਤ ਭਗਤ ਕਾ ਮੇਲ ਮਿਲਾਯੰ ॥ ਜਹ ਨਿਸ ਬਾਸਰ ਹਰਿ ਕੇ ਗੁਨ ਗਾਯੰ । ਯੌ ਕਰਿ ਹੈ ਗੁਰਦਾਸ ਪੁਕਾਰਾ ॥ **ਹੇ ਸਤਿਗੁਰੁ ਮੁਹਿ ਲੇਹੁ ਉਬਾਰਾ ॥ ੨੪** ॥

ਅੱਗੇ ਹੁਣ ਭੁਲੇਖਾ ਪਾਊ ਸ਼ਬਦਾਵਲੀ ਅਰੰਭ ਹੋ ਰਹੀ ਹੈ । ਬਿੱਪ੍ਰ ਦੇ ਦਲਾਲ ਜਿਨ੍ਹਾਂ ਲੋਕਾਂ ਨੇ ਇਸ ਘਾਤਕ ਵਾਰ ਨੂੰ ਵੀ ਗੁਰਮਤਿ ਦੇ ਅਨਕੂਲ ਸਿੱਧ ਕਰਨ ਦਾ ਯਤਨ ਕਰਨਾ ਹੈ ਉਨ੍ਹਾਂ ਦੇ ਵਰਤਣ ਲਈ ਅਗਲੀਆਂ ਪਉੜੀਆਂ ਦੀ ਬੋਲੀ ਬਦਲ ਦਿੱਤੀ ਹੈ । ਭਰਮ ਏਹੀ ਬਣਦਾ ਹੈ ਕਿ ਕਵੀ ਅਕਾਲਪੁਰਖ ਦਾ ਧਨਵਾਦ ਕਰ ਰਿਹਾ ਹੈ । ਪਰ ਹਰ ਪਉੜੀ ਦੀ ਅੰਤਲੀ ਪੰਗਤੀ ਸਾਫ਼ ਸਿੱਧ ਕਰ ਰਹੀ ਹੈ ਕਿ ਇਹ ਪਉੜੀਆਂ ਵੀ ਦਸ਼ਮੇਸ਼ ਜੀ ਨੂੰ, ਗੁਰੂ ਨਾਨਕ ਦੇਵ ਜੀ ਦੀ ਜੋਤਿ ਨਾਲੋਂ ਅੱਡਰਾ, ਖ਼ੁਦ ਪਰਮਾਤਮਾ ਹੀ ਸਿੱਧ ਕਰ ਰਹੀਆਂ ਹਨ:--

ਤੂੰ ਹੈ ਅਲਖ ਅਪਾਰ ਨਿਰੰਜਨ ਦੇਵਾ । ਜਿਹ ਬ੍ਰਹਮਾ ਬਿਸ਼ਨੁ ਸ਼ਿਵ ਲਖੈ ਨ ਭੇਵਾ । ਤੁਮ ਨਾਥ ਨਿਰੰਜਨ ਗਹਰ ਗੰਭੀਰੇ । ਤੁਮ ਚਰਨਨ ਸੋਂ ਬਾਂਧੇ ਧੀਰੇ ।
ਅਬ ਗਹਿ ਪਕਰਿਓ ਤੁਮਰਾ ਦਰਬਾਰਾ । ਜਿਉਂ ਜਾਨਹੁ ਤਿਉਂ ਲੇਹੁ ਉਬਾਰਾ । ਹਮ ਕਾਮੀ ਕ੍ਰੋਧੀ ਅਤਿ ਕੁੜਿਆਰੇ । ਤੁਮ ਹੀ ਠਾਕੁਰ ਬਖਸਨ ਹਾਰੇ ।
ਨਹੀ ਤੁਮ ਬਿਨ ਕੋਈ ਹੋਰ ਹਮਾਰਾ । ਜੋ ਕਰਿ ਹੈ ਹਮਰਾ ਨਿਸਤਾਰਾ । ਤੁਮ ਅਗਮ ਅਡੋਲ ਅਤੋਲ ਮੁਰਾਰੇ । ਸਭ ਜਗ ਕੀ ਕਰਿ ਹੋ ਪ੍ਰਤਪਾਰੇ ।
ਜਲ ਥਲ ਮਹੀਅਲ ਹੁਕਮ ਤੁਮਾਰਾ । ਤੁਮ ਕਉ ਸਿਮਰਿ ਤਰੇ ਸੰਸਾਰਾ । ਇਉਂ ਕਰਿ ਹੈ ਗੁਰਦਾਸ ਪੁਕਾਰਾ । **ਹੇ ਸਤਿਗੁਰੁ ਮੁਹਿ ਲੇਹੁ ਉਬਾਰਾ ॥ ੨੫ ॥**
ਤੁਮ ਅਛਲ ਅਛੇਦ ਅਭੇਦ ਕਹਾਯੰ । ਜਿਹ ਬੈਠਿ ਤਖ਼ਤ ਪਰ ਹੁਕਮ, ਚਲਾਯੰ । ਤੁਝ ਬਿਨ ਦੂਸਰਿ ਅਵਰ ਨ ਕੋਈ । ਤੁਮ ਏਕ ਹੀ ਏਕ ਨਿਰੰਜਨ ਸੋਈ ।
ਓਅੰਕਾਰ ਧਰਿ ਖੇਲ ਰਚਾਯੰ । ਤੁਮ ਆਪ ਅਗੋਚਰ ਗੁਪਤ ਰਹਾਯੰ । ਪ੍ਰਭ ਤੁਮਰਾ ਖੇਲ ਅਗੰਮ ਨਿਰਧਾਰੇ । ਤੁਮ ਸਭ ਘਟ ਭੀਤਰ ਸਭ ਤੇ ਨਯਾਰੇ ।
ਤੁਮ ਐਸੋ ਅਚਰਜ ਖੇਲ ਬਨਾਇਓ । ਇਹ ਸਭ ਜਗ ਝੂਠੇ ਧੰਧੇ ਖਪਾਇਓ । ਬਿਨ ਸਿਮਰਨ ਤੇ ਛੁਟੇ ਨ ਕੋਈ । ਤੁਮ ਕੋ ਭਜੈ ਸੁ ਮੁਕਤਾ ਹੋਈ ।
ਗੁਰਦਾਸ ਗਰੀਬ ਤੁਮਨ ਕਾ ਚੇਲਾ । ਜਪਿ ਜਪਿ ਤੁਮ ਕਉ ਭਇਓ ਸੁਹੇਲਾ । ਇਹ ਭੂਲ ਚੂਕ ਸਭ ਬਖ਼ਸ਼ ਕਰੀਜੈ । ਗੁਰਦਾਸ ਗ਼ੁਲਾਮ ਅਪਨਾ ਕਰਿ ਲੀਜੈ ।

**ਇਉ ਕਹਿ ਹੈ ਗੁਰਦਾਸ ਪੁਕਾਰਾ । ਹੇ ਸਤਿਗੁਰੁ ਮੁਹਿ ਲੇਹੁ ਉਬਾਰਾ ॥ ੨੬ ॥**

ਇਹ ਕਵਨ ਕੀਟ ਗੁਰਦਾਸ ਬਿਚਾਰਾ । ਜੋ ਅਗਮ ਨਿਹਮ ਕੀ ਲਖੈ ਸ਼ੁਮਾਰਾ । ਜਬ ਕਰਿ ਕਿਰਪਾ ਗੁਰ ਬੂਝ ਬੁਝਾਈ । ਤਬ ਇਹ ਕਥਾ ਉਚਾਰਿ ਸੁਨਾਈ ।
ਬਿਨਾ ਹੁਕਮ ਇਕ ਝੂਲੈ ਨ ਪਾਤਾ । ਫੁਨ ਹੋਹੈ ਸੋਇ ਜੋ ਕਰੈ ਬਿਧਾਤਾ । ਹੁਕਮੈ ਅੰਦਰਿ ਸਗਲ ਅਕਾਰੇ । ਬੁਝੇ ਹੁਕਮ ਸੁ ਉਤਰੈ ਪਾਰੇ ।
ਹੁਕਮੇ ਅੰਦਰਿ ਬ੍ਰਹਮ ਮਹੇਸਾ । ਹੁਕਮੇ ਅੰਦਰਿ ਸੁਰ ਨਰ ਸੇਸਾ । ਹੁਕਮੇ ਅੰਦਰਿ ਬਿਸਨੁ ਬਨਾਏ । ਜਿਨ ਹੁਕਮ ਬਝਿ ਦੀਵਾਨ ਲਗਾਏ ।
ਹੁਕਮੇ ਅੰਦਰਿ ਧਰਮ ਰਚਾਇਅੰ । ਹੁਕਮੈ ਅੰਦਰਿ ਇੰਦ੍ਰ ਉਪਯੰ । ਹੁਕਮੇ ਅੰਦਰਿ, ਸਸਿ ਅਰੁ ਸੂਰੇ । ਸਭ ਹਰਿ ਚਰਨ ਕੀ ਬਾਂਛਹਿ ਧੂਰੇ ।
ਹੁਕਮੈ ਅੰਦਰਿ ਧਰਨਿ ਅਕਾਸਾ । ਹੁਕਮੇ ਅੰਦਰਿ ਸਾਸਿ ਗਿਰਾਸਾ । ਜਿਹ ਬਿਨਾ ਹੁਕਮ ਕੋਈ ਮਰੈ ਨ ਜੀਵੈ । ਬੁਝੈ ਹੁਕਮ ਸੋ ਨਿਹਚਲ ਥੀਵੈ ।

**ਇਉ ਕਰਿ ਹੈ ਗੁਰਦਾਸ ਪੁਕਾਰਾ ਹੇ ਸਤਿਗੁਰੁ ਮੁਹਿ ਲੇਹੁ ਉਬਾਰਾ ॥ ੨੭ ॥**

ਪਰਮਾਤਮਾ ਦੇ ਹੁਕਮ ਦੀ ਖੇਡ ਦੇ ਵਰਣਨ ਦਾ ਭੁਲੇਖਾ ਪਾ ਕੇ ਇਸ ਕਵਿਤਾ ਨੂੰ ਗੁਰਮਤਿ ਦੇ ਅਨਕੂਲ ਸਮਝੀ ਜਾਣ ਦਾ ਭਰਮ ਬਣਾ ਦੇਣ ਵਾਲੀ ਓਵੇਂ ਦੀ ਹੀ ਕੁਟਲ-ਵਿਦਵਤਾ ਹੈ ਜਿਸ ਦੇ ਆਸਰੇ ਵੈਰੀ ਨੇ ਦਸਮ ਗੁਰੂ ਗ੍ਰੰਥ ਸਾਹਿਬ ਨੂੰ ਚਰਚਾ ਦਾ ਬਣਾਇਆ । ਪੰਥ ਵਿਚ ਫੁੱਟ ਬੀਜ ਬੀਜਆ ਅਤੇ, (ਕਿਸੇ ਭੇਤ ਭਰੀ ਆਪਣੀ ਵਿਉਂਤ ਨਾਲ ਤੀਰਥ ਅਸਥਾਨ ਬਨਾਉਣ ਲਈ ਚੁਣੇ ਹੋਏ ਥਾਂ), ਯੂ ਪੀ ਵਿਚ ਹੀ ਸਿੱਖਾਂ ਕੋਲੋਂ ਵੀ " ਹੇਮ ਕੁੰਡ " ਤੀਰਥ ਬਣਵਾ ਲਿਆ । ਸਿੱਖਾਂ ਦੀ ਕਮਾਈ ਵਿਚੋਂ ਕ੍ਰੋੜਾਂ ਦਾ ਧਨ ਯੂ ਪੀ ਸਰਕਾਰ ਦੀ ਸਹਾਇਤਾ ਤੇ ਖ਼ਰਚ ਹੋਣ ਲੱਗ ਪਿਆ ।

**(ੲ)** **ਤੀਜੀ** ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਭਾਈ ਨੰਦ ਲਾਲ ਜੀ ਗੋਯਾ, ਭਾਈ ਗੁਰਦਾਸ ਜੀ " ਭੱਲਾ " ਅਥਵਾ ਹਾਜ਼ਰਾ ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਵਿਚੋਂ ਕਿਤੋਂ ਸੰਕੇਤ ਤੱਕ ਨਹੀਂ ਮਿਲਦਾ, ਕਿ, ਕਿਸੇ ਖ਼ਾਸ ਬਾਣੀ ਦੇ, ਜਾਂ ਸ਼ਬਦਾਂ ਦੇ ਜੋੜ ਨਾਲ ਬਣੇ ਕਿਸੇ ਮੰਤ੍ਰ ਦੇ, ਕੇਵਲ ਪਾਠ ਮਾਤ੍ਰ ਨਾਲ ਹੀ ਮਨੁੱਖ ਦੀ ਕਲਿਆਣ ਹੋ ਜਾਂਦੀ ਹੈ, ਜਾਂ ਜੀਵ ਦੀ ਮਨਚਾਹੀ ਇਛਿਆ ਪੂਰੀ ਹੋ ਸਕਦੀ ਹੈ। ਇਸ ਵਾਰ ਦੀਆਂ ਦੋ ਪਉੜੀਆਂ ਗੁਰਮਤਿ ਦੇ ਉਪ੍ਰੋਕਤ ਸਿਧਾਂਤ ਨੂੰ ਖੰਡਨ ਕਰਦੀਆਂ ਹਨ। ਇਉਂ ਸਹੀ ਹੁੰਦਾ ਹੈ ਜਿਵੇ ਇਸ ਕਵਿਤਾ ਨੂੰ ਗੁਰਬਾਣੀ ਤੋਂ ਵੱਧ ਕਰਾਮਾਤੀ ਸ਼ਕਤੀ ਵਾਲੀ ਦਰਸਾਇਆ ਜਾ ਰਿਹਾ ਹੋਵੇ ? ਉਹ ਦੋਵੇਂ ਵਾਰਾਂ ਇਸ ਪ੍ਰਕਾਰ ਹਨ:---

ਸੰਤ ਭਗਤ ਗੁਰ ਸਿੱਖ ਹਹਿ ਜਗ ਤਾਰਨ ਆਏ । ਪਰ-ਉਪਕਾਰੀ ਜਗਤ ਮੈਂ ਗੁਰੁ ਮੰਤ੍ਰ ਜਪਾਏ ।
ਜਪ ਤਪ ਸੰਜਮ ਸਾਧ ਕਰਿ ਗੁਰ ਭਗਤ ਕਮਾਇ । ਤਹਿ ਸੇਵਕ ਸੋ ਪਰਵਾਨ ਹੈ ਹਰਿ ਨਾ ਦ੍ਰਿੜਾਏ ।
ਕਾਮ ਕ੍ਰੋਧ ਫੁਨ ਲੋਭ ਮੋਹ ਅਹੰਕਾਰ ਚੁਕਾਏ । ਜੋਗ ਜੁਗਤਿ ਘਟਿ ਸਾਧ ਹਰਿ ਪਉਣਾ ਠਹਿਰਾਏ । (ਖੇਚਰ ਭੂਚਰ
ਤਬ ਖਟ ਚਕਰਾ ਸਹਿਜ ਖਿੜੇ ਗਗਨਾ ਘਰਿ ਛਾਏ । ਨਿਜ ਸੁੰਨ ਸਮਾਧਿ ਲਗਾਇਕੈ ਆਨੰਦ ਲਿਵ ਲਾਏ । ਆਦਿ ਕਰਮ-ਕਾਂਡ)
ਤਬ ਦਰਗਹ ਮੁਖ ਉਜਲੇ ਪਤਿ ਸਿਉਂ ਘਰਿ ਜਾਏ । ਕਲੀਕਾਲ **ਮਰਦਾਨ ਮਰਦ ਨਾਨਕ ਗੁਨ ਗਾਏ** ।
**ਯਹ ਵਾਰ ਭਗੁਤੀ ਜੋ ਪੜੈ ਅਮਰਾਪਦ ਪਾਏ । ਤਹ ਦੁਖ ਸੰਤਾਪ ਨ ਕੁਛ ਲਗੈ ਆਨੰਦ ਵਰਤਾਏ ।**
**ਫਿਰ ਜੋ ਚਿਤਵੇ ਸੋਈ ਲਹੈ ਘਟਿ ਅਲਖ ਲਖਾਏ । ਤਬ ਨਿਸ ਦਿਨ ਇਹ ਵਾਕ ਕਉ ਮੁਖ ਪਾਠ ਸੁਨਾਇ ।**
**ਸੋ ਲਹੈ ਪਦਾਰਥ ਮੁਕਤਿ ਪਦ ਚੜਿ ਗਗਨ ਸਮਾਏ । ਤਬ ਕਛੂ ਨ ਪੂਛੇ ਜਮ ਧਰਮ ਸਭ ਪਾਪ ਮਿਟਾਏ ।**
**ਤਬ ਲਗੇ ਨ ਉਸ ਜਮ ਡੰਡ ਦੁਖ ਨਹੀਂ ਹੋਇ ਦੁਹੇਲਾ । ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ ੨੦ ॥**

ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਜੀ ਅਤੇ ਦਸ਼ਮੇਸ਼ ਪਿਤਾ ਜੀ ਦਾ ਪਾਵਨ ਨਾਮ ਵਰਤ ਕੇ ਵਾਰ ਦੇ ਪਾਠ ਨੂੰ ਫਲ ਦਾਇਕ ਲਿਖ ਲਿਆ । ਏਥੇ ਗੁਰੂ ਨਾਨਕ ਜੀ ਪ੍ਰਤੀ ਸ਼ਰਧਾ ਦਰਸਾਉਣ ਦਾ ਪਖੰਡ ਰਚਾ ਕੇ, ਅੰਤਲੀ ੨੯ਵੀਂ ਪਉੜੀ ਵਿਚ ਭਗਉਤੀ, ਭਾਵ ਦੁਰਗਾ ਦੇਵੀ, ਅਥਵਾ ਗਿਰਧਰ ਜੀ ਦੀ ਭਗਤੀ ਕਰਵਾਉਣ ਵਾਲੇ ਅਸਲ ਮੰਨਸ਼ੇ ਵੱਲ ਮੋੜਾ ਖਾ ਲਿਆ:--

ਇਹ ਵਾਰ ਭਗਉਤੀ ਮਹਾਂ ਪੁਨੀਤੇ । ਜਿਸ ਉਚਰਤਿ ਉਪਜਤਿ ਪਰਤੀਤੇ ।
ਜੋ ਇਸ ਵਾਰ ਸੋਂ ਪ੍ਰੇਮ ਲਗਾਵੈ । ਸੋਈ ਮਨ ਬਾਂਛਤ ਫਲ ਪਾਵੈ ।
ਮਿਟਹਿ ਸਗਲ ਦੁਖ ਦਰਦ ਕਲੇਸਾ । ਫੁਨ ਪ੍ਰਗਟੈ ਬਹੁ ਸੁਖ ਪਰਵੇਸਾ ।
ਜੋ ਨਿਸ ਬਾਸੁਰ ਰਟਹਿ ਇਹ ਵਾਰੇ । ਸੋ ਪਹੁਚੇ ਧੁਰ ਹਰਿ ਦਰਬਾਰੇ ।

ਇਹ ਵਾਰ ਭਗ਼ਉਤੀ ਸਮਾਪਤਿ ਕੀਨੀ । ਤਬ ਘਟ ਬਿਦਿਆ ਸਭ ਬਿਧਿ ਚੀਨੀ ।
ਇਉ ਸਤਿਗੁਰ ਸਾਹਿਬ ਭਏ ਦੈਆਲਾ । ਤਬ ਛੂਟ ਗਏ ਸਭ ਹੀ ਜੰਜਾਲਾ ।
ਕਰਿ ਕਿਰਪਾ ਪ੍ਰਭੁ ਹਰਿ ਗਿਰਧਾਰੇ । ਤਹ ਪਕੜਿ ਬਾਂਹ ਭਉਜਲ ਤੇ ਤਾਰੇ ।
ਇਉਂ ਕਰਿ ਹੈ ਗੁਰਦਾਸ ਪੁਕਾਰਾ । ਹੇ ਸਤਿਗੁਰੁ ਮੁਹਿ ਲੇਹੁ ਉਬਾਰਾ ॥ ੨੮ ॥

ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਪਰਮਾਤਮਾ ਦੇ ਨਾਮ ਨੂੰ ਹੀ ਸਰਬ ਰੋਗਾਂ ਦਾ ਦਾਰੂ ਅਤੇ ਮਨ ਇਛੇ ਫਲ ਦੇਣ ਵਾਲਾ ਕਲਪ-ਰੁੱਖ ਮੰਨਿਆਂ ਹੈ । ਕਿਸੇ ਖ਼ਾਸ ਬਾਣੀ ਦੇ ਪਾਠ ਕਰਨ ਵਿਚ ਜਾਂ ਕਿਸੇ ਸ਼ਬਦ ਦੇ ਮੰਤਰ-ਪਾਠ ਵਿਚ, ਕਿਸੇ ਕਰਾਮਾਤੀ ਸ਼ਕਤੀ ਦੇ ਹੋਣ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਇੱਕ ਤੁਕ ਵੀ ਨਹੀਂ ਮਿਲਦੀ । ਪਰ ਵੇਦ ਮੰਤ੍ਰਾਂ ਆਦਿ ਦੇ " ਵਿਧੀ ਪੂਰਬਕ ਜਾਪ " ਵਿਚ ਕਰਾਮਾਤੀ ਸ਼ਕਤੀਆਂ ਦੇ ਹੋਣ ਦਾ ਜ਼ਿਕਰ, ਬ੍ਰਾਹਮਣ ਦੇ ਲਿਖੇ, ਹਿੰਦੂ ਧਰਮ ਦੇ ਵੇਦਾਂ ਸ਼ਾਸਤ੍ਰਾਂ, ਪੁਰਾਣ ਆਦਿ ਸਾਰੇ ਗ੍ਰੰਥਾਂ ਵਿਚ ਅਨੇਕ ਥਾਂਈ ਮਿਲਦਾ ਹੈ । ਸੋ ਸਪੱਸ਼ਟ ਹੈ ਕਿ ਉਤਲੀਆਂ ਦੋਵੇਂ ਪਉੜੀਆਂ ਅਥਵਾ ਇਹ ਸਾਰੀ ਵਾਰ ਨਿਰਸੰਦੇਹ ਕਿਸੇ ਬਿੱਪ੍ਰ ਦੀ ਲਿਖੀ ਹੋਈ ਹੈ । ਅਜੇ ਵੀ ਸਮਾ ਹੈ । ਸੰਭਲ ਜਾਈਏ:--

## ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥ ?

ਉਪ੍ਰੋਕਤ ਵਾਰ ਤੋਂ ਸਪੱਸ਼ਟ ਹੋ ਗਿਆ-----

ਪੁਸਤਕ ਦੇ ਪਹਿਲੇ ਭਾਗ ਵਿਚ ਪਾਠਕ ਸੱਜਣਾ ਨੇ ਪੜ੍ਹਿਆ ਹੈ ਕਿ ਗਿਆਨੀ ਈਸ਼ਰ ਸਿੰਘ ਨਾਰਾ ਨੇ ਕਲਗ਼ੀਧਰ ਜੀ ਨੂੰ ਕ੍ਰਿਸ਼ਨ ਸਿੱਧ ਕਰਕੇ ਫਿਰ **ਕ੍ਰਿਸ਼ਨ ਨੂੰ ਹੀ ਵਾਹਿਗੁਰੂ** ਮੰਨਣ ਤੇ ਜ਼ੋਰ ਦਿੱਤਾ ਹੋਇਆ ਹੈ। ਏਥੇ ਕਵੀ ਜੀ ਨੇ ਕਲਗ਼ੀਧਰ ਜੀ ਨੂੰ ਸਿਰਜਣ ਹਾਰ, ਮਦਸੂਦਨ, ਮੁਰਾਰੀ, ਰਿਖੀਕੇਸ਼, ਰਘੁਨਾਥ ਅਥਵਾ ਸ੍ਰਿਸ਼ਟੀ ਦਾ ਕਰਤਾ ਅਤੇ ਹਰ ਥਾਂ ਹਾਜ਼ਰ ਨਾਜ਼ਰ, (**ਅਬਨਾਸ਼ੀ ਅਨੰਤ ਹੈ ਘਟਿ ਘਟਿ ਦਿਸਟਾਇਆ**) ਅਟੱਲ, ਅਪਾਰ ਅਤੇ ਹਰ ਇੱਕ ਸਰੀਰ ਵਿਚ ਵਿਆਪਕ ਲਿਖਿਆ ਹੈ। ਲਫ਼ਜ਼ਾਂ ਦੇ ਜੋੜ ਦਾ ਅਜੇਹਾ ਓਹਲਾ ਬਣਾਇਆ ਹੋਇਆ ਹੈ ਕਿ ਅਰਥਾਂ ਵਿਚ ਦਸ਼ਮੇਸ਼ ਜੀ ਨੂੰ ਗੁਰੂ ਵੀ ਆਪ ਅਤੇ ਚੇਲਿਆਂ ਵਿਚ ਵੀ ਉਹ ਆਪ ਹੀ ਹੋਣਾ ਬਣਦਾ ਹੈ। ਪਰ ਚਾਤਰ ਲਿਖਾਰੀ ਨੇ ਅਜੇਹਾ ਲਿਖ ਕੇ ਆਪਣੀ ਵਿਉਂਤ ਦਾ ਉਹ ਰਾਹ ਖੋਹਲ ਦਿੱਤਾ ਸੀ ਜਿਸ ਰਾਹੀਂ ਲੰਘ ਕੇ ਸਿੱਖਾਂ ਨੇ ਇਸ ਫੈਸਲੇ ਤੇ ਪੁੱਜ ਜਾਣਾ ਸੀ, ਕਿ ਦਸ਼ਮੇਸ਼ ਜੀ ਨੇ ਪੰਜਾਂ ਪਿਆਰਿਆਂ ਨੂੰ ਆਪਣਾ ਗੁਰੂ ਮੰਨ ਲਿਆ ਸੀ। ਇਸ ਤਰ੍ਹਾਂ " **ਗਰੀਬੀ ਗਦਾ ਹਮਾਰੀ** " ਕਹਿਣ ਵਾਲੀ ਗੁਰਸਿੱਖੀ ਦੇ ਆਚਰਨ ਅੰਦਰ (ਭਾਵੇਂ ਸੂਖਸ਼ਮ ਰੂਪ ਵਿਚ ਹੀ ਸਹੀ ਪਰ) ਹੰਕਾਰ ਆ ਵੜਨ ਦਾ ਇੱਕ ਗੰਭੀਰ ਬਹਾਨਾਂ ਬਣ ਚੁੱਕਾ ਹੈ। ਸਿੱਖ ਨੂੰ ਹੰਕਾਰੀ ਬਣਾ ਦੇਣ ਲਈ ਬੀਜੇ ਜਾ ਰਹੇ ਬੀਜਾਂ ਵਿਚ ਇੱਕ ਖ਼ਤਰਨਾਕ ਬੀਜ, ਵੀ ਬੜੀ ਸਫ਼ਲਤਾ ਨਾਲ ਬੀਜਿਆ ਗਿਆ।

ਇਸ ਵਾਰ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਬਾਕੀ ਨੌਂ ਸਰੂਪਾਂ ਨੂੰ (ਰੱਬੀ ਸ਼ਕਤੀਆਂ ਵਾਲੇ ਗੁਰੂਪਰਮੇਸ਼ਰ ਹੋਣ ਵਾਲੇ ਪੱਖੋਂ) ਨਜ਼ਰ-ਅੰਦਾਜ਼ ਕਰਦਿਆਂ ਹੋਇਆਂ, ਕੇਵਲ ਦਸ਼ਮੇਸ਼ ਜੀ ਨੂੰ ਹੀ ਅੱਡਰੀਆਂ ਸ਼ਕਤੀਆਂ ਵਾਲਾ ਭਗਵਾਨ ਸਿੱਧ ਕੀਤਾ ਹੋਇਆ ਹੈ। ਹਰ ਇਕ ਪਉੜੀ ਦੇ ਅਖ਼ੀਰ ਵਿਚ " ਹੇ ਸਤਿਗੁਰ ਮੁਹਿ ਲੇਹੁ ਉਬਾਰਾ " ਲਿਖ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਉਤਲੀ ਸਾਰੀ ਸਿਫ਼ਤ ਰੱਬ ਦੀ ਨਹੀਂ ਸਗੋਂ ਦਸ਼ਮੇਸ਼ ਜੀ ਦੀ ਹੈ। ਬਿਚਤ੍ਰ ਨਾਟਕ ਵਿਚ ਪਹਿਲਾਂ ਅਕਾਲ ਪੁਰਖ ਦੀ ਜ਼ਬਾਨੀ ਇਹ ਕਹਾ ਕਿ--" ਉਸ ਨੇ ਜਿੰਨੇ ਵੀ ਅਵਤਾਰ, ਦੇਵਤੇ, ਸਿੱਧ ਆਦਿ ਭੇਜੇ ਸਨ ਉਨ੍ਹਾਂ ਸਾਰਿਆਂ ਨੇ ਆਪਣੇ ਆਪਣੇ ਧਰਮ ਚਲਾ ਲਏ ਅਤੇ ਆਪ ਹੀ ਰੱਬ ਬਣ ਬੈਠੇ ਸਨ। ਇਸ ਲਈ ਹੁਣ ਤੂੰ ਜਾਹ ਅਤੇ ਕੇਵਲ ਮੇਰਾ ਨਾਮ ਜਪਣ ਵਾਲਾ ਨਵਾਂ ਪੰਥ ਚਲਾ। ਸੋ ਦਸ਼ਮੇਸ਼ ਜੀ ਨੇ ਕਾਲਪੁਰਖ ਦੇ ਇਸ ਹੁਕਮ ਨੂੰ ਸਿਰ-ਮੱਥੇ ਤੇ ਰੱਖ ਕੇ, ਮਾਤ ਲੋਕ ਵਿਚ ਜਨਮ ਲੈ ਲਿਆ । ਫਿਰ ਸਿੱਖਾਂ ਦੇ ਮਨ ਵਿਚ ਇਹ ਪੱਕਾ ਕਰਨ ਲਈ ਕਿ ਦਸ਼ਮੇਸ਼ ਜੀ ਨੇ ਅਕਾਲਪੁਰਖ ਦੇ ਹੁਕਮ ਦੀ ਏਡੀ ਵਫ਼ਾਦਾਰੀ ਨਾਲ ਪਾਲਣਾ ਕੀਤੀ ਕਿ ਉਨ੍ਹਾਂ ਨੇ ਇਹ ਕਹਿ ਦਿੱਤਾ ਕਿ ਜਿਹੜਾ **ਉਨ੍ਹਾਂ ਨੂੰ ਪਰਮੇਸ਼ਰ ਕਹੇਗਾ ਉਹ ਨਰਕ ਕੁੰਡ ਵਿਚ ਪਵੇਗਾ।** {ਭਾਵ, ਦੁਇ ਤੇ ਏਕ ਰੂਪ ਹੋ ਗਏ ਹੋਏ ਅਕਾਲਪੁਰਖ ਨੂੰ ਉਨ੍ਹਾਂ ਦੇ ਅੱਗੇ ਖਲੋ ਕੇ ਫ਼ਰਿਆਦਾਂ ਕਰਦਾ ਵੀ ਦਰਸਾ ਲਿਆ ਅਤੇ ਨਾਲ ਇਹ ਵੀ ਲਿਖ ਦਿੱਤਾ- **ਜੋ ਹਮ ਕੋ ਪਰਮੇਸ਼ਰ ਉਚਰਿ ਹੈ । ਤੇ ਸਭ ਨਰਕਿ ਕੁੰਡ ਮਹਿ ਪਰਿ ਹੈ ।**} [ਛੇਵੇ ਭਾਗ ਦੇ ਦੂਜੇ ਕਾਂਡ ਵਿਚਸਾਰਾ ਵਿਸਥਾਰ ਲਿਖਿਆ ਗਿਆ ਹੈ] ਇੱਕ ਅਕਾਲ ਦੀ ਪੂਜਾ ਕਰਨੀ ਸਿਖਾਉਣ ਆਸ਼ੜੇ ਦਸਮ ਗੁਰੂ ਨਾਨਕ ਜੀ ਨੂੰ ਨਿਜ-ਧਾਮ ਸਿਧਾਰਿਆਂ ਅਜੇ ਥੁਹੜਾ ਸਮਾ ਹੋਇਆ ਸੀ ਇਸ ਕਾਰਨ ਉਸ ਵੇਲੇ ਦਸ਼ਮੇਸ਼ ਜੀ ਨੂੰ ਝੱਟ-ਪਟ ਸਿੱਧ ਰੱਬ ਲਿਖਣਾ ਠੀਕ ਨਾ ਸਮਝਿਆ। ਪਰ ਜਦ ਵੇਖਿਆ ਕਿ ਦਸਮ ਗ੍ਰੰਥ ਸਾਰੀਆਂ ਔਕੜਾ ਪਾਰ ਹੋ ਕੇ ਪੰਥ ਵਿਚ ਆਪਣੀ ਥਾਂ ਬਣਾ ਚੁੱਕਾ ਹੈ, ਫਿਰ **ਆਪੇ ਗੁਰ ਚੇਲਾ** ਵਾਲੀ ਵਾਰ ਲਿਖ ਕੇ ਦਸ਼ਮੇਸ਼ ਜੀ ਨੂੰ ਸਿੱਧਾ ਵਾਹਿਗੁਰੂ ਹੀ ਬਣਾ ਦਿੱਤਾ। ਅਰੰਭ ਵਿਚ ਅਸਾਂ ਇਹ ਵੀ ਪੜ੍ਹ ਲਿਆ ਹੈ ਕਿ ਇਸ ਵਾਰ ਨੂੰ ਦਸ਼ਮੇਸ਼ ਜੀ ਦੇ ਬਚਨ ਸਿੱਧ ਕਰਨ ਦੇ ਯਤਨਾਂ ਵਿਚ ਹੀ ਇਸ ਦਾ ਸਿਰਲੇਖ--**ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦ ॥** ਅਤੇ ਫਿਰ--**ਉਪਮਾ ਸ੍ਰੀ ਸਤਿਗੁਰੂ ਜੀ ਕੀ ਪਾਤਸ਼ਾਹੀ ੧੦ ॥** ਅਤੇ ਤੀਜੇ ਥਾਂ--**ਰਾਮਕਲੀ ਵਾਰ ਪਾਤਸ਼ਾਹੀ ਦਸਵੇਂ ਕੀ ੧੦ ॥ ਬੋਲਣਾ ਗੁਰਦਾਸ ਭੱਲੇ ਜੀ ਕਾ**-- ਅੰਕਿਤ ਕੀਤੇ ਗਏ ਹਨ। ਸੋ ਦਸਮ ਗ੍ਰੰਥ ਵਿਚਲੀਆਂ ਕਮਜ਼ੋਰੀਆਂ ਇਸ ਵਾਰ ਦੁਆਰਾ ਪੂਰੀਆਂ ਕਰ ਲਈਆਂ ਗਈਆਂ।

**ਹੈਰਾਨੀ ਤਾਂ ਇਹ** ਹੈ ਕਿ ਸਿੱਖ-ਪੰਥ ਇਕ ਪਾਸੇ ਇਹ ਕਹੀ ਜਾ ਰਿਹਾ ਹੈ ਕਿ ਦਸ਼ਮੇਸ਼ ਜੀ ਨੂੰ ਰਬ ਕਹਿਣ ਵਾਲਾ ਨਰਕਾਂ ਵਿਚ ਪੈਂਦਾ ਹੈ ਅਤੇ ਨਾਲ ਹੀ ਦਸ਼ਮੇਸ਼ ਜੀ ਨੂੰ ਪਰਮਾਤਮਾ ਸਿੱਧ ਕਰਨ ਵਾਲੀ ਇਸ ਵਾਰ ਦਾ ਜਾਪ ਅਥਵਾ ਕੀਰਤਨ ਵੀ ਕਰੀ ਜਾ ਰਿਹਾ ਹੈ। ਸਤਿਗੁਰੂ ਨਾਨਕ ਸਾਹਿਬ ਜੀ ਦੇ ਨੌ ਸਰੂਪਾਂ ਵਿਚਲੀ ਘਾਲਣਾ ਨੂੰ ਸੰਸਾਰ ਦੀ ਯਾਦ ਵਿਚੋਂ ਧੁੰਦਲਾ ਕਰ ਦੇਣ ਵਾਲੀ ਆਪਣੀ ਇਸ ਨਜ਼ਮ ਨੂੰ ਸਿੱਖ ਪੰਥ ਵਿਚ ਉਚੇਚੀ ਥਾਂ ਦਿਵਾ ਕੇ ਖ਼ਤਰਨਾਕ ਦਸਤਾਵੇਜ਼ (Document) ਤਿਆਰ ਕਰ ਲਿਆ ।

ਬਦਕਿਸਮਤੀ ਤਾਂ ਇਹ ਬਣ ਰਹੀ ਹੈ ਕਿ, ਜਿਸ ਸਰਬ-ਉੱਚ ਜਥੇਦਾਰ ਜੀ ਨੇ ਅਜੇਹੀਆਂ ਲਿਖਤਾਂ ਨੂੰ ਗੁਰਮਤ ਵਿਰੋਧੀ ਘੋਸ਼ਤ ਕਰਨਾ ਸੀ, ਉਹ ਤਾਂ ਆਪ ਹੀ ਸੁੱਕ ਚੁੱਕੀ ਦੁਖਭੰਜੀ ਦੇ ਥਾਂ ਸਰੋਵਰ ਦੇ ਕੰਢੇ ਤੇ ਨਵੀਂ ਬੇਰੀ ਲਾ ਕੇ ਸੱਚ ਦੇ ਦਰਬਾਰ ਸ੍ਰੀ ਹਰਿਮੰਦਰ ਦੇ ਵਿਚ ਝੂਠ ਦੀ ਪੂਜਾ ਦਾ ਪ੍ਰਬੰਧ ਕਰ ਰਿਹਾ ਹੈ ।

੫- **ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥**
**ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥**
**ਸੇਵਾ ਥਾਇ ਨ ਪਵਈ ਤਿਸ ਕੀ, ਖਪਿ ਖਪਿ ਹੋਇ ਖੁਆਰੁ ॥**
**ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥**
**ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥ ੧ ॥**[੧੨੪੭]-ਵਾ-੨੭

੨

## ਗੁਰੂ ਚੇਲੇ ਬਾਰੇ ਗੁਰਮਤਿ ਵਿਚਾਰ

ਗੁਰੂ-ਬਾਣੀ ਦੇ ਕਈ ਗੁਰੂ-ਸ਼ਬਦਾਂ ਵਿਚ ਵੀ " ਆਪੇ ਗੁਰ ਚੇਲਾ " ਤੁਕਾਂ ਹਨ । ਇਨ੍ਹਾਂ ਦੁਆਰਾ ਵੀ ਗੁਰੂ ਦਾ ਆਪਣੇ ਚੇਲੇ ਦਾ ਚੇਲਾ ਬਣ ਬੈਠਣ ਦੀ ਗੱਲ ਨਹੀਂ ਹੈ ਸਗੋਂ ਪ੍ਰਭੂ ਦੀ ਸਰਬ ਵਿਆਪਕਤਾ ਦਾ ਉਪਦੇਸ਼ ਹੈ :---

੬- **ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ ॥** [੬੬੯]-੫-੧੧

**ਅਰਥ:**--ਪ੍ਰਭੂ ਆਪ ਹੀ ਗੁਰੂ ਹੈ, ਆਪ ਹੀ ਸਿੱਖ ਹੈ, ਪ੍ਰਭੂ ਆਪ ਹੀ ਅਚਰਜ ਤਮਾਸ਼ੇ ਕਰਨ ਵਾਲਾ ਹੈ ।

੭- **ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ ॥ ੧੦ ॥** [੭੫੮]-ਅਸਟ-੧

**ਅਰਥ:**--ਹੇ ਪ੍ਰਭੂ ! ਤੂੰ ਆਪ ਹੀ ਗੁਰੂ ਹੈਂ, ਤੂੰ ਆਪ ਹੀ ਸਿੱਖ ਹੈਂ । ਮੈਂ ਗੁਰੂ ਦੀ ਰਾਹੀਂ ਤੈਨੂੰ ਹੀ ਧਿਆਉਂਦਾ ਹਾਂ । ੨੦ ।

੮- **ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ ॥** [੭੬੭]-੩(੩)

**ਅਰਥ:**--ਪਰਮਾਤਮਾ ਆਪ ਹੀ ਗੁਰੂ ਹੈ, ਆਪ ਹੀ ਸਿੱਖ ਹੈ, ਆਪ ਹੀ ਗੁਣਾਂ ਦਾ ਖ਼ਜ਼ਾਨਾ ਹੈ (ਜਿਹੜੇ ਗੁਣ ਉਹ ਗੁਰੂ ਦੀ ਰਾਹੀਂ ਸਿੱਖ ਨੂੰ ਦਿੰਦਾ ਹੈ) ।

੯- **ਆਪੇ ਜਗਤੁ ਉਪਾਇਓਨੁ ਕਰਿ ਪੂਰਾ ਥਾਟੁ ॥ ਆਪੇ ਸਾਹੁ ਵਣਜਾਰਾ ਆਪੇ ਹੀ ਹਰਿ ਹਾਟੁ ॥**
**ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ ਖੇਵਾਟੁ ॥ ਆਪੇ ਗੁਰ ਚੇਲਾ ਹੈ ਆਪੇ ਆਪੇ ਦਸੇ ਘਾਟੁ ॥**
**ਜਨ ਨਾਨਕ ਨਾਮੁ ਧਿਆਇ ਤੂ ਕਿਲਵਿਖ ਕਾਟੁ ॥ ੨੨ ॥** [੫੧੭]-ਵਾਰ

ਇਨ੍ਹਾਂ ਗੁਰੂ ਫ਼ੁਰਮਾਨਾਂ ਤੋਂ ਇਹ ਸਮਝ ਲੈਣਾ ਗੰਭੀਰ ਭੁੱਲ ਹੈ ਕਿ ਕੋਈ ਸਿੱਖ ਜਾਂ ਕੋਈ ਭਗਤ ਪਰਮਾਤਮਾ ਦਾ ਗੁਰੂ ਬਣ ਸਕਦਾ ਹੈ। ਭਾਵ ਇਹ ਹੈ ਕਿ ਪਰਮਾਤਮਾ ਸਾਰੇ ਸਰੀਰਾਂ ਵਿਚ ਵਿਚਰ ਰਿਹਾ ਹੈ। ਕਿਤੇ ਗੁਰੂ ਰੂਪ ਹੋ ਕੇ ਸਿਖਿਆ ਦਾਤਾ ਹੈ ਅਤੇ ਫਿਰ ਉਹ ਆਪ ਹੀ ਸਿੱਖ ਰੂਪ ਹੋ ਕੇ ਸਿਖਿਆ ਲੈ ਰਿਹਾ ਹੁੰਦਾ ਹੈ--**ਸਹਸ ਮੂਰਤਿ ਨਨਾ ਏਕ ਤੋੁਹੀ ॥** ਗੁਰੂ ਫ਼ੁਰਮਾਨ ਵੀ ਯਾਦ ਰੱਖਣਾ ਹੈ । ਹਰ ਥਾਂ ਆਪੇ ਆਪ ਹੋਣ ਵਾਲੇ ਇਸ ਭਾਵ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਲਈ ਗੁਰੂ-ਸ਼ਬਦ :--

੧੦- **ਏਕ ਰੂਪ ਸਗਲੋ ਪਾਸਾਰਾ ॥ ਆਪੇ ਬਨਜੁ ਆਪਿ ਬਿਉਹਾਰਾ ॥ ੧ ॥ ਐਸੋ ਗਿਆਨੁ ਬਿਰਲੋ ਈ ਪਾਏ ॥**
**ਜਤ ਜਤ ਜਾਈਐ ਤਤ ਦ੍ਰਿਸਟਾਏ ॥ ੧ ॥ ਰਹਾਉ ॥ ਅਨਿਕ ਰੰਗ ਨਿਰਗੁਨ ਇਕ ਰੰਗਾ ॥ ਆਪੇ ਜਲੁ**
**ਆਪ ਹੀ ਤਰੰਗਾ ॥ ੨ ॥ ਆਪ ਹੀ ਮੰਦਰੁ ਆਪਹਿ ਸੇਵਾ ॥ ਆਪ ਹੀ ਪੂਜਾਰੀ ਆਪ ਹੀ ਦੇਵਾ ॥ ੩ ॥**
**ਆਪਹਿ ਜੋਗ ਆਪ ਹੀ ਜੁਗਤਾ ॥ ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥ ੪ ॥** [੮੦੩]-੧-੬

**ਅਰਥ:**--ਇਹ ਸੂਝ ਕਿਸੇ ਵਿਰਲੇ ਮਨੁੱਖ ਨੂੰ ਹੀ ਹੈ ਕਿ ਜਗਤ ਵਿਚ ਜਿਸ ਜਿਸ ਪਾਸੇ ਚਲੇ ਜਾਈਏ, ਹਰ ਪਾਸੇ ਪਰਮਾਤਮਾ ਹੀ ਨਜ਼ਰੀਂ ਆਉਂਦਾ ਹੈ । ਇਹ ਸਾਰਾ ਜਗਤ-ਖਿਲਾਰਾ ਉਸ ਇੱਕ ਪ੍ਰਭੂ ਦੇ ਹੀ ਅਨੇਕਾਂ ਰੂਪ ਹਨ । ਸਾਰੇ ਜੀਆਂ ਵਿਚ ਵਿਆਪਕ ਹੋ ਕੇ ਵਾਹਿਗੁਰੂ ਆਪ ਹੀ ਜਗਤ ਦਾ ਵਣਜ-ਵਿਹਾਰ ਕਰ ਰਿਹਾ ਹੈ । ਮਾਇਆ ਦੇ ਤਿੰਨਾ ਗੁਣਾ ਤੋਂ ਨਿਰਲੇਪ, ਅਤੇ ਸਦਾ ਇੱਕ-ਰੰਗ ਰਹਿਣ ਵਾਲੇ ਪਰਮਾਤਮਾਂ ਦੇ ਹੀ ਜਗਤ ਦੇ ਸਾਰੇ ਰੰਗ ਤਮਾਸ਼ੇ ਹਨ । ਪ੍ਰਭੂ ਆਪ ਹੀ ਪਾਣੀ ਹੈ ਅਤੇ ਆਪ ਹੀ ਪਾਣੀ ਵਿਚ ਉਠਦੀਆਂ ਛੱਲਾਂ ਹੈ । ਪ੍ਰਭੂ ਆਪ ਹੀ ਮੰਦਰ ਹੈ, ਆਪ ਹੀ ਦੇਵਤਾ, ਆਪ ਹੀ ਪੁਜਾਰੀ ਹੈ ਅਤੇ ਸੇਵਾ ਭਗਤੀ ਵੀ ਆਪ ਹੀ ਹੈ । ਆਪ ਹੀ ਜੋਗੀ ਅਤੇ ਆਪ ਹੀ ਜੋਗ ਦੇ ਸਾਧਨ ਹੈ । ਸਾਰਿਆਂ ਜੀਵਾਂ ਵਿਚ ਵਿਆਪਕ ਹੁੰਦਾ ਹੋਇਆ ਪਰਮਾਤਮਾ ਆਪ ਸਦਾ ਨਿਰਲੇਪ ਹੈ ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਕਈ ਥਾਂਈ " ਗੁਰ ਚੇਲਾ " ਲਿਖਿਆ ਮਿਲਦਾ ਹੈ, ਪਰ ਇਨ੍ਹਾਂ ਅਰਥਾਂ ਵਿਚ ਨਹੀਂ ਹੈ, ਜਿਹੜੇ ਅਰਥ ਅਸੀਂ ਕਬੂਲੀ ਬੈਠੇ ਹਾਂ :--

(੧) ਗੁਰ ਚੇਲੇ ਰਹਰਾਸਿ ਅਲਖੁ ਅਭੇਉ ਹੈ । ਗੁਰ ਚੇਲੇ ਸਾਬਾਸਿ ਨਾਨਕ ਦਿਉ ਹੈ । [੩-੨]

**ਅਰਥ:**-ਗੁਰੂ ਅਤੇ ਚੇਲੇ ਦੀ ਰਹੁਰੀਤ ਅਲਖ ਤੇ ਅਭੇਵ ਹੈ । ਗੁਰੂ ਤੇ ਚੇਲਾ ਧੰਨ ਹਨ ਜੋ ਇਕੋ ਗੁਰੂ ਨਾਨਕ ਦੇਉ ਦਾ ਹੀ ਰੂਪ ਹਨ । (ਭਾਵ ਨਾਮ ਦੋ ਹਨ ਪਰ ਰੂਪ ਇਕ ਹੈ)

(੨) ਗੁਰ ਚੇਲਾ ਪਰਵਾਣੁ ਗੁਰਮੁਖਿ ਜਾਣੀਐ । [੩-੩] ਭਾਵ, ਗੁਰ ਦਾ ਚੇਲਾ ਪ੍ਰਮਾਨੀਕ ਗੁਰਮੁਖ ਜਾਣੀਦਾ ਹੈ ।

(੩) ਇਕ ਜੋਤਿ ਦੁਇ ਮੂਰਤੀ ਇਕ ਸਬਦ ਸਰਿਸੈ ॥ ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ ॥ [੯-੧੬]

**ਅਰਥ:**--(ਗੁਰੂ ਨਾਨਕ ਜੀ ਤੇ ਗੁਰੂ ਅੰਗਦ) ਦੋ ਮੂਰਤਾਂ ਹਨ, ਪਰ ਜੋਤ ਇਕ ਹੈ, ਸ਼ਬਦ ਵੀ ਦੋਹਾਂ ਵਿਚ ਇਕ ਸਾਰਖਾ ਹੈ । ਗੁਰੂ ਚੇਲਾ ਹੈ ਤਾਂ ਚੇਲਾ ਗੁਰੂ ਹੋਇਆ ਹੈ (ਇਹ ਭੇਤ ਕੋਈ ਕਿਸ ਤਰ੍ਹਾਂ ਸਮਝਾਵੇ । (ਭਾਵ ਦੋਹਾਂ ਵਿਚ ਭਿੰਨ ਭੇਤ ਨਹੀਂ ਹੈ ।

(੪) ਗਰੂ ਚੇਲਾ ਚੇਲਾ ਗੁਰੂ ਹੋਈ । [੧੫-੧੬]

**ਅਰਥ:**--ਉਹੀ ਗੁਰੂ ਹੋ ਕੇ ਚੇਲਾ ਹੈ, ਅਰ ਚੇਲਾ ਹੋ ਕੇ ਗੁਰੂ ਹੈ । ( ਦੋ ਨਾਉਂ, ਰੂਪ ਇਕੋ ਹੈ, ਜਿਹਾ ਗੁਰੂ ਨਾਨਕ ਜੀ ਅਤੇ ਗੁਰੂ ਅੰਗਦ ਜੀ ਗੁਰੂ ਚੇਲਾ ਅਰੇ ਚੇਲਾ ਗੁਰੂ ਹੈ, ਇਕੋ ਰੂਪ ਹਨ ) ਭਾਵ, ਸੰਸਾਰ ਲਈ ਤਾਂ ਗੁਰੂ ਹੀ ਹਨ, ਪਰ ਇੱਕ ਰੂਪ ਇੱਕ ਜੋਤਿ ਹੋ ਜਾਣ ਕਰਕੇ ਭਿੰਨ ਭੇਤ ਕੋਈ ਨਹੀਂ ਰਿਹਾ, ਕਿ ਕਿਹੜਾ ਚੇਲਾ ਸੀ ਅਤੇ ਹੁਣ ਕਿਹੜਾ ਗੁਰੂ ਬਣ ਬੈਠਾ ਹੈ ?

ਹੋਰ ਵੀ ਕੁਝ ਥਾਂਵਾਂ ਤੇ " ਗੁਰੂ ਚੇਲੇ " ਦਾ ਜ਼ਿਕਰ, ਭਾਈ ਸਾਹਿਬ ਨੇ ਕੀਤਾ ਹੈ, ਪਰ ਕਿਸੇ ਪਉੜੀ ਦਾ ਅਰਥ ਇਹ ਨਹੀਂ ਬਣਦਾ ਕਿ ਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਦੇਵ ਜੀ ਦੇ ਚੇਲੇ ਬਣ ਗਏ ਸਨ। ਭਾਵ ਸਭ ਥਾਈ ਏਹੀ ਹੈ ਕਿ, ਲਹਿਣਾ ਜੀ " ਚੇਲੇ " ਵਿਚ ਵੀ ਸਤਿਗੁਰੂ ਨਾਨਕ ਜੀ ਨੇ ਉਹੀ ਜੋਤਿ ਟਿਕਾ ਦਿੱਤੀ, ਜਿਸ ਗਿਆਨ-ਜੋਤਿ ਦੇ ਮਾਲਕ ਉਹ ਧੁਰੋਂ ਹੋ ਕੇ ਆਏ ਸਨ। ਸੋ ਚੇਲਾ ਤੇ ਗੁਰੂ ਇੱਕ ਰੂਪ ਹੋ ਗਏ। ਚੇਲੇ ਅਤੇ ਗੁਰੂ ਵਿਚ ਕੋਈ ਭਿੰਨ-ਭੇਤ ਨਹੀਂ ਰਿਹਾ। ਸੰਸਾਰ ਵਿਚ ਚੇਲਾ ਆਪਣੇ ਗੁਰੂ ਦਾ **ਰੂਪ** ਤਾਂ ਜ਼ਰੂਰ ਬਣਦਾ ਰਿਹਾ ਹੈ ਪਰ ਕੋਈ ਚੇਲਾ ਆਪਣੇ ਗੁਰੂ ਦਾ ਗੁਰੂ ਕਦੇ ਨਹੀਂ ਬਣ ਬੈਠਾ। ਏਵੇਂ ਹੀ ਸਿੱਖ ਪੰਥ ਵਿਚ ਆਪਣੇ ਸਤਿਗੁਰੂ ਜੀ ਦੀ ਗਿਆਨ-ਜੋਤਿ ਦੇ ਮਾਲਕ ਬਣ ਕੇ, ਗੁਰਸਿੱਖ ਤੋਂ ਗੁਰੂ ਬਣਦੇ ਰਹੇ, ਅਤੇ ਇਹ ਸਿਲਸਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਪੁੱਜ ਕੇ ਸਦਾ ਲਈ ਅਟੱਲ ਹੋ ਗਿਆ ।

**<u>ਵਿਚਾਰ</u> ਦਾ ਇੱਕ ਇਹ ਪੱਖ:---**

ਸਤਿਗੁਰਾਂ ਦਾ ਪਾਵਨ ਫ਼ੁਰਮਾਨ ਹੈ:--

੧੧- **ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥**
**ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥ ੫ ॥**[੫੬੫]-੨

**ਅਰਥ:**--ਜਿਹੜੇ ਮਨੁੱਖ ਗੁਰੂ ਦੀ ਮਤਿ ਉਤੇ ਤੁਰ ਕੇ ਸ੍ਰੇਸ਼ਟ ਅਕਲ ਪ੍ਰਾਪਤ ਕਰ ਲੈਂਦੇ ਹਨ ਉਹ ਮਾਨੋਂ ਜ਼ਹਿਰ ਤੋਂ ਅੰਮ੍ਰਿਤ ਬਣ ਜਾਂਦੇ ਹਨ, ਉਹ ਮਾਨੋਂ ਅੱਕ ਤੋਂ ਚੰਦਨ ਬਣ ਜਾਂਦੇ ਹਨ, ਉਨ੍ਹਾਂ ਦੇ ਅੰਦਰ (ਸੁੱਚੇ ਆਤਮਕ ਜੀਵਨ ਦੀ) ਸੁਗੰਧੀ ਆ ਵੱਸਦੀ ਹੈ । ੫ ।

ਜਿਸ ਪੂਰਨ ਗੁਰੂ ਦੀ ਮਤਿ ਗ੍ਰਹਣ ਕਰ ਲੈਣ ਨਾਲ, ਮਾਇਆ ਗ੍ਰਸਿਆ ਮਨੁੱਖ, ਅੰਮ੍ਰਿਤ ਬਣ ਜਾਂਦਾ ਹੈ, ਕੀ ਉਸ ਸਮਰੱਥ ਗੁਰੂ ਵਿਚ ਕੋਈ ਅਜੇਹੀ ਕਮੀ ਰਹਿੰਦੀ ਸੀ ਜੋ ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਦੀ ਲੋੜ ਸੀ? ਜਿਸ ਅਭੁੱਲ ਗੁਰੂ ਦੀ ਦ੍ਰਿਸ਼ਟੀ ਵਿਚ ਹੀ ਅੰਮ੍ਰਿਤ ਹੈ ਉਸ ਨੂੰ ਕਿਸੇ ਜਲ-ਅੰਮ੍ਰਿਤ ਦੇ ਪਾਨ ਕਰਨ ਦੀ ਕੀ ਲੋੜ ਸੀ? " **ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥** (੨੯੩) ਅਤੇ " **ਪੂਰਾ ਗੁਰ ਅਖੵਓ ਜਾ ਕਾ ਮੰਤ੍ਰ ॥ ਅੰਮ੍ਰਿਤੁ ਦ੍ਰਿਸਟਿ ਪੇਖੈ ਹੋਇ ਸੰਤ ॥** [੨੮੭] ਜਿਸ ਗੁਰੂ ਦੀ ਮਿਹਰ-ਭਰੀ ਨਜ਼ਰ ਨਾਲ ਹੀ, ਠੱਗ ਤੋਂ ਸੰਤ ਬਣ ਜਾਂਦਾ ਹੈ, ਜਿਸ ਸਤਿਗੁਰ ਸੂਰੇ ਦੀ ਅੰਮ੍ਰਿਤ-ਮਈ ਦ੍ਰਿਸ਼ਟੀ ਬੰਦੇ ਖਾਣੇ ਰਾਕਸ਼ ਤੋਂ ਦੇਵਤਾ ਬਣਾ ਸਕਦੀ ਸੀ, ਉਸ ਮਹਾਨ ਗੁਰੂ ਨੂੰ ਕਿਸੇ ਹੋਰ ਅੰਮ੍ਰਿਤ ਦੇ ਪਾਨ ਕਾਰਨ ਦੀ ਕੀ ਲੋੜ ਸੀ? ਪਰ ਫਿਰ ਵੀ ਦਸ਼ਮੇਸ਼ ਜੀ ਨੇ ਆਪਣੇ ਨਿਵਾਜੇ ਹੋਇਆ ਸਿੰਘਾਂ ਕੋਲੋਂ ਅੰਮ੍ਰਿਤ ਛਕਿਆ। ਬੜੇ ਭਾਗਾਂ ਵਾਲੇ ਸਨ ਉਹ ਪੰਜ ਸਿੰਘ ਜਿਨ੍ਹਾਂ ਨੂੰ ਮਹਾਂਬਲੀ ਸੂਰਮੇ ਗੁਰੂ ਸ੍ਰੀ ਕਲਗੀਧਰ ਜੀ ਨੂੰ ਅੰਮ੍ਰਿਤ ਛਕਾਉਣ ਦਾ ਮਾਣ ਪ੍ਰਾਪਤ ਹੋਇਆ ਸੀ। ਜੇ ਸਤਿਗੁਰੂ ਜੀ ਆਪ ਹੀ ਇਹ ਹੁਕਮ ਕਰ ਦਿੰਦੇ ਕਿ ਅਗੇ ਤੋਂ ਉਨ੍ਹਾਂ ਦਾ ਨਾਮ ਗੋਬਿੰਦ ਰਾਏ ਨਹੀਂ ਹੈ, ਸਗੋਂ ਗੋਬਿੰਦ ਸਿੰਘ ਹੈ, ਤਾਂ ਕਿਸੇ ਦੀ ਕੀ ਮਜਾਲ ਸੀ ਜੋ ਉਨ੍ਹਾਂ ਨੂੰ ਗੋਬਿੰਦ ਰਾਏ ਕਹਿ ਕੇ ਬੁਲਾ ਸਕਦਾ, ਜਾਂ ਗੋਬਿੰਦ ਰਾਏ ਲਿਖ ਸਕਦਾ ? ਪਰ ਫਿਰ ਵੀ ਉਨ੍ਹਾਂ ਨੇ ਆਪਣੇ ਨਾਮ ਦੀ ਬਦਲੀ ਆਪਣੇ ਨਿਵਾਜੇ ਹੋਏ ਸਿੰਘਾਂ ਕੋਲੋਂ ਕਰਵਾਈ ।

ਗੁਰੂ ਨਾਨਕ ਸਾਹਿਬ ਜੀ ਦਾ ਹਰ ਕੌਤਕ ਕੋਈ ਨ ਕੋਈ ਵਡਮੁੱਲਾ ਉਪਦੇਸ਼ ਹੋਇਆ ਕਰਦਾ ਸੀ। ਆਉ ਸਤਗੁਰਾਂ ਦੇ ਚਰਨਾਂ ਦਾ ਆਸਰਾ ਲੈ ਕੇ ਸਮਝਣ ਦਾ ਯਤਨ ਕਰੀਏ ਕਿ, ਪੰਜਾਂ ਪਿਆਰਿਆਂ ਕੋਲੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਵਿਚ ਸਤਿਗੁਰਾਂ ਦਾ ਹੇਠ ਲਿਖਿਆ ਉਪਦੇਸ਼ ਤਾਂ ਨਹੀਂ ਸਮੋਇਆ ਹੋਇਆ ? ----

(੧) ਖੰਡੇ ਬਾਟੇ ਦੇ ਜਿਸ ਅੰਮ੍ਰਿਤ ਨੂੰ ਪੂਰਨ-ਪੁਰਖ ਸਮਰੱਥ ਗੁਰੂ ਦਸ਼ਮੇਸ਼ ਜੀ ਨੇ ਛਕਣਾ ਜ਼ਰੂਰੀ ਸਮਝਿਆ ਅਤੇ ਆਪ ਛਕ ਕੇ ਸਾਡੇ ਲਈ ਪੂਰਨੇ ਪਾਏ ਸਨ ਉਸ ਅੰਮ੍ਰਿਤ ਨੂੰ ਨਾ ਛਕਣਾ ਦਸ਼ਮੇਸ਼ ਜੀ ਦੀ ਹੁਕਮ ਅਦੂਲੀ ਕਰਨੀ, ਵੱਡੀ ਬਦਕਿਸਮਤੀ ਹੈ ।

(੨) ਜਿਹੜੇ ਪੰਜ ਅੰਮ੍ਰਿਤਧਾਰੀ ਸਿੰਘ (ਪੰਜ ਪਿਆਰੇ) ਦਸ਼ਮੇਸ਼ ਜੀ ਨੂੰ ਅੰਮ੍ਰਿਤ ਪਾਨ ਕਰਵਾ ਸਕਦੇ ਸਨ ਉਹ ਸਾਨੂੰ ਵੀ ਅੰਮ੍ਰਿਤ ਛਕਾਉਂਣ ਦਾ ਪੂਰਾ ਅਧਿਕਾਰ ਰੱਖਦੇ ਹਨ ? " **ਗੁਰੂ ਸਿਖ ਸਿਖ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ** " ਵਾਲਾ ਕੌਤਕ ਵਰਤਾਇਆ। ਹੋਰਨਾਂ ਨੂੰ ਅੰਮ੍ਰਿਤਧਾਰੀ ਬਣਾ ਸਕਣ ਦੇ ਅਧਿਕਾਰਾਂ ਦੀ ਬਖ਼ਸ਼ਸ਼ ਕਰਨ ਲਈ ਦਸ਼ਮੇਸ਼ ਜੀ ਨੇ ਪੰਜਾਂ ਪਿਆਰਿਆਂ ਕੋਲੋਂ ਸਭ ਤੋਂ ਪਹਿਲਾਂ ਆਪ ਅੰਮ੍ਰਿਤ ਪਾਨ ਕੀਤਾ *। ਇਸ ਕੌਤਕ ਵਿਚ ਸਤਿਗੁਰਾਂ ਦੀ ਇਹ ਸੱਧਰ ਵੀ ਠਾਠਾਂ ਮਾਰ ਰਹੀ ਸੀ---

> " ਜਿਨ੍ਹਾਂ ਤੋਂ ਅੱਜ ਮੈ ਖੰਡੇ ਬਾਟੇ ਦਾ ਅੰਮ੍ਰਿਤ ਛਕ ਰਿਹਾ ਹਾਂ ਕਲ੍ਹ ਨੂੰ ਉਨ੍ਹਾਂ ਤੋਂ ਸਾਰਾ ਸਿੱਖ ਪੰਥ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਉੱਚੇ ਆਚਰਣ ਦੀ ਜੀਵਨੀ ਦੀ ਸੰਭਾਲ ਕਰੀ ਰੱਖਣ ਦਾ ਪ੍ਰਣ ਨਿਭਾਉਣ ਵਾਲਾ ਅੰਮ੍ਰਿਤਧਾਰੀ ਸਿੰਘ ਬਣਦਾ ਤੁਰਿਆ ਜਾਵੇਗਾ । ਅੱਜ ਦਾ ਬਖ਼ਸ਼ਿਆ ਅਧਿਆਤਮਕ ਤੇਜ ਪ੍ਰਤਾਪ ਅਤੇ ਕੱਲ੍ਹ ਨੂੰ ਪ੍ਰਾਪਤ ਹੋਣ ਵਾਲੇ ਸੰਸਾਰੀ ਰਾਜ ਵਾਲੇ ਮਾਣ ਸਤਿਕਾਰ ਨੂੰ ਸਦਾ ਲਈ ਆਪਣ ਕੋਲ ਰੱਖਣ ਵਾਲੇ ਆਪਣੇ ਨਿਆਰੇ ਪੁਣੇ ਦੀ ਸੰਭਾਲ ਕਰੀ

ਰੱਖਣ  ਵਿਚ ਮੇਰਾ ਸਿੰਘ ਸਦਾ ਤਤਪਰ ਰਹੇਗਾ । ਮੇਰਾ ਪਿਆਰਾ ਖ਼ਾਲਸਾ, ਆਪਣੇ ਨਿਆਰੇ ਆਚਰਨ ਦੀ ਨਿਆਰੀ ਆਭਾ ਨਾਲ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਆਰੇ ਗਿਆਨ-ਖੜਗ ਅਤੇ ਗ੍ਰੀਬੀ ਦੀ ਗਦਾ ਨਾਲ ਸਾਰੇ ਸੰਸਾਰ ਤੇ ਕੇਸਰੀ ਝੰਡਾ ਝੁਲਾ ਲਵੇਗਾ। "

**ਸਦਕੇ ਜਾਈਏ** ਗੁਰੂ ਰੂਪ ਖ਼ਾਲਸਾ ਜੀ ਦੇ ! ਖ਼ੂਬ ਸਾਕਾਰ ਕੀਤਾ ਆਪਣੇ ਸਤਿਗੁਰੂ ਦਸ਼ਮੇਸ਼ ਜੀ ਦਾ ਇਹ ਸੰਕਲਪ ?।

{*Foot Note:--ਇਹ ਗੱਲ ਕਹਿਣੀ ਕਿ ਸਤਿਗੁਰਾਂ ਨੇ ਅਜੇਹਾ ਕੋਤਕ ਕਰਕੇ ਬਰਾਬਰਤਾ ਦਾ ਉਪਦੇਸ਼ ਦਿੱਤਾ ਸੀ, ਅਰਥਹੀਨ ਹੋਣ ਦਾ ਕਾਰਨ ਇਹ ਹੈ, ਕਿ ਸਤਿਗੁਰਾਂ ਨੇ ਪਹਿਲੇ ਸਰੂਪ ਸਮੇ ਹੀ ਸਮਾਨਤਾ ਦਾ ਉਪਦੇਸ਼ ਦੇਣਾ ਅਰੰਭ ਕਰ ਦਿੱਤਾ ਹੋਇਆ ਸੀ । ਸਾਂਝੇ ਲੰਗਰ, ਸਾਂਝੇ ਇਸਨਾਨ-ਘਰ ਅਤੇ ਦਰਬਾਰ ਵਿਚ ਪ੍ਰਸ਼ਾਦਿ ਵਰਤਾਏ ਜਾਣ ਵਾਲੀ ਮਰਯਾਦਾ, ਫਿਰ ਡੂਮ ਜਾਤਿ ਦੇ ਭਿੱਟੜ ਮਰਦਾਨੇ ਨੂੰ ਭਾਈ ਬਣਾ ਲੈਣਾ ਊਚ-ਨੀਚ ਵਾਲੇ ਭਰਮ ਨੂੰ ਜੜ੍ਹਾ ਤੋਂ ਹਲਾ ਦੇਣ ਲਈ ਕਾਫ਼ੀ ਸਨ । ਫਿਰ--**ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ॥** [੭੨੮]  " **ਨਾ ਹਮ ਚੰਗੇ ਆਖੀਅਹਿ ਬੁਰਾ ਨ ਦਿਸੈ ਕੋਇ ॥** [੧੦੧੫]-- **ਮੰਦਾ ਜਾਣੈ ਆਪ ਕਉ, ਅਵਰੁ ਭਲਾ ਸੰਸਾਰੁ ॥** [੯੯੧] **ਮੰਦਾ ਕਿਸੇ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥** [੪੭੦] ਅਜੇਹੇ ਬੇਅੰਤ ਗੁਰੂ ਹੁਕਮ ਨੂੰ ਗੁਰੂ ਦਾ ਸਿੱਖ ੨੦੦ ਸਾਲ ਤੋਂ ਕਮਾਉਂਦਾ ਆ ਰਿਹਾ ਸੀ । ਊਚ ਨੀਚ ਦਾ ਭੇਤ ਸਿੱਖ ਪੰਥ ਵਿਚੋਂ ਪੂਰੇ ਤੌਰ ਤੇ ਮਿਟ ਚੁੱਕਾ ਸੀ । ਇਹ ਕਹਿਣਾ ਕਿ ਦਸ਼ਮੇਸ਼ ਜੀ ਨੇ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛੱਕ ਕੇ ਸਾਨੂੰ ਰਾਜਾ ਰੰਕ ਬਰਾਬਰੀ ਦਾ ਉਪਦੇਸ਼ ਦਿੱਤਾ ਸੀ, ਇਹ ਸਾਬਤ ਕਰਦਾ ਹੈ ਕਿ ਸਿੱਖ ਪੰਥ ਵਿਚ ਬ੍ਰਾਹਮਣੀ ਵਿਤਕਰਾ ਜਿਉਂ ਦਾ ਤਿਉਂ ਸੀ ਅਤੇ ਪਹਿਲੇ ੨੦੦ ਸਾਲਾਂ ਦਾ ਗੁਰ-ਉਪਦੇਸ਼ ਨਿਸਫਲ ਸਿੱਧ ਹੋ ਚੁੱਕਾ ਸੀ ]

(੩) ਜੀਵਨ-ਪ੍ਰਣ ਲੈਣ ਦਾ ਅਧਿਕਾਰ ਦੇਣ ਲਈ ਸਤਿਗੁਰਾਂ ਨੇ ਪੰਜਾਂ ਪਿਆਰਿਆਂ ਨੂੰ ਆਪ ਵੀ ਜੀਵਣ ਪ੍ਰਣ ਦਿੱਤਾ । ਸਤਿਗੁਰਾਂ ਨੇ ਸਪੱਸ਼ਟ ਕਰਕੇ ਸਮਝਾ ਦਿੱਤਾ ਕਿ (੧) ਅੰਮ੍ਰਿਤ ਅਭਿਲਾਖੀ ਕੋਲੋਂ ਜੀਵਨ-ਪਰਣ ਨਾ ਲਿਆ ਜਾਵੇ ਅਤੇ (੨) ਜੇ ਉਸ ਜੀਵਨ-ਪਰਣ ਨੂੰ ਪੂਰੀ ਤਰ੍ਹਾਂ ਨਿਭਾਇਆ ਨਾ ਜਾਵੇ, ਤਾਂ **ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਨ ਦਾ ਕੋਈ ਅਰਥ ਨਹੀਂ ਰਹਿ ਜਾਂਦਾ।** ਪੰਜਾਂ ਪਿਆਰਿਆਂ ਦੇ ਕੋਲ ਕੀਤਾ ਪ੍ਰਣ ਕਲਗ਼ੀਧਰ ਜੀ ਦੀ ਹਜ਼ੂਰੀ ਵਿਚ ਕੀਤੇ ਪ੍ਰਣ ਵਾਂਗ ਪਵਿੱਤ੍ਰ ਅਤੇ ਜ਼ਰੂਰੀ ਹੈ। ਉਸ ਪ੍ਰਣ ਨੂੰ ਤੋੜ ਦੇਣਾ ਦਸ਼ਮੇਸ਼ ਜੀ ਨੂੰ ਬੇਦਾਵਾ ਲਿਖ ਦੇਣ ਦੇ ਬਰਾਬਰ ਹੈ। [**ਬੜੀ ਵੱਡੀ ਪੰਥਕ ਬਦਕਿਸਮਤੀ ਹੈ, ਜੋ** ਸਿੱਖ ਰਹਿਤ ਮਰਯਾਦਾ ਵਿਚ ਅੰਮ੍ਰਿਤਧਾਰੀ ਕੋਲੋਂ ਜੀਵਨ-ਪ੍ਰਣ ਲੈਣ ਦਾ ਜ਼ਿਕਰ ਤੱਕ ਨਹੀਂ ਹੈ । ਜਿਥੇ ਗੁਰਬਾਣੀ ਦੇ ਪਾਠ ਤੋਂ ਗੁਰਮਤ ਗਿਆਨ ਸਮਝ ਕੇ ਉਸ ਅਨੁਸਾਰ ਜੀਵਨ ਸੁਆਰਨ ਦੀ ਮੰਗ ਤੱਕ ਨਹੀਂ ਹੈ ਓਥੇ ਪੰਜਾਂ ਪਿਆਰਿਆਂ ਵਲੋਂ ਦਿੱਤੀ ਜਾ ਰਹੀ ਸਿਖਿਆ ਨੂੰ ਮਨ ਦੀ ਇਕਾਗਰਤਾ ਨਾਲ ਅਥਵਾ ਧਿਆਨ ਨਾਲ ਸੁਣਨ ਦੀ ਵੀ ਕੋਈ ਪਾਬੰਦੀ ਨਜ਼ਰ ਨਹੀਂ ਆਉਂਦੀ । ਕੀ ਇਹ ਪੰਥਕ ਭੁੱਲ ਹੈ ਜਿਸ ਨੂੰ ਸੁਧਾਰ ਲੈਣ ਦਾ ਜ਼ਿਕਰ ਤੱਕ ਵੀ ਨਹੀਂ ਕੀਤਾ ਜਾ ਰਿਹਾ ਜੀ?  ]

**ਖ਼ਸਮ ਗੁਰੂ ਬਾਣੀ** ਨਾਲੋਂ (ਵਿਵਾਦ ਗ੍ਰਸਤ) ਗੁਰਬਾਣੀ ਨੂੰ ਪਹਿਲ ਦੇਣ ਵਾਲੇ ਪੰਥਕ ਆਗੂ ਜੀਓ ! ਅਜੇ ਵੀ ਸਮਾਂ ਹੈ, ਪਾਉ ਮੋੜਾ ਅਤੇ ਬਚਾ ਲਉ ਡੁਬਦਾ ਜਾ ਰਿਹਾ ਪੰਥਕ ਬੇੜਾ:---

੧੨- **ਐਸਾ ਕਾਹੇ ਭੂਲਿ ਪਰੇ ॥ ਕਰਹਿ  ਕਰਾਵਹਿ  ਮੂਕਰਿ  ਪਾਵਹਿ  ਪੇਖਤ ਸੁਨਤ ਸਦਾ ਸੰਗਿ ਹਰੇ ॥ ੧ ॥ ਰਹਾਉ ॥ ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥ ਹੋਵਨੁ ਕਉਰਾ ਅਨਹੋਵਨੁ  ਮੀਠਾ ਬਿਖਿਆ ਮਹਿ ਲਪਟਾਇ ਜਰੇ ॥ ੧ ॥** [੮੨੩]-੧੦-੯੬

## ੩

# ਤੀਰ ਠੀਕ ਨਿਸ਼ਾਨੇ ਤੇ ਬੈਠਾ ?

ਗੁਰੂ-ਪੰਥ ਦੇ ਕਿਸੇ ਚਲਾਕ ਵੈਰੀ ਲਿਖਾਰੀ ਦਾ ਤੀਰ ਭਾਂਵੇਂ ੮੮ ਸਾਲ ਪਛੜ ਕੇ ਹੀ ਚਲਿਆ ਸੀ, ਪਰ ਬੈਠਾ ਫਿਰ ਵੀ ਠੀਕ ਨਿਸ਼ਾਨੇ ਤੇ। ਵਾਰ ਨੇ ਅਜੇਹੀ ਛਾਲ ਮਾਰੀ ਕਿ ੮੮ ਸਾਲ ਪਹਿਲਾਂ ਵਰਤੇ ਅੰਮ੍ਰਿਤ ਤਿਆਰ ਕਰਨ ਵਾਲੇ ਕੌਤਕ ਦਾ ਹਿੱਸਾ ਬਣ ਕੇ ਸਿੱਧੀ ਸਰਬਲੋਹ ਗ੍ਰੰਥ ਦੇ ਵਿਚ ਜਾ ਬਿਰਾਜੀ। ਗੁਰਦਾਸ ਨਾਮੀ ਉਸ ਲਿਖਾਰੀ ਦੀ ਵਾਰ ਦੀਆਂ ੨੦ ਪਉੜ੍ਹੀਆਂ ਦੀ ਅਖ਼ੀਰਲੀ ਤੁਕ--" ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ "--ਸਾਰੇ ਗੁਰੂ ਦਰਬਾਰਾਂ ਵਿਚ ਬੜੇ ਪ੍ਰਭਾਵ ਸ਼ਾਲੀ ਢੰਗ ਨਾਲ ਗਾਈ ਜਾਣ ਲੱਗ ਪਈ ਅਤੇ ਆਪਣੀ ਆਪਣੀ ਮੱਤ ਅਨੁਸਾਰ ਦਲੀਲਾਂ ਦੇ ਕੇ ਦਸ਼ਮੇਸ਼ ਜੀ ਨੂੰ ਪੰਜਾਂ ਪਿਆਰਿਆਂ ਦਾ ਚੇਲਾ ਸਿੱਧ ਕੀਤਾ ਜਾਣਾ ਪੰਥ ਦੀ ਵਡਮੁੱਲੀ ਸੇਵਾ ਸਮਝੀ ਜਾਣ ਲੱਗ ਪਈ। ਗੁਰੂ ਵਰਗੇ ਅਧਿਕਾਰਾਂ ਦੀ ਬਖ਼ਸ਼ਸ਼ ਕਰਨ ਵਾਲੇ ਦਇਆਲੂ ਸਤਿਗੁਰੂ ਜੀ ਦਾ ਲੱਖਾਂ ਕ੍ਰੋੜਾਂ ਵਾਰ ਧਨਵਾਦ ਕਰਦੇ ਰਹਿਣ ਦੇ ਥਾਂ, ਅੰਮ੍ਰਿਤਧਾਰੀ ਸਿੰਘ ਆਪਣੇ ਅਨੂਪਮ ਗੁਰਦੇਵ ਜੀ ਦਾ " ਗੁਰੂ " ਬਣ ਬੈਠਾ। ਕਿਡੀ ਸਿਰੇ ਦੀ ਗੁਸਤਾਖ਼ੀ ਹੈ ਕਿ ਦਸ਼ਮੇਸ਼ ਜੀ ਨੂੰ ਸਿੰਘਾਂ ਦੇ (ਭਾਵ, ਆਪਣੇ) ਸਾਹਮਣੇ ਬੁੱਕ ਅੱਡੀ, ਗੋਡਿਆਂ ਪਰਨੇ ਹੋਏ ਦਰਸਾ ਦਿੱਤਾ। ਅਜੇਹੀ ਤਸਵੀਰ ਬਨਾਉਣ ਦਾ ਵਿਚਾਰ ਆ ਜਾਣਾ ਹੀ ਵਡੀ ਬਦਕਿਸਮਤੀ ਸੀ। ਕਿਉਂਕਿ ਭਾਵੇਂ ਜਿੰਨੀਆਂ ਮਰਜ਼ੀ ਹੈ ਦਲੀਲਾਂ ਦੇ ਕੇ ਮੁੱਕਰਦੇ ਰਹੀਏ ਪਰ, ਮਨ ਵਿਚ ਹੰਕਾਰ (ਭਾਵੇਂ ਬੜਾ ਹੀ ਸੁਖ਼ਸ਼ਮ ਰੂਪ ਹੋਵੇ ਪਰ ਹਉਮੈ) ਦਾ ਬੀਜ ਉਂਗਰ ਪੈਣ ਵਾਲੀ ਅਸਲੀਅਤ ਨੂੰ ਕਿਸੇ ਵੀ ਹਾਲਤ ਵਿਚ ਰੱਦ ਨਹੀਂ ਕੀਤਾ ਜਾ ਸਕਦਾ।

ਹਉਮੈ ਅਤੇ ਕ੍ਰੋਧ ਜੁੜਵੇਂ ਭਰਾ ਹਨ । ਪੰਜਾਂ ਬਾਣੀਆਂ ਦਾ ਪਾਠੀ ਅਤੇ ਪੰਜਾਂ ਕਕਾਰਾਂ ਦਾ ਧਾਰਨੀ ਜੇ ਲੇਸ-ਮਾਤ੍ਰ ਵੀ ਹੰਕਾਰੀ ਹੈ ਤਾਂ ਉਹ ਨਾਮ ਬਿਹੂਣਾਂ ਹੈ (**ਹਉਮੈ ਨਾਵੈ ਨਾਲਿ ਵਿਰੋਧ ....**), ਅਤੇ ਫਿਰ ਹਉਮੈ ਦੇ ਨਾਲ ਕ੍ਰੋਧੀ ਵੀ ਜ਼ਰੂਰ ਹੈ। ਨਾਮ ਬਿਹੂਣੇ ਹੰਕਾਰੀ-ਕ੍ਰੋਧੀ ਮਨੁੱਖ ਦਾ ਮੂੰਹ ਐਉਂ ਹੁੰਦਾ ਹੈ ਜਿਵੇਂ ਉਸ ਦੇ ਮੂੰਹ ਵਿਚ ਤੁੰਮਾਂ, ਅੱਕ ਅਥਵਾ ਧਤੂਰਾ ਪਿਆ ਹੁੰਦਾ ਹੈ---**ਤੁਮੀ ਤੁਮਾ ਵਿਸੁ, ਅਕੁ ਧਤੂਰਾ ਨਿਮੁ ਫਲੁ ॥ ਮਨਿ ਮੁਖਿ ਵਸਹਿ ਤਿਸੁ, ਜਿਸੁ ਤੂੰ ਚਿਤਿ ਨ ਆਵਹੀ ॥** [੧੪੮]-ਵਾਰ-੨੧ । ਅੰਮ੍ਰਿਤ ਧਾਰੀਆਂ ਦੀ ਏਸੇ ਕਮੀ ਨੇ ਉਨ੍ਹਾਂ ਪ੍ਰਤੀ ਲੋਕਾਂ ਦੇ ਮਨਾ ਵਿਚ ਪਹਿਲਾਂ ਬਣਿਆਂ ਸਤਿਕਾਰ, ਢਿੱਲਾ ਕਰ ਦਿੱਤਾ ਹੈ।

ਜਦ ੮੮ ਸਾਲ ਪਿਛੋਂ ਲਿਖੀ ਵਾਰ ਦੇ ਕਾਰਨ ਸਿੱਖ ਨੂੰ ਦਸ਼ਮੇਸ਼ ਜੀ ਦਾ ਗੁਰੂ ਬਣਨ ਬੈਠਣ ਦੀ ਗੱਲ ਝੱਲੀ ਬੈਠਾ ਵੇਖ ਲਿਆ ਤਾਂ, ਫਿਰ ਇਕ ਹੋਰ ਕਵੀ ਨੇ ਵੀ ਚਮਤਕਾਰ ਕਰ ਵਿਖਾਉਣ ਦੀ ਸੋਚ ਲਈ। ਉਸ ਦੇ ਗੀਤ ਵਿਚ ਦਇਆ ਸਿੰਘ ਕਹਿ ਰਿਹਾ ਹੈ--" ਹੇ ਕਲਗ਼ੀਧਰ ! ਅਸਾਂ ਆਪਣੇ ਸਿਰ ਦੇ ਵੱਟੇ ਅੰਮ੍ਰਿਤ ਲਿਆ ਹੈ। ਹੁਣ ਤੂੰ ਦੱਸ ਅੰਮ੍ਰਿਤ ਦੇ ਵੱਟੇ ਤੂੰ ਸਾਨੂੰ ਕੀ ਦੇਵੇਂਗਾ "? ਹੈਂਕੜ ਬਾਜੀ ਦੀ ਹੱਦ ਹੋ ਗਈ । ਜਿਸ ਦੀ ਦਾਤ ਸੀ, ਜੇ ਉਸ ਨੇ ਥੁਹੜੀ ਜਿਹੀ ਮੰਗ ਲਈ ਤਾਂ ਉਸ ਪਰਉਕਾਰੀ ਗੁਰੂ ਕੋਲੋਂ ਮੁੱਲ ਮੰਗਿਆ ਜਾ ਰਿਹਾ ਹੈ। ਗੀਤਕਾਰ, ਦੇ ਗੀਤ ਵਿਚ ਅਗੋਂ ਦਸ਼ਮੇਸ਼ ਜੀ ਕਹਿ ਰਹੇ ਹਨ, " ਹੇ ਪਿਆਰੇ ਦਇਆ ਸਿੰਘਾ ! ਤੂੰ ਤਾਂ ਕੇਵਲ ਆਪਣਾ ਹੀ ਸੀਸ ਵਾਰਿਆ ਸੀ, ਪਰ ਜੇ ਕਿਤੇ ਤੂੰ ਮੈਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਦੇਵੇਂ ਤਾਂ ਮੈਂ ਆਪਣਾ ਸਰਬੰਸ ਹੀ ਵਾਰ ਦਿਆਂਗਾ "" ਭਾਵ ਕਲਗ਼ੀਧਰ ਜੀ ਨੂੰ ਆਪਣਾਂ ਸਰਬੰਸ ਭਾਈ ਦਇਆ ਸਿੰਘ ਕੋਲੋਂ ਅੰਮ੍ਰਿਤ ਲੈਣ ਦੇ ਮੁੱਲ ਵਜੋਂ ਵਾਰਨਾਂ ਪਿਆ ਸੀ? ਜੇ ਕਿਤੇ ਭਾਈ ਦਇਆ ਸਿੰਘ ਅੰਮ੍ਰਿਤ ਦੀ ਕੀਮਤ ਨਾਂ ਮੰਗਦੇ ਤਾਂ ਭਾਵੇਂ ਗੁਰੂ ਪਰਵਾਰ ਨੂੰ ਅਜੇਹੀ ਔਕੜ ਨਾ ਹੀ ਬਣਦੀ। ਸੋ ਗੁਰੂ ਪਰਵਾਰ ਦਾ ਅਸਲ ਕਾਤਲ ਭਾਈ ਦਇਆ ਸਿੰਘ ਹੈ ? ਇਹ ਅਨਰਥ ਉਸ ਹੰਕਾਰ ਦੀ ਉਪਜ ਹੈ ਜਿਹੜਾ ਗੁਰਦਾਸ ਨਾਮੀ ਕਵੀ ਦੀ ਵਾਰ ਦੇ ਟੱਪੇ " ਆਪੇ ਗੁਰ ਚੇਲਾ " ਦੇ ਕਾਰਨ ਅੰਮ੍ਰਿਤਧਾਰੀ ਸਿੱਖ ਦੇ ਸਿਰ ਵਿਚ ਸੂਖਸ਼ਮ ਰੂਪ ਵਿਚ ਅਛੋਪਲੇ ਹੀ ਜਾ ਵੜਿਆ ਹੈ।

ਫਿਰ ਕਿਸੇ ਨੇ ਲਿਖ ਦਿੱਤਾ ਕਿ ਸੰਗਤਿ ੨੧ ਵਿਸਵੇ ਹੁੰਦੀ ਹੈ ਅਤੇ ਗੁਰੂ ੨੦ ਵਿਸਵੇ ਹੈ। ਹੰਕਾਰ ਦਾ ਬੀਜ ਇਕ ਹੋਰ ਬੀਜਿਆ ਗਿਆ। ਸਤਿਗੁਰਾਂ ਦੇ ਪਾਵਨ ਦਰਬਾਰ ਵਿਚ ਹੀ ਲੜਾਈ ਝਗੜੇ ਕਰਨੇ " ਸਿੱਖ-ਸੰਗਤ " ਨੇ ਆਪਣਾ ਹੱਕ ਮੰਨ ਲਿਆ। ਗੁਰੂ ਤਾਂ ਹੈ ਹੀ ਨੀਵਾਂ। ਉਸ ਦੀ ਸ਼ਰਮ ਕਰਨ ਦੀ ਕੀ ਲੋੜ ਰਹਿ ਗਈ। ਅਖ਼ਬਾਰਾਂ ਵਿਚ ਵੀ ਇਹ ਖ਼ਬਰਾਂ ਛਪੀਆਂ, ਕਿ ਪੰਥ ਦੀ ਸਰਬ-ਉਚ ਪਦਵੀ ਤੇ ਬਿਰਾਜਮਾਨ, ਪ੍ਰੋਫੈਸਰ ਦਰਸ਼ਨ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਜਥੇਦਾਰੀ ਤੋਂ ਇਸ ਲਈ ਤਿਆਗ-ਪੱਤਰ ਦੇਣਾ ਪੈ ਗਿਆ ਕਿਉਂਕਿ ਉਨ੍ਹਾਂ ਦੀ ਹਾਜ਼ਰੀ ਵਿਚ ਸ਼੍ਰੋਮਨੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਨੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਲੱਗੇ ਗੁਰੂ ਦਰਬਾਰ ਦੀ ਨਿਰਾਦਰੀ ਕਰਨ ਵਾਲਾ ਕੁ-ਕਰਮ ਕੀਤਾ ਸੀ। ਜੇ ਜਥੇਦਾਰ ਸਾਹਿਬ ਗੁਰੂ ਦਰਬਾਰ ਨੂੰ ਆਪਣੇ ਨਾਲੋਂ ਨੀਵਾਂ ਸਮਝਣ ਲੱਗ ਪੈਣ ਤਾਂ ਆਮ ਸਿੱਖ ਉਨ੍ਹਾਂ ਤੋਂ ਦੋ ਕਦਮ ਅੱਗੇ ਕਿਵੇਂ ਨਾ ਜਾਵੇਗਾ ?

ਆਪਣੇ ਆਪ ਨੂੰ ਗੁਰੂ ਦਾ ਵੀ ਗੁਰੂ ਸਮਝਣ ਵਾਲੇ ਅੰਮ੍ਰਿਤਧਾਰੀ ਹਉਮੈ-ਰੋਗ ਦੇ ਅਸਰ ਤੋਂ ਕੋਰੇ ਨਹੀਂ ਰਹਿ ਸਕਦੇ। ਮੂੰਹੋਂ ਬੇਸ਼ੱਕ ਭਾਂਵੇ ਆਪਣੇ ਆਪ ਨੂੰ " ਦਾਸ " ਹੀ ਕਹੀ ਜਾਂਦੇ ਹੋਣ ਪਰ ਕਰਮ ਉਨ੍ਹਾਂ ਵਿਚੋਂ ਕਿਸੇ ਵਿਰਲੇ ਦਾ ਹੀ ਨਿਮਰਤਾ ਭਰਪੂਰ ਹੋਵੇਗਾ। ਫਿਰ ਹਉਮੈ ਦੇ ਰੋਗੀ ਅੰਮ੍ਰਿਤਧਾਰੀ ਨੇ ਜਿਨ੍ਹਾਂ ਨੂੰ ਅੰਮ੍ਰਿਤ ਪਾਨ ਕਰਾਉਣਾ ਹੈ ਉਨ੍ਹਾਂ ਨੇ ਕਿੰਨਾ ਕੁ ਦਿਨ ਰਹਿਤ-ਬਹਿਤ ਵਿਚ ਪੱਕੇ ਰਹਿਣਾ ਹੈ? ਹੰਕਾਰੀ ਦੇ ਹੱਥੋਂ ਅੰਮ੍ਰਿਤ ਪਾਨ ਕਰਨ ਵਾਲੇ, ਹਉਮੈ ਰੋਗ ਤੋਂ ਕਿਵੇਂ ਬਚੇ ਰਹਿ ਸਕਦੇ ਹਨ। ਅੰਮ੍ਰਿਤ ਛਕਣ ਵਾਲਿਆਂ ਵਿਚੋਂ ਬਹੁਤਿਆਂ ਦਾ ਕਛਹਿਰਾ ਤੇ ਕਿਰਪਾਨ ਛੇਤੀ ਹੀ ਛਾਂਈਂ-ਮਾਈਂ ਹੋ ਜਾਂਦੇ ਹਨ। ਹੰਕਾਰੀ ਮਨੁੱਖ ਵਿਚ ਹੋਰ ਐਬ ਵੀ ਆ ਡੇਰਾ ਲਾਉਂਦੇ ਹਨ। ਕਈ ਘਟਨਾਵਾਂ ਵਿਚੋਂ ਕੁਝ ਇਸ ਪ੍ਰਕਾਰ ਹਨ:--

(੧) ਕੈਨੇਡਾ ਦੇ ਪ੍ਰਸਿੱਧ ਸ਼ਹਿਰ ਦੇ ਗੁਰੂ ਘਰ ਦਾ ਗ੍ਰੰਥੀ ਸਿੰਘ ੧੯੯੦/੯੧ ਵਿਚ ਪਾਕਿਸਤਾਨ ਗਿਆ। ਦਿੱਲੀ ਦੇ ਜਿਸ ਗੁਰਸਿੱਖ ਪਰਵਾਰ ਨਾਲ ਪਹਿਲਾਂ ਤੋਂ ਗੱਲ ਬਾਤ ਚੱਲ ਰਹੀ ਸੀ, ਉਹ ਪ੍ਰਵਾਰ ਵੀ ਆਪਣੀ ਜਵਾਨ ਪੁੱਤਰੀ ਨੂੰ ਨਾਲ ਲੈ ਕੇ ਪੁੱਜ ਗਿਆ। ਚੜ੍ਹਦੀ ਕਲਾ ਵਾਲੇ ਬਾਣੇ ਵਿਚ ਫੱਬ ਰਹੇ ਅੰਮ੍ਰਿਤਧਾਰੀ ਸਿੰਘ ਨਾਲ ਦਿੱਲੀਓਂ ਪੁੱਜੀ ਬੀਬੀ ਜੀ ਦਾ ਅਨੰਦਕਾਰਜ ਕਰਨ ਲਈ ਲਾਹੌਰ (ਪਾਕਿਸਤਾਨ) ਵਿਖੇ ਪੰਚਮ ਪਾਤਿਸ਼ਾਹ ਜੀ ਦੇ ਸ਼ਹੀਦੀ ਅਸਥਾਨ "ਗੁਰਦੁਆਰਾ ਡੇਰਾ ਸਾਹਿਬ " ਨੂੰ ਚੁਣਿਆਂ ਗਿਆ। ਕੈਨੇਡਾ ਤੋਂ ਨਾਲ ਗਏ ਨੀਂਗਰ ਗ੍ਰੰਥੀ ਸਿੰਘ ਜੀ ਦੇ ਅੰਮ੍ਰਿਤਧਾਰੀ ਮਿੱਤਰਾਂ ਦੇ ਕੀਰਤਨੀ ਜਥੇ ਨੇ ਅਨੰਦ-ਕਾਰਜ ਦੀ ਰਸਮ ਪੂਰੀ ਕਰਵਾਈ। ਮਹੀਨੇ ਦੇ ਕਰੀਬ ਪਤੀ ਪਤਨੀ ਇੱਕੱਠੇ ਰਹੇ। ਕਿਸੇ ਕਾਨੂੰਨੀ ਅੜਿਚਨ ਕਾਰਨ ਬੀਬੀ ਜੀ ਪਾਕਿਸਤਾਨ ਤੋਂ ਸਿੱਧੇ ਕੈਨੇਡਾ ਨਾ ਆ ਸਕੇ। ਦਿੱਲੀ ਤੋਂ ਮੰਗਵਾ ਲੈਣ ਦੇ ਬਚਨ ਪੱਕੇ ਕਰਕੇ, ਸਿੰਘਾਂ ਦਾ ਜਥਾ ਕੈਨੇਡਾ ਮੁੜ ਆਇਆ। ਸਿੰਘਾਂ ਦੇ ਜਿਸ ਜਥੇ ਨੇ ਇਹ ਅਨੰਦਕਾਰਜ ਕਰਾਇਆ ਸੀ ਉਹ ਸਿੱਖ ਬਚਿਆਂ ਦੇ Camp ਲਾਉਣ ਦੀ ਸੇਵਾ ਕਰਨ ਦੇ ਨਾਲ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਣ ਦਾ ਸਨਮਾਨਤ ਕਾਰਜ ਵੀ ਕਰਿਆ ਕਰਦਾ ਸੀ। ਨੀਂਗਰ " ਸਿੰਘ ਜੀ " ਨੇ ਉਸ ਬੀਬੀ ਨੂੰ ਕਿਸੇ ਗੱਲੋਂ ਆਪਣੇ ਲਈ ਠੀਕ ਨਾ ਸਮਝ ਕੇ ਉਸ ਨੂੰ ਕਨੇਡਾ ਮੰਗਵਾਉਣ ਦਾ ਖਿਆਲ ਬਦਲ ਲਿਆ। ਤਰਸੇਮ ਸਿੰਘ ਆਦਿ ਉਸ ਦੇ ਸਾਥੀ ਪੰਜ ਪਿਆਰਿਆਂ ਨੇ ਹੁਕਮ-ਨਾਮਾਂ ਲਿਖ ਕੇ ਅਖ਼ਬਾਰਾਂ ਨੂੰ ਭੇਜ ਦਿੱਤਾ ਕਿ ਉਹ ਪੰਜ ਪਿਆਰੇ ਆਪਣਾ ਗੁਰੂ ਵਾਲਾ ਅਧਿਕਾਰ ਵਰਤ ਕੇ ਨੀਂਗਰ " ਸਿੰਘ ਜੀ " ਨੂੰ ਸ਼ਾਦੀ ਦੇ ਬੰਧਨਾਂ ਤੋਂ ਮੁਕਤ ਕਰਦੇ ਹਨ। ਜਿਸ ਬੱਚੀ ਦੀ ਸ਼ਾਦੀ ਸਤਿਗੁਰੂ ਗ੍ਰੰਥ ਸਾਹਿਬ ਜੀ ਨੇ ਕੀਤੀ ਸੀ, ਜਿਸ ਬੱਚੀ ਦੀ ਪਵਿਤ੍ਰਤਾ ਨੂੰ ਕਈ ਦਿਨ ਖਡਾਉਣਾ ਬਣਾਈ ਰਖਿਆ ਸੀ ਉਸ ਦੁਖਿਅਰੀ ਬੀਬੀ ਦੇ, ਪਤਨੀ ਵਾਲੇ ਹੱਕਾਂ ਨੂੰ (ਦਸ਼ਮੇਸ਼ ਜੀ ਦੇ ਗੁਰੂ) ਪੰਜ ਹੰਕਾਰੀ ਪਿਆਰਿਆਂ ਨੇ " ਰੱਦ " ਘੋਸ਼ਤ ਕਰ ਦਿੱਤਾ। ਅਜੇਹੀ ਖ਼ਬਰ ਇੰਡੋਕੈਨੇਡੀਅਨ ਅਖ਼ਬਾਰ ਵਿਚ ਪੜ੍ਹ ਕੇ ਦਾਸ ਦਾ ਹਿਰਦਾ ਕੁਰਲਾ ਉਠਿਆ ਅਤੇ ਗੁਰਮਤਿ ਦੇ ਅਨਕੂਲ ਕੁਝ ਕਰੜੇ ਸ਼ਬਦਾਂ ਵਿਚ ਇੱਕ ਸਖ਼ਤ ਚਿੱਠੀ ਲਿਖ ਕੇ ਅਖਬਾਰਾਂ ਨੂੰ ਭੇਜ ਦਿੱਤੀ। ਉਸ ਚਿੱਠੀ ਨੂੰ ਵੀ ਭਾਈ ਤਾਰਾ ਸਿੰਘ ਹੇਅਰ ਨੇ ਆਪਣੀ ਅਖ਼ਬਾਰ ਵਿਚ ਛਾਪ ਦਿੱਤਾ। ਪਰ ਦਾਸ ਦਾ ਯਤਨ ਨਿਸਫਲ ਗਿਆ ਅਤੇ ਅੰਮ੍ਰਿਤਧਾਰੀ ਨੀਂਗਰ ਗ੍ਰੰਥੀ ਸਿੰਘ ਜੀ, ਜੋ ਹੋਰਨਾਂ ਨੂੰ ਵੀ ਅੰਮ੍ਰਿਤ ਛਕਾਉਂਣ ਦਾ ਉਪਕਾਰ ਕਰਿਆ ਕਰਦਾ ਸੀ, ਨੇ ਹੋਰ ਸ਼ਾਦੀ ਰਚਾ ਹੀ ਲਈ। ਇਹ ਉਸ ਅੰਮ੍ਰਿਤਧਾਰੀ ਧਰਮ ਆਗੂ ਦੀ ਤੀਜੀ ਮੈਰਿਜ ਸੀ।(ਪਤਨੀ ਲਿਖਣਾ ਮੰਨ ਨਹੀਂ ਮੰਨਿਆ)

(੨) ਬੀ ਸੀ ਪ੍ਰਾਂਤ ਦੀ ਰਾਜਧਾਨੀ, ਪ੍ਰਸਿੱਧ ਸ਼ਹਿਰ ਵਿਕਟੋਰੀਆ ਦੇ ਗੁਰੂ ਘਰ ਵਿਚ ਇੱਕ ਸਹਿਜ ਧਾਰੀ ਸੱਜਣ, (ਜਿਸ ਦੀ ਉਮਰ ੬੫/ ੭੦ ਸਾਲ ਦੇ ਗੇੜ ਵਿਚ ਸੀ ਪਰ ਮੂੰਹ ਸਿਰ ਦੇ ਵਾਲ ਪੂਰੀ ਤਰ੍ਹਾਂ ਰਗੜੀ ਰੱਖਦਾ ਸੀ) ਖੜਾ ਹੋ ਕੇ ਬੜੇ ਪਿਆਰ ਨਾਲ ਚਿਮਟਾ ਵਾਜਾਉਂਦਾ ਅਤੇ ਸ਼ਬਦ ਗਾਉਂਦਾ ਹੁੰਦਾ ਸੀ। ਦਾਸ ਨਾਲ ਉਸ ਦਾ ਨੇੜ ਬਣ ਗਿਆ। ਇੱਕ ਦਿਨ ਦਾਸ ਨੇ ਪੁਛਿਆ ਕਿ ਉਹ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਕਿਉਂ ਨਹੀਂ ਸੱਜ ਜਾਂਦਾ। ਉਸ ਨੇ ਅਗੋਂ ਇਉਂ ਦੀ ਹੱਡ ਬੀਤੀ ਕਹਿ ਸੁਣਾਈ--"-ਮੈ ਜਲੰਧਰ ਜ਼ਿਲੇ ਦੇ ਬੜੇ ਤਕੜੇ ਨੱਗਰ ਦਾ ਵਸਨੀਕ ਹਾਂ। ਸਾਡੀ ਜ਼ਮੀਨ ਪਿੰਡੋਂ

ਹਟਵੀਂ, ਪਰ ਸੜਕ ਦੇ ਕੰਢੇ ਤੇ ਸੀ। ਸਾਡੇ ਪਿੰਡ, ਬੜਾ ਖੁਲ੍ਹਾ ਅਤੇ ਸੁੰਦਰ ਗੁਰਦੁਆਰਾ ਹੈ। ਦਿਨ ਵਾਰ ਨੂੰ ਮੈਂ ਗੁਰਦੁਆਰੇ ਪੁਜ ਕੇ ਸ਼ਬਦ ਜ਼ਰੂਰ ਪੜ੍ਹਦਾ ਹੁੰਦਾ ਸਾਂ। ਪਿੰਡ ਦਾ ਭਾਈ ਸਿਆਣਾ ਅਤੇ ਭਲਾ ਲੋਕ ਸੀ। ਉਸ ਨੇ ਸਾਨੂੰ ਪਿੰਡ ਵਾਸੀਆਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਿਆ ਤਾਂ ਅਸਾਂ ਕਈਆਂ ਗਭਰੂਆਂ ਨੇ ਨਾਮ ਲਿਖਾ ਦਿੱਤੇ। ਭਾਈ ਜੀ ਨੇ ਪੰਜਾਂ ਪਿਆਰਿਆਂ ਦਾ ਪਰਬੰਧ ਕਰ ਲਿਆ ਅਤੇ ਅੰਮ੍ਰਿਤ ਛਕਾਉਣ ਦਾ ਦਿਨ ਮਿਥ ਲਿਆ।

ਸ਼ਾਮ ਜਿਹੇ ਦਾ ਵੇਲਾ ਸੀ ਕਿ ਸੋਹਣੇ ਦਾਹੜੇ ਅਤੇ ਨੀਲੀ ਪੱਗ ਵਾਲਾ ਸਿੰਘ ਸਾਡੇ ਖੂਹ ਤੇ ਆਇਆ। ਕਿਰਪਾਨ ਪਾਈ ਵੇਖ ਕੇ ਮੈਂ ਆਦਰ ਨਾਲ ਮੰਜਾ ਡਾਹ ਦਿੱਤਾ। ਚਾਹ ਪਾਣੀ ਪੁਛਿਆ ਤਾਂ ਉਸ ਨੇ ਕਿਹਾ ਕਿ ਘਰ ਦੀ ਕੱਢੀ ਚੰਗੀ ਬੋਤਲ ਮਿਲ ਜਾਊ? ਮੈਂ ਉਸੇ ਹੀ ਰਾਤ ਬੜੀ ਵਧੀਆਂ ਸ਼ਰਾਬ ਬਣਾਈ ਸੀ। ਕਿਰਪਾਨ ਵਾਲੇ ਸਿੰਘ ਜੀ ਦੀ ਸੇਵਾ ਤਾਂ ਰੱਬ ਦੇਵੇ। ਮੈਂ ਪਹਿਲੇ ਤੋੜ ਦੀ ਬੋਤਲ ਲਿਆ ਅੱਗੇ ਰੱਖੀ। ਸਿੰਘ ਜੀ ਨੇ ਕਿਹਾ ਕਿ ਅਸਾਂ ਨਾਲ ਨਹੀਂ ਲੈ ਜਾਣੀ ਬੱਸ ਏਥੇ ਹੀ ਭੋਗ ਲਾਉਣਾ ਹੈ। ਮੈਂ ਗਲਾਸੀ ਤੇ ਪਾਣੀ ਵੀ ਲਾਗੇ ਲਿਆ ਟਿਕਾਇਆ। ਦੋ ਚਾਰ ਹਰੇ ਗੰਢੇ ਖੇਤ ਵਿਚੋਂ ਲਿਆ ਦਿੱਤੇ। ਮੈਂ ਪਸੂਆਂ ਨੂੰ ਲੈ ਕੇ ਪਿੰਡ ਆਉਣਾ ਸੀ। ਜਦ ਸਿੰਘ ਜੀ ਪੀਣ ਲੱਗ ਪਏ ਮੈਂ ਕਿਹਾ ਕਿ ਰੋਟੀ ਲੈ ਕੇ ਹੁਣੇ ਮੁੜਦਾ ਹਾਂ। ਮੇਰੇ ਆਉਂਦਿਆਂ ਨੂੰ ਸਿੰਘ ਜੀ ਰੋਟੀ ਖਾਣ ਜੋਗੇ ਰਹੇ ਹੀ ਨਹੀਂ ਸਨ। ਅਧੀਉਂ ਵੱਧ ਬੋਤਲ ਖਾਲੀ ਕਰਕੇ ਮੂਧੇ ਮੂੰਹ ਮੰਜੀ ਤੇ ਪਏ ਫ਼ਰਾਟੇ ਮਾਰ ਰਹੇ ਸਨ। ਬੜੇ ਤਰਲਿਆਂ ਨਾਲ ਜਗਾਇਆ ਪਰ ਸਿੰਘ ਜੀ ਫਿਰ ਮੰਜੀ ਦੇ ਡਿਗ ਪਏ। ਅਸੂ ਦੇ ਦਿਨ ਸਨ। ਸਿੰਘ ਜੀ ਦੇ ਉਤੇ ਖੇਸੀ ਪਾ ਕੇ ਮੈਂ ਘਰ ਚਲਾ ਗਿਆ। ਤੜਕੇ ਦਹੀਂ ਦਾ ਛੰਨਾਂ ਤੇ ਮੱਖਣ ਦਾ ਪੇੜਾ ਰੱਖ ਸਿੰਘ ਜੀ ਦੀ ਸੇਵਾ ਦੀ ਸੱਧਰ ਨਾਲ ਖੂਹ ਤੇ ਪੁੱਜਾ। ਮਜੇ ਤੇ ਨਿਰੀ ਖੇਸੀ ਹੀ ਪਈ ਸੀ। ਸਿੰਘ ਜੀ ਪਤਾ ਨਹੀਂ ਕਿਹੜੇ ਦੇਸ਼ ਵੱਲ ਨੂੰ ਕੂਚ ਕਰ ਗਏ ?

ਉਸੇ ਦਿੱਨ ਅੰਮ੍ਰਿਤ ਪਰਚਾਰ ਸੀ। ਮੈਂ, ਨਵੇਂ ਕਛਹਿਰੇ ਸੁਆਏ ਹੋਏ ਸਨ। ਛੋਟੀ ਕਿਰਪਾਨ ਵੀ ਬੜੇ ਸ਼ੌਕ ਨਾਲ ਲੈ ਆਇਆ ਸਾਂ। ਪੂਰੇ ਤਿੰਨ ਵਜੇ ਪੰਜਾਂ ਕਕਾਰਾਂ ਵਿਚ ਫੱਬ ਕੇ ਗੁਰਦਆਰੇ ਪੁੱਜਾ। ਹੋਲੀ ਹੋਲੀ ੧੪/੧੫ ਹੋਰ ਅੰਮ੍ਰਿਤ ਅਭਿਲਾਖੀ ਵੀ ਆ ਗਏ। ਗੁਰੂ ਘਰ ਦੇ ਦਰਵਾਜ਼ੇ ਤੇ ਇੱਕ ਸਿੰਘ ਬਸੰਤੀ ਕੱਪੜੇ ਪਾ ਕੇ ਜਿਵੇਂ ਪਹਿਰੇ ਤੇ ਖੜ੍ਹਾ ਹੋਵੇ। ਝੱਟ ਕੁ ਪਿਛੋਂ ਸਾਨੂੰ ਅੰਦਰ ਬੁਲਾ ਲਿਆ। ਵਾਰੀ ਵਾਰੀ ਮੱਥਾ ਟੇਕਿਆ ਤੇ ਬੈਠ ਗਏ। ਜਦੋਂ ਅੰਮ੍ਰਿਤ ਤਿਆਰ ਕਰਨ ਲੱਗੇ ਤਾਂ ਮੈਂ ਵੇਖਿਆ ਕਿ ਜਿਹੜਾ ਸਿੰਘ ਸਾਰੀ ਰਾਤ ਸਾਡੇ ਖੂਹ ਤੇ ਮੂਧਾ ਪਿਆ ਰਿਹਾ ਸੀ ਉਹ ਪੰਜਾਂ ਪਿਆਰਿਆਂ ਦਾ ਮੋਹਰੀ ਬਣਿਆ ਬੈਠਾ ਸੀ। ਜੇ ਏਹੋ ਜਿਹੇ ਪਿਆਰਿਆਂ ਨੇ ਸਾਨੂੰ ਅੰਿਤ ਦੀ ਦਾਤ ਬਖ਼ਸ਼ ਕੇ ਸਾਨੂੰ ਕੁਰਹਿਤਾਂ ਕਰਨੋਂ ਵਰਜਣਾ ਹੈ ਤਾਂ ਅਜੇਹ ਅੰਮ੍ਰਿਤ ਤੋਂ ਐਵੇਂ ਹੀ ਚੰਗਾ ਹਾਂ। ਮਹਾਰਾਜ ਦਾ ਸਤਿਕਾਰ ਕਰਦਿਆਂ ਵਾਧੂ ਰੌਲਾ ਤਾਂ ਨਾ ਪਾਇਆ ਪਰ ਮੈਂ ਉਸੇ ਵੇਲੇ ਉਠ ਕੇ ਬਾਹਰ ਆ ਗਿਆ ਤੇ ਅਜੇਹਾ ਸਿਰ ਮੁਨਾਇਆ ਕਿ ਮੁੜ ਕੇਸ ਨਹੀਂ ਰੱਖੇ।

(੩) ਕੈਨੇਡਾ ਦੇ ਇੱਕ ਨੱਗਰ ਵਿਚ ਅੰਮ੍ਰਿਤ ਪਰਚਾਰ ਹੋਇਆ। ਪੰਜਾਂ ਪਿਆਰਿਆਂ ਦੀ ਕਚਹਿਰੀ ਨੇ ਦੂਜੀ ਵਾਰ ਅੰਮ੍ਰਿਤ ਛਕਣ ਆਏ ਅੰਮ੍ਰਿਤ ਅਭਿਲਖੀਆਂ ਨੂੰ ਅੰਦਰ ਬੁਲਾਇਆ। ਅੰਦਰ ਜਾਣ ਵਾਲਿਆਂ ਵਿਚ ਕੇਵਲ ਇੱਕ ਬੀਬੀ ਹੀ ਸੀ। ਪਛਤਾਵੇ ਦੀ ਅੱਗ ਵਿਚ ਸੜਦੀ, ਧਾਰਮਿਕ ਖ਼ਿਆਲਾਂ ਵਾਲੀ ਉਸ ਬੀਬੀ ਨੇ, " ਨਿਪੱਤਿਆਂ ਦੀ ਪਤਿ, ਨਿਆਸਰਿਆਂ ਦੇ ਆਸਰੇ, " ਗੁਰੂ ਪਰਮੇਸ਼ਰ, ਦਸ਼ਮੇਸ਼ ਜੀ ਦਾ ਹੀ ਰੂਪ ਜਾਣਕੇ, ਪੰਜਾਂ ਕਕਾਰਾਂ ਵਿਚ ਫੱਬੇ ਉਨ੍ਹਾਂ ਪੰਜਾਂ ਸਿੰਘਾਂ ਨੂੰ ਆਪਣੀ ਪਤਿ ਦੇ ਦੇ ਰਾਖੇ, ਅਰਦਾਸ ਵਿਚ ਦੂਜਿਆਂ ਦੇ ਗੁਨਾਹਾਂ ਨੂੰ ਵੇਖ ਕੇ ਅਣਡਿੱਠਾ ਕਰ ਦੇਣ ਵਾਲੇ ਸਿੰਘਾ ਦੀ ਯਾਦ ਤਾਜ਼ਾ ਕਰਵਾ ਕੇ ਸੰਗਤਾਂ ਨੂੰ ਦੂਜਿਆਂ ਦੇ ਗੁਨਾਹਾਂ ਤੇ ਪਰਦਾ ਪਾਉਣ ਦਾ ਉਪਦੇਸ਼ ਦੇਣ ਵਾਲੇ, ਗੁਰੂ-ਰੂਪ ਹੋ ਕੇ ਅੰਮ੍ਰਿਤ ਪਾਨ ਕਰਵਾ ਕੇ ਗੁਰੂ ਵਾਲਾ ਬਨਾਉਣ ਆਏ, ਉਨ੍ਹਾਂ ਪੰਜਾਂ ਸਿੰਘਾਂ ਨੂੰ ਦਸ਼ਮੇਸ਼ ਜੀ ਦਾ ਹੀ ਰੂਪ ਜਾਣ ਲਿਆ। ਪੂਰਨ ਭਰੋਸੇ ਅਤੇ ਪੱਕੇ ਵਿਸ਼ਾਵਸ਼ ਨਾਲ ਪੰਜ ਪਿਆਰਿਆਂ ਦੀ ਧਾਰਮਿਕ ਅਦਾਲਤ ਵਿਚ ਉਸ ਭੋਲੀ ਬੀਬੀ ਨੇ ਆਪਣੀ ਭੁੱਲ ਦਾ ਇਕਬਾਲ ਕਰ ਲਿਆ। ਹਟਕੋਰੇ ਭਰਦੀ ਗੁਰੂ ਦੀ ਉਸ ਬੇਟੀ ਨੇ ਦਸਿਆ ਕਿ ਕਾਂਮ ਵੱਸ ਹੋ ਕੇ ਉਹ ਪਰ-ਪੁਰਸ਼ ਨਾਲ ਸੰਗ ਕਰਨ ਦੀ ਗੰਭੀਰ ਭੁੱਲ ਕਰ ਬੈਠੀ ਹੈ। ਪੰਜਾਂ ਪਿਆਰਿਆਂ ਨੇ ਬੀਬੀ ਕੋਲੋਂ ਸਾਰੀ ਵਿਥਿਆ ਵਿਸਥਾਰ ਨਾਲ ਸੁਣੀ ਅਤੇ ਯੋਗ ਤਨਖਾਹ ਲਾ ਕੇ ਦੋਬਾਰਾ ਅੰਮ੍ਰਿਤ ਪਾਨ ਕਰਾ ਦਿਤਾ। ਜਦ ਜਥੇਦਾਰ ਜੀ ਜਦ ਨੇ ਬੀਬੀ ਨੂੰ ਇਹ ਕਿਹਾ, ਕਿ ਉਹ ਅੱਜ ਤੋਂ ਫੇਰ ਦਸ਼ਮੇਸ਼ ਜੀ ਦੀ ਪੁਤਰੀ ਬਣ ਗਈ ਹੈ, ਤਾਂ ਬੀਬੀ, ਧੰਨ ਧੰਨ ਸਤਿਗੁਰੂ ਕਲਗੀਆਂ ਵਾਲਾ ਅਤੇ ਧੰਨ ਉਸ ਦੇ ਪੰਜ ਪਿਆਰੇ ਪੁਕਾਰਦੀ ਨੇ ਧਨਵਾਦ ਵਿਚ ਸਿਰ ਨਿਵਾਇਆ। ਹੇ ਬਾਜਾਂ ਵਾਲੇ ਗੁਰੂ-ਪਿਤਾ ਜੀਓ ! ਤੁਹਾਡਾ ਕੋਟਾਨ ਕੋਟ ਧਨਵਾਦ ਹੈ। ਇਸ ਭੁੱਲੜ ਪਾਪਨ ਨੂੰ ਆਪਣੀ ਪੁੱਤਰੀ ਬਣਾ ਲੈਣ ਵਾਲੇ ਪਾਪ ਖੰਡਨ ਦਸ਼ਮੇਸ਼ ਜੀਉ ਤੂੰ ਧੰਨ ਹੈਂ। ਧੰਨ ਧੰਨ ਪੁਕਾਰਦੀ ਉਹ ਬੀਬੀ ਘਰ ਨੂੰ ਪਰਤ ਗਈ।

ਪਰ ਵਿਚਾਰੀ ਉਸ ਬੀਬੀ ਦੀ ਇਹ ਖ਼ੁਸ਼ੀ ਛੇਤੀ ਹੀ ਕੀਰਨਿਆਂ ਵਿਚ ਬਦਲ ਗਈ। ਅੰਮ੍ਰਿਤ ਛਕਾਉਣ ਤੋਂ ਵਿਹਲੇ ਹੋ ਕੇ ਉਨ੍ਹਾਂ ਗੁਰੂ ਦਿਆਂ ਲਾਲਾਂ ਵਿਚੋਂ ਕਿਸੇ " **ਪਿਆਰੇ** " ਨੇ ਪਹਿਲਾ ਕੰਮ ਇਹ ਕੀਤਾ ਕਿ ਬੀਬੀ ਜੀ ਦੇ ਪਤੀ ਨੂੰ ਮਿਲ ਕੇ ਬੀਬੀ ਕੋਲੋਂ ਸੁਣੀ ਸਾਰੀ ਗੱਲ ਅਜੇਹੇ ਢੰਗ ਨਾਲ ਦੱਸੀ ਕਿ ਆਪਣਾ ਦੋਸ਼ ਮੰਨ ਕੇ ਪਛਤਾਵਾ ਕਰਨ ਵਾਲੀ ਆਪਣੀ ਸੁਹਿਰਦ ਪਤਨੀ, ਉਸ ਨੂੰ ਵੱਡੀ ਬਦਚਲਨ ਹੋ ਦਿੱਸੀ। ਚੰਗੇ-ਭਲੇ ਸੁਖੀ ਵੱਸਦੇ ਘਰ ਨੂੰ ਬਰਬਾਦ ਕਰ ਕੇ ਰੱਖ ਦਿੱਤਾ। ਪੰਜਾਂ ਪਿਆਰਿਆਂ ਦੀ ਇਹ ਵਿਸ਼ਵਾਸ਼ ਘਾਤੀ ਕਰਤੂਤ, ਕਈ ਦਿਨ ਲੋਕਾਂ ਦੀ ਦੰਦ-ਕਥਾ ਬਣੀ ਰਹੀ। ਅਜੇਹੇ ਪਿਆਰਿਆਂ ਕੋਲੋਂ ਅੰਮ੍ਰਿਤ ਪਾਨ ਕਰਨ ਵਾਲਿਆਂ ਨੇ ਕਿੰਨੇ ਕੁ ਸਿਦਕੀ ਸਿੰਘ ਅਤੇ ਕਥਨੀ ਕਰਣੀ ਦੇ ਸੂਰੇ ਮਨੁੱਖ ਬਣਨਾ ਹੈ? ਏਸੇ ਲਈ ਗੁਰਮਤਿ ਅਨੁਸਾਰ ਜੂਵਨੀ ਬਨਾਉਣ ਤੇ ਸਾਰਾ ਜ਼ੋਰ ਲਾਉਣ ਦੀ ਲੋੜ ਹੈ। ਅੰਮ੍ਰਿਤਧਾਰੀ ਬਣਨ ਤੋਂ ਪਹਿਲਾਂ ਗੁਰਮਤਿ ਤੋਂ ਵਧ ਤੋਂ ਵੱਧ ਜਾਣਕਾਰੀ ਹੋਣੀ ਬੜੀ ਜ਼ਰੂਰੀ ਹੈ।

ਐਵੇਂ ਵਣਗੀ ਮਾਤ੍ਰ ਇਹ ਉਦਾਹਰਨਾ ਕੇਵਲ ਪੰਥ ਦੇ ਜਥੇਦਾਰ ਦੀ ਨੀਂਦ ਤੋੜਨ ਦਾ ਉਪਰਾਲਾ ਹੈ। ਉਂਜ ਜੋ ਕੁਝ ਹੋ ਰਿਹਾਂ ਹੈ ਉਸ ਦਾ ਵੇਰਵਾ ਲਿਖਣਾ ਅਸੰਭਵ ਬਣ ਚੁੱਕਾ ਹੈ। ਜੇ ਪੰਥਕ ਤੌਰ ਤੇ ਗੁਰਮਤਿ ਪਰਚਾਰ ਦੇ ਬੜੇ ਖੁਲ੍ਹੇ ਅਤੇ ਅਸਰਦਾਰ ਪ੍ਰਬੰਧ ਨਾ ਕੀਤੇ ਗਏ ਤਾਂ ਮਾਇਆ ਦੀ ਉਗਰਾਹੀ ਲਈ ਬਣੇ ਕਥਿਤ ਧਰਮ-ਪਰਚਾਰਕਾਂ ਦੁਆਰਾ ਅਤੇ ਡੇਰਾਵਾਦੀ ਅਖੌਤੀ ਸੰਤ-ਟੋਲਿਆਂ ਦੁਆਰਾ, ਗੁਰਮਤਿ ਤੋਂ ਅਗਿਆਨੀ ਸਿੱਖ ਨੌ ਜਵਾਨ ਜਿਸ ਪਾਸੇ ਨੂੰ ਪ੍ਰੇਰਿਆ ਜਾ ਰਿਹਾ ਹੈ, ਡਰ ਹੈ ਕਿ ਉਸ ਤੋਂ ਛੇਤੀ ਹੀ ਖ਼ਾਲਸਾ ਜੀ ਦੀ ਰਹਿੰਦੀ ਨੁਹਾਰ ਵੀ ਬਦਲ ਦੇਵੇਗਾ।

੧੩- **ਵੇਲਿ ਪਿੰਞਾਇਆ ਕਤਿ ਵੁਣਾਇਆ ॥ ਕਟਿ ਕੁਟਿ ਕਰਿ ਖੁੰਬਿ ਚੜਾਇਆ ॥**

**ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ ॥ ਇਉ ਪਤਿ ਪਾਟੀ ਸਿਫਤੀ ਸੀਪੈ
ਨਾਨਕ ਜੀਵਤ ਜੀਵੈ ॥ ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ ॥ ਮਾਹੁ ਪਖੁ
ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ ॥ ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ
ਨ ਪਾਟੈ ॥ ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ ॥ ੧ ॥**[੯੫੬]-ਵਾ-੧੯

## ੪

## ਦਸ਼ਮੇਸ਼ ਜੀ ਦੇ ਹੁਕਮ ਦੀਆਂ ਵੰਡੀਆਂ ?

ਇਸੇ ਪੁਸਤਕ ਦੇ ਪਹਿਲੇ ਭਾਗ ਦੀ ਭੂਮਕਾ ਦੇ ਵਿਚ Hermeneutics ਦੇ ਵਿਦਵਾਨਾਂ ਦੀ ਖੋਜ ਦਾ ਸਿੱਟਾ ਲਿਖਿਆ ਹੋਇਆ ਹੈ ਕਿ-" ਉਂਜ ਤਾਂ ਕਿਸੇ ਸ਼ਬਦ ਜਾਂ ਕਿਸੇ ਖ਼ਾਸ ਤੁਕ ਦੇ ਸਥਾਈ ਅਰਥ ਨੂੰ ਪੂਰੇ ਗ੍ਰੰਥ ਦਾ ਸਿਧਾਂਤ ਮਨ ਲੈਣਾ ਵੀ ਵਡੀ ਹੂੜ ਮਤ ਹੀ ਹੈ, ਪਰ ਕਿਸੇ ਧਰਮ-ਗ੍ਰੰਥ ਦੀ ਬਾਣੀ ਨਾਲ ਅਜੇਹਾ ਮਨਮਤੀ ਵਿਹਾਰ ਕਰਨਾ ਕੌਮੀ ਬਦ-ਕਿਸਮਤੀ ਹੋਇਆ ਕਰਦੀ ਹੈ। ਇਹ ਗੱਲ ਪਹਿਲਾਂ ਵੀ ਕਈ ਥਾਂਈਂ ਲਿਖਦੇ ਆ ਰਹੇ ਹਾਂ ਕਿ ਕੌਮ ਦੇ ਜਨਮ ਦਾਤੇ ਦੇ ਉਪਦੇਸ਼ ਦੇ ਕਿਸੇ ਪੱਖ ਨੂੰ ਆਪਣੀ ਮਤ ਅਨੁਸਾਰ ਵਰਤਣਾ ਅਰੰਭ ਕਰ ਲੈਣਾ, ਕੌਮ ਦੀ ਉਸ ਆਭਾ ਲਈ ਸਖ਼ਤ ਹਾਨੀ ਕਾਰਕ ਹੁੰਦਾ ਹੈ ਜਿਸ ਦੈਵੀ ਆਭਾ ਦੇ ਕਾਰਨ ਕੌਮ ਨੇ ਸੰਸਾਰ ਵਿਚ ਮਾਣ ਪ੍ਰਾਪਤ ਕੀਤਾ ਹੁੰਦਾ ਹੈ। ਗੁਰਬਾਣੀ ਦੀ ਕਿਸੇ ਵਿਸ਼ੇਸ਼ ਤੁਕ ਦੇ, ਜਾਂ ਕਿਸੇ ਇੱਕ ਸ਼ਬਦ ਦੇ, ਸਥਾਈ ਅਤੇ ਅੱਖਰੀ ਅਰਥ, ਆਪਣੀ ਵਿਉਂਤ ਨਾਲ ਵਰਤਣ ਵਾਲੇ ਲਿਖਾਰੀ ਅਥਵਾ ਪਰਚਾਰਕ, ਜਿਸ ਪ੍ਰਕਾਰ ਦਾ ਕੌਮੀ ਨੁਕਸਾਨ ਪੁਚਾਈ ਤੁਰੇ ਜਾ ਰਹੇ ਹਨ, ਉਸ ਦਾ ਜ਼ਿਕਰ ਪੁਸਤਕ ਦੇ ਪਿਛਲੇ ਚੌਹਾਂ ਭਾਗਾਂ ਵਿਚ ਵੀ ਕਈ ਥਾਈਂ ਕੀਤਾ ਹੈ, ਪਰ " ਮਾਸੁ ਮਾਸੁ ਕਰਿ ਮੂਰਖੁ ਝਗੜੇ " ਪੁਸਤਕ ਵਿਚ ਇਹ ਵਿਚਾਰ, ਉਚੇਚੇ ਤੌਰ ਤੇ ਬੜੇ ਵਿਸਥਾਰ ਨਾਲ ਲਿਖੇ ਹਨ ।

ਏਥੇ ਅਸਾਂ ਦਸ਼ਮੇਸ਼ ਜੀ ਦੇ ਉਨ੍ਹਾਂ ਬਚਨਾਂ ਦੀ ਮਨਮਤੀ ਵਰਤੋਂ ਬਾਰੇ ਵਿਚਾਰ ਕਰਨੀ ਜਿਹੜੇ ਉਨ੍ਹਾਂ ਨੇ ਆਪਣੇ ਖ਼ਾਲਸੇ ਨੂੰ ਸੰਬੋਧਨ ਕਰਕੇ ਕਹੇ ਸਨ । ਆਪਣੇ ਸਕੰਲਪ ਵਾਲਾ ਸੰਤ-ਸੂਰਮਾ, ਸਾਹਮਣੇ ਖਲੋਤਾ ਵੇਖ ਕੇ ਗਦ ਗਦ ਹੋਇਆਂ ਦਸ਼ਮੇਸ਼ ਜੀ ਨੇ ਇਉਂ ਫ਼ੁਰਮਾਨ ਕੀਤਾ:---

(ਸਰਬ ਲੋਹ ਗ੍ਰੰਥ ਚੋਂ)

**ਖ਼ਾਲਸਾ ਮੇਰੋ ਰੂਪ ਹੈ ਖ਼ਾਸ । ਖ਼ਾਲਸੇ ਮਹਿ ਹੌਂ ਕਰੌ ਨਿਵਾਸ ।** ਖ਼ਾਲਸਾ ਮੇਰੋ ਮੁਖ ਹੈ ਅੰਗਾ । ਖ਼ਾਲਸੇ ਕੇ ਹੌਂ ਸਦ ਸਦ ਸੰਗਾ ।
**ਖ਼ਾਲਸਾ ਮੇਰੋ ਇਸ਼ਟ ਸੁਹਿਰਦ ।** ਖ਼ਾਲਸਾ ਮੇਰੋ ਕਹੀਅਤਿ ਬਿਰਦ । ਖ਼ਾਲਸਾ ਮੇਰੋ ਪਛ ਅਰੇ ਪਾਤਾ । ਖ਼ਾਲਸਾ ਮੇਰੋ ਸੁਖ ਅਹਿਲਾਦਾ ।
**ਖ਼ਾਲਸਾ ਮੇਰੋ ਮਿੱਤਰ ਸਖਾਈ । ਖ਼ਾਲਸਾ ਮਾਤ ਪਿਤਾ ਸੁਖਦਾਈ ।** ਖਾਲਸਾ ਮੇਰੀ ਸੋਭਾ ਸੀਲਾ । ਖ਼ਾਲਸਾ ਬੰਧ ਸਖਾ ਸਦ ਡੀਲਾ ।
ਖ਼ਾਲਸਾ ਮੇਰੀ ਜਾਤ ਅਰ ਪਤ । ਖ਼ਾਲਸਾ ਸੋ ਮਾ ਕੋ ਉਤਪਤ । ਖ਼ਾਲਸਾ ਮੇਰੋ ਭਵਨ ਭੰਡਾਰਾ । ਖ਼ਾਲਸੇ ਕਰ ਮੇਰੋ ਸਤਿਕਾਰਾ ।
ਖ਼ਾਲਸਾ ਮੇਰੋ ਸ੍ਵਜਨ ਪ੍ਰਵਾਰਾ । **ਖ਼ਾਲਸਾ ਮੇਰੋ ਕਰਤ ਉਧਾਰਾ ।** ਖ਼ਾਲਸਾ ਮੇਰੋ ਪਿੰਡ ਪਰਾਨ । ਖ਼ਾਲਸਾ ਮੇਰੀ ਜਾਨ ਕੀ ਜਾਨ ।
ਮਾਨ ਮਹਤ ਮੇਰੀ ਖ਼ਾਲਸਾ ਸਹੀ । ਖ਼ਾਲਸਾ ਮੇਰੋ ਸ੍ਵਾਰਥ ਸਹੀ । ਖ਼ਾਲਸਾ ਮੇਰੋ ਕਰੇ ਨਿਰਬਾਹ । **ਖ਼ਾਲਸਾ ਮੇਰੋ ਦੇਹ ਅਰ ਸਾਹ ।**
ਖ਼ਾਲਸਾ ਮੇਰੋ ਧਰਮ ਅਰ ਕਰਮ । ਖ਼ਾਲਸਾ ਮੇਰੋ ਭੇਦ ਨਿਜ ਮਰਮ । **ਖ਼ਾਲਸਾ ਮੇਰੋ ਸਤਿਗੁਰ ਪੂਰਾ । ਖ਼ਾਲਸਾ ਮੇਰੋ ਸੱਜਣ ਸੂਰਾ ।**
ਖ਼ਾਲਸਾ ਮੇਰੋ ਬੁਧ ਅਰ ਗਿਆਨ । ਖ਼ਾਲਸਾ ਕਾ ਹੌ ਧਰੋ ਧਿਆਨ । **ਉਪਮਾ ਖ਼ਾਲਸਾ ਜਾਤ ਨ ਕਹੀ । ਜਿਹਵਾ ਏਕ ਪਾਰ ਨਹਿ ਲਹੀ ।**
ਸੇਸ ਰਸਨ ਸਾਰਦ ਸੀ ਬੁੱਧ । ਤਦਪ ਨ ਉਪਮਾ ਬਰਨਤ ਸੁਧ । **ਯਾ ਮੈ ਰੰਚ ਨ ਮਿਥਿਆ ਭਾਖੀ । ਪਾਰਬ੍ਰਹਮ ਗੁਰ ਨਾਨਕ ਸਾਖੀ ।**
**ਰੋਮ ਰੋਮ ਜੇ ਰਸਨਾ ਪਾਊਂ । ਤਦਪ ਖ਼ਾਲਸਾ ਜਸ ਤਹਿ ਗਾਊਂ ।** ਹੌ ਖ਼ਾਲਸੇ ਕੋ ਖ਼ਾਲਸਾ ਮੇਰੋ । ਓਤ ਪੋਤਿ ਸਾਗਰ ਬੂੰਦੇਰੋ ।

**ਖ਼ਾਲਸਾ ਅਕਾਲ ਪੁਰਖ ਕੀ ਫੌਜ । ਪਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।**

[ਉਪ੍ਰੋਕਤ ਬਚਨ, ਨਿਰੰਦੇਹ, ਅਧਿਆਤਮਕ ਉੱਚਤਾ ਦੇ, ਮਾਨਸਕ ਅਤੇ ਆਤਮਕ ਤੇਜ ਪ੍ਰਤਾਪ ਦੀ ਸਿਖ਼ਰ ਤੇ ਪ੍ਰਤੀਕ ਹਨ ]

**ਜਬ ਲਗ ਖ਼ਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਉ ਮੈਂ ਸਾਰਾ ।**
**ਜਬ ਇਹ ਗਹੈ ਬਿਪਰਨ ਕੀ ਰੀਤ । ਮੈਂ ਨ ਕਰੋਂ ਇਨ ਕੀ ਪ੍ਰਤੀਤ ।**[ਅੰਮ੍ਰਿਤ ਕੀਰਤਨ ਸਫ਼ਾ ੨੯੧]

ਸਰਬ ਲੋਹ ਗ੍ਰੰਥ ਵਿਚਲੀ ਉਪ੍ਰੋਕਤ ਬਾਣੀ ਨੂੰ ਲਗ ਪਗ ਸਾਰਾ ਪੰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਫ਼ੁਰਮਾਨਾਂ ਦੇ ਰੂਪ ਵਿਚ ਸਤਿਕਾਰਦਾ ਹੈ। ਰਾਗ਼ੀਆਂ ਢਾਡੀਆਂ, ਉਪਦੇਸ਼ਕਾਂ ਅਥਵਾ ਲੇਖਕਾਂ, ਭਾਈਆਂ, ਜਥੇਦਾਰਾਂ -- ਗਲ ਕੀ ਸਾਰੇ ਪੰਥ ਵਿਚੋਂ, ਅੱਜ ਤੱਕ ਕਿਸੇ ਨੇ ਇਹ ਨਹੀਂ ਕਿਹਾ ਕਿ, ਉਪ੍ਰੋਕਤ ਬਾਣੀ ਦਾ ਦਸ਼ਮੇਸ਼ ਜੀ ਨਾਲ ਕੋਈ ਸੰਬੰਧ ਨਹੀਂ ਹੈ। ਬਿਨਾ ਕਿਸੇ ਵੀ ਵਿਵਾਦ ਅਤੇ ਸ਼ੰਕੇ ਦੇ ਨਿਰਸੰਦੇਹ ਉਪਰੋਕਤ ਬਾਣੀ ਦਸ਼ਮੇਸ਼ ਜੀ ਦੇ ਨਾਮਣੇ ਨਾਲ ਸਬੰਧਤ ਹੈ। ਸਤਿਗੁਰਾਂ ਦੇ ਇਨ੍ਹਾਂ ਅਨਮੋਲ ਬਚਨਾ ਦੁਆਰਾ ਮਿਲੀ ਅਨੁਪਮ ਤੜਨਾ ਦੀਆਂ ਵੀ ਅਸਾਂ ਓਵੇਂ ਹੀ ਵੰਡੀਆਂ ਪਾ ਲਈਆਂ ਜਿਵੇਂ ਗੁਰ ਬਾਣੀ ਦੀ ਮਨਮਤੀ ਵਰਤੋਂ ਕਰਨੀ ਗਿੱਝੇ ਹੋਏ ਹਾਂ। ਪੰਥ ਵਲੋਂ ਪਰਮਾਣਤ, ਦਸ਼ਮੇਸ਼ ਜੀ ਦੇ ਇਨ੍ਹਾਂ ਬਚਨਾਂ ਦੀ ਠੀਕ ਮਹੱਤਤਾ ਨੂੰ ਸਮਝਣ ਦਾ ਯਤਨ ਹੀ, ਸਾਡਾ ਵਿਸ਼ਾ ਹੈ। ਆਮ ਤੌਰ ਤੇ ਇਸ ਵਡਮੁੱਲੇ ਉਪਦੇਸ਼ ਦੀ ਵਰਤੋਂ ਦੋ ਹਿਸਿਆਂ ਵਿਚ ਕੀਤੀ ਜਾ ਰਹੀ ਹੈ--

(੧) ਅੰਤਲੀਆਂ ਦੋ ਸਤਰਾਂ ਤੋਂ ਪਹਿਲੇ ਫ਼ੁਰਮਾਨ ਤੋਂ ਸਾਰੇ ਲਿਖਾਰੀ ਅਤੇ ਪਰਚਾਰਕ ਸਰੋਤਿਆਂ ਦੇ ਅਥਵਾ ਪਾਠਕਾਂ ਦੇ ਮਨਾਂ ਵਿਚ ਏਹੀ ਖ਼ਿਆਲ ਪੈਦਾ ਕਰ ਰਹੇ ਹੁੰਦੇ ਹਨ ਕਿ ਅਜੋਕੇ ਖ਼ਾਲਸਾ ਪੰਥ ਬਾਰੇ ਹੀ ਦਸ਼ਮੇਸ਼ ਜੀ ਦੇ ਮਨ ਵਿਚ ਏਡੀ ਅਪਾਰ ਸ਼ਰਧਾ ਹੈ। "**ਖ਼ਾਲਸਾ ਮੇਰੋ ਰੂਪ ਹੈ ਖ਼ਾਸ । ਖ਼ਾਲਸੇ ਮਹਿ ਹੌਂ ਕਰੌਂ ਨਿਵਾਸ** । ਸੋ ਪੰਜਾਂ ਕਕਾਰਾਂ ਦੇ ਧਾਰਨੀ ਅੰਮ੍ਰਿਤਧਾਰੀ ਸਿੰਘਾਂ ਦੇ ਪੰਥ ਵਿਚ ਦਸਮੇਸ਼ ਜੀ ਦੇ ਸਾਖ਼ਸ਼ਾਤ ਸਰੀਰਕ ਦਰਸ਼ਨ ਹਨ, ਤੇ ਗੁਰਬਾਣੀ ਦਾ ਪਾਠ ਕਰਨ ਨੂੰ ਸਤਿਗੁਰਾਂ ਨਾਲ ਬਚਨ ਬਲਾਸ ਕਰਨ ਵਾਲੀ ਕਸਰ ਪੂਰੀ ਕਰ ਲੈਣ ਦੀ ਵਿਧੀ ਸਮਝਾਈ ਜਾਂਦੀ ਹੈ। ਫਿਰ ਕਲਗੀਧਰ ਦੀ ਸਾਰੇ ਪੰਥ ਵਿਚ ਹਾਜ਼ਰ ਨਾਜ਼ਰ ਹੋਣ ਵਾਲੀ ਵਿਸ਼ਾਲਤਾ ਨੂੰ ਸੁੰਗੇੜ ਕੇ ਪੰਜ ਅੰਮ੍ਰਿਤ ਧਾਰੀ ਸਿੰਘਾਂ ਵਿਚ ਲੈ ਆਂਦਾ ਜਾਂਦਾ ਹੈ। ਜੇ ਸਾਰੇ ਪੰਥ ਦੇ ਦਰਸ਼ਨ ਨਹੀਂ ਤਾਂ ਪੰਜ ਕਕਾਰਾਂ ਵਿਚ ਫੱਬੇ ਹੋਏ ਕੇਵਲ ਅੰਮ੍ਰਿਤ ਧਾਰੀ ਸਿੰਘਾਂ ਦੇ ਦਰਸਨਾਂ ਨੂੰ ਦਸ਼ਮੇਸ਼ ਜੀ ਦੇ ਦਰਸ਼ਨ ਕਹਿ ਕੇ, ਮਾਇਆ ਦੀ

ਉਗਰਾਹੀ ਲਈ ਦੇਸੋਂ ਪ੍ਰਦੇਸ ਭੱਜੇ ਫਿਰਦੇ ਅਗਿਆਨੀ ਪਰਚਾਰਕਾਂ ਦਾ ਅਥਵਾ **ਤ੍ਰਿਸ਼ਨਾਲੂ ਠੱਗ ਡੇਰੇਦਾਰਾਂ ਦਾ ' ਸਾਧ-ਟੋਲਾ '** ਦਸ਼ਮੇਸ਼ ਜੀ ਦੇ ਦਰਸ਼ਨਾਂ ਨੂੰ ਹੋਰ ਵੀ ਨੀਵੀ ਪੱਧਰ ਤੇ ਲਿਆ ਖੜ੍ਹਾ ਕਰਦਾ ਹੋਇਆ ਕਹਿ ਰਿਹਾ ਹੁੰਦਾ ਹੈਂ"-"ਹੇ ਸਿੰਘਾ ਜੇ ! ਜਦ ਤੂੰ ਆਪਣੇ ਸਰੀਰ ਨੂੰ ਪੰਜ ਕਕਾਰਾਂ ਨਾਲ ਸ਼ਿੰਗਾਰ ਕੇ ਸ਼ੀਸ਼ੇ ਸਾਹਮਣੇ ਆ ਖਲੋਵੇਂਗਾ ਤਾਂ ਤੈਨੂੰ ਦਸ਼ਮੇਸ਼ ਜੀ ਦੇ ਹੀ ਸਾਖ਼ਸ਼ਾਤ ਦਰਸ਼ਨ ਹੋ ਜਾਣਗੇ। ਕੇਵਲ ਸਰੀਰਕ ਰਹਿਤ ਦਾ ਹੀ ਜ਼ਕਰ ਕਰਨਾ, ਪਰ ਜਿਸ ਸੁੱਚੇ ਆਚਰਣ ਦੇ ਕਾਰਨ ਖ਼ਾਲਸਾ ਜੀ **ਸਤਿਗੁਰ ਪੂਰਾ** ਅਖਾਵਉਣ ਦੇ ਯੋਗ ਬਣੇ ਸਨ ਉਸ ਅੱਡਰੀ ਡਿੱਠ ਵਾਲੇ ਆਚਰਨ ਦੀ ਗੱਲ ਹੀ ਨਾ ਕਰਨੀਂ ਜਿਸ ਨਿਆਰੀ ਗੁਰਮਤਿ-ਮਰਯਾਦਾ ਦੇ ਧਾਰਨੀ ਹੋਣ ਕਰਕੇ ਤੋਂ ਪ੍ਰਭਾਵਤ ਹੋ ਕੇ ਸਤਿਗੁਰਾਂ ਨੇ ਖ਼ਾਲਸੇ ਵਿਚ ਸਦਾ ਤੇਜ ਪ੍ਰਤਾਪ ਦੇ ਮਾਲਕ ਬਣੇ ਰਹਿਣ ਦਾ ਬਚਨ ਹੋਇਆ ਸੀ, ਉਸ ਵੱਲ ਧਿਆਨ ਹੀ ਨਾ ਦੇਣਾ, ਵਡੀ ਅਗਿਆਨਤਾ ਹੈ ਕਿ ਜਾਂ ਕੁਟਲਤਾ ? ਇਸ ਦਾ ਨਿਰਣਾ ਸਿਆਣੇ ਪਾਠਕ ਆਪ ਕਰ ਲੈਣ।

(੨) ਅੰਤਲੀਆਂ ਦੋ ਸਤਰਾਂ ਵਿਚੋਂ ਪਹਿਲੀ ਸਤਰ **ਜਬ-ਲਗ ਖਾਲਸਾ ਰਹੇ ਨਿਆਰਾ,** ਤੋਂ ਖ਼ਾਲਸੇ ਜੀ ਨੂੰ ਨਿਆਰੇ ਬਣੇ ਰਹਿਣ ਦਾ ਗਲ ਤਾਂ ਕੀਤੀ ਜਾਂਦੀ ਹੈ, ਪਰ **ਨਿਆਰੇ** ਤੋਂ ਸਤਿਗੁਰਾਂ ਦਾ ਠੀਕ ਠੀਕ ਭਾਵ ਕੀ ਹੈ ? ਇਸ ਪਾਸੇ ਧਿਆਨ ਬੜਾ ਹੀ ਘੱਟ ਹੈ। ਇਸ ਤੋਂ ਅੱਗੇ ' **ਜਬ ਇਹ ਗਹੇ ਬਿੱਪਰਨ ਕੀ ਰੀਤ**-- ਵਾਲੇ ਜ਼ਰੂਰੀ ਪੱਖ ਨੂੰ ਪਤਾ ਨਹੀਂ ਕਿਸ ਕਾਰਨ ਅਣਗੌਲਿਆ ਕਰ ਦਿੱਤਾ ਜਾਂਦਾ ਹੈ ? ਜਿਸ ਦਾ ਹੀ ਸਿੱਟਾ ਹੈ ਕਿ ੯੯ % ਸਿੱਖਾਂ ਨੂੰ **ਬਿੱਪ੍ਰ** ਸ਼ਬਦ ਦੇ ਅਰਥ ਦਾ ਹੀ ਠੀਕ ਗਿਆਨ ਨਹੀਂ ਹੈ। ਸਤਿਗੁਰਾਂ ਦੇ ਪਾਵਨ ਦਰਬਾਰ ਵਿਚ ਬੜੇ ਹੈਂਕੜ ਭਰੀ ਸੁਰ ਵਿਚ, ਝੂਠ ਬੋਲਣਾ ਆਪਣੇ ਸੰਤ ਪੁਣੇ ਦਾ ਹੱਕ ਮੰਨ ਬੈਠਾ ਹੋਇਆ ਕਥਿਤ " ਸੰਤ ਮਾਨ ਸਿੰਘ ਗੁਰੂ ਦਰਬਾਰ ਵਿਚ ਲਲਕਾਰ ਲਲਕਾਰ ਕੇ ਕਹਿ ਰਿਹਾ ਹੁੰਦਾ ਹੈਂ " ਕਿਹੜਾ ਹੈ ਜਿਹੜਾ ਬਿੱਪ੍ਰਨ ਕੀ ਰੀਤ ਬਾਰੇ ਬੁੱਕਾਂ(books) ਲਿਖਦਾ ਐ? ਆਏ ਮੇਰੇ ਸਾਹਮਣੇ। ਕੀ ਬਿੱਪ੍ਰ ਵਿਚਾਰੇ ਸਾਡੇ ਭਰਾ ਨਹੀਂ? ਆਦਿ। ਕਿਹੜਾ ਦੱਸੇ ਕਿ ਗੱਲ ਬਿੱਪ੍ਰ ਦੀ ਨਹੀਂ ਸਗੋਂ ਝਗੜਾ " ਬਿੱਪ੍ਰਨ ਕੀ **ਰੀਤ** ਵਿਰੁੱਧ ਹੈ। ਸੰਗਤਾਂ ਵਿਚਾਰੀਆਂ ਨੂੰ ਬਿੱਪ੍ਰਨ ਕੀ ਰੀਤ ਦਾ ਪਤਾਕਿੱਥੋਂ ਲੱਗੇ। ਗੁਰੂ ਦਰਬਾਰ ਵਿਚ ਨਿਸੰਗ ਹੋ ਕੇ ਝੂਠ ਬੋਲਣ ਵਾਲੇ ਠੱਗਾਂ ਨੂੰ " ਸੰਤ ਮਹਾਂ ਪੁਰਖ " ਕਿਹਾ ਜਾ ਰਿਹਾ ਹੋਵੇ, ਜਿਹੜੇ ਭੇਖੀ ਲੋਕ ਸਤਿਗੁਰਾਂ ਦੇ ਉਪ੍ਰੋਕਤ ਬਚਨ ਦਾ ਅਤੀਅੰਤ ਜ਼ਰੂਰੀ ਹਿੱਸਾ, ਪੰਥ ਲਈ ਬੇਲੋੜਾ ਬਣਾਈ ਜਾ ਰਹੇ ਹੋਣ ਜਦ ਉਹੀ ਪੂਜਨੀਕ ਬਣ ਜਾਣ ਤਾਂ, ਆਪਣੇ ਅਸਲੇ ਵੱਲ ਨੂੰ ਮੋੜਾ ਖਾ ਸਕਣ ਦੀ ਆਸ ਕਿਵੇਂ ਬਣੇ? **ਕੇਵਲ ਅਤੇ ਕੇਵਲ ਮਾਇਆ ਉਗ੍ਰਾਹੁਣ** ਦੀ ਲਾਲਸਾ ਦੇ ਮਾਰੇ ਪ੍ਰਦੇਸੀਂ ਤੁਰੇ ਫਿਰਦੇ ਇਨ੍ਹਾਂ ਉਪਦੇਸ਼ਕਾਂ ਅਤੇ ਕਥਿਤ **ਸਾਧ ਮਹਾਂਪੁਰਖਾਂ** ਲਈ ਗੁਰੂਬਾਣੀ ਦਾ ਫ਼ੁਰਮਾਨ:--

੧੪- **ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਏ ॥ ਇਤੁ ਕਮਾਣੈ ਸਦਾ ਦੁਖੁ ਪਾਵੈ**
**ਜੰਮੈ ਮਰੈ ਫਿਰਿ ਆਵੈ ਜਾਇ ॥ ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ ॥... ੨ ॥** [੫੧੨]"

੧੫- **ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ ਚੋਟਾ ਖਾਵੈ ॥ ੨ ॥**" [੧੯੪]-੭੧-੧੪੦ ਬਿਖੁ=ਮਾਇਆ-ਜ਼ਹਿਰ ।

ਦਸ਼ਮੇਸ਼ ਜੀ ਦੇ ਪਾਵਨ ਨਾਮ ਨਾ ਜੁੜੇ ਉਪ੍ਰੋਕਤ ਬਚਨਾਂ ਨੂੰ ਬਿਬੇਕ ਬੁੱਧੀ ਅਤੇ ਨਿਰਪੱਖਤਾ ਨਾਲ ਵਿਚਾਰੀਏ ਤਾਂ ਮਨ ਦੀਆਂ ਅਖਾਂ ਅੱਗੇ ਇਉਂ ਦਾ ਦ੍ਰਿਸ਼ਯ**(Scene)** ਆ ਬਣਦਾ ਹੈ ਜਿਵੇਂ, ਖ਼ਾਲਸਾ-ਰੂਪ ਵਿਚ ਪ੍ਰਗਟ ਹੋਏ ਆਪਣੇ ਸਿੰਘ ਨੂੰ ਸੰਬੋਧਨ ਕਰਕੇ ਕਗੀਧਰ ਜੀ ਇਉਂ ਦਾ ਉਪਦੇਸ਼ ਦੇ ਰਹੇ ਹੋਣ:---

"ਹੇ ਖ਼ਾਲਸਾ ਜੀਓ! ੧੫ਵੀਂ ਸਦੀ ਚ ਕਹੇ ਮੇਰੇ ਬਚਨ--" **ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥** [੧੪੧੨] **ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੇ ਪਾਸਿ ॥ ੧ ॥** [੧੧੦੨] ਤੁਸਾਂ ਪੂਰੀ ਤਰ੍ਹਾਂ ਕਮਾ ਲਏ ਹਨ । ਭਾਵ, ਸਾਰੀ ਗੁਰਮਤਿ ਸਿਖਲਾਈ ਦਾ ਪ੍ਰਤੱਖ-ਰੂਪ--ਮਰਜੀਵਾ ਹੋ ਚੁੱਕੇ, ਅੱਜ ਤੂੰ ਜੀਵਨ ਮੁਕਤ ਖ਼ਾਲਸਾ ਪੰਥ ਦੇ ਰੂਪ ਵਿਚ ਪ੍ਰਗਟ ਹੋਇਆ ਹੈਂ। ਅੱਜ ਮੈਂ ਤੈਨੂੰ, ਆਪਣਾ ਹੀ ਰੂਪ ਮੰਨਦਾ ਹਾਂ ਅਤੇ ਤੇਰੇ ਅੰਗ-ਸੰਗ ਰਹਿਣ ਵਿਚ ਦਿਲੀ ਖ਼ੁਸ਼ੀ ਮਾਣ ਰਿਹਾ ਹਾਂ । ਮੈਂ ਤੈਨੂੰ ਆਪਣਾ ਮਿੱਤਰ ਸਹੇਲਾ ਕਿਹਾ ਹੈ, ਅੱਜ ਤੂੰ ਮੇਰੀ ਦੇਹ ਜਾਨ ਵੀ ਹੈਂ, ਅੱਜ ਮੈ ਤੇਰੇ ਤੇ ਏਨਾ ਪ੍ਰਸੰਨ ਹਾਂ ਕਿ ਤੇਰੀ ਮਹਿਮਾਂ ਕਥਨ ਕਰਨੀ ਮੇਰੇ ਲਈ ਔਖੀ ਗੱਲ ਬਣ ਖਲੋਤੀ ਹੈ। ਮੇਰੀ ਸ਼ਰਧਾ ਨੇ ਏਡਾ ਉਛਾਲਾ ਖਾਧਾ ਹੈ ਕਿ ਮੈਂ ਗੁਰੂ ਨਾਨਕ ਜੀ ਨੂੰ ਸਾਖ਼ਸ਼ੀ ਮੰਨ ਕੇ ਅੱਜ ਤੈਨੂੰ ਆਪਣਾ ਇਸ਼ਟ ਸੁਹਿਰਦ, ਸਤਿਗੁਰ ਪੂਰਾ ਅਤੇ ਸੱਜਣ ਸੂਰਾ ਵੀ ਕਹਿ ਰਿਹਾ ਹਾਂ । ਤੂੰ ਅੱਜ ਅਕਾਲ ਪੁਰਖ ਦੀ ਮੌਜ ਨਾਲ ਉਸ ਦੀ ਆਪਣੀ ਫੌਜ ਦੇ ਰੂਪ ਵਿਚ ਰਗਟ ਹੋਇਆ ਹੈਂ । ਪਰ, **ਹੇ ਮਹਾਂ ਤਿਆਗੀ ਭਗਤ ਬਲਬੀਰ ਖ਼ਾਲਸਾ ਜੀਓ !** ਯਾਦ ਰੱਖੀਂ, ਜੇ ਤੂੰ ਆਪਣੇ ਇਸ ਹੁਣ ਵਾਲੇ ਨਿਆਰੇ ਆਤਮਕ-ਜੀਵਨ ਦੀ ਰਹਿਣੀ ਤੋਂ ਜ਼ਰਾ ਵੀ ਢਿੱਲਾ ਪਿਆ ਤਾਂ ਤੇਰੇ ਕੋਲ ਅਜੋਕਾ ਅਧਿਆਤਮਕ ਤੇਜ ਪ੍ਰਤਾਪ ਨਹੀਂ ਰਹਿਣਾ ਅਤੇ ਕੱਲ੍ਹ ਨੂੰ ਮਿਲਣ ਵਾਲਾ ਸੰਸਾਰੀ ਤੇਜ ਪ੍ਰਤਾਪ ਵੀ ਨਹੀਂ ਟਿਕਣਾ । ਫਿਰ ਜੇ ਕਿਤੇ ਤੂੰ ਬਿੱਪ੍ਰਨ ਕੀ ਰੀਤ ਦਾ ਧਾਰਨੀ ਵੀ ਬਣ ਬੈਠਾ ਤਾਂ ਤੂੰ ਮੇਰੀਆਂ ਨਜ਼ਰਾਂ ਵਿਚ ਬੇਪਰਤੀਤਾ ਹੋ ਜਾਣਾ ਹੈ ਅਤੇ ਫਿਰ ਜਿਹੜਾ--**ਅਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸ ਕਾ ਬਿਸ੍ਾਸ ਨਾ ਹੋਵੈ ॥** ਪਰਤੀਤ ਗੁਆ ਚੁੱਕੇ ਦਾ ਤੇਰਾ ਫਿਰ ਕੀ ਭਰੋਸਾ ਕਿ, ਅੰਮ੍ਰਿਤਧਾਰੀ ਅਤੇ ਬਾਣੀ-ਬਾਣੇ ਦਾ ਧਾਰਨੀ ਬਣ ਕੇ ਵੀ, ਤੂੰ ਚੋਰ ਬਣ ਜਾਵੇਂ, ਧੋਖੇਬਾਜ਼ ਝੂਠਾ ਤੇ ਠੱਗ ਬਣ ਜਾਵੇਂ, ਬਲਾਤਕਾਰੀਆਂ ਬਣ ਜਾਵੇ, ਨਸ਼ੇ ਵੇਚਣ ਵਾਲਾ ਅਥਵਾ **ਸਾਧ ਬਾਣੇ ਪਾ ਕੇ** ਲੋਕਾਂ ਨੂੰ ਠੱਗ ਖਾਣ ਵਾਲੇ ਲੁੱਟ ਦੇ ਡੇਰੇ ਚਾਲੂ ਕਰ ਕੇ ਗੱਦੀ ਦਾ ਮਾਲਕ ਬਣ ਬਹੇਂ ਅਤੇ ਮੇਰੇ ਇਸ ਹੁਕਮ ਦੀ ਰੋਜ਼ ਖਿੱਲੀ ਉਡਾਇਆ ਕਰੇਂ--**ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ...**ਕਾਮੀ ਚੋਰ ਡਾਕੂ, ਕੁਝ ਵੀ ਬਣ ਜਾਵੇਂ । ਬੇਪਰਤੀਤੇ ਮਨੁੱਖ ਦਾ ਕੀ ਭਰੋਸਾ ਕਿ ਕਦੋਂ ਆਪਣੇ ਸਤਿਗੁਰਾਂ ਦੇ ਦਰਬਾਰ ਦਾ ਸਤਿਕਾਰ ਭੁੱਲ ਭੁਲਾ ਕੇ ਓਥੇ ਹੀ ਇੱਕ ਦੂਜੇ ਦੀ ਦਾਹੜੀ ਕੇਸ ਪੁੱਟਣ ਲੱਗ ਪਵੇਂ, ਗਾਹਲੋ ਗਾਹਲੀ, ਘਸੁੰਨੋ ਘਸੁੰਨੀ ਹੋਣ ਤੋਂ ਅਗਾਂਹ, ਭਗੌਤੀ ਕੱਢ ਖਲੋਵੇਂ ਅਤੇ ' ਜੈ ਤੇਗੰਗਂ ਕਹਿ ਕੇ ਉਸੇ ਹੀ ਸਤਿਗੁਰੂ ਜੀ ਦੇ ਦਰਬਾਰ ਦਾ ਸਾਰਾ ਫ਼ਰਸ਼ ਅਤੇ ਕੰਧਾਂ ਆਪਣੇ ਹੀ ਭਰਾਂਵਾਂ ਦੇ ਲਹੂ ਨਾਲ ਲਾਲੋ ਲਾਲ ਕਰ ਦੇਵੇਂ, ਜਿਸ ਸਰਬਕਾਲੀ ਗੁਰਦੇਵ ਨੂੰ ਸਾਰੀ ਉਮਰ-**ਪ੍ਰਗਟ ਗੁਰਾਂ ਕੀ ਦੇਹ** ਮੰਨਦਾ ਰਿਹਾ ਹੋਵੇਂ। ਅਤੇ ਫਿਰ ਆਪਣੀਆਂ ਸਾਰੀਆਂ ਕਰਤੂਤਾਂ ਦੀ ਜ਼ਿਮੇਵਾਰੀ ਮੇਰੇ ਤੇ ਥੁਪ ਦੇਣ ਲਈ ' ਅਰਦਾਸ ਤੋਂ ਮਗਰਲੇ ਦੋਹਰੇ ਵਿਚ ਇਹ ਟੱਪਾ ਗੰਢ ਖਲੋਵੇਂ-- **ਖੰਡਾਂ ਜਾ ਕੇ ਹਾਥ ਮੇ ਕਲਗੀ ਸੋਹੇ ਸੀਸ ॥ ਸੋ ਹਮਰੀ ਰਖਿਆ ਕਰੇ ਕਲਗ਼ੀਧਰ ਜਗਦੀਸ "** । ਜਿਸ ਦੀ ਪਰਤੀਤ ਹੀ ਕੋਈ ਨਹੀ, ਕੀ ਪਤਾ ਉਹ ਕਿਸ ਵੇਲੇ ਕਿਹੜਾ ਰੂਪ ਧਾਰ ਲਵੇ? ਫਿਰ ਤੂੰ ਮੇਰਾ ਕੀ ਲਗ਼ਦਾ ਹੈਂ?

ਨਿਰਸੰਦੇਹ ਖ਼ਾਲਸਾ ਜੀ ਨੂੰ ਵੀ ਗੁਰਿਆਈ ਦੀ ਬਖ਼ਸ਼ਸ਼ ਉਵੇਂ ਹੀ ਹੋਈ ਸੀ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਸੌਂਪੀ

ਗਈ ਸੀ। ਪਰ, ਗੁਰੂ ਘਰ ਵਿਚ ਗੁਰਿਆਈ ਸੌਂਪੀ ਜਾਣ ਦਾ ਨਿਯਮ ਜੱਦੀ ਵਰਾਸਤ ਵਾਲਾ ਨਹੀਂ ਸਗੋਂ " **ਯੋਗਤਾ** " ਹੈ। (ਯੋਗਤਾ ਨਾ ਹੋਵੇ ਤਾਂ ਅਜੇਹੀ ਬਖ਼ਸ਼ਸ਼ ਕਦੇ ਨਹੀਂ ਹੁੰਦੀ)। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਬਿਨਾਂ ਕਿਸੇ ਸ਼ਰਤ ਜਾਂ ਪਾਬੰਦੀ ਦੇ, ਜੁਗੋ ਜੁੱਗ ਅਟੱਲ ਹੈ ਭਾਵ, ਗੁਰੂ ਗ੍ਰੰਥ ਸਾਹਿਬ ਸੰਸਾਰ ਲਈ ਸਦੀਵੀ ਗੁਰੂ ਪਾਤਸ਼ਾਹੀ ਦੇ ਤਖ਼ਤ-ਨਸ਼ੀਨ ਹਨ। ਪਰ ਜੇ ਖ਼ਾਲਸਾ ਜੀ ਨੂੰ ਗੁਰਿਆਈ ਦਾ ਸਦੀਵੀ ਭਾਈ-ਵਾਲ ਬਣਾਇਆ ਹੁੰਦਾ ਤਾਂ ਗੁਰੂ ਗ੍ਰੰਥ ਸਾਹਿਬ ਜੀ ਵਾਂਗ ਹੀ ਇਸ ਤੇ ਵੀ ਕੋਈ ਪਾਬੰਦੀ ਨਾ ਲੱਗਦੀ। ਖ਼ਾਲਸਾ ਜੀ ਕੋਲ ਸੰਸਾਰੀ ਰਾਜ-ਭਾਗ ਵਾਲਾ ਤੇਜ ਪ੍ਰਤਾਪ ਅਥਵਾ ਗੁਰਿਆਈ ਨਾਲ ਸੰਬੰਧਤ ਅਧਿਆਮਕ ਤੇਜ ਪ੍ਰਤਾਪ ਤਾਂ ਕੇਵਲ ਉਸ ਸਮੇਂ ਤੱਕ ਹੀ ਰਹਿਣਾ ਸੀ, ਜਦੋਂ ਤੱਕ ਖ਼ਾਲਸੇ ਨੇ ਨਿਆਰੇ ਸਤਿਗੁਰਾਂ ਦੇ ਨਿਆਰੇ ਗਿਆਨ ਅਨੁਸਾਰ ਬਣੀ, ਆਪਣੀ ਨਿਆਰੀ ਜੀਵਨ ਜੁਗਤ ਸਾਂਭੀ ਰੱਖਣੀ ਸੀ, ਯਥਾ--" **ਜਬ ਲਗ ਖ਼ਾਲਸਾ ਰਹੇ ਨਿਆਰਾ** ॥ **ਤਬ ਲਗ ਤੇਜ ਦੀਉ ਮੈਂ ਸਾਰਾ** "। **ਸਾਧ ਬਚਨ** ਬਾਰੇ ਗੁਰੂ ਬਾਣੀ ਦਾ ਫ਼ੁਰਮਾਨ ਇਉਂ ਹੈ --**ਗਿਰਿ ਬਸੁਧਾ ਜਲ ਪਵਨ ਜਾਇਗੋ ਇਕ ਸਾਧ ਬਚਨ ਅਟਲਾਧਾ ॥ ੧ ॥**[੧੨੦੪] ਭਾਵ, ਇਸ ਸਾਰੀ ਕਾਇਨਾਤ ਆਪਣੇ ਥਾਂ ਤੋਂ ਖਿਸਕ ਸਕਦੀ ਹੈ, ਪਰ ਸਾਧ-ਬਚਨ ਦੀ ਸਚਾਈ ਅਟੱਲ ਹੈ, ਸਾਧ ਬਚਨ ਜ਼ਰੂਰ ਪੂਰਾ ਹੁੰਦਾ ਹੈ। ਸੋ ਉਪ੍ਰੋਕਤ ਅਟਲਾਧੇ ਸਾਧ ਬਚਨਾਂ ਦਾ ਦੂਜਾ ਅਰਥ ਇਹ ਸੀ ਕਿ ਜੇ ਖ਼ਾਲਾਸ ਰਹਿੰਦੀ ਦੁਨੀਆਂ ਤੱਕ " ਨਿਆਰਾ " ਬਣਿਆਂ ਰਹਿੰਦਾ ਤਾਂ ਇਸ ਕੋਲੋਂ ਤੇਹ ਪ੍ਰਤਾਪ ਕਿਸੇ ਹਾਲਤ ਵਿਚ ਨਹੀਂ ਸੀ ਖੁੱਸਣਾ। ਅਸਾਂ ਬਚਨਾਂ ਰੂਪੀ ਇਸ ਅਮੋਘ ਬਾਣ ਬਾਰੇ ਕਦੇ ਕੋਈ ਤੌਖ਼ਲਾ ਹੀ ਨਾ ਕੀਤਾ। ਪੁੱਤਰਾਂ ਨਾਲੋਂ ਵੱਧ ਪਿਆਰੇ ਸਮਝਣ ਵਾਲੇ ਦਿਆਲੂ ਸਤਿਗੁਰਾਂ ਦਾ ਸਪੱਸ਼ਟ ਸੰਕੇਤ ਸੀ, ਕਿ, ਹੇ ਮੇਰੇ ਪਿਆਰੇ ਖ਼ਾਲਸਾ ਜੀ ! ਜਦੋਂ ਹੀ ਤੇਰੇ ਕੋਲੋਂ ਤੇਜ ਪ੍ਰਤਾਪ ਖੁੱਸਾ ਤਾਂ ਸਮਝ ਲਵੀਂ ਕਿ ਤੂੰ ਨਿਆਰਾ ਨਹੀਂ ਰਿਹਾ। ਫਿਰ ਉਸੇ ਵੇਲੇ ਆਪਣੇ ਅੰਦਰ ਝਾਤੀ ਮਾਰੀਂ। ਆਪਾ ਫਰੋਲ ਵੇਖੀਂ--" ਕਿਤੇ ਮੇਰੇ ਆਚਰਨ ਵਿਚ ਪਹਿਲਾਂ ਨਾਲੋਂ ਕੋਈ ਫ਼ਰਕ ਤਾਂ ਨਹੀਂ ਆ ਚੁੱਕਾ ?, ਕਿਤੇ ਮੇਰੀ ਜੀਵਨ-ਮਰਯਾਦਾ ਵਿਚ ਲੇਸ ਮਾਤ੍ਰ ਵੀ ਬਿੱਪ੍ਰਨ ਕੀ ਰੀਤ ਤਾਂ ਨਹੀਂ ਆ ਵੜੀ ਹੋਈ? ਫਿਰ ਜੇ ਰੱਬੀ ਬਖ਼ਸ਼ਸ਼ ਦਾ ਸਦਕਾ, ਤੇਰੇ ਅੰਦਰ ਪਏ ਹੋਏ ਫ਼ਰਕ ਦੀ ਤੈਨੂੰ ਸੋਝੀ ਆ ਜਾਵੇ, ਤਾਂ ਹੱਥ ਬੰਨ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਈਂ ਅਤੇ ਪਛਤਾਵੇ ਭਰੇ ਹਿਰਦੇ ਵਿਚੋਂ ਪੁਕਾਰ ਪੁਕਾਰ ਕੇ ਆਪਣੀਆਂ ਭੁੱਲਾਂ ਮੰਨ ਕੇ ਮਿਹਰਾਂ ਅਤੇ ਬਖ਼ਸ਼ਸ਼ਾਂ ਦੀ ਮੰਗ ਕਰੀਂ। ਗੁਰਮਤਿ ਅਨੁਸਾਰ ਜੀਵਨ-ਜੁਗਤ ਪ੍ਰਾਪਤ ਹੋ ਜਾਣੀ ਹੀ ਸਤਿਗੁਰਾਂ ਦੀ ਸੱਭ ਤੋਂ ਵੱਡੀ ਬਖ਼ਸ਼ਸ਼ ਹੁੰਦੀ ਹੈ। ਅੱਗੇ ਤੋਂ ਗੁਰੂ ਬਾਣੀ ਦੇ ਹੁਕਮਾਂ ਤੇ ਚਲਦਾ ਹੋਇਆ ਆਪਣੀ ਜੀਵਨ ਜੁਗਤ ਸੁਆਰ ਲਵੀਂ । ਤੇਰੀ ਉਸ ਰਹਿਣੀ ਦਾ ਸਦਕਾ ਸੰਸਾਰ ਦਾ ਹਰ ਪ੍ਰਾਣੀ ਤੁਹਾਨੂੰ ਤੁਹਾਡਾ ਆਪਣਾ ਸਕਾ ਭਰਾ ਹੋ ਦਿੱਸੇਗਾ। ਤੁਹਾਡੇ ਅਜੋਕੇ ਵਖੇਵੇਂ ਅਤੇ ਝਗੜੇ-ਝਾਂਜੇ ਅਲੋਪ ਹੋ ਜਾਣੇ ਹਨ ਅਤੇ ਤੁਹਾਡਾ ਆਪਸ ਵਿਚ ਪਿਆਰ ਸਤਿਕਾਰ ਬਣ ਆਵੇਗਾ। " **ਸਭਨਾ ਕੀ ਰੇਣੁਕਾ** " ਬਣਦਿਆਂ ਹੀ ਤੁਹਡੇ ਤੇ ਸਤਿਗੁਰਾਂ ਵਲੋਂ ਨਾਮ ਦੀ ਬਖ਼ਸ਼ਸ਼ ਹੋ ਜਾਵੇਗੀ। ਨਤੀਜੇ ਵਜੋਂ ਫਿਰ ਓਵੇਂ ਹੀ--**ਗੁਰੂ ਸਿਖੁ, ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਇ ॥ ੮ ॥**[੪੪੪] ਹੇ ਖ਼ਾਲਸਾ ਜੀ ! ਫਿਰ ਤੂੰ ਗੁਰੂ ਦਾ ਹੀ ਰੂਪ ਬਣ ਕੇ ਗੁਰੂ ਦੇ ਉਪਦੇਸ਼ ਨੂੰ ਸੰਸਾਰ ਦੇ ਕੋਨੇ ਕੋਨੇ ਤੱਕ ਪੁਚਾਉਣ ਦੀ ਸਮਰਥਾ ਵਾਲਾ ਗੁਰੂ ਬਣ ਜਾਵੇਂਗਾ। ਖ਼ਾਲਸਾ ਜੀ ਦੀ ਗਿਣਤੀ ਵਿਚ ਦਿਨ ਦੂਣਾ ਅਤੇ ਰਾਤ ਚੋਹਣਾ ਵਾਧਾ ਹੋਣਾ ਅਰੰਭ ਹੋ ਜਾਵੇਗਾ । **ਤੇਜ ਪ੍ਰਤਾਪ ਖ਼ਾਲਸਾ ਜੀ ਦੇ ਸਾਹਮਣੇ ਹੱਥ ਬਨ੍ਹ ਖਲੋਵੇਗਾ।** {ਪਰ ਅਸੀਂ ਤਾਂ ਅਜੇਹੀ ਸੋਚ ਵਾਲੀਆਂ ਸਾਰੀਆਂ ਹੱਦਾ ਪਾਰ ਕਰੀ ਜਾ ਰਹੇ ਹਾਂ। ਆਪਣੇ ਹੀ ਅਸਲੇ ਵੱਲ ਮੋੜਾ ਖਾ ਲੈਣਾ ਅਸੀਂ ਹੱਤਕ ਮੰਨ ਬੈਠੇ ਹਾਂ। ਸਾਨੂੰ ਲੋਕੀ ਕੀ ਆਖਣਗੇ, ਅੱਜ ਤਾਈ ਸੁੱਤੇ ਹੀ ਰਹੇ? ਮੋੜਾ ਕਾ ਲੈਣ ਨਾਲੋਂ ਤਾਂ ਹੁਣ ਮੌਤ ਹੀ ਚੰਗੀ ਹੈ...? }

ਆਉ ਪਿਛੋੜ ਵੱਲ ਝਾਤੀ ਮਾਰ ਕੇ ਅਸਲੀਯਤ ਨੂੰ ਸਮਝਣ ਦਾ ਯਤਨ ਕਰੀਏ। ਮਿਸਲਾਂ ਦੇ ਸਮੇਂ ਰਜਵਾੜੇ ਸਰਦਾਰਾਂ ਦੇ ਦਰਬਾਰਾਂ ਵਿਚ ਸਿੱਖੀ ਦੇ ਅਸਲੀ ਦੁਸ਼ਮਣ ਪ੍ਰੋਹਿਤ ਦਾ ਅਸਰਦਾਰ ਦਾਖ਼ਲਾ ਹੋ ਚੁੱਕਾ ਸੀ । ਰਜਵਾੜੇ ਸਰਦਾਰ ਬ੍ਰਾਹਮਣ ਦੀ ਪੱਤਰੀ ਦਾ ਸ਼ਿਕਾਰ ਹੋ ਕੇ ਗੁਰੂ ਬਾਣੀ ਦੇ ਗਿਆਨ ਤੋਂ ਟੁੱਟ ਕੇ ਮੰਤ੍ਰ ਪਾਠਾਂ ਵਾਲੀ ਬਿੱਪ੍ਰੀ ਰੀਤ ਦੇ ਧਾਰਨੀ ਬਣ ਕੇ ਹਿੰਦੂ ਰੀਤੀ ਰਿਵਾਜ ਨੂੰ ਗੁਰਮਤਿ ਮੰਨਣ ਲੱਗ ਪਏ ਸਨ। " ਯਥਾ ਰਾਜਾ ਤਥਾ ਪਰਜਾ " ਵਾਲਾ ਭਾਣਾ ਵਰਤਣਾ ਅਰੰਭ ਹੋ ਚੁੱਕਾ ਸੀ। ਪਰ ਸਤਿਗੁਰਾਂ ਦੇ ੨੦੦ ਸਾਲ ਤੋਂ ਵੱਧ ਸਮੇ ਦੀ ਸਖ਼ਤ ਘਾਲਣਾ ਦਾ ਸਦਕਾ ਅਜੇ ਖ਼ਾਲਸਾ ਜੀ ਨੇ ਆਪਣੇ ਉਨ੍ਹਾਂ ਗੁਣਾ ਨੂੰ ਲਗ-ਪਗ ਸਾਂਭਿਆ ਹੋਇਆ ਸੀ ਜਿਨ੍ਹਾਂ ਕਰਕੇ ਉਸ ਨੂੰ ਸਤਿਗੁਰਾਂ ਨੇ ਸਾਰੇ ਦਾ ਸਾਰਾ ਅਧਿਆਤਮਕ ਤੇਜਪ੍ਰਤਾਪ ਬਖ਼ਸ਼ ਕੇ ਇਸ ਨੂੰ " ਸਤਿਗੁਰ ਪੂਰਾ " ਅਤੇ " ਸ੍ਰਜਣ ਸੂਰਾ " ਕਿਹਾ ਸੀ। ਏਹੀ ਕਾਰਨ ਸੀ ਕਿ ੧੬੯੯ ਵਿਚ ਨਿਆਰੇ ਆਤਮਕ ਤੇਜ ਪ੍ਰਤਾਪ ਦੇ ਮਾਲਕ ਬਣੇ ਖ਼ਾਲਸੇ ਨੇ ੧੭੯੯ ਵਿਚ ਲਾਹੌਰ ਫਤਹਿ ਕਰ ਲਿਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਖ਼ਾਲਸਾ ਜੀ ਨੂੰ ਮਿਲਿਆ ਸੰਸਾਰੀ ਰਾਜ, ਵੀ ਪੂਰਨ ਤੇਜ ਪ੍ਰਤਾਪ ਵਾਲਾ ਹੀ ਸੀ ।

੧੮੪੯ ਤੱਕ ਪੂਰੇ ਦਾ ਪੂਰਾ ਤੇਜ ਪ੍ਰਤਾਪ ਖੁੱਸ ਜਾਣ ਦਾ ਸਿੱਧਾ ਅਰਥ ਸੀ ਕਿ ਖ਼ਾਲਸਾ ਜੀ ਨਿਆਰੇ ਨਹੀਂ ਰਹੇ। ਉਸੇ ਵੇਲੇ ਖ਼ਾਲਸਾ ਜੀ ਦੇ ਜਥੇਦਾਰ ਦਾ ਪਰਮ ਧਰਮ ਬਣਦਾ ਸੀ ਕਿ ਦਸ਼ਮੇਸ਼ ਜੀ ਦੀ ਚਿਤਾਵਣੀ ਨੂੰ ਯਾਦ ਕਰਕੇ--**ਆਪਨੜੇ ਗਿਰੀਵਾਨ ਮਹਿ, ਸਿਰੁ ਨੀਵਾਂ ਕਰਿ ਦੇਖੁ ॥** [ਇਸੇ ਭਾਗ ਦੇ ਛੇਵੇ ਕਾਂਡ ਦਾ ਪੰਜਵਾਂ ਲੇਖ " **ਕਹੁ ਨਾਨਕ ਬਿਨ ਆਪਾ ਚੀਨੈ** " ਵਿਚਲੇ ਉਪਦੇਸ਼] ਅਨੁਸਾਰ ਆਪਣੇ ਆਪੇ ਦੀ ਪੜਤਾਲ ਕਰਨ ਦੀ ਲੋੜ ਸੀ। ਜਥੇਦਾਰ ਨੂੰ ਚਾਹੀਦਾ ਸੀ ਕਿ ਸਾਰੇ ਪੰਥ ਨੂੰ ਸੁਚੇਤ ਕਰਦਾ ਕਿ--**ਹੇ ਗੁਰੂ ਖ਼ਾਲਸਾ ਜੀਓ !** ਅਸੀਂ ਨਿਆਰੇ ਨਹੀਂ ਰਹੇ। ਆਉ ਉਸੇ ਸਮਰਥ ਸਤਿਗੁਰਾਂ ਦੇ ਚਰਣੀ ਪਈਏ ਜਿਨ੍ਹਾਂ ਦੇ ਲੜ ਦਸ਼ਮੇਸ਼ ਜੀ ਸਾਨੂੰ ਲਾ ਗਏ ਸਨ ।

ਆਪਾ ਵਿਚਾਰਨ ਦੀ ਘੜੀ ਆ ਬਣੀ ਸੀ। ਅਤੇ --**ਆਪੁ ਵੀਚਾਰਿ ਨ ਰੋਵੈ ਕੋਈ ॥** [੧੦੨੬] ਗੁਰੂ ਦੀ ਮਤਿ ਤੇ ਚਲ ਕੇ ਆਪਣੇ ਵਿਚ ਆਈਆਂ ਕਮੀਆਂ ਦੂਰ ਕਰ ਕਰਕੇ ਮਨ ਨੂੰ ਆ ਚੁੱਕੇ ਵਿਕਾਰਾਂ ਤੋਂ ਨਿਰਮਲ ਕਰ ਲੈਣਾ ਸੀ--**ਆਪੁ ਪਛਾਣੇ ਮਨੁ ਨਿਰਮਲ ਹੋਏ ॥**[੧੬੧] ਅਤੇ --**ਸੋ ਪਤਿਵੰਤਾ ਜਿ ਆਪੁ ਪਛਾਨੀ ॥**[੧੧੫੦] ਸਤਿਗੁਰਾਂ ਦੀਆਂ ਨਜ਼ਰਾਂ ਵਿਚ ਬੇਪਰਤੀਤਿਆਂ ਤੋ ਪਰਤੀਤ ਵਾਲੇ ਪਤਵੰਤੇ ਬਣ ਕੇ ਪੂਰੀ ਸਾਧਨਾ ਨਾਲ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਤੇ ਚੱਲ ਕੇ ਆਪਣੇ ਵਿਚ ਮੁੜ ਉਹੀ ਗੁਣ ਪੂਰੇ ਕਰ ਲੈਣੇ ਸਨ ਜਿਨ੍ਹਾਂ ਤੋਂ ਪ੍ਰਭਾਵਤ ਹੋ ਕੇ ਸਤਿਗੁਰਾਂ ਨੇ ਉਪ੍ਰੋਕਤ ਬਚਨ ਕਹੇ ਸਨ । ਫਿਰ ਯਕੀਨਨ, ਸਤਿਗੁਰਾਂ ਦਾ ਅਜੇਹਾ ਭਾਣਾ ਵਰਤਦਾ ਕਿ ਤੇਜ ਪ੍ਰਤਾਪ ਨੇ ਖਾਲਸੇ ਦੇ ਘਰ ਦਾ ਕੁੰਡਾ ਆ ਖੜਕਾਉਂਣਾ ਸੀ । ਪਰ ਅਰੰਭ ਤੋਂ ਅੱਜ ਤਕ ਸਭ ਕੁਝ ਹੀ ਉਲਟ ਹੁੰਦਾ ਆ ਰਿਹਾ ਹੈ। ਅਸਾਂ ਸਦਾ ਸਾਰੇ ਦੋਸ਼ ਦੂਜਿਆਂ ਵਿਚ ਹੀ ਵੇਖੇ। ਆਪ ਬਿੱਪ੍ਰਨ ਕੀ ਰੀਤ

ਦੇ ਧਾਰਨੀ ਬਣੇ ਹੋਏ ਵੀ ਨਿਆਰੇ ਬਣੇ ਫੁੰਕਾਰੇ ਹੀ ਮਾਰਦੇ ਰਹੇ। ਆਪਾ ਪੜਤਾਲਣ ਦੀ ਗੱਲ ਅੱਜ ਵੀ ਹਾਸੋ-ਹੀਣੀ ਸਮਝੀ ਜਾ ਰਹੇ ਹਾਂ। ਆਪ ਹੀ ਗੁਰੂ ਬਣੀ ਬੈਠੇ ਲਈ ਗੁਰਮਤਿ ਅਨੁਸਾਰ ਜੀਵਨ ਜੁਗਤ ਬਾਉਣ ਦਾ ਉਪਦੇਸ਼ ਭਲਾ ਕੀ ਮੁਲੱ ਰੱਖੇ? ਗੁਰੂ ਗ੍ਰੰਥ ਸਾਹਿਬ ਜੀ ਨੇ ਆਪ ਤਾਂ ਬੋਲਣਾ ਹੀ ਨਹੀਂ ਸੀ। ਸੋ ਅਸਾਂ ਆਪਣੀ ਗੁਰਿਆਈ ਹੇਠ, ਗੁਰੂ ਬਾਣੀ ਦੇ ਪਾਠ ਕਰਨ ਦੀ ਅਤੇ ਸੁਣਨ ਦੀ ਮਰਯਾਦਾ ਬਣਾ ਲਈ। **ਖ਼ਾਲਸਾ ਜੀ ਨੂੰ ਨਿਆਰਾ ਬਣਾਈ ਰੱਖਣ ਵਾਲੇ, ਅਨੂਪਮ ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ ਨਿਆਰੀ** ਸਿਖਿਆ ਲੈਂਦੇ ਰਹਿਣ ਵਾਲੀ ਮਰਯਾਦਾ ਹੀ ਨਾ ਬਣਾਈ [--ਸਿੱਖ ਰਹਿਤ ਮਰਯਾਦਾ " ਦੇ ਖਰੜੇ ਵਿਚ, ਗੁਰੂ-ਬਾਣੀ ਨੂੰ ਸਮਝਣ ਦਾ ਅਤੇ ਗੁਰਮਤਿ ਅਨੁਸਾਰ ਜੀਵਨ ਢਾਲ ਲੈਣ ਦਾ--ਕੋਈ ਇਸ਼ਾਰਾ ਤੱਕ ਨਹੀਂ ਹੈ]। ਨਤੀਜਾ--ਢਹਿੰਦੀਆਂ ਕਲਾਂ ਵੱਲ ਨੂੰ ਤੁਰਿਆ ਜਾਂਦਾ ਵੀ, ਖ਼ਾਲਸਾ ਪੰਥ--**ਡੰਕਾ ਵਾਜੇ ਫ਼ਤਹਿ ਕਾ**--ਹੀ ਗਾਈ ਜਾ ਰਿਹਾ ਹੈ। ਅੱਜ ਅਸੀਂ ਗੁਰੂ ਬਾਣੀ ਨੂੰ ਪੜ੍ਹਦੇ ਅਤੇ ਗ਼ਉਂਦੇ ਤਾਂ ਨਿੱਤ ਹਾਂ, ਪਰ ਕੇਵਲ ਦੂਜਿਆਂ ਨੂੰ ਧੋਖਾ ਦੇਣ ਲਈ ਕਿਉਂਕਿ--**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ ੧ ॥** [੬੬੯] ਜੇ ਆਪਣੇ ਲਈ ਪੜ੍ਹੀਏ ਤਾਂ ਗੁਰੂ ਬਚਨਾਂ ਦੇ ਭਾਵ ਨੂੰ ਸਮਝ ਕੇ ਉਸ ਅਨੁਸਾਰ ਆਪਨੇ ਜੀਵਨ ਨੂੰ ਢਾਲ ਲਈਏ ਅਤੇ ਉਸੇ ਜੀਵਨ-ਜੁਗਤ ਦੇ ਧਾਰਨੀ ਬਣ ਜਾਈਏ ਜਿਸ ਤੇ ਰੀਝ ਕੇ ਸਤਿਗੁਰਾਂ ਨੇ ਸਾਨੂੰ ਸਤਿਗੁਰ ਪੂਰਾ ਕਿਹਾ ਸੀ। **ਖ਼ਾਲਸਤਾਨ ਦੀ ਪ੍ਰਾਪਤੀ** ਦੇ ਨਾਮ ਤੇ ਲੁੱਟ ਮਚਾਈ ਫਿਰਦੇ ਇਨ੍ਹਾਂ ਸਿਆਸੀ ਖਿਡਾਰੀਆਂ ਨੇ, ਗੁਰੂ ਦਰਬਾਰਾਂ ਵਿਚ ਬੈਠੀ ਸੰਗਤਿ ਨੂੰ ਉਲੂ ਬਣਾਈ ਰੱਖਣ ਲਈ ਪੰਥ ਪਰਕਾਸ਼ ਵਿਚਲੀ ਇਹ ਤੁਕ --" ਇਨ ਗ਼ਰੀਬ ਸਿੱਖਨ ਕੋ ਦੂੰ ਪਾਤਿਸ਼ਾਹੀ ", ਪੜ੍ਹ ਕੇ ਖ਼ਾਲਸਤਾਨ ਮਿਲ ਜਾਣ ਦੀਆਂ ਆਸਾਂ ਪੱਕੀਆਂ ਕਰੀ ਰੱਖਣ ਦਾ ਝੂਠ-ਕਿੱਤਾ ਅਪਣਾਇਆ ਹੋਇਆ ਹੈ। ਤ੍ਰਿਸ਼ਨਾਲੂ ਸੁਆਰਥੀਆਂ ਦਾ ਇਹ ਟੋਲਾ ਖ਼ਾਲਸੇ ਨੂੰ ਅੱਜ ਵੀ ਨਿਆਰਾ ਹੀ ਦੱਸ ਰਿਹਾ ਹੈ। ਇਨ੍ਹਾਂ ਸਿੱਖ ਲੀਡਰਾਂ ਨੇ, ਇਸ ਵਿਚਾਰ ਵਿਚ ਕਿਸੇ ਨੂੰ ਪੈਣ ਦੇਣ ਦਾ ਕਦੇ ਮੌਕਾ ਹੀ ਨਹੀਂ ਦਿੱਤਾ ਕਿ ਆਖ਼ਰ ਕੀ ਕਾਰਨ ਹੈ ਜੋ ਖ਼ਾਲਸਾ ਪੰਥ ਦਿਨੋਂ ਦਿਨ ਢਹਿੰਦੀਆਂ ਕਲਾਂ ਵੱਲ ਨੂੰ ਤੁਰਿਆ ਜਾ ਰਿਹਾ ਹੈ? ਇਨ੍ਹਾਂ ਭੁਲੇਖਾ ਪਾਊ ਭਾਸ਼ਨਾਂ ਦਾ ਸਦਕਾ, ਸਿੱਖਾਂ ਦੀ ਬਹੁਗਿਣਤੀ, ਆਪਣੇ ਆਪ ਨੂੰ ਨਿਆਰਾ ਸਮਝਣ ਦੇ ਭਰਮ ਵਿਚ ਫਸੀ, ਠੱਗ਼ ਲੀਡਰਾਂ ਦੇ, ਠੱਗ-ਸਾਧਾਂ ਦੇ ਅਥਵਾ ਠੱਗ ਪਰਚਾਰਕਾਂ ਦੇ ਢਹੇ ਚੜ੍ਹੀ ਲੁੱਟੀ ਜਾ ਰਹੀ ਹੈ, ਪਰ ਅਸਲੀਯਤ ਵੱਲ ਧਿਆਨ ਨਹੀ ਦੇ ਰਹੀ।

**ਅਸਲੀਅਤ ਇਹ ਹੈ ਕਿ**, " **ਬੰਦਈ ਖ਼ਾਲਸਾ** " ਅਤੇ **ਤੱਤ ਖ਼ਾਲਸਾ** " ਦੋ ਧੜਿਆਂ ਵਿਚ ਵੰਡੇ ਜਾਣ ਸਮੇ ਹੀ ੧੬੯੯ ਵਾਲੀ ਉਸ ਪਹਿਲੇ ਦਿਨ ਵਾਲੀ ਆਭਾ ਵਿਚ ਫ਼ਰਕ ਆ ਚੁੱਕਾ ਸੀ । ੧੭੯੯ (ਲਾਹੌਰ ਤੇ ਕਬਜ਼ੇ ਸਮੇ) ਵਾਲੀ ਚੜ੍ਹਤ ੧੮੪੯ ਤੱਕ ਨਹੀਂ ਸੀ ਰਹੀ । ੧੮੪੯ ਵਾਲੀ ਗੱਲ ੧੯੨੩ ਵਿਚ ਨਹੀਂ ਸੀ ਰਹੀ । ਪਰ ੧੯੪੭ ਤੱਕ ਸਾਡੀ ਮਤਿ ਏਡੀ ਮਲੀਨ ਹੋ ਚੁੱਕੀ ਸੀ ਕਿ, ਆਪਣੇ ਲਈ ਅੱਡਰਾ ਰਾਜ ਮੰਗ ਲੈਣ ਦੀ ਥਾਂ ਸਗੋਂ ਆਪਣੇ ਸਤਿਗੁਰਾਂ ਦੇ ਹੁਕਮ ਨੂੰ ਏਸ ਦੁਖਦਾਈ ਹੱਦ ਤੱਕ ਬੇਲੋੜਾ ਮੰਨ ਲਿਆ ਹੋਇਆ ਸੀ ਕਿ, ਜਿਸ ਬਿੱਪਰ ਦੀ ਰੀਤ ਦੇ ਪਰਛਾਵੇਂ ਤੋਂ ਵੀ ਕੋਹਾਂ ਦੂਰ ਰਹਿਣ ਦਾ ਹੁਕਮ ਸੀ, (ਹਾਲਾਂ ਕਿ ਮੁਸਲਮਾਨ ਭਰਾ ਨੇ ਵੀ ਸਮਝਾਇਆ ਪਰ, ਫਿਰ ਵੀ) ਅਸਾਂ ਉਲਟਾ ਉਸੇ ਬਿੱਪ੍ਰ ਦੇ ਅਧੀਨ ਰਹਿ ਕੇ ਜੀਊਣਾ ਮੰਨ ਲਿਆ। ਜਿਸ ਬਿੱਪ੍ਰ ਦਾ ਇਸ਼ਟ ਬਚਨ ਕਰਕੇ ਖਿਸਕਣ ਲੱਗਾ ਢਿੱਲ ਨਹੀਂ ਸੀ ਲਾਉਂਦਾ (ਪੜ੍ਹੋ ਪੁਸਤਕ ਦੇ ਪਹਿਲੇ ਭਾਗ ਵਿਚਲਾ ਲੇਖ **ਅਵਤਾਰ ਪ੍ਰਥਾ**) ਉਸ ਬ੍ਰਾਹਮਣ ਦੇ ਲਿਖਤੀ ਇਕਰਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਵੀ ਉੱਚਾ ਮੰਨ ਲਿਆ--**ਬਚਨ ਕਰੇ ਤੇ ਖਿਸਕ ਜਾਇ ਬੋਲੇ ਸਭ ਕਚਾ** ॥ ਭਾਵ, ਬਚਨ ਕਰਕੇ ਖਿਸਕ ਜਾਣ ਵਾਲਾ ਪੱਕਾ ਝੂਠਾ ਹੁੰਦਾ ਹੈ। ਨਤੀਜਾ ਇਹ ਹੋਇਆ ਕਿ ੧੯੪੭ ਦੀ ਦੇਸ਼ ਦੀ ਵੰਡ ਦੇ ਸਮੇਂ ਤੋਂ ਹੀ ਅਸਾਂ ਬਾਹਾਂ ਸਿਰ ਤੇ ਰੱਖ ਲਈਆਂ। ਸਰਕਾਰ ਵਿਰੁੱਧ ਮੋਰਚੇ ਦੇ ਬਿਗੁਲ ਨਿੱਤ ਵੱਜਣੇ ਸ਼ੁਰੂ ਹੋ ਗਏ। ਮੁੱਕਰਨ ਗਿੱਝੀ ਹੋਈ ਸਰਕਾਰ ਦੇ ਬਚਨਾ ਤੇ ਨਿੱਤ ਭਰੋਸਾ ਕੀਤਾ ਜਾਂਦਾ ਰਿਹਾ ਅਤੇ ਮੁੜ ਮੁੜ " ਪੰਥ ਖ਼ਤਰੇ ਵਿਚ " ਦਾ ਰੌਲਾ ਪੈਂਦਾ ਰਿਹਾ। ਪਰ ਖ਼ਾਲਸੇ ਦਾ ਦਬਦਬਾ ਅਜੇ ਪੂਰੀ ਤਰ੍ਹਾਂ ਖ਼ਤਮ ਨਹੀਂ ਸੀ ਹੋਇਆ ।

੧੯੫੫ ਦੇ ਮੋਰਚੇ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਪਰਕਰਮਾਂ ਤੋਂ ਬਾਹਰ, ਕਿਸੇ ਜੋਸ਼ੀਲੇ ਸਿੱਖ ਗਭਰੂ ਨੇ ਵਰਦੀ ਵਾਲੇ ਸਿਪਾਹੀ ਨੂੰ ਧ੍ਰੂ ਖੜਿਆ ਤਾਂ ਗੁਰਦਾਸਪੁਰ ਜ਼ਿਲ੍ਹੇ ਦੇ ਪੁਲਸ ਕਪਤਾਨ ਸ: ਪੂਰਨ ਸਿੰਘ ਨੇ ਸਿਪਾਹੀ ਨੂੰ ਛਡਾਉਣ ਲਈ ਆਪਣੇ ਪਸਤੌਲ ਨਾਲ ਕੇਵਲ ਦੋ ਹਵਾਈ ਫਾਇਰ ਹੀ ਕੀਤੇ ਸਨ, ਤਾਂ ਉਸ ਸਮੇਂ ਦੇ ਚੀਫ ਮਿਨਿਸਟਰ ਸ੍ਰੀ ਭੀਮ ਸੈਨ ਸੱਚਰ ਨੂੰ ਖਿਮਾ ਮੰਗਣ ਲਈ ਹਰਿਮੰਦਰ ਸਾਹਿਬ ਆਉਣਾ ਪਿਆ ਸੀ।

੧੯੫੫ ਵਾਲਾ ਖ਼ਾਲਸਾ ੧੯੬੬ ਤੱਕ ਨਹੀਂ ਰਹਿ ਗਿਆ ਹੋਇਆ। ਫਿਰ ਵੀ ਸੰਤ ਫ਼ਤਹ ਸਿੰਘ ਦੇ ਸੜ ਮਰਨ ਵਾਲੇ ਮੋਰਚੇ ਨੂੰ ਖ਼ਤਮ ਕਰਨ ਲਈ ਦਿੱਲੀ ਤੋਂ ਹੁਕਮ ਸਿੰਘ ਖ਼ਾਸ ਹਵਾਈ ਜਹਾਜ਼ ਵਿਚ ਆਇਆ, ਅਤੇ ਉਸ ਨੇ ਸ੍ਰੀ ਅਕਾਲਤਖ਼ਤ ਸਾਹਿਬ ਤੇ ਖੜਾ ਹੋ ਕੇ, ਹਰਿਮੰਦਰ ਸਾਹਿਬ ਵੱਲ ਮੂੰਹ ਕਰਕੇ ਦਿੱਲੀ ਸਰਕਾਰ ਦੀ ਸਫਾ ਦਿਲੀ ਬਾਰੇ ਸੌਂਹ ਖਾਧੀ ਸੀ। ਦਸ਼ਮੇਸ਼ ਜੀ ਦੇ ਖ਼ਾਲਸੇ ਦਾ ਜਥੇਦਾਰ ਏਡਾ ਨਿੱਘਰ ਚੁੱਕਾ ਸੀ ਕਿ ਸਭ ਤੋਂ ਪਵੱਤ੍ਰਿ ਅਸਥਾਨ ਤੇ ਖੜਾ ਹੋ ਕੇ, ਝੂਠ ਬੋਲ ਕੇ ਖ਼ਾਲਸਾ ਜੀ ਨਾਲ ਧੋਖਾ ਕਰਨ ਵਾਲੇ ਸ: ਹੁਕਮ ਸਿੰਘ ਨੂੰ ਪੰਥ ਵਿਚੋ ਖ਼ਾਰਜ ਕਰਨਾ ਤਾਂ ਕਿਤੇ ਰਿਹਾ ਉਸ ਨੂੰ ਤਨਖ਼ਾਈਆ ਵੀ ਕਿਸੇ ਨੇ ਘੋਸ਼ਤ ਨਾ ਕੀਤਾ। ਸ਼ਾਇਦ, ਹੰਕਾਰ-ਗ੍ਰਸੇ ਸੁਆਰਥੀ ਅਤੇ ਲਾਲਚੀ ਰਵਈਏ ਨੂੰ ਠੱਲ੍ਹ ਪਾਉਣ ਲਈ, ਕਿ ਜਾਂ ਸਾਨੂੰ ਲੋਭੀ ਅਕ੍ਰਿਤਘਣ ਬਣ ਚੁਕਿਆਂ ਨੂੰ ਕਰੜਾ ਡੰਨ ਦੇਣ ਲਈ, ਜੋ ਭਾਣਾ ਵਾਹਿਗੁਰੂ ਨੇ ਵਰਤਾਇਆ ਉਸ ਨਾਲ ਬਚਿਆ ਖੁਚਿਆ ਇੱਜ਼ਤ ਮਾਣ ਅਤੇ ਪੰਥਕ ਦਬਦਬਾ, ਉਕਾ ਹੀ ਰੂਪ ਵਟਾ ਬੈਠਾ। ੧੯੭੮ ਤੋਂ ਵਰਤਣੇ ਅਰੰਭ ਹੋਏ ਭਾਣਿਆਂ ਨੇ ਸਪੱਸ਼ਟ ਕਰ ਦਿੱਤਾ, ਕਿ ਪੰਥਕ ਲੀਡਰ ਮਾਇਆ-ਮੋਹ ਦੇ ਕਾਰਨ ਏਡਾ ਹੰਕਾਰੀ ਹੋ ਚੁੱਕਾ ਹੈ ਕਿ ਉਹ ਆਪਣੇ ਸਤਿਗੁਰਾਂ ਦੇ ਬਚਨਾਂ ਦਾ ਇੱਕ ਕੌਡੀ ਮੁੱਲ ਵੀ ਨਹੀਂ ਸਮਝਦਾ।

ਇਉਂ ਅਨੁਭਵ ਹੋ ਰਿਹਾ ਹੈ ਕਿ ਅਕਾਲ ਪੁਰਖ ਜੀ ਨੇ ਉਹੀ ਭਾਣਾ ਵਰਤਾਇਆ ਹੈ ਜਿਹੜਾ **ਉਹ**, (ਗੁਰਬਾਣੀ ਅਨੁਸਾਰ) ਬੜੇ ਵਡੇ ਪਾਪੀਆਂ ਨੂੰ ਸਜ਼ਾ ਦੇਣ ਸਮੇ ਵਰਤਾਉਂਦਾ ਹੈ। ਭਾਵ, ਕੋਈ ਸਜ਼ਾ ਦੇਣ ਲਈ ਮਨੁੱਖ ਦੀ ਚੰਗਿਆਈ ਖੋਹ ਕੇ ਪਰਮਾਤਮਾ ਉਸ ਨੂੰ ਕੁਰਾਹੇ ਪਾ ਦਿੰਦਾ ਹੈ--**ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥**"[੪੧੭] ਸਾਥੋ ਚੰਗਿਆਈ ਏਥੋਂ ਤੱਕ ਖੋਹ ਲਈ, ਕਿ ਅਸੀਂ ਉਨ੍ਹਾਂ ਅਮੋਘ ਸ਼ਸਤਰਾਂ ਬਾਰੇ ਭੁੱਲ ਹੀ ਗਏ ਜੋ ਸਾਨੂੰ ਵਿਰਸੇ ਵਿਚ ਮਿਲੇ ਹੋਏ ਹਨ। ਉਹ ਸ਼ਸਤਰ ਜਿਨ੍ਹਾਂ ਦੀ ਵਰਤੋਂ ਨਾਲ, (ਕੇਵਲ ਇੱਕ ਗ਼ਰੀਬ ਸਾਥੀ ਭਾਈ ਮਰਦਾਨੇ ਨਾਲ ਘਰੋਂ

ਤੁਰੇ) ਸਤਿਗੁਰੂ ਨਾਨਕ ਸਾਹਿਬ ਜੀ ਨੇ ਲਗ-ਪਗ ਸਾਰੇ ਸੰਸਾਰ ਤੇ ਜਿੱਤ ਪ੍ਰਾਪਤ ਕਰ ਲਈ ਸੀ। ਸਤਿਗੁਰਾਂ ਦੇ ਉਹ ਅਮੋਘ ਸ਼ਸਤਰ, ਗਦਾ, ਖੰਡਾ ਅਤੇ ਖੜਗ----**ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥ ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ, ਏਹ ਗਲ ਸਾਰੀ ॥੧॥**[੬੨੮]-੧੬-੮੦ **ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮ ਕੰਕਰ ਮਾਰਿ ਬਿਦਾਰੇ ॥ ੨ ॥**[੫੭੪]-੪ ਅਸਾਂ ਮੁਢੋਂ ਵਿਸਾਰ ਹੀ ਦਿੱਤੇ ਅਥਵਾ ਸਤਿਗੁਰਾਂ ਦੇ ਇਹ ਅਨਮੋਲ ਬਚਨ ਅਸਾਂ ਨਿਕੰਮੇਂ ਸਮਝ ਲਏ। ਲੋਹੇ ਬਰੂਦ ਦੇ ਬਣੇ ਸ਼ਸਤਰਾਂ ਦੀ ਪੂਜਾ ਵਾਲੀ ਬਾਣੀ ਦਾ ਪਾਠ ਕਰਦੇ ਰਹਿਣ ਨੂੰ ਅਥਵਾ ਪਸਤੌਲ ਆਦਿ ਮਾਰੂ ਸ਼ਸਤਰਾਂ ਨੂੰ ਅਤੇ ਮੋਟਰ ਸਾਇਕਲਾਂ ਨੂੰ ਕਲਿਆਣ ਦਾਤੇ ਮੰਨ ਲਿਆ। ਪਰਮਾਤਮਾਂ ਨਾਲ ਜੋੜ ਦੇਣ ਵਾਲੇ ਖਿਮਾ ਗੁਣ (-**ਜਹਾ ਖਿਮਾ ਤਹ ਆਪਿ ॥**[੧੩੭੨]) ਅਤੇ ਦਾਤਾਰ ਕੋਲੋਂ ਸੰਸਾਰ ਦੀ ਪ੍ਰਧਾਨਗੀ ਦੀ ਬਖ਼ਸ਼ਸ਼ ਪ੍ਰਾਪਤ ਕਰਨ ਜੋਗੇ ਬਨਾਉਣ ਵਾਲੇ--**ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥**[੧੨੪੫] ਗੁਰਮਤਿ ਦੇ ਸ਼ੁੱਭ-ਗੁਣਾ ਦੇ ਥਾਂ, ਬਿੱਪਰੀ ਗ੍ਰੰਥਾਂ ਵਿਚਲੇ ਦੇਵੀ ਦੇਵਤਿਆਂ ਅਤੇ ਅਵਤਾਰਾਂ ਵਾਲੇ, ਗੁਰਮਤਿ ਵਿਰੋਧੀ, **ਬਦਲਾ ਲਊ** * ਅਉਗੁਣ ਨੂੰ **ਪੰਥਕ-ਗੁਣ** ਥਾਪ ਲਿਆ। ਸਿੱਟਾ ਇਹ ਹੈ ਕਿ ਸੁਤੰਤਰ ਰਾਜ ਭਾਗ ਲੈਣ ਦੀ ਗੱਲ ਕਰਨ ਵਾਲਿਆਂ ਕੋਲੋਂ, ਹਰਿਮੰਦਰ ਸਾਹਿਬ ਜਾਣ ਦੀ ਪਹਿਲੀ ਸੁਤੰਤਰਤਾ ਵੀ ਸਾਥੋਂ ਵਾਸਤਵ ਵਿਚ ਖ਼ੁੱਸ ਚੁੱਕਾ ਹੈ।

ਜਿਥੇ ਨਿੱਤ ਸਿਆਸੀ ਕਾਂਨਫਰੰਸਾ ਕੀਤੀਆਂ ਜਾਂਦੀਆਂ ਸਨ, ਜਿੱਥੋਂ ਸ਼ਹੀਦੀਆਂ ਪਾਉਣ ਨੂੰ ਅਥਵਾ ਗਿਰਫ਼ਤਾਰੀਆਂ ਦੇਣ ਨੂੰ ਜਾਣ ਵਾਲੇ ਜਥੇ ਤੋਰੇ ਜਾਇਆ ਕਰਦੇ ਸਨ, ਉਥੇ ਹੁਣ ਸਿਆਸੀ ਗੱਲ ਤੱਕ ਕਰਨ ਦੀ ਪਾਬੰਦੀ ਲੱਗ ਚੁੱਕੀ ਹੈ। ਜਿਸ ਮੰਜੀ ਸਾਹਿਬ ਦੀ ਸਟੇਜ ਤੇ ਕਦੇ ਦਿੱਲੀ ਦੇ ਤਾਜਦਾਰਾਂ ਨੂੰ ਧਮਕੀਆਂ ਭਰੇ ਕੌੜੇ ਬਚਨ ਵੀ ਬੋਲੇ ਜਾ ਸਕਦੇ ਸਨ, ਉਸ ਥਾਂ ਲੱਗੇ ਦੀਵਾਨ ਵਿਚ ਅੱਜ ਖ਼ਾਲਸਤਾਨ ਦਾ ਨਾਰਾ ਲਾਉਣ ਦੀ ਖੁੱਲ੍ਹ ਵੀ ਨਹੀਂ ਰਹੀ। ਕਦੇ ਪਰਲੇ ਦਰਜੇ ਦਾ ਅਣਖੀ ਰਹਿ ਚੁੱਕੇ ਖ਼ਾਲਸਾ ਜੀ ਵਿਚ ਏਥੋਂ ਤੱਕ ਗਿਰਾਵਟ ਆ ਚੁੱਕੀ ਹੈ ਕਿ ਆਪਣੇ ਸਤਿਗੁਰਾਂ ਦੇ ਦਰਸ਼ਨਾਂ ਲਈ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਮਰਦ ਇਸਤ੍ਰੀ ਦੀ ਤਲਾਸ਼ੀ ਲਈ ਜਾਣੀ ਵੀ, ਸਿੰਘ ਝੱਲ ਚੁੱਕਾ ਹੈ। ਜਿਸ ਹਰਿਮੰਦਰ ਸਹਿਬ ਵਿਚੋਂ ਕਿਸੇ ਨੂੰ ਗਿਰਫ਼ਤਾਰ ਕਰਨ ਲਈ ਦੇਸ਼ ਦੀ ਫ਼ੌਜ ਭੇਜਣੀ ਪੈਂਦੀ ਸੀ, ਅੱਜ ਕੋਤਵਾਲੀ ਦਾ ਠਾਣੇਦਾਰ ਹੀ ਆਪਣਾ ਸਟਾਫ਼ ਲੈ ਕੇ ਆ ਪਏ ਤਾਂ (ਕਦੇ ਕੇਵਲ ਦੋ ਸਿੰਘ ਹੀ ਮੱਸੇ ਰੰਘੜ ਦਾ ਸਿਰ ਵੱਢ ਖੜਨ ਵਾਲੇ) ਖ਼ਾਲਸਾ ਜੀ ਨੂੰ ਭਾਜੜਾਂ ਪੈ ਜਾਂਦੀਆਂ ਹਨ। ਪਰ ਸਾਡੇ ਦਮਗਜੇ, ਫੁੰਕਾਰੇ, ਆਪਸ ਵਿਚ ਲੜਾਈਆਂ, ਗੁਰੂ ਦਰਬਾਰਾਂ ਵਿਚਲੇ ਝਗੜੇ-ਝਾਂਜੇ, ਅਤੇ ਕੁ-ਬਚਨ ਬੋਲਣ ਜਿਹੇ ਦੁਸ਼ਕਰਮ, ਸਗੋਂ ਵਾਧੇ ਤੇ ਹਨ। ਆਪਣੇ ਆਪੇ ਦੀ ਪੜਤਾਲ ਕਰਨ ਦੀ ਸੋਝੀ ਨਾ ਆਉਣ ਨੂੰ, ਅਕਾਲ ਪੁਰਖ ਵਲੋਂ ਭਿਅੰਕਰ ਕਹਿਰ ਸਮਝਣਾ ਚਾਹੀਦਾ ਹੈ--" **ਖੁਸਿ ਲਏ ਚੰਗਿਆਈ** " ਵਾਲਾ ਭਿਅੰਕਰ ਭਾਣਾ ?

ਜਿਸ ਰੀਤ ਨੇ ਸਾਨੂੰ ਗੁਰੂ ਜੀ ਦੀਆਂ ਨਜ਼ਰਾਂ ਵਿਚ ਬੇਪਰਤੀਤਾ ਬਣਾ ਦੇਣਾ ਸੀ ਉਸ ਰੀਤ ਦਾ ਪਤਾ ਤਾਂ ਸਿੱਖ ਦੇ ਬਚੇ ਬੱਚੀ ਸਮੇਤ ਸਾਰੇ ਪੰਥ ਨੂੰ ਹੋਣਾ ਚਾਹੀਦਾ ਸੀ। ਪਰ ਸਾਡੀ ਬਦਕਿਸਮਤੀ ਏਡਾ ਪਰਬੱਲ ਰੂਪ ਧਾਰ ਚੁੱਕੀ ਹੈ ਕਿ, ਜਿਹੜਾ ਸਾਨੂੰ ਪੂਰੇ ਜ਼ੋਰ ਨਾਲ ਬਿੱਪ੍ਰਨ ਕੀ ਰੀਤ ਦਾ ਧਾਰਨੀ ਬਣਾਈ ਤੁਰਿਆ ਜਾ ਰਿਹਾ ਹੈ, ਉਹੀ ਭੇਖੀ ਠੱਗ-ਸਾਧ ਸਾਡੇ ਲਈ ਪੂਜਨੀਕ ਬਣ ਰਿਹਾ ਹੈ। ਗੁਰਮਤਿ ਗਿਆਨ ਤੋਂ ਜਾਣੂੰ ਕਰਵਾ ਕੇ ਬਿੱਪ੍ਰਨ ਕੀ ਰੀਤ ਤੋਂ ਦੂਰ ਰਹਿਣ ਦਾ ਉਪਦੇਸ਼ ਦੇਣ ਵਾਲੇ ਉਪਕਾਰੀ-ਸੱਜਣ ਪਿਆਰੇ ਦੀ ਤਾਂ ਗੱਲ ਸੁਣਨ ਨੂੰ ਵੀ ਅੱਜ ਅਸੀਂ ਤਿਆਰ ਨਹੀਂ ਹਾਂ। ਏਹੀ ਕਾਰਨ ਹੈ ਕਿ ਇਸ ਲੇਖ ਤੋਂ ਕੇਵਲ ਉਨ੍ਹਾਂ ਗੁਰਮੁਖਾਂ ਦੇ ਮਨ ਨੇ ਹੀ ਸੁਖਾਵਾਂ ਅਸਰ ਕਬੂਲ ਕਰਨਾ ਹੈ ਜਿਨ੍ਹਾਂ ਦੇ ਹਿਰਦੇ ਅੰਦਰ ਅਜੇ ਵੀ ਸਚਾਈ ਨਾਲ ਜੁੜਨ ਦੀ ਤ੍ਰਿਸ਼ਨਾ ਹੈ। ਪਰ ਗਿਆਨ ਖੜਗ ਨੂੰ ਬੇਲੋੜਾ ਮੰਨ ਬੈਠੇ ਤਲਵਾਰ ਨੂੰ ਇਸ਼ਟ ਦੇ ਰੂਪ ਵਿਚ ਮੰਨਣ ਵਾਲੇ ਹੰਕਾਰੀ ਮਨਮੁਖ ਸੱਚ ਲਿਖਣ ਵਾਲੇ ਦੇ ਦੁਆਲੇ " ਤਾਂਡਵ ਨਾਚ " ਅਰੰਭ ਕਰ ਦੇਣ ਨੂੰ ਪੰਥਕ ਸੇਵਾ ਮੰਨ ਲੈਂਦੇ ਹਨ।

## ਖ਼ਾਲਸਈ ਮਰਯਾਦਾ ਵਿਚ ਢਿੱਲ ਆਉਣੀ ਵਧਦੀ ਗਈ--

ਸਿੱਖੀ ਵਿਚ ਪਤਿਤ ਪੁਣਾ ਪਰਚਲਤ ਕਰਨਾ ਬਿੱਪ੍ਰ ਦੀ ਇਛਿਆ ਸੀ। ਕੇਸਾਂ ਦੀ ਬੇਅਦਬੀ ਕਰ ਲੈਣ ਤੇ, ਭਾਵ, ਘੋਨ-ਮੋਨ ਹੋ ਜਾਣ ਤੇ ਵੀ ਆਪਣੇ ਆਪ ਨੂੰ ਸਿੱਖ ਸਮਝੀ ਜਾਣ ਵਾਲੀ ਭਾਵਣਾ ਸਿੱਖ ਪੰਥ ਵਿਚ ਪੈਦਾ ਕਰ ਦੇਣੀ ਪ੍ਰੋਹਿਤ ਜੀ ਦਾ ਮੁੱਖ ਨਿਸ਼ਾਨਾ ਸੀ। ਪਤਿਤ ਕਰਨ ਲਈ ਮਨੋਰੰਜਨ ਦੀ ਸਟੇਜ ਬ੍ਰਾਹਮਣ ਦਾ ਅਜ਼ਮਾਇਆ ਹੋਇਆ ਸਭ ਤੋਂ ਖ਼ਤਰਨਾਕ ਹਥਿਆਰ ਸੀ। "-ਜੇ ਕਦੇ ਖ਼ਾਲਸਾ ਜੀ ਫ਼ਿਲਮੀ ਦੁਨੀਆਂ ਵਿਚ ਆ ਵੜਨ ਤਾਂ ਜਿਵੇਂ ਹੋਰ ਧੰਦਿਆਂ ਵਿਚ ਮੋਹਰੀ ਬਣ ਖਲੋਂਦੇ ਹਨ ਏਸੇ ਤਰ੍ਹਾਂ ਖ਼ਾਲਸਾ ਜੀ ਦੇ ਨੌਨਿਹਾਲ ਨੇ ਕੇਸਾਂ ਨੂੰ ਤਲਾਂਜਲੀ ਦੇ ਕੇ ਸਟੇਜ ਵਾਲੇ ਕੰਜਰ ਪੁਣੇ ਵਿਚ ਵੀ ਬਾਜ਼ੀ ਲੈ ਜਾਣੀ ਹੈ " । ਇਹ ਸੀ ਪੱਕਾ ਵਿਸ਼ਵਾਸ ਸਿੱਖੀ ਦੇ ਖ਼ਤਰਨਾਕ ਵੈਰੀ ਦਾ। ਇਸ ਲਈ ਸਿੱਖ ਸਰੂਪ ਨੂੰ ਸਿਨਮੇ ਵਿਚ ਲਿਆ ਵਾੜਨ ਦਾ " ਸ੍ਰੀ ਗਣੇਸ਼ " ਕਰਨ ਲਈ, ਬਿੱਪ੍ਰ ਲਗਾਤਾਰ ਹੱਥ ਪੈਰ ਮਾਰੀ ਤੁਰਿਆ ਆਉਂਦਾ ਸੀ।

ਪੁਸਤਕ ਦੇ ਪਹਿਲੇ ਭਾਗ ਤੋਂ ਅਰੰਭ ਹੋ ਕੇ ਅਸੀਂ ਪਿੱਛੇ ਕਈ ਥਾਈਂ ਪੜ੍ਹ ਆਏ ਹਾਂ ਕਿ " ਸਾਧ ਡੇਰੇਦਾਰ " ਦਾ ਜਨਮ ਦਾਤਾ ਕੇਵਲ ਬ੍ਰਾਹਮਣ ਹੈ। ਸ਼ਕਲ ਵਟਾ ਕੇ ਖ਼ਾਲਸਾ ਪੰਥ ਵਿਚ ਆ ਵੜੀ ਡੇਰੇਦਾਰ ਵੀ ਬ੍ਰਾਹਮਣੀ ਸੋਚ ਦਾ ਹੀ ਮਨਮੋਹਣਾ ਫਲ ਹੈ। ਪੁਸਤਕ ਦੇ ਦੂਜੇ ਭਾਗ ਦੇ ਸਤਵੇਂ ਕਾਂਡ ਵਿਚ ਵਿਸਥਾਰ ਨਾਲ ਆ ਚੁੱਕਾ ਹੈ ਕਿ ਸ੍ਰੋਮਣੀ ਅਕਾਲੀਦਲ ਦੇ ਪਰਧਾਨ ਸੰਤ ਬਾਬਾ ਫਤੇਹ ਸਿੰਘ, ਅਤੇ ਸ੍ਰੋਮਣੀ ਕਮੇਟੀ ਦੀ ਪਰਧਾਨ, ਸੰਤ ਬਾਬਾ ਚੰਨਣ ਸਿੰਘ ਹੁਣਾ ਨੇ, ਪੰਥਕ ਗੁਰਮਤੇ ਨਾਲ ਹਿੰਦੂ ਫਿਲਮ ਨਿਰਮਾਤਾ ਕੋਲੋਂ--"ਹਰਿਮੰਦਰ ਸਾਹਿਬ ਦੇ ਵਿਚ ਹੀ '**ਨਾਨਕ ਨਾਮ ਜਹਾਜ਼**--ਫਿਲਮ ਬਣਵਾ ਕੇ ਕੰਜਰਲ (Cultural) ਪ੍ਰੋਗਰਾਮਾਂ ਵਿਚ ਹਿੱਸਾ ਲੈ ਸਕਣ ਦਾ ਰਾਹ ਪੰਥਕ ਤੌਰ ਤੇ ਖੋਹਲ ਦਿੱਤਾ। ਬਾਬਾ ਫ਼ਤੇਹ ਸਿੰਘ ਜੀ ਨੇ ਪੰਥਕ-ਆਚਰਨ ਦਾ ਘਾਤ ਕਰਨ ਲਈ ਉਹੀ ਕੁਝ ਕੀਤਾ ਜੋ ਕੁਝ ਮਹੰਤਾਂ ਨੇ ਕਰਨਾ ਅਰੰਭ ਕਰੀ ਰਖਿਆ ਸੀ। [ਪੂਰਾ ਵਿਸਥਾਰ ਜਾਨਣ ਲਈ ਪੜ੍ਹੋ ਪੁਸਤਕ ਦੇ ਦੂਜੇ ਭਾਗ ਦੇ ਸਤਵੇਂ ਕਾਂਡ ਦਾ ਲੇਖ " ਨਾਨਕ ਨਾਮ ਜਹਾਜ਼ ਫਿਲਮ " ]

ਦਸ਼ਮੇਸ਼ ਜੀ ਦਾ ਕਦੇ ਲਾਡਲਾ ਰਹਿ ਚੁੱਕਿਆ ਪੰਥ ਹੌਲੀ ਹੌਲੀ ਧਾਰਮਿਕ ਤੌਰ ਤੇ ਲੀਰੋ ਲੀਰ ਹੁੰਦਾ ਚਲਾ ਗਿਆ ਪਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ,SGPC ਦੇ ਪ੍ਰਧਾਨ ਸਾਹਿਬਾਨ ਅਥਵਾ ਮੁੱਖ-ਗ੍ਰੰਥੀ ਸਾਹਿਬਾਨ ਨੇ ਇਨ੍ਹਾਂ ਗੰਭੀਰ ਮਸਲਿਆਂ ਨੂੰ ਪੰਥਕ ਮਸਲਾ ਬਣਾ ਕੇ ਖੁਲ੍ਹੀ ਅਤੇ ਨਿਰਪੱਖ ਪੜਤਾਲ (ਅਥਵਾ ਸੁਣਵਾਈ) ਕਰਨ ਉਪਰੰਤ ਸਿਆਣੇ ਜੱਜਾਂ ਵਾਂਗ ਨਾ ਕੋਈ ਸਰਬ ਪ੍ਰਵਾਨਤ ਨਿਰਣਾ ਲਿਆ, ਅਤੇ

ਨਾ ਕਿਸੇ ਨੂੰ ਦੋਸ਼ੀ ਸਿੱਧ ਕਰਕੇ ਕੋਈ ਡੰਡ ਦਿੱਤਾ । ਸੁਧਾਰ ਲਿਆਉਣ ਖਾਤਰ ਨਾ ਕਦੇ ਕੋਈ ਹੁਕਮਨਾਮਾਂ ਜਾਰੀ ਕੀਤਾ ਅਤੇ ਨਾ ਹੀ ਕੋਈ ਸੇਧ ਪੱਤਰ (Directive ) ਜਾਰੀ ਹੋਇਆ। ਗੁਰੂ ਦੀ ਸਟੇਜ ਵਾਸਤਵ ਵਿਚ ਲਾਵਾਰਸ ਹੋ ਕੇ ਕੰਨ ਰਸ ਦਾ ਅੱਡਾ, ਅਥਵਾ ਭਰਮ-ਮੰਚ ਬਣਦੀ ਗਈ। ਨਤੀਜੇ ਵਜੋਂ ਡਾ: ਪਿਆਰਾ ਸਿੰਘ ਅਤੇ ਡਾ: ਪਿਸ਼ੌਰਾ ਸਿੰਘਾਂ ਦਾ ਜਨਮ ਲੈ ਲੈਣਾ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ। ਗੁਰੂ ਦਰਬਾਰਾਂ ਵਿਚ ਲੜਾਈਆਂ ਝਗੜੇ ਦਿਨੋਂ ਦਿਨ ਵਧੇ ਤੇ ਹਨ। ਸਿੱਖੀ ਦੇ ਪੱਤਨ ਨੂੰ ਸਿੱਖੀ ਦੀ ਚੜ੍ਹਦੀ ਕਲਾ ਕਹਿ ਕੇ ਹੋਰ ਤੋਂ ਹੋਰ ਭੁਲੇਖਾ ਪਾਇਆ ਜਾ ਰਿਹਾ ਹੈ। ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਲਈ ਹੁਣ ਅਜੇਹਾ ਵਿਧੀ ਵਿਧਾਣ ਬਣ ਚੁੱਕਾ ਹੈ ਕਿ ਖ਼ਾਲਸਈ ਆਨ ਸ਼ਾਨ ਅਤੇ ਗੁਰਮਤਿ ਮਰਯਾਦਾ ਦਾ ਭੋਗ ਪੈ ਰਿਹਾ ਹੈ। ਡੇਰੇਦਾਰ-ਵਿਧੀ ਵਿਧਾਨ ਦੀ ਪੈਦਾਇਸ਼ ਅਜੋਕਾ ਅੰਮ੍ਰਿਤ-ਧਾਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੱਚਾ ਸਿੰਘ ਬਣਨ ਦੇ ਥਾਂ ਆਪਣੇ ਪਰਾਏ ਸੱਭ ਦਾ ਨਾਸ ਕਰੀ ਜਾਣ ਵਾਲਾ, **(ਬਾਬਾ ਜਰਨੈਲ ਸਿੰਘ ਜੀ ਦੇ ਕਥਨ ਵਾਲਾ) " ਬੰਬ "** ਪੈਦਾ ਹੋ ਰਿਹਾ ਹੈ। Quality ਦੇ ਥਾਂ **Quantity** ਪਰਧਾਨ ਬਣ ਬੈਠੀ ਹੈ। ਕਿਵੇਂ ਪਵੇ ਇਸ ਤੂਫ਼ਾਨੇ ਬੇਤਮੀਜ਼ੀ ਨੂੰ ਠੱਲ੍ਹ। ਸਤਿਗੁਰਾਂ ਲਈ ਤਾਂ ਅਸੀਂ ਬੇਪਰਤੀਤੇ ਬਣ ਗਏ, ਕੌਣ ਹੋਵੇ ਅੱਜ ਸਾਡਾ ਸਹਾਈ? ਇਹ ਸਾਰਾ ਪੰਥਕ ਘਾਟਾ, ਦਸ਼ਮੇਸ਼ ਜੀ ਦੇ ਹੁਕਮ ਨੂੰ ਇੱਕ ਸਾਰ ਸਮਝ ਕੇ ਉਸ ਦੇ ਹਰ ਪੱਖ ਅਨੁਸਾਰ ਜੀਵਨ ਜੁਗਤ ਬਣਾਈ ਰੱਖਣ ਦੇ ਥਾਂ, ਆਪਣੀ ਵਿਉਂਤ ਅਨੁਸਾਰ ਉਸ ਦੀਆਂ ਵੰਡੀਆਂ ਪਾ ਲੈਣ ਦੇ ਕਾਰਨ ਵਾਪਰਿਆ ਹੈ।

੧੬- **ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥ ਕੈ ਦੋਖੜੈ ਸੜਿਓਹਿ, ਕਾਲੀ ਹੋਈਆ ਦੇਹੁਰੀ, ਨਾਨਕ ਮੈ ਤਨਿ ਭੰਗੁ ॥ ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥ ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ ॥ ੩੦ ॥**[੧੪੧੨]

# ੫

# ਧਰਮ ਬਿਨਾ ਨਹਿ ਰਾਜ ਮਿਲੈ ਹੈ ?

" ਬਿੱਪ੍ਰਨ ਕੀ ਰੀਤ ਤੋਂ ਸਚ ਦਾ ਮਾਰਗ " ਪੁਸਤਕ ਦਾ ਪਹਿਲਾਂ ਭਾਗ ਪੜ੍ਹ ਕੇ, ਵੈਨਕੂਵਰ ਸ਼ਹਿਰ ਦੇ ਭਾਲਈ ਕਰਮ ਸਿੰਘ ਜੀ ਦਾਸ ਦੇ ਘਰ ਆਏ ਅਤੇ ਵਧਾਈ ਦੇਣ ਦੇ ਨਾਲ ਸ਼ਬਦਾਂ ਦੇ ਜ਼ੋਰ ਦਿੰਦੇ ਹੋਏ ਇਉਂ ਬੋਲੇ --

" ਵਧਾਈ ਦੇ ਪਾਤਰ ਹੋ ਕਿ ਤੁਸਾਂ ਬਿੱਪ੍ਰ-ਵਾਦ ਬਾਰੇ ਬੜਾ ਚਾਨਣਾ ਪਾਇਆ ਹੈ। ਪਰ ਕੇਵਲ ਮਰਯਾਦਾ ਸੁਆਰ ਲੈਣ ਨਾਲ ਪੰਥ ਦਾ ਕੁਝ ਨਹੀਂ ਬਣਨਾ। ਚੰਗੇ ਤੋਂ ਚੰਗੇ ਕਿਸੇ ਧਰਮ ਨੇ ਰਾਜ ਕਦ ਨਹੀਂ ਲੈ ਦਿੱਤਾ। ਬਾਬਾ ਜਰਨੈਲ ਸਿੰਘ ਜੀ ਦੇ ਬਚਨ ਯਾਦ ਕਰੀਏ। ਉਹ ਕਿਹਾ ਕਰਦੇ ਸਨ ਕਿ ਰਾਜ ਤਾਂ ਸਦਾ ਨਿੱਜ ਬਲ ਨਾਲ ਹੀ ਲਿਆ ਜਾ ਸਕਦਾ ਹੈ। ਇਸ ਲਈ ਹੋਰ ਸਾਰੇ ਪਾਸਿਉਂ ਖ਼ਿਆਲ ਹਟਾ ਕੇ, ਪਹਿਲਾਂ ਰਾਜ ਭਾਗ ਲੈਣ ਲਈ ਸਾਰਾ ਜ਼ੋਰ ਲਾਈ ਰੱਖਣਾ ਚਾਹੀਦਾ ਹੈ। ਅਤੇ ਜਦ ਪੰਥ ਕੋਲ ਰਾਜ ਭਾਗ ਆ ਗਿਆ ਤਾਂ ਸਿੱਖ ਧਰਮ ਵਿਚ ਜਿੰਨਾ ਮਰਜ਼ੀ ਹੈ ਵਾਧਾ ਕਰ ਲੈਣਾ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਧਰਮ ਬੜਾ ਫੈਲਿਆ ਸੀ। ਤਦੇ ਤਾਂ ਇਹ ਪੰਗਤੀ ਬੜੀ ਪਰਚਲਤ ਹੋ ਰਹੀ ਹੈ--**ਕਿ,' ਰਾਜ ਬਿਨਾ ਨਹੀਂ ਧਰਮ ਚਲੈ ਹੈ। ਧਰਮ ਬਿਨਾ ਸਭ ਦਲੈ ਮਲੈ ਹੈ।**' ਤੁਸੀਂ ਮੈਨੂੰ ਕਿਸੇ ਇੱਕ ਧਰਮ ਦੀ ਮਿਸਾਲ ਦੇ ਦਿਉ, ਜਿਹੜਾ ਰਾਜ ਦੀ ਸ਼ਕਤੀ ਦੇ ਬਿਨਾ ਫੈਲਿਆ ਹੋਵੇ ?

ਦਾਸ ਨੇ ਕਿਹ ਕਿ--ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ, ਬੁੱਧ, ਈਸਾਈ, ਈਸਲਾਮ ਆਦਿ ਸੰਸਾਰ ਦੇ ਸਾਰੇ ਸਿਰਕੱਢ ਧਰਮ **" ਰਾਜ ਸੱਤਾ** ਦੀ ਭਰਪੂਰ ਸਹਾਇਤਾ ਨਾਲ ਹੀ ਆਪਣੀ ਨਵੇਕਲੀ ਥਾਂ ਬਣਾ ਸਕੇ ਹਨ। ਪਰ ਅਸੀਂ ਉਸ ਨਿਆਰੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਿੱਖ ਹਾਂ, ਜਿੰਨ੍ਹਾਂ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ੁਰਮਾਨ ਇਸ ਪ੍ਰਕਾਰ ਹੈ--' **ਹੋਰਿੰਓ ਗੰਗ ਵਹਾਈਐ ਦੁਨੀਆਈ ਆਖੈ ਕਿ ਕਿਓਨੁ ॥ ਨਾਨਕ ਈਸਰਿ ਜਗਨਾਥ ਉਚਹਦੀ ਵੈਣੁ ਵਿਰਕਿਓਨੁ ॥** [੯੬੭] ਭਾਵ, ਦੁਨੀਆਂ ਹੈਰਾਨ ਹੋ ਕੇ ਕਹਿ ਰਹੀ ਸੀ ਕਿ, ਹੇ ਭਾਈ ! ਵੇਖੋ ਜਗਤ ਦੇ ਨਾਥ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਅਜੇਹਾ ਉੱਚੀ ਹਦ ਦਾ ਬਚਨ ਬੋਲਿਆ ਹੈ, ਮਨੋਂ ਗੰਗਾ ਉਲਟੀ ਵਗਾ ਦਿੱਤੀ ਹੈ। ਭਾਈ ਗੁਰਦਾਸ ਜੀ ਦਾ ਕਥਨ ਵੀ ਲਗ ਪਗ ਉਹੀ ਗੁਣ ਦਰਸਾ ਰਿਹਾ ਹੈ-- **ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ ॥ ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰ ਸੀਸੁ ਨਿਵਾਇਆ ॥"** [ਪਉੜੀ ੨੩ ਵਾਰ ੧] ਗੁਰੂ ਨਾਨਕ ਜੀ ਦਾ ਸਿਧਾਂਤ ਪਹਿਲੇ ਸਾਰੇ ਧਰਮ-ਸਿਧਾਤਾਂ ਤੋਂ ਨਿਆਰਾ ਹੈ। ਸਤਿਗੁਰਾਂ ਦੇ " ਨਿਰਮਲ ਪੰਥ " ਦਾ ਇਤਿਹਾਸ ਬਿਲਕੁਲ ਉਲਟਾ ਹੈ। ਗੁਰੂ ਨਾਨਕ ਸਾਹਿਬ ਦੀ ਸਿੱਖੀ ਨੇ, ਨਿਰਦਈ ਜਰਵਾਣੇ ਵੈਰੀ ਦੇ ਤਿੱਖੇ ਦੰਦਾਂ ਨਾਲ ਭਰੇ ਮੂੰਹ ਵਿਚ ਜਨਮ ਲਿਆ ਅਤੇ ਉਸੇ ਹੀ ਗੰਭੀਰ ਖ਼ਤਰੇ ਵਿਚ ਪਲ ਕੇ ਜਵਾਨ ਹੋਈ। ਫਿਰ ਇਹ ਨਿਰਮਲ ਪੰਥ, ਜ਼ਾਲਮਾਂ ਦੇ ਉਨ੍ਹਾਂ ਹੀ ਜ਼ਹਿਰੀਲੇ ਦੰਦਾਂ ਨੂੰ ਭੰਨ ਕੇ ਸੰਸਾਰ ਵਿਚ ਸ਼ਕਤੀ ਸ਼ਾਲੀ ਰਾਜ ਦਾ ਮਾਲਕ ਬਣਿਆਂ। " ਅਜੇ ਦਾਸ ਦੀ ਗੱਲ ਪੂਰੀ ਨਹੀਂ ਸੀ ਹੋਈ ਕਿ, ਭਾਈ ਕਰਮ ਸਿੰਘ ਜੀ ਕਾਹਲੇ ਪੈ ਕੇ ਵਿਚੇ ਹੀ ਬੋਲ ਪਏ --" ਏਹੀ ਤਾਂ ਮੈ ਕਹਿ ਰਿਹਾ ਹਾਂ ਕਿ ਰਾਜ ਭਾਗ ਜ਼ੋਰਾਂ ਵਾਲਿਆਂ ਦੇ ਅਧੀਨ ਹੈ। ਖ਼ਾਲਸਾ ਜੀ ਨੇ ਬਾਹੂਬਲ ਦੀ ਸ਼ਕਤੀ ਨਾਲ ਹੀ ਰਾਜ-ਭਾਗ ਖੋਹਿਆ ਸੀ। ਮੰਗਿਆਂ ਵੀ ਕਦੇ ਕਿਸੇ ਨੇ ਰਾਜ ਦਿੱਤਾ ਹੈ? ਸਾਨੂੰ ਅੱਜ ਵੀ ਉਵੇ ਹੀ ਅੱਜ ਲੈਣ ਲਈ ਜੂਝਣਾ ਪੈਣਾ ਹੈ।

੧੮੪੯ ਤੋਂ ਗਿਆ ਹੋਇਆ ਰਾਜ ਭਾਗ, ਖ਼ਾਲਸਾ ਜੀ ਨੇ ਅੱਜ (੧੯੯੮) ਤੱਕ ਵਾਪਸ ਕਿਸ ਕਾਰਨ ਨਾ ਮੋੜ ਲਿਆ? ਹੁਣ ਕਿਹੜੀ ਕਰਮਾਤ ਦੇ ਭਰੋਸੇ ਤੇ ਤੁਸੀਂ ਰਾਜ-ਭਾਗ ਦਾ ਮਿਲ ਜਾਣਾ ਯਕੀਨੀ ਮੰਨੀ ਬੈਠੇ ਹੋ? ਜਾਂ ਤਾਂ ਕੋਈ ਅਜੇਹੀ ਦਲੀਲ ਦਿਉ ਜਿਸ ਤੋਂ ਦਾਸ ਨੂੰ ਭਰੋਸ ਬਣ ਜਾਵੇ ਕਿ ਅੱਜ ਅਧੁਨਿਕ ਸ਼ਸਤਰਾਂ ਦੇ ਅਥਾਹ ਭੰਡਾਰ ਵਾਲੀ ਸਰਕਾਰ ਕੋਲੋਂ ਉਸੇ ਤਰ੍ਹਾਂ ਹੀ ਖ਼ਾਲਸਾ ਰਾਜ ਖੋਹ ਸਕਦਾ ਹੈ ਜਿਵੇ ੧੭੯੯ ਵਿਚ ਲਾਹੌਰ ਜਿਤਿਆ ਸੀ, ਨਹੀਂ ਤਾਂ ਸਬਰ ਨਾਲ ਦਾਸ ਦੇ ਬਚਨ ਸੁਣੋ, ਕਿ ਨਿਆਰੇ ਸਤਿਗੁਰਾਂ ਦਾ ਨਿਆਰਾ ਚਮਤਕਾਰ ਕੀ ਵਰਤਿਆ ਸੀ ਜੋ ਗ਼ਰੀਬ ਕਿਰਤੀਆਂ ਦੇ ਘਰਾਂ ਤੋਂ ਸੱਜੇ,, ਖ਼ਾਲਸਾ ਜੀ ਸ਼ਕਤੀ ਸ਼ਾਲੀ ਰਾਜ-ਭਾਗ ਦੇ ਮਾਲਕ ਬਣ ਬੈਠੇ ਸਨ। ਕਰਮ ਸਿੰਘ ਜੀ ਇਕਾਗਰ ਹੋ ਕੇ ਬੈਠ ਗਏ-

ਆਉ ਜ਼ਰਾ ਰਾਜ ਭਾਗ ਦੀ ਪ੍ਰਾਪਤੀ ਵਾਲੇ ਅਤੇ ਫਿਰ ਤੇਜ ਪ੍ਰਤਾਪ ਖੁੱਸ ਜਾਣ ਵਾਲੇ ਇਤਿਹਾਸ ਵੱਲ ਪੰਖੀ-ਅੱਖ-ਝਾਤੀ ਮਾਰ ਲਈਏ । ਅਥਾਹ ਸਿਆਸੀ ਸ਼ਕਤੀ ਦਾ ਮਾਲਕ, ਦਿੱਲੀ ਦੇ ਤਾਜਦਾਰ ਨੇ ਸਿੱਖ ਪੰਥ ਦਾ ਖੁਰਾ ਖੋਜ ਮਿਟਾ ਦੇਣ ਲਈ, ਅੱਗ ਨਾਲ ਲਾਲ ਹੋਈਆਂ ਤਵੀਆਂ ਨੂੰ ਵਰਤ ਕੇ, ਸੜਦੀ ਬਲਦੀ ਰੇਤ ਨਾਲ ਅਤੇ ਉਬਲਦੇ ਦੇਗਾਂ ਦੇ ਪਾਣੀ ਨਾਲ ਤਸੀਹੇ ਦੇ ਕੇ ਸ਼ਹੀਦ ਕਰਨਾ ਅਰੰਭ ਕੀਤਾ। ਫਿਰ ਆਰਿਆਂ ਨਾਲ ਦੋਫਾੜ ਚੀਰਿਆ, ਸਰੀਰ ਨੂੰ ਤੂੰਬਾ ਤੂੰਬਾ ਕਰ ਦੇਣ ਵਾਲੀਆਂ ਚਰਖੜੀਆਂ ਤੇ ਚਾੜ੍ਹਿਆ, ਤਿੱਖੀਆਂ ਰੰਬੀਆਂ ਨਾਲ ਖੋਪਰੀਆਂ ਉਤਾਰੀਆਂ, ਜਮੂਰਾਂ ਨਾਲ ਮਾਸ ਤੋੜ ਤੋੜ ਕੇ ਸ਼ਹੀਦ ਕੀਤਾ, ਅੱਗ ਦੀਆਂ ਭਠੀਆਂ ਵਿਚ ਸੁੱਟ ਬੇਅੰਤ ਸਿੰਘ ਜੀਉਂਦੇ ਸਾੜ ਦਿੱਤੇ, ਲੰਮਾ ਸਮਾ ਭੁਖੇ ਤਿਹਾਏ ਰੱਖ ਕੇ ਹੋਰ ਕਈ ਤਰ੍ਹਾਂ ਦੇ ਤਸੀਹੇ ਦੇਣ ਉਪ੍ਰੰਤ ਬੇਅੰਤ ਸਿੰਘਾਂ ਸਿੰਘਣੀਆਂ ਨੂੰ ਬਚਿਆਂ ਸਮੇਤ, ਜਰਵਾਣਾ ਹਾਕਮ ਸ਼ਹੀਦ ਕਰਦਾ ਰਿਹਾ। ਸਿੰਘਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਤਾਂ ਸਾਲਾਂ ਬੱਧੀ ਸਿੰਘ ਮਰੂ ਥਲਾਂ ਵਿਚ ਅਤੇ ਉਜਾੜ ਜੰਗਲਾਂ ਵਿਚ ਦਿਨ ਕੱਟਦੇ ਰਹੇ। ਸਰਬੱਤ ਦੇ ਭਲੇ ਦੀ ਕਾਮਨਾ ਕਰਨ ਦੀ ਜਾਚ ਸਿਖਾਉਣ ਵਾਲੇ, ਪਾਵਨ ਪਵਿਤ੍ਰ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਬਰੂਦ ਨਾਲ ਉਡਾ ਦਿੱਤਾ ਅਤੇ ਸਰੋਵਰ ਨੂੰ ਸ਼ਹਿਰ ਦੇ ਗੰਦ ਨਾਲ ਪੂਰ ਦਿੱਤਾ। ਨਿਰਦਈ ਸਰਕਾਰ ਨੇ ਜੰਗਲਾਂ ਵਿਚ ਵੀ ਸਿੰਘਾਂ ਦਾ ਸ਼ਿਕਾਰ ਕਰਨਾ ਅਰੰਭ ਕਰ ਦਿੱਤਾ। ਲਹੂ ਡੋਹਲਵੇਂ ਭਿਆਨਕ ਘੱਲੂਘਾਰਿਆਂ ਵਿਚਦੀ ਸਿੱਖੀ ਲਗ-ਪਗ ੧੦੦ ਸਾਲ ਦਾ ਲੰਮਾ ਸਮਾਂ ਜੂਝਦੀ ਹੋਈ ਨਾ ਮੁੱਕੀ ਅਤੇ ਨਾ ਹੀ ਥੱਕੀ। ਸਗੋਂ ਖ਼ਾਲਸਾ ਦਲ ਜੰਗਲਾਂ ਵਿਚੋਂ ਹੀ ਹੱਲੇ ਤੇ ਹੱਲਾ ਬੋਲਦਾ ਰਿਹਾ ਅਤੇ ਹਰਿਮੰਦਰ ਸਾਹਿਬ ਦੀ ਆਨ ਸ਼ਾਨ ਮੁੜ ਜਰਵਾਣੇ ਦੀ ਉਸੇ ਫੌਜ ਕੋਲੋਂ ਬਹਾਲ ਕਰਵਾ ਲਈ, ਜਿਸ ਨੇ ਨਿਆਰੀ ਮਰਯਾਦਾ ਸਿਖਾਉਣ ਦੇ ਇਸ ਧਰਮ-ਮੰਦਿਰ ਦੀਆਂ ਨੀਹਾਂ ਵਿਚ ਬਰੂਦ ਭਰ ਕੇ ਉਡਾ ਦਿੱਤਾ ਸੀ। ਗੋਦੜੀਆਂ ਵਿਚ ਆਪਣਾ ਸਰੀਰ ਲਪੇਟੀ ਫਿਰਦੇ, ਹਸੂੰ ਹਸੂੰ ਕਰਦਿਆਂ ਸਰਦੀ ਗਰਮੀ ਵਿਚ ਇੱਕ ਸਾਰ ਵਿਚਰਨ ਵਾਲੇ ਤਿਆਗ ਅਤੇ ਸਬਰ-ਸ਼ੁਕ ਦੀ ਸਾਖ਼ਸ਼ਤ ਮੂਰਤਿ ਇਸ ਖ਼ਾਲਸਾ ਜੀ ਨੇ ਆਪਣਾ ਘਰ, ਘੋੜਿਆਂ ਦੀਆਂ ਕਾਠੀਆਂ ਨੂੰ ਹੀ ਮੰਨ ਲਿਆ ਹੋਇਆ ਸੀ। ਅਨੇਕ ਤਰ੍ਹਾਂ ਦੇ ਦੁਖਾਂ ਵਿਚਦੀ ਲੰਘਿਆ, ਪਰ ਕਿਸੇ ਜਰਵਾਣੇ ਦੀ ਨਾ ਈਨ ਮੰਨੀ ਅਤੇ ਨਾ ਹੀ ਕਸੇ ਅੱਗੇ ਰਹਿਮ ਦੀ ਅਪੀਲ ਕੀਤੀ। ਦੁੱਖਾਂ ਵਿਚ ਸੁਖ ਮਨਾਉਂਦਾ ਹੋਇਆ ਸੰਤ-ਸੂਰਮਿਆਂ ਦਾ ਇਹ ਅਝੁੱਕ ਪੰਥ, ਜੰਗਲਾਂ ਅਤੇ ਪਹਾੜਾਂ ਦੇ ਵਾਸ ਵਿਚੋਂ ਨਿਕਲ ਕੇ, ਫ਼ਤਹਿ ਦੇ ਜੈਕਾਰੇ ਗਜਾਉਂਦਾ ਅਜੇਹੇ ਜੋਸ਼ ਨਾਲ ਹੱਲ ਕਰ ਕੇ ਪਿਆ ਕਿ ਤਖ਼ਤ ਤਾਜ ਦਾ ਮਾਲਕ ਆ ਬਣਿਆਂ।

**ਰਾਜ ਭਾਗ ਦਾ ਮਾਲਕ ਬਣ ਕੇ ਸਿੱਖੀ ਦੇ ਪਰਚਾਰ ਵਾਸਤੇ ਮਹਾਰਾਜਾ ਅਸ਼ੋਕ ਵਾਂਗ ਪਰਚਾਰਕਾਂ ਦੇ ਜਥੇ ਪੈਦਾ ਨਾ ਕਰ ਸਕਿਆ। ਗੁਰਮਤਿ ਦੀ ਸਿਖਲਾਈ ਦੇ ਕੋਈ ਵਿਦਿਆਲੇ ਨਾ ਬਣਾਏ। ਸਗੋਂ ਸਾਰੇ ਇਤਿਹਾਸਕ ਗੁਰੂ ਦੁਆਰਿਆਂ ਦੇ ਸੰਚਾਲਕ ਅਜੇਹ ਬ੍ਰਾਹਮਣੀ ਬਹੰਤ ਬਣ ਦਿੱਤੇ ਜਿੰਨ੍ਹਾਂ ਨੇ ਪੰਥ ਨੂੰ ਪੂਰੀ ਤਰ੍ਹਾਂ ਬਿੱਪ੍ਰਨ ਕੀ ਰੀਤ ਨਾਲ ਜੋੜਨਾ ਅਰੰਭ ਕਰ ਦਿੱਤਾ। ਰਾਜ ਮਦ ਵਿਚ ਖ਼ਾਲਸਾ ਜੀ ਨੇ ਸਿੱਖੀ ਦੇ ਵੈਰੀ ਬਿੱਪ੍ਰ ਨੂੰ ਸੱਜਣ ਸਮਝ ਕੇ ਆਪਣਾ ਪ੍ਰੋਹਿਤ ਮੰਨ ਲਿਆ। ਖ਼ੱਸਾ ਜੀ ਨਿਆਰੇ ਨਾ ਰਹੇ।** ੧੦੦ ਸਾਲ ਤੱਕ ਅਕਹਿ ਮੁਸੀਬਤਾਂ ਵਿਚ ਹਰ ਪੱਖੋਂ ਅਡੋਲ ਰਹਿਣ ਵਾਲਾ ਉਹੀ ਖ਼ਾਲਸਾ-ਪੰਥ, ਰਾਜ ਭਾਗ ਦਾ ਮਾਲਕ ਬਣ ਸਤਿਗੁਰਾਂ ਦੀ ਸਿਖਿਆ ਤੋਂ ਡੋਲ ਗਿਆ। ਨਤੀਜਾ, ਕੇਵਲ ੪੦ ਸਾਲਾਂ ਵਿਚ ਹੀ ਆਪਣਾ ਸਭ ਕੁਝ ਗੁਆ ਬੈਠਾ। ਰਾਜ ਭਾਗ ਦੇ ਥਾਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਜਾਣਾ ਝੱਲ ਬੈਠਾ। ਹੁਣ ਉਸੇ ਮਹਾਨ ਤਿਆਗੀ ਸੰਤ-ਸੂਰਮੇ ਕਿਸ ਭਾਣੇ ਦਾ ਸ਼ਿਕਾਰ ਹੋ ਗਿਆ ਕਿ, ਪੁਨਰ ਆਜ਼ਾਦੀ ਲਈ ਜੂਝਦੇ ਰਹਿਣ ਲਈ ਘਰ ਘਾਟ ਦਾ ਮੋਹ ਨਾ ਤਿਆਗ ਸਕਿਆ ? ਕੀ ਹੋ ਗਿਆ ਇਸ ਸਿਲੱਥ ਸੂਰਮੇ ਨੂੰ ਕਿ ਮੁੜ, ਸਿਰ ਤਲੀ ਤੇ ਲੈ ਕੇ ਮੈਦਾਨ ਵਿਚ ਨਾ ਨਿੱਤਰ ਸਕਿਆ। ਗੁਆਂਢੀ ਦੇਸ਼ ਦੇ ਮੁਗ਼ਲ-ਸਮਰਾਟਾਂ ਦੀ ਈਨ ਮੰਨ ਲੈਣ ਨਾਲੋਂ ਜੰਗਲਾਂ ਵਿਚ ਘੋੜਿਆਂ ਦੀਆਂ ਕਾਠੀਆਂ ਨੂੰ ਹੀ ਘਰ ਬਣਾ ਬਹਿਣ ਵਾਲਾ ਖ਼ਾਲਸਾ, ਹਜ਼ਾਰਾਂ ਮੀਲਾਂ ਤੋਂ ਆਏ ਬਿਦੇਸ਼ੀ ਲੁਟੇਰੇ ਦਾ, ਸੇਵਕ ਬਣ ਜਾਣ ਵਿਚ ਆਪਣੀ ਸਰਦਾਰੀ ਮੰਨ ਖਲੋਤਾ? ਫਿਰ ਸੰਭਲਣ ਦੀ ਥਾਂ ਪੈਰੋ ਪੈਰ ਨਿਘਰਦਾ ਹੀ ਗਿਆ। ਕਿੱਧਰ ਛਾਈਂ-ਮਾਈਂ ਹੋ ਗਿਆ ਇਸ ਦਾ ਸਾਰਾ ਤੇਜ ਪ੍ਰਤਾਪ ਅਤੇ ਨਿਆਰੀ ਚੜ੍ਹਤ। ਅਟੱਕ ਦਰਿਆ ਨੂੰ ਅਟਕਾ ਦੇਣ ਵਾਲੇ ਸਿੰਘ ਸੂਰਮੇ ਦਾ ਕਿੱਧਰ ਗਿਆ ਜਾਹੋ-ਜਲਾਲ ? ਬਸ, ਆਪਣੇ ਬਜ਼ੁਰਗਾਂ ਦੇ ਸੋਹਲੇ ਗਾਉਂਣ ਨੂੰ ਹੀ ਆਪਣੀ ਬਹਾਦਰੀ ਮੰਨ ਬੈਠਾ। ਆਪ ਕਦੇ ਨਾ ਫਰੋਲਿਆ। " **ਆਪੁ ਵੀਚਾਰਿ ਨ ਰੋਵੈ ਕੋਈ ॥** " ਆਪਣੇ ਸਤਿਗੁਰਾਂ ਦੇ ਫ਼ੁਰਮਾਨ ਨੂੰ ਯਾਦ ਰੱਖਣ ਦੀ ਲੋੜ ਹੀ ਮੁਕਾ ਬੈਠਾ। ਇਹ ਕਦੇ ਨਹੀਂ ਵਿਚਾਰਿਆ ਕਿ, ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਜਥੇਦਾਰ ਦਰਬਾਰਾ ਸਿੰਘ, ਬਾਬਾ ਦੀਪ ਸਿੰਘ ਜੀ, ਸਿਰਦਾਰ ਜੱਸਾ ਸਿੰਘ, ਸ: ਸ਼ਾਮ ਸਿੰਘ, ਸ: ਹਰੀ ਸਿੰਘ ਜੀ ਨਲੂਵਾ, ਅਕਾਲੀ ਫੂਲਾ ਸਿੰਘ, ਮਹਾਰਾਜਾ ਰਣਜੀਤ ਸਿੰਘ ਆਦਿ ਕਰਣੀ ਕਥਨੀ ਦੇ ਸੂਰੇ ਨਿਰਭੈ ਜੋਧਿਆਂ ਅਤੇ ਬਹਾਦਰ ਜਰਨੈਲਾਂ ਦੇ ਸੋਹਲੇ ਗਾਉਣ ਵਾਲੇ, ਹੇ ਮੇਰੇ ਮਨ ! ਦੱਸ ਤੂੰ ਆਪ ਕੀ ਹੈਂ ਅੱਜ ?

ਕੀ ਕਾਰਨ ਹੈ ਕਿ ਰਾਜ ਵਲੋਂ ਕੀਤੀ ਗਈ ਸਖ਼ਤ ਵਿਰੋਧਤਾ ਦੇ ਸਮਿਆਂ ਵਿਚ ਤਾਂ ਸਿੱਖ ਪੰਥ ਨੇ ਅਜੇਹੀ ਸ਼ਕਤੀ ਫੜੀ ਕਿ ਉਸ ਵੇਲੇ ਦੀ ਸਭ ਤੋਂ ਵਡੀ ਸ਼ਕਤੀ ਦਾ ਮਾਲਕ ਅੰਗ੍ਰੇਜ਼ ਵੀ ਇਸ ਤੋਂ ਭੈ ਭੀਤ ਹੋ ਗਿਆ, ਪਰ ਰਾਜ-ਭਾਗ ਦਾ ਮਾਲਕ ਬਣ ਜਾਣ ਤੇ ਉਹੀ ਦੂਲਾ ਪੰਥ ਏਡਾ ਨਿੱਘਰ ਗਿਆ ਕਿ ਨਿਰਾ ਰਾਜ ਹੀ ਨਹੀਂ ਗੁਆ ਲਿਆ ਸਗੋਂ ਪਰ ਅਧੀਨ ਰਹਿਣ ਨਾਲੋਂ, ਜੰਗਲਾਂ ਬੀਆ ਬਾਨਾਂ ਵਿਚ ਭੁਖਾ ਰਹਿ ਕੇ ਆਜ਼ਾਦੀ ਦਾ ਜੀਵਨ ਬਿਤਾਉਣ ਵਿਚ ਅਨੰਦ ਮਾਣਨ ਵਾਲਾ ਆਪਣਾ ਪਿਛਲਾ ਇਤਿਹਾਸ ਵੀ ਭੁੱਲਾ ਬੈਠਾ। ਏਥੇ ਹੀ ਬੱਸ ਨਹੀਂ ਸਗੋਂ ਆਚਰਨ ਦੇ ਪੱਖੋਂ ਏਡੀ ਨੀਵੀਂ ਖੱਡ ਵਿਚ ਜਾ ਡਿੱਗਾ ਕਿ ਨਿਤ ਨਵੀਆਂ ਹੇਠੀਆਂ ਕਰਵਾਉਂਦਾ ਹੋਇਆ ਵੀ ਹੰਕਾਰ ਭਰੇ " ਫ਼ੁੱਰਰਾਟੇ " ਹੀ ਮਾਰੀ ਤੁਰਿਆ ਜਾ ਰਿਹਾ ਹੈ?

ਕੀ ਸੰਸਾਰ ਦੇ ਸਾਰੇ ਧਰਮਾਂ ਨਾਲੋਂ ਖ਼ਾਲਸਾ ਪੰਥ ਦਾ ਇਤਿਹਾਸ ਬਿਲਕੁਲ ਉਲਟਾ ਨਹੀਂ ਹੈ? ਕੀ ਸਾਨੂੰ ਇਹ ਕਹਿੰਦਿਆਂ ਸ਼ਰਮਸਾਰ ਨਹੀਂ ਹੋਣਾ ਚਾਹੀਦਾ " **ਰਾਜ ਬਿਨਾ ਨਹਿ ਧਰਮ ਚੱਲੈ ਹੈ ?** " ਕੀ ਅਸੀਂ ਆਪਣਾ ਸਭ ਕੁਝ ਰਾਜ ਪ੍ਰਾਪਤ ਹੋ ਜਾਣ ਤੇ ਹੀ ਨਹੀਂ ਗੁਆਇਆ? ਕੀ ਸੰਸਾਰ ਵਿਚ ਹੋਰ ਵੀ ਕੋਈ ਅਜੇਹਾ ਧਰਮ ਹੈ ਜੋ **ਰੰਕ** ਤੋਂ **ਮਹਾਰਾਜਾ** ਬਣਿਆਂ ਅਤੇ ਫਿਰ **ਮਹਾਰਾਜੇ** ਤੋਂ **ਪਰਅਧੀਨ** ਬਣ ਕੇ ਵੀ ਹੰਕਾਰ ਦੀ ਟੀਸੀ ਤੋਂ ਜ਼ਰਾ ਵੀ ਹੇਠਾਂ ਨਾ ਉੱਤਰਿਆ ਹੋਵੇ ?

**ਆਉ ਭਲਾ ਏਸ ਪੱਖੋਂ ਆਪਾ ਫਰੋਲ ਵੇਖੀਏ:--**

(੧) ਇਹ ਕਹਿਣਾ ਬਿਲਕੁਲ ਹੀ ਨਿਰਮੂਲ ਹੈ ਕਿ ਸਿਖ ਧਰਮ ਦਾ ਫੈਲਣਾ ਕਿਸੇ ਰਾਜ ਸੱਤਾ ਦਾ ਮੁਥਾਜ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਜਨਮ ਕਿਸੇ ਰਾਜ ਘਰਾਣੇ ਵਿਚ ਨਹੀਂ ਸੀ ਹੋਇਆ। ਨਾ ਹੀ ਉਨ੍ਹਾਂ ਨੂੰ ਕਦੇ ਕਿਸੇ ਸਿਆਸੀ ਸ਼ਕਤੀ ਤੋਂ ਕੋਈ ਸਹਾਇਤਾ ਹੀ ਮਿਲੀ ਸੀ। ਫਿਰ ਵੀ ਇਤਿਹਾਸਕਾਰਾਂ ਦਾ ਕਥਨ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੀ ਦੇ ਸਮੇ " ਗੁਰੂ ਨਾਨਕ ਨਾਮ ਲੇਵਾ " ਗੁਰਸਿੱਖਾਂ ਦੀ ਗਿਣਤੀ, ਦੋ ਕ੍ਰੋੜ ਤੱਕ ਜਾ ਅਪੜੀ ਸੀ। ਕਰਮਕਾਂਡੀ ਬੰਧਨਾਂ ਤੋਂ ਮੁਕਤ, ਸਤਿਗੁਰਾਂ ਦੇ ਨਿਆਰੇ ਗਿਆਨ ਦੀ ਖਿੱਚ ਕਾਰਨ ਅਤੇ ਉਨ੍ਹਾਂ ਦੇ ਬੜੇ ਪ੍ਰਭਾਵ ਸ਼ਾਲੀ ਨਿਆਰੇ ਉਪਦੇਸ਼-ਢੰਗ ਦਾ ਅਸਰ ਕਬੂਲ ਕੇ ਹੀ ਲੋਕ ਧੜਾ ਧੜ ਸਤਿਗੁਰਾਂ ਦੇ ਪੈਰੋਕਾਰ ਬਣਦੇ ਤੁਰੇ ਗਏ ਸਨ। ਰਾਜ ਭਾਗ ਦੀਆਂ ਮਾਲਕ ਬਣ ਚੁੱਕੀਆਂ ਕੌਮਾਂ ਦੇ ਬੰਦੇ, ਇੱਕ ਫ਼ਕੀਰ ਦੇ ਚਰਣਾਂ ਦੇ ਭੌਰੇ ਬਣਦੇ ਜਾ ਰਹੇ ਸਨ। ਸਿੰਘਾਂ ਦੇ ਰਾਜ ਦਾ ਸਮਾ ਵੀ ਆਇਆ, ਪਰ ਦੋ ਕਰੋੜ ਦੀ ਉਹ ਗਿਣਤੀ ਸੁਪਨਾ ਬਣ ਗਈ। ਅਤੇ ਇਹ ਗਿਣਤੀ ਏਨੀ ਘਟੀ ਕਿ ਹੁਣ ਆ ਕੇ ਆਬਾਦੀ ਵਧਨ ਦੇ ਕਾਰਨ ਦੋ ਕ੍ਰੋੜ ਹੋ ਸਕੀ ਹੈ। ਸੋ ਇਹ ਕਿਵੇਂ ਮੰਨ ਲਿਆ ਜਾਵੇਂ ਕਿ ਖ਼ਾਲਸਾ ਰਾਜ ਦੇ ਸਮੇ ਵਿਚ ਸਿੱਖੀ ਬਹੁਤ ਫੈਲੀ ਸੀ ।

ਪ੍ਰੋਹਿਤਵਾਦੀ ਕਰਮਕਾਂਡੀ ਮਰਯਾਦਾ ਤੋਂ ਮਨੁੱਖ ਦੁਖੀ ਸਨ ਅਤੇ ਏਧਰ ਗੁਰਮਤਿ ਨੇ ਉਨ੍ਹਾਂ ਦੁਖਦਾਈ ਬੰਧਨਾਂ ਤੋਂ ਬਗ਼ਾਵਤ ਦਾ ਬਿਗਲ ਵਜਾ ਦਿੱਤਾ ਸੀ। ਉੱਚਾ ਆਚਰਨ, ਪਰਉਪਕਾਰੀ ਸੁਭਾ, ਸਾਰੀ ਮਨੁੱਖਤਾ ਨੂੰ ਇਕ ਪਿਤਾ ਦੀ ਔਲਾਦ ਅਥਵਾ ਸਾਰੇ ਸੰਸਾਰ ਨੂੰ ਇੱਕ ਪਰਵਾਰ ਮੰਨ ਕੇ ਸਾਰਿਆਂ ਨੂੰ ਮਾਂ ਜਾਏ ਮੰਨਣਾ ਅਤੇ, ' **ਸਰਬੱਤ ਦੇ ਭਲੇ** ' ਦੀ ਕਾਮਨਾ ਕਰਨੀ। ਗੁਰੂ ਨਾਨਕ ਸਾਹਿਬ ਦੀ ਸਿੱਖੀ ਕਸੇ ਕਰਮਕਾਂਡੀ ਬੰਦਸਾਂ ਦਾ ਨਾਮ ਨਹੀਂ ਹੈ। ਗੁਰੂ ਨਾਨਕ ਜੀ ਦੀ ਸਿੱਖੀ ਇੱਕ ਨਿਆਰੀ ਜੀਵਨ ਜੁਗਤ ਹੈ। ਪਿਆਰਾਂ ਅਤੇ ਹਮਦਰਦੀ ਭਰੇ ਮਨਾਂ ਦੀ ਸਾਂਝ ਵਿਚ ਜੀਊਣ ਦਾ ਨਾਮ ਸਿੱਖੀ ਹੈ। ਗੁਰੂ ਨਾਨਕ ਸਾਹਿਬ ਤੋਂ ਅਰੰਭ ਹੋਈ, ਰੱਬੀ ਨੂਰ ਦੇ ਭੰਡਾਰ, ਰੱਬੀ ਗੁਣਾ ਦੇ ਮਾਲਕ, ਰਬ-ਰੂਪ ਨੌ ਹੋਰ ਸਰੂਪਾ ਦੀ ਸਿਖਲਾਈ ਵਿਚ ਪ੍ਰਾਵਾਨ ਚੜ੍ਹੀ, **ਸ਼ੁੱਭ ਗੁਣਾ ਨਾਲ ਭਰਪੂਰ, ਜੀਵਨ ਜੁਗਤ ਦਾ ਨਾਮ ਖ਼ਾਲਸਾ ਪੰਥ ਹੈ** । (੧) ਦੈਵੀ ਗੁਣਾਂ ਨਾਲ ਨਕਾ-ਨਕ ਭਰਪੂਰ ਹੋ ਚੁੱਕੇ, (੨) (ਮਨੁੱਖਤਾ ਦੇ ਸ਼ੁੱਭ ਗੁਣਾ ਦਾ ਘਾਤ ਕਰੀ ਜਾਣ ਵਾਲੀ ਵਡੀ ਹਾਨੀ ਕਾਰਕ)--" ਬਿੱਪ੍ਰਨ ਕੀ ਰੀਤ " ਨੂੰ ਪੂਰੀ ਤਰ੍ਹਾਂ ਤਲਾਂਜਲੀ ਦੇ ਚੁੱਕੇ, ਖ਼ਾਲਸਾ ਪੰਥ ਨੂੰ ਹੀ ਦਸ਼ਮੇਸ਼ ਜੀ ਨੇ--' **ਸਤਿਗੁਰ ਪੂਰਾ** ' ਆਖ ਕੇ ਤੇਜ ਪ੍ਰਤਾਪ ਦੇ ਮਾਲਕ ਬਨਣ ਦਾ ਅਮੋਘ ਬਚਨ ਫ਼ੁਰਮਾਨ ਕੀਤਾ ਸੀ। ਪਰ ਜਦੋ ਹੀ ਅਤੇ ਜਿਉਂ ਜਿਉਂ ਹੀ ਉਹ ਦੈਵੀ ਗੁਣ ਘਟੇ ਅਤੇ ਘਟਦੇ ਤੁਰੇ ਗਏ, ਤੇਜ ਪ੍ਰਤਾਪ ਵੀ ਨਾਲੋ ਨਾਲ ਹੀ ਅਲੋਪ ਹੋ ਜਾਣ ਲੱਗ ਪਿਆ ਅਤੇ ਪੰਥਕ ਵਕਾਰ ਵੀ ਘਟਣਾ ਅਰੰਭ ਹੋ ਗਿਆ ਜੋ ਪੈਰੋ ਪੈਰ ਘਟਦਾ ਹੀ ਜਾ ਰਿਹਾ ਹੈ। ਰੱਬੀ ਕਹਿਰ ਏਨਾ ਪਰਬੱਲ ਹੋ ਚੁੱਕਾ ਹੈ, ਕਿ, ਦਿਨੋ ਦਿਨ ਪੈ ਰਹੇ ਘਾਟੇ ਨੂੰ ਅਜੋਕਾ ਅੰਮ੍ਰਿਤਧਾਰੀ ਸਿੰਘ ਆਪਣੀ ਚੜ੍ਹਦੀ ਕਲਾ ਮੰਨ ਰਿਹਾ ਹੈ ।

੨) ਸਾਡਾ ਰਾਜ ਭਾਗ ਸਾਡੇ ਨਿਆਰੇ ਗੁਣਾ ਨਾਲ ਜੁੜਿਆ ਹੋਇਆ ਸੀ। ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਵਿਚ ਸਿੱਧ ਕਰ ਦਿੱਤਾ ਕਿ, ਜਰਵਾਣਿਆਂ ਦਾ ਲਿਤਾੜਿਆ ਹੋਇਆ ਗ਼ਰੀਬ ਅਤੇ ਭਿੱਟੜ ਕਹਿ ਕੇ ਅੱਡਰੀਆਂ ਬਸਤੀਆਂ ਵਿਚ ਰਹਿਣ ਵਾਲਾ ਨਿਮਾਣਾ, ਨਿਤਾਣਾ ਮਨੁੱਖ ਵੀ ਜੇ ਗੁਰਮਤਿ ਦੇ ਗਿਆਨ ਅਨੁਸਾਰ ਜੀਊਣਾ ਸਿੱਖ ਕੇ ਮਰਜੀਵੜਾ ਬਣ ਕੇ ਸ਼ੁੱਭ ਗੁਣਾ ਦਾ ਭੰਡਾਰ ਸੰਤ-ਸੂਰਮਾ ਪਰਉਪਕਾਰੀ ਕਰਮਯੋਗੀ ਬਣ ਜਾਵੇ, ਤਾਂ ਉਹ ਜਰਵਾਣਿਆਂ ਦਾ ਬੁਥਾੜ ਭੰਨ ਕੇ ਤਾਜ ਤਖ਼ਤ ਦਾ ਮਾਲਕ ਬਣ ਸਕਦਾ ਹੈ। ਪੰਜ ਭੂਤਕ ਸਰੀਰ ਵਿਚ ਟਿਕੇ ਰਹਿ ਕੇ ਸਾਡੀ ਸੰਭਾਲ ਕਰੀ ਰੱਖਣ ਵਾਲੀ ਖੇਡ ਸਮਾਪਤ ਕਰਨ ਸਮੇ ਆਪਣੇ ਦਸਵੇਂ ਸਰੂਪ ਵਿਚ ਏਸੇ ਕਰਕੇ ਹੀ ਸਤਿਗੁਰਾਂ ਨੇ ਚਿਤਾਵਣੀ ਦਿੱਤੀ ਸੀ---

> **" 'ਹੇ ਮੇਰੇ ਪਿਆਰੇ ਸਪੁੱਤਰ ਖ਼ਾਲਸਾ ਜੀਓ ! ਨਿਆਰੇ ਗਿਆਨ ਦੇ ਅਥਾਹ ਸਾਗਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਅਨੁਸਾਰ ਜੀਵਨ ਜੀਊਣ ਦੀ ਜਾਚ ਸੰਭਾਲੀ ਰੱਖਣ ਨੂੰ ਸਦੀਵੀ ਬਣਾ ਲਉ ਤਾਂ ਸਾਰੇ ਦਾ ਸਾਰਾ ਤੇਜ ਪ੍ਰਤਾਪ ਵੀ ਤੁਹਾਡੇ ਮਹਿਲਾਂ ਵਿਚ ਸਦੀਵੀ ਹੱਥ ਬੰਨ੍ਹੀ ਖਲੋਤਾ ਰਹੇਗਾ । ਇਸ ਦੈਵੀ ਗਿਆਨ ਨੂੰ ਸੰਸਾਰ ਵਿਚ ਵੰਡੀ ਰੱਖਣ ਵਿਚ ਰੁਝੇ ਰਹੋ, ਤੁਹਾਡਾ ਇਹ ਖ਼ਾਲਸਾ ਪੰਥ ਸਾਰੇ ਸੰਸਾਰ ਵਿਚ ਨਿਆਰੇ ਤੇਜ ਪ੍ਰਤਾਪ ਦਾ ਮਾਲਕ ਬਣਦਾ ਹੀ ਤੁਰਿਆ ਜਾਵੇਗਾ ।**

ਕਹਾਵਤ ਹੈ ਕਿ ਜਿਸ ਦਾ ਧਨ ਦੌਲਤ ਅਥਵਾ ਰਾਜ ਭਾਗ ਗੁਆਚ ਜਾਵੇ ਉਹ ਸਮਝੇ ਕਿ ਉਸ ਦਾ ਕੁਝ ਨਹੀਂ ਗੁਆਚਾ, ਫਿਰ ਜਿਸ ਦੀ ਸਿਹਤ (ਅਰੋਗਤਾ) ਗੁਆਚ ਜਾਵੇ, ਸਮਝੋ ਕਿ ਉਸ ਦਾ ਕੁਝ ਜ਼ਰੂਰ ਗੁਆਚ ਗਿਆ, ਪਰ ਜਿਸ ਦਾ ਆਚਰਨ ਗੁਆਚ ਜਾਵੇ ਜਿਸ ਦੀ ਉੱਚੀ ਜੀਵਨ ਮਰਯਾਦਾ ਗਆਚ ਜਾਵੇ, ਸਮਝੋ ਉਸ ਦਾ ਸਭ ਕੁਝ ਹੀ ਲੁਟਿਆ ਗਿਆ ਹੈ। ਸਤਿਗੁਰਾਂ ਦਾ ਨਿੱਜੀ ਤਜਰਬਾ ਸੀ ਕਿ ਬਿੱਪ੍ਰ ਕੋਲ ਸਭ ਤੋਂ ਵਢਾ ਹਥਿਆਰ ਮਨੁੱਖ ਦੀ ਜੀਵਨ ਜੁਗਤ ਨੂੰ ਭਰਮੀ ਅਤੇ ਆਚਰਨ ਹੀਣ ਬਣਾ ਦੇਣ ਦਾ ਹੈ। [ਇਸ ਪੁਸਤਕ ਦੇ ਪਹਿਲੇ ਭਾਗ ਵਿਚ ਸਪੱਸ਼ਟ ਕੀਤਾ ਜਾ ਚੁੱਕਾ ਹੈ ਕਿ ਮਨੁਖ ਨੂੰ ਆਚਰਨ ਹੀਣ ਬਣਾ ਦੇਣ ਲਈ ਬਿੱਪ੍ਰ ਨੇ ਆਪਣੇ ਦੇਵੀ ਦੇਵਤੇ ਅਥਵਾ ਅਵਤਾਰ ਵੀ ਆਚਰਣ ਹੀਣ ਹਰਕਤਾ ਕਰਦੇ ਦਰਸਾਉਣੋ ਢਿੱਲ ਨਹੀਂ ਕੀਤੀ ] ਏਸੇ ਲਈ ਸਤਿਗੁਰਾਂ ਨੇ ਪੰਥ ਨੂੰ ਨਿਆਰੇ ਰਹਿਣ ਦੇ ਉਪਦੇਸ਼ ਦੇ ਨਾਲ ਹੀ ਸਖ਼ਤ ਤਾੜਨਾ ਕੀਤੀ ਸੀ ਕਿ--**ਵੇਖਿਉ ਕਿਤੇ ਬਿੱਪ੍ਰ ਦੇ ਨੇੜੇ ਨਾ ਜਾ ਢੁਕਿਉ** ।

ਪਰ ਬ੍ਰਾਹਮਣ ਵੈਰੀ ਇਸ ਦੂਲੇ ਪੰਥ ਦੇ ਏਡਾ ਮੌਰੀਂ ਚੜ੍ਹਿਆ ਰਿਹਾ ਕਿ ਖ਼ਾਲਸਾ ਰਾਜ ਦੇ ਮਹਲਾਂ ਵਿਚ ਮੂਰਤੀ ਪੂਜਾ ਲਈ ਮੰਦਰਾਂ ਦੇ ਨਾਲ ਕ੍ਰਿਸ਼ਨ ਲੀਲ੍ਹਾ ਚਾਲੂ ਕਰਵਾ ਲਈ। ਉਸ ਨੂੰ ਪਤਾ ਸੀ ਕਿ ਜਿੰਨਾ ਚਿਰ ਗੁਰੂ ਨਾਨਕ ਸਾਹਿਬ ਦੇ ਗਿਆਨ ਤੋਂ ਅਣਜਾਣ ਰੱਖਣ ਦੇ ਪ੍ਰਬੰਧ ਕਰ ਲੈਣ ਦੇ ਨਾਲ, ਇਸ ਨਿਆਰੇ ਪੰਥ ਦੀ ਨਿਆਰੀ ਮਰਯਾਦਾ ਨੂੰ ਅਤੇ ਨਿਆਰੇ ਆਚਰਨ ਨੂੰ ਤਬਾਹ ਨਾ ਕੀਤਾ, ਉਨਾਂ ਚਿਰ ਇਸ ਨੇ ਸ਼ਕਤੀ ਫੜਦੇ ਹੀ ਤੁਰਿਆ ਜਾਣਾ ਹੈ ਅਤੇ ਇਸ ਨੇ ਸੰਸਾਰ ਵਿਚ ਸੱਭ ਤੋਂ ਵਡਾ ਸ਼ਕਤੀ ਸ਼ਾਲੀ ਰਾਜ ਭਾਗ ਦਾ ਮਾਲਕ ਬਣ ਜਾਣਾ ਹੈ। ਪੰਥ ਦੇ ਧਰਮ ਆਗੂਆਂ ਦੀ ਅਣਗਹਿਲੀ ਨਾਲ ਵਿਦਿਆਹੀਨ ਸਾਡਾ ਮਹਾਰਾਜਾ ਬਿੱਪ੍ਰਾਂ ਦੇ ਕਾਬੂ ਆ ਗਿਆ। ਫਿਰ " ਯਥਾ ਰਾਜਾ ਤਥਾ ਪਰਜਾ " ਵਾਲਾ ਭਾਣਾ ਵਰਤਦਾ ਹੀ ਤੁਰਿਆ ਗਿਆ। ਸੋ ਸਿੱਧ ਹੋ ਗਿਆ ਕਿ ਗੁਰੂ ਨਾਨਕ ਪਾਤਸ਼ਾਹ ਜੀ ਦੇ ਘਰ ਵਿਚੋਂ ਤਾਂ **ਧਰਮ ਬਿਨਾ ਨਹਿ ਰਾਜ ਮਿਲੇ ਹੈ** "

੧੭- **ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥ ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ**

**ਪਾਣੀ ਥੋੜਾ ਖਾਇਆ ॥ ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥ ੭ ॥**[੪੬੭]

## ੬
## ਖ਼ਾਲਸਤਾਨ ਦੀ ਪ੍ਰਾਪਤੀ ਕਿਵੇਂ ਹੋਵੇ ?

ਅੰਗ੍ਰੇਜ਼ ਸਮਝ ਚੁੱਕਾ ਸੀ ਕਿ ਬਹਾਦਰਾਂ ਦੀ ਕੌਮ ਖ਼ਾਲਸਾ (ਆਪਣੇ ਸਤਿਗੁਰਾਂ ਨੂੰ ਬੇਦਾਵਾ ਤਾਂ ਬੇਸ਼ਕ ਲਿਖ ਫੜਾਏ ਪਰ ਉਂਜ ਇਹ) ਵਿਸ਼ਵਾਸ਼-ਘਾਤੀ ਨਹੀਂ ਹੈ। ਅਰਦਾਸ ਵਿਚ ਨਿਤ ਭਰੋਸਾ ਦਾਨ ਮੰਗਣ ਵਾਲਾ ਇਹ ਖ਼ਾਲਸਾ ਆਪਣੇ ਆਪ ਨਾਲ ਧੋਖਾ ਤਾਂ ਬੇਸ਼ੱਕ ਕਰ ਲਏ ਪਰ ਦੂਜੇ ਨਾਲ ਗੱਦਾਰੀ ਕਦੇ ਨਹੀਂ ਕਰਦਾ। ਖ਼ਾਲਸਾ ਰਾਜ ਨੂੰ ਖ਼ਤਮ ਕਰਨ ਵਿਚ ਯੂ-ਪੀ ਅਤੇ ਦੱਖਣੀ ਭਾਰਤ ਦੇ ਹਿੰਦੂ ਫੌਜਾਂ ਨੇ ਅੰਗ੍ਰੇਜ਼ ਦੇ ਸਾਥੀ ਬਣ ਕੇ, ਆਪਣੇ ਪੰਜਾਬੀ ਭਰਾਵਾਂ ਤੇ ਬੜਾ ਜ਼ੁਲਮ ਕੀਤਾ ਸੀ। ਗੁਰੂ ਸਾਹਿਬਾਨ ਤੋਂ ਅਰੰਭ ਹੋ ਕੇ ਮਹਾਰਾਜਾ ਰਣਜੀਤ ਸਿੰਘ ਤੱਕ, ਜਿਸ ਖ਼ਾਲਸਾ ਪੰਥ ਨੇ ਹਿੰਦੂਆਂ ਦੀ ਸਦਾ ਰਖਿਆ ਕਰਦਿਆਂ ਬੇਅੰਤ ਕੁਰਬਾਨੀਆਂ ਦਿੱਤੀਆਂ ਸਨ, ਜਿਸ ਖ਼ਾਲਸਾ ਕੌਮ ਨੇ ਪਛਮੀ ਸਰਹੱਦਾਂ ਦੇ ਰਾਖੇ ਬਣ ਕੇ ਉਨ੍ਹਾਂ ਲੁਟੇਰਿਆਂ ਦਾ ਹਿੰਦ ਵਿਚ ਦਾਖ਼ਲਾ ਸਦਾ ਲਈ ਬੰਦ ਕਰ ਦਿੱਤਾ ਸੀ, ਜਿਹੜੇ ਉਨ੍ਹਾਂ ਹੀ ਹਿੰਦੂਆਂ ਦੇ ਧਨ ਦੌਲਤ ਨੂੰ ਅਤੇ ਉਨ੍ਹਾਂ ਦੀਆਂ ਧੀਆਂ ਭੈਣਾ ਨੂੰ ਨਿਤ ਖੋਹ ਖੜਨਾ ਆਪਣਾ ਹੱਕ ਬਣਾ ਬੈਠੇ ਹੋਏ ਸਨ। ਉਨ੍ਹਾਂ ਨਿਸ਼ਕਪਟ ਅਤੇ ਪਰ-ਉਪਕਾਰੀ ਸੂਰਮਿਆਂ ਸਿੰਘਾਂ ਨਾਲ ਹੀ ਵਿਸ਼ਵਾਸ਼-ਘਾਤ ਕਰਨ ਵਾਲੇ **ਹਿੰਦੂ** ਨੂੰ ਅੰਗ੍ਰੇਜ਼ ਨੇ ਪੱਕਾ ਬੇਇਤਬਾਰਾ ਮੰਨ ਲਿਆ ਹੋਇਆ ਸੀ। ਕੌਮੀ ਤੌਰ ਤੇ ਉਸ ਨੇ ਹਿੰਦੂ ਨਾਲੋਂ ਮੁਸਲਮਾਨ ਨੂੰ ਵੀ ਚੰਗਾ ਸਮਝਿਆ ਸੀ। ਨਿਸ਼ਕਪਟਤਾ, ਵਫ਼ਾਦਾਰੀ ਅਤੇ ਸੂਰਮਤਾਈ, ਸਿਰੜ ਅਤੇ ਕੌਮੀ ਵਕਾਰ ਦੇ ਨਾਮ ਤੇ ਕੁਰਬਾਨ ਹੋ ਜਾਣ ਦੇ ਚਾ ਵਿਚ ਜੂਝ ਮਰਨ ਵਰਗੇ ਅਦੁਤੀ ਗੁਣਾਂ ਵਿਚ ਮੁਸਲਮਾਨ ਵੀ ਸਿੰਘਾਂ ਦਾ ਮੁਕਾਬਲਾ ਨਹੀਂ ਸਨ ਕਰ ਸਕਦੇ। ਏਹੀ ਕਾਰਨ ਸੀ ਕਿ ਅੰਗ੍ਰੇਜ਼ ਨੇ ਆਪਣੀ ਫ਼ੌਜ ਦਾ ਲੱਗ ਪਗ ਅੱਧ, ਗੁਰੂ ਦੇ ਸਿੰਘ ਸੂਰਮਿਆਂ ਦੇ ਹੀ ਹਵਾਲੇ ਕਰ ਦਿੱਤਾ ਹੋਇਆ ਸੀ। ਹਕੂਮਤ ਦੇ ਸਿਵਲ ਪ੍ਰਬੰਧ ਵਾਲੀਆਂ ਨੌਕਰੀਆਂ ਵਿਚ ਵੀ ਸਿੱਖਾਂ ਲਈ ਵਿਸ਼ੇਸ਼ ਹਿੱਸਾ ਰਾਖਵਾਂ **(Reserve)** ਕੀਤਾ ਹੋਇਆ ਸੀ। ਅੰਗ੍ਰੇਜ਼ ਸਰਕਾਰ ਸਿੰਘਾਂ ਨੂੰ ਖ਼ੁਸ਼ ਵੀ ਰੱਖਣਾ ਚਾਹੁੰਦੀ ਸੀ ਪਰ ਉਹ ਇਸ ਪੱਖੋਂ ਵੀ ਅਵੇਸਲੀ ਨਹੀਂ ਸੀ, ਕਿ ਕਿਤੇ ਖ਼ਾਲਸਾ ਜੀ ਇੱਕ ਮੁਠ ਹੋ ਕੇ ਅਜੇਹੀ ਸ਼ਕਤੀ ਨਾ ਫੜ ਜਾਣ ਕਿ, ਉਨ੍ਹਾਂ ਦਾ ਰਾਜ ਮੋੜ ਦੇਣ ਵਾਲਾ ਮਹਾਰਾਣੀ ਜਿੰਦਾਂ ਨਾਲ ਕੀਤਾ ਹੋਇਆ (ਦਿਲੋਂ, ਖ਼ੂਹ-ਖਾਤੇ ਪਾਈ ਬੈਠੇ) ਇਕਰਾਰਨਾਮਾ ਕਿਤੇ ਪੂਰਾ ਕਰਨਾ ਹੀ ਨਾ ਪੈ ਜਾਏ।

ਖ਼ਾਲਸਾ ਜੀ ਨੇ ਅੰਗ੍ਰੇਜ਼ ਫੌਜੀਆਂ ਦੇ ਰੂਪ ਵਿਚ ਵੀ ਆਪਣੀ ਸੂਰਮਤਾਈ ਦੇ ਝੰਡੇ ਸਿਖ਼ਰੀਂ ਪੁਚਾ ਦਿੱਤੇ। ਬਹਾਦਰੀਆਂ ਦੇ ਇਨਾਮ ਵਿਚ ਸਿੰਘਾਂ ਨੂੰ ਜ਼ਮੀਨਾ ਅਲਾਟ ਕਰਨੀਆਂ ਅਰੰਭ ਹੋ ਗਈਆਂ। ਚਤੁਰ ਗੋਰੇ ਨੇ ਖ਼ਾਲਸਾ ਜੀ ਕੋਲੋਂ ਹੀ ਖੋਹੀ ਹੋਈ, ਖ਼ਾਲਸਾ ਜੀ ਦੀ ਧਰਤੀ ਦੇ ਟੁਕੜੇ ਖ਼ਾਲਸਾ ਜੀ ਨੂੰ ਬਖ਼ਸ਼ੀਸ਼ ਵਜੋਂ ਦੇ, ਕੇ ਫੌਜੀ ਸਿੰਘਾਂ ਨੂੰ ਬਾਗੋ-ਬਾਗ ਕਰ ਦਿੱਤਾ। ਫੌਜਾਂ ਨੂੰ ਹੱਥ ਵਿਚ ਲੈ ਕੇ, ਅੰਗ੍ਰੇਜ਼ ਨੇ ਗੁਰਦੁਆਰਾ ਐਕਟ ਬਣਾ ਲਿਆ। ਗੁਰਦੁਆਰਿਆਂ ਦਾ ਪ੍ਰਬੰਧ ਕਰਨ ਵਾਲੀ ਕਮੇਟੀ ਵੋਟਾਂ ਨਾਲ ਚੁਣੀ ਜਾਣ ਦਾ ਕਾਨੂੰਨ ਬਣਾ ਦਿੱਤਾ। ਅੰਗ੍ਰੇਜ਼ ਦਾ ਤਜਰਬਾ ਸੀ ਕਿ ਚੋਣਾ ਨਾਲ (ਵਿਦਿਆ ਤੋਂ ਕੋਰੀਆਂ) ਕੌਮਾਂ ਧੜੇ ਬੰਦੀ ਦਾ ਸ਼ਿਕਾਰ ਹੋਣੋ ਕਦੇ ਨਹੀਂ ਬਚ ਸਕਦੀਆਂ। ਅੰਗ੍ਰੇਜ਼ਾਂ ਨੂੰ ਇਸ ਗੱਲ ਦਾ ਵੀ ਤਜਰਬਾ ਸੀ ਕਿ ਵਿਦਿਆ ਦੇ ਬੜੇ ਵਿਸ਼ਾਲ ਪ੍ਰਬੰਧਾਂ ਵਾਲੀਆਂ ਕੌਮਾਂ ਵੀ, ਚੋਣਾ ਵਿਚ ਪੈ ਕੇ ਝੂਠ, ਬੇਈਮਾਨੀ, ਰਿਸ਼ਵਤ-ਖ਼ੋਰੀ, ਨਸ਼ਿਆਂ ਦੀ ਵਰਤੋਂ, ਵਿਭਚਾਰ ਜਿਹੇ ਔਗਣ ਸਹੇੜ ਬਹਿੰਦੀਆਂ ਹਨ।

ਇਹ ਅਟੱਲ ਸਚਾਈ ਹੈ ਕਿ, ਗ੍ਰਿਹਸਤ ਉਦਾਸ, ' **ਸਚੋ ਸਚੁ** ' ਧਿਆਉਣ ਵਾਲੇ ਗੁਰਮੁਖਿ, ਜਿੰਨ੍ਹਾਂ ਨੇ ਕਦੇ ਵੀ ਮੰਦੇ ਪੈਰ ਨਾ ਰੱਖਣਾ ਹੋਵੇ, ਅੰਨ ਪਾਣੀ ਵੀ ਲੋੜ ਅਨੁਸਾਰ ਥੋਹੜਾ ਹੀ ਖਾਣਾ ਹੋਵੇ ਅਤੇ ਸੁਕ੍ਰਿਤ ਕਰਕੇ ਨਿਰਬਾਹ ਕਰਦਿਆਂ ਵੰਡ ਛਕਣਾ ਹੋਵੇ, ਸੱਚੇ ਸੁੱਚੇ ਆਚਰਣ ਵਾਲੇ, ਧਰਮੀ ਮਨੁੱਖ, ਚੋਣਾ ਦੇ ਖੱਪ-ਖਾਨੇ ਵਿਚ ਪੈਣ ਤੋਂ ਸਦਾ ਕੰਨੀ ਕਤਰਾਉਂਦੇ ਹਨ। **ਚੋਣਾ ਲੜਨੀਆਂ**, ਬੜੇ ਹੁਸ਼ਿਆਰ-ਤ੍ਰਿਸ਼ਨਾਲੂ ਦਾ ਅਤੇ ਵਿਕਾਰੀ ਵੋਟਰਾਂ ਦੀਆਂ ਵਧੀਕੀਆਂ ਸਹਾਰਣ ਗਿੱਝੇ, ਅਣਖਹੀਣ, ਹਵਾ ਦਾ ਰੁਖ ਭਾਂਪ ਕੇ ਝੱਟ ਰੰਗ ਵਟਾ ਲੈਣ, ਵਾਲੇ ਅਤੇ **ਆਪਣੇ ਬਚਨਾਂ ਤੋਂ ਖਿਸਕ ਜਾਣ ਨੂੰ ਸਿਆਣਪ ਸਮਝਣ ਵਾਲੇ ਮਨੁੱਖਾਂ ਦਾ ਕੰਮ ਹੈ।** ਚੋਣਾ ਦੁਆਰਾ ਧਰਮ ਅਸਥਾਨਾ ਦੇ ਪ੍ਰਬੰਧ ਚਲਾਉਣ ਦਾ ਕਾਨੂੰਨ ਬਣਾ ਦੇਣ ਦਾ ਸਿੱਧਾ ਅਰਥ ਸੀ--

(੧) ਖ਼ਾਲਸਾ ਜੀ ਨੂੰ ਸਦੀਵੀ ਫੁੱਟ ਅਤੇ ਧੜੇਬੰਦੀ ਦਾ ਸ਼ਿਕਾਰ ਬਣਾ ਦੇਣਾ,

(੨) ਸੰਤ-ਸੂਰਮਿਆਂ ਦੀ ਕੌਮ ਵਿਚ ਹੌਲੀ ਹੌਲੀ ਅਜੇਹੇ ਮਨੁੱਖਾਂ ਦੀ ਚੋਧਰ ਬਣਾ ਦੇਣੀ ਜਿਹੜੇ ਕੌਮੀ ਗਿਰਾਵਟ ਪੈਦਾ ਕਰਨ ਵਿਚ ਸਹਾਈ ਹੁੰਦੇ ਰਹਿਣ। ਗੁਰੂ ਕੀ ਸਟੇਜ, ਕਰਮ-ਕਾਂਡੀ ਪਰਚਾਰ ਦਾ ਅੱਡਾ ਬਣਾਈ ਤੁਰੇ ਜਾਣ। ਨਤੀਜਾ, ਪ੍ਰੋਹਿਤਵਾਦੀ ਕਰਮਕਾਂਡ, ਸਿੱਖ ਧਰਮ ਦਾ ਅੰਗ ਬਣਦਾ ਜਾਵੇ। ਆਖ਼ਰ, ਪੰਥ ਗੁਰਮਤਿ ਤੋਂ ਟੁੱਟ ਕੇ ਹੀਣਤਾ ਭਰੀ ਸਦੀਵੀ ਕਮਜ਼ੋਰੀ ਦਾ ਸ਼ਿਕਾਰ ਹੋ ਜਾਏ।

ਚੋਣਾ ਦਾ ਸਦਕਾ, ਮਾਇਆਧਾਰੀ ਜਥੇਦਾਰ ਦੀ ਪਕੜ ਪੱਕੀ ਹੁੰਦੀ ਗਈ। ਦੇਸ਼ ਦੀ ਵੰਡ ਸਮੇਂ ਤੱਕ ਖਾਲਸਾ ਪੰਥ ਤਿਆਗੀ ਅਤੇ ਸੁਹਿਰਦ ਜਥੇਦਾਰੀ ਤੋਂ ਲਗ-ਪਗ ਹਥ ਧੋ ਬੈਠਾ ਹੋਇਆ ਸੀ। ਏਹੀ ਕਾਰਨ ਸੀ ਕਿ ਜਿਵੇਂ ਮੁਸਲਮਾਨਾ ਦੇ ਲੀਡਰ ਨੇ ਆਪਣੀ ਕੌਮ ਲਈ ਅੱਡਰੇ ਸੁਤੰਤਰ ਦੇਸ਼ ਦੀ ਮੰਗ ਪੂਰੀ ਦ੍ਰਿੜਤਾ ਨਾਲ ਕਰ ਲਈ ਸੀ, ਖ਼ਾਲਸਾ ਜੀ ਦੇ ਜਥੇਦਾਰਾਂ (ਵਿਚ ਮਾਇਆ ਧਾਰੀਆਂ ਦੀ ਚੋਧਰ ਹੋਣ ਦੇ ਕਾਰਨ) ਨੇ ਆਪਣੀ ਕੌਮ ਲਈ ਸੁਤੰਤਰ ਰਾਜ ਦੀ ਮੰਗ ਨਾ ਕੀਤੀ। ਰਾਜ ਤਾਂ ਕੀ ਮੰਗਣਾ ਸੀ, ਸਗੋਂ ਬੇਦਾਵਾ ਲਿਖ ਬੈਠੇ ਮਨਮੁਖਾਂ ਵਾਂਗ, ਆਪਣੇ ਸਤਿਗੁਰਾਂ ਦੀ ਤਾੜਨਾ ਨੂੰ ਭੁੱਲ ਭੁਲਾ ਕੇ, ਖ਼ਾਲਸਾ ਜੀ ਸਿੱਧੇ ਬਿੱਪ੍ਰ ਦੀ ਝੋਲੀ ਵਿਚ ਜਾ ਬਿਰਾਜੇ। ਬਿੱਪ੍ਰ ਜਿਹੜਾ ਗੁਰੂ ਨਾਨਕ ਸਾਹਿਬ ਜੀ ਦੇ ਗਿਆਨ ਤੋਂ ਪਹਿਲੇ ਦਿਨ ਹੀ ਭੈ-ਭੀਤ ਹੋਇਆ ਗੁਰ ਨਾਨਕ ਜੀ ਦਾ ਪੱਕਾ ਵੈਰੀ ਬਣ ਚੁੱਕਾ ਸੀ ਉਸ ਦੀ ਸਰਕਾਰ ਭਲਾ ਅੰਗ੍ਰੇਜ਼ ਤੋਂ ਪਿੱਛੇ ਕਿਵੇਂ ਰਹਿ ਸਕਦੀ ਸੀ? ਉਸ ਨੇ

ਅੰਦਰ ਖਾਤੇ ਪੰਥ ਦੇ ਜਥੇਦਾਰ ਨੂੰ ਉਂਜ ਖ਼ਰੀਦ ਹੀ ਲਿਆ। ਫਿਰ ਖ਼ਾਲਸਾ ਜੀ ਦਾ ਅਜੇਹਾ ਕੋਈ ਵੀ ਮੋਰਚਾ ਨਾ ਬਚਿਆ ਜਿਹੜਾ " ਕੁਰਸੀ-ਯੁੱਧ " ਨਾ ਹੋ ਨਿਬੜਿਆ ਹੋਵੇ। ਪ੍ਰੋਹਿਤ ਜੀ ਭਲਾ ਕਿਵੇਂ ਝੱਲ ਸਕਦੇ ਹਨ ਕਿ ਖ਼ਾਲਸਾ ਜੀ ਨੂੰ ਕਦੇ ਵੀ ਕੋਈ ਅਜੇਹਾ ਸੁਤੰਤਰ ਰਾਜ ਪ੍ਰਬੰਧ ਮਿਲ ਸਕੇ ਜਿਸ ਤੋਂ ਗੁਰੂ ਨਾਨਕ ਜੀ ਦੇ ਗਿਆਨ ਦਾ ਸੂਰਜ ਅਸਮਾਨੀ ਜਾ ਚੜ੍ਹੇ।

ਚੋਣਾ ਜਿੱਤ ਕੇ ਆ ਰਹੇ ਜਥੇਦਾਰ ਜੀ ਨੇ ਆਪਣੀ ਅੰਨ-ਦਾਤੀ ਸਰਕਾਰ ਦਾ ਇਸ਼ਾਰਾ ਸਮਝ ਕੇ ਹਰ ਸਾਲ ਇਕੱਠੀ ਹੋਣ ਵਾਲਾ ਕ੍ਰੋੜਾਂ ਦਾ ਪੰਥਕ ਧਨ, ਗੁਰਬਾਣੀ ਗਿਆਨ ਦੀ ਪੜ੍ਹਾਈ ਅਤੇ ਸੰਸਾਰ ਵਿਚ ਪਰਚਾਰ ਲਈ ਅਸਰਦਾਰ ਵਿਸ਼ਾਲ ਪ੍ਰਬੰਧ ਕਰਨ ਤੇ ਖ਼ਰਚ ਕਰਨ ਦੇ ਥਾਂ ਅਜਾਈ ਖੁਰਦ ਬੁਰਦ ਕਰੀ ਰੱਖਣਾ ਆਪਣਾ ਪੰਥਕ ਧਰਮ ਬਣਾ ਲਿਆ। ਜਥੇਦਾਰ ਵਲੋਂ " ਧਰਮ ਖ਼ਤਰੇ ਵਿਚ ਪੈ ਗਿਆ ਹੈ " ਦਾ ਨਾਰਾ ਸਦਾ ਤੋਂ **ਸੁਆਰਥ ਸਿੱਧੀ** ਲਈ ਬੋਲਿਆ ਕੋਰਾ ਝੂਠ ਸਿੱਧ ਹੁੰਦਾ ਆ ਰਿਹਾ ਹੈ। ਪੰਜਾਬੀ ਸੂਬਾ ਬਣ ਜਾਣ ਨਾਲ ਪੰਥ ਨੂੰ ਜੇ ਕੋਈ ਫ਼ਾਇਦਾ ਪੁੱਜਾ ਹੈ, ਤਾਂ ਉਹ ਕੇਵਲ ਜਥੇਦਾਰਾਂ ਦੇ ਪ੍ਰਭਾਵਸ਼ਾਲੀ ਸ਼ਿਆਸੀ ਭਾਸ਼ਨਾਂ ਵਿਚ ਹੀ ਲੁਕਿਆ ਹੋਇਆ ਹੈ। ਹਾਂ, ਇਹ ਚਮਤਕਾਰੀ ਫ਼ਰਕ ਜ਼ਰੂਰ ਪਿਆ ਹੈ ਕਿ ਜਿਹੜਾ ਜਥੇਦਾਰ ਕੱਲ੍ਹ " ਢੱਡ " ਜਾਂ " ਢਿੱਡ " ਵਜਾਂਉਂਦਾ ਫਿਰਦਾ ਸੀ, ਜਿਹੜਾ ਢੋਲਕੀ ਖੜਕਾ ਕੇ, ਜਾਂ ਗੁਰਦੁਆਰਿਆਂ ਦੀ ਚੌਧਰ ਸਾਂਭ ਕੇ ਆਪਣੇ ਪਰਵਾਰ ਦਾ ਨਿਰਬਾਹ ਕਰ ਰਿਹਾ ਸੀ, ਅੱਜ ਲੱਖਾਂ ਨਹੀ ਕ੍ਰੋੜਾਂ-ਪਤੀ ਬਣ ਕੇ ਕੋਠੀਆਂ, ਸ਼ੈਲਰਾਂ, ਕਾਰਾਂ ਦਾ ਮਾਲਕ ਬਣੀ ਬੈਠਾ ਹੈ। ਬਾਬਾ ਜਰਨੈਲ ਸਿੰਘ ਜੀ ਦੀ ਈਮਾਨਦਾਰੀ ਬੇਦਾਗ਼ ਸੀ ਪਰ ਉਨ੍ਹਾਂ ਦੇ ਹੀ ਪਿਤਾ ਭਾਈ ਜੋਗਿੰਦਰ ਸਿੰਘ ਜੀ ਅਥਵਾ ਪਰਵਾਰ ਦੇ ਹੋਰ ਬੰਦਿਆਂ ਬਾਰੇ ਵੀ ਏਹੀ ਪਤਾ ਲੱਗ ਰਿਹਾ ਹੈ ਕਿ ਉਨ੍ਹਾਂ ਦੇ ਘਰੀਂ ਵੀ ਲੱਛਮੀ ਦੀ ਕਿਰਪਾ ਕਈ ਗੁਣਾ ਵੱਧ ਗਈ ਹੈ।

ਮਾਇਆ ਨੂੰ ਹੀ ਸਭ ਕੁਝ ਸਮਝਣ ਵਾਲਿਆਂ ਦੀ ਸਾਰੀ ਸੋਚ, ਆਪਣੇ ਲਈ ਵੱਧ ਤੋਂ ਵੱਧ ਮਾਇਆ ਉਗਰਾਹ ਲੈਣ ਵਾਸਤੇ ਹੀ ਘਾੜਤਾਂ ਘੜਦੀ ਰਹਿੰਦੀ ਹੈ। ਮਾਇਆ ਧਾਰੀਆਂ ਦਾ ਧਰਮ ਈਮਾਨ ਸਭ ਕੁਝ ਮਾਇਆ ਹੀ ਹੁੰਦਾ ਹੈ। ਮਾਇਆ ਇਕੱਠੀ ਕਰਨ ਦਾ ਸਭ ਤੋਂ ਵੱਡਾ ਸਾਧਨ ' ਪਹਿਲੇ ਨੰਬਰ ਤੇ ਸੀ ਸ਼ਕਤੀ ਅਤੇ ਦੂਜੇ ਨੰਬਰ ਦੇ ' ਧਰਮ ' ਨੂੰ ਮੰਨਿਆਂ ਜਾਂਦਾ ਹੈ। ਸਿਆਸੀ ਸ਼ਕਤੀ ਹੱਥ ਵਿਚ ਆ ਜਾਵੇ ਤਾਂ ਧਰਮ-ਆਗੂ ਵੀ ਸਿਆਸਤਦਾਨ ਦੀ ਮੁੱਠ ਵਿਚ ਆ ਬਿਰਾਜਦੇ ਹਨ। ਫਿਰ ਅਜੇਹਾ ਸਫ਼ਲ ਸਿਆਸਤਦਾਨ ਮਾਇਆ ਉਗ੍ਰਾਹੁਣ ਲਈ ਜਿੰਨੇ ਮਰਜ਼ੀ ਪਾਪ ਕਰੀ ਜਾਵੇ, ਉਸ ਦੇ ਹਥ ਠੋਕੇ ਬਣੇ ਹੋਏ ਧਾਰਮਿਕ ਆਗੂ ਉਸ ਦੇ ਸਾਰੇ ਪਾਪਾਂ ਨੂੰ ਪੁੰਨ ਬਣਾ ਕੇ ਜਨਤਾ ਨੂੰ ਉਨ੍ਹਾਂ ਦਾ ਸ਼ਰਧਾਲੂ ਬਣਾਈ ਰੱਖਦੇ ਹਨ। ਕਿਸੇ ਨੂੰ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰਨਾ, ਖੋਪਰੀ ਉਤਰਵਾ ਦੇਣੀ, ਜੀਉਂਦਿਆਂ ਨੂੰ ਅੱਗ ਵਿਚ ਸੁਟਵਾ ਦੇਣਾ, ਜ਼ਹਿਰ ਦਾ ਪਿਆਲਾ ਪੀਣ ਦੇ ਆਦੇਸ਼, ਆਦਿ ਜਿਹੇ ਜ਼ੁਲਮੀ ਹੁਕਮਾਂ ਦੇ ਪਿੱਛੇ, ਯਹੂਦੀਆਂ ਦੇ ਲੱਖਾਂ ਪਰਵਾਰਾਂ ਨੂੰ ਬਚਿਆਂ ਬੁਢੜਿਆਂ ਸਮੇਤ, ਜੀਉਂਦਿਆਂ ਹੀ ਧਰਤੀ ਵਿਚ ਦਬਵਾ ਦੇਣਾ ਆਦਿ, ਹਰ ਉਪੱਦਰ ਦੇ ਪਿੱਛੇ **ਧਾਰਮਿਕ ਆਗੂਆਂ ਦਾ ਕਥਿਤ " ਧਾਰਮਿਕ ਫ਼ਤਵਾ " ਹੀ ਕੰਮ ਕਰਦਾ ਆ ਰਿਹਾ ਹੈ।** ਹਰ ਥਾਂ ਜ਼ੁਲਮ ਕਰਨ ਵਾਲੇ ਦੀ ਤਸੱਲੀ ਏਹੀ ਕਰਵਾਈ ਜਾਂਦੀ ਸੀ ਕਿ ਅਜੇਹੇ ਦਿਲ ਕੰਬਾਊ ਪਾਪ ਕਰਕੇ ਉਹ ਅਸਲ ਵਿਚ ਬੜਾ ਵੱਡਾ ਦੀਨੀ ਸਵਾਬ (ਪੁੰਨ) ਖੱਟ ਰਿਹਾ ਹੈ। ਕੋਈ ਵਿਰਲਾ ਮਨੁੱਖ ਹੀ ਅਜੇਹਾ ਹੋਵੇਗਾ ਜਿਸ ਦੇ ਮਨ ਵਿਚ ਰਾਜ ਭਾਗ ਦੀ ਲਾਲਸਾ ਸਾਰੀ ਉਮਰ ਨਾ ਆਈ ਹੋਵੇ। ਸਿਆਸੀ ਤਾਕਤ ਹਥਿਆਉਣ ਲਈ ਮਨੁਖਾਂ ਦਾ ਮਨ ਲੋਚਦਾ ਹੀ ਸੰਸਾਰ ਤੋਂ ਤੁਰ ਜਾਂਦਾ ਹੈ। **ਏਥੋਂ ਤੱਕ ਅਸਾਂ** ਪਿਛੋਕੜ ਸਮਝ ਲਿਆ ਹੈ। ਆਉ ਹੁਣ ਅਸਲ ਮੰਤਵ ਵੱਲ ਆਈਏ। ਕਿ--**ਖ਼ਾਲਸੇ ਦਾ ਖੁੱਸਾ ਹੋਇਆ ਤੇਜ ਪ੍ਰਤਾਪ ਕਿਵੇਂ ਪਰਤੇ ?**---

## ਗੁਰਮਤਿ ਵਿਚਾਰ ਤੋਂ ਜੋ ਕੁਝ ਦਾਸ ਨੂੰ ਸੋਝੀ ਫੁਰੀ ਹੈ ਉਸ ਦਾ ਵੇਰਵਾ ਇਸ ਪ੍ਰਕਾਰ ਹੈ:--

**੧=** ਸਾਡੇ ਜਥੇਦਾਰ ਨੂੰ ਕਾਹਲ ਲਗੀ ਤੁਰੀ ਆ ਰਹੀ ਹੈ ਕਿ ਉਹ ਛੇਤੀ ਤੋਂ ਛੇਤੀ ਰਾਜ ਭਾਗ ਦਾ ਮਾਲਕ ਬਣ ਕੇ " ਬੱਚਾ-ਸੱਕਾ " (ਢਾਈ ਦਿਨ ਲਈ ਦਿੱਲੀ ਦਾ ਰਾਜ ਲੈ ਕੇ ਸੱਕੇ ਮੋਚੀ ਦੇ ਜਿਸ ਪੁੱਤਰ ਨੇ ਚਮੜੇ ਦਾ ਸਿੱਕਾ ਚਲਾਇਆ ਸੀ) ਬਣ ਬੈਠਣ ਦੀ ਸੱਧਰ ਪੂਰੀ ਕਰ ਲਵੇ। ਏਸੇ ਲਈ ਉਹ ਝੱਟ ਪੱਟ ਮੋਰਚੇ ਲਵਾਈ ਰੱਖ ਕੇ ਕੌਮੀ ਸ਼ਕਤੀ ਦੀ ਦੁਰਵਰਤੋਂ ਕਰਦਾ ਚਲਿਆ ਆ ਰਿਹਾ ਹੈ। ਮੋਰਚਿਆਂ ਦਾ ਐਵੇ ਛਲਾਵੇ ਮਾਤਰ ਕੋਈ ਲਾਭ ਪੰਥ ਨੂੰ ਸ਼ਾਇਦ ਹੀ ਹੈ ਜੇ ਕਦੇ ਪੁੱਜਾ ਹੋਵੇ। ਹਰ ਵਾਰ ਪੰਥਕ ਜਥੇਦਾਰ ਦੀ ਜੇਬ ਵਿਚ ਰੌਣਕਾਂ ਵਧਦੀਆਂ ਰਹੀਆਂ। ਸਪੱਸ਼ਟ ਹੈ ਕਿ ਪੰਥਕ ਜਥੇਦਾਰੀ ਗੁਰਮਤਿ ਨਾਲੋਂ ਪੂਰੀ ਤਰ੍ਹਾਂ ਟੁਟੀ ਹੋਈ ਅਤੇ ਸੁਆਰਥੀ ਬਣ ਚੁੱਕੀ ਹੈ। ਜਿੰਨਾ ਚਿਰ ਪੰਥਕ ਲੀਡਰੀ ਗੁਰਮਤਿ ਤੋਂ ਜਾਣੂੰ ਹੋ ਕੇ ਤਿਆਗ ਦੀ ਭਾਵਣਾ ਅਪਣਾ ਕੇ, ਸੁਹਿਰਦਤਾ ਨਾਲ ਪੰਥ ਦੀ ਚੜ੍ਹਦੀ ਕਲਾ ਦੀ ਸੱਚੇ ਦਿਲੋਂ ਕਾਮਨਾ ਨਹੀਂ ਕਰਦੀ, ਉਨਾਂ ਚਿਰ ਚੜ੍ਹਦੀ ਕਲਾ ਵਲ ਨੂੰ ਮੋੜਾ ਖਾ ਸਕਣਾ ਬੜਾ **ਕਠਨ** ਹੈ। [ਧਿਆਨ ਰਹੇ ਕਿ ਦਾਸ ਨੇ ਲਫ਼ਜ਼ **ਅਸੰਭਵ** ਨਹੀਂ ਸਗੋਂ **ਕਠਨ** ਵਰਤਿਆ ਹੈ। ਕਿਉਂਕਿ ਪੰਥ ਦੇ ਜਿਸ ਨੌ ਨਿਹਾਲ ਨੇ ਪੰਥ ਪਿਆਰ ਦੇ ਜੋਸ਼ ਵਿਚ ਆ ਕੇ ਸਿਰਾਂ ਤੇ ਕੱਫਨ ਬੰਨ੍ਹ ਲਿਆ ਸੀ ਅਤੇ ਹੱਥਾਂ ਵਿਚ ਪਸਤੌਲ ਅਥਵਾ ਸ਼ਸਤਰ ਫੜ ਲਏ ਸਨ, ਪੰਥ ਦੇ ਓਸੇ ਵਡਮੁੱਲੇ ਸਰਮਾਏ ਨੇ ਜਦ ਪਹਿਲਾਂ ਗੁਰਮਤਿ ਦੇ ਨਿਆਰੇ ਸਿਧਾਂਤ ਤੋਂ ਪੂਰੀ ਤਰ੍ਹਾਂ ਜਾਣੂੰ ਹੋ ਕੇ ਸਤਿਗੁਰਾਂ ਦੇ ਹੁਕਮਾਂ ਅਨੁਸਾਰ ਆਪਣਾ ਜੀਵਨ ਢਾਲ ਲਿਆ, ਤਾਂ ਸੁਆਰਥੀ ਜਥੇਦਾਰੀ ਨੂੰ ਭਾਜੜਾਂ ਪੈ ਜਾਣੀਆਂ ਹਨ। ਧਾਰਮਿਕ ਕੇਂਦਰੀ ਪ੍ਰਬੰਧ ਹੱਥਾਂ ਵਿਚ ਲੈਂਦਿਆਂ ਹੀ, ਸਾਰੀ ਕੌਮ ਨੂੰ ਗੁਰਮਤਿ-ਗਿਆਨ ਤੋਂ ਵਿਦਵਾਨ ਬਣਾਉਣ ਲਈ ਅਤੇ ਸੰਸਾਰ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਤੋਂ ਜਾਣੂੰ ਕਰਾਉਣ ਲਈ ਵਿਸ਼ਾਲ ਪ੍ਰਬੰਧ ਹੋ ਜਾਣੇ ਹਨ। ਫਿਰ ਮੇਰੇ ਦੂਲੇ ਪੰਥ ਵਿਚੋਂ ਹੀ, ਭਾਈ ਮਤੀਦਾਸ, ਭਾਈ ਦਇਆਲਾ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਆਦਿ ਮਰਜੀਵੜੇ ਤਿਆਗੀ ਸ਼ਹੀਦ, ਅਤੇ ਇਨ੍ਹਾਂ ਵਿਚੋਂ ਹੀ ਸਿਰ ਤੇ ਕੱਫਨ ਬੰਨ੍ਹ ਕੇ ਮੈਦਾਨ ਵਿਚ ਨਿਤਰਨ ਵਾਲੇ ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ, ਚੜ੍ਹਤ ਸਿੰਘ, ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲੂਆ ਅਤੇ ਸ: ਸ਼ਾਮ ਸਿੰਘ ਅਟਾਰੀ ਜਿਹੇ ਜਰਨੈਲ ਮੈਦਾਨ ਵਿਚ ਆ ਜਾਣੇ ਹਨ। ਰਾਜ ਭਾਗ ਨੇ ਨਿਤ ਕੁੰਡਾ ਆ ਖੜਕਾਇਆ ਕਰਨਾ ਹੈ ]

**੨=** ਪੰਥ ਨੂੰ ਗੁਰੂ ਨਾਨਕ ਜੀ ਦੇ ਗਿਆਨ ਤੋਂ ਕੋਰਾ ਰੱਖ ਕੇ ਇਸ ਦੀ ਨਿਆਰੀ ਜੀਵਨ-ਜੁਗਤ ਅਤੇ ਇਸ ਦੇ ਨਿਆਰੇ ਆਚਰਨ ਨੂੰ ਹਾਨੀ ਪੁਚਾ ਕੇ ਇਸ ਦੇ ਤੇਜ ਪ੍ਰਤਾਪ ਦੇ ਚੜ੍ਹਦੇ ਸੂਰਜ ਨੂੰ ਕਾਲੇ ਬਦਲਾਂ ਹੇਠ ਗੁਆ ਦੇਣ ਵਾਲੇ ਕਾਰਿਆਂ ਦੀ ਨੀਂਹ, ਭਾਵੇਂ ੧੫ਵੀਂ ਸਦੀ ਵਿਚ ਹੀ ਰੱਖੀ ਜਾ ਚੁੱਕੀ ਸੀ ਪਰ ਪੰਥ ਦੀ ਮਰਯਾਦਾ ਵਿਗਾੜ ਦੇਣ ਵਾਲੇ ਜ਼ਾਹਰਾ ਤਿੱਖੇ ਹਮਲੇ ੧੯ਵੀ ਸਦੀ ਦੇ ਅਰੰਭ ਵਿਚ ਸ਼ੁਰੂ ਹੋਏ ਸਨ। ਨਤੀਜੇ ਵਜੋਂ ਅਸੀਂ ੧੮੪੯ ਤੋਂ ਰਾਜ ਭਾਗ ਤੋਂ ਪੂਰੀ ਤਰ੍ਹਾਂ ਹੱਥ ਧੋ ਬੈਠੇ ਅਤੇ ਬਿੱਪ੍ਰਨ ਕੀ ਰੀਤ ਨਾਲ ਜੁੜਦੇ ਗਏ। ਇਸ ਤਰ੍ਹਾਂ ਜਿਹੜੀ ਤਾਣੀ ਕਰੀਬ ੨੦੦ ਸਾਲ ਤੋਂ

ਉਲਝਦੀ ਆ ਰਹੀ ਹੈ ਉਹ ਝੱਟ ਪੱਟ ਤਾਂ ਸੁਲਝਣੋ ਰਹੀ। ਇਸ ਨੂੰ ਸੁਲਝਾਉਣ ਲਈ ਵੀ ਘੱਟੋ ਘੱਟ ੫੦ ਸਾਲ ਦੀ ਯੋਜਣਾ ਤਿਆਰ ਕਰਨੀ ਪਵੇਗੀ।

**੩= ਬੜਾ ਜ਼ਰੂਰੀ ਪੱਖ**--(ੳ) ਸਾਡੇ ਮਨਾਂ ਵਿਚ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਸੰਸਾਰ ਵਿਚ ਕੇਵਲ ਅਤੇ ਕੇਵਲ ਸਤਿਗੁਰੂ ਨਾਨਕ ਸਾਹਿਬ ਜੀ ਹੀ ਅਜੇਹੇ ਰਹਿਬਰ ਆਏ ਸਨ, ਜਿਨ੍ਹਾਂ ਦੇ ਸਰੀਰ ਤਿਆਗਣ ਦੇ ਸਮੇ ਭਾਰਤ ਦੇ ਦੋ ਵਿਰੋਧੀ ਧਾਰਨਾ ਵਾਲੇ ਧਰਮ, ਕਿਥਿਤ ਮੋਮਨ ਅਤੇ ਕਥਿਤ ਕਾਫ਼ਰ, ਦੋਵੇਂ ਹੀ ਸਤਿਗੁਰਾਂ ਦੀ ਪਾਵਨ ਦੇਹ ਨੂੰ ਆਪਣੇ ਆਪਣੇ ਵਿਸ਼ਵਾਸ਼ ਵਾਲੀ ਵਿਧੀ ਨਾਲ ਪੰਜਾਂ ਤੱਤਾਂ ਵਿਚ ਰਲਾਉਣ ਦੀ (ਧਰਤੀ ਵਿਚ ਦੱਬਣ ਦੀ ਅਥਵਾ ਅਗਨੀ ਨਾਲ ਜਲਾਉਣ ਦੀ) ਜਿਦ ਕਰਦੇ ਅਤੇ ਝਗੜਦੇ ਰਹਿਣ ਦੀਆਂ ਖ਼ਬਰਾਂ ਇਤਿਹਾਸ ਦਾ ਹਿੱਸਾ ਬਣੀਆਂ ਹਨ।

**(ਅ)** ਠੀਕ ਤਰ੍ਹਾਂ ਸਮਝ ਕੇ ਯਾਦ ਰੱਖਣ ਵਾਲਾ ਦੂਜਾ ਪੱਖ ਇਹ ਹੈ ਕਿ ਇਸ ਹਰਮਨ ਪਿਆਰੇ ਸੁਧਾਰਕ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਕੋਈ ਕਰਮਕਾਂਡੀ ਬੰਧਨਾ ਦੁਆਰਾ ਚਲਾਇਆ ਜਾਣ ਵਾਲਾ ਉਚੇਚਾ ਮਜ਼ਹਬ ਨਹੀਂ ਹੈ। ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ **ਸਾਰੇ ਪ੍ਰਕਾਰ ਦੇ ਭਰਮਾਂ ਵਹਿਮਾਂ ਤੋਂ ਰਹਿਤ ਨਿਆਰੇ ਅਸੂਲਾਂ ਵਾਲੀ ਇੱਕ ਜੀਵਨ ਜੁਗਤ ਹੈ ਨਿਆਰਾ ਜੀਵਨ ਮਾਰਗ ਅਥਵਾ ਨਿਆਰੇ ਆਚਰਨ ਵਾਲਾ ਨਿਆਰਾ ਪੰਥ ਹੈ।** ਗੁਰਸਿੱਖੀ ਕਿਸੇ ਵੀ ਵਿਖਾਵੇ ਵਾਲੇ ਧਰਮ ਕਰਮ ਤੇ ਨਿਰਭਰ ਨਹੀਂ ਹੈ।

**(ੲ)** ਤੀਜੀ ਇਹ ਗੱਲ ਵੀ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਸੰਸਾਰ ਵਿਚ ਕੇਵਲ ਅਤੇ ਕੇਵਲ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸਮਝਾਇਆ ਜੀਵਨ-ਰਾਹ ਹੀ ਸਾਰੇ ਸੰਸਾਰ ਨੇ ਪਸੰਦ ਕੀਤਾ ਸੀ ਅਤੇ ਜੇ ਇਸ ਨੂੰ ਯੋਜਨਾ ਬੱਧ ਢੰਗ ਨਾਲ ਪਰਚਾਰਿਆ ਜਾਏ ਤਾਂ ਸਾਰੇ ਸੰਸਾਰ ਵਿਚ ਸਿਖੀ ਦਾ ਬੋਲ ਬਾਲਾ ਹੋ ਜਾਣ ਵਿਚ ਕੋਈ ਸੰਦੇਹ ਨਹੀਂ ਹੈ। ਉਪ੍ਰੋਕ ਦਲੀਲ ਦੇ ਇਸ ਪੱਖ ਨੂੰ ਉਂਜ ਤਾਂ ਕਈ ਹੋਰ ਖੋਜੀ ਲਿਖਾਰੀਆਂ ਨੇ ਸਪੱਸ਼ਟ ਕੀਤਾ ਹੋਇਆ ਹੈ, ਪਰ ਦਾਸ ਐਵੇ ਨਮੂੰਨੇ ਮਾਤਰ ਕੇਵਲ ਉਦਾਹਰਣਾ ਵਜੋਂ ਹੀ, ਪ੍ਰੋਫ਼ੈਸਰ ਸ਼ੇਰ ਸਿੰਘ ਗਿਆਨੀ M.A.,P.H.D. (ਲੰਡਨ) ਦੀ ਲਿਖੀ ਪੁਸਤਕ-- "**ਗੁਰਮਤਿ ਦਰਸ਼ਨ** ਅਰਥਾਤ ਸਿੱਖ ਧਰਮ ਦੇ ਸਿੱਧਾਂਤ ਤੇ ਮਾਰਗ ਦੀ ਦਾਰਸ਼ਨਿਕ ਵਿਚਾਰ"-- ਜਿਸ ਨੂੰ S.G.P.C.ਹੀ ਅਪਣਾਇਆ ਹੋਇਆ ਹੈ ਅਤੇ ਜਿਸ ਦੀ ਛੇਵੀਂ ਐਡੀਸ਼ਨ ਦੀਆਂ ੩੦੦੦ ਕਾਪੀਆਂ ੧੯੯੨ ਵਿਚ ਛਾਪ ਕੇ ਵੰਡਣੀਆਂ ਅਰੰਭ ਕੀਤੀਆਂ ਹੋਈਆਂ ਹਨ, ਵਿਚੋਂ ਕੇਵਲ ਨਮੂਨੇ ਮਾਤਰ ਦੋ ਉਦਾਹਰਣਾ ਪੇਸ਼ ਕਰਦਾ ਹੈ । ਉਸ ਦੇ ੧੨੮ ਸਫ਼ੇ ਤੇ ਅੰਗ੍ਰੇਜ਼ ਲਿਖਾਰੀ ਅਤੇ ਪ੍ਰਸਿੱਧ ਇਤਿਹਾਸਕਾਰ ਮਿਸਟਰ ਮੈਕਾਲਿਫ਼ ਸਾਹਿਬ ਦੇ ਵਿਚਾਰਾਂ ਦੇ ਹਵਾਲੇ ਨਾਲ ਇਉਂ ਲਿਖਿਆ ਹੈ:----

(A) ਏਥੇ ਇਕ ਅਜਿਹਾ ਧਰਮ ਪੇਸ਼ ਕੀਤਾ ਜਾ ਰਿਹਾ ਹੈ ਜਿਹੜਾ ਇਸਲਾਮੀ ਅਥਵਾ ਸ਼ਾਮੀ ਤੇ ਈਸਾਈ ਅਸਰਾਂ ਤੋਂ ਬਿਲਕੁਲ ਪਾਕ ਹੈ । ਅਕਾਲ ਪੁਰਖ ਵਾਹਿਗੁਰੂ ਦੇ ਇੱਕ ਹੋਣ ਦੇ ਨਿਸਚੇ ਤੇ ਨਿਰਭਰ ਹੋ ਕੇ ਇਸ ਧਰਮ ਨੇ ਹਿੰਦੂ-ਖ਼ਿਆਲਾਂ ਨੂੰ ਛੱਡਿਆ ਅਤੇ ਅਜਿਹੀਆਂ ਸਦਾਚਾਰੀ, ਵਿਵਹਾਰੀ ਤੇ ਧਾਰਮਿਕ ਸੰਸਥਾਵਾਂ ਦੀ ਨੀਂਹ ਰੱਖੀ, ਜਿਹੜੀਆਂ ਕਿ ਗੁਰੂ ਨਾਨਕ ਦੇ ਦੇਸ਼ ਕਾਲ ਅਥਵਾ ਉਹਨਾਂ ਦੇ ਆਲੇ-ਦੁਲੇ ਤੋਂ ਬਿਲਕੁਲ ਨਿਰਾਲੀ ਤੇ ਨਵੀਂ ਸੀ। ਏਸ ਧਰਮ ਨਾਲੋਂ ਵਧੇਰੀ ਮੌਲਕਤਾ ਰੱਖਣ ਵਾਲਾ ਧਰਮ ਜਾਂ ਏਸ ਦੇ ਸਦਾਚਾਰੀ ਨਿਯਮ ਨਾਲੋਂ ਵਧੇਰਾ ਪ੍ਰਮਾਣੀਕ ਤੇ ਵਿਸ਼ਾਲ ਮੱਤ ਦੁਨੀਆ ਵਿਚੋਂ ਲੱਭਣਾ ਕਠਿਨ ਹੈ।

(B) ਉਸੇ ਪੁਸਤਕ ਦੇ ੧੨੯ ਸਫ਼ੇ ਦੀ ਲਿਖਤ ---**ਮਿਸ ਡਾਰਫ਼ੀ ਫ਼ੀਲਡ** ਲਿਖਦੀ ਹੈ---

ਗੁਰੂ ਗ੍ਰੰਥ ਦੀ ਵਿਚਾਰ ਤੋਂ ਇਹ ਗੱਲ ਪੱਕੀ ਤਰ੍ਹਾਂ ਸਿੱਧ ਹੋ ਜਾਂਦੀ ਹੈ ਕਿ ਸਿੱਖ-ਧਰਮ ਦੁਨੀਆਂ ਵਿਚ ਇਕ ਨਵਾਂ ਤੇ ਬਿਲ-ਕੁਲ ਵੱਖਰਾ ਧਰਮ ਹੈ। ਇਹ ਧਰਮ ਇੱਕ ਅਜੇਹਾ ਧਰਮ ਹੈ, ਜਿਹੜਾ ਪੱਛਮੀ ਮਨੁੱਖਾਂ ਦੇ ਸੁਭਾਅ ਦੇ ਅਨਕੂਲ ਹੈ ਅਤੇ ਉਨ੍ਹਾਂ ਦੇ ਮਨਾਂ ਨੂੰ ਖਿੱਚ ਪਾ ਸਕਦਾ ਹੈ। ਇਸ ਹਕੀਕਤ ਵਿਚ ਇੱਕ ਅਮਲੀ ਧਰਮ ਹੈ ਅਤੇ ਅਮਲੀ ਜਿੰਦਗੀ ਵਿਚ ਸੌਖੀ ਤਰ੍ਹਾਂ ਵਰਤੋਂ ਵਿਚ ਲਿਆਇਆ ਜਾ ਸਕਦਾ ਹੈ। **ਜੇਕਰ ਇਸ ਧਰਮ ਨੂੰ ਵੱਧ ਤੋਂ ਵੱਧ ਲਾਭ ਪੁਚਾਉਣ ਦੇ ਨੁਕਤਿ-ਨਿਗਾਹ ਤੋਂ ਵੇਖਿਆ ਜਾਵੇ ਤਾਂ ਇਹ ਧਰਮ ਸਾਰੇ ਸੰਸਾਰ ਚ ਤਕਰੀਬਨ ਇਕੋ-ਇਕ ਅਜੇਹਾ ਉੱਚਾ ਧਰਮ ਹੈ "**

ਅਜੇਹੀਆਂ ਹੋਰ ਲਿਖਤਾਂ ਦੀ ਲੋੜ ਉਸ ਨੂੰ ਪਵੇ ਜੋ ਆਪਣੇ ਸਤਿਗੁਰੂ ਗ੍ਰੰਥ ਸਾਹਿਬ ਦੀ ਗੁਰੂ-ਬਾਣੀ ਗਿਆਨ ਦੀ ਅਸਲੀਯਤ ਅਤੇ ਉਸ ਦੀ ਮਹੱਤਤਾ ਤੋਂ ਅਣਜਾਣ ਹੋਵੇ । ਇਸ ਵਿਚ ਕੋਈ ਸ਼ੱਕ ਹੀ ਨਹੀਂ ਹੈ ਕਿ ਜੇ ਅਸੀਂ ਬ੍ਰਾਹਮਣੀ ਅਸਰ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾ ਕੇ ਤਨੋਂ ਮਨੋਂ ਗੁਰਮਤਿ ਗਿਆਨ ਨੂੰ ਆਪ ਚੰਗੀ ਤਰ੍ਹਾਂ ਸਮਝ ਲਈਏ ਅਤੇ ਆਪਣਾ ਜੀਵਨ ਉਸ ਅਨੁਸਾਰ ਬਣਾ ਲਈਏ ਅਤੇ ਇਸ ਅਨੁਪੰਮ ਗਿਆਨ ਨੂੰ ਯੋਜਨਾ ਬੱਧ ਢੰਗ ਨਾਲ ਸੰਸਾਰ ਵਿਚ ਪ੍ਰਚਾਰਣਾ ਅਰੰਭ ਕਰ ਦੇਈਏ ਤਾਂ ਯਕੀਨਨ ਸਾਰੇ ਸੰਸਾਰ ਦਾ ਮਨੁੱਖ ਗੁਰੂ ਨਾਨਕ ਨਾਮ ਲੇਵਾ ਬਨਣ ਲਈ ਕਾਹਲਾ ਪੈ ਜਾਵੇਗਾ।

**੪=** ਸੰਸਾਰ ਦੇ ਬਾਹਰਲੇ ਦੇਸ਼ਾਂ ਵਿਚ ਸਿੱਖੀ ਫੈਲਾਉਣ ਦੇ ਪ੍ਰਬੰਧ ਕਰਨ ਦੀ ਸੋਚਣ ਤੋਂ ਪਹਿਲਾਂ ਆਪਣੇ ਹੀ ਦੇਸ਼ ਵਿਚ ਵੱਸਦੇ ਸਤਿਗੁਰਾਂ ਨਾਨਕ-ਨਾਮ ਲੇਵਾ ਸਿੱਖਾਂ ਨਾਲ ਜਾਣ ਪਛਾਣ ਕਰ ਲਈਏ :--

**Canada ਦੇਸ਼ ਦੀ ਰਾਜਧਾਨੀ ਵਿਚ ੧੯੬੪ ਤੋਂ ਬਣੀ--OTTAWA SIKH SOCIETY.ਵਲੋਂ .Dr Kharak Singh Mann (Secretary) The Institute of Sikh Studies Chandigarh. 160059 Punjab India.ਦੇ ਨਾਮ ਜਾਰੀ ਹੋਈ ਚਿੱਠੀ ਨਾਲ ਨੱਥੀ ਸਰਵੇਖਣ-ਸੂਚਨਾ ਦਾ ਉਤਾਰਾ ਇਸ ਪ੍ਰਕਾਰ ਹੈ**---

'It is historical fact that about a hundred million (10 crores) Vanjaras, Lobanas, and Sikligars, professing Sikh religion are residing in Bihar, Madhya Pardesh, Maharashtra,

Rajisthan, Karnatka, Andhra and Tamil Nadu. They adopted Sikh faith during Guru Nanak's Udasi in those areas. The Vnjaras were traders by profession and moved in caravans carrying their wares from place to place. The Lobanas (Loh-Bana) were their Armed guards who moved along with them. The Sikligars tured- tured Arms as swords, spears, arrows, etc. for them. They took part in the battles of Guru Hargobind.Makhan Shah Lobana and Lakhi Shah Lobana are names in Sikh History. These tribes took part in a big way in Guru Gobind Singh's battles. There were 39 martyrs in the family of Shahid Bhai Mani Singh alone whose ancestors were Pawar Rajput by caste and Vanjaras by profession. Includede among these martyrs were Bhai Sahib's eleven brothers, Eight sons and nine grandsons (Giani Gara Singh, Shahid Bilas, Panjabi Sahit Academy,Ludhiana, 1961, PP, 105-106.) During the dark half century (1715-65), they also faced annihilation with the Sikh of Punjab at the hands of Mughal government. As such they had to abandon their trade and hearth and homes and to flee for life to jungles and deserts. During the Sikh ascendancy in north India (1765-1849) contact with them was lost and ever since they have remained ' our forgotten brothers'.

Recently some of their representatives approached the Chandi-garh Sangat and sought help in their religious and social rehabilitation. After discussing its pro and cons by the Sangat it was decided that the Institute of Sikh Studies, Chandigarh should send a study team to those areas, who, in collaboration with the local and well to do sympathetic Sikhs should prepare a report on their condition.

A two member team under Dr. Sukhjeet Kaur, a member of the Institute and an eminent Human Right Leader, reached and met some philanthropists and eminent Sikhs already engaged in their welfare. The team reported that these people speak a language akin to Pujabi. They perform their marriage by placing Nitnem Gutkas as central religious symbol, They have Ardasias in villages who perform Asdas of Guru Nanak. They offer one quarter rupee in certain ceremonies. They are sticking to Sikh faith in spite of temptations by some other religious groups. Sikligars are keeping hair. But otherwise they are ignorant of the glorious past of Sikhs. Their general condition was reported miserable both socially and culturally. The team further reported that the local Sikh had already setup two centers for their welfare. One at Bopal and the other near Nagpur ....................ਇਸ ਤੋਂ ਅੱਗੇ ਦਾਨੀ ਗੁਰਸਖਿਆਂ ਵਲੋਂ ਉਨ੍ਹਾਂ ਵਿਛੜੇ ਹੋਏ ਸਿੱਖ ਵੀਰਾਂ ਦੀ ਸੇਵਾ ਸੰਭਾਲ ਲਈ ਕੀਤੇ ਜਾ ਰਹੇ ਕੁਝ ਉਦਮਾਂ ਦਾ ਜ਼ਿਕਰ ਹੈ ਅਤੇ ਉਨ੍ਹਾਂ ਲਈ ਮਾਇਕ ਸਹਾਇਤਾ ਪੁਚਾਉਣ ਦੀ ਅਪੀਲ ਹੈ।

ਇਸ ਚਿੱਠੀ ਦਾ ਜ਼ਿਕਰ ਕਰਨ ਤੋਂ ਭਾਵ ਇਹ ਹੈ ਕਿ ਪਾਠਕਾਂ ਨੂੰ ਪਤਾ ਲੱਗ ਸਕੇ ਕਿ ਗੁਰੂ ਨਾਨਕ ਪਾਤਸ਼ਾਹ ਜੀ ਨੇ ਪੈਦਲ ਫਿਰ ਫਿਰ ਕੇ ਸੰਸਾਰ ਵਿਚ ਕਿਵੇਂ ਗੁਰਮਤਿ ਦਾ ਛੱਟਾ ਦਿੱਤਾ ਹੋਇਆ ਹੈ। ਜਿਸ ਗੁਰਮਤਿ ਨੂੰ ਕੇਵਲ ਇਕਲੇ ਸਤਿਗੁਰਾਂ ਦੇ ਉੱਦਮ ਨਾਲ ਏਨੀ ਜਨਤਾ ਨੇ ਕਬੂਲ ਕਰ ਲਿਆ ਸੀ, ਕਿ ਉਸੇ ਗੁਰਮਤਿ ਗਿਆਨ ਨੂੰ ਜੇ ਯੋਜਨਾਂ ਬੱਧ ਢੰਗ ਨਾਲ ਪਰਚਾਰਿਆ ਜਾਵੇ ਤਾਂ ਅਸੀਂ, ਜੋ ਹੁਣ ਦੋ ਕਰੋੜ ਦੇ ਲਗ-ਪਗ ਹਾਂ ਸਾਡੇ ਲਈ ਸਾਰੇ ਸੰਸਾਰ ਵਿਚ ਸਿੱਖੀ ਫੈਲਾ ਸਕਣੀ ਮੁਸ਼ਲਕ ਨਹੀਂ ਹੈ।

ਉਪਰੋਕਤ ੧੦ ਕਰੋੜ ਪ੍ਰਾਣੀਆਂ ਨੂੰ ਗੁਰਮਤਿ ਦੀ ਸਿਖਿਆ ਦੇਣੀ ਬੜੀ ਸਹਿਲ ਗੱਲ ਹੈ। ਭਾਵ, ਜੇ ਸਾਡਾ ਮੁੱਖ ਜਥੇਦਾਰ ਈਮਾਨਦਾਰੀ ਨਾਲ ਯਤਨ ਕਰੇ ਤਾਂ ਇੱਕ ਸਾਲ ਦੇ ਅੰਦਰ ਗੁਰਸਿੱਖਾਂ ਦੀ ਗਿਣਤੀ ਵਿਚ ੧੦ ਕ੍ਰੋੜ ਦਾ ਵਾਧਾ ਹੋ ਸਕਦਾ ਹੈ। ਪਰ ਵਡ ਤੌਖ਼ਲਾ " ਗੁਰੂ ਕੀ ਗੋਲਕ " ਤੋਂ ਹੈ। ਗੋਲਕ ਦੀ ਦੁਰਵਰਤੋਂ ਕਰਨ ਗਿੱਝਾ ਹੋਇਆ ਜਥੇਦਾਰ ਕਦੇ ਨਹੀਂ ਚਾਹੇਗਾ ਕਿ ਸਾਡੇ ਉਪ੍ਰੋਕਤ ਵੀਰ, ਸਿੱਖੀ ਦੇ ਦਾਇਰੇ ਵਿਚ ਆ ਜਾਣ। ਉਸ ਦੀ ਤਾਂ ਨੀਂਦ ਹਰਾਮ ਹੋ ਜਾਣੀ ਹੈ। ਜਥੇਦਾਰ ਜੀ ਨੇ ਸੋਚੀਂ ਪੈਜਾਣਾ ਹੈ--

" ਮਸਾਂ ਹੀ ਤਾਂ ਇਹ ਪਿਆਰੀ ਗੋਲਕ ਸਾਡੇ ਕਾਬੂ ਆਈ ਹੈ। ਜੇ ਅਸਾਂ ਲੁਬਾਣੇ, ਸ਼ਿਲਕੀਗਰ, ਅਤੇ ਵਣਜਾਰੇ ਆਦਿ ਸਭ ਸਿੰਘ ਸਜਾ ਲਏ ਤਾਂ ਉਨ੍ਹਾਂ ਨੇ ਪੰਜਾਬ ਵਿਚ ਵੀ ਆ ਪੈਰ ਫ਼ਸਾਉਣੇ ਹਨ। ਫਿਰ ਵੋਟਾਂ, ਤੇ **.....**? ਸਾਡੀ ਪੰਜਾਬੀਆਂ ਦੀ ਪਿਆਰੀ ਗੋਲਕ ਕਿਤੇ ਉਹੀ ਨਾ ਸਾਂਭ ਬੈਠਣ ? ਫਿਰ ਸ਼ਾਇਦ ਅਸੰਬਲੀ ਦੀ ਖਟਾਊ ਕੁਰਸੀ ਵੀ ਸਾਥੋਂ **..**ਗਈ । ਸਾਡੀ ਚੌਧਰ ਦਾ ਬੇੜਾ ਗ਼ਰਕ ਕਰ ਦੇਣਗੇ ।

" ਅਸੀਂ ਕਿਹੜੇ ਘੱਟ ਖਿਡਾਰੀ ਹਾਂ । ਰੌਲਾ ਪਾ ਦਿਆਂਗੇ--" ਇਹ ਸਾਰੇ ਜਰਾਮਿ ਪੇਸ਼ ਹਨ । ਇਨ੍ਹਾਂ ਨੇ ਕੱਖ ਨਹੀਂ ਛੱਡਣਾ ਸਿੱਖੀ ਦਾ " । ਫਿਰ ਕਿਹੜਾ ਮਾਈ ਦਾ ਲਾ ਸਾਨੂੰ ਕਹਿ ਸਕੇਗਾ ਕਿ-- " ਹੇ ਸਤਿਕਾਰ ਜੋਗ ਜਥੇਦਾਰ ਜੀਓ ! ਕੀ ਸੱਜਣ ਠੱਗ ਅਤੇ ਬੰਦੇ ਖਾਣੇ ਕੌਡੇ ਨਾਲੋਂ ਵੀ ਇਹ ਲੁਬਾਣੇ ਵੀਰ ਵੱਧ ਜਰਾਇਮ ਪੇਸ਼ਾ ਹਨ ? ( ਮੂੰਹ ਲਾਲ ਕਰਕੇ, ਦੰਦ ਕਰੀਚ ਕੇ) ਕਿਹੜਾ ਹੈ ਅਜੇਹਾ ਮਾਈ ਦਾ ਲਾਲ ਜੋ ਸਾਨੂੰ ਏਦਾ ਮਤਿ ਦੇਣ ਦਾ ਹੀਆਂ ਕਰੂ । ਜੇ ਕੋਈ ਅਜੇਹਾ ਕਹਿਣ ਦਾ ਹੌਸਲਾ ਕਰ ਬੈਠਾ ਤਾਂ ਆਪੇ ਧੁਰ ਦੀ ਟਿਕਟ ਕਟਾ ਬੈਠੂ। ਸਾਡਾ ਕੀ ਜਾਣਾ ? ਭਾੜੇ ਤੇ ਕਤਲ ਕਰਨ ਵਾਲਿਆਂ ਦੀ ਸਾਨੂੰ ਕਿਹੜੀ ਘਾਟ ਹੈ ? ਅੱਗਾਂ ਲਾਉਣ ਵਾਲੇ ਝੋਲੀ-ਚੁੱਕ ਟੁੱਕੜ-ਬੋਚ ਵੀ ਬਥੇਰੇ ਹਨ। "

**ਜਿਸ ਤ੍ਰਿਸ਼ਨਾਲੂ ਜਥੇਦਾਰ** ਦੀਆਂ ਪੰਜੇ ਘਿਉ ਵਿਚ ਹਨ ਹੀ ਅਗਿਆਨਤਾ ਦੇ ਸਿਰ ਤੇ, ਉਹ ਭਲਾ ਗੁਰੂ ਨਾਨਕ ਜੀ ਦੇ ਗਿਆਨ ਨੂੰ ਸੰਸਾਰ ਵਿਚ ਕਿਉਂ ਖਿਲਰਨ ਦੇਵੇ ? ਦੂਜੀ ਵੱਡੀ ਰੋਕ " ਸੁੱਚਮ ਅਥਵਾ ਭਿੱਟ ' ਦਾ ਗੁਰਮਤਿ ਵਿਰੋਧੀ ਨਿਰਮੂਲ ਭਰਮ ਹੈ। ਡੇਰਾ ਵਾਦੀਆਂ, ਅਥਵਾ ਬਿਬੇਕੀਆਂ ਨੇ ਕਹਿਣਾ ਅਰੰਭ ਕਰ ਦੇਣਾ ਹੈ--

" ਕਿਹੜਾ ਵਰਤੂ ਇਨ੍ਹਾਂ ਭਿੱਟੜਾਂ ਨਾਲ **?** ਅਸੀਂ ਤਾਂ ਆਪਣੇ ਘਰਦਿਆਂ ਤੇ ਵੀ ਕਈ ਬੰਦਸ਼ਾਂ ਲਾਈਆਂ ਹੋਈਆਂ ਹਨ। ਅਸੀਂ ਜਿਹੜੇ ਆਪਣੇ ਸਕੇ ਭਰਾ ਨਾਲ ਵੀ ਬੈਠ ਕੇ ਨਹੀਂ ਖਾਂਦੇ, ਵਣਜਾਰਿਆਂ ਨੂੰ ਆਪਣੇ ਗੁਰੂ ਦੇ ਲੰਗਰ ਵਿਚ ਵੜਿਆਂ ਨੂੰ ਕਿਵੇਂ ਝੱਲ ਸਕਦੇ ਹਾਂ ? ਜੇ ਆਸਾਂ ਇਨ੍ਹਾਂ ਸਿਕਲੀਗਰਾਂ ਨੂੰ ਸਕੇ ਮਾਂ ਪਿਉ ਜਾਏ ਮੰਨ ਲਿਆ ਤਾਂ ਸਾਡੀ ਸਿੱਖੀ ਦਾ ਤਾਂ ਫੱਕਾ ਹੀ ਮਾਰਿਆ ਜਾਣਾ ਹੈ । ਜੇ ਸਾਡੀ ਸੁੱਚ ਹੀ ਨਾ ਰਹੀ ਤਾਂ ਰਾਜ ਭਾਗ ਨੂੰ ਚੱਟਣਾ ਹੈ ?"

ਅਜੇਹੀਆਂ ਔਕੜਾ ਪਾਰ ਕਰਨ ਵਾਲੇ ਕੇਵਲ ਉਹੀ ਸੂਰਮੇ ਹਨ ਜਿਨ੍ਹਾਂ ਨੇ ਇਨ੍ਹਾਂ ਡੇਰਾਵਾਦੀਆਂ ਦੀ ਹੀ ਲਲਕਾਰ ਤੇ ਸਭ ਕੁਝ ਲੁਟਾ ਦੇਣ ਲਈ ਆਪਣੇ ਸਿਰਾਂ ਨੂੰ ਤਲੀ ਤੇ ਰੱਖ ਲਿਆ ਸੀ। ਹਾਏ! ਜੇ ਕਦੇ ਪੰਥ ਦੇ ਉਹ " ਅਨਮੋਲ ਰਤਨ " ਗੁਰਮਤਿ ਦੇ ਗਿਆਤਾ ਹੋ ਜਾਣ ਤਾਂ --ਦੂਰ ਦਿਸਦੇ ਦਿਨ ਨੇੜੇ ਆ ਨਾ ਆ ਜਾਣ?

ਪੁਸਤਕ ਦੇ ਪਹਿਲੇ ਚੋਹਾਂ ਭਾਗਾਂ ਵਿਚ, ਉਨ੍ਹਾਂ ਤੱਥਾਂ ਨੂੰ ਨਾਲੋ ਨਾਲ ਨੰਗਾ ਕਰੀ ਜਾਣ ਦਾ ਯਤਨ ਕੀਤਾ ਜਾ ਰਿਹਾ ਹੈ, ਜਿਹੜੇ ਪੰਥ ਲਈ ਖ਼ਤਰਾ ਬਣ ਰਹੇ ਹਨ। ਇਸ ਪੰਜਵੇ ਭਾਗ ਵਿਚ ਵਿਸ਼ੇਸ਼ ਕਰਕੇ ਬੜੇ ਸਪੱਸ਼ਟ ਸ਼ਬਦਾਂ ਵਿਚ ਗੁਰੂਗ੍ਰੰਥ ਸਾਹਿਬ ਜੀ ਦੇ ਸਿਧਾਂਤ ਦਾ ਉਹ ਪੱਖ ਲਿਖਿਆ ਹੈ ਜਿਸ ਨੂੰ ਸਾਡੇ ਕਈ ਵੀਰਾਂ ਨੇ ਬ੍ਰਾਹਮਣੀ ਸੋਚ ਦੇ ਲਿਖੇ ਰਹਿਤਨਾਮਿਆਂ ਤੋਂ ਕੁਰਬਾਨ ਕੀਤਾ ਹੋਇਆ ਹੈ। ਅਜੇਹੇ ਲੋਕ ਸਤਿਗੁਰਾਂ ਦੀ ਬਾਣੀ ਦੇ ਅਰਥ ਵਿਗਾੜਨ ਦਾ ਪਾਪ ਕਰਦੇ ਹੋਏ ਬ੍ਰਾਹਮਣੀ ਭਰਮ ਨੂੰ ਹੀ ਗੁਰਮਤਿ ਦੱਸ ਰਹੇ ਹਨ। ਭਰਮ ਵਿਚ ਫਸੇ ਉਹ ਲੋਕ ਜਿਹੜੇ ਵਾਸਤਵ ਵਿਚ ਬਿੱਪ੍ਰ ਦੀ ਝੋਲੀ ਵਿਚ ਬਿਰਾਜੇ ਹੋਏ ਵੀ ਆਪਣੇ ਆਪ ਨੂੰ ਪੱਕੇ ਅਤੇ ਸੱਚੇ ਸਿੱਖ ਦੱਸ ਰਹੇ ਹਨ, ਉਹੀ ਪੰਥ ਦੀਆਂ ਮੋਹਰਲੀਆਂ ਕਤਾਰਾਂ ਵਿਚ ਪੁੱਜੇ ਹੋਏ ਹਨ, ਬਾਣੀ ਅਤੇ ਬਾਣੇ ਦਾ ਫੋਕਾ ਉਹਲਾ ਬਣਾ ਕੇ ਪੰਥ ਵਿਚ ਘੁਸਰੇ ਬੈਠੇ, ਉਹੀ ਲੋਕ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਦਾ ਘਾਤ ਕਰੀ ਜਾ ਰਹੇ ਹਨ*। [**Foot note:--** ਪੁਸਤਕ ਦੇ ਛੇਵੇਂ ਭਾਗ ਵਿਚਲੇ " ਸਿੱਖ ਰਹਿਤ ਮਰਯਾਦਾ ਤੇ ਵਿਚਾਰ"-- ਲੇਖ ਵਿਚ ਗੁਰਮਤਿ ਦੇ ਇਸ ਪੱਖ ਨੂੰ ਬੜੇ ਵਿਸਥੰਰ ਨਾਲ ਵਿਚਾਰਿਆ ਹੋਇਆ ਹੈ} ਗੁਰੂ ਨਾਨਕ ਸਾਹਿਬ ਜੀ ਦੀ ਮਿਹਰ ਦਾ ਸਦਕਾ, ਦਾਸ ਨੇ ਉਨ੍ਹਾਂ ਦੀ ਅਸਲੀਯਤ ਨੂੰ-- " ਮਾਸੁ ਮਾਸੁ ਕਰਿ ਮੂਰਖ ਝਗੜੇ " ਪੁਸਤਕ ਵਿਚ ਵੀ ਚੰਗੀ ਤਰ੍ਹਾਂ ਨੰਗਾ ਕੀਤਾ ਹੈ। ਕੁਰਾਹੇ ਪਏ ਹੋਏ ਲਾਲਚੀ ਅਤੇ ਠੱਗ ਡੇਰੇ ਦਾਰ ਕਥਿਤ ਮਹਾਂ ਪੁਰਖਾਂ ਦੇ ਭਰਮ ਜਾਲ ਵਿਚ ਫਸੇ ਹੋਏ ਭਰਮੀ ਲੋਕ ਪੰਥ ਲਈ ਬੜੇ ਹਾਨੀ ਕਾਰਕ ਬਣ ਰਹੇ ਹਨ। ਅਜੇਹੇ ਭੁੱਲੜ ਵੀਰਾਂ ਨੂੰ ਰਾਹ ਤੇ ਲਿਆਉਣ ਲਈ ਬੜੀ ਤਕੜੀ ਮੁਹਿੰਮ ਚਲਾਉਣ ਦੀ ਲੋੜ ਹੈ।

**ਹੇਠ ਲਿਖੇ ਸੁਝਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ, ਜਥੇਦਾਰ ਗੁਰਚਰਨ ਸਿੰਘ ਟੋਹੜਾ ਸਾਹਿਬ ਨੂੰ ਮਿਤੀ ਫਰਵਰੀ ੨੦ ੧੯੯੬ ਨੂੰ ਲਿਖੀ ਚਿੱਠੀ ਵਿਚ ਲਿਖ ਭੇਜੇ ਸਨ**---

੧) ਸ੍ਰੀ ਦਰਬਾਰ ਸਾਹਿਬ ਵਿਚ ਵਰਤ ਰਹੀ ਸਾਰੀ ਬਿੱਪ੍ਰਨ ਕੀ ਰੀਤ ਖ਼ਤਮ ਕਰ ਦਿੱਤੀ ਜਾਵੇ,

(੨) ਕਥਿਤ ਦਾਨੀਆਂ ਦੇ ਕਾਲੇ ਨਾਵਾਂ ਵਾਲੇ ਸਾਰੇ ਪੱਥਰਾਂ ਦੇ ਥਾਂ, ਦੁੱਧ ਵਾਂਗ ਚਿੱਟੇ ਪੱਥਰ ਸਾਰੇ ਗੁਰੂ ਘਰਾਂ ਵਿਚ ਲਾ ਦਿੱਤੇ ਜਾਣ,

(੩) ਅਜੇਹਾ ਕਾਲਜ ਬਣਾਇਆ ਜਾਵੇ ਜਿਥੋਂ ਗ੍ਰੰਥੀ, ਪਰਚਾਰਕ ਅਥਵਾ ਰਾਗੀ ਪੈਦਾ ਕੀਤੇ ਜਾਇਆ ਕਰਨ, ਅਤੇ ਸਾਰੇ ਗੁਰੂ ਘਰਾਂ ਵਿਚ ਉਸੇ ਕਾਲਜ ਵਿਚੋਂ ਡਿਗਰੀਆਂ ਲੈਣ ਵਾਲੇ ਗ੍ਰੰਥੀ ਲਾਏ ਜਣ । ਉਸ ਕਾਲਜ ਵਿਚੋਂ ਗੁਰਮਤਿ ਦੀ P.H.D ਦੀ ਡਿਗਰੀ (ਹੋਰ ਪਰਚਲਤ ਜ਼ਬਾਨਾਂ ਵਿਚ ਅਤੇ ਲੋੜੀਂਦੀ ਵਿਦਿਆ ਵਿਚ ਪ੍ਰਬੀਨਤਾ ਵਾਲਾ') ਅਤੇ ਉੱਚ*ੀ* ਜੀਵਨ ਜੁਗਤ ਵਾਲਾ ਗੁਰਮੁਖਿ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਜੀਦਾ ਜਥੇਦਾਰ ਅਤੇ ਹਰਿ ਮੰਦਰ ਸਾਹਿਬ ਜੀ ਦਾ ਮੁੱਖ ਗ੍ਰੰਥੀ ਹੋਵੇ ਆਦਿ ਆਦਿ । ਇਸ ਕਾਲਜ ਵਿਚੋਂ ਸ੍ਰੇਸ਼ਟ ਯੋਗਤਾ ਵਾਲੇ ਵਿਦਵਾਨਾਂ ਨੂੰ ਉਚੇਚੀ ਤਨਖ਼ਾਹ ਦੇ ਕੇ ਪੰਥਕ ਖ਼ਰਚ ਤੇ ਦੇਸ਼ ਵਿਚ ਅਤੇ ਬਿਦੇਸ਼ਾਂ ਵਿਚ, ਸਿੱਖੀ ਨੂੰ ਫੈਲਾਉਣ ਦੇ ਮਿਸ਼ਨ ਤੇ ਭੇਜਿਆ ਜਾਣ ਦੇ ਪ੍ਰਬੰਧ

ਕਰਨੇ ਅਰੰਭ ਕੀਤੇ ਜਾਣ । ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ, ਹਰ ਅਜੇਹੇ ਪੱਖੋਂ ਨਿਪੁੰਨ ਅਤੇ ਪੱਕੇ ਪ੍ਰਬੰਧਾ ਦਾ ਨੀਹ ਪੱਥਰ ਆਪਣੇ ਕਰ-ਕੰਵਲਾਂ ਨਾਲ ਰੱਖੋ ।

(੪) ਦਾਨ ਦੀ ਪਰਿਪਾਟੀ ਬੰਦ ਕਰਕੇ ਮੁੜ ਦਸਵੰਧ ਪ੍ਰਥਾ ਚਾਲੂ ਕਰਨ ਦੇ ਪ੍ਰਬੰਧ ਕੀਤੇ ਜਾਣ ।

(੫) ਗੁਰੂ ਦੁਆਰਿਆਂ ਨੂੰ ਪੂਜਾ ਦੇ ਮੰਦਰਾਂ ਦੀ ਥਾਂ ਇਨ੍ਹਾਂ ਨੂੰ ਧਰਮ ਸਿੱਖਣ ਦੇ ਵਦਿਆਲੇ, " ਧਰਮਸ਼ਾਲਾ " ਅਥਵਾ " ਗਿਆਨ-ਮੰਦਰ " ਬਣਾਇਆ ਜਾਵੇ, ਤਾਂ ਜੋ ਪੰਥ ਦਾ ਬੱਚਾ ਬੱਚਾ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਤੋਂ ਜਾਣੂੰ ਹੋ ਜਾਵੇ ।

(੬) ਸਿੱਖ ਸਿਧਾਂਤ ਦੀ ਖੰਡਨਾਂ ਵਿਚ ਜੋ ਵੀ ਪੁਸਤਕ ਛਪੇ ਉਸ ਦੇ ਲਿਖਾਰੀ ਨੂੰ ਤੁਰੰਤ ਹੀ ਸ੍ਰੀ ਅਕਾਲ ਤਖ਼ਤ ਤੇ ਬੁਲਾ ਕੇ ਯੋਗ ਡੰਨ ਲਾਉਣ ਦੇ ਨਾਲ ਲਿਖਾਰੀ ਨੂੰ ਕਿਹਾ ਜਾਵੇ ਕਿ ਉਹ ਆਪ ਹੀ ਪੁਸਤਕ ਦੀ ਵਿੱਕਰੀ ਰੋਕ ਦੇਵੇ ਨਹੀਂ ਤਾਂ ਉਸ ਨੂੰ ਪੰਥ ਦਾ ਅੰਗ ਨਾ ਸਮਝਿਆ ਜਾਵੇ ।

(੭) ਜੇ ਖਿਮਾ ਦਾ ਪ੍ਰਸ਼ਾਦ ਵੰਡਨਾਂ ਹੀ ਹੋਵੇ ਤਾਂ, ਗੁਰੂ ਬਾਣੀ ਦੀ ਨਿੰਦਿਆਂ ਲਿਖਣ ਦੇ ਇਨਾਮ ਵਜੋਂ ਜਿਸ ਤਨਖਾਹੀਏ ਨੇ ਗੁਰਬਾਣੀ ਦੀ ਕੋਈ ਡਿਗਰੀ ਲਈ ਹੋਈ ਹੈ ਉਸ ਨੂੰ ਕਿਹਾ ਜਾਵੇ ਕਿ ਉਹ ਆਪਣੀ ਡਿਗਰੀ ਅਤੇ ਉਸ ਦੇ ਅਧਾਰ ਤੇ ਮਿਲੀ ਨੌਕਰੀ ਵਾਪਸ ਕਰੇ,

(੮) ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਥਵਾ ਮੂਰਤੀਆਂ ਬਨਾਉਣੀਆਂ ਅਥਵਾ ਘਰਾਂ ਵਿਚ ਲਾਉਣੀਆਂ ਬੰਦ ਕਰਾਉਣ ਦੇ ਪ੍ਰਬੰਧ ਕੀਤੇ ਜਾਣ।

(੯) ਤੌਹੀਦ ਦੀ ਪੂਜਾ ਕਰਾਉਣ ਆਏ ਹਜ਼ਰਤ ਮੁਹੰਮਦ ਸਾਹਿਬ ਜੀ ਦੀ ਕੋਈ ਤਸਵੀਰ ਨਹੀਂ ਮਿਲਦੀ ਹੈ। ਇੱਕ ਅਕਾਲ ਦੀ ਪੂਜਾ ਕਰਾਉਣ ਆਏ, ਗੁਰੂ ਸਾਹਿਬਾਨ ਦੀਆਂ ਫ਼ਰਜ਼ੀ ਅਥਵਾ ਝੂਠੀਆਂ (ਅਸਲੀ ਤਸਵੀਰ ਤਾਂ ਸਤਿਗੁਰਾਂ ਨੇ ਬਣਵਾਈ ਹੀ ਕੋਈ ਨਹੀਂ ਸੀ ?) ਤਸਵੀਰਾਂ ਵੀ, ਓਵੇਂ ਹੀ ਕਿਤੋਂ ਨਹੀਂ ਮਿਲਣੀਆਂ ਚਾਹੀਦੀਆਂ। ਸਤਿਗੁਰਾਂ ਦੀਆਂ ਤਸਵੀਰਾਂ ਸਿੱਧ ਕਰਦੀਆਂ ਹਨ ਕਿ ਖ਼ਾਲਸਾ ਜੀ ਦੀ ਮਰਯਾਦਾ ਤੇ " ਬਿੱਪ੍ਰੀ ਪਰਛਾਵਾਂ " ਪੈ ਚੁੱਕਾ ਹੈ, ਜਦ ਕਿ ਮੁਸਲਮਾਨ ਇਸ ਬਿਮਾਰੀ ਤੋਂ ਪੂਰੀ ਤਰ੍ਹਾਂ ਬਚਿਆ ਹੋਇਆ ਹੈ, ਭਾਂਵੇਂ ਉਹ ਸਿੱਖ ਨਾਲੋਂ ਸੈਂਕੜੇ ਸਾਲ ਪਹਿਲਾਂ ਤੋਂ ਹਿੰਦ ਦਾ ਵਾਸੀ ਬਣ ਚੁੱਕਾ ਸੀ।

(੧੦) ਪੰਥ ਲਈ ਸਭ ਤੋਂ ਬਹੁਤਾ ਗੰਭੀਰ ਖ਼ਤਰੇ ਵਾਲਾ ਮਸਲਾ ਖੜਾ ਕਰਨ ਵਾਲਾ **ਅੱਜ** " ਸੰਤ ਸਮਾਜ ਰੂਪੀ ਅਸਰਾਲ " ਹੀ ਹੈ। ਇਸ ਗੰਭੀਰ ਖ਼ਤਰੇ ਦਾ ਤੋੜ ਲੱਭਣਾ ਵੀ ਆਪ ਜੀ ਦੀ ਹੀ ਨਿੱਜੀ ਜ਼ਿਮੇਵਾਰੀ ਹੈ। ਕਉਂਕਿ ਇਹ ਖ਼ਤਰੇ ਨੂੰ ਸ਼ਕਤੀ ਵੀ ਸ੍ਰੋਮਣੀ ਕਮੇਟੀ ਵਲੋਂ ਹੀ ਮਿਲੀ ਹੈ। ਅਜੇਹਾ ਕਿਸ ਕਾਰਨ ਲਿਖਣਾ ਪਿਆ ਹੈ ? ਵੇਰਵਾ ਇਸ ਪ੍ਰਕਾਰ ਹੈ--

ਸਤਿਗੁਰਾਂ ਦੇ ਇਤਿਹਾਸ ਨਾਲ ਜੁੜੇ ਵਡੀ ਮਹੱਤਤਾ ਵਾਲੇ ਥਾਵਾਂ ਤੇ ਆਲੀਸ਼ਾਨ ਬਿਲਡਗਾਂ ਬਣਾਉਣ ਦਾ ਠੇਕਾ, " ਬਾਨਾਰਸ ਕੇ ਠੱਗ " ਸਾਧ-ਮੰਡਲੀਆਂ ਦੇ ਹਵਾਲੇ ਕਰਕੇ ਉਨ੍ਹਾਂ ਦਾ ਸਿੱਧਾ ਸੰਬੰਧ ਸੰਗਤਾਂ ਨਾਲ ਬਣਾ ਦੇਣਾ। ਜਿਸ ਤੋਂ " ਧਨ ਬਾਬਾ ਕੰਬਲੀ ਵਾਲਾਂ, 'ਧੰਨ ਬਾਬਾ ਖੜਾਵਾਂ ਵਾਲਾ,' ' ਧਨ ਬਾਬਾ ਰਾੜੇ ਵਾਲਾ " ਜਿਹੜਾ ਏਡੀ ਮਹਾਨ ਸੇਵਾ ਕਰਵਾ ਰਿਹਾ ਹੈਂ ਦਾ ਜਾਪ (ਪਹਿਲਾਂ ਰਿਸ਼ਵਤ ਦੇ ਕੇ ਸੇਵਾ ਸਾਂਭਣ ਵਾਲੇ ਅਸਲੀ ਭਾਣੇ ਤੋਂ ਅਨਜ਼ਾਣ-) ਸੰਗਤਾਂ ਨੇ ਅਰੰਭ ਕਰ ਦੇਣਾ। ਇਸ ਢੰਗ ਨਾਲ, ਸਾਧਾਂ ਦੀ ਸ਼ਕਤੀ ਦਿਨ ਦੂਣੀ ਅਤੇ ਰਾਤ ਚੌਗਣੀ ਕਰੀ ਰੱਖਣ ਦਾ ਘੋਰ ਅਪਰਾਧ ਜਿਸ ਨੇ ਵੀ ਕੀਤਾ ਹੈ, ਪੰਥ ਦਾ ਸਭ ਤੋਂ ਵਡਾ ਦੁਸ਼ਮਨ ਉਹੀ ਹੈ। ਇਸ **ਸਾਧ ਟੋਲੇ** ਨੇ **ਪੰਥਕ** ਮਰਯਾਦਾ ਦਾ ਘੁੱਟ ਭਰ ਲੈਣ **ਦੇ ਨਾਲ ਆਪਣੀ ਚਲਾਈ ਮਰਯਾਦਾ** ਨੂੰ ਸੰਗਤਾਂ ਲਈ **ਰੱਬੀ ਹੁਕਮ** ਬਣਾ ਦਿੱਤਾ ਹੈ। ਧਾਰਮਕ ਪੱਖੋਂ ਸਿੱਖ ਜਗਤ ਨੂੰ ਕੇਂਦਰ ਨਾਲੋਂ ਤੋੜ ਕੇ ਪੰਥ ਨੂੰ ਲੰਗੜਾ ਕਰ ਲਿਆ ਹੈ । ਸੁਣਿਆਂ ਹੈ ਕਿ, ਹੁਣ ਏਸੇ **" ਸ਼ੇਸ਼ਨਾਗ"** ਨੇ ਸਿਆਸੀ ਪੱਖੋਂ ਵੀ, ਪੰਥ ਨੂੰ ਪਿੰਗਲਾ ਕਰ ਦੇਣ ਲਈ ਹੱਥ-ਪੈਰ ਮਾਰਨੇ ਅਰੰਭ ਕਰ ਦਿੱਤੇ ਹਨ। ਪੰਥ ਦੇ ਖ਼ਾਤਮੇ ਦੇ ਦਿਨ ਸਾਧ-ਮੰਡਲੀ, ਸੰਪ੍ਰਦਾਈ ਮੰਡਲੀ, ਭਾਵ ਪ੍ਰੋਹਿਤ-ਵਾਦ ਨੇ ੨੦੦ ਸਾਲ ਨੇੜੇ ਕਰ ਲਏ ਹਨ। **ਸੁੱਚਮ ਵਾਲੇ ਬ੍ਰਾਹਮਣੀ ਪਖੰਡ ਨੂੰ ਜੜ੍ਹਾਂ ਤੋ ਉਖੇੜ ਮਾਰਨ ਦੀ ਸਖ਼ਤ ਲੋੜ ਹੈ ।**

## ਸਮੁਚੇ ਪੰਥ ਦੀ ਭਾਈਵਾਲੀ:---

ਦਸ਼ਮੇਸ਼ ਜੀ ਨੇ ਤਾਂ ਗੁਰਿਆਈ ਦਾ ਭਾਈਵਾਲ ਸਾਰੇ ਪੰਥ ਨੂੰ ਬਣਾਇਆ ਸੀ । ਪਰ ਹੋਰ ਧਰਮਾਂ ਤੋਂ ਉਲਟ ਸਿੱਖ ਧਾਰਮ ਵਿਚ ਉਚੇਚੇ ਤੌਰ ਤੇ ਵੋਟਾਂ ਰਾਹੀ ਪ੍ਰਬੰਧ ਚਲਾਉਣ ਦੀ ਅੰਗ੍ਰੇਜ਼ ਨੀਤੀ ਦੇ ਕਾਰਨ ਪੰਥ ਦੀ ਧਾਰਮਿਕ ਅਤੇ ਸਿਆਸੀ ਪੱਖਾਂ ਦੀ ਦੇਖ ਰੇਖ ਦੀ ਜ਼ਿੰਮੇਵਾਰੀ ਕੇਵਲ ਚੰਦ ਕਮੇਟੀ ਮੈਂਬਰਾਂ ਤੱਕ ਸੀਮਤ ਹੋ ਚੁੱਕੀ ਹੈ । ਧਰਮ ਪਰਚਾਰ ਦਾ ਸਾਰਾ ਕੰਮ ਗੁਰਮਤਿ ਦੇ ਗਿਆਤਾ ਸੁਹਿਰਦ ਗੁਰਮੁਖਾਂ ਦੀ ਨਿਗਰਾਨੀ ਵਿਚ ਰਹਿਣਾ ਚਾਹੀਦਾ ਹੈ । ਗੁਰਮਤਿ ਦੇ ਗਿਆਤਾ ਅਜੇਹੇ ਭਲੇ ਲੋਕ ਚੋਣਾ ਦੁਆਰਾ ਕਦੇ ਵੀ ਪ੍ਰਬੰਧ ਦੇ ਭਾਈਵਾਲ ਨਹੀਂ ਬਣ ਸਕਦੇ । ਏਹੀ ਕਰਨ ਹੈ ਕਿ ਧਰਮ ਦੇ ਪਰਚਾਰ ਦਾ ਕੰਮ ਕੇਵਲ ਅਗਿਆਨੀ ਸੁਆਰਥੀ ਪ੍ਰਬੰਧਕਾਂ ਦੇ ਹੱਥਾਂ ਵਿਚ ਜਾ ਚੁੱਕਾ ਹੈ । ਜੇ ਸਾਡਾ ਵਾਕਿਆ ਹੀ ਸੁਹਿਰਦ ਹੈ ਅਤੇ ਉਹ ਸੱਚੇ ਦਿਲੋਂ ਪੰਥ ਦੀ ਭਲਾਈ ਚਾਹੁੰਦਾ ਹੈ ਉਸ ਲਈ ਜ਼ਰੂਰੀ ਬਣਦਾ ਹੈ ਕਿ ਪੰਥਕ ਰਹਿਤ ਮਰਯਾਦਾ ਦੀ ਅਤੇ ਬਿੱਪ੍ਰਨ ਕੀ ਰੀਤ ਦੇ ਅਸਰਾਂ ਤੋਂ ਰਹਿਤ ਗੁਰਮਤਿ ਪਰਚਾਰ ਦੀ ਜਿੰਮੇਵਾਰੀ ਦੀ ਅਸਰਦਾਰ ਭਾਈਵਾਲੀ ਵਿਚ ਸਮੁਚੇ ਪੰਥ ਨੂੰ ਸ਼ਾਮਲ ਕਰੇ । ਅਜੇਹਾ ਕਰਨ ਲਈ ਪੰਜਾਂ ਤਖ਼ਤਾਂ ਦੀ ਮੋਹਰ ਵਾਲਾ ਇੱਕ ਹੁਕਮਨਾਮਾ ਜਾਰੀ ਹੋਵੇ ਕਿ:--

(ੳ) ਜੇ, ਗੁਰੂ ਬਾਣੀ ਅਤੇ ਸਿੱਖ ਰਹਿਤ ਮਰਯਾਦਾ ਦੇ ਅਧਾਰ ਤੇ, ਗੁਰਦੁਆਰਾ ਸਾਹਿਬ ਦੀ ਕਮੇਟੀ ਕੋਲ, ਸੰਗਤ ਵਿਚੋਂ ਕਿਸੇ ਦੀ ਲਿਖਤੀ ਬੇਨਤੀ ਪੁੱਜੇ ਕਿ ਗੁਰੂ ਘਰ ਵਿਚ ਕੋਈ ਮਰਯਾਦਾ ਗੁਰਮਤਿ ਦੇ ਵਿਰੁੱਧ ਚਲ ਰਹੀ ਹੈ, ਅਥਵਾ ਕੋਈ ਮਰਯਾਦਾ ਵਾਸਤਵ ਵਿਚ ਬਿੱਪ੍ਰਨ ਕੀ ਰੀਤ ਹੈ, ਤਾਂ ਕਮੇਟੀ ਉਸ ਮਰਯਾਦਾ ਨੂੰ ਬਦਲ ਕੇ ਗੁਰਮਤਿ ਮਰਯਾਦਾ ਲਾਗੂ ਕਰਨ ਵਿਚ ਜ਼ਰਾ ਢਿੱਲ ਨਾ ਕਰੇ ।

(ਅ) ਜੇ ਕਿਸੇ ਪਰਚਾਰਕ ਬਾਰੇ ਏਵੇਂ ਹੀ ਗੁਰਬਾਣੀ ਦੇ ਹਵਾਲੇ ਨਾਲ ਲਿਖਤੀ ਸ਼ਕਾਇਤ ਦੁਆਰਾ ਸਿੱਧ ਕੀਤਾ ਜਾਵੇ ਕਿ ਉਹ ਭੱਦਰ ਪੁਰਸ਼ ਸੰਗਤਾਂ ਨੂੰ, ਕਿਸੇ ਤਰ੍ਹਾਂ ਵੀ, ਬਿੱਪ੍ਰਨ ਕੀ ਰੀਤ ਦਾ ਧਾਰਨੀ ਬਣਨ ਦਾ ਉਤਸ਼ਾਹ ਦੇ ਰਿਹਾ ਹੈ ਤਾਂ ਉਸ ਨੂੰ ਸਟੇਜ ਤੇ ਬੋਲਣ ਦਾ ਸਮਾਂ ਨਾ ਦਿੱਤਾ ਜਾਵੇ ।

(ੲ) ਜੇ ਸੰਗਤਿ ਵਿਚੋਂ ਲਿਖਤੀ ਸ਼ਕਾਇਤ ਪੁੱਜੇ ਕਿ ਗੁਰਦੁਆਰੇ ਦੇ ਗ੍ਰੰਥੀ ਸਿੰਘ ਗੁਰੂ ਸੰਗਤ ਨੂੰ ਬਿੱਪ੍ਰਨ ਦੀਆਂ ਰੀਤਾਂ ਤੋਂ ਸੁਚੇਤ ਕਰਕੇ ਗੁਰਮਤਿ ਦੀ ਸੋਝੀ ਕਰਾਉਂਣ ਦੀ ਥਾਂ, ਬ੍ਰਾਹਮਣੀ ਰੀਤ ਚਲਾਉਂਦਾ ਹੈ, ਤਾਂ ਉਸ ਦਾ ਪੱਖ ਸੁਣਨ ਤੋਂ ਜੇ ਉਹ ਝੂਠਾ ਪਾਇਆ ਜਾਵੇ, ਅਤੇ ਅੱਗੇ ਤੋਂ ਗੁਰਮਤਿ ਸਿਧਾਂਤ ਦੀ ਪਾਲਣਾ ਦੇ ਸਮਰਥ ਸਿੱਧ ਨਾ ਹੁੰਦਾ ਹੋਵੇ, ਤਾਂ ਅਜੇਹੇ ਗ੍ਰੰਥੀ ਨੂੰ ਕਮੇਟੀ ਤੁਰੰਤ ਸੇਵਾ ਮੁਕਤ ਕਰ ਦੇਵੇ ।

(ਸ) ਕਿਸੇ ਕਿਸਮ ਦਾ ਵਿਵਾਦ ਖੜਾ ਹੋ ਜਾਵੇ ਤਾਂ ਜਿਹੜੀ ਧਿਰ ਘੱਟੋ ਘੱਟ ਪੰਜ ਗੁਰੂ ਬਾਣੀ ਫ਼ੁਰਮਾਨਾਂ ਨਾਲ ਆਪਣਾ ਪੱਖ ਗੁਰਮਤਿ ਦੇ ਅਨਕੂਲ ਸਿੱਧ ਕਰੇ ਤਾਂ ਉਸ ਨੂੰ ਸਤਿਗੁਰਾਂ ਦਾ ਹੁਕਮ ਮੰਨ ਕੇ ਸਤਿਕਾਰ ਕੀਤਾ ਜਾਵੇ। ਬ੍ਰਾਹਮਣੀ ਰੀਤ ਤੋਂ ਬਚੇ ਰਹਿਣ ਦੀ ਖ਼ਬਰਦਾਰੀ ਲਈ ਗੁਰੂ ਸ਼ਬਦਾਂ ਦੇ ਅਰਥ ਜਣਾ ਖਣਾ ਆਪਣੀ ਵਿਉਂਤ ਵਾਲੇ ਨਾ ਕਰ ਸਕੇ। ਪ੍ਰਿੰ: ਸਾਹਿਬ ਸਿੰਘ ਜੀ ਦੇ (ਸਰਬਪ੍ਰਵਾਣਤ) ਸਟੀਕ ਨੂੰ ਹੀ ਅਧਾਰ ਮੰਨਿਆਂ ਜਾਣ ਦਾ ਵਧਾਨ ਬਣ ਜਾਣਾ ਚਾਹੀਦਾ ਹੈ ।

(ਹ) ਜੇ ਕੋਈ ਧਿਰ ਪੰਜ ਗੁਰੂ ਬਾਣੀ ਸ਼ਬਦਾਂ ਦੀ ਵੀ ਪਰਵਾਹ ਨਹੀਂ ਕਰਦਾ ਤਾਂ ਸਾਰਾ ਕੇਸ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਚਿਹਰੀ ਭੇਜ ਦਿੱਤਾ ਜਾਵੇ ਜਿਥੋ ਫੈਸਲਾ ਆਉਣ ਦੇ ਦਿਨਾਂ ਦੀ ਹੱਦ ਬੰਨ੍ਹੀ ਜਾਵੇ ।

ਜਿੰਨਾ ਚਿਰ ਅਜੇਹੇ ਯੋਗ ਪ੍ਰਬੰਧ ਕੀਤੇ ਜਾਣ ਵਾਲੇ ਪਾਸੇ ਸੋਚ ਮੋੜਾ ਨਹੀਂ ਖਾਂਦੀ, ਭਾਵੇਂ ਜਿੰਨੀਆਂ ਮਰਜ਼ੀ ਹੈ ਕਾਨਫਰੰਸਾ ਕੀਤੀਆਂ ਜਾਣ, ਪੰਥਕ ਲਾਭ ਦੀ ਪ੍ਰਾਪਤੀ ਕਦੇ ਨਹੀਂ ਹੋ ਸਕਣੀ।

੧੮- **ਜਾ ਨਾਹੀ, ਤਾ ਕਿਆ ਆਖਾ, ਕਿਹੁ ਨਾਹੀ ਕਿਆ ਹੋਵਾ ॥ ਕੀਤਾ ਕਰਣਾ ਕਹਿਆ ਕਥਨਾ, ਭਰਿਆ ਭਰਿ ਭਰਿ ਧੋਵਾਂ ॥ ਆਪਿ ਨ ਬੁਝਾ, ਲੋਕ ਬੁਝਾਈ, ਐਸਾ ਆਗੂ ਹੋਵਾਂ ॥ ਨਾਨਕ ਅੰਧਾ ਹੋਇ ਕੈ ਦਸੇ ਰਾਹੈ, ਸਭਸੁ ਮੁਹਾਏ ਸਾਥੈ ॥ ਅਗੈ ਗਇਆ ਮੁਹੇ ਮੁਹਿ ਪਾਹਿ, ਸੁ ਐਸਾ ਆਗੂ ਜਾਪੈ ॥ ੨ ॥** [੧੪੦]-ਵਾਰ-੬

੭

## ਗੁਰ ਪੁਰਬ

ਆਪਣਾ ਅਸਲ ਮੰਤਵ ਕਹਿਣ ਤੋਂ ਪਹਿਲਾਂ ਦਾਸ ਆਪਣੀ ਇਕ ਹੱਡ ਬੀਤੀ ਦੱਸਣੀ ਚਾਹੁੰਦਾ ਹੈ ਜੋ ਇਸ ਪ੍ਰਕਾਰ ਹੈ:---

" ਕੈਨੇਡਾ ਦੇਸ਼ ਦੇ ਸ਼ਹਿਰ ਦੀ ਯੂਨੀਵਰਿਸਟੀ ਵਿਚ ਗੋਰੇ ਵਦਿਆਥੀਆਂ ਦਾ ਕੋਈ ਸਮਾਗਮ ਸੀ । ਉਥੇ ਦੇ ਇੱਕ ਗੁਰਮੁਖ ਪ੍ਰੋਫੈਸਰ ਸਾਹਿਬ ਦੀ ਦਾਸ ਨਾਲ ਜਾਣ ਪਛਾਣ ਸੀ । ਉਨ੍ਹਾਂ ਨੇ ਦਾਸ ਨੂੰ ਕਿਹਾ ਕਿ ਮੈਂ ਗੋਰੇ ਵਿਦਿਆਰਥੀਆਂ ਨੂੰ ਸਿੱਖੀ ਬਾਰੇ ਜਾਣਕਾਰੀ ਦਿਆਂ। ਅੰਗ੍ਰੇਜ਼ੀ ਵਿਚ ਭਾਸ਼ਨ ਦੇਣਾ ਦਾਸ ਲਈ ਬੜੀ ਔਖੀ ਗੱਲ ਸੀ । ਪਰ ਪ੍ਰੋਫੈਸਰ ਸਾਹਿਬ ਨੇ ਜਿਦ ਕੀਤੀ ਕਿ ਟੁੱਟੀ ਭਜੀ ਬੋਲੀ ਵਿਚ ਸਿੱਖੀ ਬਾਰੇ ਸਮਝਾਉਣ ਦਾ ਯਤਨ ਮੈਂ ਹੀ ਕਰਾਂ।

ਬੜਾ ਵੱਡਾ ਹਾਲ ਸਰੋਤੇ ਵਦਿਆਰਥੀਆਂ ਨਾਲ ਭਰਿਆ ਹੋਇਆ ਸੀ। ਦਾਸ ਨੇ ਅਧਾ ਗੰਟਾ ਬੋਲਣਾ ਸੀ ਅਤੇ ਫਿਰ ੧੫ ਮਿੰਟ ਸੁਆਲਾਂ ਦੇ ਸਨ। ਸਤਿਗੁਰਾਂ ਨੇ ਮਿਹਰ ਕੀਤੀ ਅਤੇ ਦਾਸ ਅਧੇ ਘੰਟੇ ਵਿਚ ਸਿੱਖ ਧਰਮ ਦੇ ਜ਼ਰੂਰੀ ਸਿਧਾਂਤਾ ਬਾਰੇ ਵਦਿਆਰਥੀਆਂ ਨੂੰ ਖੋਹਲ ਕੇ ਸਮਝਾਉਣ ਵਿਚ ਸਫਲ ਰਿਹਾ। ਸਵਾਲਾਂ ਦੇ ਸਮੇ ਵਿਚ ਇੱਕ ਵਿਦਿਆਰਥੀ ਨੇ ਇਹ ਦੱਸ ਕੇ, ਕਿ ਈਸਾਈਆਂ ਅਥਵਾ ਮੁਸਲਮਾਨਾਂ ਦਾ ਮਾਸਟਰ (ਭਾਵ, ਗੁਰੂ) (ਹਜ਼ਰਤ ਈਸਾ ਅਥਵਾ ਹਜ਼ਰਤ ਮਹੰਮਦ ਜੀ) ਇੱਕ ਇੱਕ ਹੀ ਹਨ, ਅਤੇ (ਬੜੇ ਵਿਅੰਗ-ਮਈ ਲਹਿਜੇ ਵਿਚ) ਇਹ ਪੁੱਛਿਆ ਕਿ "ਤੁਸੀਂ ਦੱਸੋ, ਤੁਹਾਡੇ ਮਾਸਟਰ ਕਿੰਨੇ ਹਨ ? ਦਾਸ ਨੇ ਝੱਟ ਕਹਿ ਦਿੱਤਾ ਕਿ ਸਾਡੇ (The Great Master) ਮਹਾਨ ਸਤਿਗੁਰੂ ਜੀ ਵੀ ਕੇਵਲ ਇੱਕ ਹੀ ਹਨ। ਉਸ ਵਦਿਆਰਥੀ ਨੇ ਕਿਹਾ ਕਿ ਨਹੀਂ ੧੦ ਹਨ। ਦਾਸ ਨੇ ਫਿਰ ਕਹਿ ਦਿੱਤਾ ਕਿ ਨਹੀਂ ਕੇਵਲ ਇੱਕ ਹੈ। ਉਸ ਵਿਦਿਆਰਥੀ ਨੇ, ਸਰਬ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ, ਤਿੰਨ ਨਾਮ ਲੈ ਦਿੱਤੇ। ਸਾਰੇ ਹਾਲ ਵਿਚ ਹਾਸਾ ਪੈ ਗਿਆ - You are a liar --- You are a liar. ਦਾ ਰੌਲਾ ਵੀ ਪਿਆ। ਦਾਸ ਅਡੋਲ ਖੜਾ ਰਿਹਾ। ਬੈਠੇ ਹੋਏ ਸਾਰੇ ਸਿੱਖ, ਪਸ਼ੇਮਾਨ ਹੋ ਰਹੇ ਸਨ, ਕਿ ਮੈਂ ਗ਼ਲਤ ਗੱਲ ਤੇ ਕਿਉਂ ਅੜਿਆ ਹੋਇਆ ਸਾਂ। ਗੋਰੇ ਪ੍ਰੋਫੈਸਰ ਨੇ ਮੁੰਡਿਆਂ ਨੂੰ ਸ਼ਾਂਤ ਕੀਤਾ। ਦਾਸ ਨੇ ਵਦਿਆਰਥੀਆਂ ਕੋਲੋਂ ਉਨ੍ਹਾਂ ਦੀ Text book ਮੰਗੀ। ਇੱਕ ਕਾਕੇ ਨੇ ਕਿਤਾਬ ਝਟ ਮੇਰੇ ਹੱਥ ਲਿਆ ਫੜਾਈ। ਕਿਤਾਬ ਨੂੰ ਹੱਥ ਵਿਚ ਲਿਆ ਅਤੇ ਉਚੀ ਹਿਲਾ ਕੇ ਦਾਸ ਨੇ ਵਦਿਆਰਥੀਆਂ ਕੋਲੋਂ ਪੁੱਛਿਆ, ਕੀ ਏਹ ਕਿਤਾਬ ਤੁਹਾਡੇ ਵਿਚੋਂ ਕਿਸੇ ਹੋਰ ਕੋਲ ਵੀ ਹੈ ? ਕਈਆਂ ਨੇ ਹੱਥ ਖੜੇ ਕਰਕੇ ਕਹਿ ਦਿੱਤਾ ਕਿ ਸਾਡੇ ਸਾਰਿਆਂ ਕੋਲ ਹੈ। " ਤੁਸੀਂ ਸਾਰੇ ਝੂਠੇ ਹੋ ਇਹ ਕਿਤਾਬ ਤਾਂ ਮੇਰੇ ਹੱਥ ਵਿਚ ਹੈ "। ਵਿਦਿਆਰਥੀ ਸ਼ਰਮਸਾਰ ਜਿਹੇ ਹੋ ਗਏ। ਨਹੀਂ ਬਚਿਓ ! ਤੁਸੀ ਸੱਚੇ ਹੋ। ਕਿਉਂਕਿ ਬਿਲਕੁਲ ਏਸੇ ਗਿਆਨ ਦੀ ਏਨੇ ਹੀ ਸਫ਼ਿਆਂ ਵਾਲੀ ਕਿਤਾਬ ਤੁਹਾਡੇ ਸਾਰਿਆਂ ਕੋਲ ਵੀ ਹੈ। ਭਾਵ ਤੁਹਾਡੇ ਸਾਰਿਆਂ ਕੋਲ ਇੱਕ ਹੀ ਪੁਸਤਕ ਹੈ। ਐਨ ਏਸੇ ਤਰ੍ਹਾਂ ਸਾਡੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਹੜਾ ਗਿਆਨ ਅਥਵਾ ਸਿਧਾਂਤ ਸੰਸਾਰ ਨੂੰ ਬਖ਼ਸ਼ਸ਼ ਕੀਤਾ ਬਾਕੀ ਨੌਂ ਸਰੂਪਾਂ ਨੇ ਉਸੇ ਸਿਧਾਂਤ ਨੂੰ ਦ੍ਰਿੜ ਕਰਾਇਆ ਅਤੇ ਉਸੇ ਹੀ ਸਿਧਾਂਤ ਦੀ **Practical** ਸ਼ਕਲ ਨਿਖਾਰੀ। ਗੁਰੂ ਨਾਨਕ ਜੀ ਤੋਂ ਅੱਡਰੀ ਜਾਂ ਉਨ੍ਹਾਂ ਦੇ ਦੱਸਣ ਤੋਂ ਵੱਧ ਕੋਈ ਥੀਊਰੀ, ਸਿਧਾਂਤ ਜਾਂ ਗਿਆਨ ਕਿਸੇ ਨੇ ਕੋਈ ਨਹੀਂ ਦਿੱਤਾ। ਫਿਰ ਸਾਡੇ ਮਾਸਟਰ ਕਿੰਨੇ ਹੋਏ ? ਸਾਰਿਆਂ ਨੇ ਇੱਕ ਜ਼ਬਾਨ ਹੋ ਕੇ ਕਿਹਾ " **ਇੱਕ** ।

ਅਸੀਂ ਮੂੰਹ ਨਾਲ ਤਾਂ ਇਹ ਕਹਿੰਦੇ ਹਾਂ ਕਿ ਬਾਕੀ ਨੌ ਸਰੂਪ ਵੀ " ਨਾਨਕ " ਹੀ ਸਨ। ਬਾਣੀ ਰਚਨ ਹਾਰਿਆਂ ਸਾਰਿਆਂ ਨੇ ਆਪਣੇ ਆਪ ਨੂੰ ਨਾਨਕ ਹੀ ਲਿਖਿਆ ਹੈ। ਪਰ ਅਸੀਂ ਆਪ ਸਾਰਿਆਂ ਨੂੰ ਕੇਵਲ ਇੱਕ ਮੰਨਣ ਅਤੇ ਇੱਕ ਸਮਝਣ ਲਈ ਤਿਆਰ ਨਹੀਂ ਹਾਂ। ਅਸੀਂ ਇਸ ਗੱਲ ਤੇ ਵੀ ਸਾਰੇ ਸਹਿਮਤ ਹਾਂ, ਕਿ ਸਾਡਾ ਗੁਰੂ ਕੋਈ ਸਰੀਰ ਜਾਂ ਦੇਹ ਨਹੀਂ ਹੈ। ਸਗੋਂ ਸਾਡਾ ਗੁਰੂ **' ਸ਼ਬਦ '** ਹੈ ਭਾਵ ਸ਼ਬਦ-ਗੁਰੂ ਤੋਂ ਮਿਲਦਾ ਗਿਆਨ ਹੀ ਸਾਡਾ ਗੁਰੂ ਹੈ -- **ਗਿਆਨ ਗੁਰੂ ਆਤਮ ਉਪਦੇਸਹੁ** [ਰਾਮਕਲੀ ਪਾਤਿਸ਼ਾਹੀ ੧੦]।--" **ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ** ॥[੭੯੩] ਇਹ ਨਿਆਰਾ ਗਿਆਨ, ਨਿਆਰਾ ਸਿਧਾਂਤ, ਨਿਆਰੀ ਮਰਯਾਦਾ ਸਭ ਕੁਝ ਪ੍ਰਥਮ ਸਤਿਗੁਰਾਂ ਦੀ ਹੀ ਪਾਵਨ ਪਵਿਤ੍ਰ ਦੇਹ ਤੋਂ ਪ੍ਰਗਟ ਹੋਇਆ ਸੀ। " ਭਾਵ, ਗੁਰੂ ਨਾਨਕ ਸਾਹਿਬ ਜੀ ਹੀ ਪੈਦਾਇਸ਼ੀ ਗੁਰੂ ਸਨ, ਬਾਕੀ ਨੌਂ **ਸਿੱਖ** ਤੋਂ **ਗੁਰੂ** ਬਣੇ ਸਨ। ਇਨ੍ਹ ਸਰਬ ਪਰਵਾਣਤ ਸਚਾਈਆਂ ਨੂੰ ਸਾਹਮਣੇ ਰੱਖ ਕੇ ਵਿਚਾਈਏ ਕਿ--ਜਦ ਸਾਡਾ ਗੁਰੂ " ਸ਼ਬਦ " ਹੈ ਅਤੇ ਇਹ ਗੁਰੂ ਕੇਵਲ ਪ੍ਰਥਮ ਸਤਿਗੁਰੂ ਜੀ (ਸ੍ਰੀ ਗੁਰੂ ਨਾਨਕ ਸਾਹਿਬ ਜੀ) ਦੀ ਪਾਵਨ ਦੇਹ ਤੋਂ ਪ੍ਰਕਾਸ਼ਮਾਨ ਹੋਇਆ ਸੀ, ਫਿਰ ਅਸੀਂ ਕਿਸ ਦਲੀਲ ਨਾਲ ਬਾਕੀ ਨੌਂ ਗੁਰੂ ਸਾਹਿਬਾਨ ਦੇ ਸਰੀਰਾਂ (ਜੋ ਗੁਰੂ ਨਹੀਂ ਹਨ) ਦੇ ਜਨਮ ਦਿਨ, ਗੁਰਿਆਈ ਮਿਲਣ ਦੇ ਦਿਨ ਅਤੇ ਜੋਤੀ ਜੋਤਿ ਸਮਾਉਣ ਆਦਿ ਦੇ ਦਿਨ ਮਨਾਉਂਦੇ ਹਾਂ **?** ਅਸੀਂ, (ਮਨੁੱਖਾ ਦੇਹ ਨੂੰ ਨਹੀਂ ਕੇਵਲ ਸ਼ਬਦ ਨੂੰ ਗੁਰੂ ਮੰਨਣ ਵਾਲੇ) ਏਡੇ ਕੁਰਾਹੇ ਪੈ ਚੁੱਕੇ ਹਾਂ ਕਿ ਦਸਵੇਂ ਗੁਰੂ ਨਾਨਕ ਜੀ ਦੇ ਕਥਿਤ ਪਿਛਲੇ ਜਨਮ ਦੇ ਕਥਿਤ ਤਪ ਅਸਥਾਨ ਨੂੰ ਵੀ ਪੂਜਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਗੁਰੂ ਸਾਹਿਬਾਨ ਦੇ ਪੁਰਬ ਮਨਾਉਣ ਦਾ ਲਾਭ ਤੱਦ ਹੀ ਹੈ ਜੇ ਉਨ੍ਹਾਂ ਦੀ ਜੀਵਣੀ ਤੋਂ ਸਿੱਖਿਆ ਗ੍ਰਹਣ ਕਰਕੇ " ਅੱਜ ਹੋਰ ਤੇ ਕੱਲ੍ਹ ਹੋਰ " ਚੜ੍ਹਦੀ ਕਲਾ ਵਾਲੇ ਬਣਦੇ ਜਾਣ ਦੀ ਰੁਚੀ ਅਪਣਾਈਏ। ਨਹੀਂ ਤਾਂ ਅੱਜ ਸਿਵਾਏ **Social Gatherings** ਦੇ ਦੱਸੋ ਗੁਰੂ ਘਰਾਂ ਵਿਚ ਹੋਰ ਕੀ ਹੋ ਰਿਹਾ ਹੈ। ਸਿੱਖੀ ਗਿਆਨ ਦਾ ਮਿੱਯਾਰ ਇਹ ਹੈ ਕਿ ਕਿਸੇ ਨੂੰ ਏਨਾਂ ਪਤਾ ਨਹੀਂ ਕਿ ਸਤਿਗੁਰਾਂ ਤੇ ਚੌਰ ਕਰਨ ਦਾ ਭਾਵ ਕੀ ਹੈ ? ਉਪਰ ਚੰਦੋਆ ਕਿਉਂ ਲਾਇਆ ਜਾਂਦਾ ਹੈ ? ਪਾਲਕੀਆਂ ਬਣਾਉਣ ਦਾ ਕੀ ਮੰਤਵ ਹੈ ? ਜਦੋਂ ਵੀ ਕੋਈ ਗੋਰਾ ਗੁਰ ਦੁਆਰੇ ਆਇਆ ਉਸ ਨੇ ਇਹ ਸਵਾਲ ਪਹਿਲਾਂ ਪੁੱਛੇ ਅਤੇ ਅਗੋਂ ਜੋ ਭਾਈ ਜੀ ਨੇ ਜਾਂ ਕਮੇਟੀਆਂ ਦੇ ਪ੍ਰਧਾਨ ਜੀ ਕਹਿ ਰਹੇ ਹੁੰਦੇ ਹਨ ਸੁਣ ਕੇ ਸ਼ਰਮ ਨਾਲ ਪਾਣੀ ਪਾਣੀ ਹੋ ਜਾਈਦਾ ਹੈ ।

ਅਸਲ ਵਿਚ ਚਾਹੀਦਾ ਤਾਂ ਇਹ ਹੈ ਕਿ ਅਸੀਂ, ਸਤਿਗੁਰੂ ਨਾਨਕ ਸਾਹਿਬ ਵਿਚ ਹੀ ਸਾਰੇ ਗੁਰੂ ਸਾਹਿਬਾਨ ਦੇ ਦਰਸ਼ਨ ਕਰੀਏ। ਇਸ ਲਈ, ਕਿਉਂਕਿ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ ਸੀ ਅਤੇ ਏਸੇ ਕਰਕੇ ਦਸਵੇਂ ਜਾਮੇ ਵਿਚ **ਪ੍ਰੀਖਿਆ** ਲੈਣ ਉਪ੍ਰੰਤ ਵਿਸਾਖੀ ਵਾਲੇ ਦਿਨ ਹੀ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ, ਸਿੰਘ ਲਕਬ ਦੇ ਨਾਲ ਪੰਜ ਕਕਾਰਾਂ ਦੀ ਰਹਿਤ ਦੀ ਬਖ਼ਸ਼ਸ਼ ਕੀਤੀ ਗਈ ਸੀ। ਏਸੇ ਕਰਕੇ , ਨਿਰਮਲ ਪੰਥੀਆਂ ਨੂੰ ਖ਼ਾਲਸਾ ਪੰਥ ਕਹਿਣ ਲਈ, ਵਿਸਾਖੀ ਵਾਲਾ ਦਿਨ ਹੀ ਚੁਣਿਆ ਗਿਆ ਸੀ। ਸੋ ਦਾਸ ਦੀ ਤੁੱਛ ਬੁਧੀ ਅਨੁਸਾਰ, (ਈਸਾਈਆਂ ਦੇ ਦਸੰਬਰ ਮਹੀਨੇ ਵਾਂਗ ਅਤੇ ਇਸਲਾਮ ਦੇ ਰਮਜ਼ਾਨ ਮਹੀਨੇ ਵਾਂਗ) ਸਿੱਖ ਨੂੰ ਵਿਸਾਖ ਦਾ ਮਹੀਨਾਂ ਪਵਿੱਤ੍ਰ ਘੋਸ਼ਤ ਕਰਕੇ ਘੱਟੋ ਘੱਟ ਪਹਿਲੇ ੧੧ ਦਿਨ ਲਗਾਤਾਰ ਪੁਰਬ ਸਮਾਗਮ ਮਣਾਉਣਾ ਚਾਹੀਦਾ ਹੈ। ਪਹਿਲੇ ੧੧ ਦਿਨਾਂ ਵਿਚ ਸਾਰੇ ਸੰਸਾਰ ਦੇ ਸਿੱਖਾਂ ਦੇ ਨਿਵਾਸ ਅਸਥਾਨ ਸਾਰੀ ਰਾਤ ਦੀਪ ਮਾਲਾ ਨਾਲ ਜਗਮਗਾਉਂਦੇ ਰਹਿਣੇ ਚਾਹੀਦੇ ਹਨ। ਇਨ੍ਹਾਂ ਦਿਨਾਂ ਬਾਰੇ ਸਾਡੀ ਸ਼ਰਧਾ ਏਡੀ ਬਰਬਲ ਹੋ ਜਾਏ ਕਿ ਹਰ ਸਿੱਖ ਲਈ ਉਹ ੧੧ ਦਿਨ ਛੁੱਟੀ ਦੇਣ ਲਈ ਸਰਕਾਰਾਂ ਮਜਬੂਰ ਹੋ ਜਾਣ। ਹਰ ਸਿੱਖ ਦੇ ਘਰ ਵਿਚ ਰਲ-ਮਿਲ ਬੈਠ ਕੇ ਗੁਰਬਾਣੀ ਪਾਠ ਅਤੇ ਸ਼ਬਦ ਦੀ ਵਿਚਾਰ ਯਥਾ-ਸ਼ਕਤ ਢੰਗ ਨਾਲ ਹੁੰਦੀ ਰਹਿਣੀ ਚਾਹੀਦੀ ਹੈ। ਇਨ੍ਹਾਂ ਦਿਨਾਂ ਵਿਚ ਧਰਮ ਅਸਥਾਨਾ ਤੇ (ਕੰਮਾ ਕਾਰਾਂ ਦੇ ਜ਼ਰੂਰੀ ਸਮੇਂ ਛੱਡ ਕੇ) ਤੜਕੇ ੪ ਤੋਂ ੧੦ ਵਜੇ ਤਾਈਂ ਨਿਰੰਤਰ ਗੁਰਬਾਣੀ ਵਿਚਾਰ, ਕਥਾ-ਕੀਰਤਨ, ਗੁਰੂ ਇਤਿਹਾਸ ਅਥਵਾ ਸਿੱਖ ਇਤਿਹਾਸ ਦੀ ਵਿਚਾਰ ਹੁੰਦੀ ਰਹੇ। ਬਚਿਆਂ ਨੂੰ ਸਿੱਖੀ ਮਰਯਾਦਾ ਦੀ ਮਹੱਤਤਾ ਸਮਝਾਉਣ ਦੇ ਉਚੇਚੇ Camp, ਲਾਏ ਜਾਣ, ਹਰ ਪਾਸੇ ਸਾਂਝੀਵਾਲਤਾ ਦਾ, ਨਿਸ਼ਕਾਮ ਸੇਵਾ ਦਾ, ਅਤੇ ਪਰਸਪਰ ਪਿਆਰ ਦਾ ਵਾਤਾਵਰਨ ਬਣ ਰਿਹਾ ਹੋਵੇ। **" ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥ ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥** [੫੫੪] ਗੁਰੂ ਫ਼ੁਰਮਾਨ ਦੀ ਪਾਲਣਾ ਵਿਚ ਅਰੋਗ ਅਤੇ ਸ਼ਕਤੀਵਾਨ ਸਰੀਰ ਬਣਾਉਣ ਦੀ ਚਿਣਕ ਪਾਉਣ ਲਈ ਖੇਡਾਂ, ਦੌੜਾ, ਛਾਲਾਂ, ਅਥਵਾ ਸਰੀਰਕ ਸ਼ਕਤੀ ਦੀ ਪ੍ਰਦਸ਼ਨੀ ਦੇ ਮੁਕਾਬਲੇ, ਸ਼ੁੱਧ ਗੁਰਬਾਣੀ ਸਣਾਉਣ ਵਾਲਿਆਂ ਦੇ ਅਤੇ ਇਤਿਹਾਸ ਤੋਂ ਜਾਣਕਾਰੀ ਦੇ ਮੁਕਾਬਲੇ ਕਰਾਏ ਜਾਣ। ਵੱਧ ਤੋਂ ਵੱਧ " ਗੁਰੂ-ਘਰ " ਬਨਾਉਣ ਦੀ ਦੌੜ ਅਤੇ ਹੋਰ ਵਿਅਰਥ ਦੇ ਵਿਖਾਵੇ ਵਾਲੇ ਖ਼ਰਚਾਂ ਨੂੰ ਠੱਲ ਪਾ ਕੇ ਏਨੀ ਮਾਇਆ ਜੋੜ ਲਈ ਜਾਇਆ ਕਰੇ ਕਿ ਪਹਿਲੇ ਪੰਜ ਨੰਬਰਾਂ ਤੇ ਆਉਣ ਵਾਲਿਆਂ ਨੂੰ ਏਨਾ ਵੱਧ ਤੋਂ ਵੱਧ (ਘਟੋ ਘੱਟ ਇੱਕ ਲੱਖ ਡਾਲਰ ਤੋਂ ਅਰੰਭ ਹੋ ਕੇ) ਇਨਾਮ ਦਿੱਤਾ ਜਾਇਆ ਕਰੇ ਕਿ, ਬਚਿਆਂ ਤੇ ਗਭਰੂਆਂ ਨੂੰ ਅਗਲੇ ਸਾਲ ਦੇ ਸਮਾਗਮ ਵਿਚ ਪਹਿਲੇ ਨੰਬਰਾਂ ਤੇ ਆਉਣ ਦੀ ਲਗਨ ਸਾਰਾ ਸਾਲ ਹੀ ਲੱਗੀ ਰਹੇ। ਭਾਵੇਂ ਨਿਸ਼ਾਨਾਂ ਮਾਇਆ ਖੱਟ ਲੈਣ ਦਾ ਹੀ ਹੋਵੇ ਪਰ ਸਾਰੇ ਸਿੱਖ ਜਗਤ ਦੇ ਘਰ ਘਰ ਵਿਚ ਸਿੱਖੀ ਸਿਧਾਂਤ ਸਮਝਣ ਦੀ ਦੌੜ ਲੱਗ ਜਾਵੇ ਅਤੇ ਖ਼ਾਲਸਾ ਜੀ ਮੁੜ ਆਪਣੇ ਅਸਲ ਟਿਕਾਣੇ ਵੱਲ ਨੂੰ ਮੋੜਾ ਪਾ ਤੁਰਨ । ਗੁਰਦੇਵ ਜੀ ਪ੍ਰਤੀ ਏਹੀ ਹੋਵੇਗੀ ਸਾਡੀ ਅਸਲੀ ਸ਼ਰਧਾਂਜਲੀ ਅਤੇ ਅਸੀਂ ਧੌਣ ਚੁੱਕ ਕੇ ਕਹਿ ਸਕਾਂਗੇ ਕਿ ਸਾਡਾ ਗੁਰੂ ਕੇਵਲ ਇੱਕ ਸ਼ਬਦ ਗੁਰੂ ਹੀ ਹੈ। ਆਪਣੇ ਲੋਭ ਨੂੰ ਹੀ ਸਹੀ ਪਰ ਅਸਲੀਯਤ ਨਾਲ ਜੁੜ ਕੇ ਆਤਮ-ਦਰਸੀ ਬਣ ਸਕਣ ਦਾ ਭਰੋਸਾ ਸਤਿਗੁਰਾਂ ਦੇ ਇਸ ਬਚਨ ਵਿਚੋਂ ਸਪੱਸ਼ਟ ਹੈ:-

੧੯- **ਅਪਨੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥ ੧ ॥**
**ਐਸਾ ਮੀਤੁ ਕਰਹੁ ਸਭੁ ਕੋਇ ॥ ਜਾ ਤੇ ਬਿਰਥਾ ਕੋਇ ਨ ਹੋਇ ॥ ੧ ॥ ਰਹਾਉ ॥**
**ਅਪੁਨੈ ਸੁਆਇ ਰਿਦੈ ਲੈ ਧਾਰਿਆ ॥ ਦੂਖ ਦਰਦ ਰੋਗ ਸਗਲ ਬਿਦਾਰਿਆ ॥ ੨ ॥**
**ਰਸਨਾ ਗੀਧੀ ਬੋਲਤ ਰਾਮ ॥ ਪੂਰਨ ਹੋਏ ਸਗਲੇ ਕਾਮ ॥ ੩ ॥**
**ਅਨਿਕ ਬਾਰ ਨਾਨਕ ਬਲਿਹਾਰਾ ॥ ਸਫਲ ਦਰਸਨੁ ਗੋਬਿੰਦੁ ਹਮਾਰਾ ॥ ੪ ॥** [੧੯੫]-੭੯-੧੪੮

### ਕਿਸੇ ਕਵੀ ਦੀ ਹਉਕਿਆਂ ਭਰੀ ਫ਼ਰਿਆਦ

ਕਲਗ਼ੀਵਾਲੇ ਪਾਤਸ਼ਾਹ ! ਓਪੰਥ ਬਾਗ਼ ਦੇ ਮਾਲੀਆ ! ਉੱਜੜ ਚੁੱਕੀ ਆਪਣੀ ਗੁਲਜ਼ਾਰ ਆ ਕੇ ਵੇਖ ਲੈ ।
ਜਿੰਨ੍ਹਾਂ ਨੂੰ ਤੂੰ ਸੀ ਬਖ਼ੁਸ਼ਿਆ, ਖੰਡੇ ਦਾ ਅੰਮ੍ਰਿਤ ਦਾਤਿਆ, ਉਨ੍ਹਾਂ ਚ ਚਲਦਾ, ਰਾਤ ਦਿਨ ਤਕਰਾਰ ਆ ਕੇ ਵੇਖ ਲੈ ।
ਜਿਨ੍ਹਾਂ ਦੇ ਪਾਈ ਗਾਤਰੇ, ਸੀ ਤੇਗ ਪੱਤ ਬਚਾਉਣ ਲਈ, ਸਿੱਖ ਲਾਹੁੰਦੇ, ਸਿੱਖ ਦੀ ਦਸਤਾਰ ਆ ਕੇ ਵੇਖ ਲੈ ।
ਜਿਨ੍ਹਾਂ ਦੀ ਖ਼ਾਤਰ ਤੁਸਾਂ ਨੇ, ਪ੍ਰਵਾਰ ਸਾਰਾ ਸੀ ਵਾਰਿਆ, ਉਨ੍ਹਾਂ ਸਿੰਘਾਂ ਦਾ ਦਾਤਿਆ ਕਿਰਦਾਰ ਆ ਕੇ ਵੇਖ ਲੈ ।
ਤੇਰੇ ਜਿਹਾ ਸੂਰਮਾ, ਅਣਖੀ ਤਿਆਗੀ ਨਾ ਜੱਗ ਵਿਚ, ਗੋਲਕਾਂ ਨੂੰ ਜੱਫਾ ਮਾਰ ਬੈਠਾ ਜਥੇਦਾਰ ਆ ਕੇ ਵੇਖ ਲੈ ।
ਪੰਥ ਖ਼ਾਤਰੇ ਚ ਪੈ ਗਿਆ, ਦਿੰਦੇ ਦੁਹਾਈ ਰੋਜ਼ ਇਹ, ਆਪ, ਪੰਥ ਦੁਸ਼ਮਣਾ ਦੇ ਬਣੇ ਯਾਰ ਆ ਕੇ ਵੇਖ ਲੈ ।
ਗੋਲਕ ਤੇ ਕਬਜ਼ਾ ਕਰਨ ਲਈ, ਨਿੱਤ ਰੰਗ ਨਵੇਂ ਬਦਲਦੇ, ਇਨ੍ਹਾਂ ਤਿਆਗੀ ਸਿੰਘਾਂ ਦੀ ਨੁਹਾਰ ਆ ਕੇ ਵੇਖ ਲੈ ।
ਤੇਰੇ ਗ਼ਰੀਬ ਸਿੱਖ ਨੂੰ, ਇਹ ਦੋਹੀਂ ਹੱਥੀਂ ਨੇ ਲੁੱਟਦੇ, ਨਾਲ ਚੋਰਾਂ ਰਲ ਗਏ, ਪਹਿਰੇਦਾਰ ਆ ਕੇ ਵੇਖ ਲੈ ।
ਪੰਥ ਦੋਖੀ ਤਾਕਤਾਂ ਦੇ ਨਾਲ ਰਿਸ਼ਤੇਦਾਰੀਆਂ, ਉਤੋਂ ਉਤੋਂ ਪੰਥ ਦਾ ਵੰਡਦੇ ਪਿਆਰ ਆ ਕੇ ਵੇਖ ਲੈ ।
ਅੱਗੇ ਤਾਂ ਤੇਰੇ ਸਿੱਖ ਤੇ ਹਰ ਇੱਕ ਨੂੰ ਵਿਸ਼ਵਾਸ਼ ਸੀ, ਅੱਜ ਨਹੀਂ ਕਰਦਾ ਕੋਈ ਇਤਬਾਰ ਆ ਕੇ ਵੇਖ ਲੈ ।
ਜਿਸ ਤੋਂ ਥਰ ਥਰ ਕੰਬਦਾ ਸੀ ਕਾਬਲ ਕੰਧਾਰ ਦਾਤਿਆ, ਆਪੋ ਦੇ ਵਿਚ ਖੜਕਦੀ ਤਲਵਾਰ ਆ ਕੇ ਵੇਖ ਲੈ ।
ਕੌਮ ਪਵੇ ਖੂਹ ਵਿਚ, ਇਨ੍ਹਾਂ ਨੂੰ ਚੌਧਰ ਚਾਹੀਦੀ, ਏਹੋ ਜਿਹੇ ਪੰਥ ਦੇ ਨੇ ਸੇਵਾਦਾਰ ਆ ਕੇ ਵੇਖ ਲੈ ।
ਸਿੱਖ ਆਗੂ ਮਾਰਦਾ ਮੰਡੀ ਚ ਵਾਜਾਂ ਵਿਕਣ ਲਈ, ਦਿੱਲੀ ਤੇ ਚੰਡੀਗੜ੍ਹ ਚ ਸਰੇ ਬਾਜ਼ਾਰ ਆ ਕੇ ਵੇਖ ਲੈ ।
ਗੁਰਦੁਆਰੇ ਵਿੱਚ ਨਿੱਤ, ਆਪੋ ਚ ਖੰਡੇ ਖੜਕਦੇ, ਜੰਗ ਦਾ ਅਖਾੜਾ ਬਣੇ ਗੁਰਦੁਆਰੇ ਆ ਕੇ ਵੇਖ ਲੈ ।
ਵੋਟਾਂ ਦੇ ਚੱਕਰ ਵਿਚ ਇਹ, ਚੱਕਰੀ ਦੇ ਵਾਂਗੂ ਘੁੰਮਦੇ, ਨਿਤ ਬੁਰਕੇ ਬਦਲਦੇ ਇਹ ਬੁਰਕੇਦਾਰ ਆ ਕੇ ਵੇਖ ਲੈ ।

੧੨- **ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥**
**ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥**
**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**
**ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥**
**ਤਾ ਦਰਗਹ ਪੈਧਾ ਜਾਇਸੀ ॥ ੧੫ ॥** [੪੭੧]

੯

## ਸਿੱਖ ਰਹਿਤ ਮਰਯਾਦਾ

[**ਜ਼ਰੂਰੀ ਸੂਚਨਾ**:--ਸਿੱਖ ਰਹਿਤ ਮਰਯਾਦਾ ਬਾਰੇ ਗੁਰਮਤਿ ਵਿਚਾਰਾਂ ਨੂੰ ਲਿਖਣ ਦਾ ਅਰਥ ਇਹ ਕਦਾ ਚਿੱਤ ਨਹੀਂ ਹੈ, ਕਿ " ਸਿੱਖ ਰਹਿਤ ਮਰਯਾਦਾ " ਦੇ ਪਾਬੰਦ ਰਹਿਣ ਵਿਚ ਕਿਸੇ ਵੀ ਪ੍ਰਕਾਰ ਦੀ ਢਿੱਲ ਅਰੰਭ ਕੀਤੀ ਜਾਵੇ । ਅਰੰਭੇ ਹੋਏ ਵਿਸ਼ੇ ਨਾਲ ਪੂਰੀ ਈਮਾਨਦਾਰੀ ਵਰਤਦਿਆਂ ਜਿਥੋਂ ਵੀ ਬ੍ਰਾਹਮਣੀ ਰੀਤ ਦੇ ਪਰਚਲਤ ਹੋਣ ਦੇ ਰਾਹ ਖੁਲ੍ਹਦੇ ਹੋਣ ਦਾ ਝਾਉਲਾ ਪਵੇ ਉਸ ਨੂੰ ਉਜਾਗਰ ਕਰਕੇ ਪੰਥਕ ਤੌਰ ਤੇ ਵਿਚਾਰ ਕਰ ਲੈਣ ਲਈ ਉਪਰਾਲਾ ਕਰਨਾ ਦਾਸ ਨੇ ਸਿੱਖੀ ਫ਼ਰਜ਼ ਸਮਝਿਆਂ ਹੈ । ਜ਼ਰੂਰੀ ਨਹੀਂ ਹੈ ਦਾਸ ਦੇ ਵਿਚਾਰ ਖ਼ੁਨਾਮੀ ਰਹਿਤ ਹੋਣ । ਹੋ ਸਕਦਾ ਹੈ ਗੁਰਮਤਿ ਦੀ ਕਸਵੱਟੀ ਵਰਤਣ ਵਿਚ ਦਾਸ ਨੇ ਕੋਈ ਭੁੱਲਾਂ ਕੀਤੀਆਂ ਹੋਣ । ਏਸੇ ਲਈ ਰਹਿਤ ਮਰਯਾਦਾ ਬਾਰੇ ਗੁਰਮਤਿ ਵਿਚਾਰ ਲਿਖਣ ਉਪ੍ਰੰਤ, ਪਹਿਲਾਂ ਪੰਥ ਦੀ ਸਰਬ ਉੱਚ ਸੰਸਥਾ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਜੀ ਦੀ ਸੇਵਾ ਵਿਚ ਭੇਜੇ ਜਾਣੇ ਹਨ । ਤਾਂ ਜੋ ਪਾਠਕਾਂ ਤੱਕ ਪੁੱਜਣ ਤੋਂ ਪਹਿਲਾਂ ਹੇਠ ਲਿਖੇ ਵਿਚਾਰਾਂ ਵਿਚ, ਗੁਰਮਤਿ ਅਨਕੂਲ (ਸੰਭਵਤਾ ਸਹੀ) ਸੋਧ ਕਰ ਲਈ ਜਾਵੇ]

### " ਸਿੱਖ ਰਹਿਤ ਮਰਯਾਦਾ " ਦੀ ਤਿਆਰੀ ਦਾ ਸੰਖੇਪ ਇਤਿਹਾਸ--

ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਨ ਲਈ ਬਣਾਈ ਕਮੇਟੀ ਦਾ ਪਹਿਲੇ ਸਮਾਗਮ ੪-੫ ਅਕਤੂਬਰ ੧੯੩੧, ੪ਜਨਵਰੀ ੧੯੩੨ ਅਤੇ ੩੧ ਜਨਵਰੀ ੧੯੩੨ ਨੂੰ ਅਕਾਲ ਤਖ਼ਤ ਸਾਹਿਬ ਤੇ ਹੋਏ । ਫਿਰ ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਤੋਂ ਰਾਏ ਲੈਣ ਉਪ੍ਰੰਤ ਰਹੁ ਰੀਤ ਸਬ ਕਮੇਟੀ ਨੇ ਖਰੜਾ ਤਿਆਰ ਕੀਤਾ । ਖਰੜੇ ਦੀ ਪ੍ਰਵਾਨਗੀ " ਸਰਬ-ਹਿੰਦ ਸਿੱਖ ਮਿਸ਼ਨ ਬੋਰਡ " ਨੇ ਆਪਣੇ ਮਤਾ ਨੰਬਰ ੧, ਮਿਤੀ ੧-੮-੩੬ ਰਾਹੀਂ ਅਤੇ ਸ਼੍ਰੋਮਣੀ ਗੁ: ਅਤੇ ਗੁ: ਪ੍ਰ: ਕਮੇਟੀ ਨੇ ਆਪਣੇ ਮਤਾ ਨੰਬਰ ੧੪, ਮਿਤੀ ੧੨-੧੦-੩੬ ਦੁਆਰਾ ਦਿੱਤੀ । ਫਿਰ S.G.P.C. ਦੀ ਧਾਰਮਿਕ ਕਮੇਟੀ ਨੇ ਆਪਣੀ ਇਕਤ੍ਰਤਾ ਮਿਤੀ ੭-੧-੪੫ ਵਿਖੇ ਇਸਨੂੰ ਵਿਚਾਰ ਕੇ ਇਸ ਵਿਚ ਕੁਝ ਵਾਧੇ ਘਾਟੇ ਕਰਨ ਦੀ ਸਿਫ਼ਾਰਸ਼ ਕੀਤੀ ।

ਧਾਰਮਿਕ ਸਲਾਹਕਾਰ ਕਮੇਟੀ ਦੀ ਸਿਫ਼ਾਰਸ਼ ਅਨੁਸਾਰ ਇਸ ਵਿਚ ਵਾਧਾ ਘਾਟਾ ਕਰਨ ਦੀ ਪ੍ਰਵਾਨਗੀ ਗੁ: ਪ੍ਰ: ਕਮੇਟੀ ਨੇ ਆਪਣੀ ਇਕੱਤ੍ਰਤਾ ਮਿਤੀ ੩-੨-੪੫ ਦੇ ਮਤਾ ਨੰਬਰ ੯੭ ਰਾਹੀ ਦਿੱਤੀ ।

[**ਨੋਟ**--ਕੀ ਕੋਈ ਵਾਧਾ ਘਾਟਾ ਕੀਤਾ ਗਿਆ ? ਫਿਰ ਪੰਥ ਵਿਚ ਵੰਡੀ ਜਾਣ ਦੀ ਮਨਜ਼ੂਰੀ ਕਦੋਂ ਅਤੇ ਕਿੰਨ੍ਹ ਦਿੱਤੀ ? ਇਸ ਬਾਰੇ ਰਹਿਤ ਮਰਯਾਦਾ ਦਾ ਖਰੜਾ ਚੁੱਪ ਹੈ । ਕਿਸ ਕਾਰਨ ਚੁੱਪ ਹੈ ? ਕੋਈ ਪਤਾ ਨਹੀਂ]

## ਸਿੱਖ ਰਹਿਤ ਮਰਯਾਦਾ ਵਿਚ ਸਿੱਖ ਦੀ ਤਾਰੀਫ਼ ਇਸ ਪ੍ਰਕਾਰ ਹੈ:--

ਜੋ ਇਸਤਰੀ ਪੁਰਸ਼ ਇਕ ਅਕਾਲਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤਕ) **ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ** ਤੇ ਸਿਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ ।

**ੳ)** ਸਿੱਖ ਦੀ ਤਾਰੀਫ਼ ਵਿਚ ਕੇਸਾਂ ਬਾਰੇ ਕੋਈ ਜ਼ਿਕਰ ਨਾ ਹੋਣ ਕਰਕੇ ਕਈ ਮਨਮਤੀਆਂ ਨੇ ਕੇਸ ਕਤਲ ਕਰਵਾ ਸਕਣ ਦਾ ਢੁੱਚਰ ਘੜ ਲਿਆ ਹੋਇਆ ਹੈ । ਪਰ ਅਸੀਂ ਇਹ ਵਿਚਾਰਨਾ ਭੁੱਲ ਜਾਂਦੇ ਹਾਂ ਕਿ ਜਿਸ ਸਿੱਖ ਦੀ ਤਾਰੀਫ਼ ਵਿਚ ਕੇਸਾ ਦਾ ਜ਼ਿਕਰ ਉਚੇਚੇ ਤੌਰ ਤੇ ਨਹੀਂ ਆਇਆ ਉਸੇ ਸਿੱਖ ਦੀ ਦੋ ਤਰ੍ਹਾਂ ਦੀ (ਸ਼ਖ਼ਸੀ ਅਤੇ ਪੰਥਕ) ਰਹਿਣੀ ਵੀ ਲਿਖੀ ਹੈ । ਸ਼ਖ਼ਸੀ ਰਹਿਣੀ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਵਿਸਥਾਰ ਨਾਲ ਮਰਯਾਦਾ ਲਿਖੀ ਹੋਈ ਹੈ । ਖਰੜੇ ਦੇ ੧੨ ਸਫੇ ਤੇ ਗੁਰਮਤਿ ਰਹਿਣੀ ਦੇ (ਘ) ਭਾਗ ਵਿਚ ਸਿੱਖ ਦੇ ਬੱਚੇ ਬੱਚੀ ਦੇ ਕੇਸ ਜਨਮ ਤੋਂ ਹੀ ਸੁੱਚੇ ਅਤੇ ਸਾਬਤ ਰ ੱਖਣ ਦੀ ਪਾਬੰਦੀ ਲੱਗੀ ਹੋਈ ਹੈ । ਭਾਵ, ਜਿਸ ਪਰਵਾਰ ਵਿਚ ਬੱਚੇ ਦੇ ਕੇਸਾਂ ਦਾ ਸਤਿਕਾਰ ਨਹੀਂ ਉਹ ਗੁਰੂ ਦਾ ਸਿੱਖ ਨਹੀਂ ਮੰਨਿਆਂ ਗਿਆ। ਸਿੱਧ ਹੈ ਕਿ ਸਤਿਗੁਰਾਂ ਦਾ ਸਿੱਖ ਅਖਵਾਉਣ ਲਈ **ਕੇਸ-ਧਾਰੀ ਹੋਣਾ,** ਅਥਵਾ **ਬਚਪਨ ਤੋਂ ਹੀ ਕੇਸਾਂ ਦਾ ਸਤਿਕਾਰ ਰੱਖਣਾ ਜ਼ਰੂਰੀ ਹੈ** । ਭਾਈ ਮਰਦਾਨਾ ਜੀ ਤੇ ਹੋਰ ਮੁਸਲਮਾਨਾ ਸਿਖਾਂ ਨੇ ਕੇਸ ਰੱਖੇ ਹੋਏ ਸਨ । ਗੁਰਬਾਣੀ ਵਿਚਲਾ ਕੇਸਾਂ ਪ੍ਰਤੀ ਸਤਿਕਾਰ, ਅਸਾਂ ਪਿੱਛੇ ਪੜ੍ਹ ਲਿਆ ਹੈ।

### ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ, ਸ਼ਖ਼ਸੀ ਤੇ ਪੰਥਕ

### ਸ਼ਖ਼ਸੀ ਰਹਿਣੀ

(੧) **ਨਾਮ ਬਾਣੀ ਦਾ ਅਭਿਆਸ ।** (੨) **ਗੁਰਮਤਿ ਦੀ ਰਹਿਣੀ ।** (੩) **ਸੇਵਾ ।**

### ੧- ਨਾਮ ਬਾਣੀ ਦਾ ਅਭਿਆਸ

**੧-** ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ " **ਵਾਹਿਗੁਰੂ** " ਨਾਮ ਜਪੇ ।

**ਅ)** ਦੂਜੀ ਗੱਲ ਇਹ ਸਪੱਸ਼ਟ ਹੋ ਜਾਂਦੀ ਹੈ ਕਿ ਸ਼ਖ਼ਸੀ ਰਹਿਣੀ ਵਿਚ ਨਿਤਨੇਮ ਦੀਆਂ ਬਾਣੀਆਂ ਸਾਰੇ ਹੀ ਸਿੱਖਾਂ ਲਈ ਜ਼ਰੂਰੀ ਦੱਸੀਆਂ ਗਈਆਂ ਹਨ। ਵਹਿਗੁਰੂ ਗੁਰਮੰਤ੍ਰ ਦੀ ਪ੍ਰਾਪਤੀ ਲਈ ਗੁਰੂ ਚੇਲੇ ਵਾਲੀ ਕਥਿਤ Formality ਵੀ ਪੰਥ-ਗੁਰੂ ਨੇ ਰਹਿਤ ਮਰਯਾਦਾ ਦੇ ਇਸ ਖਰੜੇ ਵਿਚ ਹੀ ਪੂਰੀ ਕਰ ਦਿੱਤੀ । ਇਹ ਗਲ ਕਹਿਣੀ ਨਿਰਮੂਲ ਬਣ ਗਈ ਕਿ ਵਾਹਿਗੁਰੂ ਗੁਰਮੰਤ੍ਰ ਦਾ ਸਿਮਰਣ ਅਤੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨ ਦਾ ਪੰਥਕ-ਵਿਧਾਨ ਕੇਵਲ ਅੰਮ੍ਰਿਤਧਾਰੀਆਂ ਤੱਕ ਹੀ ਸੀਮਤ ਹੈ । ਉਪ੍ਰੋਕਤ ਤਾਰੀਫ਼ ਵਿਚ ਆਏ ਸਾਰੇ ਸਿੱਖਾਂ ਲਈ ਜ਼ਰੂਰੀ ਹੈ ਕਿ ਉਹ ਇਸ ਸਿਖਿਆ ਤੇ ਤਨੋ ਮਨੋਂ ਅਮਲ ਕਰਦੇ ਰਹਿਣ।

**੨-** ਨਿਤਨੇਮ ਦਾ ਪਾਠ ਕਰੇ । ਨਿਤਨੇਮ ਦੀਆਂ ਬਾਣੀਆਂ ਇਹ ਹਨ:--**ਜਪੁ, ਜਾਪੁ ਅਤੇ ਸਵੱਯੇ (ਸ੍ਰਾਵਗ ਸੁਧ ਵਾਲੇ**)--ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ । **ਸੋ ਦਰੁ ਰਹਰਾਸਿ**--ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ । ਇਸ ਵਿਚ ਇਹ ਬਾਣੀਆਂ ਸ਼ਾਮਲ ਹਨ:--ਸ੍ਰੀ ਗੁਰੂ ਗ੍ਰੰਥ ਜੀ ਦੇ ਲਿਖੇ ਹੋਏ ਨੌ ਸ਼ਬਦ (ਸੋ ਦਰੁ ਤੋਂ ਲੈ ਕੇ ' ਸਰਣਿ ਪਰੇ ਕੀ ਸਰਮਾ ' ਤਕ ) ਬੇਨਤੀ ਚੌਪਈ ਪਾਤਸ਼ਾਹੀ ੧੦ (ਹਮਰੀ ਕਰੋ ਹਾਥ ਦੈ ਰੱਛਾ ' ਤੋਂ ਲੈ ਕੇ ਦੁਸ਼ਟ ਦੋਖ ਤੇ ਲੇਹੁ ਬਚਾਈ ਤਕ, ਸ੍ਵੈਯਾ ' ਪਾਇ ਗਹੇ ਜਬ ਤੇ ਤੁਮਰੇ ' ਅਤੇ ਦੋਹਰਾ ' ਸਗਲ ਦੁਆਰ ਕਉ ਛਾਡਿ ਕੈਂ) **ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ,** ਮੁੰਦਾਵਣੀ ਤੇ ਸਲੋਕ ਮਹਲਾ ੫ ' ਤੇਰਾ ਕੀਤਾ ਜਾਤੋ ਨਾਹੀ ' ।**ਸੋਹਿਲਾ**--ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ । ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ ' ।

ਅਨੰਦ ਸਾਹਿਬ ਦੀਆਂ ਏਹੀ ਛੇ ਪਉੜੀਆਂ ਅੰਮ੍ਰਿਤ ਸੰਸਕਾਰਾਂ ਸਮੇ ਪੜ੍ਹੀਆਂ ਜਾਣ ਵਾਲੀ ਕਰੀਬ ੧੦੦ ਸਾਲਾਂ ਦੀ ਮਰਯਾਦਾ ਬਦਲ ਕੇ ਸਾਰਾ ਅਨੰਦ ਸਾਹਿਬ ਪੜਿਆ ਜਾਣ ਦੀ ਮਰਯਾਦਾ ਬਣਾਈ ਗਈ ਪਰ ਨਿੱਤਨੇਮ ਵਿਚ (ਅਥਵਾ ਸਹਿਜ ਪਾਠ, ਅਖੰਡਪਾਠ ਦੇ ਅਰੰਭ ਸਮੇ ਅਤੇ ਕੜ੍ਹਾ ਪਰਸ਼ਾਦ ਦੀ ਪਰਵਾਨਗੀ ਸਮੇ) ਏਹੀ ਤਬਦੀਲੀ ਕਿਸ ਦਲੀਲ ਨਾਲ ਨਹੀਂ ਕੀਤੀ ਗਈ ? ਜਿਹੜੇ ਗੁਰਸਿੱਖ ਦਾ ਨਿਤਨੇਮ ਤਾਂ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਪੜ੍ਹਨ ਦਾ ਹੈ, ਉਹ ਪੂਰਾ ਅਨੰਦ ਸਾਹਿਬ ਪੜ੍ਹਦਿਆਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਵਾਲੀ ਪਾਵਨ ਮਰਯਾਦਾ ਵਿਚ ਕਿਵੇਂ ਸ਼ਾਮਲ ਹੋ ਸਕਦਾ ਹੈ ? ਕੀ ਇਹ ਕੋਈ ਅਣਗਹਿਲੀ ਹੈ ਕਿ ਦਾਸ ਨੂੰ ਨਿਰਾਆਧਾਰਤ ਸ਼ੰਕਾ ਉਪਜਿਆ ਹੈ ? ਸਪੱਸ਼ਟ ਕਰ ਦੇਣ ਦੀ ਉਚੇਚੀ ਖੇਚਲ ਕਰ ਦੇਣੀ ਜੀ ।

**ੲ) ੧- ਨਾਮ ਬਾਣੀ ਦਾ ਅਭਿਆਸ**--- ਭਾਸ਼ਾ ਦੇ ਵਿਦਵਾਨਾ ਨੇ **ਅਭਿਆਸ** ਪਦ ਦਾ ਅਰਥ--" ਕਿਰਯਾ ਸਿੱਧੀ ਲਈ ਵਾਰ ਵਾਰ ਕੀਤਾ ਹੋਇਆ ਯਤਨ ", ਕੀਤਾ ਹੈ । Practice, ਭਾਵ,, ਮਸ਼ਕ, ਰਟਨ, ਆਦਿ ਅਭਿਆਸ ਦੇ ਹੀ ਨਾਮ ਹਨ । ਨਿਆਰਾ ਗਿਆਨ ਲੈ ਕੇ ਆਏ ਨਿਆਰੇ ਆਚਰਨ ਦਾ ਮਾਲਕ ਨਿਆਰਾ ਸੰਤ ਸੂਰਮਾ ਬਨਾਉਣ ਆਏ ਨਿਆਰੇ ਗੁਰੂ ਨਾਨਕ ਦੇਵ ਜੀ ਦੇ ਨਿਆਰੇ ਪੰਥ ਲਈ ਬਣ ਰਹੀ ਰਹਿਤ ਮਰਯਾਦਾ ਵਿਚ " ਨਾਮ ਬਾਣੀ ਨਾਲ ਤਨੋ ਮਨੋਂ ਜੁੜਨ ਦੀ ਘਾਲਣਾ ਘਾਲ ਕੇ ਪੂਰਨ ਮਨੁੱਖ ਬਣਿਆਂ ਰਹਿਣ " ਦੀ ਮਰਯਾਦਾ ਦੀ ਗੱਲ ਲਿਖਣ ਦੀ ਲੋੜ ਹੈ । ਖਿਮਾਂ ਕਰਨਾ ਜੀ, ਦਾਸ ਨੂੰ ਮਿਲੀ ਗੁਰਮਤਿ ਸੂਝ ਅਨੁਸਾਰ ਸਿਖ ਰਹਿਤ ਮਰਯਾਦਾ ਵਿਚ " ਨਾਮ ਬਾਣੀ ਨਾਲ **ਅਭਿਆਸ**- ਸ਼ਬਦ ਦੀ ਵਰਤੋਂ ਗੁਰਮਤਿ ਦੇ ਪ੍ਰਤਿਕੂਲ ਹੈ। ਦਾਸ ਦੇ ਮਨ ਵਿਚ ਅਜੇਹਾ ਭਰਮ ਬਣਨ ਦਾ ਬਹੁਤਾ ਕਾਰਨ ਇਹ ਹੈ ਕਿ ਸਿੱਖੀ ਦੇ ਬਾਨੀ ਸਤਿਗੁਰੂ ਨਾਨਕ ਸਾਹਿਬ ਜੀ ਨੇ ਬ੍ਰਾਹਮਣੀ ਠੱਗ ਨੀਤੀ ਨੂੰ ਨੰਗਾ ਕਰਦਿਆਂ **ਗੁਰਬਾਣੀ ਵਿਚ " ਅਭਿਆਸ "** ਸ਼ਬਦ ਵਰਤਿਆ ਹਨ---

੪੩- **ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥**
**ਬਿਨੁ ਨਾਮੁ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥ ੪ ॥**[੬੬੩]-੧-੬-੮

**ਅਰਥ**:--(ਬ੍ਰਾਹਮਣ ਲੋਕ) ਅਸ਼ਟਾਧਿਆਈ ਆਦਿਕ ਗ੍ਰੰਥ ਰਚ ਕੇ (ਉਨ੍ਹਾਂ ਅਨੁਸਾਰ) ਪੁਰਾਣਾਂ ਨੂੰ ਸੋਧਦੇ ਹਨ ਤੇ ਵੇਦਾਂ ਦਾ ਅਭਿਆਸ ਕਰਦੇ ਹਨ (ਬੱਸ) ! ਏਨੇ ਨੂੰ ਸ੍ਰੈਸ਼ਟ ਧਰਮ ਕਰਮ ਮੰਨੀ ਬੈਠੇ ਹਨ) । ਪਰ ਦਾਸ ਨਾਨਕ ਆਖਦਾ ਹੈ ਕਿ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ (ਵਿਕਾਰਾਂ ਤੋਂ) ਖ਼ਲਾਸੀ ਨਹੀਂ ਹੋ ਸਕਦੀ । ੪ ।

ਪੁਸਤਕ ਦੇ ਪਹਿਲੇ ਭਾਗ ਵਿਚ ਵਿਸਥਾਰ ਨਾਲ ਵਿਚਾਰ ਹੋ ਚੁੱਕੀ ਹੈ ਕਿ--(੧) ਬ੍ਰਾਹਮਣ ਬਿਲਕੁਲ ਨਹੀਂ ਸੀ ਚਾਹੁੰਦਾ ਕਿ ਆਮ ਲੋਕ ਵੇਦਾਂ ਵਿਚਲੇ ਗਿਆਨ ਦੀ ਅਸਲੀਯਤ ਨੂੰ ਸਮਝ ਕੇ ਵੇਦ-ਗਿਆਤਾ ਹੋ ਜਾਣ । (੨) ਵੇਦ ਮੰਤ੍ਰਾਂ ਦੇ ਕੇਵਲ ਪਾਠ-ਅਭਿਆਸ ਨਾਲ ਅਥਵਾ " ਜਾਪ-ਅਭਿਆਸ " ਮਾਤ੍ਰ ਨਾਲ ਹੀ ਮਨ ਇੱਛੇ ਕਾਰਜ ਸਿੱਧ ਹੋ ਜਾਣ ਦਾ ਭਰਮ, ਲੋਕਾਂ ਦੇ ਮਨਾ ਵਿੱਚ ਪੱਕਾ ਕਰਕੇ ਬ੍ਰਾਹਮਣ ਨੇ ਵਧੀਆ

ਹਲਵਾ-ਮੰਡਾ ਤੋਰ ਲਿਆ ਸੀ। ਵੇਦਾਂ ਦੇ ਗਿਆਨ ਅਨੁਸਾਰ ਮਨੁੱਖ ਦੀ ਜੀਵਨ ਮਰਯਾਦਾ ਢਾਲ ਕੇ ਉੱਚੀ ਆਤਮਕ ਅਵਸਥਾ ਦੀ ਪ੍ਰਾਪਤੀ ਹੋ ਜਾਣ ਦੀ ਕਦੇ ਕੋਈ ਗੱਲ ਨਹੀਂ ਸੁਣੀ। ਵੇਦ ਬਾਣੀ ਨੇ ਕੇਵਲ ਮਾਇਆ ਗ੍ਰਸੀ ਕਰਮ ਕਾਂਡੀ ਮਰਯਾਦਾ ਹੀ ਸਿਖਾਈ ਹੈ । ਮਨੁੱਖਾਂ ਦੀ ਗੱਲ ਕਿਤੇ ਰਹੀ, ਵੇਦ ਬਾਣੀ ਨੇ ਤਾਂ (ਕਥਿਤ) ਦੇਵਤਿਆਂ ਨੂੰ ਵੀ ਮਾਇਆ ਦੇ ਮੋਹ ਵਿਚ ਫਸਿਆ ਦਰਸਾ ਕੇ ਮਾਇਆ ਜਾਲ ਹੋਰ ਵੀ ਵੱਧ ਮਨਮੋਹਣਾ ਬਣਾਇਆ ਹੈ। ਸਤਿਗੁਰਾਂ ਦਾ ਫ਼ੁਰਮਾਨ:--

੪੪- **ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵਾ ਮੋਹ ਪਿਆਸਾ ॥**
**ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥ ੧ ॥**[੨੩੧]-੪

**ਅਰਥ:**--ਜਿਸ ਬ੍ਰਹਮਾ ਨੂੰ ਵੇਦ-ਅਭਿਆਸ ਦਾ ਰਸਤਾ ਚਲਾਉਣ ਵਾਲਾ ਮੰਨਿਆ ਜਾਂਦਾ ਹੈ (ਜਿਹੜਾ ਬ੍ਰਹਮਾ ਵੇਦ-ਅਭਿਆਸ ਦਾ ਮੂਲ ਮੰਨਿਆ ਜਾਂਦਾ ਹੈ)ਉਸ ਤੋਂ ਸਾਰੇ ਦੇਵਤੇ ਪੈਦਾ ਹੋਏ (ਮੰਨੇ ਜਾਂਦੇ ਹਨ, ਪਰ ਉਹ ਦੇਵਤੇ ਮਾਇਆ ਦੇ) ਮੋਹ (ਮਾਇਆ ਦੀ) ਤ੍ਰਿਸ਼ਨਾ ਵਿਚ ਫਸੇ ਹੋਏ ਹੀ ਦੱਸੇ ਜਾ ਰਹੇ ਹਨ, ਉਹ ਦੇਵਤੇ ਮਾਇਆ ਦੇ ਤਿੰਨਾਂ ਗੁਣਾਂ ਵਿਚ ਹੀ ਭਟਕ ਰਹੇ ਹਨ, ਉਨ੍ਹਾਂ ਨੂੰ ਪ੍ਰਭੂ ਚਰਨਾ ਵਿਚ ਟਿਕਾਣਾ ਨਹੀਂ ਮਿਲਿਆ । ੨੧ ।

੪੫- **ਧੁਰ ਕੀ ਭੇਜੀ ਆਈ ਆਮਰਿ ॥ ਨਉ ਖੰਡ ਜੀਤੇ ਸਭਿ ਥਾਨੁ ਥਨੰਤਰ ॥**
**ਤਟਿ ਤੀਰਥ ਨ ਛੋਡੈ ਜੋਗ ਸੰਿਆਸ ॥ ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ ॥ ੨ ॥ [੩੭੧]-੪**

ਵੇਦਾਂ ਤੋਂ ਹਟ ਕੇ ਫਿਰ " **ਕਰਮ** " ਪਦ ਨਾਲ " ਅਭਿਆਸ " ਲਫ਼ਜ਼ ਵਰਤਿਆ ਹੈ । " ਨਾਮ ਸਿਮਰਨ ", ਸ਼ਬਦ ਵੀਚਾਰ ", ਪ੍ਰਭੂ ਦੀਆਂ ਵਡਿਆਈਆਂ ਦੀ ਵੀਚਾਰ ", ਅਥਵਾ ਵਿਦਿਆ ਪੜ੍ਹਨ ਆਦਿ, ਭਾਵ, ਸਿੱਧੇ ਦਸਮ-ਦੁਆਰ ਨਾਲ ਸੰਬੰਧਤ ਵਿਸ਼ਿਆਂ ਦੇ ਜ਼ਿਕਰ ਸਮੇਂ ਗੁਰਬਾਣੀ ਵਿਚ " **ਅਭਿਆਸ** " ਪਦ ਕਿਸੇ ਥਾਂ ਵਰਤਿਆ ਨਹੀਂ ਮਿਲਦਾ ---

੪੬- **ਪੰਚ ਤਤੁ ਸੁੰਨਹੁ ਪਰਗਾਸਾ ॥ ਦੇਹ ਸੰਜੋਗੀ ਕਰਮ ਅਭਿਆਸਾ ॥**
**ਬੁਰਾ ਭਲਾ ਧੁਰਿ ਮਸਤਕਿ ਲੀਖੇ ਪਾਪੁ ਪੁੰਨ ਬੀਜਾਇਦਾ ॥ ੧੪ ॥**[੧੦੩੭]-੫-੧੭

**ਅਰਥ:**--ਪੰਜਾਂ ਤੱਤਾਂ ਦਾ ਬਣਿਆ ਇਹ ਮਨੁੱਖਾ ਸਰੀਰ ਨਿਰੋਲ ਪ੍ਰਭੂ ਦੇ ਆਪਣੇ ਆਪ ਤੋਂ ਹੀ ਪਰਗਟ ਹੋਇਆ ਹੈ । ਇਸ ਸਰੀਰ ਦੇ ਸੰਜੋਗ ਕਰਕੇ ਜੀਵ ਕਰਮਾਂ ਵਿਚ ਰੁੱਝ ਪੈਂਦਾ ਹੈ । ਪ੍ਰਭੂ ਦੇ ਹੁਕਮ ਅਨੁਸਾਰ ਹੀ ਜੀਵ ਦੇ ਕੀਤੇ ਚੰਗੇ ਤੇ ਮੰਦੇ ਕਰਮ ਦੇ ਸੰਸਕਾਰ ਉਸ ਦੇ ਮੱਥੇ ਤੇ ਲਿਖੇ ਜਾਂਦੇ ਹਨ, ਇਸ ਤਰ੍ਹਾਂ ਜੀਵ ਪਾਪ ਤੇ ਪੁੰਨ (ਦੇ ਬੀਜ) ਬੀਜਦਾ ਹੈ (ਤੇ ਉਨ੍ਹਾਂ ਦਾ ਫਲ ਭੋਗਦਾ ਹੈ । ੧੪ ।

ਸੁਖਮਨੀ ਸਾਹਿਬ ਬਾਣੀ ਦੇ ਨਿਤਨੇਮੀ ਸੱਜਣ ਕਿਵੇਂ ਭੁੱਲ ਸਕਦੇ ਹਨ ਕਿ ਬ੍ਰਾਹਮਣੀ ਵਿਚਾਰ ਦੀ ਹੀ ਉਪਜ " **ਜੋਗ** " ਨਾਲ ਵੀ ਸਤਿਗੁਰਾਂ ਨੇ ਅਭਆਸ ਲਫ਼ਜ਼ ਵਰਤਿਆ ਹੈ:--

੪੭- **ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥**
**ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥ ... ੧ ॥** [੨੬੫]-ਅਸਟ-੩

**ਅਰਥ**:--(ਜੇ ਕੋਈ ਵੇਦ ਮੰਤ੍ਰਾਂ ਦੇ) ਜਾਪ ਕਰੇ, (ਸਰੀਰ ਨੂੰ ਧੂਣੀਆਂ ਨਾਲ) ਤਪਾਏ, (ਹੋਰ) ਕਈ ਗਿਆਨ (ਦੀਆਂ ਗੱਲਾਂ ਕਰੇ) ਤੇ ਦੇਵਤਿਆਂ ਦੇ) ਧਿਆਨ ਧਰੇ, ਛੇ ਸ਼ਾਸਤ੍ਰ ਤੇ ਸਿਮ੍ਰਿਤੀਆਂ ਦਾ ਉਪਦੇਸ਼ ਕਰੇ, ਜੋਗ ਦੇ ਸਾਧਨ ਦਾ ਅਭਿਆਸ ਕਰੇ, ਕਰਮ ਕਾਂਡੀ ਧਰਮ ਦੀ ਕਿਰਿਆ ਕਰੇ, (ਜਾਂ, ਗ੍ਰਿਹਸਤ ਜੀਵ ਦੇ) ਸਾਰੇ (ਕੰਮ) ਛੱਡ ਕੇ ਜੰਗਲਾਂ ਵਿਚ ਭਉਂਦਾ ਫਿਰੇ । (ਅਜੇਹੇ ਸਾਰੇ ਯਤਨ (ਆਪਾ ਭਾਵ ਗੁਆ ਕੇ) ਪ੍ਰਭੂ ਦੇ ਭੈ-ਭਾਉ ਵਿਚ ਰੰਗੀਜ ਕੇ ਪ੍ਰਭੂ ਦੀ ਯਾਦ ਨਾਲ ਜੁੜੇ ਰਹਿਣ ਦੀ ਬਰਾਬਰੀ ਨਹੀਂ ਕਰ ਸਕਦੇ) । ੧ ।

ਉਪਰੋਕਤ ਗੁਰੂ-ਫ਼ੁਰਮਾਨਾ ਵਿਚ " ਅਭਿਆਸ ' ਲਫ਼ਜ਼ ਨਾਮ ਬਾਣੀ ਨਾਲ ਨਹੀਂ ਸਗੋਂ ਵੇਦ ਬਾਣੀ ਅਥਵਾ ਫੋਕਟ ਕਰਮ-ਕੰਡੀ ਮਰਯਾਦਾ ਨਾਲ ਵਰਤਿਆ ਹੋਇਆ ਹੈ । " ਸਿੱਖ ਰਹਿਤ ਮਰਯਾਦਾ ਵਿਚ " **ਨਾਮ-ਬਾਣੀ ਦਾ ਅਭਿਆਸ** " ਲਿਖਣਾ ਪੰਥਕ ਖ਼ੁਸ਼ਕਿਸਮਤੀ ਕਿਵੇਂ ਮੰਨੀ ਜਾਵੇ ?

੪੮- ਸਹਸਬਾਹੁ ਮਧਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹ ਬਿਧਾਸਾ ॥ ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥ ੬ ॥ [੨੨੪]-੯

ਇਸ ਗੁਰੂ ਫ਼ੁਰਮਾਨ ਵਿਚ ਅਭਿਆਸ ਸ਼ਬਦ ਭਗਤੀ ਦੇ ਉਸੇ ਕਰਮਕਾਂਡੀ ਢੰਗ ਵਾਲੇ ਸਮੇ ਦੇ ਜ਼ਿਕਰ ਵਿਚ, ਭਾਵ ਨਿਥਿਹਾਸਕ ਕਹਾਣੀ ਦੇ ਪਾਤ੍ਰਾਂ ਨਾਲ ਜੁੜੀ ਵਾਰਾਤਾ ਦੇ ਸੰਕੇਤ ਮਈ ਜ਼ਿਕੇ ਵਿਚ ਹੀ ਆਇਆ ਹੈ। ਸ਼ਬਦ ਵਿਚਾਰ ਅਥਵਾ ਗੁਰੂ ਦੀ ਮਤਿ ਅਨੁਸਾਰ ਪ੍ਰਭੂ ਦਾ ਨਾਮ ਸਿਮਰਨ ਦੇ ਉਪਦੇਸ਼ ਸਮੇ ਅਭਿਆਸ--ਕਰਤ-ਵਿਦਿਆ ਦਾ ਜ਼ਿਕਰ ਕਿਸੇ ਥਾਂ ਨਹੀਂ ਮਿਲਿਆ।

ਜਪੁ (ਜੀ ਸਾਹਿਬ ਦੀ ਚੋਥੀ ਪਉੜੀ) ਵਿਚ ਸਤਿਗੁਰਾਂ ਨੇ ਪ੍ਰਭੂ ਨਾਲ ਪਿਆਰ ਬਣਾਉਣ ਲਈ ਉਸ ਦੀਆਂ ਵਡਿਆਈਆਂ ਦੀ ਵਿਚਾਰ ਕਰਨ ਦਾ ਅਥਵਾ ਪ੍ਰਭੂ ਦੀ ਉਸਤਤ ਕਰਨ ਦਾ ਉਪਦੇਸ਼ ਲਿਖਿਆ ਹੈ, ਅਜੇਹਾ ਅਜੇਹਾ ਕਰਨ ਲਈ ਪੂਰਨ ਸਾਵਧਾਨੀ ਅਤੇ ਇਕਾਗਰਤਾ ਦਾ ਉਪਦੇਸ਼ ਵੀ ਹੈ--" **ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ** ॥ [੨੯੫] ਅਤੇ ਗੁਰੂ-ਬਾਣੀ ਪੜ੍ਹਨ ਬਾਰੇ ਸਤਿਗੁਰਾਂ ਦੇ ਫ਼ੁਰਮਾਨ ਇਉਂ ਵੀ ਹਨ--" **ਹਉ ਵਾਰੀ ਜੀਉ ਵਾਰੀ ਪੜ੍ਹਿ ਬੁਝਿ ਮੰਨਿ ਵਸਾਵਣਿਆਂ ॥** " [੧੨੭]--" **ਸੁਣਿਆ ਮੰਨਿਆ, ਮਨਿ ਕੀਤਾ ਭਾਉ ॥** " [ਜਪ] ਗੁਰਬਾਣੀ ਸਮਝ ਕੇ **ਉਸ** ਪ੍ਰਤੀ ਪਿਆਰ ਬਣਾਉਣ ਦਾ ਉਪਦੇਸ਼ ਹੈ । ਗੁਰੂ -ਬਾਣੀ-ਗਿਆਨ ਤੋਂ " **ਨਾਮ** " ਦੀ ਵਡਿਆਈ ਦੀ ਅਸਲੀਯਤ ਸਮਝਣੀ ਹੈ, ਜਿਸ ਤੋਂ ਗੁਰਮੁਖ ਦੇ ਹਿਰਦੇ ਵਿਚ ਪ੍ਰਭੂ ਦਾ ਨਿਰਮਲ " ਭੈ " ਉਪਜਦਾ ਹੈ । " **ਭੈ** " ਤੋਂ **ਭਾਉ** ਬਣਦਾ ਹੈ । ਪ੍ਰਭੂ ਪ੍ਰਤੀ ਭਉ-ਭਾਉ ਤੋਂ ਬਿਨਾ ਕੀਤੇ ਕਿਸੇ ਵੀ ਪ੍ਰਕਾਰ ਦੇ ਗੁਰਬਾਣੀ-ਜਾਪ ਦਾ ਕੋਈ ਲਾਭ ਨਹੀਂ ਹੈ--" **ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ ॥**[੪੬੫] ਉਸ ਸਦਾ-ਥਿਰ ਪ੍ਰਭੂ ਦਾ ਭਉ ਹਉਮੈ ਦਾ ਨਾਸ ਕਰਦਾ ਹੈ--**ਸਚ ਭੈ ਰਾਤਾ ਗਰਬੁ ਨਿਵਾਰੇ ॥**[੯੪੩] ਭਉ-ਭਾਉ ਤੋਂ ਬਿਨਾ " ਨਾਮ-ਬਾਣੀ ਦੇ ਫੋਕੇ ਅਭਿਆਸ ਨਾਲ ਜਨਮ ਮਰਨ ਬਣਿਆਂ ਰਹਿੰਦਾ ਹੈ--" **ਬਿਨ ਭੈ ਭਗਤੀ ਆਵਉ ਜਾਉ ॥**[੧੧੮੯] । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਜੀਵਨ-ਜੁਗਤ ਸੁਆਰ ਕੇ ਮਨੁੱਖ ਨੂੰ ਸ਼ੁੱਭ ਗੁਣਾ ਦਾ ਭੰਡਾਰ ਬਣਾਉਦਾ ਹੈ। ਅਜੇਹੀ ਅਵਸਥਾ ਪੈਦਾ ਕਰਨ ਵਾਲੀ ਹੀ " ਗੁਰੂ-ਸਿੱਖ ਮਰਯਾਦਾ ਬਣਨੀ ਲਾਹੇਵੰਦ ਹੈ । ਪਰ ਜਦ ਗੁਰਬਾਣੀ ਸਮਝ ਕੇ ਉਸ ਅਨੁਸਾਰ ਜੀਵਨ ਢਾਲਣ ਦਾ ਉਪਦੇਸ਼ ਦੇਣ ਦੇ ਥਾਂ, ਗੁਰਬਾਣੀ

ਗਿਆਨ ਸਮਝਣ ਦੀ ਲੋੜ ਮੁਕਾ ਦੇਣ ਵਾਲਾ (ਪ੍ਰੋਹਿਤਵਾਦੀ) " **ਅਭਿਆਸ** " ਸ਼ਬਦ ਰਾਹੀ ' ਸਿੱਖ ਰਹਿਤ ਮਰਯਾਦਾ ' ਕਰਮਕਾਂਡੀ ਸਿਖਿਆ ਦੇ ਰਹੀ ਹੋਵੇ, ਤਾਂ ਸਿੱਖ ਜਗਤ ਵਿਚ ਗੁਰਮਤਿ ਗਿਆਨ ਕਿਥੋਂ ਆਉਣਾ ਸੀ? ਸਿੱਖੀ-ਸਿਧਾਂਤ ਦੇ ਜਨਮ ਦਾਤਾ ਸਤਿ ਸਤਿਗੁਰੂ ਜੀ ਦਾ ਉਪਦੇਸ਼:--

੪੯- **ਭਨਤਿ ਨਾਨਕੁ ਕਰੇ ਵੀਚਾਰੁ ॥ ਸਾਚੀ ਬਾਣੀ ਸਿਉ ਧਰੇ ਪਿਆਰੁ ॥**
**ਤਾ ਕੋ ਪਾਵੈ ਮੋਖ ਦੁਆਰੁ ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥ ੫ ॥** [੬੬੧]-੨-੪

**ਅਰਥ:**--ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ:--ਜਦੋਂ ਮਨੁੱਖ (ਗੁਰੂ ਦੇ ਸ਼ਬਦ ਦੀ) ਵਿਚਾਰ ਕਰਦਾ ਹੈ, ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਸਿਫ਼ਤਿ ਸਾਲਾਹ ਵਾਲੀ ਇਸ ਗੁਰੂ-ਬਾਣੀ ਨਾਲ ਪਿਆਰ ਪਾਉਂਦਾ ਹੈ, ਤਦੋਂ ਉਹ (ਮਾਇਆ ਦੇ ਮੋਹ ਤੋਂ) ਖ਼ਲਾਸੀ ਦਾ ਦਰਵਾਜ਼ਾ ਲੱਭ ਲੈਂਦਾ ਹੈ। (ਸਿਫ਼ਤਿ ਸਾਲਾਹ ਵਾਲਾ ਇਹ) ਸ੍ਰੇਸ਼ਟ ਗੁਰ-ਸ਼ਬਦ ਹੀ ਅਸਲ ਜਪ ਹੈ ਅਸਲ ਤਪ ਹੈ। ੫।

ਸਤਿਗੁਰਾਂ ਦੇ ਅਜੇਹੇ ਉਪਦੇਸ਼ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ, ਗੁਰਬਾਣੀ ਪੜ੍ਹਨ ਦਾ ਅਭਿਆਸ ਕਰਨ ਦਾ ਉਪਦੇਸ਼ ਨਿਰੰਦੇਹ ਬ੍ਰਾਹਮਣੀ ਬੋਲੀ ਹੈ।

' **ਗੁਰਮਤ ਮਾਰਤੰਡ** ' ਪੁਸਤਕ ਵੀ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੇ ਹੀ ਛਾਪੀ ਹੈ । ਉਸ ਦੇ ਤੀਜੀ ਵਾਰ ਛਪੇ ਅਕਤੂਬਰ ੧੯੮੩ ਵਾਲੇ **ਐਡੀਸ਼ਨ** ਦੇ ੮੧ ਸਫ਼ੇ ਦੇ (੩) ਨੰਬਰ ਤੇ ਜਿਥੇ ਬਾਣੀ ਦੀ ਗੱਲ ਹੈ ਉਥੇ " ਪਾਠ ਪ੍ਰੇਮ ਨਾਲ ਕਰਨ ਦੀ " ਤਾਕੀਦ ਲਿਖੀ ਹੈ ਪਰ ੧੦ਵੇਂ ਥਾਂ ਜਿੱਥੇ " ਅੱਖਰੀ ਵਿਦਿਆ " ਜਾਂ " ਸ਼ਸਤਰ-ਵਿਦਿਆ " ਦੀ ਗੱਲ ਆਈ ਉਥੇ-- " ਵਿਦਯਾ ਦਾ **ਅਭਯਾਸ** ਕਰਨਾ ਖ਼ਾਸ ਕਰਕੇ ਗੁਰਮੁਖੀ ਦਾ ਅਤੇ ਫਿਰ--" ਸ਼ਸਤ੍ਰ ਵਿਦਯਾ ਅਤੇ ਘੋੜੇ ਦੀ ਸਵਾਰੀ ਦੇ ਪੂਰੇ **ਅਭਯਾਸੀ** ਹੋਣਾ " ਲਿਖਿਆ ਹੈ । ਜਦੋਂ ਧਰਮ ਦੀ ਗੱਲ ਆਈ ਉਥੇ ਨਾਲ ਹੀ--" ਧਰਮ ਪੁਸਤਕਾਂ ਦੇ ਪੂਰੇ ਗਯਾਤਾ ਹੋਣਾ " ਲਿਖਿਆ ਹੈ । ਇਸ ਲਿਖਤ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ' **ਅਭਿਆਸ** ' ਤੋਂ ਭਾਵ ਤੋਤੇ ਵਾਂਗ ਰਟਨ ਅਥਵਾ ਪਰੈਕਟਸ (Practice) ਹੈ । ਅਭਿਆਸ ਨਾਲ ਤੋਤੇ ਨੂੰ ਵੀ ਨਾਮ-ਅਭਿਆਸੀ ਬਣਾਇਆ ਜਾ ਸਕਦਾ ਹੈ--**ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ ॥ ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ ॥ ੮੪ ॥** [ਅਕਾਲ ਉਸਤਤਿ}

ਸਿੱਖ ਰਹਿਤ ਮਰਯਾਦਾ ਵਿਚ ਆਏ " **ਅਭਿਆਸ** " ਲਫ਼ਜ਼ ਤੋ ਹੀ ਪ੍ਰੇਰਨਾ ਲੈ ਕੇ ਨਾਮ ਬਾਣੀ ਦਾ " ਜਾਪ " ਕਰਨ ਦੀਆਂ ਕਈ ਤਰ੍ਹਾਂ ਦੀਆਂ ਵਿਧੀਆਂ ਸਿਖਾਉਣ ਵਾਲੇ ਅੱਡੇ ਚਲ ਨਿਕਲੇ ਅਤੇ " ਜਾਪ " ਦੇ ਅਭਿਆਸ ਤੋਂ ਮਨ ਇੱਛੇ ਫਲ ਪ੍ਰਾਪਤ ਹੋਣ ਦੀ ਨਿਸਫਲ-ਚਰਚਾ ਚਲ ਪਈ। ਡੇਰਾਵਾਦੀਆਂ ਨੇ ' ਨਾਮ ਅਭਿਆਸੀ " ਤਾਂ ਭਾਵੇਂ ਕਈ ਪੈਦਾ ਕਰ ਲਏ ਹੋਣਗੇ ਪਰ ਗੁਰਮਤਿ ਸਿਧਾਂਤ ਤੋਂ ਜਾਣੂੰ ਹੋ ਕੇ ਉਸ ਅਨੁਸਾਰ ਆਪਣਾ ਜੀਵਨ ਢਾਲ ਲੈਣ ਦੀ ਗੱਲ ਕਰਨ ਵਾਲਾ ਸ਼ਾਇਦ ਕਿਸੇ ਨੂੰ ਵੀ ਨਹੀਂ ਬਣਾ ਸਕੇ (ਸ਼ਾਇਦ ਜੇ ਕੋਈ ਬਨਿਆਂ ਹੈ ਤਾਂ ਉਹ ਕਰਮ-ਅਭਿਆਸ ਨਾਲ ਨਹੀਂ ਸਗੋਂ ਸਤਿਗੁਰਾਂ ਸੀ ਸਿਖਿਆ ਅਤੇ ਮਿਹਰ ਦੁਆਰਾ ਬਨਿਆ ਹੋਵੇਗਾ ?) ਨਾਮ ਜਪਣ ਦੀਆਂ ਵਿਧੀਆਂ ਸਿਖਾਉਣ ਵਾਲੀਆਂ ਪੁਸਤਕਾਂ ਦਾ ਅਤੇ ਇੱਛਾ ਪੂਰਕ ਗ੍ਰੰਥਾਂ ਦਾ ਜਨਮ ਦਾਤਾ ਵੀ ' ਅਭਿਆਸ " ਸ਼ਬਦ ਹੀ ਹੈ । " ਅਭਿਆਸ " ਰਟਨ ਵਾਲੇ ਪਾਸੇ ਲੈ ਜਾਂਦਾ ਹੈ ਅਤੇ " ਸਿਮਰਣ " ਪਦ ਦੇ ਅਰਥ ਵਿਗਾੜਦਾ ਹੈ । **ਅਭਿਆਸ ਅਥਵਾ ਰਟਨ ਤੋਂ ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਤੋਂ ਉਪਜਣ ਵਾਲੀ ਅਵਸਥਾ ਨਹੀਂ ਬਣ ਸਕਦੀ।**

ਕਿਸੇ ਮੰਤ੍ਰ ਦਾ ਜਾਪ, ਮਨ ਦੀ ਇਕਾਗਰਤਾ ਤੋਂ ਬਿਨਾ ਕੀਤਾ ਜਾ ਸਕਦਾ ਹੈ । ਮਨ ਦੇਸੋ ਪ੍ਰਦੇਸ ਖੱਜਲ ਹੋ ਰਿਹਾ ਹੁੰਦਾ ਪਰ ਜ਼ਬਾਨ ਨਾਲ ਗੁਰਬਾਣੀ ਦਾ ਨਿਤਨੇਮ ਪੂਰਾ ਕਰ ਲਿਆ ਜਾਂਦਾ ਹੈ। ਏਸੇ ਕਰਕੇ ਹੀ ਸੁਲਤਾਨ ਪੁਰ ਲੋਧੀ ਦੇ ਨਵਾਬ ਅਤੇ ਮੌਲਵੀ ਦੇ ਕੋਲ ਖਲੋਤਿਆਂ ਵੀ ਉਨ੍ਹਾਂ ਨੂੰ ਗ਼ੈਰਹਾਜ਼ਰ ਜਾਣ ਕੇ ਸਤਿਗੁਰਾਂ ਨੇ ਨਿਮਾਜ਼ ਨਹੀਂ ਸੀ ਪੜ੍ਹੀ। " ਸਿਮਰਨ ਦਾ ਅਰਥ " ਯਾਦ " ਹੈ । " ਸਿਮਰਨ " ਸਦਾ ਮਨ ਤੋਂ ਅਥਵਾ ਹਿਰਦੇ ਤੋਂ ਹੀ ਕੀਤਾ ਜਾ ਸਕਦਾ ਹੈ। ਜੇ ਮਨ ਕਿਸੇ ਦੂਰ ਦੁਰਾਡੇ ਦੇਸ਼ ਭਟਕ ਰਿਹਾ ਹੋਵੇ, ਤਾਂ ਆਪਣੇ ਕਿਸੇ ਬੜੇ ਪਿਆਰੇ ਸੱਜਣ ਦੀ ਯਾਦ ਕਦੇ ਨਹੀਂ ਆ ਸਕਦੀ। ਯਾਦ ਆਉਣ ਦਾ ਅਰਥ ਕੇਵਲ ਅਤੇ ਕੇਵਲ ਇਹੀ ਹੈ, ਕਿ ਮਨ ਦੀ ਤਾਰ ਪਿਆਰੇ ਨਾਲ ਜਾ ਜੁੜੀ ਹੈ। ਇਸ ਲਈ ਗੁਰਬਾਣੀ ਵਿਚ ਬਹੁਤੀ ਥਾਈਂ **ਜਾਪ** ਦਾ ਅਰਥ ਵੀ **ਸਿਮਰਨ** ਹੀ ਹੈ। " ਅਭਿਆਸ " ਇੱਕ ਸਰੀਰਕ ਕਿਰਿਆ ਹੈ । ਅਭਿਆਸ ਕਰਵਾਉਣ ਨਾਲ ਪਸ਼ੂ ਪੰਖੀਆਂ ਨੂੰ ਕਈ ਕੁਝ ਸਿਖਾਇਆ ਜਾ ਸਕਦਾ ਹੈ। ਪਰ **ਪਸ਼ੂ ਪੰਖੀ ਵਿਦਵਾਨ ਨਹੀਂ ਬਣ ਗਏ ਹੁੰਦੇ** । ਅਭਿਆਸ ਨਾਲ ਬਾਣੀ ਕੰਠ ਹੋ ਸਕਦੀ ਹੈ, ਪਰ ਨਾਮ ਬਾਣੀ ਦਾ ਸੱਚਾ ਸਤਿਕਾਰ ਅਤੇ ਹਿਰਦੇ ਵਿਚ ਵਾਸਾ, ਤਦ ਹੀ ਹੋ ਸਕਦਾ ਹੈ, ਜੇ ਸਤਿਗੁਰਾਂ ਦੀ ਸਿਖਿਆ ਅਨੁਸਾਰ ਗੁਰੂ-ਬਾਣੀ ਦਾ ਭਾਵ ਸਮਝਣ ਦੀ ਲਾਲਸਾ ਨਾਲ ਇਕਾਗਰ ਚਿਤ ਹੋ ਕੇ ਪੜ੍ਹਿਆ ਅਤੇ ਬੁਝਿਆ ਜਾਵੇ--**ਪੜਿਐ ਨਾਹੀ ਭੇਦੁ ਬੁਝੀਐ ਪਾਵਣਾ ॥** [੧੪੮]--**ਭਾਈ ਰੇ, ਗੁਰਮੁਖਿ ਬੂਝੈ ਕੋਇ ॥ ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥ ੧ ॥ ਰਹਾਉ ॥** [੩੨] ਸਤਿਗੁਰਾਂ ਨੇ ਤਾਂ ਬਾਰੇ ਬਾਰ ' ਬੁਝਣ " ਤੇ ਜ਼ੋਰ ਦਿੱਤਾ ਹੈ ਪਰ ਜਿਸ ਸਿੱਖ ਮਰਯਾਦਾ " ਨੂੰ ਇਹ ਮਾਣ ਪ੍ਰਾਪਤ ਹੈ ਕਿ ਉਸ ਨੂੰ ਗੁਰੂ-ਪੰਥ " ਨੇ ਤਿਆਰ ਕੀਤਾ ਹੈ ਉਸ ਵਿਚ ਅਕਲ ਅਥਵਾ ਸਮਝ ਵਰਤ ਕੇ ਗੁਰਮਤਿ-ਗਿਆਨ ਨੂੰ " ਸਮਝਣ-ਬੁੱਝਣ " ਦੀ ਗੱਲ ਉੱਕੀ ਹੈ ਹੀ ਨਹੀ।

**ਪੰਥਕ ਤੌਰ ਤੇ ਮੁੜ ਵਿਚਰਾਂ ਕਰਨ ਦੀ ਲੋੜ ਹੈ**--ਮਨੁੱਖ ਨੂੰ ਸੂਰਮਾ ਬਣਾਉਣ ਦੇ ਨਾਲ, ਪ੍ਰੀਤਮ ਦੇ ਦੇਸ ਦਾ ਪਾਂਧੀ ਬਣਾ ਦੇਣ ਵਾਲੇ ਗੁਰੂ ਗਿਆਨ ਨੂੰ ਦ੍ਰਿੜ ਕਰਾਉਣ ਦੀ ਇਛਿਆ ਨਾਲ, ਗੁਰੂ ਪੰਥ ਵਲੋਂ ਬਣਾਈ--[" **ਗੁਰਿ ਗਿਆਨੁ ਦ੍ਰਿੜਾਇਓ ਦੀਪਕ ਬਲਿਓ** ॥] ' **ਸਿੱਖ ਰਹਿਤ ਮਰਯਾਦਾ** " ਵਿਚ, ਪ੍ਰੋਹਿਤਵਾਦੀ ਸ਼ਬਦ **(ਅਭਿਆਸ)** ਦਾ ਆਉਣਾ ਸ਼ਾਇਦ ਗੁਰਮਤਿ ਨਾ ਹੀ ਹੋਵੇ ਜੀ ?

**੩- (ੳ) ਅਰਦਾਸਿ** ਇਹ ਹੈ। (ਵਾਰ ਸ੍ਰੀ ਭਗਉਤੀ ਜੀ ਬਾਰੇ ਉੱਪਰ ਆ ਚੁਕਿਆ ਹੈ)

ਖਰੜੇ ਦੇ ੯ ਸਫੇ ਤੇ ਅਰਦਾਸ ਦਾ ਨਮੂਨਾ ਲਿਖ ਕੇ ਹੇਠਾਂ ਟੂਕ ਵਿਚ ਇਉਂ ਲਿਖਿਆ ਹੈ--" ਇਹ ਅਰਦਾਸ ਦਾ ਨਮੂਨਾ ਹੈ । " ਪ੍ਰਿਥਮ ਭਗੌਤੀ " ਵਾਲੇ ਸ਼ਬਦ ਅਤੇ " ਨਾਨਕ ਨਾਮ " ਵਾਲੀਆਂ ਅੰਤਿਮ ਦੋ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ" ।

ਅਜੇਹੇ Foot note ਤੋਂ ਲਗ ਪਗ ਸਾਰੇ ਹੀ ਗੁਰੂ ਦਰਬਾਰਾਂ ਵਿਚ ਕੀਤੀ ਜਾਂਦੀ ਅਰਦਾਸ ਵਿਚ ਭੇਟਾ ਕੀਤੇ ਗਏ, ਅਰਪਣ ਕੀਤੇ ਗਏ ਅਥਵਾ ਦਾਨ ਕੀਤੇ ਗਏ ਮਾਇਕ ਪਦਾਰਥਾਂ ਦੀ ਅਤੇ ਨਕਦ ਮਾਇਆ ਦੇ **ਦਾਨੀਆਂ** ਦੇ ਅਤੇ ਪਤੇ ਸਮੇਤ, ਅਤੇ ਉਸ ਸਾਰੇ ਤਰ੍ਹਾਂ ਦੀ ਸੇਵਾ ਦੇ ਵੱਟੇ ਸੰਸਾਰੀ ਪਦਾਰਥਾਂ ਦੀ ਮੰਗ ਕਰਨ ਵਾਲਿਆਂ **ਮੰਗਤਿਆਂ** ਦੇ ਅਤੇ ਪਤੇ ਸਮੇਤ ਪੂਰੇ ਵਰਵੇ ਦੀ ਲੰਮੀ ਚੌੜੀ ਸੂਚੀ ਪੜ੍ਹ ਕੇ ਸੁਣਾਈ ਜਾਣ ਵਾਲੀ

ਗੁਰਮਤਿ ਵਿਰੋਧੀ ਰਸਮ ਪ੍ਰਚਲਤ ਹੋ ਗਈ ਹੈ। ਅਜੇਹਾ ਕੀਤਾ ਜਾਣ ਨਾਲ (ਦਾਸ ਦੀ ਤੁੱਛ ਸਮਝ ਅਨੁਸਾਰ) ਭੇਟਾ ਅਤੇ ਅਰਪਣ ਕਰਨ ਬਾਰੇ ਅਥਵਾ ਦਾਨ ਪ੍ਰਥਾ ਬਾਰੇ ਅਤੇ ਫਿਰ ਸੰਸਾਰੀ ਪਦਾਰਥਾਂ ਦੀ ਮੰਗ ਬਾਰੇ ਗੁਰਬਾਣੀ ਦੇ ਬੇਅੰਤ ਹੁਕਮਾਂ ਦੀ ਉਲੰਙਣਾ ਕਰਨ ਦੀ ਅਵੱਗਿਆ ਦੇ ਨਾਲ ਗੁਰਮਤਿ ਦੇ ਬੜੇ ਜ਼ਰੂਰੀ ਸਿਧਾਤਾਂ ਦੀ ਖੰਡਨਾ ਕਰਨ ਦੀ ਭੁੱਲ ਕੀਤੀ ਜਾ ਰਹੀ ਹੁੰਦੀ। ਗੰਭੀਰ ਸ਼ੰਕਾ ਹੈ ਕਿ ਜਿਸ ਅਰਦਾਸ ਵਿਚ ਸਤਿਗੁਰਾਂ ਦੇ ਬੇਅੰਤ ਹੁਕਮਾਂ ਦੀ ਉਲੰਙਣਾ ਹੋ ਰਹੀ ਹੋਵੇ ਉਹ ਅਰਦਾਸ ਗੁਰੂ ਦਰਬਾਰ ਵਿਚ ਮਨਜ਼ੂਰ ਕਿਵੇਂ ਹੋ ਸਕਦੀ ਹੈ ? ਪੰਥ ਵਲੋਂ ਕੀਤੀ ਚੜ੍ਹਦੀ ਕਲਾ ਦੀ ਮੰਗ ਵੀ ਫਿਰ ਕਿਸ ਨੇ ਪਰਵਾਨ ਕਰਨੀ ? ਜਿਨ੍ਹਾਂ ਸ਼ਬਦ: ਦੀ ਉਲੰਙਣਾ ਅਰਦਾਸ ਵਿਚ ਹੋ ਰਹੀ ਹੁੰਦੀ ਹੈ ਉਨ੍ਹਾਂ ਬੇਅੰਤ ਗੁਰੂ ਫ਼ੁਰਮਾਨਾਂ ਵਿਚੋਂ ਉਦਾਹਰਣ ਵਜੋਂ ਕੁਝ ਇਸ ਪ੍ਰਕਾਰ ਹਨ:--

**ਹੁਕਮ ਮੰਨਣ ਦੀ ਸੱਚੀ ਭੇਟਾ** ---

੪੭- ਤੁਧ ਨੋ ਨਿਵਣੁ ਮੰਨਣੁ ਤੇਰਾ ਨਾਉ ॥ **ਸਾਚੁ ਭੇਟ ਬੈਸਣ ਕਉ ਥਾਉ** ॥
ਸਤੁ ਸੰਤੋਖ ਹੋਵੈ ਅਰਦਾਸਿ ॥ ਤਾ ਸੁਣ ਸਦਿ ਬਹਾਲੇ ਪਾਸਿ ॥ ੧ ॥[੮੭੮]-੮

੪੮- ਕਿਆ ਦੇਵਉ ਜਾ ਸਭੁ ਕਿਛੁ ਤੇਰਾ ॥ ਸਦ ਬਲਿਹਾਰਿ ਜਾਉ ਲਖ ਬੇਰਾ ॥
ਤਨੁ ਮਨੁ ਜੀਉ ਪਿੰਡੁ ਦੇ ਸਾਜਿਆ ॥ ਗੁਰ ਕਿਰਪਾ ਤੇ ਨੀਚੁ ਨਿਵਾਜਿਆ ॥ ੩ ॥[੮੮੭]--੧੪

੪੯- ਕੋਈ ਮਾਰਗੁ ਪੰਥੁ ਬਤਾਵੈ ਪ੍ਰਭ ਕਾ, ਕਹੁ ਤਿਨ ਕਉ ਕਿਆ ਦਿਨਥੇ ॥
ਸਭੁ ਤਨੁ **ਮਨੁ ਅਰਪਉ,** ਅਰਪਿ ਅਰਾਪਉ, ਕੋਈ ਮੇਲੈ ਪ੍ਰਭੁ ਮਿਲਥੇ ॥ ੩ ॥[੧੩੨੦]--੩

੫੦- ਹਉ ਮਨੁ **ਅਰਪੀ,** ਸਭੁ ਤਨੁ **ਅਰਪੀ ਅਰਪੀ** ਸਭਿ ਦੇਸਾ ॥ ਹਉ **ਸਿਰੁ ਅਰਪੀ** ਤਿਸੁ ਮੀਤ
ਪਿਆਰੇ ਜੋ ਪ੍ਰਭ ਦੇਇ ਸਦੇਸਾ ॥ **ਅਰਪਿਆ ਤ ਸੀਸੁ** ਸੁਥਾਨਿ ਗੁਰ ਪਹਿ, ਸੰਗਿ ਪ੍ਰਭੂ ਦਿਖਾਇਆ ॥ ਖਿਨ
ਮਾਹਿ ਸਗਲਾ ਦੂਖੁ ਮਿਟਿਆ, ਮਨਹੁ ਚਿੰਦਿਆ ਪਾਇਆ ॥ ਦਿਨੁ ਰੈਣਿ ਰਲੀਆ ਕਰੈ ਕਾਮਣਿ, ਮਿਟੇ
ਸਗਲ ਅੰਦੇਸਾ ॥ ਬਿਨਵੰਤਿ ਨਾਨਕ ਕੰਤੁ ਮਿਲਿਆ, ਲੋੜਤੇ ਹਮ ਜੈਸਾ ॥ ੩ ॥[੨੪੭]--੧

੫੧- ਗੁਰ ਮਿਲਿ ਲਧਾ ਜੀ, ਰਾਮੁ ਪਿਆਰਾ ਰਾਮ ॥ ਇਹੁ **ਤਨੁ ਮਨੁ ਦਿਤੜਾ,** ਵਾਰੋ
ਵਾਰਾ ਰਾਮ ॥ ਤਨੁ ਮਨੁ ਦਿਤਾ ਭਵਜਲੁ ਜਿਤਾ ਚੂਕੀ ਕਾਂਣਿ ਜਮਾਣੀ ॥ ਅਸਥਿਰੁ ਥੀਆ
ਅੰਮ੍ਰਿਤੁ ਪੀਆ ਰਹਿਆ ਆਵਣ ਜਾਣੀ ॥ ਸੋ ਘਰੁ ਲਧਾ ਸਹਜਿ ਸਮਧਾ ਹਰਿ ਕਾ ਨਾਮੁ ਅਧਾਰਾ ॥
ਕਹੁ ਨਾਨਕ ਸੁਖਿ ਮਾਣੇ ਰਲੀਆਂ ਗੁਰ ਪੂਰੇ ਕੰਉ ਨਮਸਕਾਰਾ ॥ ੧ ॥[੫੭੬]--੧

੫੨- ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ ॥ ਮਨੁ ਤਨੁ **ਬੁਧਿ ਅਰਪੀ** ਠਾਕੁਰ ਕਉ
ਤਬ ਹਮ ਸਹਜਿ ਸੋਇ ॥ ੩ ॥ ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ ॥
ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥ ੪ ॥[੨੧੪]--੧੫੯

੫੩- ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥ ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥.. ੧ ॥[੪੬੬]-ਵਾ-੬

੫੪- ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥
ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥ ੪ ॥[੬੨]-੧੪

੫੫- ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲਿਐ ਹਰਿ ਦੁਆਰਾ ॥ ੪ ॥[੬੪੨]-੩

੫੬- ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥
ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥ ੧ ॥[੬੭੪]-੧੩

੫੭- ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥ ਤਉ ਨ ਪੁਜਹਿ
ਹਰਿ ਕੀਰਤਿ ਨਾਮਾ ॥ ਆਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥ ੧ ॥ ਰਹਾਉ ॥[੮੭੩]--੧

੫੮- ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿੁ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥ ੧ ॥[੧੩੬੩]-੧

੫੯- ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥ ੧ ॥[੩੨੭]-੧੯

੬੦- ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥ ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥ ੩ ॥
ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ ॥ ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥੪॥[੪੦੧]-੧੮-੧੨੦

੬੧- ਅਸੁ ਦਾਨ, ਗਜ ਦਾਨ, ਸਿਹਜਾ ਨਾਰੀ ਭੂਮਿ ਦਾਨ, ਐਸੋ ਦਾਨੁ ਨਤ ਨਿਤਹਿ ਕੀਜੈ ॥ ਆਤਮ ਜਉ
ਨਿਰਮਾਇਲੁ ਕੀਜੈ, ਆਪ ਬਰਾਬਰਿ ਕੰਚਨੁ ਦੀਜੈ, ਰਾਮ ਨਾਮ ਸਰਿ ਤਊ ਨ ਪੂਜੈ ॥ ੩ ॥[੯੭੩]-੪

**ਝੂਠਾ ਮੰਗਣ ਜੇ ਕੋ ਮਾਗੈ ॥**--

੬੨- ਝੂਠਾ ਮੰਗਣੁ[੧] ਜੇ ਕੋਈ ਮਾਗੈ ॥ ਤਿਸ ਕਉ ਮਰਤੇ ਘੜੀ ਨਾ ਲਾਗੈ ॥

ਪਾਰਬ੍ਰਹਮੁ ਜੋ ਸਦ ਹੀ ਸੇਵੈ ਸੋ ਗੁਰ ਮਿਲਿ ਨਿਹਚਲੁ ਕਹਣਾ[2] ॥ ੧ ॥[੧੦੯]-੪੩ ੨=ਕਿਹਾ ਜਾਂਦਾ ਹੈ।

੬੨- **ਨਦਰੀ ਆਵੈ ਤਿਸੁ ਸਿਉ ਮੋਹੁ ॥ ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ ॥**
ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥ ਸਾਧ ਸੰਗਤਿ ਕੈ ਅੰਚਲਿ ਲਾਵਹੁ ॥ ੧ ॥[੮੦੧]-੧

੬੪- ਕਪੜ ਭੋਗ ਵਿਕਾਰ, ਏ ਹਭੇ ਹੀ ਛਾਰ ॥ ਖਾਕੁ ਲੋੜੇਦਾ ਤੰਨਿ ਖੇ, ਜੋ ਰਤੇ ਦੀਦਾਰ ॥ ੨ ॥[੧੦੯੮]-ਵਾ-੧੧

੬੫- ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ ॥ ਆਠ ਪਹਰ ਮਹਾ ਸ੍ਰਮੁ ਪਾਇਆ
ਜੈਸੇ ਬਿਰਖ ਜੰਤੀ ਜੋਤ ॥ **ਤਜਿ ਗੋੁਪਾਲ ਜਿ ਆਨ ਲਾਗੇ ਸੇ ਬਹੁ ਪ੍ਰਕਾਰੀ ਰੋਤ ॥**
ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠਿ ਪਰੋਤ ॥ ੨ ॥[੧੧੨੧]-੫-੧੩

੬੬- **ਧਨੁ ਧਨੁ ਕਹਾ ਪੁਕਾਰਤੇ[1] ਮਾਇਆ ਮੋਹ ਸਭ ਕੂਰ[2] ॥** ੧=ਕੂਕਦੇ, ਤਰਲੇ ਲੈਂਦੇ। ੨=ਝੂਠੇ,ਨਾਸਵੰਤ।
ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ[3] ॥ ੧ ॥[੨੫੦]--੪ ੩=ਖੇਹ, ਵਿਆਰਥ ਜੀਵਨ ਵਾਲੇ।

੬੭- **ਕਿਆ ਮਾਗਉ ਕਿਛੁ ਥਿਰੁ ਨ ਰਹਾਈ** ॥ ਦੇਖਤ ਨੈਨ ਚਲਿਓ ਜਗੁ ਜਾਈ ॥੧॥ ਰਹਾਉ ॥[੪੮੧]--੮--੨੧

੬੮- ਸਲੋਕ ॥ ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ ॥
ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ ॥ ੧ ॥
ਮਮਾ ਮਾਗਨਹਾਰ ਇਆਨਾ ॥ ਦੇਨਹਾਰ ਦੇ ਰਹਿਓ ਸੁਜਾਨਾ ॥
**ਜੋ ਦੀਨੋ ਸੋ ਏਕਹਿ ਬਾਰ** ॥ ਮਨ ਮੂਰਖ ਕਹ ਕਰਹਿ ਪੁਕਾਰ ॥
ਜਉ ਮਾਗਹਿ ਤਉ ਮਾਗਹਿ ਬੀਆ ॥ ਜਾ ਤੇ ਕੁਸਲ ਨ ਕਾਹੂ ਥੀਆ ॥

੬੯- **ਮਾਗਉ ਦਾਨੁ ਠਾਕੁਰ ਨਾਮ** ॥ ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥ ੧ ॥
ਰਹਾਉ ॥ ਰਾਜੁ ਮਾਲੁ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ ॥ ਧਾਇ ਧਾਇ ਬਹੁ ਬਿਧਿ ਕਉ ਧਾਵੈ ॥
ਸਗਲ ਨਿਰਾਰਥ ਕਾਮ ॥ ੧ ॥ **ਬਿਨੁ ਗੋਵਿੰਦ ਅਵਰੁ ਜੇ ਚਾਹਉ ਦੀਸੈ ਸਗਲ ਬਾਤ ਹੈ ਖਾਮ ॥**
**ਕਹੁ ਨਾਨਕ ਸੰਤ ਰੇਨੁ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ** ॥ ੨ ॥[੭੧੩]-੬

੭੦- ਸਿਸਟਿ ਉਪਾਈ ਸਭ ਤੁਧੁ, ਆਪੇ ਰਿਜਕੁ ਸੰਬਾਹਿਆ ॥ ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ
ਕੂੜੁ ਕੁਸਤੁ ਤਿਨੀ ਢਾਹਿਆ ॥ ਤੁਧੁ ਆਪੇ ਭਾਵੈ ਸੋ ਕਰਹਿ, ਤੁਧੁ ਓਤੈ ਕੰਮਿ ਓਇ ਲਾਇਆ ॥
ਇਕਨਾ ਸਚੁ ਬੁਝਾਇਓਨੁ, ਤਿਨਾ ਅਤੁਟ ਭੰਡਾਰ ਦੇਵਾਇਆ ॥ ਹਰਿ ਚੇਤਿ ਖਾਹਿ ਤਿਨਾ ਸਫਲੁ ਹੈ,
ਅਚੇਤਾ ਹਥ ਤਡਾਇਆ ॥ ੮ ॥[੮੫]-ਵਾਰ

ਲੰਗਰ ਕਰਵਾਉਣ ਵਾਲਿਦਆਂ ਅਲੋਕਾਰ ਸ਼ਰਧਾਲੂਆਂ ਦੀ ਅਨੋਖੀ ਸ਼ਰਧਾ ਦਾ ਵੇਰਵਾ, ਜਾਂ ਹੋਰ ਦਾਨੀਆਂ ਦੇ ਦਾਨ ਦੇ ਵੇਰਵੇ ਦੇ ਨਾਲ, ਉਨ੍ਹਾਂ ਦੀ ਮੰਗ-ਸੂਚੀ ਇਸ ਕਰਕੇ ਅਰਦਾਸ ਵਿਚ ਪੜ੍ਹ ਕੇ ਸੁਣਾਈ ਜਾਣ ਦੀ ਮਰਯਾਦਾ ਬਣ ਰਹੀ ਹੈ ਕਿ ਗੁਰੂ-ਪਰਮੇਸ਼ਵਰ ਜੀ ਭੁੱਲੜ ਹਨ, ਅਗਿਆਨੀ ਹਨ ਅਥਵਾ ਬਿਨ ਬੋਲਿਆਂ ਸਭ ਕੁਝ ਜਾਨਣ ਜੋਗ ਨਹੀਂ ਰਹੇ ? ਕਿ ਜਾਂ ਅਜੇਹਾ ਕਰਕੇ ਕੇਵਲ ਦਾਨੀਆਂ ਦੀ ਝੋਲੀ ਚੁੱਕੀ ਜਾ ਰਹੀ ਹੁੰਦੀ ਹੈ ? ਅਤੇ ਜੇ ਇਹ ਸਭ ਕੁਝ ਸਾਰੀ ਸੰਗਤ ਵਲੋਂ ਕੀਤੀ ਜਾ ਰਹੀ ਅਰਦਾਸ ਵਿਚ ਕਹਿਣਾ ਗੁਰਮਤਿ ਹੈ ਤਾਂ ਸਮਝਾ ਦੇਣ ਦੀ ਮਿਹਰ ਕਰ ਦੇਣੀ ਅਤੇ ਜੇ ਵਾਕਿਆ ਹੀ ਇਹ ਗੁਰਮਤਿ ਵਿਰੋਧੀ ਹੈ ਤਾਂ ਹੋ ਰਹੀ ਇਸ ਅਵੱਗਿਆ ਦੇ ਪਾਪ ਦੀ ਜ਼ਿੰਮੇਵਾਰੀ ਤੋਂ ਸਰਬ-ਉੱਚ ਜਥੇਦਾਰੀ ਕਿਸ ਦਲੀਲ ਨਾਲ ਮੁਕਤ ਹੋ ਸਕਸੀ ਹੈ ?

੭੧- ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ **ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥**
ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥ ਸੁਣੇ ਦੇਖੇ ਬਾਝੁ ਕਹਿਐ **ਦਾਨੁ ਅਣਮੰਗਿਆ ਦਿਵੈ ॥**
ਦਾਨੁ ਦੇਇ ਦਾਤਾ ਜਗਿ ਬਿਧਾਤਾ, ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥੪॥[੭੬੬]-੧-੪

ਸਤਿਗੁਰੂ ਜੀ ਨੇ ਫੁਰਮਾਨ ਹੈ ਕਿ ਬਿਨਾ ਪੁਛਿਆਂ ਦਾਤਾਂ ਦੇਈ ਜਾਣਾ ਪਰਮਾਤਮਾ ਦੀ ਵਡੀ ਵਡਿਆਈ ਹੈ----' **ਹਰਿ ਕੀ ਵਡਿਆਈ ਵਡੀ ਹੈ, ਅਪੁਛਿਆ ਦਾਨੁ ਦੇਵਕਾ** ' ॥ ੬ ॥ [੮੪] ਜੇ ਪੁੱਛਣ ਤੇ ਪਾਏ ਤਾਂ ਗੁੰਗਿਆ ਬੋਲਿਆਂ ਪਸ਼ੂ ਪੰਛੀਆਂ ਨੂੰ ਅਥਵਾ ਨਾਸਤਕਾਂ ਨੂੰ ਰਿਜ਼ਕ ਕਿਥੋਂ ਮਿਲੇ ? ਪ੍ਰਭੂ ਦੀ ਇਸ ਵਡਿਆਈ ਨੂੰ ਦ੍ਰਿੜ ਕਰਾਉਣ ਲਈ ਸਤਿਗੁਰਾਂ ਦੇ ਹੋਰ ਫੁਰਮਾਨ ਇਸ ਪ੍ਰਕਾਰ ਹਨ:--

੭੨- ਤੇਰੀਆ ਸਦਾ ਸਦਾ ਚੰਗਿਆਈਆ ॥ ਮੈ ਰਾਤਿ ਦਿਹੈ ਵਡਿਆਈਆਂ ॥
**ਅਣਮੰਗਿਆ ਦਾਨੁ ਦੇਵਣਾ** ਕਹੁ ਨਾਨਕ ਸਚੁ ਸਮਾਲਿ ਜੀਉ ॥ ੨੪ ॥ [੭੩]-੧

੭੩- ... ਸਰਬੇ ਥਾਨ ਥਨੰਤਰੀ, ਤੂ ਦਾਤਾ ਦਾਤਾਰੁ ॥ ਜਹ ਦੇਖਾ ਤਹ ਏਕੁ ਤੂ, ਅੰਤੁ ਨ ਪਾਰਾਵਾ ॥ ਥਾਨ ਥਨੰਤਰਿ ਰਵਿ
ਰਹਿਆ ਗੁਰਸਬਦੀ ਵੀਚਾਰਿ ॥ **ਅਣਮੰਗਿਆ ਦਾਨੁ ਦੇਵਸੀ, ਵਡਾ ਅਗਮ ਅਪਾਰੁ ॥ ੩੪ ॥**[੯੩੪]

੭੪- ਵਡੀ ਵਡਿਆਈ ਜਾ ਵਡਾ ਨਾਉ ॥ ਵਡੀ ਵਡਿਆਈ ਜਾ ਸਚੁ ਨਿਆਉ ॥ ਵਡੀ ਵਡਿਆਈ ਜਾ ਨਿਹਚਲ ਥਾਉ ॥
ਵਡੀ ਵਡਿਆਈ ਜਾਣੈ ਆਲਾਉ ॥ ਵਡੀ ਵਡਿਆਈ ਬੁਝੈ ਸਭਿ ਭਾਉ ॥ ਵਡੀ ਵਡਿਆਈ ਜਾ **ਪੁਛਿ ਨ ਦਾਤਿ ॥**
ਵਡੀ ਵਡਿਆਈ ਜਾ ਆਪੇ ਆਪਿ ॥ ਨਾਨਕ ਕਾਰ ਨ ਕਥਨੀ ਜਾਇ ॥ ਕੀਤਾ ਕਰਣਾ ਸਰਬ ਰਜਾਇ ॥ ੨ ॥[੪੬੩]-ਵਾ-੨

੭੫- ਘਟਿ ਘਟਿ ਕਥਾ ਰਾਜਨ ਕੀ ਚਾਲੇ ਘਰਿ ਘਰਿ ਤੁਝਹਿ ਉਮਾਹਾ ॥
ਜੀਅ ਜੰਤ ਸਭਿ ਪਾਛੈ ਕਰਿਆ **ਪ੍ਰਥਮੇ ਰਿਜਕੁ ਸਮਾਹਾ** ॥ ੪ ॥ [੧੨੩੫]-੧

੭੬- **ਪਹਿਲੋ ਦੇ ਤੈਂ ਰਿਜਕੁ ਸਮਾਹਾ** ॥ ਪਿਛੋ ਦੇ ਤੈਂ ਜੰਤੁ ਉਪਾਹਾ ॥
ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ ॥ ੬ ॥[੧੩੦]-੧-੩੫

੭੭- ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥ ਅੰਡਜ ਜੇਰਜ ਉਤਭੁਜਾਂ ਖਾਣੀ* ਸੇਤਜਾਂਹ ॥ ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜਨਤਾਹ ॥ ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥ ਜਿਨਿ ਕਰਤੈ ਕਾਰਣਾ ਕੀਆ ਚਿੰਤਾ ਭਿ ਕਰਣੀ ਤਾਹ ॥ ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥ ਤਿਸੁ ਜੋਹਾਰੀ ਸੁਅਸਤਿ ਤਿਸੁ, ਤਿਸੁ ਦੀਬਾਣੁ ਅਭਗੁ ॥ ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥ ੧ ॥[੪੬੭]-ਵਾ-੮

## ਵਿਣੁ ਤੁਧੁ ਹੋਰ ਜਿ ਮੰਗਣਾ ਸਿਰਿ ਦੁਖਾ ਕੈ ਦੁਖੁ ॥

**(ਸੰਪੈ ਕਉ ਈਸਰ ਧਿਆਈਐ ॥ ਸੰਪੈ ਪੁਰਬਿ ਲਿਖੇ ਕੀ ਪਾਈਐ ॥)**

੭੮- **ਅਬ ਤਬ ਅਵਰੁ ਨਾ ਮਾਗਉ** ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ ॥
ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ ਹਰਿ ਜਸੁ ਦੀਜੈ ਕਿਰਪਾ ਧਾਰਿ ॥ ੮ ॥[੫੦੪]-੨

**ਪਦ ਅਰਥ:**--ਅਬ ਤਬ=ਕਦੇ ਵੀ । ਪਹਿ=ਪਾਸੋਂ । ਪਿਆਰਿ=ਪਿਆਰ ਨਾਲ ।ਚਾਤ੍ਰਿਕੁ=ਪਪੀਹਾ । ਜਸੁ=ਸਿਫ਼ਤ ਸਾਲਾਹ ।

੭੯- ਕਰਿ ਕਿਰਪਾ ਜਾਚਿਕ ਜਨ ਤੇਰੇ **ਇਕੁ ਮਾਗਉ ਦਾਨੁ ਪਿਆਰੇ** ॥
ਸਤਿਗੁਰ ਕੀ ਨਿਤ ਸਰਧਾ ਲਾਗੀ ਮੋ ਕਉ ਹਰਿ ਗੁਰੁ ਮੇਲਿ ਸਵੇ ॥ ੧ ॥[੯੮੨]-੫

ਅਗਲੇ ਗੁਰੂ ਸ਼ਬਦ ਦੀ ਇੱਹ ਤੁਕ--" **ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ** " ॥ ਸੁਣਾ ਕੇ ਇਹ ਭਰਮ ਪਾਇਆ ਜਾ ਰਿਹਾ ਹੁੰਦਾ ਹੈ ਕਿ ਸਤਿਗੁਰਾਂ ਨੇ ਪਰਮਾਤਮਾ ਕੋਲੋਂ ਸਭ ਕੁਝ ਮੰਗਣ ਦਾ ਉਪਦੇਸ਼ ਵੀ ਦਿੱਤਾ ਹੈ, ਅਤੇ ਨਾਮ ਤੋਂ ਬਿਨਾ ਹੋਰ ਕੁਝ ਮੰਗਣ ਨੂੰ ਦੁਖਾਂ ਸਿਰ ਦੁੱਖ ਵੀ ਕਿਹਾ ਹੈ । ਸੋ ਇੱਕ ਤਰ੍ਹਾਂ ਨਾਲ ਆਪਣੀ ਮਰਜ਼ੀ ਦੀ ਮੰਗ ਕਰਨ ਦੀ ਪੂਰੀ ਖੁੱਲ੍ਹ ਹੈ । ਅਜੇਹੇ ਭਰਮ ਭੁਲੇਖੇ ਤਦ ਹੀ ਪੈਂਦੇ ਹਨ ਜਦ ਅਸੀਂ ਪੂਰੇ ਸ਼ਬਦ ਦੇ ਆਸ਼ੇ ਨੂੰ ਨਾ ਸਮਝ ਕੇ ਕੇਵਲ ਇੱਕ ਤੁਕ ਨੂੰ ਹੀ ਗੁਰਮਤਿ ਦਾ ਸਿਧਾਂਤ ਮੰਨ ਬੈਠਦੇ ਹਾਂ । ਆਉ ਬਾਲਕ ਵਾਂਗ ਸਭ ਕੁਝ ਮੰਗਣ ਦਾ ਭੇਤ ਸਮਝੀਏ:--

੮੦- ਦੁਖੁ ਤਦੇ ਜਾ ਵਿਸਰਿ ਜਾਵੈ ॥ ਭੁਖ ਵਿਆਪੈ ਬਹੁ ਬਿਧਿ ਧਾਵੈ ॥ ਸਿਮਰਤ ਨਾਮੁ ਸਦਾ ਸੁਹੇਲਾ, ਜਿਸੁ ਦੇਵੈ ਦੀਨ ਦਇਆਲਾ ਜੀਉ ॥ ੧ ॥ ਸਤਿਗੁਰੁ ਮੇਰਾ ਵਡ ਸਮਰਥਾ ॥ ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥ ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ ॥ ੨ ॥ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ ॥ ਦੇਦੇ ਤੋਟਿ ਨਾਹੀ ਪ੍ਰਭ ਰੰਗਾ ॥ ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ ॥੩॥ ਹਉ ਬਲਿਹਾਰੀ ਸਤਿਗੁਰ ਪੂਰੇ ॥ ਜਿਨਿ ਬੰਧਨ ਕਾਟੇ ਸਗਲੇ ਮੇਰੇ ॥ **ਹਿਰਦੇ ਨਾਮੁ ਦੇ ਨਿਰਮਲ ਕੀਏ, ਨਾਨਕ ਰੰਗਿ ਰਸਾਲਾ ਜੀਉ** ॥ ੪ ॥ [੯੮]-੮-੧੫

ਪਹਿਲਾਂ ਸਤਿਗੁਰਾਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਪ੍ਰਭੂ ਨਾਲ ਸਾਂਝ ਬਣਾ ਲਈਏ ਤਾਂ ਫਿਰ ਜਦ ਮਾਇਆ ਦੇ ਬੰਧਨ ਹੀ ਕੱਟੇ ਗਏ ਤਾਂ ਅੰਞਾਣੇ ਵਾਂਗ ਭਾਵ, ਬਾਲ-ਬੁੱਧ ਨਾਲ ਕੀਤੀ ਮੰਗ ਕੀਤੀ ਪ੍ਰਭੂ ਦਾ ਸਦੀਵੀ ਪੱਲਾ ਫੜਾ ਦੇਂਦੀ ਹੈ----**ਬਾਲ ਬੁਧਿ ਪੂਰਨ ਸੁਖਦਾਤਾ ਨਾਨਕ ਹਰਿ ਹਰਿ ਟੇਕ** ॥ ੨ ॥ [੭੧੪]- ।

੮੧- ਤਿਨ ਕੀ ਸਰਣਿ ਪਰਿਆ ਮਨੁ ਮੇਰਾ ॥ ਮਾਣੁ ਤਾਣੁ ਤਜਿ ਮੋਹੁ ਅੰਧੇਰਾ ॥
**ਨਾਮੁ ਦਾਨੁ ਦੀਜੈ ਨਾਨਕ ਕਉ** ਤਿਸੁ ਪ੍ਰਭ ਅਗਮ ਅਗਾਧੇ ਜੀਉ ॥ ੪ ॥ [੧੦੨]-੨੦-੨੭

੮੨- ਕਉਨ ਉਪਮਾ ਤੇਰੀ ਕਹੀ ਜਾਇ ॥ ਸੁਖ ਦਾਤਾ ਪ੍ਰਭੁ ਰਹਿਓ ਸਮਾਇ ॥
**ਨਾਨਕੁ ਜਾਚੈ ਏਕੁ ਦਾਨੁ ॥ ਕਰਿ ਕਿਰਪਾ ਮੋਹਿ ਦੇਹੁ ਨਾਮੁ** ॥ ੪ ॥ [੧੧੮੧]-੫

ਪੰਚਮ ਪਾਤਿਸ਼ਾਹ ਜੀ ਪਰਮੇਸ਼ਰ ਕੋਲੋਂ ਦਾਨ ਮੰਗਣ ਦੀ ਜਾਚ ਸਿਖਾ ਰਹੇ ਹਨ--**ਕਬ ਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ ਇਹੀ ਦਾਨੁ ਮੰਗੈ** ॥ ੨ ॥ [੮੨੪]-੧੫-੧੦੧

੮੩- ਤੁਮ ਦਇਆਲ ਸਰਣਿ ਪ੍ਰਤਿ ਪਾਲਕ ਮੋ **ਕਉ ਦੀਜੈ ਦਾਨੁ ਹਰਿ ਹਮ ਜਾਚੇ** ॥ ਜਾਚੈ=ਮੰਗਦਾ ਹਾਂ ।
ਹਰਿ ਕੇ ਦਾਸ, ਦਾਸ ਹਮ ਕੀਜੈ ਮਨੁ ਨਿਰਤਿ ਕਰੇ ਕਰਿ ਨਾਚੇ ॥ ੩ ॥[੧੬੯]-੧੭-੫੫

੮੪- ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥ ਅੰਤੁ ਨਾਹੀ ਕਿਛੁ ਪਾਰਾਵਾ ॥
**ਦਾਸ ਅਪਨੇ ਕਉ ਦੀਜੈ ਦਾਨੁ** ॥ ਕਬਹੂ ਨ ਵਿਸਰੈ ਨਾਨਕ ਨਾਮੁ ॥ ੫ ॥ [੧੭੮]-੯-੭੮

ਕੀ ਜਾਚਕ ਨੇ ਸਿਰਜਣਹਾਰ ਨੂੰ ਹੀ ਦਾਨ ਵਿਚ ਮੰਗ ਲਿਆ ? :--

੮੫- ਮਾਲੁ ਖਜਾਨਾ ਥੇਹੁ ਘਰੁ ਹਰਿ ਕੇ ਚਰਣ ਨਿਧਾਨ ॥
ਨਾਨਕੁ ਜਾਚਕੁ ਦਰਿ ਤੇਰੈ ਪ੍ਰਭ ਤੁਧ ਨੋ ਮੰਗੈ ਦਾਨੁ ॥ ੪ ॥[੨੧੮]-੪-੧੭੨

ਪੰਚਮ ਪਾਤਿਸ਼ਾਹ ਜੀ, ਆਪਣੇ ਮਨ ਨੂੰ ਸੰਬੋਧਨ ਕਰਦੇ ਹੋਏ, ਪਰਮਾਤਮਾ ਕੋਲੋਂ ਦਾਨ ਮੰਗਣ ਦੀ ਸਾਨੂੰ ਜਾਚ ਸਿਖਾਉਂਣ ਲਈ ਫ਼ੁਰਮਾਨ ਕਰਦੇ ਹਨ:--

੮੬- **ਜਿਸ ਤੇ ਸੁਖ ਪਾਵਹਿ ਮਨ ਮੇਰੇ ਸੋ ਸਦਾ ਧਿਆਇ ਨਿਤ ਕਰ ਜੁਰਨਾ ॥**
**ਜਨ ਨਾਨਕ ਕਉ ਹਰਿ ਦਾਨੁ ਇਕੁ ਦੀਜੈ ਨਿਤ ਬਸਹਿ ਰਿਦੈ ਹਰੀ ਮੋਹਿ ਚਰਨਾ ॥ ੪ ॥** [੮੬੧]-੩

੮੭- **ਆਲ ਜਾਲ ਬਿਕਾਰ ਤਜਿ ਸਭਿ, ਹਰਿ ਗੁਨਾ ਨਿਤਿ ਗਾਉ ॥** ਆਲ=ਘਰ । ਜਾਲ=ਜੰਜਾਲ
**ਕਰ ਜੋੜਿ ਨਾਨਕੁ ਦਾਨੁ ਮਾਗੈ ਦੇਹੁ ਅਪਨਾ ਨਾਉ ॥ ੨ ॥** [੯੮੮]-੧-੬

੮੮- **ਹਿਰਦੈ ਗੋਬਿੰਦ ਗਾਇ,ਚਰਨ ਕਮਲ ਪ੍ਰੀਤਿ ਲਾਇ, ਦੀਨ ਦਇਆਲ ਮੋਹਨਾ ॥ ਕ੍ਰਿਪਾਲ ਦਇਆ ਮਇਆ ਧਾਰਿ ॥ ਨਾਨਕੁ ਮਾਗੈ ਨਾਮੁ ਦਾਨੁ ॥ ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥ ੨ ॥** [੧੩੦੫]-੧-੩੮

੮੯- **ਸਾ ਮਤਿ ਦੇਹੁ ਦਇਆਲ ਪ੍ਰਭ, ਜਿਤੁ ਤੁਮਹਿ ਅਰਾਧਾ ॥ ਨਾਨਕੁ ਮੰਗੈ ਦਾਨੁ ਰੇਨ ਪਗ ਸਾਧਾ ॥ ੪ ॥** [੬੭੭]-੩-੨੭

੯੦- **ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ ॥** ਰੇਨਾਰੇ=ਚਰਣ ਧੂੜ
**ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਪ੍ਰਭਿ ਹਾਥ ਦੇਇ ਨਿਸਤਾਰੇ ॥ ੪ ॥**[੭੩੮]-੬

੯੧- **ਜਗਤ ਉਧਾਰਨ ਸਾਧ ਪ੍ਰਭ ਤਿਨ ਲਾਗਹੁ ਪਾਲ ॥ ਮੋ ਕਉ ਦੀਜੈ ਦਾਨੁ ਪ੍ਰਭ ਸੰਤਨ ਪਗ ਰਾਲ ॥ ੨ ॥**[੮੧੦]-੧੧-੪੧
ਪਗ ਰਾਲ=ਚਰਣਾ ਦੀ ਧੂੜ

੯੨- **ਕਰਿ ਕਿਰਪਾ ਮੇਰੇ ਦੀਨ ਦਇਆਲਾ ॥ ਸਾਧੂ ਕੀ ਮਨੁ ਮੰਗੈ ਰਵਾਲਾ ॥** ਰਵਾਲਾ'=ਚਰਣ ਧੂੜ
**ਹੋਹੁ ਦਇਆਲ ਦੇਹੁ ਪ੍ਰਭ ਦਾਨੁ ॥ ਨਾਨਕੁ ਜਪਿ ਜੀਵੈ ਪ੍ਰਭ ਨਾਮੁ ॥ ੪ ॥** [੮੬੬]-੧੧-੧੩

## ਮਨਮੁਖ ਦੀ ਮੰਗ

ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਜਿਹੜੇ ਮਨੁੱਖ ਗੁਰੂ ਦੀ ਸਿਖਿਆ ਅਨੁਸਾਰ ਚਲ ਕੇ ਪ੍ਰਭੂ ਨਾਲ ਪਿਆਰ ਪਾ ਲੈਂਦੇ ਹਨ ਉਹ ਸਭ ਕਾਸੇ ਦੇ ਮਾਲਕ ਬਣ ਕੇ ਸੰਸਾਰ ਦੀ ਸੋਭਾ ਖੱਟਦੇ ਹਨ । ਪਰ ਜਿਹੜੇ ਪ੍ਰਭੂ ਦੀ ਬਖ਼ਸ਼ਸ਼ ਤੋਂ ਵਾਂਜੇ ਰਹਿੰਦੇ ਹਨ ਉਹ ਪ੍ਰਭੂ ਤੋਂ ਮਿਲਦੀਆਂ ਪਦਾਰਥਕ ਦਾਤਾਂ ਦੇ ਮੋਹ ਵਿਚ ਫਸ ਕੇ ਅੰਤ ਦੁਖੀ ਹੁੰਦੇ ਹਨ:--

੯੩- **ਤਿਨ ਮਤਿ ਤਿਨ ਪਤਿ, ਤਿਨ ਧਨੁ ਪਲੈ , ਜਿਨ ਹਿਰਦੈ ਰਹਿਆ ਸਮਾਇ ॥ ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਹੁ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥ ੪ ॥** [੧੫]-੪

**ਅਰਥ:**--ਜਿੰਨ੍ਹਾਂ ਬੰਦਿਆਂ ਦੇ ਹਿਰਦੇ ਵਿਚ ਪ੍ਰਭੂ ਹਰ ਵੇਲੇ ਵੱਸ ਰਿਹਾ ਹੈ, ਉਹ ਅਕਲ ਵਾਲੇ ਹਨ ਇੱਜ਼ਤ ਵਾਲੇ ਹਨ ਤੇ ਧਨ ਵਾਲੇ । ਐਸੇ ਭਲੇ ਮਨੁੱਖਾਂ ਦੀ ਸਿਫ਼ਤਿ ਕੀਤੀ ਨਹੀਂ ਜਾ ਸਕਦੀ । ਉਨ੍ਹਾਂ ਵਰਗਾ ਸੋਹਣਾ ਹੋਰ ਕੌਣ ਹੈ ? ਪਰ ਪ੍ਰਭੂ ਦੀ ਮਿਹਰ ਤੋਂ ਵਾਂਜੇ ਬੰਦੇ ਉਸ ਦੇ ਨਾਮ ਵਿਚ ਨਹੀਂ ਜੁੜਦੇ, ਉਸ ਦੇ ਦਿੱਤੇ ਧਨ ਪਦਾਰਥ ਵਿਚ ਮਸਤ ਰਹਿੰਦੇ ਹਨ । ੪ ।

੯੪- **ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ ॥**
**ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ ॥ ੧ ॥**[੨੧੨]-੧੨-੧੫੦

੯੫-- **ਜਿਨੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥ ਮੂਲ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥ ੧ ॥**
**ਬਿਨੁ ਨਾਵੈ ਕਿਉ ਛੂਟੀਐ ਜੇ ਜਾਣੈ ਕੋਈ ॥ ਗੁਰਮੁਖਿ ਹੋਇ ਤ ਛੂਟੀਐ ਮਨਮੁਖਿ ਪਤਿ ਖੋਈ ॥ ੧ ॥ ਰਹਾਉ ॥**[੪੨੦]-੧੮

੯੬- **ਸੇਵਾ ਥੋਰੀ ਮਾਗਨੁ ਬਹੁਤਾ ॥ ਮਹਲੁ ਨ ਪਾਵੈ ਕਹਤੋ ਪਹੁਤਾ ॥ ੧ ॥**
**ਜੋ ਪ੍ਰਿਅ ਮਾਨੇ ਤਿਨ ਕੀ ਰੀਸਾ ॥ ਕੂੜੇ ਮੂਰਖ ਕੀ ਹਾਠੀਸਾ ॥ ੧ ॥ ਰਹਾਉ ॥** [੭੩੮]-੧-੭

**ਅਰਥ:**--ਹੇ ਭਾਈ ! ਝੂਠੇ ਮੂਰਖ ਮਨੁੱਖ ਦੇ ਹਠ ਦੀ ਗੱਲ (ਸੁਣ) । ਇਹ ਉਨ੍ਹਾਂ ਦੀ ਰੀਸ ਕਰਦਾ ਹੈ ਜਿਹੜੇ ਪਿਆਰੇ ਪ੍ਰਭੂ ਦੇ ਦਰ ਤੋਂ ਸਤਿਕਾਰ ਹਾਸਲ ਕਰ ਚੁੱਕੇ ਹਨ । ੧ । **ਰਹਾਉ** । ਇਹ ਮੂਰਖ ਕੰਮ ਤਾਂ ਥੋੜਾ ਕਰਦਾ ਹੈ, ਪਰ ਉਹ ਦੇ ਵੱਟੇ ਇਸ ਦੀ ਮੰਗ ਬਹੁਤ ਜ਼ਿਆਦਾ ਹੁੰਦੀ ਹੈ । ਪ੍ਰਭੂ ਦੇ ਚਰਨਾਂ ਤਕ ਤਾਂ ਪਹੁੰਚ ਪ੍ਰਾਪਤ ਨਹੀਂ ਕਰ ਸਕਿਆ ਪਰ ਆਖਦਾ ਹੈ ਕਿ ਮੈਂ (ਪ੍ਰਭੂ ਦੀ ਹਜ਼ੂਰੀ ਵਿਚ) ਪਹੁੰਚਿਆ ਹੋਇਆ ਹਾਂ । ੧ ।

ਫਿਰ, ਖ਼ਾਸ ਦਾਨੀ-ਮੰਗਤਿਆਂ ਦੀ ਮੰਗ-ਸੂਚੀ ਨਾਲ ਸਾਰੀ ਸੰਗਤਿ ਦਾ ਕੀ ਵਾਸਤਾ ਹੁੰਦਾ ਹੈ ਜੀ ? ਜੇ ਕਿਸੇ ਖ਼ਾਸ ਵਿਅਤੀ ਬਾਰੇ ਅਰਦਾਸ ਦਾ ਵਾਸਤਾ ਸਾਰੀ ਸੰਗਤਿ ਨਾਲ ਹੁੰਦਾ ਹੈ ਤਾਂ ਵਿਆਹ ਸ਼ਾਦੀ ਸਮੇ ਕੇਵਲ ਬੱਚੇ ਬੱਚੇ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਹੀ ਖੜੇ ਕਰਨ ਦੀ ਮਰਯਾਦਾ ਕਿਸ ਦਲੀਲ ਨਾਲ ਬਣਾਈ ਹੈ ? ਕਿਸ ਖ਼ਾਸ ਮਨੁੱਖਾਂ ਲਈ ਕੀਤੀ ਜਾ ਰਹੀ ਮੰਗ-ਅਰਦਾਸ ਸਮੇ ੧੫ ਮਿੰਟ ਤੋਂ ੪੦ ਮਿੰਟਾਂ ਤੱਕ ਸਾਰੀ ਸੰਗਤਿ ਨੂੰ ਖੜਾ ਰੱਖਣਾ ਗੁਰਮਤਿ ਹੈ ਜੀ ? ਉਪ੍ਰੋਕਤ ਗੁਰੂ ਹੁਕਮਾਂ ਤੋਂ ਮਿਲਦੇ ਉਪਦੇਸ਼ ਦੀ ਵਿਰੋਧਤਾ ਪੰਥਕ ਅਰਦਾਸ ਵਿਚ ਕੀਤੀ ਜਾਣੀ ਕੀ ਪੰਥਕ ਗੁਰਮਤਿ ਹੀ ਹੈ ? ਖ਼ਾਸ ਮਨੁੱਖਾਂ ਲਈ ਅਰਦਾਸਾਂ ਕਰਨ ਲਈ ਕੀ ਅੱਡ ਸਮਾਂ ਮਿਥ ਲੈਣਾ ਕੀ ਮਨਮਤਿ ਬਣ ਜਾਂਦੀ ਹੈ ? ਕੀ ਅਜੇਹੀਆਂ ਵਿਚਾਰਾਂ ਪੰਥਕ ਪੱਧਰ ਤੇ ਕਰਕੇ ਲੋੜੀਂਦੀ ਸੋਧ ਕਰ ਲੈਣੀ ਪੰਥਕ ਹਿਤਾਂ ਵਿਚ ਹੈ ਜਾਂ ਨਹੀਂ ਜੀ ?

ਉਪ੍ਰੰਤ **ਖਰੜੇ ਵਿਚ " ਗੁਰਦੁਆਰੇ "** ਸਿਰਲੇਖ ਹੇਠ ਗੁਰਦੁਆਰੇ ਸੰਬੰਧੀ ਮਰਯਾਦਾ ਲਿਖੀ ਹੈ । ਪਰਚਲਤ ਹੋ ਚੁੱਕੀ ਮਰਯਾਦਾ ਦਾ ਜ਼ਿਕਰ ਲਿਖਣਾ ਛੱਡ ਕੇ ਵਿਸ਼ੇਸ਼ ਤੌਰ ਤੇ ਯਾਦ ਰੱਖਣ ਵਾਲੀ ਮਰਯਾਦਾ ਇਸ ਪ੍ਰਕਾਰ ਹੈ:--

(ਸ) I... ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਗੁਰਮਤਿ ਅਨੁਸਾਰ ਨਹੀਂ । ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ ਹਨ । ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ, ਜਾਂ ਮੋਮਬੱਤੀ, ਬਿਜਲੀ,

ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ ।

(ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ **ਦੇ ਵਾਕਰ (ਤੁਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀ ਕਰਨ**' । ਗੁਰਦੁਆਰੇ ਵਿਚ ਕੋਈ ਮੂਰਤੀ-ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ। ਹਾਂ, ਕਿਸੇ ਮੌਕੇ ਇਕੱਤ੍ਰਤਾ ਨੂੰ ਗੁਰਮਤਿ ਦੇ ਅਨਕੂਲ ਵਰਤਣਾ ਅਯੋਗ ਨਹੀਂ।

**ਵਿਚਾਰ**:--ਸਿੱਖ ਦੀ ਤਾਰੀਫ਼ ਵਿਚ--- ਸ੍ਰੀ ਗੁਰੂ ਗ੍ਰੰਥ ਸਾਹਿਬ **ਅਤੇ** ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ **ਅਤੇ** ਦਸ਼ਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸਚਾ "

" **ਅਤੇ** " ਲਫ਼ਜ਼ ਤੋਂ ਇਹ ਯਕੀਨ ਬਣਦਾ ਹੈ ਕਿ ਦਸ ਗੁਰੂ ਸਾਹਿਬਾਨ ਦੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਅੱਡਰੀ ਵੀ ਹੈ। ਜਿਵੇ ਉਸੇ ਪੰਗਤੀ ਵਿਚ ਦੂਜੀ ਥਾਂ " **ਅਤੇ** " ਤੋਂ ਦਸ਼ਮੇਸ਼ ਜੀ ਦਾ ਅੰਮ੍ਰਿਤ " ਬਾਣੀ ਤੇ ਸਿਖਿਆ " ਤੋਂ ਅੱਡਰਾ ਹੈ । ਫਿਰ ਉਹ ਕਿਹੜੀ ਪੁਸਤਕ ਹੈ ਜਿਸ ਵਿਚ ਦਸਾਂ ਹੀ ਗੁਰਾਂ ਦੀ ਬਾਣੀ ਦਾ ਕੋਈ ਅੱਡਰਾ ਭੰਡਾਰ ਵੀ ਮੌਜੂਦ ਹੈ ? ਅਤੇ ਜੋ ਦਸ ਗੁਰਾਂ ਦੀ ਬਾਣੀ ਦੀ ਕੋਈ ਅੱਡਰੀ ਪੁਸਤਕ ਮੌਜੂਦ ਹੈ ਤਾਂ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ " **ਵਾਕਰ** " ਅਸਥਾਪਨ ਕਿਸ ਦਲੀਲ ਨਾਲ ਨਹੀਂ ਕਰਨਾ ਚਾਹੀਦਾ ? ਪਰ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁੱਲ ਕੋਈ ਹੋਰ ਪੁਸਤਕ ਹੈ ਹੀ ਨਹੀਂ ਤਾਂ ਸਿੱਖ ਦੀ ਤਾਰੀਫ਼ ਲਿਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਦਸ ਗੁਰਾਂ ਦੀ ਬਾਣੀ ਦਾ ਜਿਕਰ ਅੱਡਰੇ ਤੌਰ ਤੇ ਕਰਨ ਦਾ ਕੀ ਕਾਰਨ ? ਅਜੇਹੀ ਦੁਬਾਜਰੀ ਅਥਵਾ ਦੋਹਰੇ ਅਰਥਾਂ ਵਾਲੀ ਭਾਸ਼ਾ, ਪੰਥ ਦੇ ਹਿਤਾਂ ਲਈ ਲਾਹੇਵੰਦ ਹੈ ਕਿ ਜਾਂ ਦੁਬਿਦਾ ਖੜੀ ਕਰਕੇ ਸਿੱਖ ਨੂੰ ਭਰਮੀ ਬਣਾਉਂਦੀ ਹੈ ? ਫਿਰ ਦਸਮਗ੍ਰੰਥ ਜੀ ਦਾ ਪ੍ਰਕਾਸ਼ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਹੁਕਨਾਮੇ ਲਈ ਜਾਣੇ ਅਤੇ ਅਖੰਡਪਾਠ ਕਰੀ ਜਾਣੇ ਨਿਆਰੇ ਖ਼ਾਲਸਾ ਜੀ ਲਈ ਬਣੀ ਮਰਯਾਦਾ ਦੇ ਅਨਕੂਲ ਹੈ ਕਿ ਵਿਰੁੱਧ ? ਜੇ ਵਰੁੱਧ ਹੈ ਤਾਂ ਸ੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸਾਹਿਬ ਅਜੇਹੀ ਕੁਰੀਤੀ ਦੇ ਵਿਰੁੱਧ ਕਦੇ ਬੋਲਦੇ ਤੱਕ ਕਿਸ ਕਾਰਨ ਨਹੀਂ ਹਨ?

(ਕ) ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ ਕੰਧਾਂ ਜਾਂ ਥੜ੍ਹਿਆਂ ਤੇ ਨਕ ਰਗੜਨਾ ਜਾਂ ਮੁੱਠੀਆਂ ਭਰਨੀਆਂ, ਮੰਜੀ ਸਾਹਿਬ ਹੇਠਾਂ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਉਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅਗੇ ਮਥੇ ਟੇਕਣੇ, ਇਹੋ ਜਿਹੇ ਕਰਮ ਮਨਮਤ ਹਨ ।

(ਖ) ਇਕ ਤੋਂ ਦੂਜੀ ਥਾਂ ਸ੍ਰੀ ਗੁਰੂ ਗਰੰਥ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ । ਜਿਸ ਨੇ ਸਿਰ ਤੇ ਸ੍ਰੀ ਗੁਰੂ ਗਰੰਥ ਸਹਿਬ ਜੀ ਚੁਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜਾ ਪਾਣ ਦੀ ਅਤੀ ਲੋੜ ਪੈ ਜਾਵੇ ਤਾਂ ਕੋਈ ਭਰਮ ਨਹੀਂ ਕਰਨ' ।

(ਚ) ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ **ਲਈ ਕਿਸੇ ਦੇਸ਼, ਮਜ਼ਹਬ, ਜ਼ਾਤਿ, ਵਾਲੇ ਨੂੰ ਮਨਾਹੀ ਨਹੀਂ** „ ਪਰ ਉਸ ਦੇ ਪਾਸ ਸਿੱਖ ਧਰਮ ਤੋਂ ਵਿਵਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ ।

(ਠ) ਤਖ਼ਤਾਂ ਦੇ ਖ਼ਾਸ ਅਸਥਾਨ ਉਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ (ਸਿੰਘ ਸਿੰਘਣੀ) ਹੀ ਚੜ੍ਹ ਸਕਦੇ ਹਨ । { ਤਖ਼ਤਾਂ ਦੇ ਦਰਸ਼ਨਾਂ ਲਈ ਵਿਤਕਰਾ ਕਿਸ ਕਾਰਨ ?

ਜਿਹੜੀ ਮਰਯਾਦਾ ਬਿਨਾ ਕਿਸੇ ਭੁਲੇਖੇ ਦੇ ਗੁਰਦੁਆਰਿਆਂ ਵਿਚ ਪ੍ਰਚਲਤ ਹੈ ਉਸ ਦਾ ਜਿਕਰ ਕਰਨ ਦੀ ਲੋੜ ਨਹੀਂ ਸਮਝੀ । ਇਸ ਤੋਂ ਅੱਗੇ ਕੀਰਤਨ, ਹੁਕਮ ਲੈਣਾ ਸਾਧਾਰਨ ਪਾਠ, ਅਖੰਡ ਪਾਠ ਦਾ ਅਰੰਭ, ਭੋਗ ਦੀ ਮਰਯਾਦਾ, ਕੜ੍ਹਾ ਪ੍ਰਸ਼ਾਦ ਬਣਾਉਣ ਅਤੇ ਸੰਗਤ ਵਿਚ ਵਰਤਾਉਣ ਦੀ ਮਰਯਾਦਾ, ਅਤੇ ਗੁਰਬਾਣੀ ਦੀ ਕਥਾ ਦੀ ਮਰਯਾਦਾ ਲਿਖੀ ਹੈ।

ਇਸ ਪੁਸਤਕ ਦੇ ਪਹਿਲੇ ਭਾਗ ਤੋਂ ਹੀ ਇਹ ਸਪੱਸ਼ਟ ਕੀਤਾ ਜਾਂਦਾ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਨਿਆਰੇ ਗੁਰਮਤਿ ਗਿਆਨ ਤੋਂ ਹੀ ਬਿੱਪ੍ਰ ਜੀ ਨੇ ਆਪਣੀ ਗੱਦੀ ਲਈ ਗੰਭੀਰ ਖ਼ਤਰਾ ਮੰਨਿਆਂ ਸੀ । ਏਸੇ ਲਈ ਉਸ ਨੇ ਪਹਿਲਾਂ ਗੁਰਬਾਣੀ ਵਿਚ ਰਲਾ ਪਾਉਣ ਦਾ ਯਤਨ ਕੀਤਾ ਅਤੇ ਜਦ ਸਤਿਗੁਰਾਂ ਨੇ ਗੁਰਬਾਣੀ ਨੂੰ ਸੁਰੱਖਿਅਤ ਕਰ ਲਿਆ ਤਾਂ ਸਿਖੀ ਦੇ ਵੈਰੀ ਬਿੱਪ੍ਰ ਨੇ ਸਿੱਖਾਂ ਨੂੰ ਗੁਰਬਾਣੀ ਦੇ ਗਿਆਨ ਤੋਂ ਤੋੜੀ ਰੱਖਣ ਲਈ ਕਈ ਸਫ਼ਲ ਚਾਲਾਂ ਚੱਲੀਆਂ। ਗੁਰਬਾਣੀ ਦੇ ਪਾਠ, ਕਥਾ, ਕੀਰਤਨ ਆਦਿ ਦੀ ਮਰਯਾਦਾ ਦਾ ਜ਼ਿਕਰ ਕਰਦਿਆਂ ਪੰਥ ਵਲੋਂ ਤਿਆਰ ਕੀਤੀ ਮਰਯਾਦਾ ਵਿਚ ਵੀ ਗੁਰਬਾਣੀ ਦੇ ਗਿਆਨ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਣਾਉਣ ਦੀ ਗੱਲ ਕਿਸੇ ਥਾਂ ਨਹੀਂ ਲਿਖੀ । ਸ਼ਾਇਦ ਏਹੀ ਕਾਰਨ ਹੈ ਕਿ ਗੁਰਬਾਣੀ ਗਿਆਨ ਨੂੰ ਉਜਾਗਰ ਕਰਨ ਦਾ ਪੰਥਕ ਤੌਰ ਤੇ ਕੋਈ ਪ੍ਰਬੰਧ ਨਹੀਂ ਕੀਤਾ ਗਿਆ ।

**੨-ਗੁਰਮਤਿ ਦੀ ਰਹਿਣੀ** ਖਰੜੇ ਦੇ ੧੭ ਅਤੇ ੧੮ ਸਫ਼ੇ ਤੇ ਇਸ ਪ੍ਰਕਾਰ ਲਿਖੀ ਹੈ:-

(ੳ) ਇਕ ਅਕਾਲ ਤੋਂ ਛੁੱਟ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ । (ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ ।

ਏਥੇ ਫਿਰ ਗੁਰੂ ਗਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਦਾ ਜ਼ਿਕਰ ਕੀਤਾ ਹੈ । ਜੇ ਦਸਮ ਗ੍ਰੰਥ ਜੀ ਨੂੰ ਦਸ਼ਮੇਸ਼ ਜੀ ਦੀ ਬਾਣੀ ਦਾ ਅੱਡਰਾ ਗ੍ਰੰਥ ਮੰਨ ਲਿਆ ਜਾਵੇ ਤਾਂ ਇਸ ਨੂੰ ਬਾਕੀ ਨੌ ਗੁਰੂ ਸਾਹਿਬਾਨ ਦੇ ਨਾਮ ਨਾਲ ਕਿਸੇ ਵੀ ਦਲੀਲ ਨਾਲ ਨਹੀ ਜੋੜਿਆ ਜਾ ਸਕਦਾ । ਹਾਂ ਦਸ਼ਮੇਸ਼ ਜੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਜੁਦਾ ਜ਼ਰੂਰ ਕਰ ਰਹੇ ਹੋਵਾਂਗੇ ।

(ੲ) ਦਸ ਗੁਰੂ ਸੌਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼ ਇਕੋ ਰੂਪ ਕਰਕੇ ਮੰਨਣਾ ।

(ਸ) ਜ਼ਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿੱਤਰ, ਖਿਆਹ, (ਭਾਵ, ਕਿਸੇ ਦੇ ਮਰਨ ਤੇ ਧਰਮਆਗੂ ਨੂੰ ਭੋਜਨ ਖੁਆਉਣਾ) ਪਿੰਡ, ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ, ਭਦਣ, ਇਕਾਦਸੀ, ਪੂਰਨਮਾਸ਼ੀ, ਆਦਿ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾ ਉਤੇ ਨਿਸਚਾ ਨਹੀਂ ਕਰਨਾ। ਗੁਰੂ ਅਸਥਾਨ ਤੋਂ ਬਿਨਾ ਕਿਸੇ ਅਨ ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ । ਪੀਰ, ਬ੍ਰਾਹਮਣ, ਪੁੱਛਣਾ, ਸ਼ਰੀਨੀ, ਵੇਦ ਸ਼ਾਸਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉਤੇ ਨਿਸਚਾ ਨਹੀਂ ਕਰਨਾ । ਹਾਂ, ਆਮ ਵਾਕਫ਼ੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ ।

**(ਹ)** **ਖ਼ਾਲਸਾ ਸਾਰੇ ਮਤਾ ਤੋਂ ਨਿਆਰਾ ਰਹੇ,** ਪਰ, ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ । { ਪਰਕੀ, ਆਪਣੇ ਭਰਾ ਨੂੰ ਨਿਗੁਰਾ ਅਤੇ ਕੁਤਾ ਸੂਰ ਆਦਿ ਕਹਿ ਕੇ ਉਸ ਦਾ ਦਿਲ ਦੁਖਾਉਣਾ ਗੁਰਮਤਿ ਹੈ ਜੀ ? } ।

(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੋ । (ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ । ਹੋਰ ਵਿਦਿਆ ਭੀ ਪੜ੍ਹੇ ।

(ਗ) ਸੰਤਾਨ ਨੂੰ ਗੁਰਸਿਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫ਼ਰਜ਼ ਹੈ ।

(ਘ) ਕੇਸ਼ ਲੜਕੇ ਦੇ ਜੋ ਹੋਏ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ, ਕੇਸ ਉਹੀ (ਜਮਾਂਦਰੂ) ਰੱਖੇ,, ਨਾਮ ਸਿੰਘ ਰੱਖੇ । ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ਼ ਸਾਬਤ ਰੱਖੇ ।

(ਙ) ਸਿੱਖ ਭੰਗ ਅਫ਼ੀਮ। ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ । ਅਮਲ ਪ੍ਰਾਸ਼ਾਦੇ ਦਾ ਹੀ ਰੱਖੇ । (ਚ) ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਕ, ਕੰਨ, ਛੇਦਨਾ ਮਨ੍ਹਾ ਹੈ।

(ਛ) ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ-ਮਾਰ ਨਾਲ ਨਾ ਵਰਤੇ । (ਜ) ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰਕੇ ਨਿਰਬਾਹ ਕਰੇ ।

(ਝ) ਗੁਰੂ ਕਾ ਸਿੱਖ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ । **(ਞ) ਚੋਰੀ ਯਾਰੀ ਨਾ ਕਰੇ , ਜੂਆ ਨ ਖੇਡੇ ।**

(ਟ) ਪਰ ਬੇਟੀ ਕੋ ਬੇਟੀ ਜਾਨੇ । ਪਰ ਇਸਤ੍ਰੀ ਕੋ ਮਾਤ ਬਖਾਨੇ । ਅਪਨਿ ਇਤ੍ਰੀ ਸੇ ਰਤਿ ਹੋਈ , ਰਹਿਤਵਾਨ ਸਿੰਘ ਹੈ ਸੋਈ ।
ਏਸੇ ਤ੍ਹਾਂ ਸਿੱਖ ਇਸਤ੍ਰੀ ਆਪਣੇ ਪਤੀਬਰਤ ਧਰਮ ਚ ਰਹੇ । (ਠ) ਗੁਰੂ ਕਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤਕ ਗੁਰ ਮਰਯਾਦਾ ਕਰੇ ।

(ਡ) ਸਿੱਖ, ਸਿੱਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਾਂ ਬੁਲਾਵੇ । ਮਰਦ ਇਸਤਰੀ ਦੋਹਾਂ ਲਈ ਏਹੋ ਹੁਕਮ ਹੈ ।

(ਢ) ਸਿੱਖ ਇਸਤਰੀ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ ਹੈ ।

(ਣ) ਸਿੱਖ ਲਈ ਕਛਹਿਰਾ ਤੇ ਦਸਤਾਰ ਤੋਂ ਛੁੱਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ ਹੈ । ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ।

## ੧ ਜਨਮ ਤੇ ਨਾਮ ਸੰਸਕਾਰ

ਦਾਸ ਦੀ ਨਿਮਾਣੀ ਅਤੇ ਕੱਚੀ ਸੂਝ ਅਤੇ ਯਾਦ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ " **ਸੰਸਕਾਰ** " ਸ਼ਬਦ ਕਿਸੇ ਥਾਂ ਨਹੀਂ ਵਰਤਿਆ ਮਿਲਦਾ । ਸਿੱਖ ਮਰਯਾਦਾ ਸੰਸਕਾਰ ਪਦ ਨਿਰਸੰਦੇਹ ਪ੍ਰੋਹਿਤਵਾਦੀ ਗ੍ਰੰਥਾਂ ਦੀ ਦੇਣ ਹੈ । ਹਾਲਾਂਕਿ ਉੱਪਰ ' ਗੁਰਮਤਿ ਰਹਿਣੀ ' ਦੇ (ਹ) ਭਾਗ ਵਿਚ ਸਪੱਸ਼ਟ ਲਿਖਿਆ ਹੈ ਕਿ ਖ਼ਾਲਸਾ ਸਾਰੇ ਮਤਾਂ ਤੋਂ ਨਿਆਰਾ ਹੈ ਪਰ " ਸੰਸਕਾਰ ' ਦਾ ਜ਼ਿਕਰ ਅਤੇ ਵਿਦੀ ਵਿਧਾਨ, ਬ੍ਰਾਹਮਣੀ ਗ੍ਰੰਥਾਂ ਦੀ ਰੀਸ ਕੀਤੀ ਦਾ ਝੌਲਾ ਪੈਂਦਾ ਹੈ । ਜਨਮ, ਨਾਮ, ਅਨੰਦ, ਅਥਵਾ ਮਿਰਤਕ ਸੰਸਕਾਰਾਂ ਦਾ ਵਿਧੀ ਵਿਧਾਨ ੧੮ ਸਫ਼ੇ ਤੋਂ ੨੨ ਸਫ਼ੇ ਤਕ ਲਗ ਪਗ ਪੰਜ ਸਫ਼ਿਆਂ ਵਿਚ ਲਿਖਿਆ ਹੈ । ਹਾਲਾਂਕਿ ਅਜੇਹੇ ਸਮਿਆਂ ਲਈ ਗੁਰਮਤਿ ਉਪਦੇਸ਼ ਕੇਵਲ ਇੱਕ ਅੱਧ ਸਫ਼ੇ ਤੇ ਸਮਾਪਤ ਹੋ ਸਕਦਾ ਸੀ । ਦਾਸ ਨੂੰ ਭਰਮ ਹੈ ਕਿ ਇਹ ਮਰਯਾਦਾ ਗੁਰਮਤ ਦੇ ਨੇੜੇ ਹੋਣ ਨਾਲੋਂ ਬ੍ਰਾਹਮਣੀ ਸੰਸਕਾਰਾਂ ਦੀ ਰੀਤ ਵਲ ਨੂੰ ਖਿੱਚ ਖੜਨ ਲਈ ਵੱਧ ਰਾਹ ਖੋਹਲਦੀ ਹੈ। ਬੜੇ ਦੁਖ ਵਾਲੀ ਹਾਲਤ ਇਹ ਬਣ ਰਹੀ ਹੈ ਕਿ ਸਿੱਖ ਰਹਿਤ ਮਰਯਾਦਾ ਗੁਰਬਾਣੀ ਦੀ ਗ਼ਲਤ ਵਰਤੋਂ ਕਰਨ ਦਾ ਰਾਹ ਵੀ ਖੋਹਲਦੀ ਹੈ । ਦਾਸ ਆਪਣੀ ਇਸ ਦਲੀਲ ਨੂੰ ਗੁਰਬਾਣੀ ਦੇ ਹੁਕਮਾਂ ਦੁਆਰਾ ਪੇਸ਼ ਕਰਨ ਦੀ ਆਗਿਆ ਚਾਹੁੰਦਾ ਹੈ---

**ਬਾਲਕ ਦਾ ਜਨਮ**-- ਹਰਖ ਸੋਗ ਤੇ ਨਿਆਰਾ, ਭਾਵ, ਗ੍ਰਿਹਸਤ ਉਦਾਸ, ਬਾਦਸ਼ਾਹ ਦਰਵੇਸ਼, ਬਨਾਉਣ ਆਏ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ ਖ਼ਾਲਸੇ ਦੇ ਘਰ ਬਾਲ ਪੈਦਾ ਹੋਵੇ ਤਾਂ ਉਸ ਨੂੰ ਸਤਿਗੁਰਾਂ ਦੇ ਇਸ ਫ਼ੁਰਮਾਨ ਨੂੰ ਯਾਦ ਰਖਦਿਆਂ--**ਜਨਮੇ ਕੋ ਵਾਜਿਹ ਵਾਧਾਏ ॥ ਸੋਹਿਲੜੇ ਅਗਿਆਨੀ ਗਾਏ ॥ ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ ॥ ੭ ॥**[੧੦੩੨] ਵਾਹਿਗੁਰੂ ਜੀ ਦੇ ਸ਼ੁਕਰ ਵਿਚ ਰਹਿੰਦਿਆਂ ਉਸ ਦੇ ਨਿਰਮਲ ਭੈ ਨੂੰ ਕਦੇ ਨਹੀਂ ਤਿਆਗਣਾ ਚਾਹੀਦਾ । ਬੀਬੀ ਦਾ ਸਰੀਰ ਜਦ ਹੀ ਇਸ ਜੋਗ ਹੋਵੇ ਤਾਂ ਗੁਰਬਾਣੀ ਪੜ੍ਹਦਿਆਂ ਪਰਸ਼ਾਦ ਤਿਆਰ ਕਰੇ ਅਤੇ (ਜੇ ਸਤਿਗੁਰਾਂ ਦਾ ਪਰਕਾਸ਼ ਘਰ ਵਿਚ ਨਾ ਕੀਤਾ ਹੋਵੇ ਤਾਂ) ਸਾਰਾ ਪਰਵਾਰ ਬੱਚੇ ਨੂੰ ਲੈ ਕੇ ਆਪਣੇ ਸਤਿਗੁਰਾਂ ਦੇ ਚਰਨਾਂ ਵਿਚ ਗੁਰਦੁਆਰੇ ਪੁੱਜੇ । ਅਨੰਦ ਸਾਹਿਬ ਦਾ ਪਾਠ ਕਰਕੇ ਸ਼ੁਕਰਾਨੇ ਭਰੇ ਹਿਰਦੇ ਨਾਲ ਅਰਦਾਸ ਕਰਦਿਆਂ ਬੱਚੇ ਨੂੰ ਚੜ੍ਹਦੀ ਕਲਾ ਦੇ ਜੀਵਨ ਵਾਲਾ ਪਰਉਪਕਾਰੀ ਮਨੁੱਖ ਬਨਾਉਣ ਦੀ ਜੋਦੜੀ ਕਰਨ ਦੇ ਨਾਲ ਹੁਕਮਨਾਮੇਂ ਦੀ ਮੰਗ ਕੀਤੀ ਜਾਵੇ । ਸਤਿਗੁਰਾਂ ਦੇ ਹੁਕਮ ਦੇ ਪਹਿਲੇ ਅੱਖਰ ਤੋਂ ਸਿੰਘ ਅਥਵਾ ਕੌਰ ਲਕਬ ਨਾਲ ਸਸ਼ੋਭਤ ਆਪਣੀ ਪਸੰਦ ਦਾ ਨਾਮ ਰੱਖਣਾਂ । ਸਤਿਗੁਰਾਂ ਦੀ ਹਜ਼ੂਰੀ ਵਿਚ ਹੀ, (ਸਿੱਖ ਧਰਮ ਨਾਲ ਸੰਬੰਧ ਹੋਣ ਦੀ ਨਿਸ਼ਾਨੀ ਬਣ ਚੁੱਕਾ) ਲੋਹੇ ਦਾ ਛੋਟਾ ਜਿਹਾ ਕੜਾ ਬਾਲਕ ਨੂੰ ਪਾ ਦਿੱਤਾ ਜਾਵੇ । ਸਤਿਗੁਰਾਂ ਦੇ ਦਰੋਂ ਪ੍ਰਸ਼ਾਦਿ ਲੈ ਕੇ ਸ਼ੁਕਰਾਨੇ ਨਾਲ ਭਰਪੂਰ ਹਿਰਦਿਆਂ ਨਾਲ ਪਰਵਾਰ ਘਰ ਪਰਤੇ । ਬਾਲਕ ਨੂੰ ਗੁਰਸਿੱਖੀ ਜੀਵਨ ਦੀ ਰੰਗਣ ਵਿਚ ਰੰਗਿਆ, ਨਿਆਰੇ ਆਚਰਨ ਵਾਲਾ ਪਰਉਪਕਾਰੀ ਮਨੁੱਖ ਬਣਾਉਣਾ, ਮਾਤਾ ਪਿਤਾ ਦਾ ਪਰਮੁੱਖ ਧਰਮ ਹੋਣਾ ਲੋੜੀਏ । **ਜਹਿ ਕੁਲਿ ਪੂਤੁ ਨ ਗਿਆਨ ਵਿਚਾਰੀ** ਅਥਵਾ **ਤਿਨੁ ਧੰਨ ਜਣੇਦੀ ਮਾਇ ॥** ਆਦਿ । [ਅਜੇਹੇ ਪਾਵਨ ਗੁਰੂ ਫ਼ੁਰਮਾਨਾ ਦੀ ਵਿਚਾਰ ਏਸੇ ਕਾਂਡ ਵਿਚ ਲਿਖੀ ਜਾ ਚੁੱਕੀ ਹੈ ]

ਰਹਿਤ ਮਰਯਾਦਾ ਵਿਚ ਜਨਮ ਸੰਸਕਾਰ ਬਾਰੇ ਇਉਂ ਲਿਖਿਆ ਹੈ--

(ੳ) ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜ੍ਹਾ ਪਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ-" ਪਰਮੇਸਰਿ ਦਿਤਾ ਬੰਨਾ " (ਸੋਰਠਿ ਮ:੫) " ਸਤਿਗੁਰ ਸਾਚੇ ਦੀਆ ਭੇਜਿ (ਆਸਾ ਮ: ੫) ਆਦਿ **ਖੁਸ਼ੀ ਤੇ ਧਨਵਾਦ ਵਾਲੇ ਸ਼ਬਦ** ਪੜ੍ਹਨ, ਉਪ੍ਰੰਤ ਜੇ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ । ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ । ਲੜਕੇ ਦੇ ਨਉਂ ਪਿੱਛੇ " ਸਿੰਘ " ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ ਕੌਰ ਸ਼ਬਦ ਲਗਾਇਆ ਜਾਵੇ, ਉਪ੍ਰੰਤ, ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖ਼ੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰਕੇ ਕੜਾਹ ਪ੍ਰਸ਼ਾਦਿ ਵਰਤਿਆ ਜਾਵੇ।

(ਅ} ਜਨਮ ਦੇ ਸੰਬੰਧ ਵਿਚ ਖਾਣ-ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ " **ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ** "॥ " **ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕ ਸੰਬਾਹਿ ॥** "

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮਤ ਹੈ ।

## ਗੰਭੀਰ ਸ਼ੰਕੇ---

**(੧)** ਦਾਸ ਦੀ ਤੁਛ ਬੁੱਧੀ ਅਨੁਸਾਰ ਸਭ ਤੋਂ ਬਹੁਤੀ ਦੁਖਦਾਈ ਗੱਲ ਇਹ ਹੈ ਕਿ ਗੁਰਬਾਣੀ ਦੀ ਗ਼ਲਤ ਵਰਤੋਂ ਕਰਨ ਦਾ ਰਾਹ ਪੰਥਕ ਤੌਰ ਤੇ ਖੋਹਲਿਆ ਗਿਆ ਹੋਇਆ ਹੈ । ਇਕ ਪਾਸੇ ਤਾਂ ਅਸੀਂ ਗੁਰਬਾਣੀ ਨੂੰ " **ਹੁਕਮਾਉ** ਕਹਿ ਰਹੇ ਹਾਂ, ਅਥਵਾ-- **ਬਾਣੀ ਗੁਰੂ ਗੁਰੂ ਹੈ ਬਾਣੀ**--ਵੀ ਕਹੀ ਜਾ ਰਹੇ ਹਾਂ ਅਤੇ ਦੂਜੇ ਪਾਸੇ--**ਵਾਹੁ ਵਾਹੁ ਬਾਣੀ ਨਿਰੰਕਾਰ**- ਨੂੰ ਆਪਣੀ ਵਿਉਂਤ ਅਨੁਸਾਰ ਆਪਣੇ ਸਮੇਂ ਨੂੰ ਸੁਹਾਵਾਂ ਬਣਾਉਣ ਲਈ ਵਰਤਣ ਦਾ ਉਪਦੇਸ਼ ਲਿਖ ਰਹੇ ਹਾਂ । ਜੇ ਕਿਸੇ **ਗੁਰੂ ਫ਼ੁਰਮਾਨ** ਨੂੰ **ਖ਼ੁਸ਼ੀ** ਅਤੇ **ਧਨਵਾਦ** ਵਾਲਾ ਕਹਾਂਗੇ ਤਾਂ ਇਸ ਦਾ ਭਾਵ ਇਹ ਬਣਦਾ ਹੈ ਕਿ ਗੁਰਬਾਣੀ ਦੇ ਰਚੇਤਾ ਭਗਤ ਜਨ, ਅਥਵਾ ਸਤਿਗੁਰੂ ਸਾਹਿਬਾਨ, ਪ੍ਰਭੂ ਦੀ ਪਛਾਣ ਕਰਾਉਣ ਵਾਲੀ, ਕੇਵਲ ਬ੍ਰਹਮ ਵਿਚਾਰ ਹੀ ਨਹੀਂ ਸੀ ਲਿਖਿਆ ਕਰਦੇ ਸਗੋਂ, ਲੋਕਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਦੇ ਖ਼ੁਸ਼ੀ ਵਾਲੇ ਸੰਸਾਰੀ ਕਾਰਜਾਂ ਨੂੰ ਸੁਹਾਵਾਂ ਬਨਾਉਣ ਲਈ, ਖ਼ੁਸ਼ੀ ਦਰਸਾਉਣ ਵਾਲੀ ਬਾਣੀ ਰੂਪ ' ਕਵਿਤਾ ' ਜਾਂ ' ਸਿਹਰੇ ' ਵੀ ਲਿਖਦੇ ਰਹੇ ਸਨ। ਵਾਹਿਗੁਰੂ ਜੀ ਦਾ ਧਨਵਾਦ ਵੀ ਅਸਾਂ ਆਪਣੇ ਹਿਰਦੇ ਦੀ ਡੂੰਘਾਈ ਤੋਂ ਨਹੀਂ ਸਗੋਂ ਰਾਗੀਆਂ ਤੋਂ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਕਰਵਾਉਣ ਵਾਲੀ ਪੰਥਕ ਵਿਧੀ ਦੁਆਰਾ ਕਰਨਾ ਹੈ। ਬ੍ਰਹਮ ਵਿਚਾਰ ਨੂੰ ਆਪਣੇ ਘਰ ਦੀ ਖ਼ੁਸ਼ੀ ਅਨੁਸਾਰ ਵਰਤਣ ਦੀ ਖੁਲ੍ਹ ਗੁਰੂ ਪੰਥਕ ਵਲੋਂ ਹੀ ਮਿਲ ਜਾਣੀ? ਕਿਹੜਾ ਹੈ ਜੋ ਗੁਰਬਾਣੀ ਦਾ ਗਿਆਨ ਸਮਝ ਕੇ ਉਸ ਅਨੁਸਾਰ ਜੀਵਨ ਢਾਲ ਲੈਣ ਦੀ ਵਿਚਾਰ ਵੀ ਕਦੇ ਮਨ ਵਿਚ ਆਉਣ ਦੇਵੇਗਾ ? ਬਾਲਕ ਦੇ ਜਨਮ ਤੇ ਜਿਹੜੇ ਗੁਰੂ ਸ਼ਬਦ ਪੜ੍ਹਨ ਦੀ ਹਦਾਇਤ ਲਿਖੀ ਹੈ ਉਹ ਪੂਰੇ ਗੁਰੂ ਸ਼ਬਦ ਅਤੇ ਅਰਥ ਇਉਂ ਹਨ--

੬੭- **ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥ ਅਨਦ ਕਰਹਿ ਨਰ ਨਾਰੀ ॥ ਹਰਿ ਹਰਿ**
**ਪ੍ਰਭਿ ਕਿਰਪਾ ਧਾਰੀ ॥ ੧ ॥ ਸੰਤਹੁ ਸੁਖੁ ਹੋਆ ਸਭ ਥਾਈ ॥ ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ**
**ਰਹਿਆ ਸਭਨੀ ਜਾਈ ॥ ਰਹਾਉ ॥ ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥**
**ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥ ੨ ॥** [੬੨੭/੨੮]-੧੩-੭੭

**ਪਦ ਅਰਥ:**--ਬੰਨਾ=ਡੱਕਾ। ਰੁਕਾਵਟ, ਬੰਨ੍ਹ । ਭੰਨਾ=ਬੰਨ ਦਿੱਤਾ, ਤੋੜ ਦਿੱਤਾ । ੧ । ਰਵਿ ਰਹਿਆ=ਮੌਜੂਦ ਹੈ । ਧੁਰਕੀ ਬਾਣੀ=ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਾਣੀ । ਆਈ=ਆ ਵੱਸੀ । ਵਖਾਨ=ਉਚਾਰਿਆ । ੨ ।

**ਅਰਥ:**--ਹੇ ਸੰਤ ਜਨੋ ! (ਜਿਸ ਮਨੁੱਖ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ) ਪਾਰ ਬ੍ਰਹਮ ਪੂਰਨ ਪਰਮੇਸਰ ਸਭ ਥਾਵਾਂ ਵਿਚ ਮੌਜੂਦ ਹੈ (ਉਸ ਮਨੁੱਖ ਨੂੰ) ਸਭ ਥਾਵਾਂ ਵਿਚ ਸੁਖ ਹੀ ਪ੍ਰਤੀਤ ਹੁੰਦਾ ਹੈ । **ਰਹਾਉ** । (ਜਿਸ ਮਨੁੱਖ ਦੇ ਆਤਮਕ ਜੀਵਨ ਵਾਸਤੇ) ਪਰਮੇਸਰ ਨੇ (ਵਿਕਾਰਾਂ ਦੇ ਰਾਹ ਵਿਚ) ਡੱਕਾ ਮਾਰ ਦਿੱਤਾ, (ਉਸ ਮਨੁੱਖ ਦੇ ਅੰਦਰੋਂ) ਪਰਮੇਸਰ ਨੇ ਦੁੱਖਾਂ ਤੇ ਰੋਗਾਂ ਦਾ ਡੇਰਾ ਹੀ ਮੁਕਾ ਦਿੱਤਾ । ਜਿਨ੍ਹਾਂ ਜੀਵਾਂ ਉਤੇ ਪ੍ਰਭੂ ਨੇ ਇਹ ਕਿਰਪਾ ਕਰ ਦਿਤੀ ਉਹ ਸਾਰੇ ਜੀਵ ਆਤਮਕ ਆਨੰਦ ਮਾਣਦੇ ਹਨ **। ੧ ।** ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਾਣੀ ਜਿਸ ਮਨੁੱਖ ਦੇ ਅੰਦਰ ਆ ਵੱਸੀ, ਉਸ ਨੇ ਆਪਣੀ ਸਾਰੀ ਚਿੰਤਾ ਦੂਰ ਕਰ ਲਈ । ਹੇ ਨਾਨਕ ! ਦਇਆ ਦਾ ਸੋਮਾ ਪ੍ਰਭੂ ਉਸ ਮਨੁੱਖ ਉੱਤੇ ਮਿਹਰਵਾਨ ਹੋਇਆ ਰਹਿੰਦਾ ਹੈ, ਉਹ ਮਨੁੱਖ ਉਹ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦਾ ਨਾਮ (ਸਦਾ) ਉਚਾਰਦਾ ਹੈ । ੨ । [ਪ੍ਰਿੰ: ਸਾਹਿਬ ਸਿੰਘ ਜੀ]

ਪਤਾ ਨਹੀਂ ਗੁਰੂ ਪੰਥ ਨੇ ਇਸ ਗੁਰੂ ਸ਼ਬਦ ਨੂੰ ਬਾਲਕ ਦੇ ਜਨਮ ਦੀ ਖ਼ੁਸ਼ੀ ਵਿਚ ਪੜ੍ਹਨ ਲਈ ਕਿਸ ਖ਼ਿਆਲ ਨਾਲ ਚੁਣਿਆ ਹੈ । ਵਿਆਹ ਸ਼ਾਦੀਆਂ ਤੇ ਤ੍ਰੀਮਤਾਂ ਸੁਹਾਗ ਦੇ ਗੀਤ ਗਾਉਣ ਲੱਗੀਆਂ ਨੀਂਗਰ ਨੂੰ ' ਬੰਨਾ ' ਕਿਹਾ ਕਰਦੀਆਂ ਹਨ । ਸ਼ਾਇਦ ਗੁਰੂ ਪੰਥ ਨੇ ਗੁਰੂ ਸ਼ਬਦ ਵਿਚਲਾ ਬੰਨਾ ਵੀ ਤ੍ਰੀਮਤਾਂ ਦੇ ਗੀਤਾ ਵਾਲਾ ਹੀ ਬੰਨਾ ਸਮਝਣ ਦੀ ਸਿਖਿਆ ਦਿੱਤੀ ਹੋਵੇਗੀ ? ਉਪ੍ਰੋਕਤ ਤਕ ਵਾਲਾ ਪੂਰਾ ਪਾਵਨ ਸ਼ਬਦ ਅਤੇ **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ** ਦੀ ਤੀਜੀ ਪੋਥੀ ਦੇ ੨੯੨ ਸਫ਼ੇ ਤੇ ਪ੍ਰਿੰਸੀਪਲ ਸਾਹਿਬ ਸਿੰਘ ਜੀ ਵਲੋਂ ਲਿਖੇ ਅਰਥ:----

੬੮- **ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ ॥**
**ਮਾਤਾ ਕੈ ਮਨਿ ਬਹੁਤੁ ਬਿਗਾਸੁ ॥ ੧ ॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ**
**ਧੁਰ ਕਾ ॥ ਰਹਾਉ ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥**
**ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥ ੨ ॥ ਵਧੀ ਵੇਲਿ ਬਹੁ ਪੀੜੀ ਚਾਲੀ ॥**
**ਧਰਮ ਕਲਾ ਹਰਿ ਬੰਧਿ ਬਹਾਲੀ ॥ ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ**
**ਲਾਇਆ ॥ ੩ ॥ ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥**
**ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥ ੪ ॥** [੩੯੬]-੭-੧੦੧

**ਨੋਟ:**--ਪੁੱਤਰ ਦੇ ਜਨਮ ਦੀ ਖ਼ੁਸ਼ੀ ਦਾ ਦ੍ਰਿਸ਼ਟਾਂਤ ਦੇ ਕੇ ਗੁਰੂ ਦੀ ਸਰਨ ਤੋਂ ਪ੍ਰਾਪਤ ਹੋਏ ਸੁਖ ਦਾ ਵਰਨਣ ਕੀਤਾ ਹੈ ।

**ਅਰਥ**:--(ਹੇ ਭਾਈ ! ਗੁਰੂ ਨਾਨਕ) ਪਰਮਾਤਮਾ ਦਾ ਭਗਤ ਜੰਮਿਆ (ਪਰਮਾਤਮਾ ਦਾ) ਪੁੱਤਰ ਜੰਮਿਆ (ਉਸ ਦੀ ਬਰਕਤਿ ਨਾਲ ਉਸ ਦੀ ਸਰਨ ਆਉਣ ਵਾਲੇ) ਸਾਰੇ ਜੀਵਾਂ ਦੇ ਅੰਦਰ ਧੁਰ-ਦਰਗਾਹ ਦਾ (ਸੇਵਾ-ਭਗਤੀ ਦਾ) ਲੇਖ ਉੱਘੜ ਰਿਹਾ ਹੈ **। ਰਹਾਉ ।** (ਹੇ ਭਾਈ) ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੇ ਗੁਰੂ (ਨਾਨਕ) ਨੂੰ (ਜਗਤ ਵਿਚ ਘਲਿਆ ਹੈ ਉਸ ਦੀ ਸੰਗਤਿ (ਦੀ ਬਰਕਤਿ) ਨਾਲ (ਸਿੱਖਾਂ ਦੇ ਹਿਰਦੇ ਵਿਚ) ਅਟੱਲ ਆਤਮਕ ਜੀਵਨ ਹੋ ਰਿਹਾ ਹੈ । (ਹੇ ਭਾਈ ! ਜਿਵੇਂ ਜਦੋਂ ਮਾਂ ਦੇ) ਪੇਟ ਵਿਚ (ਬੱਚਾ) ਆ ਨਿਵਾਸ ਕਰਦਾ ਹੈ ਤਾਂ ਮਾਂ ਦੇ ਮਨ ਵਿਚ ਬਹੁਤ ਖ਼ੁਸ਼ੀ ਪੈਦਾ ਹੁੰਦੀ ਹੈ (ਤਿਵੇਂ ਸਿੱਖ ਦੇ ਅੰਦਰ ਅਟੱਲ ਆਤਮਕ ਜੀਵਨ ਦਾ ਆਨੰਦ ਪੈਦਾ ਕਰਦਾ ਹੈ) **। ੧ ।** (ਹੇ ਭਾਈ ! ਜਿਵੇਂ ਜਿਸ ਘਰ ਵਿਚ) ਪਰਮਾਤਮਾ ਦੇ ਹੁਕਮ ਅਨੁਸਾਰ ਦਸੀਂ ਮਹੀਨੀਂ ਪੁੱਤਰ ਜੰਮਦਾ ਹੈ (ਤਾਂ ਉਸ ਘਰ ਵਿਚੋਂ) ਗ਼ਮ ਮਿਟ ਜਾਂਦਾ ਹੈ ਤੇ ਬੜਾ ਉਤਸ਼ਾਹ ਹੁੰਦਾ ਹੈ, (ਤਿਵੇਂ ਜੇਹੜੀ ਸਤ-ਸੰਗਣ) ਸਹੇਲੀ ਗੁਰੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਗਾਉਂਦੀ ਹੈ ਉਹ ਆਤਮਕ ਆਨੰਦ ਮਾਣਦੀ ਹੈ ਤੇ ਉਹ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਮਨ ਵਿਚ ਪਿਆਰੀ ਲੱਗਦੀ ਹੈ **। ੨ ।** (ਹੇ ਭਾਈ ! ਜੇਹੜੇ ਵਡ-ਭਾਗੀ ਮਨੁੱਖ ਗੁਰੂ ਦੀ ਸੰਗਤਿ ਦੀ ਬਰਕਤਿ ਨਾਲ) ਇਕ ਪਰਮਾਤਮਾ ਵਿਚ ਸੁਰਤਿ ਜੋੜਦੇ ਹਨ ਉਹ ਚਿੰਤਾ ਤੋਂ ਰਹਿਤ ਹੋ ਜਾਂਦੇ ਹਨ ਸਤਿਗੁਰੂ ਉਹਨਾਂ ਨੂੰ ਮਨ-ਇੱਛਤ ਫਲ ਦੇਂਦਾ ਹੈ, ਗੁਰੂ ਉਹਨਾਂ ਗੁਰਸਿੱਖਾਂ ਵਿਚ ਪ੍ਰਭੂ ਦੀ ਧਰਮ-ਸਤਿਆ ਪੱਕੀ ਕਰ ਕੇ ਟਿਕਾ ਦੇਂਦਾ ਹੈ, ਇਹ ਗੁਰਮੁਖਿ ਹੀ (ਗੁਰੂ ਦੀ ਪਰਮਾਤਮਾ ਦੀ) ਵਧ-ਰਹੀ ਵੇਲ ਹਨ ਚੱਲਰਹੀ ਪੀੜ੍ਹੀ ਹਨ **। ੩ ।** (ਹੇ ਭਾਈ ! ) ਹੁਣ ਕੋਈ ਲੁਕੀ-ਛਿਪੀ ਗੱਲ ਨਹੀਂ ਹੈ (ਹਰ ਕੋਈ ਜਾਣਦਾ ਹੈ ਕਿ ਜਿਸ ਮਨੁੱਖ ਉੱਤੇ) ਗੁਰੂ ਨਾਨਕ ਦਇਆਵਾਨ ਹੁੰਦਾ ਹੈ (ਜਿਸ ਨੂੰ ਨਾਮ ਦੀ) ਦਾਤਿ ਦੇਂਦਾ ਹੈ ਉਹ ਜੋ ਕੁਝ ਬੋਲਦਾ ਹੈ ਗੁਰੂ ਦਾ ਪ੍ਰੇਰਿਆ ਹੋਇਆ ਗੁਰੂ ਦੀ ਰਜ਼ਾ ਵਿਚ ਹੀ ਬੋਲਦਾ ਹੈ (ਉਹ ਆਪਣੇ ਗੁਰੂ ਉੱਤੇ ਇਉਂ ਫ਼ਖ਼ਰ ਕਰਦਾ ਹੈ) ਜਿਵੇਂ ਕੋਈ ਪੁੱਤਰ ਆਪਣੇ ਪਿਉ ਉੱਤੇ ਮਾਣ ਕਰਦਾ ਹੈ (ਉਹ ਸਿੱਖ ਗੁਰੂ ਪਾਸੋਂ ਸਹਾਇਤਾ ਦੀ ਉਵੇਂ ਆਸ ਰੱਖਦਾ ਹੈ ਜਿਵੇਂ ਪੁੱਤਰ ਪਿਉ ਪਾਸੋਂ)। ੪।[ਪ੍ਰਿੰ: ਸਾਹਿਬ ਸਿੰਘ ਜੀ]

ਇਸ ਗੁਰੂ ਸ਼ਬਦ ਨੂੰ ਵੀ ਪਤਾ ਨਹੀਂ ਕਿਸ ਦਲੀਲ ਨਾਲ ਗ੍ਰਿਹਸਤੀ ਦੇ ਘਰ ਬਾਲ ਜੰਮਣ ਦੀ ਖ਼ੁਸ਼ੀ ਮਨਾਉਣ ਲਈ ਪੜ੍ਹਨ ਦੀ ਮਰਯਾਦਾ ਬਣਾਈ ਹੈ ? ਬੱਚੇ ਦੇ ਜਨਮ ਤੇ ਅਖੰਡ ਪਾਠ ਜਾਂ ਸਹਿਜ ਪਾਠ ਕੀਤੇ ਜਾਣ ਦਾ ਜੋ ਇਸ਼ਾਰਾ ਕੀਤਾ ਹੋਇਆ ਹੈ, ਉਸ ਤੋਂ ਬਹੁਤੇ ਥਾਈਂ

ਅੱਜ ਸ਼ਰਾਬੀਆਂ ਅਤੇ ਝੰਗੜੇ ਪਾਉਣ ਵਾਲਿਆਂ ਦੀ ਇਕੱਤ੍ਰਤਾ ਗੁਰਬਾਣੀ ਦੇ ਭੋਗ ਦੇ ਬਹਾਨੇ ਨਾਲ ਹੀ ਕੀਤੀ ਜਾਂਦੀ ਹੈ । ਸਤਿਗੁਰਾਂ ਦੀ ਹਾਜ਼ਰੀ ਵਿਚ ਹੀ ਬੋਤਲਾਂ ਦੇ ਡੱਕੇ ਖੋਹਲਣੇ ਅਤੇ ਹਾਜ਼ਰੀ ਵਿਚ ਹੀ ਨਾਚ ਹੁੰਦੇ ਅਤੇ ਕਾਕੇ ਨੂੰ ਤੁਹਫ਼ੇ ਦਿੱਤੇ ਜਾਂਦੇ, ਅਤੇ ਹੋਰ ਕਈ ਤਰ੍ਹਾਂ ਦੇ ਖਰੂਦ, ਸਤਿਗੁਰਾਂ ਵਾਲੇ ਕਮਰੇ ਦੀ ਸਾਂਝੀ ਕੰਧ ਵਾਲੇ ਕਮਰੇ ਵਿਚ ਹੀ ਹੋ ਰਹੇ ਹੁੰਦੇ ਹਨ । ਬਾਕੀ ਵਿਸਥਾਰ ਛੇਵੇਂ ਭਾਗ ਵਿਚਲੇ ਸੰਸਕਾਰਾਂ ਬਾਰੇ ਲਿਖੇ ਲੇਖ ਵਿਚ ਹੈ ।

## ੨- ਅਨੰਦ ਸੰਸਕਾਰ

**ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ ੪ ॥**[੮੭੫] ਹੋਰ ਸਾਰੇ ਧਰਮਾਂ ਤੋਂ ਨਿਆਰੇ, ਹਰਖ ਸੋਗ ਤੋਂ ਮਾਨ ਅਪਮਾਨ ਤੋਂ ਵੀ ਨਿਆਰੇ-" **ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ੧ ॥** [੬੩੩] ਖ਼ਾਲਸਾ ਜੀ ਨੂੰ ਵਿਆਹ ਕਰਨ ਬਾਰੇ ਗੁਰਮਤਿ ਦਾ ਆਸ਼ਾ, **ਸੰਸਕਾਰ** ਲਫ਼ਜ਼ ਵਰਤਣ ਦੀ ਲੋੜ ਤੋਂ ਬਿਨਾਂ ਵੀ ਸਮਝਾਇਆ ਜਾ ਸਕਦਾ ਸੀ । ਸੱਜੇ ਜਾਂ ਖੱਬੇ ਬੈਠਣ ਦੀ ਵਿਧੀ, ਪੱਲਾ ਫੜਾਉਣ ਆਦਿ ਵਾਲੀ ਵਿਧੀ ਫੇਰੇ ਲੈਣੇ, ਬੀਬੀ ਪਿੱਛੇ ਅਤੇ ਕਾਕਾ ਅੱਗੇ ਤੁਰਨ ਦੀ ਗੱਲ ਵਿਚ ਹਰ ਫੇਰੇ ਸਮੇ ਪਹਿਲੀ ਦੂਜੀ ਤੀਜੀ ਅਤੇ ਚੌਥੀ ਲਾਂਵ ਦਾ ਗਾਇਨ ਫੇਰੇ ਉਪ੍ਰੰਤ ਮੱਥਾ ਟੇਕ ਕੇ ਖੜੇ ਜੋਣਾ ਵਾਲੀ ਪਾਬੰਦੀ ਆਦਿ ਆਦਿ ਕਿਰਿਆ ਸੂਚੀ ਤਿਆਰ ਕੀਤੀ ਜਾਣ ਦੀ ਲੋੜ ਪੈਣੀ ਭਾਵੇਂ ਪ੍ਰੋਹਿਤਵਾਦੀ ਰੁਚੀ ਹੀ ਹੈ, ਫਿਰ ਵੀ ਸ਼ੁਕਰ ਹੈ ਕਿ ਗੁਰੂ ਪੰਥ ਨੇ ਏਥੇ ਕੋਈ ਵਿਸ਼ੇਸ਼ ਗੁਰੂ ਬਾਣੀ ਸ਼ਬਦ ਪੜ੍ਹੇ ਜਾਣ ਦੀ ਜਾਂ ਗਾਏ ਜਾਣ ਦੀ ਮਰਯਾਦਾ ਨਹੀਂ ਲਿਖੀ । ਲਾਵਾਂ ਦੀ ਬਾਣੀ ਨੂੰ ਵੀ ਬਦੋ ਬਦੀ ਖਿੱਚ-ਧੂ ਕੇ ਹੀ ਸੰਸਾਰੀ ਵਿਆਹ ਨਾਲ ਜੋੜਿਆ ਗਿਆ ਹੋਇਆ ਹੈ ਉਂਜ ਇਸ ਪਾਵਨ ਬਾਣੀ ਵਿਚ ਵੀ ਜਗਿਆਸੂ ਨੂੰ ਪਰਮਾਤਮਾ ਨਾਲ ਇੱਕ ਮਿੱਕ ਹੋਣ ਦੀ ਹੀ ਵਿਧੀ ਸਮਝਾਈ ਹੋਈ ਹੈ। ਭਾਈ ਵੀਰ ਸਿੰਘ ਜੀ ਅਨੁਸਾਰ, ਤੀਸਰੇ ਸਤਿਗੁਰਾਂ ਨੇ ਤਾਂ ਕੇਵਲ ਅਨੰਦ ਸਾਹਿਬ ਹੀ ਪੜ੍ਹ ਕੇ ਭਾਈ " ਸਚਨ ਸੱਚ " ਨੂੰ ਗ੍ਰਿਹਸਤ ਜੀਵਨ ਵਿਚ ਸੁਖੀ ਰਹਿਣ ਦਾ ਉਪਦੇਸ਼ ਸਮਝਾ ਦਿੱਤਾ ਸੀ । [ਖਰੜੇ ਵਿਚ ਲਿਖੀ ਸੂਚੀ ਦੇ (ੲ) ਅਤੇ (ਹ) ਭਾਗ ਵਿਚ ਕੇਵਲ ' ਅਨੰਦ ' ਬਾਣੀ ਦਾ ਹੀ ਜ਼ਿਕਰ ਹੈ] 'ਮਰਯਾਦਾ ਵਿਚ ਕਈ ਥਾਈਂ ਵਰਤੇ ਹੋਏ " ਮਨਮਤ " ਅਤੇ " " ਗੁਰਮਤ " ਸ਼ਬਦਾਂ ਬਾਰੇ ਸਪੱਸ਼ਟ ਹੋਣਾ ਚਾਹੀਦਾ ਸੀ ਕਿ ਉਨ੍ਹਾਂ ਵਿਚ ਕੀ ਅੰਤਰ ਹੈ ? ਮਨਮਤ ਵਿਚ ਕੀ ਵਿਘਨ ਹੈ ? ਅਤੇ ਗੁਰਮਤਿ ਕਿਸ ਨੂੰ ਕਹੀਦਾ ਹੈ ? ਇਸ ਬਾਰੇ ਤਾਂ ਬਹੁਤਿਆਂ ਨੂੰ ਕੋਈ ਗਿਆਨ ਹੈ ਹੀ ਨਹੀਂ। ਭੈੜੇ ਰੀਤੀ ਰਿਵਾਜ ਨੂੰ ਸਿਧੇ ਅਤੇ ਸਪੱਸ਼ਟ ਸ਼ਬਦਾਂ ਵਿਚ (ਜਿਵੇਂ ਸੂਚੀ ਦੇ (ਸ) ਭਾਗ ਵਿਚ " ਵਿਵਰਜਿਤ " ਸ਼ਬਦ ਵਰਤਿਆ ਹੈ) ਗੁਰਮਤਿ ਦੇ ਵਿਰੁੱਧ ਲਿਖ ਕੇ ਉਨ੍ਹਾਂ ਵਿਚ ਪੈਣ ਤੋਂ ਕਰੜੇ ਸ਼ਬਦਾਂ ਵਿਚ ਰੋਕ ਲਾ ਦਿੱਤੀ ਜਾਣੀ ਚਾਹੀਦੀ ਸੀ । ਗੁਰਮਤਿ ਗਿਆਨ ਨੂੰ ਪੜ੍ਹਨ ਪੜ੍ਹਾਉਣ ਦੇ ਅਸਰਦਾਰ ਅਤੇ ਵਿਸ਼ਾਲ ਪ੍ਰਬੰਧ ਕੀਤੇ ਬਿਨਾ, ਗੁਰਮਤਿ ਮਰਯਾਦਾ ਨੂੰ ਲਾਗੂ ਕਰਨ ਦੀ ਗੱਲ ਸੋਚੀ ਵੀ ਨਹੀਂ ਸੀ ਜਾ ਸਕਦੀ।

ਅਨੰਦ ਸੰਸਕਾਰਾਂ ਵਿਚ ਭਾਵੇਂ, ਕਈ ਬ੍ਰਾਹਮਣੀ ਰੀਤਾਂ ਦੀ ਮਨਾਹੀ ਕੀਤੀ ਹੋਈ ਹੈ ਪਰ ਠੱਠਾ ਅਖਰ ਤੱਕ ੧੭ ਤਰ੍ਹਾਂ ਦੀ ਸੂਚੀ ਬਣ ਜਾਣ ਨਾਲ ਅਜੇਹੀ ਸੂਚੀ ਵਿਚ ਕਈ ਵਾਧੇ ਹੋ ਜਾਣੇ ਕੁਦਰਤੀ ਗੱਲ ਸੀ । ਏਹੀ ਕਾਰਨ ਹੈ ਕਿ ਵਿਆਹ ਸ਼ਾਦੀਆਂ ਸਮੇ ਵਰਤ ਰਹੀਆਂ ਕਈ ਤਰ੍ਹਾਂ ਦੀਆਂ ਸ਼ਰਮਨਾਕ ਘਟਨਾਵਾਂ ਪੰਥਕ ਹਾਨੀ ਦਾ ਕਰਨ ਬਣਦੀਆਂ ਆ ਰਹੀਆਂ ਹਨ।

### ਸੂਚੀ ਵਿਚਲੇ ਕੁਝ ਹਿੱਸਿਆਂ ਬਾਰੇ ਵਿਚਾਰ---

(ਕ) " ਅਨੰਦ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ --

ਸ਼ੰਕਾ-- ਜਦ ਪਹਿਲਾਂ ਇਹ ਲਿਖ ਦਿੱਤਾ ਸੀ ਕਿ " ਕੁੜਮਾਈ ਦੀ ਰਸਮ ਜ਼ਰੂਰੀ ਨਹੀਂ ਹੈ " ਤਾਂ ਏਸੇ ਥਾਂ ਬੱਸ ਕਿਸ ਕਾਰਨ ਨਾ ਕੀਤੀ ਜਾ ਸਕੀ? ਅੱਗੇ ਫਿਰ " ਜੇ ਕਰਨੀ ਹੋਵੇ " ਲਿਖਣ ਦਾ ਅਰਥ ਕੀ ਰਹਿ ਜਾਂਦਾ ਸੀ? ਕੀ ਗੁਰੂ-ਪੰਥ, ਬ੍ਰਾਹਮਣੀ ਰੀਤੀ-ਰਿਵਾਜ ਨੂੰ ਪ੍ਰਚਲਤ ਰੱਖਣ ਲਈ ਉਸ ਦਾ ਐਵੇਂ ਰੰਗ ਰੂਪ ਹੀ ਬਦਲ ਰਿਹਾ ਸੀ ? ਕੀ ਲੜਕੇ ਦੇ ਪੱਲੇ **ਮਿੱਠਾ** ਪਾਉਣਾ ਆਦਿ ਜੋ ਕੁਝ ਲਿਖਿਆ ਹੈ ਉਹ ਗੁਰਮਤਿ ਹੈ ? ਕੀ ਕੋਈ ਗੁਰੂ-ਫ਼ੁਰਮਾਨ ਉਸ ਲਿਖੇ ਦੀ ਪ੍ਰੋੜਤਾ ਕਰਦਾ ਹੈ? " **ਮਿੱਠੇ** " ਤੋਂ ਪੰਥ ਦਾ ਭਾਵ ਭਾਵੇਂ ਗੁੜ ਸ਼ੱਕਰ ਹੀ ਹੋਵੇਗਾ (ਗ੍ਰਿਹਸਤ-ਤਿਆਗ ਵਿਰਲੇ ਮਹਾਂਪੁਰਖਾਂ ਦੀ ਗੱਲ ਨਹੀਂ) ਪਰ ਇਸ ਅਸਲੀਯਤ ਨੂੰ ਖੰਡਨ ਕਰਨ ਵਾਲੀ ਕਿਹੜੀ ਦਲੀਲ ਲਭੀਏ ਕਿ--" **ਸੰਸਾਰੀ ਜੀਵ ਨੇ ਮਾਇਆ ਨਾਲੋਂ ਵੱਧ ਮਿੱਠੀ ਕਦੇ ਕੋਈ ਸ਼ੈ ਨਹੀਂ ਮੰਨੀ** " । ਸੰਕਾ ਉਪਜਣਾ ਸੁਭਾਵਕ ਹੈ ਕਿ ਕੁੜਮਾਈਆਂ ਤੇ ਬੇਅੰਤ ਤਰ੍ਹਾਂ ਦਾ ਫ਼ਜ਼ੂਲ ਖ਼ਰਚ ਕੀਤੇ ਜਾਣ ਦਾ ਰਾਹ ਗੁਰੂ-ਪੰਥ ਵਲੋਂ ਲਿਖੇ " ਮਿੱਠੇ " ਲਫ਼ਜ਼ ਨੇ ਹੀ ਖੋਹਲ ਦਿੱਤਾ ਹੋਇਆ ਹੈ । ਕੜਾ ਪਾਉਣ ਦੀ ਹਦਾਇਤ ਵੀ " ਜਨਮ ਅਤੇ ਨਾਮ-ਸੰਸਕਾਰ " ਦਾ ਹਿੱਸਾ ਬਣ ਸਕਦੀ ਸੀ । ਹੁਣ ਕਈ ਤਰ੍ਹਾਂ ਦੀਆਂ ਗੁਰਮਤ ਵਿਰੋਧੀ ਰੀਤਾਂ ਗੁਰੂ ਦਰਬਾਰ ਦੇ ਵਿਚ ਕੀਤੀਆਂ ਜਾਣੀਆਂ ਪਰਚਲਤ ਹੋ ਗਈਆਂ ਹਨ ਤਾਂ, ਕੀ, ਉਨ੍ਹਾਂ ਬਾਰੇ ਕੋਈ ਗੁਰਮਤ ਹਦਾਇਤ ਜਾਰੀ ਕਰਨੀ ਸ਼ਾਇਦ ਸ਼੍ਰੋਮਣੀ ਜਥੇਦਾਰ ਜੀ ਦੇ ਅਧਿਕਾਰ ਖੇਤਰ ਵਿਚ ਨਾ ਹੋਵੇ ? ਪੰਥ ਦਾ ਸਰਬਰਾਹ ਕਿਸ ਮਜਬੂਰੀ ਦੇ ਕਾਰਨ, ਕੇਵਲ ਤਮਾਸ਼ਾਈ ਬਣੇ ਰਹਿਣ ਤੋਂ ਵੱਧ ਹੋਰ ਕੁਝ ਨਹੀਂ ਕਰ ਰਿਹਾ ? ਅਜੋਕਾ ਸਾਰਾ ਬ੍ਰਾਹਮਣ-ਵਾਦ ਕੱਲ੍ਹ ਨੂੰ ਗੁਰਮਤਿ ਬਣ ਜਾਣਾ ਹੈ ਅਤੇ ਪੰਥ ਦੀ ਬਚੀ ਖੁਚੀ ਅੱਡਰੀ ਨੁਹਾਰ ਵੀ ਕਰੂਪ ਹੋ ਜਾਣੀ ਹੈ ।

(ਙ) ਇਸ ਲੰਮੀ ਹਦਾਇਤ ਵਿਚ--(੧) ਲੜਕੀ ਲੜਕੇ ਦੇ ਖੱਬੇ ਪਾਸੇ ਬੈਠੇ "-- ਲਿਖਣ ਤੋਂ ਕੀ ਭਾਵ ? ਕੀ ਇਹ ਵੀ ਗੁਰਮਤਿ ਹੀ ਹੈ ਜੀ? (੨) " ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ " ਪੱਲਾ ਫੜਾਉਣ ਦੀ ਪਾਬੰਦੀ ਕੀ ਬ੍ਰਾਹਮਣੀ ਰਿਵਾਜ ਦੀ ਨਕਲ ਹੈ ਕਿ ਜਾਂ ਗੁਰਮਤ ਹੈ? (੩) ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆਂ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਨ " ਇਹ ਕਿਰਿਆ ਵੀ ਕੀ ਬ੍ਰਾਹਮਣੀ ਰੀਤ ਦੀ ਹੀ ਨਕਲ ਨਹੀਂ ਹੈ ? ਜੇ ਗੁਰਮਤਿ ਹੈ ਤਾਂ ਕਿਸ ਦਲੀਲ ਨਾਲ ?

## ੩- ਮ੍ਰਿਤਕ ਸੰਸਕਾਰ

ੳ) ਪ੍ਰਾਣੀ ਨੂੰ ਮਰਨ ਵੇਲੇ ਜੇ ਮੰਜੇ ਤੇ ਹੋਵੇ ਤਾਂ ਮੰਜੇ ਤੋਂ ਹੇਠ ਨਹੀਂ ਉਤਾਰਨਾ, ਦੀਵਾ-ਵਟੀ, ਗਊ ਮਣਸਾਉਣਾ ਜਾਂ ਹੋਰ ਕੋਈ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ ਵਾਹਿਗੁਰੂ ਵਾਹਿਗੁਰੂ ਕਰਨਾ ।

ਅ) ਪ੍ਰਾਣੀ ਦੇ ਦੇਹ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ । ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣਲਈ ਗੁਰਬਾਣੀ ਦਾ ਪਾਠ ਜਾਂ ' ਵਾਹਿਗੁਰੂ' ਦਾ ਜਾਪ ਕਰੀ ਜਾਣਾ ਚੰਗਾ ਹੈ।

ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ **ਉਮਰ ਦਾ ਹੋਵੇ, ਸੋ ਸਸਕਾਰਨਾ ਚਾਹੀਏ** । ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ, **ਉਥੇ ਜਲ-ਪ੍ਰਵਾਹ ਜਾਂ ਹੋ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ ।**

ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ' ।

ਹ) **੧- ਮਿਰਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤਰ ਪਾਏ ਜਾਣ** ਤੇ ੨- ਕਕਾਰ ਜੁਦਾ ਨਾ ਕੀਤੇ ਜਾਣ । **੩-ਫਿਰ ਤਖ਼ਤੇ ਉਤੇ** ਪਾ ਕੇ ੪-ਚਲਾਣੇ ਦਾ **ਅਰਦਾਸਾ ਸੋਧਿਆ** ਜਾਵੇ । ੫-ਫਿਰ **ਅਰਥੀ ਨੂੰ ਚੁਕ ਕੇ ਸ਼ਮਸ਼ਾਨ ਭੂਮੀ ਵਲ ਲਿਜਾਇਆ** ਜਾਵੇ । ੬-ਨਾਲ **ਵੈਰਾਗਮਈ ਸ਼ਬਦਾਂ ਦਾ ਉਚਾਰਨ** ਕੀਤਾ ਜਾਵੇ । ੭- ਸਸਕਾਰ ਦੀ ਥਾਂ ਤੇ ਪਹੁੰਚ ਕੇ ਚਿਖਾ ਰਚੀ ਜਾਵੇ । ੮- ਫਿਰ ਸਰੀਰ ਨੂੰ ਅਗਨੀ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ । ੯- ਫਿਰ ਪ੍ਰਾਣੀ ਨੂੰ ਅੰਗੀਠੇ ਉਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ । ੧੦- ਸੰਗਤ ਕੁਝ ਵਿਥ ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗ-ਮਈ ਸ਼ਬਦ ਪੜ੍ਹੇ । ਜਦ ਅਗਨੀ ਪੂਰੀ ਤਰ੍ਹਾਂ ਬਲ ਉਠੇ, ਤਾਂ ਕਪਾਲ ਕਿਰਿਆ ਆਦਿ ਕਰਨਾ ਮਨਮਤ ਜੈ। ) ੧੧- ਕੀਰਤਨ ਸੋਹਿਲੇ ਦਾ ਪਾਠ ਕਰ ਕੇ, ੧੨- ਅਰਦਾਸਾ ਸੋਧ ਕੇ ਸੰਗਤ ਮੁੜ ਆਵੇ । ੧੩- ਘਰ ਆ ਕੇ ਜਾਂ ਲਾਗੇ ਦੇ ਕਿਸੇ ਗੁਰਦੁਆਰੇ ਵਿਚ **ਪ੍ਰਾਣੀ ਨਮਿਤ** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ੧੪- ਅਨੰਦ ਸਾਹਿਬ (ਛੇ ਪਉੜੀਆਂ ਦਾ ਪਾਠ ਕਰ ਕੇ **ਅਰਦਾਸਾ ਸੋਧ** ਕੇ ਕੜਾਹ ਪ੍ਰਸ਼ਾਦਿ ਵਰਤਿਆ ਜਾਵੇ । ੧੫- **ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ** । ਜੇ ਦਸਵੇਂ ਦਿਨ ਨਾ ਹੋ ਸਕੇ ਤਾ ਹੋਰ ਕੋਈ ਦਿਨ ਸਬੰਧੀਆਂ ਦੇ ਸੌਖ ਨੂੰ ਮੁਖ ਰੱਖ ਕੇ ਨੀਯਤ ਕੀਤਾ ਜਾਵੇ । ੧੬- ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ । ੧੭- " ਦੁਸਹਿਰੇ ' ਦੇ ਪਿੱਛੋਂ ਚਲਾਣੇ ਦੀ **ਕੋਈ ਰਸਮ ਬਾਕੀ ਨਹੀਂ ਰਹਿੰਦੀ** ।(ਨੋਟ:-ਨੰਬਰਾਂ ਨਾਲ ਵੰਡ ਦਾਸ ਨੇ ਕੀਤੀ ਹੋਈ ਹੈ)

ਕ) ਮ੍ਰਿਤਕ ਪ੍ਰਾਣੀ ਦਾ **ਅੰਗੀਠਾ ਠੰਡਾ ਹੋਣ ਤੇ ਸਾ**ਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦਬ ਕੇ ਜਿਮੀਂ ਬਰਾਬਰ ਕਰ ਦਿਤੀ ਜਾਵੇ । **ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ** ।

ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ ਪਿੰਡ, ਕਿਰਿਆ, ਸ਼ਰਾਧ ਬੁੱਢਾ ਮਰਨਾ ਆਦਿ ਕਰਨਾ' **ਮਨ ਮਤ ਹੈ** । **?** ਅੰਗੀਠੇ ਵਿਚੋਂ ਫੁਲ ਚੁਗ ਕੇ ਗੰਗਾ ਪਤਾਲਪੁਰੀ, ਕਰਤਾਰ ਪੁਰ ਸਾਹਿਬ ਆਦਿਕ ਵਿਚ **ਜਾ ਕੇ ਪਾਣੇ ਮਨਮਤ ਹੈ** ।

**ਵਿਚਾਰ**--

ਉਂਜ ਤਾਂ ਇਹ ਮਰਯਾਦਾ ਗਰੜ ਪੁਰਾਣ ਦੇ ਹੀ ਦੂਜ ਦੀ ਜਨਮ ਦਾਤੀ ਹੋ ਦਿਸਦੀ ਹੈ ਪਰ ੧੭ ਹਿਸਿਆਂ ਵਿਚ ਵੰਡਿਆ ਜਾ ਸਕਣ ਵਾਲਾ **(ਹ) ਭਾਗ ਤਾਂ** ਵਿਸ਼ੇਸ਼ ਕਰਕੇ ਪ੍ਰੋਹਿਤਵਾਦੀ ਬੋਲੀ ਹੈ । ਇਸ ਬਾਰੇ ਸਵਿਸਥਾਰ ਵਿਚਾਰ ਇਸ ਪੁਸਤਕ ਦੇ ਛੇਵੇਂ ਭਾਗ ਦੇ ਮਿਰਤਕ ਸੰਸਕਾਰਾਂ ਵਾਲੇ ਲੇਖ ਵਿਚ ਵੀ ਲਖੀ ਜਾ ਰਹੀ ਹੈ । ਏਥੇ ਕੇਵਲ **ਪੰਜਵਾਂ ਹ)** ਪੱਖ ਹੀ ਵਿਚਾਰਨਾ ਹੈ ।

ਜਿਸ ਅਨੂਪਮ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰੂ-ਬਾਣੀ ਵਿਚੋਂ **ਜੀਵ ਦੀ ਮਿਰਤਕ ਦੇਹ** ਨੂੰ ਪੰਜਾਂ ਤੱਤਾਂ ਦੇ ਹਵਾਲੇ ਕੀਤੇ ਜਾਣ ਦੀ ਮਰਯਾਦਾ ਵਿਚ " ਵੈਰਾਗ ਮਈ " ਸ਼ਬਦਾਂ ਦੇ ਉਚਾਰਨ ਕਰਨ " ਦੀ ਪੰਥਕ ਹਦਾਇਤ ਹੈ, ਉਸ ਲਾਸਾਨੀ ਗੁਰੂ-ਪਰਮੇਸ਼ਰ ਜੀ ਨੇ ਤਾਂ ਉਸ ਲਾਵਾਂ-ਬਾਣੀ ਵਿਚ **ਬੈਰਾਗੀਆ** (=ਭਾਵ, ਪ੍ਰਭੂ ਮਿਲਾਪ ਦੀ ਤੀਬਰ ਤਾਂਘ ਵਾਲਾ) ਅਤੇ **ਬੈਰਾਗੁ** (=ਪ੍ਰਭੂ ਮਿਲਾਪ ਦੀ **ਤੀਬਰ ਤਾਂਘ**) ਸ਼ਬਦ ਵਰਤਿਆ ਹੈ---

੯੯/੧- **ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥ ਹਿਰਦੈ ਹਰਿ ਹਰਿ ਹਰਿ ਧੁਨ ਉਪਜੀ ਹਰਿ ਜਪੀਐ ਮਸਤਕਿ ਭਾਗ ਜੀਉ ॥ ਜਨ ਨਾਨਕੁ ਬਾਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥ ੩ ॥** [੭੭੪]-੨

ਰਾਜ ਭਾਗ ਦੇ ਮਾਲਕ ਹੁੰਦਿਆਂ ਮਾਇਆ ਤੋਂ ਉਪਰਾਮਤਾ--ਗ੍ਰਿਹਸਤ-ਉਦਾਸ--ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈ ਸਾਣੈ॥ ਹੀ ਗੁਰਮਤਿ ਬੈਰਾਗ ਹੈ-

੧੦੦/੨- **ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗੁ ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥ ੧੭ ॥** [੧੪੨੭]-੧੦੦

੧੦੧/੩- **ਬਿਨੁ ਬੈਰਾਗ ਕਹਾ ਬੈਰਾਗੀ ॥ ਬਿਨੁ ਹਉ ਤਿਆਗਿ, ਕਹਾ ਕੋਊ ਤਿਆਗੀ ॥**
**ਬਿਨੁ ਬਸਿ ਪੰਚ ਕਹਾ ਮਨ ਚੂਰੇ ॥ ਨਾਮ ਬਿਨ ਸਦ ਸਦ ਹੀ ਝੂਰੇ ॥ ੪ ॥**[੧੧੪੦]-੬-੧੯

ਅਤੇ ਇਕ ਗੁਰੂ ਸ਼ਬਦ ਇਸ ਪ੍ਰਕਾਰ ਦਾ ਬੈਰਾਗ ਬਖ਼ਸ਼ਸ਼ ਕਰ ਰਿਹਾ ਹੈ:--

੧੦੨/੪-- **ਜਹ ਕੀ ਉਪਜੀ ਤਹ ਰਚੀ, ਪੀਵਤ ਮਰਦਨ ਲਾਗ ॥**
**ਕਹਿ ਕਬੀਰ ਚਿਤਿ ਚੇਤਿਆ, ਰਾਮ ਸਿਮਰਿ ਬੈਰਾਗ ॥ ੩ ॥** [੨੨੭]-੨-੧੩

**ਅਰਥ**:--ਕਬੀਰ (ਸਾਹਿਬ)--ਜਿਨ੍ਹਾਂ ਨੇ ਆਪਣੇ ਮਨ ਵਿਚ ਪ੍ਰਭੂ ਨੂੰ ਯਾਦ ਕੀਤਾ ਹੈ, ਪ੍ਰਭੂ ਨੂੰ ਸਿਮਰਿਆ ਹੈ, ਉਨ੍ਹਾਂ ਦੇ ਅੰਦਰ ਨਿਰਮੋਹਤਾ ਪੈਦਾ ਹੋ ਜਾਂਦੀ ਹੈ, ਗੁਰਮੁਖਾਂ ਦੀ ਸੰਗਤ (=ਮਰਦਨ ਲਾਗ) ਵਿਚ (ਨਾਮ-ਰਸ) ਪੀਂਦਿਆਂ ਪੀਂਦਿਆਂ ਉਨ੍ਹਾਂ ਦੀ ਆਤਮਾ ਜਿਸ ਪ੍ਰਭੂ ਤੋਂ ਪੈਦਾ ਹੋਈ ਹੈ ਉਸੇ ਵਿਚ ਜੁੜੀ ਰਹਿੰਦੀ ਹੈ । ੩ ।

ਅਗਲੇ ਗੁਰੂ ਸ਼ਬਦ ਵਿਚ ਚਾਰ ਵਾਰੀ " ਬੈਰਾਗ " ਦੀ ਵਰਤੋਂ ਹੋਈ ਹੈ ਪਰ ਚੋਹੀਂ ਥਾਈਂ ਬੈਰਾਗ ਦੇ ਅਰਥ ਉਹ ਨਹੀਂ ਹਨ ਜੋ ਪੰਥ ਨੇ ਰਹਿਤ ਮਰਯਾਦਾ ਰਾਹੀਂ ਪੰਥ ਨੂੰ ਸਿਖਾਏ ਹਨ । ਮਨ ਮੱਤੀ ਅਰਥਾਂ ਨਾਲ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਿੱਖ ਦਾ ਕੀ ਵਾਸਤਾ ਜੀ ? ਅਤੇ ਫਿਰ ਕੀ ਮਨ ਮਤਿ ਦਾ ਹੀ ਦੂਜਾ ਨਾ ਮਨੁਮੁਖਤਾ ਨਹੀਂ ਹੈ ਜੀ ? ਆਉ ਇਕਾਗਰਤਾ ਨਾਲ ਗੁਰੁ-ਸ਼ਬਦ ਦੀ ਵਿਚਾਰ ਕਰ ਲਈਏ ।

੧੦੩/੫ **ਮਨਮੁਖੁ ਮੋਹਿ ਬਿਆਪਿਆ ਬੈਰਾਗੁ ਉਦਾਸੀ ਨ ਹੋਇ ॥ ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥ ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥ ੧ ॥ ਮੇਰੇ ਮਨ, ਅਹਿਨਿਸਿ ਪੂਰਿ ਰਹੀ ਨਿਤ ਆਸਾ ॥ ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ ॥ ੧ ॥ ਰਹਾਉ ॥ ਗੁਰਮੁਖਿ ਕਰਮ ਕਮਾਵੈ ਬਿਗਸੈ, ਹਰਿ ਬੈਰਾਗੁ ਅਨੰਦੁ ॥ ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥ ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦ ॥ ੨ ॥ ਸੋ ਸਾਧੂ, ਬੈਰਾਗੀ ਸੋਈ, ਹਿਰਦੈ ਨਾਮੁ ਵਸਾਏ ॥ ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪਿ ਗਵਾਏ ॥ ਨਾਮੁ ਨਿਧਾਨੁ ਸਤਗੁਰੂ ਦਿਖਲਾਇਆ ਹਰਿ ਰਸੁ ਪੀਆ ਅਘਾਏ ॥ ੩ ॥ ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗੁ ॥ ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ ॥ ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ ॥ ੪ ॥**[੨੯]-੮-੪੧

੧੦੪- **ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥ ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥ ਅਸੰਖ ਬੈਰਾਗੀ ਕਰਹਿ ਬੈਰਾਗੁ ਸੋ ਬੈਰਾਗੀ ਜਿ ਖਸਮੈ ਭਾਵੈ ॥ ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ ॥ ਏਕੋ ਚੇਤੈ ਮਨੂਆ ਡੋਲੈ ਧਾਵਤੁ ਵਰਜਿ ਰਹਾਵੈ ॥ ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥ ੨ ॥**[੬੩੪]-੧

ਸਚਖੰਡ ਵਾਸੀ ਪ੍ਰਿੰ: ਸਾਹਿਬ ਸਿੰਘ ਜੀ ਨੇ ਇਸ ਗੁਰੂ-ਸ਼ਬਦ ਜੀ ਦੇ ਅਰਥ ਇਸ ਪ੍ਰਕਾਰ ਲਿਖੇ ਹਨ:--

ਅਰਥ:--ਹੇ ਮੇਰੇ ਮਨ ! (ਤੇਰੇ ਅੰਦਰ ਤਾਂ) ਦਿਨ ਰਾਤ ਸਦਾ (ਮਾਇਆ ਦੀ) ਆਸ ਭਰੀ ਰਹਿੰਦੀ ਹੈ । (ਹੇ ਮਨ !) ਸਤਿਗੁਰੂ ਦੀ ਦੱਸੀ ਸੇਵਾ ਕਰ (ਤਦੋਂ ਹੀ ਮਾਇਆ ਦਾ) ਮੋਹ ਚੰਗੀ ਤਰ੍ਹਾਂ ਸੜ ਸਕਦਾ ਹੈ ( ਤਦੋਂ ਹੀ) ਗ੍ਰਿਹਸਤ ਵਿਚ ਰਹਿੰਦਿਆਂ ਹੂ (ਮਾਇਆ ਤੋਂ) ਉਪਰਾਮ ਹੋ ਸਕੀਦਾ ਹੈ । ੧ । ਰਹਾਉ ।

ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ (ਉਸ ਦੇ ਅੰਦਰ) ਨਾ ਪਰਮਾਤਮਾ ਦੀ ਲਗਨ ਪੈਦਾ ਹੁੰਦੀ ਹੈ ਨਾਹ ਮਾਇਆ ਵਲੋਂ ਉਪਰਾਮਤਾ । ਉਹ ਮਨੁੱਖ ਗੁਰੂ ਦੇ ਸ਼ਬਦ ਨੂੰ ਨਹੀਂ ਵਿਚਾਰਦਾ, (ਇਸ ਵਾਸਤੇ ਉਸ ਨੂੰ) ਸਦਾ ਦੁੱਖ (ਘੇਰੀ ਰੱਖਦਾ) ਹੈ, ਪਰਮਾਤਮਾ ਦੀ ਦਰਗਾਹ ਵਿਚ ਵੀ ਉਹ ਆਪਣੀ ਇੱਜਤ ਗਵਾ ਲੈਂਦਾ ਹੈ । ਪਰ ਗੁਰੂ ਦੇ ਦੱਸੇ ਰਾਹ ਤੇ ਤੁਰਿਆਂ ਹਉਮੈ ਦੂਰ ਹੋ ਜਾਂਦੀ ਹੈ, ਨਾਮ ਵਿਚ ਰੰਗੇ ਜਾਈਦਾ ਹੈ, ਤੇ ਸੁਖ ਪ੍ਰਾਪਤ ਹੁੰਦਾ ਹੈ **। ੧ ।** ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ (ਗੁਰੂ ਦੇ ਦੱਸੇ) ਕਰਮ ਕਰਦਾ ਹੈ ਤੇ (ਅੰਦਰੋਂ) ਖਿੜਿਆ ਰਹਿੰਦਾ ਹੈ (ਕਿਉਂਕਿ ਉਸ ਦੇ ਅੰਦਰ) ਪਰਮਾਤਮਾ ਦਾ ਪ੍ਰੇਮ ਹੈ ਤੇ ਆਤਮਕ ਸੁਖ ਹੈ । ਉਹ ਰਾਤ ਦਿਨ ਹਰ ਵੇਲੇ ਪਰਮਾਤਮਾ ਦੀ ਭਗਤੀ ਕਰਦਾ ਹੈ, (ਆਪਣੇ ਅੰਦਰੋਂ) ਹਉਮੈ ਦੂਰ ਕਰ ਕੇ ਉਹ ਬੇ-ਫ਼ਿਕਰ ਰਹਿੰਦਾ ਹੈ । ਵਡੀ ਕਿਸਮਤ ਨਾਲ ਉਸ ਨੂੰ ਸਾਧ ਸੰਗਤਿ ਪ੍ਰਾਪਤ ਹੋ ਜਾਂਦੀ ਹੈ ਜਿਥੇ ਉਸ ਨੂੰ ਪਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ, ਤੇ ਉਹ ਆਤਮਕ ਅਡੋਲਤਾ ਵਿਚ (ਟਿਕਿਆ ਹੋਇਆ) ਸੁਖ ਮਾਣਦਾ ਹੈ **। ੨ ।** ਉਹ ਮਨੁੱਖ (ਅਸਲ) ਸਾਧੂ ਹੈ ਉਹੀ ਬੈਰਾਗੀ ਹੈ ਜਿਹੜਾ ਆਪਣੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾਉਂਦਾ ਹੈ । ਉਸ ਦੇ ਅੰਦਰ ਵਿਕਾਰਾਂ ਦੀ ਕਾਲਖ ਕਦੇ ਭੀ ਅਸਰ ਨਹੀਂ ਕਰਦੀ, ਉਹ ਆਪਣੇ ਅੰਦਰੋਂ ਆਪਾ-ਭਾਵ ਗਵਾਈ ਰੱਖਦਾ ਹੈ । ਸਤਿਗੁਰੂ ਨੇ ਉਸ ਨੂੰ ਪਰਮਾਤਮਾ ਦਾ ਨਾਮ-ਖ਼ਜ਼ਾਨਾ (ਉਸਦੇ ਅੰਦਰ ਹੀ) ਵਿਖਾ ਦਿੱਤਾ ਹੁੰਦਾ ਹੈ ਤੇ ਉਹ ਨਾਮ-ਰਸ ਰੱਜ ਕੇ ਪੀਂਦਾ ਹੈ **। ੩ ।** ਪਰਮਾਤਮਾ ਨੂੰ ਜਿਸ ਕਿਸੇ ਨੇ ਲੱਭਾ ਹੈ ਸਾਧ ਸੰਗਤਿ ਵਿਚ ਹੀ ਵਡੀ ਕਿਸਮਤ ਨਾਲ ਪ੍ਰਭੂ-ਪ੍ਰੇਮ ਵਿਚ ਜੁੜ ਕੇ ਲੱਭਾ ਹੈ । ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ (ਬਾਹਰ ਜੰਗਲਾਂ ਆਦਿਕ ਵਿਚ) ਤੁਰੇ ਫਿਰਦੇ ਹਨ, ਉਹ ਸਤਿਗੁਰੂ (ਦੀ ਵਡਿਆਈ) ਨੂੰ ਨਹੀਂ ਸਮਝਦੇ, ਉਨ੍ਹਾਂ ਦੇ ਅੰਦਰ ਹਉਮੈ (ਦੀ ਮੈਲ) ਲੱਗੀ ਰਹਿੰਦੀ ਹੈ । ਹੇ ਨਾਨਕ ! ਜੇਹੜੇ ਮਨੁੱਖ ਗੁਰੂ ਦੇ ਸ਼ਬਦ ਵਿਚ ਰੰਗੇ ਗਏ ਹਨ ਉਹ ਪਰਮਾਤਮਾ ਦੇ ਨਾਮ ਰੰਗ ਵਿਚ ਰੰਗੇ ਜਾਂਦੇ ਹਨ । (ਪਰ ਪਾਹ ਤੋਂ ਬਿਨਾ ਪੱਕਾ ਰੰਗ ਨਹੀਂ ਚੜ੍ਹਦਾ, ਤੇ ਨਾਮ-ਰੰਗ ਵਿਚ ਰੰਗੇ ਜਾਣ ਵਾਸਤੇ ਪ੍ਰਭੂ ਦੇ) ਡਰ-ਅਦਬ ਤੋਂ ਬਿਨਾ ਪਾਹ ਨਹੀਂ ਮਿਲ ਸਕਦੀ । ੪ ।

ਮਾਇਆ ਮੋਹ ਤੋਂ ਅਤੇ ਬਦੀਆਂ ਤੋਂ ਮਨ ਵਿਚ ਉਪਰਾਮਤਾ ਅਤੇ ਪ੍ਰਭੂ ਮਿਲਾਪ ਲਈ ਹਿਰਦੇ ਦੀ ਸਿੱਕ ਨੂੰ ਸਤਿਗੁਰਾਂ ਨੇ **ਬੈਰਾਗ** ਮੰਨਿਆਂ ਹੈ । ਕਿਸੇ ਦੀ ਮੌਤ ਸਮੇ " **ਬੈਰਾਗ** " ਨਹੀਂ ਉਪਜਦਾ ਅਗੋਂ **ਮਨ ਸੋਗਵਾਰ** ਹੋ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅਜੇਹਾ ਕੋਈ ਸ਼ਬਦ ਨਹੀਂ ਜਿਥੋ ਕਿਸੇ ਪਿਆਰੇ ਦੀ ਮੌਤ ਤੋਂ ਬੈਰਾਗੀ ਹੋ ਜਾਣ ਦੇ ਉਪਦੇਸ਼ ਦਾ ਕੋਈ ਸੰਕੇਤ ਮਾਤ੍ਰ ਵੀ ਮਿਲਦਾ ਹੋਵੇ। ਹੁਕਮ ਨੂੰ ਖਿੜੇ ਮੱਥੇ ਮੰਨਣ ਦਾ ਹੀ ਗੁਰੂ-ਉਪਦੇਸ਼ ਹੈ। ਮੌਤ ਹੋ ਜਾਣ ਤੇ ਰੋਣਾ ਪਿੱਟਣਾ, ਧਾਹਾਂ ਮਾਰਨੀਆਂ ਅਤੇ ਖ਼ਾਸ ਮਿਥੇ ਹੋਏ ਦਿਨਾ ਲਈ ਸੋਗ ਮਨਾਉਣਾ ਕੇਵਲ ਬ੍ਰਾਹਮਣੀ ਧਰਮ ਗ੍ਰੰਥਾਂ ਦੇ ਹਿੱਸੇ ਦੀ ਗੱਲ ਹੈ। ਖ਼ਾਲਸਾ ਪੰਥ ਵਲੋਂ ਤਿਆਰ ਕੀਤੀ ਸਿੱਖ ਮਰਯਾਦਾ ਵਿਚ ਜਿਵੇਂ ਦੇ ਅਰਥਾਂ ਵਾਲੇ ' ਵੈਰਾਗ ਮਈ ' ਸ਼ਬਦ (ਢੂੰਡ ਕਰਕੇ) ਉਚਾਰਨ ਦੀ ਗੱਲ ਹੈ, ਅਜੇਹੀ ਭਾਸ਼ਾ ਕੇਵਲ ਬਿੱਪ੍ਰ ਦੇ ਹਿੱਸੇ ਹੀ ਆ ਸਕਦੀ ਸੀ। ਮਿਰਤਕ ਦੀ ਮੌਤ ਦੇ ਸਮੇਂ ਨੂੰ ਸੁਹਾਵਾਂ ਬਣਾਉਣ ਲਈ--ਗੁਰੂ-ਸ਼ਬਦ ਨੂੰ ਵੈਰਾਗ ਮਈ ਕਹਿ ਕੇ ਵਰਤਨ ਦਾ ਪੰਥਕ ਫ਼ੁਰਮਾਨ ਗੁਰਮਤਿ ਦੇ ਅਨਕੂਲ ਮੰਨਣ ਲਈ ਦਾਸ ਦਾ ਮਨ ਨਹੀਂ ਮੰਨ ਰਿਹਾ ।

ਇਹ ਕਹਿੰਦੇ ਹੋਏ ਕਿ ਸਿਖੀ ਕੇਵਲ " ਸ਼ਬਦ " ਨੂੰ ਹੀ ਆਪਣਾ ਜੁਗੋ-ਜੁਗ ਅਟੱਲ ਅਤੇ ਸੱਚਾ-ਗੁਰੂ ਮੰਨਦੀ ਹੈ ਅਸੀਂ ਗੁਰੂ ਬਾਣੀ ਦੀ ਪੰਗਤੀ--**ਸ਼ਬਦ ਗੁਰੂ ਸੁਰਤਿ ਧੁਨਿ ਚੇਲਾ ॥** [੯੪੩] ਅਤੇ ਫਿਰ--**ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥** [੧੬੫] ਪੜ੍ਹਦੇ ਹਾਂ । ਕਿਡੀ ਬਦਕਿਸਮਤੀ ਹੈ ਕਿ ਪੰਥਕ ਤੌਰ ਤੇ ਅਸੀਂ " ਸਦਾ ਵਿਗਾਸ " ਗੁਰੂ-ਬਾਣੀ ਵਿਚੋਂ " ਬੈਰਾਗ-ਮਈ ਭਾਵ ਸੋਗਮਈ " **ਸ਼ਬਦ-ਗੁਰੂ** ਚੁਣ ਰਹੇ ਹਾਂ । ਅਜੇਹਾ ਕਰਕੇ, ਕੀ ਕਿਤੇ ਅਸੀਂ ਸਤਿਗੁਰੂ ਨਾਨਕ ਸਾਹਿਬ ਜੀ ਨੂੰ ਸੰਬੋਧਨ ਕਰਕੇ ਇਹ ਤਾਂ ਨਹੀਂ ਕਹਿ ਰਹੇ, ਕਿ " ਹੇ ਸੱਚੇ ਪਾਤਸ਼ਾਹ ਜੀਉ ! ਤੁਹਾਡੇ ਇਸ ਫ਼ੁਰਮਾਨ ਦੀ--" **ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ** "-- ਅਸਾਂ ਕੋਈ ਕੀਮਤ ਨਹੀਂ ਰਹਿਣ ਦਿੱਤੀ ਕਿਉਂਕਿ, ਅਸੀਂ ਤਾਂ ਇਹ ਸਮਝਣ ਲੱਗ ਪਏ ਹਾਂ ਤੁਸੀ ਰੱਬੀ ਹੁਕਮ ਨਹੀਂ ਬੋਲਦੇ ਸੀ । ਸਗੋਂ ਤੁਸੀਂ ਤਾਂ (ਜਜਮਾਨਾਂ ਕੋਲੋਂ ਪੈਸਾ ਟਕਾ ਉਗ੍ਰਾਹ ਕੇ ਢਿੱਡ ਪਾਲਣ ਵਾਲੇ) ਭੰਡ ਮਰਾਸੀਆਂ ਵਾਂਗ ਬਾਲਕ ਦੇ ਜਨਮ ਤੇ ਅਥਵਾ ਵਿਆਹ ਸ਼ਾਦੀ, ਆਦਿ ਖ਼ੁਸ਼ੀ ਦੇ ਮੌਕੇ ਤੇ ਪੜ੍ਹਨ ਵਾਲੇ " **ਕਸੀਦੇ** " ਅਤੇ ਸੋਗ ਦੇ ਸਮੇ ਤੇ ਪੜ੍ਹਨ ਵਾਲੇ " **ਮਰਸੀਏ** " ਲਿਖਦੇ ਰਹੇ ਸਾਉ । ਹਾਏ ਉਹ ਕਿਹੜੀ ਮੰਦਭਾਗੀ ਘੜੀ ਸੀ ਜਦੋਂ ਅਸਾਂ ਰਲ ਮਿਲ ਕੇ ਇਹ ਫ਼ੈਸਲਾ ਕਰ

ਲਿਆ ਕਿ (ਮਾਇਆ ਮੋਹ ਦੀ ਉਪਜ) ਖ਼ੁਸ਼ੀ ਅਤੇ ਗ਼ਮੀ ਵਾਲੇ ਸੰਸਾਰੀ ਸਮਿਆਂ ਨੂੰ ਸੁਹਾਵਾਂ ਬਣਾਉਣ ਲਈ, ਗੁਰੂ-ਬਾਣੀ ਵਿਚੋਂ, ਵਾਹੁ ਵਾਹੁ ਬਾਣੀ ਨਿਰੰਕਾਰ " ਵਿਚੋਂ, ਖ਼ੁਸ਼ੀ ਵਾਲੇਂ ਅਤੇ ' ਵੈਰਾਗਮਈ-ਸੋਗਮਈ ' ਸ਼ਬਦਾਂ ਦੀ ਮਨਮੱਤੀ ਚੋਣ ਕਰ ਲਿਆ ਕਰੀਏ ।

ਇਹ ਕਿਵੇਂ ਮੰਨ ਲਿਆ ਜਾਵੇ ਕਿ ਪੰਥ ਵਿਚੋਂ ਕਿਸੇ ਵੀ ਭਾਗਾਂ ਵਾਲੇ ਨੇ ਸਤਿਗੁਰਾਂ ਦੇ ਏਸ ਫ਼ੁਰਮਾਨ ਨੂੰ ਨਹੀਂ ਸੀ ਪੜ੍ਹਿਆ ਹੋਇਆ--**ਬਿਨੁ ਸਬਦੈ ਪਿਰੁ ਨਾ ਪਾਈਐ ਬਿਰਥਾ ਜਨਮੁ ਗਵਾਇ ॥** [੩੧] ਸ਼ਬਦ-ਗਿਆਨ ਤੋਂ ਵਾਂਜੇ ਨੂੰ ਤਾਂ ਵਾਹਿਗੁਰੂ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ । ਗੁਰੂ ਮਿਲ ਪਏ ਤਾਂ ਸਾਰੇ ਸੁਖਾਂ ਦਾ ਦਾਤਾ ਮਿਲ ਪੈਂਦਾ ਹੈ--**ਗੁਰਿ ਮਿਲਿਐ ਹਰਿ ਮੇਲਾ ਹੋਈ ॥**[੧੫੭] " ਸ਼ਬਦ-ਗੁਰੂ " ਤਾਂ ਹੈ ਹੀ ਸੁਖਾਂ ਦਾ ਸਾਗਰ ਪਰ ਅਸੀਂ ਆਪਣੀ ਮਤਿ ਨੂੰ ਹੀ ਗੁਰਮਤ ਮੰਨਣ ਵਾਲੇ ਦੁਖਦਾਈ ਹਉਮੈ ਰੋਗ ਦੇ ਸ਼ਿਕਾਰ ਹੋਏ ਜਨਮ ਮਰਣ ਦੇ ਗੇੜ ਵਿਚ ਧਾਹਾਂ ਮਾਰਦੇ ਰਹਿਣ ਵਾਲੇ ਸੰਸਕਾਰ ਬਣਾ ਰਹੇ ਹਾਂ--**ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰਥੈ ਸੁਖੁ ਨਾਹੀ ॥ ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥ ੧ ॥** ੬੦੩] ਗੁਰੂ-ਸ਼ਬਦ ਦੀ ਅਸਲ ਭਾਵਨਾ ਦੇ ਉਲਟ ਕੇਵਲ ਆਪਣੇ ਸੁਆਰਥੀ ਮੰਤਵਾਂ ਦੀ ਲੋੜ ਲਈ " ਸ਼ਬਦ-ਗੁਰੂ " ਦੀ ਕੁਵਰਤੋਂ ਕਰਨ ਦੇ ਅਪਰਾਧ ਦੇ ਕਾਰਨ ਹੀ, ਸ਼ਾਇਦ ਅਸੀਂ ਲਗਾਤਾਰ ਢਹਿੰਦੀਆਂ ਕਲਾਂ ਵਲ ਨੂੰ ਤੁਰੇ ਜਾ ਰਹੇ ਹੋਏ ਵੀ ਆਪਣੇ ਵਿਚ ਚੜ੍ਹਦੀ ਕਲਾ ਹੋਣ ਦਾ ਪੰਥ-ਘਾਤਕ-ਭਰਮ ਬਣਾਈ ਬੈਠੇ ਹਾਂ । ਗੁਰੂ-ਸ਼ਬਦ-ਗਿਆਨ ਨੂੰ ਸਮਝ ਕੇ ਉਸ ਅਨੁਸਾਰ ਆਪਣਾ ਜੀਵਨ ਨਾ ਢਾਲਣ ਤੋਂ, ਸਾਡਾ ਨਿਰਾ ਸੰਸਾਰੀ ਜੀਵਨ ਹੀ ਵਿਅਰਥ ਨਹੀਂ ਜਾਂਦਾ, ਸਗੋਂ ਪਰਲੋਕ ਵਿਚ ਵੀ ਬੇਕਦਰੀ ਅਤੇ ਸ਼ਰਮਿੰਦਗੀ ਹੀ ਪ੍ਰਾਪਤ ਹੁੰਦੀ ਹੈ--**ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥** [੨੯] ਸ਼ਬਦ ਨੂੰ ਗੁਰੂ ਮੰਨਣ ਦਾ ਢੰਡੋਰਾ ਵੀ ਦਿੰਦੇ ਹਾਂ ਅਤੇ ਫਿਰ ਉਸੇ " ਸ਼ਬਦ-ਗੁਰੂ " ਨੂੰ ਅਸੀਂ " **ਵੈਰਾਗਮਈ** ਅਥਵਾ **ਸੋਗਮਈ** " ਕਹਿੰਦੇ ਹਾਂ । ਅਸੀਂ ਇਹ ਵੀ ਕਿਵੇ ਯਾਦ ਰਖੀਏ ਕਿ ਜਿਸ ਗੁਰੂ ਬਾਰੇ ਅਸੀਂ " ਵੈਰਾਗਮਈ-ਸੋਗਮਈ " ਲਫ਼ਜ਼ ਵਰਤ ਰਹੇ ਹਾਂ ਉਸੇ ਗੁਰੂ ਬਾਰੇ ਸਤਿਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਇਸ ਪ੍ਰਕਾਰ ਹੈ--**ਗੁਰੁ ਨਾਨਕ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ ॥ ੪ ॥** [੪੫੨]- ਗੁਰੂ ਨੂੰ ਮਿਲਦਿਆਂ ਹੀ ਜਿੰਦ ਐਉਂ ਖਿੜ ਜਾਂਦੀ ਹੈ ਜਿਵੇਂ ਪੁੱਤਰ ਨੂੰ ਮਿਲ ਕੇ ਮਾਤਾ ਦਾ ਹਿਰਦਾ ਖਿੜਦਾ ਹੈ । ਪਰ ਅਸੀਂ ਅਜੇਹੇ " **ਵੈਰਾਗਮਈ** " ਗੁਰੂ ਸ਼ਬਦ ਦੀ ਢੂੰਡ ਕਰ ਰਹੇ ਹਾਂ, ਜਿਹੜਾ ਸਾਡੇ **ਸੋਗ** ਵਿਚ ਸਾਡਾ ਸਾਥ ਦੇਵੇ । " **ਬਾਣੀ ਗੁਰੂ ਗੁਰੂ ਹੈ ਬਾਣੀ**-" ਵਿਚੋਂ **ਸੋਗਮਈ** ਸ਼ਬਦ ਲੱਭ ਕੇ ਪੜ੍ਹਨ ਦੀ ਮਰਯਾਦਾ ਬਣਾਉਣ ਵਾਲੇ ਗੁਰੂ ਪੰਥ ਦਾ ਜਥੇਦਾਰ, ਸਿੱਖ ਜਗਤ ਨੂੰ ਖ਼ਾਲਸਤਾਨ ਲੈ ਦੇਣ ਵਾਲਾ ਦਿਲਾਸਾ ਪਤਾ ਨਹੀਂ ਕਿਸ ਯੋਜਨਾਂ ਅਧੀਨ ਦੇਈ ਜਾ ਰਿਹਾ ਹੈ ?

ਉਸੇ ਸ਼ਬਦ-ਗੁਰੂ ਦੀਆਂ ਵੰਡੀਆਂ ਪਾ ਕੇ ਆਪਣੇ ਸਮੇਆਂ ਦੀ ਰੌਣਕ ਬਣਾ ਰਿਹੇ ਹਾਂ ਜਿਸ ਪਾਵਨ " ਸ਼ਬਦ-ਗੁਰੂ " ਨੂੰ ਦਸ਼ਮੇਸ਼ ਜੀ ਨੇ ਆਪ ਗੁਰੂ ਨਾਨਕ ਸਾਹਿਬ ਦੀ ਗੁਰਤਾਗੱਦੀ ਦਾ ਸਦੀਵੀ ਮਾਲਕ ਬਣਾਇਆ ਸੀ ਅਤੇ ਖ਼ਾਲਸਾ ਜੀ ਨੂੰ ਜਿਸ ਦੇ ਲੜ ਲਾਇਆ ਸੀ । ਸਦਾ ਖੇੜੇ ਵਿਚ ਰਹਿਣ ਵਾਲੇ ਦਸ਼ਮੇਸ਼ ਜੀ ਦੇ ਦੈਵੀ ਮਨ ਵਿਚ ਇਹ ਵਿਚਾਰ ਆ ਹੀ ਨਹੀਂ ਸੀ ਸਕਦੀ ਕਿ ਉਨ੍ਹਾਂ ਦਾ ਖ਼ਾਲਸਾ ਕਦੇ ਇਹ ਵੀ ਭੁੱਲ ਜਾਵੇਗਾ ਕਿ " ਹਰਖ ਸੋਗ ਤੋਂ ਨਿਆਰੇ " **ਸ਼ਬਦ ਗੁਰੂ** " ਜੀ ਤਾਂ ਮਨੁੱਖ ਨੂੰ ਦੁਖਾਂ ਦਰਦਾਂ ਤੋਂ ਲਾਪਰਵਾਹ ਅਤੇ ਸਦਾ ਅਨੰਦ ਰਹਿਣ ਦੇ ਜੋਗ ਬਣਾ ਰਹੇ ਹਨ--**ਸਦਾ ਅਨੰਦੁ ਨਾਹੀ ਕਿਛੁ ਸੋਗੁ ॥ ਦੁਖੁ ਦਰਦੁ ਨਹ ਬਿਆਪੈ ਰੋਗੁ ॥** [੧੧੪੯]**...ਸਦਾ ਅਨੰਦ ਨ ਹੋਵੀ ਸੋਗੁ ॥** [੮੯੩]**...ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥** [੨੭੫]**....ਸਦਾ ਅਨੰਦੁ ਹੋਵੈ ਦਿਨੁ ਰਾਤੀ ਹਰਿ ਕੀਰਤਿ ਕਰਿ ਬਨਵਾਰੀ** ॥[੬੬੯] **ਮੇਰੇ ਮਨ ਹਰਿ ਜਪਿ ਸਦਾ ਧਿਆਇ ॥ ਸਦਾ ਅਨੰਦੁ ਹੋਵੈ ਦਿਨੁ ਰਾਤੀ ਜੋ ਇਛੈ ਸੋਈ ਫਲੁ ਪਾਇ ॥ ੧ ॥ ਰਹਾਉ** ॥[੩੬੩

ਸੱਚੇ ਹਿਰਦੇ ਤੋਂ ਆਪਣੇ ਸਤਿਗੁਰੂ ਦੇ ਹੁਕਮ ਅਨੁਸਾਰ ਜੀਵਨੀ ਢਾਲ ਲੈਣ ਵਾਲਾ ਗੁਰਮੁਖ ਸੱਜਣ ਨਾ, ਧੀਆਂ ਪੁਤਰਾਂ, ਧਨ ਦੌਲਤ ਆਦਿ ਦੇ ਆਉਣ ਤੇ ਕੋਈ ਖ਼ੁਸ਼ੀ ਮਨਾਉਂਦਾ ਹੈ ਅਤੇ ਨਾ ਹੀ ਉਹ ਅਜੇਹਾ ਸਭ ਕੁਝ ਚਲੇ ਜਾਣ ਤੇ ਕਦੇ ਕੋਈ ਸੋਗ ਮੰਨਦਾ ਹੈ--**ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ ਰੋਗਨੀ ॥ ਸਦਾ ਅਨੰਦੁ ਗੁਰ ਪੂਰਾ ਪਾਇਆ ਤਉ ਉਤਰੀ ਸਗਲ ਬਿਓਗਨੀ ॥ ੧ ॥**[੮੮੩] ਆਪਣੇ ਪੂਰੇ ਸਤਿਗੁਰਾਂ ਦੇ ਪਾਵਨ ਗੁਰੂ-ਸ਼ਬਦਾਂ ਨੂੰ ਹੀ " ਹਰਖ ਸੋਗ ਵਿਚ " ਵੰਡੇ ਹੋਏ ਵੇਖਣ ਵਾਲੇ **ਗੁਰੂ ਪੰਥ** ਨੂੰ **ਗੁਰੂ ਗ੍ਰੰਥ ਸਾਹਿਬ ਜੀ** ਵਾਂਗ--" ਜੁਗੋ ਜੁੱਗ ਅਟੱਲ ਗੁਰਿਆ " ਨਹੀਂ ਸੀ ਮਿਲੀ । ਇਸ ਨੂੰ ਗੁਰਿਆਈ ਦਾ ਭਾਈਵਾਲ ਕੇਵਲ-- " ਨਿਆਰੇ ਰਹਿਣ ਦੀ ਕਰੜੀ ਸ਼ਰਤ ਤੇ ਮਿਲੀ ਸੀ * । ਸੋ ਸਿੱਖ ਰਹਿਤ ਮਰਯਾਦਾ ਵੀ ਅਜੇਹੀ ਲੋੜੀਏ ਜਿਸ ਦੇ ਹਰ ਅੱਖਰ ਵਿਚ, ਪੰਥ ਨੂੰ ਨਿਆਰਾ ਬਣਾਈ ਰੱਖਣ ਦੀ ਤਕੀਦ ਉਛਾਲੇ ਮਾਰ ਰਹੀ ਹੋਵੇ ।

[*Foot note;-ਪੜ੍ਹੋ ਅਗਲੇ ਸਫ਼ਿਆਂ ਤੇ ਅਠਵੇਂ ਕਾਂਡ ਦਾ ਚੌਥਾ ਲੇਖ-' ਦਸ਼ਮੇਸ਼ ਜੀ ਦੇ ਹੁਕਮ ਦੀਆਂ ਵੰਡੀਆਂ ] '

ਧਰਮ ਅਸਥਾਨਾ ਤੇ ਹੀ ਹੰਕਾਰ ਦੀਆਂ ਵਿਸ਼ਾਲ ਪਰਦਰਸ਼ਨੀਆਂ ਹੁੰਦੀਆਂ ਵੇਖ ਸੁਣ ਕੇ ਰੱਬੀ ਕਹਿਰ ਦੇ ਵਰਤ ਜਾਣ ਦੇ ਭੈ ਨਾਲ ਹਿਰਦਾ ਕੰਬਣ ਲੱਗ ਪੈਂਦਾ ਹੈ :--

੧੦੨/ਅ- **ਮ: ੧ ॥ ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲਿ, ਦਿਸਨਿ੍ ਖਰੇ ਕਰੂਪ ॥ ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥ ਇਕਨਾ ਨਾਦ ਨ ਬੇਦ ਨ ਗੀਅ ਰਸੁ, ਰਸ ਕਸ ਨ ਜਾਣੰਤਿ ॥ ਇਕਨਾ ਸੁਧਿ ਨ ਬੁਧਿ ਨ ਅਕਲਿ ਸਰ, ਅਖਰ ਕਾ ਭੇਉ ਨ ਲਹੰਤਿ ॥**

**ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬ ਕਰੰਤਿ ॥ ੨ ॥** [੧੨੪੬]-ਵਾ-੨੨

ਗੁਰਮਤਿ ਦੀ ਕਸਵੱਟੀ ਤੇ ਰਦ ਹੋ ਜਾਣ ਵਾਲੀਆਂ ਗੱਲਾਂ ਸਿੱਖ ਮਰਯਾਦਾ ਵਿਚ ਵਾੜੀਆਂ ਜਾਣ ਦਾ ਹੀ ਕਾਰਨ ਹੈ ਕਿ ਸਿੱਖਾਂ ਵਿਚ ਅਜੋਕਾ ਮਿਰਤਕ ਸੰਸਕਾਰ ਪ੍ਰੋਹਿਤਵਾਦੀ ਰੀਤਾਂ ਦਾ ਹੀ ਵਟਾਇਆ ਹੋਇਆ ਦੂਜਾ ਰੂਪ ਬਣ ਚੁੱਕਾ ਹੈ। ਗਰੜ ਪੁਰਾਣ ਵਿਚ ਵੀ ਦਸਵੇਂ ਦਿਨ ਦੀ ਬੜੀ ਮੁਹਤਤਾ ਹੈ ਏਧਰ ਗੁਰੂਪੰਥ ਲਈ ਵੀ ਦਸ ਦਿਨ ਅਤੇ ਦੁਸਹਿਰਾ ਸਿੱਖ ਰਹਿਤ ਮਰਯਾਦਾ ਵਿਚ ਲਿਖਣਾ ਜ਼ਰੂਰੀ ਬਣ ਗਿਆ । ਅੰਗੀਠਾ ਫੋਲਣ ਦਾ ਜ਼ਿਕਰ ਕਰਨ ਦੀ ਕੀ ਲੋੜ ਸੀ ? ਪੰਥ ਨੂੰ ਅੰਗੇਠੀ ਦੀ ਯਾਦ ਆ ਜਾਣ ਨਾਲ ਹੀ ਮੁਰਦੇ ਦੀਆਂ ਹੱਡੀਆਂ ਨੂੰ ਗੰਗਾ ਦੇ ਥਾਂ ਕੀਰਤ ਪੁਰ ਲੈ

ਜਾਣ ਦਾ ਭਰਮ ਸੁਰਜੀਤ ਹੋ ਗਿਆ । ਸੁਣਿਆਂ ਹੈ ਕਿ ਸ੍ਰੀ ਗੋਇੰਦਵਾਲ ਵਿਖੇ ਨਵੇਂ ਬਣੇ ਹਡੋਰੋੜੇ ਦਾ ਉਦਘਾਟਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਉਚਚੇ ਪੁੱਜ ਕੇ ਆਪਣੇ ਕਰ ਕੰਵਲਾ ਨਾਲ ਕਰਕੇ ਹਡੀਆਂ ਨੂੰ ਗੰਗਾ ਵਿਚ ਪਾਉਣ ਵਾਲੀ ਹਿੰਦੂ ਰਸਮ ਨੂੰ ਪੱਕੀ ਪੰਥਕ ਮਰਯਾਦਾ ਬਣਾ ਦੇਣ ਦਾ ਉਪਕਾਰ ਕਰਕੇ, ' ਅਸਥੀਆਂ ਨੂੰ ਉਥੇ ਹੀ ਦਬਾ ਦੇਣ ਵਾਲੀ " ਪੰਥਕ ਹਦਾਇਤ ਦਾ ਘੁੱਟ ਭਰ ਲਿਆ ਹੈ । ਜੇ ਇਹ ਸੱਚ ਹੈ ਤਾਂ ਪੰਥਕ ਖਰੜੇ ਨੂੰ ਰੱਦ ਸਮਝਣ ਵਿਚ ਕੀ ਕਸਰ ਰਹਿ ਗਈ ?

**ਮਿਰਤਕ ਦੇਹ ਦੀ ਸੰਭਾਲ ਬਾਰੇ ਗੁਰਮਤ ਮਰਯਾਦਾ (ਸੁਝਾ)**--ਖਰੜਾ ਪਾਸ ਕਰਨ ਵਾਲੇ ਆਗੂ ਸਾਹਿਬਾਨ ਲਗਪਗ ਹੇਠ ਲਿਖੇ ਬਚਨਾਂ ਨਾਲ ਮਿਰਤਕ ਲੋਥ ਦੀ ਸੰਭਾਲ ਦੀ ਹਦਾਇਤ ਮੁਕਾ ਸਕਦੇ ਸਨ । (ਮਿਟੀ ਪੱਥਰ ਆਦਿ ਦੀ ਬੇਜਾਨ ਮੂਰਤੀ ਅਤੇ ਬੇਜਾਨ ਦੇਹ ਇੱਕ ਸਮਾਨ ਹੈ ਅਤੇ ਅਜੇਹੇ) ਮਿਰਤਕ ਬਾਰੇ ਗੁਰਮਤਿ ਦਾ ਆਸ਼ਾ ਇਸ ਪ੍ਰਕਾਰ ਹੈ--

੧੦੩- **ਜੇ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥**
**ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ ਤਾਂ ਮਿਰਤਕ ਕਾ ਕਿਆ ਘਟਿ ਜਾਈ ॥ ੩ ॥**[੧੧੬੦]-੪-੧੨

ਪ੍ਰਾਣੀ ਦੇ ਵਿਛੜ ਕੇ ਜਾ ਚੁੱਕੇ ਆਤਮਾਂ ਨਾਲ ਅਤੇ ਸਰੀਰ ਨਾਲ, ਕਈ ਤਰ੍ਹਾਂ ਦੇ ਸਨੇਹ ਸਤਿਕਾਰ ਵਾਲੇ ਸੰਬੰਧ ਰਹੇ ਹੁੰਦੇ ਹਨ । ਇਸ ਲਈ ਘਰ ਵਾਲੇ ਮਿਰਤਕ ਸਰੀਰ ਨੂੰ ਲੋੜੀਂਦੇ ਸਤਿਕਾਰ ਨਾਲ ਬਾਹਰ ਕਿਸੇ ਯੋਗ ਥਾਂ ਤੇ ਲੈ ਜਾ ਕੇ ਪੰਜਾਂ ਤੱਤਾਂ ਵਿਚ ਰਲਾ ਦੇਣ । ਸਾਰੇ ਧਰਮਾਂ ਤੋਂ ਨਿਆਰੇ ਖ਼ਾਲਸਾ ਜੀ ਲਈ ਕੋਈ ਪਾਬੰਦੀ ਨਹੀਂ ਹੈ ਕਿ ਉਹ ਮਿਰਤਕ ਦੇਹ ਨੂੰ ਕਿਸੇ ਖ਼ਾਸ ਵਿਧੀ ਨਾਲ, ਜਾਂ ਕਿਸੇ ਉਚੇਚੇ ਸਮੇਂ ਦੀ ਪਾਬੰਦੀ ਵਿਚ ਰਹਿ ਕੇ, ਪੰਜ ਤੱਤਾਂ ਵਿਚ ਰਲਾਏ । ਅੱਗਨੀ ਦੁਆਰਾ, ਧਰਤੀ ਵਿਚ ਡੂੰਘੀ ਦੱਬਣ ਨਾਲ, ਜਲ ਪ੍ਰਵਾਹ ਕਰਕੇ, ਹੱਸਣਿ ਪਾ ਦੇਵੇ ਜਾਂ ਹੋਰ ਕੋਈ ਵਿਧੀ ਵਰਤ ਲਏ ਇਹ ਉਸ ਲਾਸ਼ ਦੇ ਵਾਰਸਾਂ ਦੀ ਆਪਣੀ ਮਰਜ਼ੀ ਹੈ । ਸਾਰੇ ਧਰਮਾਂ ਤੋਂ ਨਿਆਰੇ ਖ਼ਾਲਸਾ ਜੀ ਹੇਠ ਲਿਖਿਆ ਗੁਰੂ ਫ਼ੁਰਮਾਨ ਚਾਨਣ ਮੁਨਾਰਾ ਹੋਣਾ ਚਹੀਦਾ ਹੈ:--

੧੦੪- **ਮਃ ੩ ॥ ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥**
**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ <u>ਹਸਣਿ</u> ਪਾਹਿ ॥**
**ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥ ੨ ॥**[੬੪੮]-ਵਾ-੧੬

ਕਿਉਂਕਿ, ਜ਼ਿੰਦਗੀ ਵਿਚ ਕੀਤੇ ਚੰਗੇ ਮੰਦੇ ਕਰਮਾ ਦਾ ਫਲ, ਪ੍ਰਾਣੀ ਨੇ ਆਪ ਹੀ ਭੁਗਤਣਾ ਹੁੰਦਾ ਹੈ ਇਸ ਲਈ ਉਸ ਦੇ **ਨਮਿਤ** ਕੋਈ ਵੀ ਧਰਮ ਕਰਮ ਕਰਨਾ ਜਾਂ ਦਾਨ ਪੁੰਨ ਦੇਣੇ ਆਦਿ ਸਭ ਨਿਸਫਲ ਹੈ । ਅਵੱਲ ਤਾਂ ਹਰ ਇੱਕ ਗੁਰ ਸਿੱਖ ਦੇ ਘਰ ਗੁਰਬਾਣੀ ਦਾ ਪਾਠ ਸਦਾ ਹੀ ਜਾਰੀ ਰਹਿਣ ਦੀ ਮਰਯਾਦਾ ਚਾਹੀਦੀ ਹੈ, ਜੇ ਅਜੇ ਢਿੱਲ ਹੈ ਤਾਂ ਮਿਰਤਕ ਦੀ ਲਾਸ਼ ਨੂੰ ਬਿਲੇ ਲਾਉਣ ਉਪ੍ਰੰਤ ਵਿਛੋੜੇ ਕਾਰਨ ਦੁਵੇ ਮਨ ਨੂੰ ਗੁਰਬਾਣੀ ਨਾਲ ਜੋੜੇ । ਆਪਣੇ ਪਿਆਰੇ ਦੀ ਮੌਤ ਦਾ ਦੁੱਖ ਵੇਖ ਕੇ ਸ਼ਾਇਦ ਇਹ ਦੁਵਿਆ ਹੋਇਆ ਸੋਗਵਾਰ ਮਨ ਪ੍ਰਭੂ ਚਰਨਾਂ ਨਾਲ ਪੱਕੀ, ਪ੍ਰੀਤ ਬਣਾ ਬੈਠੇ । " **ਜੰਮਣ ਮਰਨਾ ਹੁਕਮੁ ਹੈ ਭਾਣੈ ਆਵੈ ਜਾਇ** "॥ ਅਨੁਸਾਰ ਹੁਕਮ ਵਿਚ ਰਾਜ਼ੀ ਰਹਿਣ ਵਾਲਾ ਗੁਰਸਿੱਖ ਰੋਵੇ ਜਾਂ ਧਾਹਾਂ ਮਾਰ ਕੇ ਲੋਕਾਂ ਲਈ ਤਮਾਸ਼ਾ ਕਦੇ ਨਾਂ ਬਣੇ । ਸੱਚੇ ਸੱਜਣ ਆਪਣੇ ਸਤਿਗੁਰੂ ਜੀ ਨਾਲ ਰਲ ਬੈਠ ਵਿਛੋੜੇ ਦੇ ਦੁਖ ਨੂੰ ਖੇੜੇ ਵਿਚ ਬਦਲ ਲੈਣ ਦਾ ਯਤਨ ਕਰਨਾ ਚਾਹੀਦਾ ਹੈ। ਸੰਸਕਾਰ ਲਫ਼ਜ਼ ਵਰਤਣ ਤੋਂ ਬਿਨਾ ਹੀ, ਗੁਰੂ ਨਾਨਕ ਸਾਹਿਬ ਜੀ ਦੇ ਸਿੱਖ ਲਈ ਬੱਸ ਏਨੀ ਹੀ ਹੈ ਮਿਰਤਕ ਦੀ ਸੰਭਾਲ ਦੀ ਮਰਯਾਦਾ।

ਸਦੀਵੀ ਸੱਚ ਨਾਲ ਜੋੜਨ ਦੀ ਕਾਰ ਦੀ ਸੋਝੀ ਕਰਾਉਣ ਆਏ ਗੁਰੂ ਨਾਨਕ ਦੇਵ ਜੀ ਦਾ ਅਜੇਹੇ ਕਿਸੇ ਵੀ ਵਿਧੀ ਵਿਧਾਨ ਨਾਲ ਕੋਈ ਵਾਸਤਾ ਨਹੀਂ ਹੈ, ਜੋ ਸਰੀਰਕ ਤੌਰ ਤੇ ਸਦਾ ਇੱਕ ਸਾਰ ਨਾ ਨਿਭ ਸਕਦਾ ਹੋਵੇ । ਦੇਸ਼ ਦੀ ਵੰਡ ਸਮੇ ਧਰਮ-ਜਨੂੰਨੀਆਂ ਦੀਆਂ, ਤਲਵਾਰਾਂ, ਬਰਛਿਆਂ, ਕੁਹਾੜੀਆਂ ਨਾਲ ਅਥਵਾ ਗੋਲੀਆਂ ਨਾਲ ਕਤਲ ਕੀਤੇ ਜਾ ਰਹੇ ਆਪਣੇ ਪਰਵਾਰ ਦੀ ਅਤੇ ਆਪਣੇ ਬਿਰਧ ਮਾਤਾ ਪਿਤਾ ਦੀ ਸਾਰ, ਉਨ੍ਹਾਂ ਦੇ (੫/੫ ਅਤੇ ੮/੮) ਜਵਾਨ ਪੁੱਤਰਾਂ ਨੇ ਨਹੀਂ ਸੀ ਲਈ। ਜਾਨ ਬਚਾਉਣ ਲਈ ਦੌੜੇ ਫਿਰਦੇ ਬੇਮੁਹਾਰੇ ਹਜੂੰਮ ਇੱਕ ਦੂਜੇ ਨਾਲੋਂ ਅੱਗੇ ਲੰਘ ਜਾਣ ਦੇ ਫਿਕਰ ਵਿਚ ਤਰਲੇ ਲੈ ਰਹੇ ਸਨ। ਉਨ੍ਹਾਂ ਦੇ ਪਿਆਰੇ ਮਿਰਤਕ ਸੰਬੰਧੀਆਂ ਦੀਆਂ ਲੋਥਾਂ ਨੂੰ, ਅਥਵਾ ਜ਼ਖ਼ਮੀ ਪਏ ਪਾਣੀ ਦੇ ਘੁੱਟ ਲਈ ਸਹਿਕਦੇ ਮਰਣਾਊ ਸਰੀਰਾਂ ਨੂੰ, ਕਾਂਵਾਂ ਕੁਤਿਆਂ ਨੇ ਖਾਧਾ । ਵਿਸ਼ਵ ਜੰਗ ਸਮੇ ਕਰੋੜਾ ਮਰਨ ਵਾਲਿਆਂ ਦਾ ਮਿਰਤਕ ਸੰਸਕਾਰ ਕਿੰਨ੍ਹ ਕੀਤਾ ਸੀ ? ਕਿਨ੍ਹਾਂ ਕੀਤੇ ਉਨ੍ਹਾਂ ਨਮਿਤ ਪਾਠ ਅਤੇ ਦਾਨ ਪੁੰਨ ? ਕਿਨ੍ਹਾਂ ਨੇ ਫੋਲੇ ਉਨ੍ਹਾਂ ਦੇ ਅੰਗੀਠੇ ਅਤੇ ਕਿਨ੍ਹਾਂ ਚੁਣੇ ਅਥਵਾ ਸੰਭਾਲੇ ਉਨ੍ਹਾਂ ਦੇ ਫੁੱਲ ? ਸੋ ਕਿਸੇ ਵੀ ਅਜੇਹੀ ਕਰਮ-ਕਾਂਡੀ ਮਰਯਾਦਾ, ਜਾਂ ਵਿਧੀ ਵਿਧਾਨ ਨੂੰ ਧਰਮ ਦਾ ਅੰਗ ਮੰਨ ਲੈਣਾ, ਧਰਮ ਨੂੰ ਹਾਸੋ-ਹੀਣਾ ਬਣਾਉਣਾ ਹੁੰਦਾ ਹੈ।

ਰਹਿਤ ਮਰਯਾਦਾ ਦੇ ੨੨ ਸਫ਼ੇ ਦੀਆਂ ਅੰਤਲੀਆਂ ਸਤਰਾਂ ਵਿਰ- ੪- ਹੋਰ ਰੀਤੀਆਂ ਦਾ ਵੇਰਵਾ ਇਸ ਪ੍ਰਕਾਰ ਲਿਖਿਆ ਹੈ -- ਇਨ੍ਹਾਂ ਸੰਸਕਾਰਾਂ ਤੋਂ ਛੁੱਟ ਸਮੇਂ ਸਮੇਂ ਜੋ ਖ਼ੁਸ਼ੀ ਗ਼ਮੀ ਦਾ ਮੌਕਾ ਆ ਬਣੇ, (ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਹਲਣਾ, ਬਾਲਕ ਨੂੰ ਮਦਰੱਸੇ ਪਾਉਣਾ ਆਦਿ) ਤਾਂ ਸਿੱਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਲਈ ਅਰਦਾਸਾ ਸੋਧੇ । ਸਿੱਖੀ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸ ਹੈ ।

**੩- ਸੇਵਾ**

੧- ਸੇਵਾ ਸਿੱਖ ਧਰਮ ਦਾ ਇਕ ਉਘਾ ਅੰਗ ਹੈ । ਇਸ ਨੂੰ ਨਮੂਨੇ ਮਾਤ੍ਰ ਸਿਖਾਉਣ ਲਈ ਗੁਰਦੁਆਰਿਆਂ ਚ ਹੀ ਪ੍ਰਬੰਧ ਕੀਤਾ ਹੁੰਦਾ ਹੈ । ਸਾਧਾਰਨ ਰੂਪ ਇਸ ਦੇ ਇਹ ਹਨ । ਗੁਰਦੁਆਰੇ ਦਾ ਝਾੜੂ, ਲੇਪਣ, ਸੰਗਤਾਂ ਦੀ ਪਾਣੀ ਪੱਖੇ ਦੀ ਸੇਵਾ, ਲੰਗਰ ਦੀ ਸੇਵਾ ਜੋੜੇ ਝਾੜਨ ਆਦਿ ।

(ੳ) ਗੁਰੂ ਕਾ ਲੰਗਰ---ਇਸ ਦੇ ਦੋ ਭਾਵ ਹਨ--ਇੱਕ ਸਿਖਾਂ ਨੂੰ ਸੇਵਾ ਸਿਖਾਉਣਾ, ਦੂਜਾ ਊਚ-ਨੀਚ, ਛੂਤ-ਛਾਤ ਦਾ ਭਰਮ ਮਿਟਾਉਣਾ ।

(ਅ) ਗੁਰੂ ਕੇ ਲੰਗਰ ਵਿਚ ਬੈਠ ਕੇ ਊਚ-ਨੀਚ, ਕਿਸੇ ਜ਼ਾਤ ਜਾਂ ਵਰਣ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ । ਪੰਗਤ ਵਿਚ ਬਿਠਾਉਣ ਲਗਿਆਂ ਕਿਸੇ ਦੇਸ਼, ਵਰਨ, ਜ਼ਾਤਿ ਜਾਂ ਮਜ਼ਹਬ ਦਾ ਵਿਤਕਰਾ ਨਹੀਂ ਕਰਨਾ । **<u>ਹਾਂ, ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਛਕ ਸਕਦੇ ਹਨ ।</u>**

**ਸੇਵਾ**:--

ਸੇਵਾ ਬਾਰੇ ਜੋ ਗੁਰੂ ਬਾਣੀ ਵਿਚੋਂ ਅਤੇ ਜੋ ਕੁਝ ਗੁਰੂ ਇਤਿਹਾਸ ਵਿਚ ਸੇਵਾ ਦੀ ਝਲਕ ਵੱਜਦੀ ਹੈ ਉਸ ਤੋਂ ਇਹ ਯਕੀਨ ਬਣਦਾ ਹੈ ਕਿ ਜੇ ਅਸੀਂ ਆਪਣੇ ਸਤਿਗੁਰਾਂ ਦੇ ਪੂਰਨਿਆਂ ਤੇ ਤੁਰਨ ਸਿੱਖੇ ਹੁੰਦੇ ਤਾਂ ਸਾਰੇ ਸਿੰਘ ਭਗਤ ਪੂਰਨ ਸਿੰਘ ਅਤੇ ਕਈਆਂ ਸਿੰਘਣੀਆਂ ਨੇ **Noble Prize** ਜਿਤਿਆ ਹੁੰਦਾ। ਸਾਰਾ ਸੰਸਾਰ ਗੁਰੂ ਨਾਨਕ ਸਾਹਿਬ ਜੀ ਦਾ ਦਿਲੋਂ ਰਿਣੀ ਨਜ਼ਰ ਆਉਂਦਾ। ਪਰ ਸਾਡੇ ਧਰਮ ਆਗੂਆਂ ਨੇ ਜਦ ਗੁਰਮਤ ਦਾ ਸਹੀ ਆਸ਼ਾ ਆਪ ਹੀ ਨਾ ਸਮਝਿਆ ਤਾਂ ਪੰਥ ਨੂੰ ਗੁਰਮਤਿ ਅਨੁਸਾਰ ਤੁਰਨਾ ਕਿਥੋਂ ਆਉਣਾ ਸੀ? ਗੁਰੂ-ਬਾਣੀ ਵਿਚਾਰ ਤੋਂ ਪਹਿਲਾਂ ਗੁਰੂ ਇਤਿਹਾਸ ਵੱਲ ਝਾਤੀ ਮਾਰ ਲਈਏ:--

੧) ਗੁਰੂ ਨਾਨਕ ਪਾਤਸ਼ਾਹ ਜੀ ਨੇ ਉਦਾਸੀਆਂ ਸਮੇ ਨਿਰਾ ਮਾਨਸਕ ਤੌਰੇ ਤੇ ਕੋਹੜੇ ਹੋ ਚੁੱਕੇ (ਭੋਲੇ ਭਾਲੇ ਇਸਤ੍ਰੀ ਮਰਦ ਰਾਹੀਆਂ ਨੂੰ ਧੋਖੇ ਨਾਲ ਡੇਰੇ ਵਿਚ ਵਾੜ ਕੇ, ਧਨ ਦੌਲਤ, ਇੱਜ਼ਤ-ਆਬਰੂ, ਸਭ ਕੁਝ ਲੁੱਟ ਕੇ ਕਤਲ ਕਰ ਦੇਣ ਵਾਲੇ ਜ਼ਾਲਮਾਂ ਦੇ ਸਿਰਦਾਰ ਸੱਜਣ ਨੂੰ, ਬੰਦੇ ਖਾਣੇ ਕੌਡੇ ਭੀਲ ਨੂੰ ਅਤੇ ਅਜੇਹੇ ਹੋਰ ਬੇਅੰਤ ) ਪਾਪਾਂ ਦੀ ਅੱਗ ਵਿਚ ਸੜਦਿਆਂ ਨੂੰ ਹੀ ਆਤਮਕ ਠੰਡ ਦੀ ਬਖ਼ਸ਼ਸ਼ ਨਹੀਂ ਸੀ ਕੀਤੀ, ਗੁਰਦੇਵ ਜੀ ਕੋੜ੍ਹ ਰੋਗ ਦੇ ਉਨ੍ਹਾਂ ਰੋਗੀਆਂ ਦੀਆਂ ਕੁੱਲੀਆਂ ਵਿਚ ਵੀ ਪੁੱਜਦੇ ਰਹੇ ਜਿਨ੍ਹਾਂ ਰੋਗੀਆਂ ਨੂੰ ਲੋਕਾਂ ਲਈ ਭਿਆਨਕ ਖ਼ਤਰਾ ਜਾਣ ਕੇ ਬਸਤੀਆਂ ਤੋਂ ਦੂਰ, ਮੌਤ ਦਾ ਖਾਜਾ ਬਣ ਜਾਣ ਲਈ ਘਰੋਂ ਘਾਟੋਂ ਅਥਵਾ ਸਮਾਜੋਂ ਬਾਹਰ ਵਗਾਹ ਮਾਰਿਆ ਹੋਇਆ ਸੀ, ਜਿਨ੍ਹਾਂ ਦੀ ਕੁੱਲੀ ਵੇਖਦਿਆਂ ਹੀ ਨੱਕ ਨੱਪ ਕੇ ਲੋਕ ਦੂਰੋਂ ਲੰਘ ਜਾਂਦੇ ਸਨ । ਗੁਰਦੇਵ ਜੀ ਅਜੇਹੇ ਲਾਚਾਰ ਦੁਖੀਆਂ ਕੋਲ ਜਾ ਕੇ, ਸਰੀਰਕ ਅਤੇ ਆਤਮਕ ਸੁਖ ਪੁਚਾ ਕੇ ਉਨ੍ਹਾਂ ਦਾ ਲੋਕ ਸੁਖ਼ੀਆ ਅਤੇ ਪਰਲੋਕ ਸੁਹੇਲਾ ਬਣਾਉਂਦੇ ਰਹੇ ਸਨ।

੨) ਐਮਨਾਬਾਦ ਤੇ ਬਾਬਰ ਦੇ ਫੌਜੀਆਂ ਦਾ ਕਹਿਰ ਟੁੱਟਾ ਤਾਂ ਬਾਬਰ ਦੇ ਭੈ ਤੋਂ ਵਡੇ ਵਡੇ ਜੋਧੇ ਅਤੇ ਪੀਰ ਫ਼ਕੀਰ ਆਪਣੇ ਬਚਾ ਲਈ ਘੋਰਨੇ ਲੱਭਦੇ ਫਿਰਦੇ ਸਨ। ਬੇ ਪੀਰੇ ਹੰਕਾਰੀ ਜਾਬਰ, ਬਾਲ ਬਿਰਧਾਂ ਸਮੇਤ ਜੋ ਵੀ ਸਾਹਮਣੇ ਆਇਆ, ਨਿਤਾਣੀ ਅਤੇ ਨਿਆਸਰੀ ਜਨਤਾ ਨੂੰ ਟੋਟੇ ਟੋਟੇ ਕਰੀ ਜਾ ਰਹੇ " (**ਕਾਇਆ ਕਪੜੁ ਟੁਕ ਟੁਕ ਹੋਸੀ**-੭੨੩) ਸਨ। ਪਰਜਾ ਦੀ ਰਖਿਆ ਦਾ ਜ਼ਿਮੇਵਾਰ ਜਦ ਰਾਜਾ ਵੀ ਜਰਵਾਣਿਅ: ਦਾ ਅਨੁਸਾਰੀ ਬਣ ਗਿਆ ਤਾਂ ਅਜੇਹੀ ਸਖ਼ਤ ਖ਼ਤਰੇ ਵਾਲੀ ਘੜੀ ਵਿਚ ਕੌਣ ਸਹਾਈ ਹੋਵੇ? **ਆਪਿ ਨਾ ਡਰਉ , ਨ ਅਵਰ ਡਰਾਵਉ ॥[੩੨੭]**–ਸਿਧਾਂਤ ਦੇ ਉਪਦੇਸ਼ਕ ਨਿਰਭੈ ਸਤਿਗੁਰੂ ਜੀ ਤਿੰਨ ਸਾਲ ਦੀ (ਸੰਮਤ--੧੫੭੫--੧੫੭੮) ਉਦਾਸੀ ਤੋਂ ਸਿੱਧੇ ਐਮਨਾਬਾਦ ਪੁੱਜੇ। ਦੁਖਿਆਰਿਆਂ ਦੇ ਸਹਾਈ ਹੋਏ ਅਤੇ ਬਾਬਰ ਨੂੰ ਜ਼ੁਲਮ ਕਰਨ ਤੋਂ ਵਰਜਿਆ।

੩) ਸੰਨ ੧੫੯੪ ਤੋਂ ੧੫੯੯ ਤੱਕ ਮਾਝੇ ਵਿਚ ਬੜਾ ਸਖ਼ਤ ਕਾਲ ਪਿਆ ਰਿਹਾ ਅਤੇ ਨਾਲ ਹੀ ਸੀਤਲਾ (-ਮਾਤਾ) ਨੇ ਵੀ ਬੜੀ ਤਬਾਹੀ ਮਚਾਈ। ਪੰਜਮ ਪਾਤਸ਼ਾਹੀ ਜੀ ਨੇ ਉਹ ਸਾਰਾ ਸਮਾ ਦੂਰ ਨੇੜੇ ਸਾਰੇ ਪਿੰਡਾਂ ਵਿਚ ਪੁੱਜ ਪੁਜ ਕੇ ਆਪਣੇ ਹੱਥੀ ਦੁਖਿਆਰਿਅ: ਦੀ ਸੇਵਾ ਕੀਤੀ। ਗੁਰੂ ਹਰ ਗੋਬਿੰਦ ਸਾਹਿਬ ਜੀ ਦਾ ਜਨਮ ੧੫੯੫ ਵਿਚ ਹੋਇਆ ਸੀ। ਘਰੇਗੀ ਮਜਬੂਰੀ (ਪ੍ਰਿਥੀ ਚੰਦ ਜੀ ਬਾਲਕ ਹਰਗੋਬਿੰਦ ਜੀ ਦੀ ਜਾਨ ਦੇ ਵੈਰੀ ਬਣੇ ਹੋਏ ਸਨ) ਕਾਰਨ ਨਵ ਜਨਮੇ ਸਾਹਿਬਜ਼ਾਦਾ ਜੀ ਵੀ ਸੀਤਲਾ (ਚੀਚਕ-Small pox) ਦੀ ਭਮਾਰ ਵਾਲੇ ਇਲਾਕੇ ਵਿਚ ਰਹਿਣ ਦੇ ਕਾਰਨ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਵੀ ਮਾਤਾ ਨਿਕਲ ਆਈ। ਦੁਖਿਆਰਿਆਂ ਦੀ ਸੇਵਾ ਦੀ ਨਿਸ਼ਕਾਮ ਲਗਨ ਵਿਚ ਆਪਣੇ ਸੁੱਖੀ ਲੱਧੇ ਸਪੁਤਰ ਦੀ ਅਰੋਗਤਾ ਦੀ ਕੁਰਬਾਨੀ ਦੇਣੋ ਸੰਕੋਚ ਨਾ ਕੀਤਾ।

੪) ਲਗ ਪੱਗ ਸਾਰੇ ਗੁਰੂ ਸਾਹਿਬਾਨ ਦੀ ਜਿੰਗਦੀ ਵਿਚ ਗ਼ਰੀਬਾਂ, ਨਿਤਾਣਿਆਂ, ਬੇਆਸਰਿਆਂ ਦੀ ਸੇਵਾ ਦਾ ਇਤਿਹਾਸ ਬੇਅੰਤ ਹੈ। ਉਸ ਸਮੇ ਖ਼ੂਹ ਅਤੇ ਸਰੋਵਰ ਲਾਉਣੇ ਮਨੁੱਖਾਂ ਅਤੇ ਪਸ਼ੂ ਪੰਖੀਆਂ ਦੀ ਬੜੀ ਵੱਡੀ ਸੇਵਾ ਮੰਨੀ ਜਾਂਦੀ ਸੀ। ਇਸ ਪੱਖੋਂ ਕੀਤੀ ਸੇਵਾ ਵਿਚ ਸਤਿਗੁਰਾਂ ਦਾ ਸਾਨੀ ਲੱਭਣਾ ਕਠਨ ਹੈ। ਪਰ ਦਸ਼ਮੇਸ਼ ਜੀ ਨੇ ਭਾਈ ਘਨਈਆ ਜੀ ਨੂੰ ਵੈਰੀ ਫ਼ੌਜ ਦੇ ਪਿਆਸਿਆਂ ਅਤੇ ਘਾਇਲਾਂ ਦੀ (ਆਪਣੇ ਪਰਾਏ ਦੇ ਵਿਤਕਰੇ ਤੋਂ ਰਹਿਤ) ਨਿਰੋਲ ਆਪਨਿਆਂ ਵਾਂਗ ਹੀ ਸੇਵਾ ਕਰਨ ਦਾ ਜੋ ਹੁਕਮ ਦਿੱਤਾ ਸੀ, ਉਸ ਤੋਂ ਸਿੱਖ ਧਰਮ ਨੇ, Red Cross ਸੰਸਥਾ ਦਾ ਮੋਢੀ ਮੰਨਿਆਂ ਜਾ ਕੇ ਸੰਸਾਰ ਵਿਚ ਉਚੇਰੇ ਸਤਿਕਾਰ ਦਾ ਮਾਲਕ ਬਣਨਾ ਸੀ। ਪਰ ਅਸੀਂ ਹੰਕਾਰ ਦੀ ਜਿਸ .......?

**ਗੁਰੂ-ਬਾਣੀ**--

ਦੇਸ਼ ਕੌਮ ਦੀ ਅਗਿਆਨਤਾ ਦੂਰ ਕਰਨ ਜਿਹਾ ਵਡਾ ਉਪਕਾਰ ਹੋਰ ਕੋਈ ਨਹੀਂ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਸੱਭ ਤੋਂ ਵਡਾ ਲਾਹੇਵੰਦ ਸਮਾ ਸਸਿੰਗਰਤ ਵਾਲਾ ਹੁੰਦਾ ਸੀ। ਉਨ੍ਹੀਂ ਦਿਨੀ ਗਰਮੀ ਦੇ ਮੌਸਮ ਵਿਚ ਜੁੜ ਬੈਠਣਾ ਲਗ-ਪਗ ਅਸੰਭਵ ਬਣ ਜਾਂਦਾ ਸੀ। ਸੰਗਤ ਨੂੰ ਗਰਮੀ ਅਤੇ ਪਸੀਨੇ ਤੋਂ ਚੈਨ ਪੱਖੇ ਦੀ ਹਵਾ ਨਾਲ ਹੀ ਮਿਲ ਸਕਦਾ ਸੀ। ਸੰਗਤ ਵਿਚ ਖੜੇ ਹੋ ਕੇ ਝੱਲਣ ਲਈ ਵਡੇ ਵਡੇ ਪੱਖੇ ਬਣ ਗਏ। ਪੱਖਾ ਝੱਲਣ ਦੀ ਸੇਵਾ ਵਿਚ ਹਿੰਮਤ ਅਤੇ ਹਠ ਦੀ ਲੋੜ ਹੰਦੀ ਸੀ। ਗਰਮੀ ਵਿਚ ਪਾਣੀ ਦੀ ਪਿਆਸ ਵੀ ਮੁੜ ਮੁੜ ਲਗਿਆ ਕਰਦੀ ਸੀ। ਇਸ ਲਈ ਗੁਰੂ ਸ਼ਬਦ ਦੀ ਵਿਚਾਰ ਨਾਲ ਜੁੜੀ, ਅਥਵਾ ਬਾਬਾਣੀਆਂ ਕਹਾਣੀਆਂ- ਨੂੰ ਯਾਦ ਕਰ ਰਹੀ ਸੰਗਤਿ ਦੀ ਪਾਣੀ ਪੱਖੇ ਦੀ ਸੇਵਾ ਗੁਰਸਿੱਖਾਂ ਲਈ ਵਡੇ ਭਾਗਾਂ ਦੀ ਨਿਸ਼ਾਨੀ ਬਣ ਗਈ। ਆਉਣ ਜਾਣ ਲਈ ਮੋਟਰਾਂ ਗੱਡੀਆਂ ਦੇ ਸਾਧਨ ਨਾ ਹੋਣ ਦੇ ਕਾਰਨ ਦੂਰੋਂ ਚਲ ਕੇ ਆਈਆਂ ਥੱਕੀਆਂ ਸੰਗਤਾਂ ਦੇ ਚਰਨ ਧੁਆਉਣੇ ਅਤੇ ਲੰਗਰ ਪਾਣੀ ਦੀ ਸੇਵਾ ਵੀ ਓਨੀ ਹੀ ਜ਼ਰੂਰੀ ਸੀ। ਉਨ੍ਹਾਂ ਸਮਿਆਂ ਵਿਚ ਆਟਾ ਚੱਕੀਆਂ ਨਾਲ ਪੀਸਿਆ ਜਾਇਆ ਕਰਦਾ ਸੀ। ਸੋ, ਗੁਰੂ ਦਰਬਾਰਾਂ ਦੁਆਰਾ ਗੁਰਮਤਿ ਦੇ ਪਰਚਾਰ ਦੀ ਸਫ਼ਲਤਾ ਲਈ, ਪਾਣੀ, ਪੱਖਾ, ਆਟਾ ਪੀਸਣਾ ਅਥਵਾ ਘੱਟੇ ਮਿੱਟੀ ਨਾਲ ਲਿਬੜੀ, ਲੰਮੇ ਪੈਂਡੇ ਮਾਰ ਕੇ ਥੱਕ ਕੇ ਪੁੱਜੀ ਸੰਗਤ ਦੇ ਲੋੜ ਅਨੁਸਾ ਠੰਡੇ ਜਾਂ ਗਰਮ ਪਾਣੀ ਨਾਲ ਚਰਨ ਧੋਣੇ ਬੜੀ ਲਹੇਵੰਦ ਸੇਵਾ ਸੀ। ਇਸ ਲਈ ਸਤਿਗੁਰਾਂ ਨੇ **ਧਰਮਸਾਲਾ** ਵਿਚ ਅਜੇਹੀ ਸੇਵਾ ਕਰਨ ਨੂੰ,ਸਮੇ ਸਮੇ ਗੁਰਬਾਣੀ ਸ਼ਬਦਾਂ ਦੁਆਰਾ ਵੀ ਉਤਸ਼ਾਹ ਦਿੱਤਾ। ਉਦਾਹਰਣ ਵਜੋ :--

੧੦੫-- **ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ ॥ ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ ॥**
**ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥ ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ ॥**
**ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤ ਹੋਇ॥ ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥**

**ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥ ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ ॥ ੩ ॥**[੫੧੮]-ਵਾਰ

੧੦੬- **ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥ ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮ ਧਿਆਈ ॥ ੧ ॥ ਰਹਾਉ ॥ ਜੇ ਸੁਖ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ ੨ ॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥ ੩ ॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ ੪ ॥ ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ ੬॥**[੭੫੭]-੧

# ਟੇਪ ਤੋਂ ਸੁਣਿਆਂ ਭਾਈ ਸਾਹਿਬ ਸੇਵਾ ਕਰਨ ਦਾ ਗੁਰਮਤਿ ਢੰਗ ਦੱਸ ਰਹੇ ਸਨ ਮਿਤੀ ੨੩-੧੨-੯੭ ਮੰਗਲ ਵਾਰ

ਇਨ੍ਹਾਂ ਗੁਰੂ ਸ਼ਬਦਾਂ ਵਿਚ ਪੱਖਾ ਝੱਲਨ ਦੀ, ਖੂਹਾ, ਦਰਿਆਵਾਂ ਤੋਂ ਪਾਣੀ ਢੋਣ ਦੀ ਅਥਵਾ ਲੰਗਰ ਲਈ ਆਟਾ ਪੀਸਣ ਦੀ ਸੇਵਾ ਉਨ੍ਹਾਂ ਗੁਰਮੁਖਾਂ ਦੀ ਹੋ ਰਹੀ ਸੀ ਜਿਨ੍ਹਾਂ ਨਾਲ ਮਿਲ ਬੈਠ ਕੇ ਪ੍ਰਭੂ ਮਿਲਾਪ ਲਈ, ਜੀਵਨ-ਜੁਗਤ ਸੁਆਰ ਕੇ ਆਤਮਕ-ਉੱਚਤਾ ਦੀ ਪ੍ਰਾਪਤੀ ਲਈ ਸਤਿ ਦੀ ਸੰਗਤਿ ਵਿਚ ਜੁੜਨਾ ਹੁੰਦਾ ਹੈ। ਕਿਉਂਕਿ ਜਿਹੜੇ ਮਨੁੱਖ ਦਾ ਮਨ ਇਸ ਭੈ ਵਿਚ ਰਹਿਣਾ ਸਿੱਖ ਜਾਵੇ ਕਿ ਉਸ ਦੇ ਚੰਗੇ ਮਾੜੇ ਕਰਮਾ ਦਾ ਹਿਸਾਬ ਅਥਵਾ ਉਸ ਦੇ ਪਲ ਪਲ ਦੇ ਚੰਗੇ ਜਾਂ ਮਾੜੇ ਵਿਚਾਰਾਂ ਦਾ ਸਾਰਾ ਹਿਸਾਬ ਕਿਤਾਬ ਰੱਖਣ ਵਾਲਾ ਪ੍ਰਭੂ ਦਾ ਦਰਬਾਰ ਉਸ ਦੇ ਅੰਦਰ ਹੀ ਲੱਗਾ ਹੋਇਆ ਹੈ, ਤਾਂ ਮਨੁੱਖੀ **ਮਨ** ਬੁਰਿਆਈਆਂ ਵੱਲ ਭਜਣੋ ਬਚ ਕੇ ਰਹਿਣਾ ਸਿੱਖ ਜਾਂਦਾ ਹੈ ਅਤੇ ਨੇਕੀ ਵਾਲੇ ਪਾਸੇ ਝੁਕਾ ਵਧਦਾ ਹੈ--

੧੦੭- **ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥ ਬਿਖੁ ਸੰਚੈ ਨਿਤ ਡਰਤਾ ਫਿਰੈ ॥ ਹੈ ਨਿਕਟੇ ਅਰੁ ਭੇਦੁ ਨ ਪਾਇਆ ॥ ਬਿਨੁ ਸਤਿਗੁਰ ਸਭ ਮੋਹੀ ਮਾਇਆ ॥ ੧ ॥ ਨੇੜੈ ਨੇੜੈ ਸਭੁ ਕੋ ਕਹੈ ॥ ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥ ੧ ॥ ਰਹਾਉ ॥ ਨਕਟਿ ਨ ਦੇਖੈ ਪਰ ਗ੍ਰਿਹਿ ਜਾਇ ॥ ਦਰਬੁ ਹਿਰੈ ਮਿਥਿਆ ਕਰਿ ਖਾਇ ॥ ਪਈ ਠਗਉਰੀ ਹਰਿ ਸੰਗਿ ਨ ਜਾਨਿਆ ॥ ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥ ੨ ॥ ਨਿਕਟਿ ਨ ਜਾਨੈ ਬੋਲੈ ਕੂੜੁ ॥ ਮਾਇਆ ਮੋਹਿ ਮੂਠਾ ਹੈ ਮੂੜੁ ॥ ਅੰਤਰਿ ਵਸਤੁ ਦਿਸੰਤਰਿ ਜਾਇ ॥ ਬਾਝੁ ਗੁਰੂ ਹੈ ਭਰਮਿ ਭੁਲਾਇ ॥ ੩ ॥ ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥ ਸਤਿਗੁਰੁ ਸੇਵੇ ਖੁਲੇ ਕਪਾਟ ॥ ਅੰਤਰਿ ਬਾਹਰਿ ਨਿਕਟੇ ਸੋਇ ॥ ਜਨ ਨਾਨਕ ਆਵੈ ਨ ਜਾਵੈ ਕੋਇ ॥ ੪ ॥**[੧੧੩੯]-੩-੧੬

ਸਤਿ ਸੰਗਤਿ ਵਿਚ ਬੈਠ ਕੇ ਪ੍ਰਭੂ ਦੀਆਂ ਵਡਿਆਈਆਂ ਸਮਝਣ ਵਿਚ ਜੁੜਨਾ ਹੈ। ਅਤੇ ਵਡਿਆਈਆਂ ਦੀ ਜਿਉਂ ਜਿਉਂ ਸਮਝ ਅਤੇ ਕਦਰ ਆਉਣੀ ਹੈ ਇਹ ਨਿਸਚਾ ਬਣ ਜਾਣਾ ਹੈ ਕਿ ਪ੍ਰਭੂ ਸਾਡੇ ਕੇਵਲ ਨੇੜੇ ਹੀ ਨਹੀਂ ਸਗੋਂ ਸਡੇ ਕਰਮਾ ਅਤੇ ਸੰਕਲਪਾਂ-ਵਿਕਲਪਾਂ ਦੇ ਅਧਾਰ ਤੇ ਜਨਮ ਮਰਨ ਦੇ ਚੱਕਰਾਂ ਵਿਚ ਪਏ ਰਹਿਣ ਦਾ, ਜਾਂ ਉਸ ਸਿਰਜਣਹਾਰ ਨਾਲ ਅਭੇਦਤਾ ਦੇ ਪਰਮ ਪਦ ਤੱਕ ਪਹੁੰਚ ਸਕਣ ਦਾ ਲੇਖਾ ਜੋਖਾ ਉਹ ਆਪ ਹੀ ਕਰ ਰਿਹਾ ਹੈ, ਤਾਂ ਮਨ ਨੇਕੀ ਵੱਲ ਝੁਕਾ ਫੜਦਾ ਹੈ। " **ਵਿਚ ਅਗਨੀ ਆਪੁ ਜਲਾਈਂ** --ਆਪਾ ਭਾਵ ਅਗਨੀ ਵਿਚ ਸਾੜ ਕੇ ਸਤਸੰਗੀਆ ਦੀ ਸੇਵਾ (ਪਾਣੀ, ਪੱਖਾ, ਪੀਸਣ) ਦਾ ਇਹ ਫਲ ਹੈ। ਇਹੀ ਸੇਵਾ ਗੁਰੂ ਪੰਥ ਵਿਚ ਬੜੀ ਹੀ ਪ੍ਰਧਾਨ ਹੋ ਗਈ। ਪਰ ਸਾਰੀ ਸੇਵਾ ਕੇਵਲ ਉਸ ਸਮੇਂ ਦੀ ਲੋੜ ਸੀ। ਗੁਰੂ ਨਾਨਕ ਪਾਤਸ਼ਾਹ ਜੀ ਨੇ ਬੜੀ ਜੋਖਮ ਦੇ ਪੈਂਡੇ ਮਾਰ ਕੇ ਸਾਦੇ ਲਈ ਜੋ ਅਨਮੋਲ ਖ਼ਜਾਨਾ ਇਕੱਤਰ ਕੀਤਾ ਸੀ ਉਸ ਦੀ ਅਸਾਂ ਕਦਰ ਨਾ ਜਾਣੀ। ਸੂਖਸ਼ਮ ਰੂਪ ਵਿਚ ਸਾਰੇ ਸਿੱਖਾਂ ਦੇ ਮਨ ਵਿਚ ਭਗਤਾਂ ਦੀ ਬਾਣੀ ਅਤੇ ਸਤਿਗੁਰਾਂ ਦੀ ਬਾਣੀ ਵਿਚ ਅੰਤਰ ਕਦੇ ਬਣਦਾ ਅਤੇ ਕਦੇ ਢਹਿੰਦਾ ਰਿਹਾ। ਅਸਾਂ ਆਪਣੇ ਸਤਿਗੁਰੂ ਗ੍ਰੰਥਾ ਸਾਹਿਬ ਜੀ ਦੇ ਇਸ ਮਹਾਂਵਾਕ ਨੂੰ ਮਾਰ ਧਾੜ ਵਾਲੇ ਜੰਗ ਸਮੇ ਵਰਤਣ ਲਈ ਮਿਥ ਲਿਆ:--

੧੦੮- **ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥ ੧ ॥ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ ੨ ॥**[੧੧੦੫]-੨

ਗ਼ਰੀਬ ਦੀ ਧੌਣ ਸਦਾ ਕਿਸੇ ਜਰਵਾਣੇ ਦੀ ਤਲਵਾਰ ਹੇਠ ਤਾਂ ਆਈ ਹੀ ਨਹੀਂ ਰਹਿੰਦੀ, ਪਰ ਖ਼ਾਲਸਾ ਜੀ ਆਪਣੀ ਮੁੱਠ ਕਿਰਪਾਨ ਦੇ ਦਸਤੇ ਤੇ ਲੈ ਜਾਣ ਲਈ ਕਾਹਲੇ ਪੈ ਗਏ। ਗ਼ਰੀਬੀ, ਦਲਿਦੱਰਤਾ, ਬਿਮਾਰੀ ਹੀ ਗ਼ਰੀਬ ਲਈ ਵਡੇ ਜ਼ਾਲਮ ਦੀ ਤਲਵਾਰ ਸਮਾਨ ਹੈ। ਗੁਰੂ ਨਾਨਕ ਜੀ ਦੇ ਸਿੱਖ ਨੇ ਸੰਸਾਰ ਦੇ ਗ਼ਰੀਬ ਦੀ ਸਹਾਇਤਾ ਓਵੇਂ ਹੀ ਕਰਨੀ ਸੀ ਜਿਵੇਂ ਕਿਸੇ ਜਰਵਾਣੇ ਦੀ ਜ਼ੁਲਮੀ ਤਲਵਾਰ ਤੋਂ ਬਚਾਉਣ ਲਈ ਜੂਝਦਿਆਂ ਮੈਦਾਨ ਵਿਚ ਪੁਰਜ਼ਾ ਪੁਰਜ਼ਾ ਹੋ ਕੇ ਕੱਟ ਮਰਨ ਦਾ ਉਪਦੇਸ਼ ਹੈ । ਗ਼ਰੀਬੀ ਅਤੇ ਬਿਮਾਰੀਆਂ ਕਹਿਰੀ ਹਲਿਆਂ ਤੋਂ ਬਚਾਉਣ ਲਈ ਅਸਾਂ ਸਰਬੰਸ ਤੱਕ ਕੁਰਬਾਨ ਕਰ ਦੇਣ ਦੀ ਸ਼ਰਧਾ ਨਾਲ ਸੇਵਾ ਦੇ ਇਸ ਮੈਦਾਨ ਵਿਚ ਕੁੱਦਣਾ ਸੀ । ਅਜੇਹੀ ਸੇਵਾ ਕਰਨ ਦੀ ਜਾਚ ਸਿਖਾਉਣ ਲਈ ਹੀ ਪੰਚਮ

ਪਾਤਿਸ਼ਾਹੀ ਜੀ ਨੇ ਆਪਣੇ ਸੁਖੀ ਲੱਧੇ ਇਕਲੌਤੇ ਬਾਲਕ (ਸਤਿਗੁਰੂ) ਹਰਿ ਗੋਬਿੰਦ ਸਾਹਿਬ ਜੀ ਦੀ ਕੀਮਤੀ ਜਾਨ ਖ਼ਤਰੇ ਵਿਚ ਪਾਉਣੀ ਝੱਲ ਲਈ ਸੀ। ਪਰ ਅਸਾਂ ਆਪਣੀ ਕਲਿਆਣ ਕੇਵਲ ਜੋੜੇ ਝਾੜਨ ਵਿਚ, ਪਾਣੀ, ਪੱਖੇ, ਅਤੇ ਪੀਸਣ ਆਦਿ ਵਿਚ ਮੰਨ ਲਈ ਜੋ ਸਦੀਵੀ ਸੱਚ ਨਹੀਂ ਸੀ--

## ਕਾਰਨ?

ਕਰੀਬ ੧੭੦੯ ਤੋਂ ਹੀ ਅਜੇਹੇ ਹਾਲਾਤ ਤੇਜ਼ੀ ਨਾਲ ਬਦਲਣੇ ਅਰੰਭ ਹੋ ਗਏ ਸਨ ਕਿ ਸਿੰਘਾਂ ਲਈ ਪਿੰਡਾਂ ਨੱਗਰਾਂ ਵਿਚ ਸੁਖ ਸਾਂਦ ਨਾਲ ਰਹਿ ਕੇ ਆਪਣੇ ਧਰਮ ਅਸਥਾਨਾ ਦੀ ਸੇਵਾ-ਸੰਭਾਲ ਕਰਨੀ ਅਸੰਭਵ ਬਣਦੀ ਗਈ ਸੀ। ਬਿੱਪ੍ਰ ਦੀ ਕੁਟਲਤਾ ਦੀ ਉਪਜ, ਉਦਾਸੀਆਂ, ਨਿਰਮਲਿਆਂ, ਮਹੰਤਾਂ ਨੇ ਇਹ ਸੇਵਾ ਸੰਭਾਲ ਲਈ। ਉਨ੍ਹਾਂ ਨੇ ਧਰਮਸ਼ਾਲ ਤੋਂ ਗੁਰਦੁਆਰੇ ਬਣਾ ਕੇ ਇਨ੍ਹਾਂ ਨੂੰ ਹਿੰਦੂ ਮੰਦਰਾਂ ਵਰਗੇ ਬਣਾ ਦੇਣ ਦਾ ਟੀਚਾ ਮਿਥ ਲਿਆ ਹੋਇਆ ਸੀ। ਸਾਰੇ ਧਰਮ ਅਸਥਾਨਾ ਵਿਚ ਮੰਦਰਾਂ ਵਾਲੀ ਰਹੁਰੀਤ ਹੀ ਚਾਲੂ ਕਰ ਦਿੱਤੀ ਗਈ। ਬਿੱਪ੍ਰੀ ਟੋਲੇ ਦੀਆਂ ਵਧੀਕੀਆਂ ਜਦ ਸਿੰਘ ਦੇ ਪਰਵਾਰਾਂ ਤੱਕ ਆ ਪੁਜੀਆਂ ਤਾਂ ਖ਼ਾਲਸਾ ਜੀ ਨੇ ਅੱਖਾਂ ਖੋਹਲੀਆਂ । ੧੯੨੨ ਵਿਚ ਮਹੰਤ ਟੋਲੇ ਤੋਂ ਗੁਰਦੁਆਰੇ ਆਜ਼ਾਦ ਕਰਵਾ ਲਏ । ਪਰ ੧੦੦ ਸਾਲ ਤੋਂ ਵੱਧ ਸਮੇ ਤੋਂ ਤੁਰੀ ਆ ਰਹੀ ਮਰਯਾਦਾ ਵਿਚ ਕੋਈ ਬਹੁਤਾ ਫ਼ਰਕ ਨਾ ਪੈ ਸਕਿਆ। ਉਸੇ ਮਰਯਾਦਾ ਦੇ ਅਸਰ ਹੇਠ ਹੀ ਪੰਥ ਨੇ ਸਿੱਖ ਰਹਿਤ ਮਰਯਾਦਾ ਦਾ ਖਰੜਾ ਤਿਆਰ ਕੀਤਾ। ਸਮੇਂ ਦੀ ਲੋੜ ਅਨੁਸਾਰ ਬਣੀ ਧਰਮ ਅਸਥਾਨਾ ਦੀ ਸੇਵਾ ਹੀ ਸਿੱਖ ਮਰਯਾਦਾ ਦੇ ਖਰੜੇ ਦੀ ਪੱਕੀ ਸੇਵਾ ਥਾਪ ਲਈ। ਪਰ ਮਸ਼ੀਨਾ ਨੇ ਪਾਣੀ ਪੱਖੇ ਪੀਸਣ ਆਦਿ ਦੀ ਸੇਵਾ ਤੋਂ ਸੰਗਤਾਂ ਦੀ ਛੁੱਟੀ ਕਰ ਦਿੱਤੀ। ਗੁਰਦੁਆਰੇ ਸਿਆਸੀ ਮੰਤਵਾਂ ਦੀ ਵਰਤੋਂ ਦੇ ਅੱਡੇ ਅਤੇ ਗੋਲਕ ਤੇ ਜੱਫਾ ਮਾਰ ਲੈਣ ਲਈ ਝਗੜੇ ਅਤੇ ਫੁੱਟ ਦੇ ਅੱਡੇ ਬਣ ਗਏ।

ਦੀਨ ਕੇ ਹੇਤ ਲੜਦਿਆਂ ਪੁਰਜ਼ਾ ਪੁਰਜ਼ਾ ਹੋ ਕੇ ਕੱਟ ਮਰਨ ਵਾਲੇ ਸਿਧਾਂਤ ਦੀ ਪਾਲਣਾ ਤੋਂ ਹੀ ਖ਼ਾਲਸਾ ਜੀ ਦੇ ਹਰ ਘਰ ਵਿਚ ਭਗਤ ਪੂਰਨ ਸਿੰਘ ਜਿਹੇ ਨਿਸ਼ਕਾਮ ਅਤੇ ਸਰਬੰਸ ਦਾਨੀ ਸੇਵਾਦਾਰ ਸਿੰਘ, ਅਤੇ ਮਾਈ ਟਰੀਸਾ ਵਰਗੀਆਂ Noble Prize ਦੀਆਂ ਜੇਤੂ ਸਿੰਘ ਬੀਬੀਆਂ ਨੇ ਜਨਮ ਲੈਂਦੇ ਰਹਿਣਾ ਸੀ ਅਤੇ ਗੁਰੂ ਨਾਨਕ ਜੀ ਦੀ ਸਿੱਖੀ ਨੇ ਸੰਸਾਰ ਦੇ ਹੇ ਘਰ ਵਿਚ ਸਤਕਾਰੀ ਜਾਣਾ ਸੀ।

੧੦੯- **ਸੇਵਕ ਜਨ ਸੇਵਹਿ ਸੇ ਵਡਭਾਗੀ ਰਿਦ ਮਨਿ ਤਨਿ ਪ੍ਰੀਤਿ ਲਗਾਵੈ ॥**
**ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ ਬੋਲਿ ਕੂੜੋ ਫਲੁ ਪਾਵੈ ॥ ੩ ॥** [੮੮੧]-੩

**ਹਡ ਬੀਤੀ:**-- ਲੋਕਾਂ ਦੇ ਘਰਾਂ ਦੇ ਬੂਹੇ ਖੜਕਾ ਖੜਕਾ ਕੇ ਈਸਾਈ ਧਰਮ ਦਾ ਪਰਚਾਰ ਕਰਨ ਵਾਲੇ ਵਿਦਵਾਨ ਈਸਾਈ ਨਾਲ ਚਰਚਾ ਚੱਲ ਪਈ ਤਾਂ ਸਿੱਖ ਧਰਮ ਦੇ ਨਿਯਮਾ ਦੀਆਂ ਵਡਿਆਈਆਂ ਦੀ ਜਾਣਕਾਰੀ ਕਰਾਉਂਦਿਆ ਉਸ ਸੂਝਵਾਨ ਮਨੁੱਖ ਦੇ ਹਥ ਅੰਗ੍ਰੇਜ਼ੀ ਜਬਾਨ ਵਿਚ ਛਪਿਆ " ਸਿੱਖ ਰਹਿਤ ਮਰਯਾਦਾ " ਦਾ ਖਰੜਾ ਫੜਾ ਦਿੱਤਾ ਤਾਂ ਲੰਗਰ ਦੀ ਮਰਯਾਦਾ ਪੜ੍ਹ ਕੇ ਬੜਾ ਪ੍ਰਭਾਵਤ ਹੋਇਆ। ਪਰ ਜਦ ਉਸ ਨੇ ਉਪ੍ਰੋਕਤ ਅੰਤਲੀ ਸਤਰ (ਕਾਲੀ ਕਰਕੇ ਜਿੰਨੀ ਦੇ ਹੇਠਾਂ ਲਕੀਰ ਖਿੱਚੀ ਹੋਈ ਹੈ) ਪੜ੍ਹੀ ਤਾਂ ਉਸ ਨੇ ਅਜੇਹੇ ਬੋਲ ਬੋਲੇ ਜਿਨ੍ਹਾਂ ਦਾ ਅਰਥ ਇਹ ਸੀ ਕਿ, " ਬੜੀ ਵਧੀਆ ਖੀਰ ਰਿੰਨ ਕੇ ਅਖ਼ੀਰ ਵਿਚ ਸੁਆਹ ਦਾ ਬੁੱਕ ਪਾ ਦਿੱਤਾ ਹੈ "। ਝੱਟ ਹੀ ਸਤਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਯਾਦ ਆ ਗਿਆ---

੧੧੦- **ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨ ਨੀਦ ਬਿਹਾਇ ॥**
**ਹਮਹੁ ਜੁ ਬੂਝਾ ਬੂਝਨਾ ਪਰੀ ਪਰੀ ਬਲਾਇ ॥ ੧੮੧ ॥** [੧੩੭੪]

**ਜੇ ਇਹ ਪਤਾ ਨਾ ਹੁੰਦਾ** ਕਿ ਬ੍ਰਾਹਮਣੀ ਭਰਮ ਦੇ ਅਰਥਾਂ ਵਾਲੇ **ਸੁੱਚ** ਅਤੇ **ਜੂਠ** ਦੇ ਸ਼ਬਦ, ਸਿਵਾਏ ਬ੍ਰਾਹਮਣੀ ਗ੍ਰੰਥਾਂ ਦੇ ਅੰਗ੍ਰੇਜ਼ੀ ਸਮੇਤ ਸੰਸਾਰ ਦੀ ਕਿਸੇ ਵੀ ਜ਼ਬਾਨ ਦੇ ਸ਼ਬਦ ਕੋਸ਼ ਵਿਚ ਨਹੀਂ ਮਿਲਦੇ, ਅਤੇ ਇਨ੍ਹਾਂ ਅਰਥਾਂ ਵਾਲੀ **ਸੁੱਚ** ਅਤੇ ਜੂਠ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੁਢੋਂ ਹੀ ਨਹੀਂ ਮੰਨਦੇ, ਤਾਂ ਦਾਸ ਸ਼ਾਇਦ ਰੋਸ ਵਜੋਂ ਘੂਰੀ ਵੱਟ ਬਹਿੰਦਾ । ਪਰ ਦਾਸ ਨੂੰ ਪਹਿਲਾਂ ਹੀ ਗੰਭੀਰ ਸ਼ੰਕਾ ਸੀ ਕਿ ਸਿੱਖ ਰਹਿਤ ਮਰਯਾਦਾ ਵਿਚਲੀ ਇਹ ਪੰਗਤੀ ਗੁਰੂ ਬਾਣੀ ਦੇ ਆਸ਼ੇ ਦੇ ਅਨਕੂਲ ਨਹੀਂ ਹੈ । ਉਸ ਗੋਰੇ ਵੀਰ ਦੀ ਗੱਲ ਗੁਰਮਤਿ ਦੇ ਅਨਕੂਲ ਹੋ ਦਿੱਸੀ ਅਤੇ ਸ਼ਰਮਿੰਦਗੀ ਨਾਲ ਸਿਰ ਨੀਵਾਂ ਹੋ ਗਿਆ । ਇਸ ਗਿਆਨ ਨਾਲੋਂ ਅਗਿਆਨੀ ਹੁੰਦਾ ਤਾਂ " ਢਾਕੇ ਬੰਗਾਲੇ " ਦੀਆਂ ਮਾਰ ਕੇ ਝੱਟ ਟਪਾ ਲੈਂਦਾ ।

**ਇਸ ਪੁਸਤਕ ਦੇ** ਚੌਥੇ ਭਾਗ ਵਿਚ (ਦੂਜੇ ਲੇਖ ਤੋਂ ਪੰਜਵੇਂ ਲੇਖ ਤੱਕ), ਚਾਰ ਅੱਡ ਅੱਡ ਢੰਗਾਂ ਨਾਲ **ਬ੍ਰਾਹਮਣੀ ਸੁੱਚਮ** ਵਾਲੇ ਇਸ ਭਰਮ ਦੇ ਦੁਖਦਾਈ ਭੂਤ ਨੂੰ ਨੰਗਾ ਕਰਕੇ ਸਤਿਗੁਰਾਂ ਦੇ ਆਸ਼ੇ ਨੂੰ ਸਪੱਸ਼ਟ ਕੀਤਾ ਹੋਇਆ ਹੈ । ਸਰੋਵਰ ਵਿਚ ਨ੍ਹਉਣ ਵਾਲੇ ਦੇ ਮੂੰਹ ਵਿਚ ਜਲ ਪੈਣੋ ਕਦੇ ਨਹੀਂ ਰਹਿ ਸਕਦਾ । ਅਤੇ ਇਸ਼ਨਾਨ ਕਰਨ ਵਾਲਿਆਂ ਵਿਚੋਂ ਕਈ ਇਸ਼ਨਾਨੀ, ਥੁੱਕ ਲਿਬੜੇ ਉਸ ਪਾਣੀ ਨੂੰ ਮੁੜ ਸਰੋਵਰ ਵਿਚ ਹੀ ਸੁੱਟ ਰਹੇ ਹੁੰਦੇ ਹਨ । ਗੁਰੂ ਸਾਹਿਬਾਨ ਦੇ ਬਣਾਏ ਸਰੋਵਰਾਂ ਦਾ ਜਲ ਫੋਕੀ ਸੁੱਚਮ ਵਾਲੇ ਇਸ ਭਰਮ ਦੀ ਭਰਪੂਰ ਖੰਡਨਾ, ਨਿਰੰਤਰ ਕਰ ਰਿਹਾ ਹੈ । ਇੱਕ ਦੂਜੇ ਦੇ ਮੂੰਹ ਵਿਚੋਂ ਆ ਰਹੀ ਅੰਦਰ ਦੀ ਜੂਠੀ ਗਿੱਲ ਭਰੀ ਹਵਾ ਗੁਰੂ ਦਰਬਾਰ ਵਿਚ ਬੈਠੀ ਸਾਰੀ ਸੰਗਤਿ, ਸੁਆਸਾਂ ਦੁਆਰਾ ਆਪਣੇ ਅੰਦਰ ਨੂੰ ਖਿੱਚਦੇ ਅਤੇ ਆਪਣੇ ਅੰਦਰੋਂ ਜੂਠ ਭਿੱਜੀ ਹਵਾੜ, ਬਾਹਰ ਲਗਾਤਾਰ ਖਿੱਲਰਦੇ ਰਹਿਣ ਵਾਲੀ ਕਿਰਿਆ ਤੋਂ ਬਚੀ ਨਹੀਂ ਰਹਿ ਸਕਦੀਵ। ਵਾਯੂਮੰਡਲ ਕਈ ਤਰ੍ਹਾਂ ਦੀ ਆਲੂਦਗੀ ਨਾਲ ਭਰਦਾ ਹੀ ਤੁਰਿਆ ਜਾ ਰਿਹਾ । ਸੋ ਸੰਸਾਰ ਵਿਚ ਅਜੇਹਾ ਕੋਈ ਥਾਂ ਨਹੀਂ ਜੋ ਬ੍ਰਾਹਮਣੀ ਭਰਮ ਵਾਲੀ ਜੂਠ ਤੋਂ ਬਚਿਆ ਹੋਇਆ ਹੋਵੇ । ਅਰਥਾਤ ਹਵਾ ਅਤੇ ਪਾਣੀ ਸਮੇਤ ਸ੍ਰਿਸ਼ਟੀ ਦਾ ਹਰ ਇੱਕ ਪਦਾਰਥ ਅਤੇ ਹਰ ਥਾਂ ਜੂਠਾ ਹੈ ।

**ਉਚੇਰੀ ਸੁੱਚਮ ਨੂੰ** ਧਰਮ ਬਣਾ ਬੈਠੇ ਪੰਡਤਾਂ (ਅਜੋਕੇ ਬਿਬੇਕੀਏ ਅੰਮ੍ਰਿਤਧਾਰੀਆਂ) ਨੂੰ ਸੰਬੋਧਨ ਕਰਕੇ ਸ਼ਬਦ-ਗੁਰੂ ਗ੍ਰੰਥ ਸਾਹਿਬ ਜੀ ਪੁੱਛ ਰਹੇ ਹਨ--**ਕਹੁ ਪੰਡਿਤ ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨੁ ਖਾਉ ॥ ੧ ॥ ਰਹਾਉ ॥**[੧੧੯੫] ਸੰਸਾਰ ਦੇ ਜੀਵਾਂ ਦੇ ਸੁਆਸਾਂ ਦੁਆਰਾ, ਬ੍ਰਾਹਮਣੀ ਭਰਮ ਵਾਲੀ ਕੇਵਲ "ਜੂਠ" ਹੀ ਨਹੀਂ, ਸਗੋਂ ਦੂਜਿਆਂ ਨੂੰ ਲੱਗੀਆਂ ਕਈ ਬਿਮਾਰੀਆਂ ਦੇ ਕਿਟਾਣੂ (ਵਡੇ ਸੁੱਚੇ ਬਣੇ ਫਿਰਦਿਅ ਨੂੰ) ਵੀ ਆ ਘੇਰਦੇ ਹਨ । ਸੰਸਾਰ ਦੇ ਵਯੂਮੰਡਲ ਵਿਚ ਰਲੀ ਹੋਈ ਬਾਹਰ ਦੀ ਗੰਦਗੀ, ਜੀਵ ਦੇ ਅੰਦਰ ਨੂੰ ਸਦਾ ਜੂਠਾ ਕਰੀ ਰੱਖਦੀ ਹੈ, ਇਸ ਲਈ ਵਿਖਾਵੇ ਵਾਲੀ ਸੁੱਚਮ ਰਖਿਆਂ, ਮਨੁੱਖ ਕਦੇ ਵੀ ਸੁੱਚਾ ਨਹੀਂ ਹੋ ਸਕਦਾ--**ਅੰਤਰਿ ਜੂਠਾ ਕਿਉ ਸੁਚਿ ਹੋਇ ॥** [੧੩੪੪] ਕੁਦਰਤ ਦੇ ਨਿੱਯਮ ਨੂੰ ਝੁਠਲਾ ਕੇ

ਸੁੱਚਾ ਬਣ ਰਹੇ 'ਅਪਰਸ' ਲਈ ਸਤਿਗੁਰਾਂ ਦਾ ਫ਼ੁਰਮਾਨ ਹੈ--**ਸੋਈ ਕੁਚੀਲੁ ਕੁਦਰਤਿ ਨਹੀਂ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥ ਅੰਤਰਿ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥ ੨ ॥**

**ਇਸਲਾਮ ਧਰਮ ਦੇ ਦੀਨੀ** ਆਗੂ, ਮੁਸਲਮਾਨ ਨੂੰ **ਮੋਮਨ** ਅਤੇ ਬਾਕੀ ਲਗ-ਪਗ ਸਾਰਿਆਂ ਨੂੰ, (ਖ਼ਾਸ ਕਰਕੇ ਮੂਰਤੀ ਪੂਜ ਹਿੰਦੂਆਂ ਨੂੰ) **ਕਾਫ਼ਰ** ਮੰਨਦੇ ਹਨ। ਅਰਬ ਦੇਸ ਦੇ ਮੱਕੇ ਸ਼ਹਿਰ ਤੋਂ ਅਰੰਭ ਹੋਇਆ ਇਹ ਧਰਮ ਕਾਫ਼ਰਾਂ ਨੂੰ ਜਾਨੋਂ ਮਾਰ ਮੁਕਾਉਣ ਨੂੰ ਆਪਣੇ ਦੀਨ ਦੀ ਸੇਵਾ ਮੰਨਣ ਲੱਗ ਪਿਆ ਸੀ । ਅਰਬ ਦੇਸਾਂ ਵਿਚ ਵੀ ਮੂਰਤੀ ਪੂਜਾਂ ਦੀ ਬੜੀ ਆਬਾਦੀ ਸੀ, ਪਰ ਇਸਲਾਮ ਦੀ ਤਲਵਾਰ ਨੇ ਸਾਰੇ ਮੂਰਤੀ ਪੂਜ, ਜਾਂ ਮੁਸਲਮਾਨ ਬਣਾ ਲਏ ਜਾਂ ਪਾਰ ਬੁਲਾਏ । ਮੁਸਲਮਾਨ ਵੀਰ, ਸੁੱਚ ਜੂਠ ਦੇ ਭਰਮ ਤੋਂ ਉਂਜ ਹੀ ਅਣਜਾਣ ਹਨ। ਸਾਰਾ ਪਰਵਾਰ ਇੱਕੋ ਭਾਂਡੇ ਵਿਚੋਂ ਖਾਣ ਪੀਣ ਨੂੰ ਸਵਾਬ ਅਥਵਾ ਪੁੰਨ ਮੰਨਦਾ ਹੈ । ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਅਜੇਹੇ ਰਿਵਾਜ ਨਾਲ ਆਪਸ ਵਿਚ ਸਕੇ ਭਰਾਵਾਂ ਵਾਲਾ ਇਹਸਾਸ ਪੈਦਾ ਹੁੰਦਾ ਹੈ, ਅਤੇ ਸਾਰੇ ਦੇਸਾਂ ਦੇ ਮੁਸਲਮਾਨਾਂ ਵਿਚ ਬੜੀ ਨੇੜੇ ਦੀ ਸਾਂਝ ਬਣਦੀ ਹੈ । ਪਸ਼ੂ ਪੰਛੀਆਂ ਦਾ ਮਾਸ ਧਾਰਮਿਕ ਤੌਰ ਤੇ ਖਾਧਾ ਜਾਂਦਾ ਹੈ ਅਤੇ ਬਕਰਈਦ ਨੂੰ ਮਾਸ ਪ੍ਰਸ਼ਾਦਿ ਦੇ ਤੌਰ ਤੇ ਗ਼ਰੀਬਾਂ ਵਿਚ ਵੰਡਿਆ ਜਾਂਦਾ ਹੈ। ਕਹਾਵਤ ਮਸ਼ਹੂਰ ਹੈ ਕਿ, ਮੁਸਲਮਾਨਾਂ ਦੀ ਹਾਂਡੀ ਵਿਚ ਭਾਵੇ ਕੋਈ ਸਬਜ਼ੀ ਰਿੱਝ ਰਹੀ ਹੋਵੇ ਤੇ ਭਾਵੇਂ ਕੋਈ ਦਾਲ, ਉਸ ਵਿਚ ਘੱਟ ਜਾਂ ਵੱਧ ਮਾਤ੍ਰਾ ਵਿਚ ਮਾਸ ਜ਼ਰੂਰ ਹੁੰਦਾ ਹੈ ।

**ਸਾਰੇ ਜਗਤ ਦੇ ਸਾਂਝੇ** ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਗੁਰਮਤਿ ਦਾ ਪਰਚਾਰ ਕਰਦੇ ਹੋਏ (ਅਫ਼ਗਾਨਿਸਤਾਨ ਤੋਂ ਲੈ ਕੇ ਬਗ਼ਦਾਦ ਤੱਕ) ਸਾਰੇ ਇਸਲਾਮੀ ਦੇਸ਼ਾਂ ਵਿਚ ਲਗਾਤਾਰ ਤਿੰਨ ਸਾਲ (ਸੰਮਤ ੧੫੭੫ ਤੋਂ ੧੫੭੮ ਤੱਕ) ਵਿਚਰਦੇ ਰਹੇ। ਉਨ੍ਹੀ ਦਿਨੀਂ ਉਨ੍ਹਾਂ ਦੇਸ਼ਾਂ ਵਿਚ ਮੁਸਲਮਾਨ ਤੋਂ ਬਿਨਾ ਦੂਜੇ ਕਿਸੇ ਵੀ ਧਰਮ ਵਾਲੇ ਦਾ ਦਾਖ਼ਲਾ ਨਹੀਂ ਸੀ ਝਲਿਆ ਜਾਂਦਾ। ਭਾਰਤੀ ਹਿੰਦੂ ਬਾਰੇ ਸਾਰੇ ਮਸ਼ਹੂਰ ਹੋ ਚੁਕਿਆ ਸੀ ਕਿ ਉਹ ਮੂਰਤੀ ਪੂਜ ਹਨ । ਇਸ ਲਈ ਜਿਹੜਾ ਵੀ Non Muslim ਭਾਰਤੀ, ਉਨ੍ਹਾਂ ਮੁਸਲਮਾਨੀ ਦੇਸ਼ਾਂ ਵਿਚ ਭੁਲੇਖੇ ਨਾਲ ਵੀ ਚਲਿਆ ਗਿਆ, ਆਪਣੀ ਜਾਨ ਗੁਆ ਬੈਠਾ। ਸਤਿਗੁਰਾਂ ਦਾ ਸੇਵਾਦਾਰ ਭਾਈ ਮਰਦਾਨਾ ਵੀ ਮੁਸਲਮਾਨ ਸੀ। ਉਨ੍ਹਾਂ ਦੇਸ਼ਾਂ ਵਿਚ ਰਹਿੰਦੇ ਸਮੇ ਸਤਿਗੁਰੂ ਨਾਨਕ ਪਾਤਸ਼ਾਹ ਜੀ (ਪੂਰੇ ਤਿੰਨ ਸਾਲ) ਉਨ੍ਹਾਂ ਮੁਸਲਮਾਨਾਂ ਦੀ ਰਸੋਈ ਵਿਚ ਬਣਿਆਂ ਹੋਇਆ ਅਤੇ ਉਨ੍ਹਾਂ ਦੇ ਹੀ ਘਰੀ ਬੈਠ ਕੇ ਪ੍ਰਸ਼ਾਦਿ ਛਕਦੇ ਰਹੇ ਸਨ, ਜਿਹੜੇ ਅੱਜ ਵੀ ਸਾਰਾ ਪਰਵਾਰ, ਅਥਵਾ ਘਰ ਆਏ ਸਾਰੇ ਮਹਿਮਾਨ ਇਕੋ ਬਰਤਨ ਵਿਚ ਰਲ ਮਿਲ ਕੇ ਭੋਜਨ ਛਕਦੇ ਹਨ। ਪਰ ਸਾਡਾ ਬ੍ਰਾਹਮਣੀ ਭਰਮ ਇਸ ਸਚਾਈ ਨੂੰ ਮੰਨਣ ਦੇ ਥਾਂ ਬਿੱਪ੍ਰੀ ਸੋਚ ਦੀ ਪੈਦਾਇਸ਼, ਇਸ ਨਿਰਮੂਲ ਢੁੱਚਰ ਨੂੰ ਸੱਚ ਮੰਨਣਗੇ, ਕਿ ਸਤਿਗਰੂ ਜੀ ਦਾ ਭੋਜਨ ਅਕਾਸ਼ੋਂ (ਉਸ ਲੰਗਰ ਵਿਚੋਂਜਿੱਥੋਂ ਬਰਾਹਮਣਾ ਦੇ ਦੇਵੀ ਦੇਵਤੇ ਅਤੇ ਉਨ੍ਹਾਂ ਦੇ ਪਿੱਤਰ ਭੋਜਨ ਛਕਦੇ ਹਨ?) ਆਉਂਦਾ ਰਿਹਾ ਸੀ। ਜੇ ਇਸਲਾਮੀ ਦੇਸ਼ਾਂ ਵਿਚਲੀ ਸਤਿਗੁਰਾਂ ਦੀ ਫੇਰੀ ਦਾ ਇਤਿਹਾਸ ਗੁਰਬਾਣੀ ਦੀ ਕਸਵੱਟੀ ਤੇ ਪਰਖੀਏ ਤਾਂ ਏਹੀ ਸੱਚ ਬਣਦਾ ਹੈ ਕਿ ਸਤਿਗੁਰੂ ਜੀ **ਸੁੱਚ** ਅਤੇ **ਜੂਠ** ਦੇ ਭਰਮ ਤੋਂ ਮੁਸਲਮਾਨ ਫ਼ਕੀਰਾਂ ਵਾਂਗ ਹੀ ਅਣਜਾਣ ਸਨ । ਸਿੱਖ ਦੀ ਵਡੀ ਬਦਕਿਸਮਤੀ ਏਹ ਹੈ ਕਿ, ਇਹ ਗੁਰੂ ਨਾਨਕ ਪਾਤਸ਼ਾਹ ਜੀ ਦਾ ਸਿੱਖ ਹੋਣ ਨਾਲੋ ਬ੍ਰਾਹਮਣ ਦਾ ਸਿੱਖ ਕਈ ਗੁਣਾ ਵੱਧ ਹੈ।

**ਸਾਰੇ ਭਰਮਾਂ ਨੂੰ** ਜੜ੍ਹਾਂ ਤੋਂ ਉਖਾੜਨ ਆਏ- " **ਸੋ ਸੁਖੀਆ ਜਿਸੁ ਭ੍ਰਮੁ ਗਇਆ** "।।--ਫ਼ੁਰਮਾਉਂਣ ਵਾਲੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਬ੍ਰਾਹਮਣ ਦੇ ਧਰਮ ਵਾਂਗ ਏਡੀ ਕੱਚੀ ਕਿਉਂ ਹੋਵੇ? ਦੂਜੇ ਧਰਮ ਵਾਲਾ ਕਿਸੇ ਸਿੰਘ ਦੀ ਜੂਠ ਖਾ ਕੇ ਸਿੱਖ ਕਿਉਂ ਨਾ ਬਣੇ ? ਅੰਮ੍ਰਿਧਾਰੀ ਸਿੰਘ ਤਾਂ ਸਗੋਂ ਅਜੇਹਾ ਪਾਰਸ ਬਣ ਗਿਆ ਮੰਨਣਾ ਚਾਹੀਦਾ ਹੈ, ਕਿ ਉਸ ਦੀ ਥਾਲੀ ਵਿਚ ਬੈਠ ਕੇ ਜੋ ਵੀ ਪ੍ਰਸ਼ਾਦ ਛਕੇ, ਉਹ ਸੋਨਾ ਬਣਦਾ ਜਾਏ, ਭਾਵ, ਉਹ ਵੀ ਦਸ਼ਮੇਸ਼ ਜੀ ਦਾ ਸਿੰਘ ਸੱਜ ਜਾਵੇ । ਅੰਮ੍ਰਿਤਧਾਰੀ ਸਿੰਘ ਨਾਲ ਬੈਠ ਕੇ ਪ੍ਰਸ਼ਾਦ ਛਕਣ ਵਾਲੇ ਦੇ ਧਰਮ ਨੂੰ ਤਾਂ ਬੇਸ਼ੱਕ ਖ਼ਤਰਾ ਬਣਦਾ ਫਿਰੇ ਦਸ਼ਮੇਸ਼ ਜੀ ਦਾ ਬਖ਼ਸ਼ਿਆ ਅੰਮ੍ਰਿਤ ਪਾਨ ਕਰ ਚੁੱਕੇ ਸਿੰਘ ਦਾ ਧਰਮ ਖ਼ਤਰੇ ਵਿਚ ਕਿਉਂ ਪਵੇ ? ਗੁਰੂ ਨਾਨਕ ਸਾਹਿਬ ਜੀ ਦਾ ਖ਼ਾਲਸਾ ਭਾਵੇਂ ਸੰਸਾਰ ਦੇ ਸਾਰੇ ਧਰਮਾਂ ਨਾਲ ਇੱਕ ਥਾਲੀ ਵਿਚ ਪ੍ਰਸ਼ਾਦ ਛਕਦਾ ਰਹੇ ਉਸ ਦੇ ਵਿਸ਼ਵਾਸ਼ ਵਿਚ ਦ੍ਰਾੜ ਕਿਉਂ ਆਵੇ ? ਸਗੋਂ ਉਸ ਦਾ ਸੀਤ ਪ੍ਰਸ਼ਾਦ ਛਕ ਕੇ ਲੋਕ ਨਿਹਾਲ ਹੁੰਦੇ ਜਾਣ । ਸੁੱਚ ਅਤੇ ਜੂਠ ਵਾਲੇ ਭਰਮ ਨਾਲ ਬ੍ਰਾਹਮਣ ਦੇ ਧਰਮ ਨੂੰ ਖ਼ਤਰਾ ਤਾਂ ਅਰੰਭ ਤੋਂ ਹੀ ਬਣਿਆਂ ਰਿਹਾ ਹੈ । ਪਰ ਖ਼ਾਲਸਾ ਜੀ ਤਾਂ ਪ੍ਰਗਟ ਹੀ ਭਰਮਾਂ ਦਾ ਨਾਸ ਕਰਨ ਲਈ ਹੋਏ ਸਨ । ਇਸ ਨੂੰ ਕਿਸੇ ਵੀ ਤਰ੍ਹਾਂ ਦਾ ਭਰਮ ਕਿਉਂ ਸਤਾਏ ? ਕੀ ਬਿਬੇਕੀਏ ਵੀ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਮੇ ਸਤਿਗੁਰਾਂ ਦੇ ਇਸ ਉਪਦੇਸ਼ ਨੂੰ ਬੇਲੋੜਾ ਮੰਨ ਰਹੇ ਹਨ:--

**।।। ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥**
**ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥**
**ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥**
**ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥ ੩ ॥**[੨੬੫]-ਅਸਟ-੩

ਕੀ ਸਾਰਾ ਪੰਥ ਆਪਣੇ ਮਿਲਵੇਂ ਫ਼ੈਸਲੇ ਨਾਲ ਹੇਠ ਲਿਖੇ ਗੁਰੂ ਫ਼ੁਰਮਾਨਾ ਨੂੰ ਬੇਲੋੜੇ ਘੋਸ਼ਤ ਕਰ ਸਕਦਾ ਹੈ ਜੀ ? ਜੇ ਨਹੀਂ, ਤਾਂ ਫਿਰ ਇਨ੍ਹਾਂ ਪਾਵਨ ਗੁਰੂ ਹੁਕਮਾਂ ਅਨੁਸਾਰ ਜੀਵਨ ਕਿਸ ਕਾਰਨ ਨਹੀਂ ਢਾਲਿਆ ਜਾ ਸਕਦਾ ? **ਜੂਠ ਸੁੱਚ** ਵਾਲਾ ਗੁਰਮਤਿ ਵਿਰੋਧੀ ਭਰਮ ਨਿਆਰੇ ਖ਼ਾਲਸਾ ਜੀ ਦੀ ਮਰਯਾਦਾ ਵਿਚ ਕਿਉਂ ਆ ਵੜਿਆ ? ਗੁਰੂ ਫ਼ੁਰਮਾਨ:--

੧੧੧- **ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥**[੪੭੨]

੧੧੨- **ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥ ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥**
**ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥ ੨ ॥**[੧੯]--੧੫

੧੧੩- **ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ ॥**
**ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ ॥ ੪ ॥**[੮੬੧]--

੧੧੪- **ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ॥ ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥ ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ ॥ ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥ ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥ ੧੭ ॥**[੯੧੯] (ਆਨੰਦੁ)

੧੧੫- **ਸੋ ਸੂਚਾ ਜਿ ਕਰੋਧੁ ਨਿਵਾਰੇ ॥ ਸਬਦੇ ਬੂਝੈ ਆਪੁ ਸਵਾਰੇ ॥... ੫ ॥** [੧੦੫੯]-੨-੧੬(੫)

**੧੧੬-** ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥ ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥ ੨ ॥ ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥ ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥ ੩ ॥ [੪੭੬]-੨

**ਅਰਥ:**--(ਇਹ ਲੋਕ) ਧਰਤੀ ਪੁੱਟ ਕੇ ਦੋ ਚੁਲ੍ਹੇ ਬਣਾਉਂਦੇ ਹਨ, ਭਾਂਡੇ ਮਾਂਜ ਕੇ (ਚੁਲ੍ਹਿਆਂ ਤੇ) ਧਰਦੇ ਹਨ, ਹੇਠਾਂ ਲੱਕੜੀਆਂ ਧੋ ਕੇ ਬਾਲਦੇ ਹਨ (ਸੁੱਚ ਤਾਂ ਏਨੀ ਰੱਖਦੇ ਹਨ ਪਰ ਕਰਤੂਤ ਇਹ ਹੈ ਕਿ) ਸਮੂਲਚੇ ਮਨੁੱਖ ਨੂੰ ਖਾ ਜਾਂਦੇ ਹਨ ।੨। ਏਹੋ ਜਿਹੇ ਮੰਦ-ਕਰਮੀ ਮਨੁੱਖ ਸਦਾ ਵਿਕਾਰਾਂ ਵਿਚ ਹੀ ਖਚਿਤ ਫਿਰਦੇ ਹਨ, ਉਂਵ ਮੂੰਹੋਂ ਅਪਰਸ (= ਭਿੱਟ ਮੰਨਣ ਵਾਲੇ, ਕਿਸੇ ਧਾਤ ਆਸਿ ਨੂੰ ਹੱਥ ਨਾ ਲਾਉਣ ਵਾਲੇ) ਅਖਵਾਂਦੇ ਹਨ । ਸਦਾ ਹੰਕਾਰ ਵਿਚ ਫਿਰਦੇ ਹਨ ਆਪਣੇ ਨਾਲ ਪਰਵਾਰ ਨੂੰ ਵੀ ਲੈ ਡੁਬਦੇ ਹਨ ਪਰਵਾਰ ਅਥਵਾ ਉਨ੍ਹਾਂ ਦੇ ਸਾਥੀ ਵੀ ਉਸੇ ਤਰ੍ਹਾਂ ਦੇ ਮੰਦ ਕਰਮੀ ਹੋ ਜਾਂਦੇ ਹਨ ।

## ਮੈਲਾ ਅਥਵਾ ਜੂਠਾ ਕੌਣ ਹੈ ?

ਅੰਮ੍ਰਿਤਧਾਰੀ ਹੋਣ ਦੇ ਹੰਕਾਰ ਵਿਚ ਦੂਜਿਆਂ ਨੂੰ ਭਿੱਟੜ ਮੰਨਣ ਵਾਲਾ ਹੰਕਾਰੀ ਸੁੱਚਾ ਹੈ ਕਿ ਜਾਂ ਗੁਰਬਾਣੀ ਦੇ ਇਨ੍ਹਾਂ ਅਰਥਾਂ ਵਾਲਾ ਮਨੁੱਖ ਸੁੱਚਾ ?

੧੧੭- **ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ, ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ, ਪੂਛਹੁ ਗਿਆਨੀਆ ਜਾਇ ॥ ੧ ॥ ਮਨ ਮੇਰੇ, ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥ ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ, ਜਾਸਨਿ ਪਤਿ ਗਵਾਇ ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥ ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥ ੨ ॥** [੩੯]-੩੧--੬੪

੧੧੮- **ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥ ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥ ੩ ॥**[੧੧੬]-੧੧-੧੨

੧੧੯- **ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥ ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥ ੧੦ ॥** [੧੦੪੫]-ਸੋਹਲੇ-੨

੧੨੦- **ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥ ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥ ੪ ॥** [੬੦]-੧੨

[**ਨੋਟ:**-- ਇਨ੍ਹਾਂ ਉਪ੍ਰੋਕਤ ਦਸਾਂ ਹੀ ਗੁਰੂ ਫ਼ੁਰਮਾਨਾ ਦੀ ਵਿਚਾਰ ਪੁਸਤਕ ਦੇ ਚੌਥੇ ਭਾਗ ਦੇ ਭਰਮ ਭਟਕਣਾ ਲੇਖ ਵਿਚ ਲਿਖੀ ਜਾ ਚੁੱਕੀ ਹੈ }

**ਸਾਡੀ ਏਸੇ ਬ੍ਰਾਹਮਣੀ** ਸੋਚ ਨੇ ਕਈ ਨਾਵਾਂ ਵਾਲੇ ਗੁਰਦੁਆਰੇ (ਰਮਦਾਸੀਆਂ ਦਾ, ਮਜ਼ਹਬੀਆਂ ਦਾ, ਰਾਮਗੜ੍ਹੀਆਂ ਦਾ, ਕਬੀਰ ਪੰਥੀਆਂ ਦਾ, ਭਾਟੜਿਆਂ ਦਾ ਆਦਿ) ਬਣਵਾਏ, ਸੁੱਚਮ ਵਾਲੇ ਏਸੇ ਫੋਕਟ ਭਰਮ ਤੋਂ ਹੀ ਪੰਥ ਵਿਚ ਕਈ ਧੜੇ ਬਣੇ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਲਾਮਿਸਾਲ ਘਾਲਣਾ ਦਾ ਸਦਕਾ ਫੈਲੀ ਹੋਈ ਸਿੱਖੀ ਲੋਕਾਂ ਦੇ ਦਰਵਾਜ਼ਿਆਂ ਤੇ ਰੁਲ ਰਹੀ ਹੈ । ਪੜ੍ਹੋ ਕੈਨੇਡਾ ਦੇਸ਼ ਦੀ ਰਾਜਧਾਨੀ ਵਿਚਲੀ ਆਟਵਾ ਸਿੱਖ ਸੋਸਾਇਟੀ (ATTAWA SIKH SOCIIETY) ਵਲੋਂ ਲਿਖੀ ਮਿਤੀ ੨ ਫਰਵਰੀ ਦੀ ਚਿੱਠੀ ਜੋ ਡਾ: ਖੜਕ ਸਿੰਘ ਮਾਨ (ਸਕੱਤਰ) ਦੀ ਇਨਸਟੀਚੀਊਟ ਆਫ਼ ਸਿੱਖ ਸਟਡੀਜ਼ ਚੰਦੀਗੜ੍ਹ ੧੬੦੦੫੯ ਪੰਜਾਬ ਇੰਡੀਆ," ਅਤੇ ਉਸ ਦੇ ਨਾਲ ਨੱਥੀ ਸਰਵੇਖਣ ਕਮੇਟੀ ਦੀ ਬੜੀ ਵਿਸਥਾਰ ਪੂਰਬਕ ਰਿਪੋਟ (ਜੋ ਉਨ੍ਹਾਂ ਵਣਜਾਰੇ ਸਿਖਾਂ, ਲੁਬਾਣੇ ਸਿੱਖਾਂ ਅਥਵਾ ਸਿਕਲੀਗਰ ਸਿੱਖਾਂ ਬਾਰੇ ਹੈ ਜੋ ਗੁਰੂ ਨਾਨਕ ਸਾਹਿਬ ਜੀ ਦੇ ਅੱਜ ਵੀ ਸ਼ਰਧਾਲੂ ਹਨ)। ਉਸ ਸੂਚਨਾ ਪੱਤਰ ਦਾ ਸੰਖੇਪ, ਅਗਲੇ ਸਫ਼ਿਆਂ ਤੇ ਦਿੱਤਾ ਹੋਇਆ ਹੈ॥ ਗੁਰਮਤਿ ਵਿਰੋਧੀ ਉਚੇਚੀ ਸੁੱਚਮ ਅਥਵਾ ਬ੍ਰਾਹਮਣੀ ਭਿੱਟ ਦੇ ਅਨੁਭਵ ਨੂੰ ਸੁਰਜੀਤ ਰੱਖਣ ਵਾਲੀ, ਰਹਿਤ ਮਰਯਾਦਾ ਦੀ ਕੇਵਲ ਏਨੀ ਕੁ ਪੰਗਤੀ ਨੇ ਪੰਥ ਵਿਚ ਬਿਬੇਕੀਏ, ਭਿੰਡਰਾਂ ਵਾਲਿਆਂ ਮਹਾਂਪੁਰਖਾਂ ਜਿਹੇ ਡੇਰਾਵਾਦੀਆਂ ਵਰਗੀ ਉਚੇਚੀ ਸੁੱਚਮ ਰੱਖਣ ਵਾਲੇ ਪੰਥ ਵਿਰੋਧੀ ਅੱਡੇ ਬਣਾਏ ।

**ਰਹਿਤ ਮਰਯਾਦਾ** ਦੇ ਖਰੜੇ ਦੇ ੨੩ ਸਫ਼ੇ ਤੱਕ ਸ਼ਖ਼ਸੀ ਰਹਿਣੀ ਹੈ । ਅੱਗੇ ਪੰਥਕ ਰਹਿਣੀ ਹੈ-੨੩ ਤੋਂ ੨੮ ਤੱਕ ਪੰਥਕ ਰਹਿਣੀ ਹੈ ।

### ਪੰਥਕ ਰਹਿਣੀ

੧-ਗੁਰੂ ਪੰਥ । ੨--ਅੰਮ੍ਰਿਤ ਸੰਸਕਾਰ । ੩--ਤਨਖਾਹ ਲਾਉਣ ਸੀ ਵਿਧੀ । ੪--ਗੁਰਮਤਾ ਕਰਨ ਦੀ ਵਿਧੀ । ੫--ਸਥਾਨਕ ਫ਼ੈਸਲਿਆਂ ਦੀ ਅਪੀਲ ।

### ੧--ਗੁਰੂ ਪੰਥ

ਸੇਵਾ, ਕੇਵਲ ਪੱਖੇ, ਲੰਗਰ ਆਦਿ ਤੇ ਹੀ ਨਹੀਂ ਮੁਕ ਜਾਂਦੀ, ਸਿੱਖ ਦੀ ਸਾਰੀ ਜ਼ਿੰਦਗੀ ਪ੍ਰਉਪਕਾਰ ਵਾਲੀ ਹੈ । ਸੇਵਾ, **ਸਫ਼ਲ ਉਹ ਹੈ ਜੋ ਥੋੜੇ ਜਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ** (?)। ਇਹ ਗੱਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ । ਸਿੱਖ ਨੇ ਇਸ ਲਈ ਸ਼ਖ਼ਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪੰਥਕ ਫਰਜ਼ ਭੀ ਪੂਰੇ ਕਰਨੇ ਹਨ । ਇਸ ਜਥੇਬੰਦੀ ਦਾ ਨਾਂ ' ਪੰਥ " ਹੈ । ਹਰ ਇਕ ਸਿੱਖ ਨੇ ' ਪੰਥ ' ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣਾ ਹੈ ।

(ੳ) " ਗੁਰੂ ਪੰਥ --" ਤਿਆਰ-ਬਰ-ਤਿਆਰ ਸਿੰਘਾਂ ਦੇ ਸਮੂਹ ਨੂੰ " ਗੁਰੂ ਪੰਥ " ਆਖਦੇ ਹਨ । (?) ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ **ਗੁਰਿਆਈ ਸੌਂਪੀ** । [ਅਤੇ ਨਾਲ ਹੀ ਨਿਆਰੇ ਰਹਿਣ ਦੀ ਪਾਬੰਦੀ ਵਾਲੀ ਸ਼ਰਤ ਦਾ ਜ਼ਿਕਰ ਨਾ ਕਰਨਾ ਪੰਥਕ ਬਦਕਿਸਮਤੀ ਹੈ। ਵਾਸਤਵ ਵਿਚ ਗੁਰਿਆਈ ਤੋਂ ਹੱਥ ਧੋ ਬੈਠਾ ਹੋਇਆ ਪੰਥ ਗੁਰਿਆਈ ਦਾ ਮਾਲ ਹੋਣ ਦਾ ਫੋਕਾ ਹੰਕਾਰ ਕਰ ਰਿਹਾ ਹੈ । ਪੰਥ ਨੂੰ ਸਦੀਵੀ ਗੁਰਿਆਈ ਨਹੀਂ ਸੀ ਮਿਲੀ। ਗੁਰਿਆਈ ਦੀ ਬਖ਼ਸ਼ਸ਼ ਨਾਲ ਨਿਆਰੇ ਰਹਿਣ ਦੀ ਪਾਬੰਦੀ ਵੀ ਸੀ ਜਿਸ ਨੂੰ ਬੇਲੋੜਾ ਮੰਨ ਕੇ ਪੰਥ ਢਹਿੰਦੀਆਂ ਕਲਾਂ ਵਲ ਨੂੰ ਦੌੜਾ ਜਾ ਹਿ ਵੀ ਸਭ ਹੱਛਾ ਬੋਲੀ ਜਾ ਰਿਹਾ ਹੈ ]

**ਸ਼ੰਕਿਆਂ ਦਾ ਵੇਰਵਾ**--

(੧) ਸਫ਼ਲ ਸੇਵਾ ਦੀ ਤਾਰੀਫ਼ (Definition) ਕੀ ਪੂਰੀ ਤਰ੍ਹਾਂ ਗੁਰਮਤਿ ਦੇ ਅਨਕੂਲ ਨਹੀਂ ਸੀ ਹੋਣੀ ਚਾਹੀਦੀ ? ਕੀ ਸੇਵਕ ਲਈ ਕਾਮਨਾ ਰਹਿਤ ਹੋਣਾ ਜ਼ਰੂਰੀ ਸ਼ਰਤ ਨਹੀਂ ਹੈ ਜੀ?--

੧੨੧- **ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥**[੨੮੬]

ਕੀ ਸੇਵਕ ਲਈ ਆਪਾ ਭਾਵ ਗੁਆ ਕੇ ਹਉਮੈ ਰਹਿਤ ਹੋਣਾ ਜ਼ਰੂਰੀ ਨਹੀਂ ਜੀ ?

੧੨੨- **ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥ ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥ ੨ ॥**[੨੩੩]-੧-੯

੧੨੩- **ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥ ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥ ੬ ॥**[੬੧]-੧੨

(੨) ਕੀ " ਗੁਰੂ ਪੰਥ " ਦੀ ਵਿਆਖਿਆ ਇਸ ਪ੍ਰਕਾਰ ਲਿਖਣੀ ਜ਼ਰੂਰੀ ਨਹੀਂ ਸੀ --" ਗੁਰੂ ਗ੍ਰੰਥ ਸਾਹਿਬ ਜੀ ਦੇ ਦੱਸੇ ਰਸਤੇ ਤੇ ਤੁਰਨ ਵਾਲੇ ਤਿਆਰ-ਬਰ-ਤਿਆਰ-ਸਿੰਘਾਂ ਦੇ ਸਮੂਹ ਦਾ ਨਾਮ " ਗੁਰੂ ਪੰਥ " ਹੈ । ਕਿਉਂਕਿ ਆਮ ਤੌਰ ਤੇ ਨਿਰਾ " ਤਿਆਰ-ਬਰ-ਤਿਆਰ " ਸ਼ਬਦ ਕੇਵਲ ਬਾਣੇ ਦੀ ਨਿਆਰੀ ਡਿੱਠ ਤੱਕ ਹੀ ਸੁੰਗੜ ਚੁੱਕਾ ਹੋਇਆ ਹੈ ।

(੩) ਖ਼ਾਲਸਾ ਜੀ ਨੂੰ " ਸਤਿਗੁਰ ਪੂਰਾ " ਕਹਿਣ ਦੇ ਨਾਲ, ਦਸ਼ਮੇਸ਼ ਜੀ ਨੇ ਜਿਹੜੀ ਗੁਰੂ-ਖ਼ਾਲਸਾ ਜੀ ਤੇ ਪਾਬੰਦੀ ਵੀ ਉਸੇ ਸਮੇਂ ਹੀ ਲਾ ਦਿੱਤੀ ਸੀ, ਕੀ ਉਸ ਚਿਤਾਵਨੀ ਨੂੰ ਮੁਢੋਂ ਹੀ ਭੁਲਾ ਦੇਣਾ ਗੁਰਸਿੱਖੀ ਲਈ ਜ਼ਰੂਰੀ ਸੀ ਜੀ ? { ਕੁਝ ਸਫ਼ੇ ਹੀ ਅੱਗੇ ਅਠਵੇਂ ਕਾਂਡ ਦੇ ਦੂਜੇ ਨੰਬਰ ਤੇ --" **ਦਸ਼ਮੇਸ਼ ਜੀ ਦੇ ਹੁਕਮ ਦੀਆਂ ਵੰਡੀਆਂ** " ਲੇਖ ਵਿਚ, ਦਸ਼ਮੇਸ਼ ਜੀ ਵਲੋਂ ਲਾਈ ਉਸ ਕਰੜੀ ਪਾਬੰਦੀ ਬਾਰੇ ਵਿਚਾਰ ਲਿਖੇ ਹੋਏ ਹਨ }

## ੨-ਅੰਮ੍ਰਿਤ ਸੰਸਕਾਰ

ਇਸ ਸਿਰਲੇਖ ਹੇਠਾਂ ਅੰਮ੍ਰਿਤ ਛਕਾਉਂਣ ਦੀ ਕਿਰਿਆ-ਵਿਧੀ ਦਾ ਵੇਰਵਾ ਲਿਖਿਆ ਹੈ, ਫਿਰ ਵਾਹਿਗੁਰੂ ਨਾਮ ਦਾ ਅਤੇ ਮੂਲ ਮੰਤ੍ਰ ਦਾ ਰਟਨ ਕਰਾਉਣ ਦੀ ਹਦਾਇਤ ਲਿਖੀ ਹੈ । ਉਸ ਤੋਂ ਅੱਗੇ ਪੰਜਾਂ ਪਿਆਰਿਆਂ ਵਿਚੋਂ ਕਿਸੇ ਸੱਜਣ ਵਲੋਂ ਦੱਸੀ ਜਾਣ ਵਾਲੀ ਰਹਿਤ ਦਾ ਵੇਰਵਾ ਹੈ ।

ਹੈਰਾਨੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਹੀ ਛਪਾਈ ਗਈ ਪੁਸਤਕ " ਗੁਰਮਤ ਮਾਰਤੰਡ " ਵਿਚ ਲਿਖੀ ਰਹਿਤ ਮਰਯਾਦਾ ਕਈ ਗੱਲਾਂ ਵਿਚ ਗੁਰੂ-ਪੰਥ ਦੀ ਬਣਾਈ--" ਸਿੱਖ ਰਹਿਤ ਮਰਯਾਦਾ " ਨਾਲੋਂ ਭਿੰਨ ਹੈ । ਵੇਰਵਾ ਇਸ ਪ੍ਰਕਾਰ ਹੈ--

(੧) ਪਹਿਲੀ ਗੰਭੀਰ ਗੱਲ ਇਹ ਹੈ ਕਿ ਪੰਥਕ ਰਹਿਤ ਮਰਯਾਦਾ ਵਿਚ " **ਸਤਿਗੁਰ ਕੈ ਜਨਮੇ ਗਵਨੁ ਮਿਟਾਇਆ** " ਗੁਰੂ ਵਾਕ ਦੀ ਮਨਮਤੀ ਵਰਤੋਂ ਕੀਤੀ ਹੋਈ ਹੈ, ਪਰ ਗੁਰਮਤਿ ਮਾਰਤੰਡ ਪੁਸਤਕ ਵਿਚ ਸਿਧ ਗੋਸਟ ਦੇ ਇਸ ਗੁਰੂ ਵਾਕ ਦਾ ਜ਼ਿਕਰ ਤੱਕ ਨਹੀਂ ਹੈ । ਕੀ ਗੁਰੂ ਪੰਥ ਨੇ ਕੋਈ ਪੰਥਕ-ਭੁੱਲ ਕੀਤੀ ਸੀ ਜੋ ਅੱਡਰੀ ਲਿਖੀ ਪੁਸਤਕ ਵਿਚ ਸੁਧਾਈ ਕਰ ਲਈ ਗਈ? ਅਜੇਹਾ ਝਮੇਲਾ ਪਾਉਣ ਤੋਂ ਗੁਰਮਤਿ ਅਨੁਸਾਰ ਭਾਵ ਕੀ ਬਣਦਾ ਹੈ ? [ਪਾਠਕ ਸੱਜਣਾ ਨੂੰ ਧਿਆਨ ਰਹੇ ਕਿ ਪੁਸਤਕ ਦਾ ਇਹ ਪੰਜਵਾਂ ਭਾਗ ਛਪਾਈ ਤੋਂ ਪਹਿਲਾਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤ੍ਰ ਸਾਹਿਬ ਦੀ ਸੇਵਾ ਵਿਚ ਭੇਜਿਆ ਜਾ ਰਿਹਾ ਹੈ । ਉਨ੍ਹਾਂ ਵਲੋਂ ਜੇ ਕੋਈ ਸੋਧ ਪੱਤਰ ਆਇਆ ਤਾਂ ਉਹ ਵੀ ਨਾਲ ਹੀ ਛਾਪ ਦਿੱਤਾ ਜਾਵੇਗਾ ]

(੨) ਪੰਥਕ ਸਿੱਖ ਰਹਿਤ ਮਰਯਾਦਾ ਦੇ ਖਰੜੇ ਦੇ ੧੭ ਸਫ਼ੇ ਤੇ--ਸ੍ਰੀ ਗੁਰੂ ਗ੍ਰੰਥ ਸਾਹਿਬ **ਅਤੇ** ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ " ਪੂਰੇ ਵੇਰਵੇ ਨਾਲ ਲਿਖਿਆ ਹੈ ਪਰ ਗੁਰਮਤਿ ਮਾਰਤੰਡ ਦੇ ੮੧ ਸਫ਼ੇ ਤੇ ਇਸ ਪ੍ਰਕਾਰ ਲਿਖਿਆ ਹੈ--ਦਸ ਸਤਿਗੁਰਾਂ ਨੂੰ ਇਕ ਰੂਪ ਜਾਣਨਾ ਅਤੇ ਉਨ੍ਹਾਂ ਦਾ ਉਪਦੇਸ਼ ਰੂਪ **ਗੁਰੂ ਗ੍ਰੰਥ ਸਾਹਿਬ** ਨੂੰ ਗੁਰੂ ਮੰਨਣਾ" "।

**ਸ਼ੰਕਿਆਂ ਦਾ ਵੇਰਵਾ**--

(ੳ) ਸਿੱਖ ਰਹਿਤ ਮਰਯਾਦਾ ਦੇ ਲਿਖੇ ਅਨੁਸਾਰ ਇਹ ਪ੍ਰਭਾਵ ਬਣਦਾ ਹੈ ਕਿ ਦਸਾਂ ਸਤਿਗੁਰਾਂ ਦੀ ਬਾਣੀ " ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋ ਅੱਡਰੀ ਵੀ ਹੈ । ਪਰ ਗੁਰਮਤ ਮਾਰਤੰਡ ਪੁਸਤਕ ਦੀ ਲਿਖਤ ਤੋਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ, ਦਸ ਗੁਰੂ ਸਾਹਿਬਾਨ ਦੀ ਬਾਣੀ ਸਿੱਧ ਹਨ ।

(ਅ) ਗੁਰਮਤ ਮਾਰਤੰਡ ਵਿਚ ਧਰਮ ਦੀ ਕਿਰਤ ਵਿਚੋਂ ਦਸੌਂਧ [ਦਸਵਾਂ ਹਿੱਸਾ] ਪੰਥ ਦੀ ਉਨਤੀ ਵਾਸਤੇ ਪੰਥ ਦੀ ਸੇਵਾ ਵਿੱਚ ਅਰਪਨ ਕਰਨਾ ਲਿਖਿਆ ਹੈ, ਪਰ ਸਿੱਖ ਰਹਿਤ ਮਰਯਾਦਾ ਵਿਚੋਂ ਅਜੇਹੀ ਸਿਖਿਆ ਕਿਤੇ ਨਜ਼ਰ ਨਹੀਂ ਆਉਂਦੀ । ਇਸ ਤੋਂ ਸਿੱਧ ਹੁੰਦਾ ਹੈ ਕਿ - (ਬਿਨਾ ਕਹਿਉਂ ਹੀ) ਬ੍ਰਾਹਮਣਾ ਦੀ ਚਲਾਈ ਗੁਰਮਤਿ ਵਿਰੋਧੀ **ਦਾਨ ਪ੍ਰਥਾ** ਨੂੰ ਉਤਸ਼ਾਹ ਮਿਲਿਆ ਹੈ ।

**ਅੰਮ੍ਰਿਤ ਸੰਸਕਾਰਾਂ ਨਾਲ ਸੰਬਧਤ** ਗੁਰਮਤ ਮਾਰਤੰਡ ਵਿਚਲੀ ਹੇਠ ਲਿਖੀ ਸਿਖਿਆ, **ਸਿੱਖ ਰਹਿਤ ਮਰਯਾਦਾ ਦੇ ਖਰੜੇ ਵਿਚੋਂ ਨਹੀਂ ਮਿਲਦੀ**:---

**(੧)** ਪਰਉਪਕਾਰ ਨੂੰ ਮਨੁੱਖ ਦੇਹ ਅਤੇ ਸਿੱਖ ਧਰਮ ਦਾ ਪਰਮ ਕਰਤਵਯ ਸਮਝਣਾ, **(੨)** ਗੁਰਮਤ ਦੇ ਪਰਚਾਰ ਦਾ ਪੂਰਾ ਯਤਨ ਕਰਨਾ, **(੩)** ਗੁਰੂ ਗ੍ਰੰਥ ਸਾਹਿਬ ਤੋਂ ਬਿਨਾ ਹੋਰ ਕਿਸੇ ਧਰਮ ਗ੍ਰੰਥ ਨੂੰ ਆਪਣਾ ਧਰਮ ਗ੍ਰੰਥ ਨਹੀਂ ਮੰਨਣਾ, **(੪)** ਕੋਈ ਪੰਥ ਵਿਚ ਧੜੇ ਬੰਨ੍ਹ ਕੇ

ਵੈਰ ਵਿਰੋਧ ਫੈਲਾਵੇ ਅਤੇ ਆਪਣੀ ਗੁਰਿਆਈ ਥਾਪ ਕੇ (ਡੇਰਾਵਾਦੀ-ਗੱਦੀਦਾਰੀ?) ਦਸ ਸਤਿਗੁਰਾਂ ਦੇ ਆਸ਼ਯ ਤੋਂ ਵਿਰੁੱਧ ਚਲੇ, ਉਸ ਨਾਲ ਨਹੀਂ ਵਰਤਨਾ। (ਸਾਫ਼ ਸਿੱਧ ਹੈ ਕਿ ਅੰਮ੍ਰਿਤਧਾਰੀਆਂ ਨੂੰ ਮਿਲੀ ਅਜੇਹੀ ਸਿਖਿਆ ਨੇ ਕੌਮ ਨੂੰ ਡੇਰਾਵਾਦ ਦੇ ਪਖੰਡ ਤੋਂ ਵੀ ਸੁਚੇਤ ਕਰਦੀ ਰਹਿਣਾ ਸੀ। ਪਰ ਪੰਥ ਦੀ ਬਣੀ ਮਰਯਾਦਾ ਇਸ ਮਸਲੇ ਤੇ ਚੁੱਪ ਵੱਟੀ ਬੈਠੀ, ਡੇਰਾ ਵਾਦੀਆਂ ਦੇ ਹਥੋਂ ਹੋ ਰਹੀ ਪੰਥ ਦੀ ਹੇਠੀ ਦਾ ਤਮਾਸ਼ਾ ਵੇਖ ਰਹੀ ਹੈ) **(੫)** ਝੂਠ, ਅਨਯਾਯ, ਛਲ, ਕਪਟ, ਵਿਸ਼ਵਾਸ਼ਘਾਤ, ਆਦਿਕ ਅਵਗੁਣਾਂ ਦਾ ਸਦਾ ਤਯਾਗ ਕਰਨਾ। **(੬)** ਸਿਖ ਦਾ ਅਧੂਰਾ ਨਾਉਂ ਨਹੀਂ ਲੈਣਾ, **(੭)** ਬਚਨ ਕਰਕੇ ਕਦੇ ਨਹੀਂ ਹਾਰਨਾ, **(੮)** ਕਿਸੀ ਪ੍ਰਕਾਰ ਦੀ ਸੁਖਣਾ ਨਹੀਂ ਸੁੱਖਣੀ, (੯) ਬੇਗਾਨਾ ਹੱਕ (ਰਿਸ਼ਵਤ ਆਦਿਕ) ਕਦੇ ਨਹੀਂ ਲੈਣੀ।

**ਪੰਥਕ ਸਿੱਖ ਰਹਿਤ ਮਰਯਾਦਾ** ਹੀ ਜਦ ਅੰਮ੍ਰਿਤ ਛਕਣ ਵਾਲੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਅਨੁਸਾਰ ਜੀਵਨ ਢਾਲ ਲੈਣ ਦੀ ਗੱਲ ਨਾ ਕਹੇ, ਅਤੇ ਸ਼ੁਭ ਆਚਰਨ ਦੀ ਰਾਖੀ ਵਾਲੇ ਉਪ੍ਰੋਕਤ ਬਚਨਾਂ ਦੀ ਵੀ ਅਣਹੋਂਦ ਹੋਵੇ, ਤਾਂ ਹਰ ਇੱਕ ਸੁਹਿਰਦ ਗੁਰਮੁਖਿ ਲਈ ਚਿੰਤਾ ਦਾ ਕਾਰਨ ਕਿਵੇਂ ਨਾ ਬਣੇ ?

## ਹੋਰ ਵੀ ਵੱਧ ਦੁਖਦਾਈ ਊਣਤਾਈ--

ਅੰਮ੍ਰਿਤ ਪਾਨ ਕਰਨ ਵਾਲਿਆਂ ਨੂੰ ਸਿਖਿਆ ਦੇਣ ਦੇ ਸੰਬੰਧ ਵਿਚ ਸਿੱਖ **ਰਹਿਤ ਮਰਯਦਾ** ਵਿਚਲੀ ਸਭ ਤੋਂ ਵਡੀ **ਦੁਖਦਾਈ ਊਣਤਾਈ** ਇਹ ਹੈ ਕਿ ਜਿਵੇਂ ਸਿਖਿਆ ਦੇ ਅੰਤ ਵਿਚ ਗੁਰਮਤਿ ਮਾਰਤੰਡ ਵਿਚ ਲਿਖਿਆ ਹੈ ਕਿ--

> **" ਇਸ ਉਪਦੇਸ਼ ਨੂੰ ਸੁਣ ਕੇ ਅੰਮ੍ਰਿਤ ਛਕਣ ਵਾਲਾ (ਵਾਲੇ) " ਸਤਿ ਬਚਨ " ਆਖ ਕੇ ਸਤਿਗੁਰੂ ਜੀ ਅੱਗੇ ਸੀਸ ਨਿਵਾਵੇ (ਨਿਵਾਉਣ)। ਇਸ ਪਿਛੋਂ ਆਨੰਦ ਸਾਹਿਬ ਦਾ ਪਾਠ ਕਰ ਕੇ ਅਰਦਾਸ ਹੋਵੇ ਅਤੇ ਕੜਾਹ ਪ੍ਰਸ਼ਾਦ ਵਰਤੇ।**

ਸਿਖ ਰਹਿਤ ਮਰਯਾਦਾ ਵਿਚ ਵੀ ਅਜੇਹਾ ਲਿਖ ਕੇ ਅੰਮ੍ਰਿਤਧਾਰੀ ਨੂੰ **ਬਚਨ ਬੱਧ ਕਰ ਲੈਣ ਦੀ ਰੀਤ ਨਾ ਪੈਣ ਦੇਣ ਵਾਲੀ ਗੱਲ ਤੋਂ**, ਗੰਭੀਰ ਸ਼ੰਕਾ ਪੈਦਾ ਹੁੰਦਾ ਹੈ, ਕਿ, ਖਰੜਾ ਲਿਖਣ ਵਾਲਿਆਂ ਵਿਚ ਸਿੱਖੀ ਦੇ ਵੈਰੀ, ਅਥਵਾ ਪੰਥ ਦੇ ਵੈਰੀਆਂ ਦੇ ਦਲਾਲ, ਅਛੋਪਲੇ ਹੀ ਆ ਵੜਨ ਵਿਚ ਸਫ਼ਲ ਰਹੇ ਸਨ।

## ੩- ਤਨਖਾਹ ਲਾਉਣ ਦੀ ਵਿਧੀ

(ੳ) ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁਖ ਖੜੋ ਕੇ ਆਪਣੀ ਭੁੱਲ ਮੰਨੇ।

(ਅ) ਗੁਰ-ਸੰਗਤ ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰੂ-ਸੰਗਤ ਪਾਸ ਤਨਖਾਹ (ਦੰਡ) ਤਜਵੀਜ਼ ਕਰਨ।

(ੲ) ਸੰਗਤ ਨੂੰ ਬਖ਼ਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖਾਹ ਲੁਆਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ। ਤਨਖਾਹ ਕਿਸੇ ਕਿਸਮ ਦੀ ਸੇਵਾ, ਖ਼ਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

(ਸ) ਅੰਤ ਸੋਧ ਦੀ ਅਰਦਾਸ।

## ੪--ਗੁਰਮਤਾ ਕਰਨ ਦੀ ਵਿਧੀ

(ੳ) ਗੁਰਮਤਾ ਕੇਵਲ ਉਨ੍ਹਾਂ ਸਵਾਲਾਂ ਤੇ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਦੇ ਮੁਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ। ਹੋਰ ਕਿਸੇ ਕਿਸਮ ਦੇ ਸਾਧਾਰਨ (ਧਾਰਮਿਕ, ਵਿਦਿਅਕ, ਸਮਾਜਕ, ਪੁਲੀਟੀਕਲ) ਸਵਾਲ ਉਤੇ ਕੇਵਲ ਮਤਾ ਹੋ ਸਕਦਾ ਹੈ।

(ਅ) ਇਹ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂਪੰਥ ਦਾ ਪ੍ਰਤੀਨਿਧ ਇਕੱਠ ਕਰ ਸਕਦਾ ਹੈ।

## ੫--ਸਥਾਨਕ ਫੈਸਲਿਆਂ ਦੀ ਅਪੀਲ--

ਸਥਾਨਕ ਗੁਰ-ਸੰਗਤ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਹੋ ਸਕਦੀ ਹੈ।

ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਨਹੀਂ ਤਾਂ ਪੰਥ ਪ੍ਰਵਾਣਤ" ਸਿੱਖ ਰਹਿਤ ਮਰਯਾਦਾ " ਦੇ ਖਰੜੇ ਤੋਂ ਪੰਥ ਨਾਲ ਜੁੜੇ ਹਰ ਗੁਰਸਿੱਖ ਨੂੰ " ਵਾਹਿਗੁਰੂ " ਗੁਰਮੰਤ੍ਰ ਮਿਲ ਚੁੱਕਾ ਹੈ, ਅਤੇ ਜਿਹੜੇ ਸਿੱਖ ਨੇ ਆਪਣੀ ਸ਼ਕਸੀ ਰਹਿਣੀ-ਸਿੱਖ ਰਹਿਤ ਮਰਯਾਦਾ " ਅਨੁਸਾਰ ਬਣਾ ਲਈ ਹੋਵੇ ਉਹੀ ਸਤਿਗੁਰਾਂ ਦਾ ਸਿੱਖ ਹੈ ਅਤੇ ਉਹੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਪੰਥ ਦੀਆਂ ਧਾਰਮਿਕ, ਸਮਾਜਕ ਅਤੇ ਰਾਜਨੀਤਕ ਜ਼ਿਮੇਵਾਰੀਆਂ ਨਿਭਾਉਣ ਦਾ ਅਧਿਕਾਰੀ ਬਣਦਾ ਹੈ। ਸਾਨੂੰ ਇਸ ਸਚਾਈ ਨੂੰ ਅੱਖੋਂ ਉਹਲੇ ਨਹੀਂ ਹੋਣ ਦੇਣਾ ਚਾਹੀਦਾ, ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਸ ਸਰੂਪਾ ਦੀ ਨਿੱਜੀ ਨਿਗਰਾਨੀ ਵਿਚ ਵਿਚਰਦਿਆਂ ਹੋਇਆ ਬੜਾ ਲੰਮਾ ਸਮਾ ਸਿਖਲਾਈ ਲੈਂਦੇ ਰਹਿਣ ਦੀ ਬਰਕਤ ਨਾਲ, ਲਗ-ਪਗ ਸਾਰਾ ਹੀ ਸਿੱਖ ਪੰਥ ਭਾਵੇਂ ਮਰਜੀਵੜਾ (ਸੰਤ-ਸੂਰਮਾ) ਬਣ ਚੁੱਕਾ ਸੀ, ਫਿਰ ਵੀ ਇਸ ਨੂੰ ਪ੍ਰਬੰਧਕ ਜਿੰਮੇਵਾਰੀਆਂ ਸੌਂਪਣ ਤੋਂ ਪਹਿਲਾਂ ਇਸ ਦੀ ਬੜੇ ਹੀ ਨਿਆਰੇ ਢੰਗ ਨਾਲ ਉਚੇਚੀ ਪ੍ਰੀਖਿਆ ਲਈ ਗਈ ਸੀ। ਸਪੱਸ਼ਟ ਹੈ ਕਿ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਵਾਲੀ ਨਿਰਾਲੀ ਬਖ਼ਸ਼ਸ਼ ਕੀਤੀ ਜਾਣ ਨਾਲ ਜੀਵਨ-ਪ੍ਰਣ ਲੈਣ ਤੋਂ ਪਹਿਲਾਂ, ਗੁਰਸਿੱਖ ਨੂੰ ਗੁਰਮਤਿ ਗਿਆਨ ਦੀ ਪੂਰੀ ਜਾਣਕਾਰੀ ਹੋ ਜਾਣ ਦੇ ਨਾਲ, ਉਸ ਦੀ ਸ਼ਖ਼ਸੀ ਰਹਿਣੀ, ਪੰਥਕ ਰਹਿਤ ਮਰਯਾਦਾ ਦੇ ਅਨਕੂਲ ਬਣਾ ਦੇਣ ਦੇ ਬੜੇ ਵਿਸ਼ਾਲ ਅਤੇ ਠੋਸ ਪੰਥਕ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਖੰਡੇ ਬਾਟੇ ਦੇ ਅੰਮ੍ਰਿਤ ਦੀ ਪਾਵਨਤਾ ਕਾਇਮ ਰੱਖਣ ਦੀ ਯੋਗਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਤੋਂ ਮਿਲਣੀ ਹੈ। ਸੋ ਗੁਰਬਾਣੀ ਦੇ ਸਿਧਾਂਤ ਦੇ ਹਰ ਪੱਖ ਨੂੰ ਦ੍ਰਿੜ ਕਰਾ ਦੇਣ ਲਈ ਪੰਥਕ ਸਰਮਾਇਆ ਅਜੇਹੇ ਗੁਰਮਤਿ-ਵਿਦਿਆਲੇ ਖੋਹਲਣ ਤੇ ਖ਼ਰਚ ਕੀਤਾ ਜਾਣਾ ਚਾਹੀਦਾ ਹੈ ਜਿਥੋਂ ਹਰ ਗੁਰਸਿੱਖ ਨੂੰ ਅਥਵਾ ਉਸ ਦੇ ਬਚਿਆਂ ਨੂੰ ਗੁਰਬਾਣੀ ਗਿਆਨ ਦੀਆਂ ਉੱਚ ਡਿਗਰੀਆਂ ਪ੍ਰਾਪਤ ਕਰਾਉਣ ਦਾ ਠੋਸ ਪ੍ਰਬੰਧ ਹੋਵੇ। Quantity ਦੀ ਲੋੜ ਨਹੀਂ ਹੈ Quality ਦਾ ਮਿਆਰ ਮੁੜ ਉਸੇ ਸਿਖ਼ਰਾਂ ਤੇ ਲੈ ਜਾਣ ਦੀ ਲੋੜ ਹੈ ਜਿਸ ਸਿਖ਼ਰ ਤੇ ਪੁੱਜੇ ਖ਼ਾਲਸੇ ਨੂੰ ਸੰਬੋਧਨ ਕਰਕੇ ਮਹਾਂ ਬਲੀ ਦਸ਼ਮੇਸ਼ ਜੀ ਨੇ " **ਸੱਜਣ ਸੂਰਾ**" " **ਇਸ਼ਟ ਸੁਹਿਰਦ**" ਅਤੇ " **ਸਤਿਗੁਰ ਪੂਰਾ** " ਫ਼ੁਰਮਾਨ ਕੀਤਾ ਸੀ।

[ ਜ਼ਰੂਰੀ ਨੋਟ:--ਕਈ ਵਾਰੀ ਇਹ ਢੁੱਚਰ ਘੜ ਲਿਆ ਜਾਂਦਾ ਹੈ ਕਿ, ਜੇ ਸਭ ਕੁਝ ਗੁਰਬਾਣੀ ਅਨੁਸਾਰ ਹੀ ਕਰਨਾ ਹੈ ਤਾਂ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਦੀ ਗੱਲ, ਅਤੇ ਗੁਰੂ ਦਰਬਾਰ ਨਾਲ ਜੁੜੀ ਹੋਰ ਕਈ ਪ੍ਰਕਾਰ ਦੀ ਮਰਯਾਦਾ, ਗੁਰੂ ਗ੍ਰੰਥ ਸਾਹਿਬ ਵਿਚ ਕਿੱਥੇ ਲਿਖੀ ਹੈ? ਧਿਆਨ ਰਹੇ ਕੇ ਸਤਿਗੁਰਾਂ ਦੀ ਬਾਣੀ ਵਿਚੋਂ ਅਜੇਹੇ ਸਪੱਸ਼ਟ ਸੰਕੇਤ ਬੜੇ ਮਿਲਦੇ ਹਨ ਜਿਨ੍ਹਾਂ ਤੋਂ ਲਗ-ਪਗ ਸਾਰੇ ਅਜੇਹੇ ਮਸਲੇ ਹੱਲ ਹੋ ਸਕਦੇ ਹਨ । ਜਿਵੇ ਕੇਸਾਂ ਦਾ ਸਤਿਕਾਰ ਕਰਨਾ ਪੂਰਨ ਤੌਰ ਤੇ ਗੁਰੂਬਾਣੀ ਦੇ ਪਾਵਨ ਸ਼ਬਦਾਂ ਤੋਂ ਸਿੱਧ ਕੀਤਾ ਜਾ ਚੁੱਕਾ ਹੈ । ਉਂਜ ਵੀ ਵਿਸ਼ੇਸ਼ ਤੌਰ ਤੇ ਸਾਡੀ ਵਿਚਾਰ ਦਾ ਵਿਸ਼ਾ ਕੇਵਲ ਉਸ ਮਰਯਾਦਾ ਬਾਰੇ ਹੈ ਜੋ ਬ੍ਰਾਹਮਣੀ ਰੀਤ ਵੱਲ ਨੂੰ ਧ੍ਰੂ ਖੜਨ ਦਾ ਕਾਰਨ ਬਣ ਰਹੀ ਹੈ, ਜਾਂ ਜੋ ਗੁਰੂ ਬਾਣੀ ਦੇ ਆਸ਼ੇ ਦੇ ਪ੍ਰਤੀਕੂਲ ਹੈ, ਅਤੇ ਜਾਂ ਫਿਰ ਜਿਹੜਾ ਰੀਤੀ ਰਿਵਾਜ ਠੋਸ ਕਿੰਤੂਆਂ ਪ੍ਰੰਤੂਆਂ ਦਾ ਅਤੇ ਕਈ ਤਰ੍ਹਾਂ ਦੇ ਭਰਮ ਪਾਉਣ ਦਾ ਕਾਰਨ ਬਣ ਰਿਹਾ ਹੈ ਜਿਸ ਤੋਂ ਕਈ ਵਾਰ ਸਤਿਗੁਰਾਂ ਨੂੰ ਭੁੱਲੜ ਅੰਤਰਯਾਮਤਾ ਗੁਣ ਤੋਂ ਸੱਖਣੇ ਕਹਿਣ ਦਾ ਪਾਪ ਹੋ ਰਿਹਾ ਹੋਵੇ]

੧੨੪- **ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੋਹਾਗਨਿ ਥੂਕ ਮੁਖਿ ਪਈਆ ॥ ੭ ॥**[੮੩੬]

ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ

**੧ ੴ ਸਤਿਗੁਰ ਪ੍ਰਸਾਦਿ ॥**
**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥**
**ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥ ੮ ॥**[੪੪੪]

14727 Bothel Way NE # 5
Shore Line WA 98155
Oct:- 20, 1997

ਸੇਵਾ ਵਿਖੇ ਪ੍ਰਧਾਨ ਸਾਹਿਬ ਸ਼੍ਰੋ:ਗੁ: ਪ੍ਰ: ਕਮੇਟੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤ ਸਰ ਸਾਹਿਬ।

**ਵਸ਼ਾ**--ਗੁਰਮਤਿ ਮਰਯਾਦਾ ਪ੍ਰਤੀ ਸ਼ੰਕਿਆਂ ਦੀ ਨਿਵਰਤੀ ਲਈ ਜੋਦੜੀ--

ਸਨਮਾਨ ਜੋਗ ਪੰਥ ਦੇ ਮੁੱਖ ਜਥੇਦਾਰ ਸਾਹਿਬ ਜੀਉ,

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਮਿਤੀ-- (੧) ਫ਼ਰਵਰੀ ੨੦ ੧੯੯੬ (੨) ੧੦ ਮਈ ੧੯੯੭ (੩) ੨੧ ਜੁਲਾਈ ੧੯੯੭ ਬੇਨਤੀ ਪੱਤ੍ਰਾਂ ਦੀ ਲੜੀ ਵਿਚ ਚੌਥੀ ਵਾਰ ਬੇਨਤੀ ਹੈ ਕਿ, ਰਾਗ ਆਸਾ ਛੰਤ ਮਹਲਾ ੪ ਦੇ ੨-੯ ਦੀ ਉਪ੍ਰੋਕਤ ਪਾਵਨ ਤੁਕ ਤੋਂ ਸਪੱਸ਼ਟ ਹੁੰਦਾ ਹੈ ਕਿ, ਆਪਣੇ ਸਤਿਗੁਰਾਂ ਦੇ ਉਪਦੇਸ਼ ਤੋਂ ਸੰਸਾਰ ਨੂੰ ਜਾਣੂੰ ਕਰਵਾਉਣ ਵਿਚ ਸਦਾ ਯਤਨਸ਼ੀਲ ਰਹਿਣ ਵਾਲਾ ਗੁਰਸਿੱਖ ਆਪਣੇ ਸਤਿਗੁਰਾਂ ਦਾ ਰੂਪ ਹੈ। ਭਾਵ, ਜਿਹੜਾ ਗੁਰਸਿੱਖ ਆਪਣੇ ਸਤਿਗੁਰਾਂ ਦੇ ਉਪਦੇਸ਼ ਨੂੰ ਅਗਾਂਹ ਨਹੀਂ ਚਲਾਉਂਦਾ ਉਹ ਗੁਰੂ ਦਾ ਰੂਪ ਨਹੀਂ ਹੈ। ਗੁਰੂ-ਪੰਥ ਦੇ ਜਥੇਦਾਰ ਦੀ ਸਰਦਾਰੀ ਤਦ ਹੀ ਸਰਬ ਪਰਵਾਤਨ ਹੈ ਜੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਦੇ ਅਨਕੂਲ ਜੀਵਨ-ਮਰਯਾਦਾ ਨਾਲ ਪੰਥ ਨੂੰ ਜੋੜੀ ਰੱਖਣ ਲਈ ਸਦਾ ਯਤਨ-ਸ਼ੀਲ ਰਹੇ। ਦਾਸ ਵਲੋਂ ਕੀਤੀਆਂ ਬੇਨਤੀਆਂ ਕੇਵਲ ਗੁਰਮਤਿ ਮਰਯਾਦਾ ਬਾਰੇ ਸੰਕੇ ਦੂਰ ਕਰਨ ਹਿਤ ਹੀ ਹੁੰਦੀਆਂ ਹਨ। ਬੜੇ ਦੁਖ ਦੀ ਗੱਲ ਹੈ ਕਿ, ਤੁਹਾਡੀ ਸਰਦਾਰੀ ਹੇਠ ਚੱਲ ਰਹੇ ਦਫ਼ਤਰ ਵਲੋਂ ਕਦੇ ਕੋਈ ਸੰਕੇਤ ਤੱਕ ਨਹੀਂ ਪਰਤਿਆ ਕਿ, ਦਾਸ ਦੇ ਬੇਨਤੀ ਪੱਤਰਾਂ ਦਾ ਕੀ ਬਣਿਆਂ ? ਇਹ ਸਾਰਾ ਕੁਝ ਲਿਖਣ ਆਰੰਭ ਕਰਨ ਦੀ ਬਿਮਾਰੀ ਦਾ ਮੂਲ--" **ਜਬ ਲੱਗ ਖ਼ਾਲਸਾ ........ ਪ੍ਰਤੀਤ॥"** ਪੰਥ ਪਰਵਾਨਤ ਬਚਨ ਹੀ ਹਨ। ਤੁਹਾਡੇ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਤੋਂ ਅਰੰਭ ਹੋ ਕੇ ਖ਼ਾਲਸਾ ਪੰਥ ਨਾਲ ਸੰਬਧਤ ਲਗ-ਪਗ ਸਾਰੇ ਵਿਦਵਾਨ ਲਿਖਾਰੀ, ਪੰਥ ਵਲੋਂ ਸਨਮਾਨੇ ਹੋਏ ਪਰਚਾਰਕ, ਲਗ-ਪਗ ਸਾਰੇ ਰਾਗੀ ਢਾਡੀ, ਗ੍ਰੰਥੀ ਸਾਹਿਬਾਨ, ਇਨ੍ਹਾਂ ਬਚਨਾਂ ਨੂੰ ਦਸ਼ਮੇਸ਼ ਜੀ ਦੀ ਪਾਵਨ ਹਸਤੀ ਨਾਲ ਨਿਰੰਤਰ ਜੋੜਦੇ ਆ ਰਹੇ ਹਨ। ਇਸ ਲਈ ਇਸ ਕੀਟ ਦੀ ਸਨਿਮ੍ਰ ਬੇਨਤੀ ਹੈ ਕਿ ਜੇ --

**(੧)** ਦਾਸ ਨੂੰ ਇਹ ਲਿਖ ਭੇਜੋ, ਕਿ ਇਨ੍ਹਾਂ ਉਪ੍ਰੋਕਤ ਬਚਨਾਂ (**ਜਬ ਲਗ ਖ਼ਾਲਸਾ....... ਪ੍ਰਤੀਤਿ**) ਨਾਲ ਪੰਥ ਦਾ ਕੋਈ ਵਾਸਤਾ ਨਹੀਂ ਹੈ। ਖ਼ਾਲਸਾ ਜੀ ਨਿਹਕਲੰਕ ਹੋਣ ਦੇ ਕਾਰਨ **ਸਦਾ ਲਈ ਨਿਆਰੇ** ਹਨ ਅਤੇ ਬਿੱਪ੍ਰਨ ਕੀ ਰੀਤ ਤੋਂ ਬਚੇ ਰਹਿਣ ਦੀ ਖ਼ਾਲਸਾ ਜੀ ਤੇ ਕੋਈ ਪਾਬੰਦੀ ਨਹੀਂ ਹੈ। ਅਤੇ,

**(੨)** ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਗੁਰਿਆਈ ਦੀ ਮਾਲਕੀ, ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਲ ਹੀ ਨਹੀਂ ਹੈ ਸਗੋਂ, ਦਸਮ ਗ੍ਰੰਥ ਸਾਹਿਬ, ਖ਼ਾਲਸਾ ਪੰਥ ਕੋਲ, ਅਤੇ (ਅੱਡ ਅੱਡ ਡੇਰਿਆਂ ਅਤੇ ਸੰਸਥਾਵਾਂ ਤੋਂ ਬਣੇ, ਅੱਡ ਅੱਡ ਵਿਧੀਆਂ ਨਾਲ ਅੰਮ੍ਰਿਤ ਛਕਾਉਣ ਵਾਲੇ,

ਨਵੇਂ ਤੋਂ ਨਵੇਂ ਅਜੋਕੇ) ਪੰਜ ਪਿਆਰਿਆਂ ਕੋਲ ਵੀ ਗੁਰਿਆਈ ਦੇ ਅਧਿਕਾਰ ਸਾਵੇਂ ਹੀ ਹਨ, ਅਤੇ ਗੁਰਿਆਈ ਦੇ ਬਾਕੀ ਤਿੰਨੇ ਭਾਈਵਾਲ, ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ ਤੋਂ ਮੁਕਤ ਹਨ।

ਕੇਵਲ ਇਹ ਦੋ ਗੱਲਾਂ ਲਿਖ ਭੇਜੋ, ਦਾਸ ਦੇ ਮਨ ਵਿਚ ਉਪਜੇ, ਜਾਂ ਉਪਜ ਰਹੇ, ਸਾਰੇ ਸ਼ੰਕੇ ਖੂਹ ਖਾਤੇ ਵਿਚ ਪੈ ਜਾਣਗੇ। ਫਿਰ ਹੋਰ ਤਾਂ ਲਿਖਣਾ ਹੀ ਕੀ ਹੈ, ਪਹਿਲੀਆਂ ਛਪ ਚੁਕੀਆਂ (ਆਪਣੀਆਂ) ਪੁਸਤਕਾਂ ਵੀ, ਦਾਸ ਵਾਪਸ ਲੈ ਲਵੇਗਾ। ਪਰ ਜੇ ਤੁਸੀਂ ਇਹ ਨਹੀਂ ਲਿਖ ਸਕਦੇ ਤਾਂ ਫਿਰ ਦਾਸ ਦਾ ਇਹ ਸ਼ੰਕਾ-ਪੱਤਰ ਤੋ ਅੱਗੇ ਹੋਰ ਜੋਦੜੀਆਂ ਅਤੇ ਬੇਨਤੀ ਪੱਤਰ, ਆਪ ਜੀ ਦੀ ਸੇਵਾ ਵਿਚ ਪੁੱਜਦੇ ਰਹਿਣਗੇ। ਸੁਣਿਆਂ ਹੈ ਬਾਰ੍ਹੀਂ ਵਰ੍ਹੀ ਰੂੜੀ ਦੀ ਵੀ ਸੁਣੀ ਜਾਂਦੀ ਹੈ, ਸ਼ਾਇਦ ਕਦੇ ਦਾਸ ਦੀ ਫ਼ਰਿਆਦ ਵੀ ਆਪ ਜੀ ਦੇ ਦਰਬਾਰ ਵਿਚ ਸੁਣੀ ਹੀ ਜਾਵੇ ?

ਸਤਿਗੁਰਾਂ ਦੇ ਹੁਕਮ ਨੂੰ ਨਾ ਮੰਨਣਾ ਮਨਮੁਖਤਾਈ ਹੈ, ਭਾਵ, ਅਸਿੱਖੀ ਹੈ, ਪਰ ਸਤਿਗੁਰਾਂ ਦੇ ਹਕਮ ਤੋਂ ਅੱਗੇ ਲੰਘ ਤੁਰਨਾ ਉਸ ਤੋਂ ਵੀ ਵਡਾ ਦੋਸ਼ ਹੈ। ਕਿਉਂਕਿ ਅਜੇਹਾ ਕਰਨਾ ਆਪਣੇ ਆਪ ਨੂੰ ਸਿਆਣਾ ਅਤੇ ਸਤਿਗੁਰਾਂ ਨੂੰ ਭੁੱਲੜ ਕਹਿਣ ਦਾ ਅਪਰਾਧ ਕੀਤਾ ਜਾ ਰਿਹਾ ਹੁੰਦਾ ਹੈ। ਸਤਿਗੁਰਾਂ ਨਾਲੋਂ ਅੱਗੇ ਲੱਘ ਤੁਰਨ ਵਾਲੀ ਭੁੱਲ ਦਾ ਸਿੱਟਾ ਅੰਤ ਤਬਾਹੀ ਅਤੇ ਬਰਬਾਦੀ ਹੀ ਹੋਇਆ ਕਰਦਾ ਹੈ।

**ਕਹੈ ਪ੍ਰਭ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥**[੮੩੬]

ਕਿਉਂਕਿ ਬਿੱਪ੍ਰਨ ਕੀ ਰੀਤ ਤੋਂ ਖ਼ਾਲਸਾ ਜੀ ਦਾ ਕੇਵਲ ਨਿਆਰਾ ਰੂਪ ਹੀ ਖ਼ਤਮ ਨਹੀਂ ਹੁੰਦਾ, ਸਗੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਵੀ ਡਰਾਮਾ ਬਣ ਕੇ ਰਹਿ ਜਾਂਦੀ ਹੈ, ਅਤੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਦਸਾਂ ਸਰੂਪ ਵਿਚ ਜੋ ਘਾਲਣਾ ਘਾਲੀ ਸੀ ਉਹ ਸਾਰੀ ਨਿਸਫਲ ਹੋ ਜਾਂਦੀ ਹੈ। ਏਸੇ ਹੀ ਤੌਖ਼ਲੇ ਦੇ ਅਸਰ ਅਧੀਨ ਦਾਸ ਨੇ ੧੯੮੪ ਤੋਂ ਹੀ ਗੁਰਮਤਿ ਗਿਆਨ ਦੀ ਅਤੇ ਬਿੱਪ੍ਰਨ ਕੀ ਰੀਤ ਦੀ ਅਸਲੀਯਤ ਲਈ ਪੂਰੀ ਖੋਜ ਕਰ ਵਿਚ ਰਾਤ ਦਿਨ ਲੱਗੇ ਰਹਿਣ ਲਈ ਮਜਬੂਰ ਕਰ ਦਿਤਾ । ਦਾਸ ਨੇ ਪੁਸਤਕ--ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ ਲਿਖਣੀ ਅਰੰਭੀ । ਦੇਸ਼ ਪ੍ਰਦੇਸ਼ ਵਿਚ ਵੱਸਦੇ ਸੁਹਿਰਦ ਗੁਰਸਿੱਖ ਵਿਦਵਾਨਾਂ ਵਲੋਂ ਜੋ ਹੁੰਗਾ ਪ੍ਰਾਪਤ ਹੋਇਆ ਉਸ ਤੋਂ ਦਾਸ ਨੂੰ ਭਰੋਸਾ ਬੱਝਾ ਕਿ ਦਾਸ ਦੀ ਘਾਲਣਾ ਵਿਚ ਸਤਿਗੁਰਾਂ ਦੀ ਮਿਹਰ ਰਲੀ ਹੋਈ ਹੈ ਅਤੇ ਦਾਸ ਦੀ ਖੋਜ ਨੇ ਸਹੀ ਰਸਤਾ ਅਪਨਾਇਆ ਹੈ। ਦਾਸ ਦਾ ਧਰਮ ਬਣ ਗਿਆ ਕਿ ਜਿਧਰੋਂ ਵੀ ਅਤੇ ਜਿਸ ਰੂਪ ਵਿਚ ਵੀ ਬਿੱਪ੍ਰਨ ਕੀ ਰੀਤ ਪੰਥ ਵਿਚ ਆ ਵੜੀ ਹੋਈ ਹੈ ਉਸ ਵੱਲ ਪੰਥ ਨਾਲ ਹਿਰਦੇ ਤੋਂ ਪਿਆਰ ਕਰਨ ਵਾਲੇ ਗੁਰਮੁਖਾਂ ਗੁਰੂ ਦੇ ਲਾਲਾਂ ਨੂੰ ਸੁਚੇਤ ਕਰਾਂ । ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਮਿਹਰ ਦਾ ਸਦਕਾ ਤੱਤ ਗੁਰਮਤਿ ਗਿਆਨ ਦਾ ਜੋ ਝਲਕਾਰਾ ਵੱਜਾ ਹੈ ਉਸ ਤੋਂ ਵੀ ਸਰਬੱਤ ਖ਼ਾਲਸਾ ਜੀ ਨੂੰ ਜਾਣੂੰ ਕਰਵਾਵਾਂ। ਪ

ਆਪਣੇ ਗੁਰੂ ਪਰਮੇਸ਼ਰ ਜੀ ਦੇ ਹੁਕਮਾਂ ਦੀ ਅਸਲ ਭਾਵਣਾ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਣਾਉਣ ਦੀ ਲੋੜ ਹੈ, ਗੁਰੂ ਬਾਣੀ ਦੇ ਆਸ਼ੇ ਨੂੰ ਵਿਗਾੜ ਕੇ ਗੁਰੂ ਫ਼ੁਰਮਾਨ ਨੂੰ ਆਪਣੀ ਮਤਿ ਅਨੁਸਾਰ ਢਾਲ ਕੇ, ਆਪਣੀ ਵਿਉਂਤ ਦੀ ਜੀਵਨ ਮਰਯਾਦਾ ਬਣਾ ਲੈਣੀ ਵਡੀ ਅਕ੍ਰਿਘਣਤਾ ਹੀ ਨਹੀਂ ਸਗੋਂ ਸਤਿਗੁਰੂ ਨਾਨਕ ਜੀ ਦੀ ਸਿੱਖੀ ਦੀ ਰੂਪ ਰੇਖਾ ਨੂੰ ਸਦਾ ਲਈ ਤਬਾਹ ਕਰ ਦੇਣ ਦੀ ਸਾਜ਼ਸ਼ ਹੋ ਦਿੱਸੀ ਹੈ। ਏਸੇ ਵਿਸ਼ਵਾਸ਼ ਅਧੀਨ ਸਤਿਗੁਰਾਂ ਨੇ ਆਪ ਸਹਾਈ ਹੋ ਕੇ ਦਾਸ ਕੋਲੋਂ ਪੁਸਤਕ--**ਮਾਸੁ ਮਾਸ ਕਰਿ ਮੂਰਖ ਝਗੜੇ**--ਉਸ ਵਿਚ ਅਜੇਹੇ ਲਿਖਾਰੀਆਂ ਦੀ ਕੁਟਲਤਾ ਨੂੰ ਸਤਿਗੁਰਾਂ ਨੇ ਨੰਗਾ ਕਰਵਾਇਆ ਹੈ ਜਿਨ੍ਹਾਂ ਨੇ ਗੁਰੂ ਬਾਣੀ ਦੀ ਵਰਤੋਂ ਆਪਣੀ ਵਿਉਂਤ ਨਾਲ ਕੀਤੀ ਹੋਈ ਹੈ।

ਪੰਥ ਰਹਿਤ ਮਰਯਾਦਾ ਦੇ ਖਰੜੇ ਬਾਰੇ ਜੋ ਲੇਖ ਲਿਖਿਆ ਸੀ ਅਤੇ ਉਸ ਦੇ ਨਾਲ, ਗੁਰਮਤਿ ਵਿਰੋਧੀ ਹੋਰ ਕਈ ਵਿਸ਼ਿਆਂ ਬਾਰੇ ਗੁਰੂ ਬਾਣੀ ਦੇ ਵਿਚਾਰ ਲਿਖ ਕੇ ਉਪ੍ਰੋਕਤ ਵਨਣ ਚਿਠਿਆਂ ਦੁਆਰਾ ਆਪ ਜੀ ਦੀ ਸੇਵਾ ਵਿਚ ਪੁੱਜ ਚੁਕੇ ਹਨ। ਉਸੇ ਲੜੀ ਵਿਚ ਰਹਿਤ ਰਹਿਤ ਮਰਯਾਦਾ ਵਿਚਲੀ **' ਵਾਰ ਸ੍ਰੀ ਭਗਉਤੀ ਜੀ ਪਾਤਿਸ਼ਾਹੀ ੧੦'** ਬਾਰੇ ਸ਼ੰਕੇ ਦੂਰ ਕਰਨ ਲਈ ਜੋਦੜੀਆਂ ਲੈ ਕੇ ਹਾਜ਼ਰ ਹੋਇਆ ਹਾਂ--

**(ੳ)** ਪੰਥ ਵਲੋਂ ਤਿਆਰ ਕੀਤੀ ' ਸਿੱਖ ਰਹਿਤ ਮਰਯਾਦਾ ਦੇ ੧੨ ਸਫ਼ੇ ਤੇ ਲਿਖੀ " ਗੁਰਮਤਿ ਰਹਿਣੀ " ਦੇ **(ੳ)** ਭਾਗ ਵਿਚ **" ਇੱਕ ਅਕਾਲ ਤੋਂ ਛੁੱਟ ਕਿਸੇ ਹੋਰ ਦੇਵੀ ਦੇਵਤੇ ਦੀ ਉਪਾਸ਼ਨਾ ਨਹੀ ਕਰਨੀ ।"** ਪਰ ਰਹਿਤ ਮਰਯਾਦਾ ਦੇ ਖਰੜੇ ਦੇ ੯ ਸਫੇ ਤੇ ਹੀ ਇਨ੍ਹਾਂ ਬਚਨਾ ਦੀ ਖੰਡਨਾ ਕੀਤੀ ਗਈ ਦਾ ਗੰਭੀਰ ਸ਼ੰਕੇ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਪੱਸ਼ਟ ਫ਼ੁਰਮਾਨਾ ਦੀ ਵੀ ਖੰਡਨਾ ਕੀਤੀ ਗਈ ਦਾ ਡਰ ਦਾਸ ਦੇ ਹਿਰਦੇ ਨੇ ਕਬੂਲਿਆ ਹੋਇਆ ਹੈ। ਵੇਰਵਾ ਇਸ ਪ੍ਰਕਾਰ ਹੈ।

**(੧)** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁਚੀ ਬਾਣੀ ਵਿਚ--ਅਰੰਭਕ ਮਹਾਨ ਬਾਣੀ ਜਿਸ ਨੂੰ ਵਿਦਵਾਨਾ ਨੇ ਸਿੱਖੀ ਸਿਧਾਂਤ ਦਾ ਅਥਵਾ ਗੁਰਮਤਿ ਦਾ ਮੂਲ ਵੀ ਲਿਖਿਆ ਹੈ ੧ ਤੋਂ ਅਰੰਭ ਹੋ ਕੇ ਪ੍ਰਸਾਦਿ ਤੱਕ ਉਸ ਮੂਲ ਉਪਦੇਸ਼ ਦਾ ਛੋਟਾ ਰੂਪ---**੧ਓ ਸਤਿਗੁਰ ਪ੍ਰਸਾਦਿ**--ਇੱਕ ਦੋ ਵਾਰੀ ਨਹੀਂ ਸਗੋਂ **੫੨੩ ਵਾਰੀ ਆਇਆ ਹੈ**--ਪਰ **੧ਓ ਵਹਿਗੁਰੂ ਜੀ ਕੀ ਫਤਹ**-- ਗੁਰੂ ਬਾਣੀ ਵਿਚ ਇੱਕ ਵਾਰ ਵੀ ਲਿਖਿਆ ਕਿਤੇ ਨਹੀਂ ਮਿਲਦਾ । ਗੁਰੂ ਬਾਣੀ ਵਿਚ ਏਡੀ ਗੰਭੀਰ ਤਬਦੀਲੀ ਕਿਸ ਨੇ ਕਿਸ ਅਧਿਕਾਰ ਨਾਲ ਕੀਤੀ। ਰਹਿਤ ਮਰਯਾਦਾ ਦਾ ਖਰੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਰਬ ਸ੍ਰੈਸ਼ਟ ਵੀ ਮੰਨਦਾ ਹੈ ਅਤੇ ਇਸ ਪ੍ਰਤੀ ਵੀ ਕੋਈ ਕਿੰਤੂ ਨਹੀਂ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤ-ਜੁਗਤ ਦੇ ਦਸਵੇਂ ਪ੍ਰਕਾਸ਼ ਦਸ਼ਮੇਸ਼ ਜੀ ਨੇ ਦਮਦਮਾ ਸਾਹਿਬ ਵਿਖੇ ਤਿਆਰ ਕਰਵਾਈ ਬੀੜ ਨੂੰ ਆਪ ਉਵੇਂ ਹੀ ਗੁਰਿਆਈ ਸੌਂਪੀ ਸੀ ਜਿਵੇਂ ਸ੍ਰੀ ਗੁਰੂ ਨਾਨਕ ਸਾਹਿ ਜੀ ਨੇ ਬਾਬਾ ਲਹਿਣਾ ਜੀ ਨੂੰ ਸੌਂਪ ਕੇ ਗੁਰਆਈ ਸੌਂਪਣ ਦੀ ਮਰਯਾਦਾ ਬਣਾਈ ਸੀ। ਉਸ ਮਰਯਾਦਾ ਤੋਂ ਬਿਨਾ ਗੁਰੂ ਬਣ ਬੈਠੇ ਧੀਰ ਮੱਲੀਏ ਜੇ ਸਾਡੇ ਗੁਰੂ ਨਹੀਂ ਸਨ ਬਣ ਬੈਠੇ, ਤਾਂ ਬਿਨਾ ਬਾਕਾਇਦਾ ਗੁਰਿਆਈ ਮਿਲਿਆਂ ਕੋਈ ਬਾਣੀ ਸਾਡੀ ਕੀਹ ਲੱਗਦੀ ਹੈ? ਅਤੇ ਫਿਰ ਜੇ ਬਾਕਾਇਦਾ ਗੁਰਿਆਈ ਮਿਲਣ ਤੋਂ ਬਿਨਾ ਕੋਈ

ਬਾਣੀ ਸਾਡੀ ਗੁਰੂ ਬਣ ਸਕਦੀ ਹੈ ਤਾਂ ਜੇ ਏਸੇ ਖੰਡਿਤ ਨਿਯਮ ਅਨੁਸਾਰ ਨਿਰੰਕਾਰੀ--ਨਾਨਕ ਸਰੀਏ-- ਨਾਮਧਾਰੀਏ--ਰਾਧਾ ਸਵਾਮੀ--ਗੁਰੂ ਨਾਨਕ ਬਣ ਬੈਠਣ ਤਾਂ ਅਸੀਂ ਕਿਸ ਦਲੀਲ ਨਾਲ ਉਨ੍ਹਾਂ ਦੀ ਗੁਰਿਆਈ ਦੇ ਵਿਰੁੱਧ ਰੌਲਾ ਪਾ ਰਹੇ ਹੁੰਦੇ ਹਾਂ ?

**(੨)** ਗੁਰਬਾਣੀ ਵਿਚੋਂ ਕੇਵਲ " **ਮੁਸਲਮਾਨ** " ਦੇ ਥਾਂ " **ਬੇਈਮਾਨ** " ਕਹਿ ਬੈਠਣ ਵਾਲੇ ਰਾਮਰਾਏ ਜੀ ਵਾਂਗ ਪਾਵਨ ਪਵਿਤੱਰ ਮੂਲ ਬਾਣੀ ਦੀ ਖੰਡਨਾ ਕਰਨ ਵਾਲੇ ਨੂੰ ਪੰਥ ਵਿਚੋਂ ਕਿਸ ਦਲੀਲ ਨਾ ਖ਼ਾਰਜ ਕੀਤੀ ਜਾ ਸਕਦਾ ?

**ਅ)** ਪੰਡਿਤ ਨਰੈਣ ਸਿੰਘ ਗਿਆਨੀ ਵਿਦਿਆ ਮਾਰਤੰਡ ਟੀਕਾਕਾਰ-ਦਸਮ ਗੁਰੂ ਗ੍ਰੰਥ ਸਾਹਿਬ " ਨੇ ਇਸ ਵਾਰ ਵਿਚਲੇ ਭਗੌਤੀ ਪਦ ਦੇ ਅਰਥ ਅਤੇ ਫਿਰ ਵਾਰ ਦੇ ਕਰਮ-ਵਾਰ ਅਰਥ ਇਸ ਪ੍ਰਕਾਰ ਲਿਖੇ ਹਨ :--

**੧ਓ ਵਾਹਿਗੁਰੂ ਜੀ ਕੀ ਫਤਹ ॥** **[ਗੁਰੂ ਗ੍ਰੰਥ ਸਾਹਿਬ ਵਿਚਲਾ ਮੂਲ ਮੰਤ੍ਰ ਲਿਖਾਰੀ ਨੂੰ ਨਹੀਂ ਭਾਇਆ ?)**

**ਸ੍ਰੀ ਭਗਉਤੀ ਜੀ ਸਹਾਇ ॥**

**ਪਦ ਅਰਥ:-ਭਗੌਤੀ= (੧) ਮਹਾਂ ਕਾਲ, ਪਾਰ ਬ੍ਰਹਮ ਦਾ ਸਰਬ ਨਾਸ ਰੂਪ ॥** (੨) ਤਲਵਾਰ। ਯਥਾ--" ਨਾਉ ਭਗੌਤੀ ਲੋ ਘੜਿਆ ॥ [ਭਾ: ਗੁਰਦਾਸ] (੩) ਭਗਵਤੀ ਦੁਰਗਾ ਦੇਵੀ। (੪) ਭਗਤ। ' ਭਗਉਤੀ ਭਗਵੰਤ ਭਗਤਿ ਕਾ ਰੰਗ॥ (ਸੁਖਮਨੀ)। **ਸ੍ਰੀ ਭਗਉਤੀ ਜੀ ਸਹਾਇ=ਸ੍ਰੀ ਤਲਵਾਰ ਜੀ ਦੀ ਸਹਾਇਤਾ ਹੋਵੇ।**

**ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦ ।**

**ਵਾਰ=ਜੰਗ, ਯੁੱਧ ਸੰਬੰਧੀ ਕਾਵਯ, ਉਹ ਰਚਨਾ ਜਿਸ ਵਿਚ ਸੂਰਬੀਰਤਾ ਦਾ ਵਰਨਣ ਹੋਵੇ ।** ਪਾਤਸ਼ਾਹੀ ੧੦=ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਦਸਵੇਂ ਸਤਿਗੁਰੂ ਜੀ ਦੁਰਗਾ ਦੇ ਜੁਧ ਸਬੰਧੀ ਕਾਵਯ ਦੀ ਰਚਨਾ ਕਰਦੇ ਹਨ, ਜੋ ਪੌੜੀ ਛੰਦਾਂ ਵਿਚ ਵਰਣਨ ਹੈ, ਇਹ ਰਚਨਾ " **ਦੁਰਗਾ ਪਾਠ " ਦਾ ਸੁਤੰਤਰ ਅਨੁਵਾਦ ਹੈ,** ਪਹਿਲੇ ਮੰਗਲਾ ਚਰਨ ਕਰਦੇ ਹਨ:--

**(੧) ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਜੀ ਲਈ ਧਿਆਇ।**
**(੨) ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈ ਸਹਾਇ।**
**(੩) ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿ ਰਾਇ।**
**(੪) ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ।**
**(੫) ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ। ਸਭ ਥਾਈ ਹੋਇ ਸਹਾਇ।**

**ਕਰਮ ਵਾਰ ਅਰਥ:--**

(੧) (ਸਭ ਤੋਂ) ਪਹਿਲੇ **ਮਹਾਂਕਾਲ** ਨੂੰ ਸਿਮਰਦਾ ਹਾਂ ਅਤੇ ਗੁਰੂ ਨਾਨਕ ਜੀ ਨੂੰ ਸਿਮਰ ਲੈਂਦਾ ਹਾਂ।

(੨) ਫਿਰ ਗੁਰੂ ਅੰਗਦ (ਗੁਰੂ) ਅਮਰਦਾਸ ਜੀ ਤੇ (ਗੁਰੂ) ਰਾਮਦਾਸ (ਜੀ ਨੂੰ ਅਰਾਧਦਾ ਹਾਂ, ਇਹ ਮੇਰੇ ਸਹਾਈ ਹੋਵਨ।

(੩) (ਗੁਰੂ) ਅਰਜਨ, (ਜੀ ਗੁਰੂ) ਹਰਿਗੋਬਿੰਦ (ਜੀ ਅਤੇ ਸ੍ਰੀ ਗੁਰੂ) ਹਰਿ ਰਾਇ (ਜੀ) ਨੂੰ ਸਿਮਰਦਾ ਹਾਂ।

(੪) ਸ੍ਰੀ (ਗੁਰੂ) ਹਰਿ ਕ੍ਰਿਸ਼ਨ (ਜੀ ਨੂੰ) ਧਿਆਉਂਦਾ ਹਾਂ, ਜਿਨ੍ਹਾਂ ਦੇ ਦਰਸ਼ਨ ਵੇਖਣ ਨਾਲ ਹੀ ਸਾਰੇ ਦੁਖ (ਮਿਟ) ਜਾਂਦੇ ਹਨ।

(੫) (ਸ੍ਰੀ ਗੁਰੂ) ਤੇਗ਼ ਬਹਾਦਰ (ਜੀ ਦਾ) ਸਿਮਰਨ ਕਰੀਏ, (ਤਾਂ) ਨੌ ਨਿਧਾਂ (ਘਰ ਵਿਚ) ਭੱਜ ਕੇ ਆ ਜਾਂਦੀਆਂ ਹਨ। (ਸਾਰੇ ਗੁਰੂ ਮੈਨੂੰ) ਸਭ ਜਗ੍ਹਾ (ਪੁਰ) ਸਹਾਈ ਹੋਵਨ।

ਇਨ੍ਹਾਂ ਉਪ੍ਰੋਕਤ ਅਰਥਾਂ ਪ੍ਰਤੀ ਗੁਰਮਤਿ ਵਿਚਾਰ ਦਾ ਕਰਮ ਵਾਰ ਵੇਰਵਾ ਇਸ ਪ੍ਰਕਾਰ ਹੈ:--

**(੧)** ਬਚਿੱਤ੍ਰ ਨਾਟਕ ਦੀ ਵਿਚਾਰ (ਜੋ ਵੀ ਆਪ ਜੀ ਦੇ ਦਰਬਾਰ ਵਿਚ ਪੁੱਜ ਚੁੱਕੀ ਹੈ ਉਸ) ਵਿਚ ਵਿਸਥਾਰ ਨਾਲ ਲਿਖਿਆ ਜਾ ਚੁਕਿਆ ਹੈ ਕਿ ਰੱਬ ਨੂੰ ਮਿਲੇ ਲਗ-ਪਗ ਸਾਰੇ ਇਸਲਾਮੀ ਨਾਮ-(ਮਉਲਾ, ਅਲਾਹੁ, ਪਰਵਰਦਗਾਰ, ,ਖ਼ੁਦਾ, ਖ਼ੁਦਾਇ, ਅਥਵਾ ਖ਼ੁਦਾਇਆ, ਖ਼ਾਲਕ, ਦਸਤਗੀਰ, ਕਰੀਮ, ਰਹੀਮ, ਵਡ-ਬੇਸ਼ੁਮਾਰ, ਪੈਕਾਂਬਰ, ਆਦਿ) ਗੁਰਬਾਣੀ ਵਿਚ ਲਿਖੇ ਮਿਲਦੇ ਹਨ। ਏਸੇ ਤਰ੍ਹਾਂ " ਹਿੰਦੂ ਧਰਮ ਦੇ ਗ੍ਰੰਥਾਂ ਵਿਚਲੇ (ਰਾਮ, ਕ੍ਰਿਸ਼ਨ, ਸਿਆਮ, ਮੁਰਾਰੀ, ਗਵਰਧਨ ਧਾਰੀ, ਲਖਮੀ ਬਰ, ਪੀਉ, ਭਗਵੰਤ, ਭਗਵਾਨ, ਜਗਜੀਵਨ, ਜਗਦੀਸ, ਪਾਰਬ੍ਰਹਮ, ਪ੍ਰਭੁ, ਗੋਵਿੰਦ, ਗੋਪਾਲ, ਸਾਰੰਗਪਾਣੀ, ਨਰਹਰ, ਨਿਹਕਾਮੁ, ਮੁਰਾਰਿ, ਨਰ ਨਾਰਾਇਣ, ਜਗੰਨਾਥ, ਪਾਰਬ੍ਰਹਮ, ਪਰਮੇਸ਼ਰ, ਗੁਸਾਈ, ਪ੍ਰਾਨਪਤਿ, ਦਮੋਦਰ, ਮਧਸੂਦਨ, ਦੀਨ-ਦਇਆਲ, ਅਬਿਨਾਸੀ, ਰਘੁਪਤਿ ਰਾਜਾ, ਮਾਧਵੈ, ਮੁਰਾਰ, ਨਰਹਰ, ਪੁਰਖੋਤਮ, ਦੁਖਭੰਜਨ, ਪੁਰਖ ਨਿਰੰਜਨ, ਕੇਸਵ, ਕੇਸੋ, ਕਲੇਸਨਾਥ, ਅਘਖੰਡਨ, ਜਗਦੀਸ, ਪਰਮਾਨੰਦੇ, ਭਗਤ-ਵਛਲ, ਵਾਸਦੇਵ, ਬੀਠਲ, ਠਰਣੀਧਰ, ਸਾਰੰਗਧਰ, ਸ੍ਰੀਧਰ, ਸ੍ਰੀਰੰਗੋ, ਆਦਿ) ਸਾਰੇ ਨਾਮ ਆਏ ਹਨ। ਅਤੇ **ਇਹ ਵੀ ਸੱਚ ਹੈ ਕਿ:--(ੳ)** ਗੁਰੂ ਨਾਨਕ ਪਾਤਸ਼ਾਹ ਜੀ ਪਰਮਾਤਮਾ ਦੇ ਸਾਰੇ ਨਾਵਾਂ ਤੋਂ ਬਲਿਹਾਰ ਜਾਂਦੇ ਵੀ ਦਿੱਸ ਆਉਂਦੇ ਹਨ--**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ ੪ ॥ (ਅ)** ਬ੍ਰਾਹਮਣਾ ਸਮੇਤ ਭਾਰਤ ਵਿਚ ਵੱਸਦੇ ਲਗ-ਪਗ ਸਾਰੇ ਵਰਗਾਂ ਦੇ ਮਹਾਂਪੁਰਖਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ-- ਫਿਰ ਵੀ ਇਹ ਕਿਡੀ ਵਚਿਤ੍ਰ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪਰਮਾਤਮਾ ਲਈ--**ਕਾਲ** ਜਾਂ **ਮਹਾਂ-ਕਾਲ** ਪਦ ਕਿਸੇ ਥਾਂ ਵਰਤਿਆ ਨਹੀਂ ਮਿਲਦਾ ਹੈ। ਸੋ ਸਪੱਸ਼ਟ ਹੈ ਕਿ ਪੰਡਿਤ ਨਰਾਇਣ ਸਿੰਘ ਜੀ ਵੱਲੋ ਕੀਤੇ " **ਭਗਉਤੀ** " ਦੇ ਉਪਰੋਕਤ **ਮਹਾਂ-ਕਾਲ** ਅਰਥ, ਜੁਗੋ ਜੁਗ ਅਟੱਲ ਗੁਰਿਆਈ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਰੱਦ ਕਰ ਦਿਤੇ ਹੋਏ ਹਨ।

ਉਪ੍ਰੋਕਤ ਦੂਜੀ ਅਤੇ ਤੀਜੀ ਸਤਰ ਵਿਚਲੇ ਅਰਥ ਗੁਰਮਤਿ ਦੇ ਉਲਟ ਨਹੀਂ ਹਨ ਪਰ **ਚੌਥੀ ਥਾਂ ਤੇ**--ਸ੍ਰੀ (ਗੁਰੂ) ਹਰਿ ਕ੍ਰਿਸ਼ਨ (ਜੀ ਨੂੰ) ਧਿਆਉਂਦਾ ਹਾਂ, ਜਿਨ੍ਹਾਂ ਦੇ ਦਰਸ਼ਨ ਵੇਖਣ ਨਾਲ ਹੀ ਸਾਰੇ ਦੁਖ (ਮਿਟ) ਜਾਂਦੇ ਹਨ। ਇਹ ਅਰਥ ਗੁਰਮਤਿ ਦੀ ਖੰਡਨਾ ਕਰ ਰਹੇ ਹਨ। ਕਿਉਂਕਿ **ਗੁਰਬਾਣੀ ਦਾ ਫ਼ਤਵਾ ਇਸ ਪ੍ਰਕਾਰ ਹੈ:--**

੧- **ਸਲੋਕ ਮ: ੩ ॥ ਸਤਿ ਗੁਰ ਨੋ ਸਭ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ**

**ਤਜਿ ਵਿਕਾਰ ॥ ਨਾਨਕ ਇਕਿ ਦਸਰਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥ ੧ ॥**[੫੯੪]-ਵਾਰ-੨੧

**ਅਰਥ**:--ਜਿਤਨਾ ਇਹ ਸਾਰਾ ਸੰਸਾਰ ਹੈ (ਇਸ ਵਿਚ) ਹਰੇਕ ਜੀਵ ਸਤਿਗੁਰੂ ਦੇ **ਦਰਸ਼ਨ ਕਰਦਾ** ਹੈ, (ਪਰ) ਨਿਰਾ ਦਰਸ਼ਨ ਕੀਤਿਆਂ ਮੁਕਤਿ ਨਹੀਂ ਮਿਲਦੀ, ਜਦ ਤਾਈ ਜੀਵ ਸਤਿਗੁਰੂ ਦੇ ਸ਼ਬਦ ਦੀ ਵਿਚਾਰ (ਕਰਕੇ ਉਸ ਅਨੁਸਾਰ ਆਪਣਾ ਜੀਵਨ ਨਹੀਂ ਢਾਲਦਾ, ਕਿਉਂਕਿ ਅਜੇਹਾ ਉੱਦਮ ਕੀਤੇ ਬਿਨਾ) ਅਹੰਕਾਰ (-ਰੂਪ ਮਨ ਦੀ) ਮੈਲ ਨਹੀਂ ਉਤਰਦੀ ਤੇ ਨਾਮ ਵਿਚ ਪਿਆਰ ਨਹੀਂ ਬਣਦਾ । ਕਈ ਮਨੁੱਖਾਂ ਨੂੰ ਪ੍ਰਭੂ ਨੇ ਆਪ ਹੀ ਮੇਹਰ ਕਰ ਕੇ ਮਿਲਾ ਲਿਆ ਹੈ ਜਿਨ੍ਹਾਂ ਨੇ ਮੇਰ-ਤੇਰ ਤੇ ਵਿਕਾਰ ਛੱਡੇ ਹਨ । ਹੇ ਨਾਨਕ ! ਕਈ ਮਨੁੱਖ (ਸਤਿਗੁਰਾਂ ਦਾ) ਦਰਸ਼ਨ ਕਰਕੇ ਸਤਿਗੁਰੂ ਦੇ ਪਿਆਰ ਪਿਚ ਬ੍ਰਿਤੀ ਜੋੜ ਕੇ ਮਰ ਕੇ (ਭਾਵ, ਆਪਾ ਭਾਵ ਗੁਆ ਕੇ) ਹਰੀ ਵਿਚ ਮਿਲ ਗਏ ਹਨ। ੧ । [ਪ੍ਰਿੰਸ: ਸਾਹਿਬ ਸਿੰਘ ਪੋਥੀ ੪ ਅੰਕ ੪੯੦]

ਅਸੀਂ ਉਸ ਪ੍ਰਸਿੱਧ ਸਾਖੀ ਨੂੰ ਅਖੋਂ ਉਹਲੇ ਨਹੀਂ ਕਰ ਸਕਦੇ-- ਕਿ, ਦਿੱਲੀ ਨੂੰ ਜਾਂਦਿਆ ਰਸਤੇ ਵਿਚ ਪੰਜੋਖਰਾ ਜ਼ਿਲਾ ਅੰਬਾਲਾ (ਹਰਿਆਣਾ) ਵਿਚ ਸਤਿਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੂੰ ਬ੍ਰਾਹਮਣਾ ਨੇ (ਕਥਿਤ ਤੌਰ ਤੇ) ਸ੍ਰੀ ਕ੍ਰਿਸ਼ਨ ਜੀ ਦੀ ਉਚਾਰਨ ਕੀਤੀ " **ਗੀਤਾ** " ਦੇ ਅਰਥ ਸੁਣਾਉਣ ਲਈ ਕਿਹਾ ਸੀ। ਸਤਿਗੁਰਾਂ ਨੇ ਫ਼ੁਰਮਾਇਆ ਕਿ ਗੁਰੂ ਨਾਨਕ ਜੀ ਦੀ ਮਿਹਰ ਹੋ ਜਾਵੇ ਤਾਂ ਗੀਤਾ ਦੇ ਅਰਥ ਕੋਈ ਵੀ ਸੁਣਾ ਸਕਦਾ ਹੈ। ਸਪੱਸ਼ਟ ਹੈ ਕਿ ਉਨ੍ਹਾਂ ਕੁਟਲ ਬ੍ਰਾਹਮਣਾਂ ਨੇ ਨਿਰੇ ਦਰਸ਼ਨ ਹੀ ਨਹੀਂ ਸਨ ਕੀਤੇ ਸਗੋਂ ਸਤਿਗੁਰਾਂ ਨਾਲ ਬਚਨ ਬਿਲਾਸ ਵੀ ਕੀਤੇ ਸਨ। ਪਰ ਮਾਨਸਕ ਕੁਟਲਤਾ-ਰੂਪੀ ਦੁਖ ਦੂਰ ਹੋਣ ਦੇ ਥਾਂ ਉਨ੍ਹਾਂ ਮਨਮੁਖਾਂ ਦੇ ਮਾਨਸਕ ਰੋਗ ਵਿਚ ਏਨਾਂ ਵਾਧਾ ਹੋਇਆ ਕਿ, ਸਤਿਗੁਰਾਂ ਦਾ ਮੌਜੂ ਉਡਾਉਣ ਦੀ ਨੀਯਤ ਨਾਲ ਉਹ ਇੱਕ ਗੁੰਗੇ ਅਤੇ ਬੋਲੇ ਛੱਜੂ ਨਾਮੀ ਝੀਵਰ ਨੂੰ ਬੜੇ ਵਿਦਵਾਨ ਦੇ ਵੇਸ ਵਿਚ, ਬੜਾ ਬਣਾ ਸੁਆਰ ਕੇ, ਗੀਤਾ ਦੇ ਅਰਥ ਕਰਵਾਉਣ ਲਈ ਸਤਿਗੁਰਾਂ ਦੀ ਹਜ਼ੂਰੀ ਵਿਚ ਲੈ ਆਏ ਸਨ। ਗੁਰੂ ਘਰ ਦੇ ਦੋਖੀ ਕਈ ਹੋਰਨਾਂ ਨੇ ਵੀ ਸਤਿਗੁਰਾਂ ਦੇ ਦਰਸ਼ਨ ਕੀਤੇ ਸਨ ਪਰ ਉਨ੍ਹਾਂ ਦੇ --**ਸਭ ਦੁਖ**--ਦੂਰ ਨਹੀਂ ਸਨ ਹੋਏ। ਗੁਰੂ ਹਰਿਕ੍ਰਿਸ਼ਨ ਜੀ ਨੂੰ ਕੇਵਲ ਵੇਖਣ ਨਾਲ ਹੀ ਦੁਖ ਦੂਰ ਹੋ ਜਾਣ ਦੀ ਗੱਲ ਨੂੰ ਗੁਰੂਬਾਣੀ ਨਹੀਂ ਮੰਨਦੀ। ਸੋ ਭਗੌਤੀ ਦੀ ਵਾਰ ਦੇ ਇਹ ਬਚਨ ਵੀ ਗੁਰਮਤਿ ਦੇ ਆਸ਼ੇ ਦੇ ਵਿਰੁੱਧ ਹਨ।

## ਦਰਸ਼ਨਾਂ ਦਾ ਇੱਕ ਇਹ ਪੱਖ--

ਉਪ੍ਰੋਕਤ ਵਿਚਾਰੇ ਪਾਵਨ ਸਲੋਕ ਦੀਆਂ (ਆਮ ਤੌਰ ਤੇ ਪੜ੍ਹ ਸੁਣਾਈਆਂ ਜਾਂਦੀਆਂ) ਕੇਵਲ ਪਹਿਲੀਆਂ ਦੋ ਤੁਕਾਂ ਹੀ ਪੜ੍ਹ ਕੇ ਸਾਡਾ ਧਿਆਨ ਝਟ ਪਟ ਗੁਰਬਾਣੀ ਦੀ ਇਹ ਪੰਗਤੀ ਵੱਲ ਚਲਾ ਜਾਵੇਗਾ ਜਿਹੜੀ ਕਿ, ਸਤਿਗੁਰਾਂ ਦਾ ਮੁੱਖਵਾਕ ਲੈਣ ਸਮੇ ਪੜ੍ਹਨੀ ਲਗ-ਪਗ ਗੁਰੂ-ਮਰਯਾਦਾ ਹੀ ਬਣ ਚੁੱਕੀ ਹੈ--" **ਹੋਵੈ ਸਿਫਤਿ ਖਸਮ ਦੀ, ਨੂਰ ਅਰਸਹੁ ਕੁਰਸਹੁ ਝਟੀਐ ॥ ਤੁਧੁ ਡਿਠੇ ਸਚੇ ਪਾਤਿਸ਼ਾਹ, ਮਲ ਜਨਮ ਜਨਮ ਦੀ ਕਟੀਐ ॥** "। ਜੇ ਅਰਦਾਸ ਵਿਚਲੇ " **ਡਿਠੇ** " ਅਤੇ ਉਪ੍ਰੋਕਤ ਸਲੋਕ ਵਿਚਲੋਂ ਵੇਖਦਾ " ਦੋਹਾਂ ਪਦਾਂ ਤੋਂ ਸਰੀਰਕ ਦਰਸ਼ਨ ਦੀਦਾਰੇ ਹੀ ਸਮਝ ਲਈਏ ਤਾਂ ਸਾਡੇ ਚੰਚਲ, ਮੋੜ ਅਤੇ ਮੂੜ੍ਹ ਮਨ ਨੂੰ ਇਹ ਦੁਬਿਧਾ ਨੱਪ ਖਲੋਵੇਗੀ--' ਕੀ ਜਾਗਤ ਜੋਤਿ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵਿਚਾਰਾਂ ਦਾ ਭੇੜ ਹੈ? ਕੀ, ਸਤਿਗੁਰਾਂ ਨੇ ਆਪਣੇ ਵਿਚਾਰ ਆਪ ਹੀ ਰੱਦ ਕਰ ਦਿੱਤੇ?

ਸਾਡੀ ਸਮੱਸਿਆ ਇਹ ਹੈ ਕਿ, ਅਸੀਂ ਪੂਰੇ ਗੁਰੂ ਫ਼ੁਰਮਾਨ ਦੀ ਸਮੁੱਚੀ ਵਿਚਾਰ ਦੁਆਰਾ ਗੁਰੂ ਫ਼ੁਰਮਾਨਾਂ ਦੇ ਸ਼ੁੱਧ ਅੰਤ੍ਰਵੀ ਭਾਵ ਨੂੰ ਸਮਝਣ ਦਾ ਯਤਨ, ਬੜਾ ਘੱਟ ਕਰਦੇ ਹਾਂ। ਉਪ੍ਰੋਕਤ ਪੰਗਤੀ ਰਾਮਕਲੀ ਕੀ ਵਾਰ-- '**ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ** ॥ ਦੀ ਦੂਜੀ ਪਉੜੀ ਵਿਚੋਂ ਹੈ। ਪੂਰੀ ਪਉੜੀ ਇਸ ਪ੍ਰਕਾਰ ਹੈ:--

੨- **ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥ ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥ ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥ ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥ ਹੋਵੈ ਸਿਫਤਿ ਖਸੰਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ ਡਿਠੇ ਸਚੇ ਪਾਤਿਸ਼ਾਹ, ਮਲੁ ਜਨਮ ਜਨਮ ਦੀ ਕਟੀਐ ॥ ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥ ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥ ੨ ॥ [੯੬੭]**

**ਅਰਥ**:- (ਬਾਬਾ ਲਹਿਣਾ ਜੀ ਦੇ ਸਿਰ ਉਤੇ) ਸੁੰਦਰ ਰੱਬੀ ਛਤਰ ਝੁੱਲ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਦੀ ਹੱਟੀ ਵਿਚ (ਬਾਬਾ ਲਹਣਾ) (ਗੁਰੂ ਨਾਨਕ ਸਾਹਿਬ ਜੀ ਪਾਸੋਂ ' ਨਾਮ ' ਪਦਾਰਥ ਲੈ ਕੇ ਵੰਡਣ ਲਈ) ਗੱਦੀ ਮੱਲ ਕੇ ਬੈਠਾ ਹੈ। (ਬਾਬਾ ਲਹਿਣਾ ਜੀ) ਗੁਰੂ ਨਾਨਕ ਸਾਹਿਬ ਜੀ ਦੇ ਫ਼ੁਰਮਾਏ ਹੋਏ ਹੁਕਮ ਨੂੰ ਪਾਲ ਰਹੇ ਹਨ--' ਹੁਕਮ ਪਾਲਣ "-ਰੂਪ ਜੋਗ ਦੀ ਕਮਾਈ ਅਲੂਣੀ ਸਿਲ ਚੱਟਣ (ਵਾਂਗ ਬੜੀ ਕਰੜੀ ਕਾਰ) ਹੈ। (ਬਾਬਾ ਲਹਿਣਾ ਜੀ) ਅਕਾਲਪੁਰਖ ਦੀ ਦਿੱਤੀ ਹੋਈ ਨਾਮ-ਦਾਤਿ ਵੰਡ ਰਹੇ ਹਨ, ਆਪ ਵੀ ਵਰਤਦੇ ਹਨ ਤੇ (ਹੋਰਨਾਂ ਨੂੰ ਵੀ) ਦਬਾ-ਦਬ ਦਾਨ ਕਰ ਰਹੇ ਹਨ, (ਗੁਰੂ ਨਾਨਕ ਜੀ ਦੀ ਹੱਟੀ ਵਿਚ) ਗੁਰੂ ਦੇ ਸ਼ਬਦ ਦੀ ਰਾਹੀਂ (ਨਾਮ ਦਾ) ਲੰਗਰ ਚੱਲ ਰਿਹਾ ਹੈ, (ਪਰ ਬਾਬਾ ਲਹਿਣਾ ਜੀ ਦੀ) ਨਾਮ-ਕਮਾਈ ਵਿਚ ਕੋਈ ਘਾਟਾ ਨਹੀਂ ਪੈਂਦਾ।

(ਗੁਰੂ ਅੰਗਦ ਸਾਹਿਬ ਜੀ ਦੇ ਦਰਬਾਰ ਵਿਚ) ਮਾਲਕ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਹੋ ਰਹੀ ਹੈ, ਰੂਹਾਨੀ ਦੇਸਾਂ ਤੋਂ ( ਉਸ ਦਰ ਤੇ) ਨੂਰ ਝੜ ਰਿਹਾ ਹੈ। ਹੇ ਸੱਚੇ ਸਤਿਗੁਰੂ (ਅੰਗਦ ਦੇਵ ਜੀ !) ਤੇਰਾ ਦੀਦਾਰ ਕੀਤਿਆਂ ਕਈ ਜਨਮਾਂ ਦੀ (ਵਿਕਾਰਾਂ ਦੀ) ਮੈਲ ਕੱਟੀ ਜਾਂਦੀ ਹੈ। (ਕਿਉਂਕਿ) (ਹੇ ਗੁਰੂ ਅੰਗਦ ਸਾਹਿਬ ਜੀ !) ਗੁਰੂ (ਨਾਨਕ ਸਾਹਿਬ ਜੀ) ਨੇ ਜੋ ਹੁਕਮ ਕੀਤਾ, ਆਪ ਨੇ ਸੱਚ (ਕਰਕੇ ਮੰਨਿਆ, ਅਤੇ ਆਪ ਨੇ) ਉਸ ਦੇ ਮੰਨਣ ਤੋਂ ਨਾਂਹ ਨਹੀਂ ਕੀਤੀ, (ਸਤਿਗੁਰੂ ਜੀ ਦੇ) ਪੁੱਤਰਾਂ ਬਚਨ ਨਾ ਮੰਨਿਆ, ਉਹ ਗੁਰੂ ਵਲ ਪਿੱਠ ਦੇ ਕੇ ਹੀ (ਹੁਕਮ) ਮੋੜਦੇ ਰਹੇ। ਜੋ ਲੋਕ ਖੋਟਾ ਦਿਲ ਹੋਣ ਦੇ ਕਾਰਨ (ਗੁਰੂ ਵਲੋਂ) ਆਕੀ ਹੋਏ ਫਿਰਦੇ ਹਨ, ਉਹ ਲੋਕ (ਦੁਨੀਆ ਦੇ ਧੰਧਿਆਂ ਦੀ) ਛੱਟ ਦਾ ਭਾਰ ਬੰਨ੍ਹ ਕੇ ਚੁੱਕੀ ਰੱਖਦੇ ਹਨ। (ਪਰ ਜੀਵਾਂ ਦੇ ਕੀਹ ਵੱਸ ਹੈ? ਆਪਣੀ ਸਮਰੱਥਾ ਦੇ ਆਸਰੇ, ਇਸ ਹੁਕਮ-ਖੇਡ ਵਿਚ) ਨ ਕੋਈ ਹਾਰਨ ਵਾਲਾ ਹੈ ਤੇ ਨ ਕੋਈ ਜਿੱਤਣ-ਜੋਗ ਹੈ। ਜਿਸ ਗੁਰੂ ਨਾਨਕ ਜੀ ਨੇ ਇਹ ਰਜ਼ਾ-ਮੰਨਣ ਦਾ ਹੁਕਮ ਫ਼ੁਰਮਾਇਆ, ਉਹ ਆਪ ਹੀ ਕਾਰ ਕਰਨ ਬਾਲਾ ਸੀ, ਜਿਸ ਨੇ ਇਹ (ਹੁਕਮ-ਖੇਡ) ਰਚੀ, ਉਸੇ ਨੇ ਆਪ ਹੀ ਬਾਬਾ ਲਹਿਣਾ ਜੀ ਨੂੰ ਹੁਕਮ ਮੰਨਣ ਦੇ) ਸਮਰੱਥ ਬਣਾਇਆ । ੨ ।

ਦੋਹੀਂ ਥਾਂਈ ਆਪਾ ਭਾਵ ਗੁਆ ਕੇ ਹੁਕਮ ਮੰਨਣ ਦੀ ਸਿਖਿਆ ਹੈ। ਕੇਵਲ ਬਾਹਰੀ ਦਰਸ਼ਨਾ ਦੀ ਗੱਲ ਨਹੀਂ ਹੈ। ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਾਉਂਦਿਆਂ ਉਨ੍ਹਾਂ ਦੇ ਹੁਕਮ ਮੰਨਣ ਵਾਲੇ ਗੁਣਾਂ ਦਾ ਅਤੇ ਸਤਿਗੁਰਾਂ ਦੇ ਬੇਟਿਆਂ ਦੇ ਆਕੀ ਹੋਏ ਫਿਰਨ ਵਾਲੇ ਅਵਗੁਣ ਦਾ ਚੇਤਾ ਵੀ ਨਾਲ ਹੀ ਕਰਾਇਆ ਗਿਆ ਹੈ। ਅਸਲ ਸਿਖਿਆ ਹੁਕਮ ਅਨੁਸਾਰ ਜੀਵਨ-ਜੁਗਤ ਸੁਧਾਰ ਲੈਣ ਦੀ ਹੀ ਹੈ। ਜੇ ਕੇਵਲ ਬਾਹਰੀ ਨੇਤ੍ਰਾਂ ਨਾਲ ਦਰਸ਼ਨ

ਦੀਦਾਰਿਆਂ ਦੀ ਗੱਲ ਹੋਵੇ ਤਾਂ ਨੇਤ੍ਰਹੀਣ ਸ਼ਰਾਧਾਲੂਆਂ ਦਾ ਕੀ ਬਣੇ ? ਸੋ ਗੁਰੂ ਬਾਣੀ ਵਿਚ **ਦਰਸ਼ਨ** ਆਤਮਕ ਅੱਖਾਂ ਦੇ ਹਨ, ਹਿਰਦੇ ਵਿਚ ਪ੍ਰਗਟ ਹੋਣ ਵਾਲੇ ਅਨੰਦ ਮਈ ਦਰਸ਼ਨਾ ਦੀ ਗੱਲ ਹੈ। ਗੁਰਮਤਿ ਕੇਵਲ ਮਨ ਅਥਵਾ ਆਤਮਾ ਦੇ ਰੋਗਾਂ ਦਾ ਦਾਰੂ ਹੈ। ਸਰੀਰਕ ਜਨਮ ਮਰਨ, ਦੁਖ ਸੁਖ ਸਭ ਹੁਕਮ ਵਿਚ, **ਹਰਿ ਕਾ ਕੀਆ** ਹੈ। ਪਰ, ਸਤਿਗੁਰਾਂ ਦੇ ਹੁਕਮਾਂ ਤੇ ਚਲਦਿਆਂ, ਜੀਵਨ-ਜੁਗਤਿ ਸੁਧਾਰਣ ਦੀ ਘਲਣਾ, ਅਸਾਂ ਆਪ ਘਾਲਣੀ ਹੈ। ਇਸ ਗੁਰਮਤਿ ਸਿਧਾਂਤ ਨੂੰ ਪੁਸਤਕ ਦੇ ਨੌਵੇਂ ਭਾਗ ਦੇ " **ਦਰਸ਼ਨ ਦੀਦਾਰੇ** " ਲੇਖ ਵਿਚ ਕਈ ਗੁਰੂ ਫ਼ੁਰਮਾਨਾਂ ਦੇ ਪਰਮਾਣਾ ਦੁਆਰਾ, ਬੜਾ ਖੋਹਲ ਕੇ ਵਿਚਾਰਿਆ ਗਿਆ ਹੈ।

**(੫)** (ਸ੍ਰੀ ਗੁਰੂ) ਤੇਗ਼ ਬਹਾਦਰ (ਜੀ ਦਾ) ਸਿਮਰਨ ਕਰੀਏ, (ਤਾਂ) ਨੌ ਨਿਧਾਂ (ਘਰ ਵਿਚ) ਭੱਜ ਕੇ ਆ ਜਾਂਦੀਆਂ ਹਨ। (ਸਾਰੇ ਗੁਰੂ ਮੈਨੂੰ) ਸਭ ਜਗ੍ਹਾ (ਪੁਰ) ਸਹਾਈ ਹੋਵਨ।

**ਮਹਾਂਨ ਕੋਸ਼ ਅਨੁਸਾਰ** ਨਉ ਨਿਧਿ ਦੇ ਅਰਥ=ਨਵ ਨਿਧਿ, ਨੌ ਨਿਧੀਆਂ। ਨੌ ਖ਼ਜ਼ਾਨੇ.। ਸੰਸਿਕ੍ਰਿਤ ਗ੍ਰੰਥਾਂ ਵਿਚ ਖ਼ਾਸ ਗਿਣਤੀ ਦੀਆਂ ਇਹ ਨਿਧੀਆਂ ਹਨ--" ੧- ਪਦਮ, ੨- ਮਹਾਪਦਮ, ੩- ਸੰਖ, ੪- ਮਕਰ, ੫- ਕੱਛਪ, ੬- ਮੁਕੰਦ, ੭- ਕੰਦ, ੮- ਨੀਲ ਅਤੇ ੯- ਵਰ੍ਚ। ਨਉ ਨਿਧਿ ਤੋਂ ਭਾਵ ਸਭ ਧਨ ਸੰਪਦਾ "।

ਮਹਾਨ ਕੋਸ਼ ਤੋਂ ਸਪੱਸ਼ਟ ਹੋਇਆ ਹੈ ਕਿ ਬ੍ਰਾਹਮਣ ਨੇ ਬੜੇ ਵਿਸ਼ਾਲ ਮਾਇਆ-ਜਾਲ ਨੂੰ **ਨਉ ਨਿਧਿ** ਕਿਹਾ ਹੋਇਆ ਹੈ। ਅਤੇ ਜਿਸ ਨੌਵੇਂ ਪਾਤਸ਼ਾਹ ਜੀ ਦੇ ਪਾਵਨ ਨਾਮ ਨਾਲ ਬੜੇ ਵਡੇ ਧਨ ਦੌਲਤ ਦੀ ਬਖ਼ਸ਼ਸ਼ ਵਾਲੀ ਇਹ ਗੱਲ ਜੋੜੀ ਹੋਈ ਹੈ (ਮਾਇਆ ਬਿਖ, ਮਾਇਆ ਨਾਗਨੀ ਬਾਰੇ) ਉਨ੍ਹਾਂ ਦੇ ਆਪਣੇ ਫ਼ੁਰਮਾਨ ਇਉਂ ਹਨ:--

੩- **ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥**
**ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥ ੧ ॥**[ਦੇਵਗੰਧਾਰੀ ਮ: ੯ --]੫੩੬-੧

੪- **ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ ॥**
**ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੂ ਨ ਗਾਈ ॥ ੨ ॥**[ਮਾਰੂ ਮ:੯]-੧੦੦੮-੨

**ਸਲੋਕ ਮਹਲਾ ੯ ॥**--

੫/੧- **ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥**
**ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥ ੫ ॥** [੧੪੨੬]

੬/੨- **ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥ ੧੭ ॥** [੧੪੨੭]

[ਸਗਲੀ ਬਿਖਿਆ=ਸਾਰੀ ,ਮਾਇਆ । ਗੁਰਬਾਣੀ ਵਿਚ ਮਾਇਆ ਨੂੰ **ਨਾਗਨੀ**, ਭੁਅੰਗਮ ਭਾਵ ਸੱਪ, ਡਾਇਨ ਆਦਿ ਵੀ ਕਿਹਾ ਹੈ]

੭/੩- **ਜਿਹ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥**

**ਅਰਥ**:--ਜਿਸ ਮਨੁੱਖ ਨੇ ਮਾਇਆ ਦਾ ਮੋਹ ਛੱਡ ਦਿੱਤਾ, (ਜਿਹੜਾ ਮਨੁੱਖ ਮਾਇਆ ਦੀ ਉਪਜ) ਅਪਣੱਤ (=ਰੋਗ) ਵਲੋਂ ਉਪਰਾਮ ਹੋ ਗਿਆ ਉਸ ਦੇ ਹਿਰਦੇ ਵਿਚ (ਪਰਤੱਖ ਤੌਰ ਤੇ) ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ।੧੮। ਭਾਵ, ਮਾਇਆ-ਧਾਰੀ ਮਨੁੱਖ ਕਦੇ ਵੀ ਪ੍ਰਭੂ ਦਾ ਭਗਤ ਨਹੀਂ ਬਣ ਸਕਦਾ।

੮/੪- **ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥ ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥ ੨੨ ॥**

੯/੫- **ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥ ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥ ੨੪ ॥**

੧੦/੬- **ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥ ੨੬ ॥**

੧੧/੭- **ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ॥ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ॥੨੮॥**[੧੪੨੭]

੧੨/੮- **ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥ ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥ ੩੦ ॥** [੧੪੨੮]

੧੩/੯- **ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥ ੩੧ ॥**

੧੪/੧੦- **ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥**
**ਨਾਨਕ ਮੂਰਤਿ ਚਿਤ੍ਰ ਜਿਉ ਛਾਡਤਿ ਨਾਹਿਨ ਭੀਤਿ ॥ ੩੭ ॥** [੧੪੨੮]

ਉਂਜ ਤਾਂ ਨੌਵੇਂ ਪਾਤਸ਼ਾਹ ਜੀ ਦੀ ਸਾਰੀ ਬਾਣੀ ਹੀ ਮਾਇਆ ਦੇ ਮੋਹ ਵਿਚ ਫਸਣ ਤੋਂ, ਅਥਵਾ ਲੋਭੀ ਬਣਨ ਤੋਂ ਪੁਕਾਰ ਪੁਕਾਰ ਕੇ ਵਰਜ ਰਹੀ ਹੈ, ਪਰ ਗੁਰੂ ਗ੍ਰੰਥ ਸਾਹਿਬ ਦੇ ਭੋਗ ਸਮੇਂ ਪੜ੍ਹੇ ਜਾਣ ਵਾਲੇ ਸਤਿਗੁਰਾਂ ਦੇ ਸਲੋਕਾਂ ਵਿਚ ਮਾਇਆ ਦੇ ਮੋਹ ਦਾ ਤਿਆਗ ਕਰਨ ਲਈ ਤਾਂ ਇਉ ਲੱਗਦਾ ਹੈ ਜਿਵੇ ਸਤਿਗੁਰੂ ਜੀ ਆਪਣੇ ਚੌਥੇ ਸਰੂਪ ਵਿਚ ਉਚਾਰੇ ਮਹਾਂਵਾਕ ਨੂੰ ਹੀ ਮੁੜ ਮੁੜ ਦੋਹਰ (**Repeat** ਕਰ) ਰਹੇ ਹੋਣ--**ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰ ਕਾਢੀ ਬਾਹ ਕੁਕੀਜੈ ॥ ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥ ੫ ॥[੧੩੧੯**] ਹੇ ਮੇਰੇ ਪਿਆਰੇ ਸੰਤ ਜਨੋ, ਤੁਹਾਡਾ ਗੁਰੂ ਕਾਢੀ ਬਾਹ (=ਬਾਹਾਂ ਖੜੀਆਂ ਕਰ ਕੇ) ਕੂਕ ਪੁਕਾਰ ਕਰ ਰਿਹਾ ਹੈ ਉਸਦੀ ਗੱਲ ਤਾਂ ਸੁਣ ਲਉ, ਹੇ ਮੇਰੇ ਭਾਈਓ ! ਮੇਰੀ ਗਲ ਸੁਣੋ, ਜੇ ਸਾਰੇ ਦਾ ਸਾਰਾ ਆਤਮਕ ਸੁਖ ਚਾਹੁੰਦੇ ਹੋ ਤਾਂ ਆਪਣੇ ਸਤਿਗੁਰੂ ਦੇ ਕਹੇ ਅਨੁਸਾਰ ਜੀਵਨ ਬਣਾ ਲਉ । ਸਾਰੇ ਵਿਕਾਰਾਂ ਦੀ ਜੜ੍ਹ ਇਸ ਮਾਇਆ ਨਾਗਨੀ ਦੇ ਮੋਹ ਵਿਚ ਫਸ ਕੇ ਆਪਣਾ ਹੀਰਾ ਜਨਮ ਬਰਬਾਦ ਨਾ ਕਰੋ। ਪਰ ਅਸੀ ਪ੍ਰੋਹਿਤ-ਮੰਗਤੇ ਦੇ ਚੇਲੇ ਬਣੇ ਉਸੇ ਮਹਾਂਨ ਤਿਆਗੀ ਸੱਜਣ ਸੂਰੇ ਸਤਿਗੁਰੂ ਜੀ ਤੋਂ **ਨਉ ਨਿਧਾਂ** (=ਵਡੇ ਤਕੜੇ ਮਾਇਆ ਅਸਰਾਲ) ਦੀ ਝਾਕ ਆਪਣੀ ਅਰਦਾਸ ਵਿਚ ਲਾਈ ਬੈਠੇ ਆਪਣਾ ਪੰਥਕ ਆਚਰਨ ਨਸ਼ਟ ਕਰ ਰਹੇ ਹੁੰਦੇ ਹਾਂ।

**ਸਤਿਕਾਰ ਜੋਗ ਟੌਹੜਾ ਸਾਹਿਬ ਜੀਓ !** ਨੌਵੇਂ ਮਹਲੇ ਦੇ ਸਲੋਕ ਬੜੀਆਂ ਨਿਆਰੀਆਂ ਸੁਰਾਂ ਵਿਚ ਪੜ੍ਹ ਕੇ, ਅਖੰਡ ਪਾਠ ਸਾਹਿਬ ਦੇ, ਅਥਵਾ ਕਈ ਤਰ੍ਹਾਂ ਦੀਆਂ ਵਿਧੀਆਂ ਵਾਲੇ ਦੂਜੇ ਗੁਰੂ-ਬਾਣੀ ਪਾਠਾਂ ਦੀ ਨਿਰਵਿਘਨ ਸਮਾਪਤੀ ਦੀ ਅਰਦਾਸ ਕਰਦੇ ਸਮੇਂ, ਕੀ ਅਸੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਸੰਬੋਧਨ ਕਰਕੇ ਇਹ ਕਹਿ ਰਹੇ ਹੁੰਦੇ ਹਾਂ ਜੀ?---" ਹੇ ਨੌਵੇ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀਓ ! ਮਾਇਆ-ਮੋਹ ਦੇ ਵਿਰੁੱਧ ਰੌਲਾ ਪਾ ਪਾ ਕੇ ਕਿਉਂ ਐਵੇਂ ਸਾਨੂੰ ਮਾਇਆ ਤੋਂ ਉਪਰਾਮਤਾ ਦਾ ਉਪਦੇਸ਼ ਕਰ ਰਹੇ ਹੋ। ਤੁਹਾਡੇ ਆਪਣੇ ਕੋਲ ਤਾਂ ਪਤਾ ਨਹੀਂ ਮਾਇਆ ਦੇ ਕਿੰਨੇ ਅਤੇ ਕਿਡੇ ਵੱਢੇ ਢੇਰ ਹਨ। ਤੁਹਾਡਾ ਤਾਂ ਨਾਮ ਲੈਣ ਦੀ ਢਿੱਲ ਹੈ ਕਿ ਨਉ ਨਿਧੀਆਂ ਸਾਡੇ ਘਰਾਂ ਵੱਲ ਨੂੰ ਦੌੜੀਆਂ ਆਉਣ ਲੱਗ ਪੈਂਦੀਆਂ ਹਨ। ਹੇ ਸੱਚੇ ਪਾਤਸ਼ਾਹ ਜੀਉ ਕੀ ਤੁਹਾਡਾ ਇਹ ਫ਼ੁਰਮਾਨ ਤੁਹਾਡੇ ਤੇ ਲਾਗੂ ਨਹੀਂ ਹੁੰਦਾ ਜੀ--ਅਵਰੁ ਉਪਦੇਸੈ ਆਪਿ ਨ ਕਰੈ......... ਧਨ ਸਿੱਖੀ। ਹੇ ਸਤਿਗੁਰੂ ਤੇਗ਼ ਬਹਾਦਰ ਜੀਓ ! ਆਪ ਜੀ ਦਾ ਇਹ ਬਚਨ ਵੀ ਸਾਡੇ ਲਈ ਵਿਅਰਥ ਬਣ ਚੁੱਕਾ ਹੈ:--

**ਮਾਈ ਮੈ ਮਨ ਕੋ ਮਾਨੁ ਨ ਤਿਆਗਿਓ ॥**

**ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹੀ ਲਾਗਿਓ ॥੧॥ ਰਹਾਉ ॥**[੧੦੦੮]

ਆਪਣੇ ਸਤਿਗੁਰਾਂ ਦੀ ਕਰੜੀ ਘਾਲਣਾ ਭਰੀਆਂ ਕੁਰਬਾਨੀਆਂ ਨੂੰ, ਅਤੇ ਸਦੀਵੀ ਸੱਚ ਨਾਲ ਜੋੜਨ ਵਾਲੇ ਉਨ੍ਹਾਂ ਦੇ ਵਡਮੁੱਲੇ ਉਪਦੇਸ਼ ਨੂੰ, ਭੁਲਾ ਕੇ ਉਨ੍ਹਾਂ ਦੇ ਉਪਦੇਸ਼ ਦੀ ਸਾਰੀ ਭਾਵਣਾ ਦਾ ਖੰਡਨ ਕਰਨ ਵਾਲੀ ਅਰਦਾਸ ਅਪਣਾਉਣ ਵਾਲੇ ਸਾਡੇ ਜਿਹੇ ਅਕਿਰਤਘਣਾ ਮੂਰਖਾਂ ਨੂੰ ਸ਼ਰਮ ਨਾਲ ਡੁੱਬ ਮਰਨ ਲਈ ਚੱਪਣੀ ਦਾ ਪਾਣੀ ਵੀ ਨਹੀਂ ਮਿਲ ਰਿਹਾ ਜੀ। ਨੌ ਨਿਧਾਂ ਦਾ ਧਾ ਕੇ ਆ ਜਾਣ ਦਾ ਭਰੋਸਾ, ਕੀ ਮਨ ਵਿਚ ਮਾਇਆ ਦੀ ਪ੍ਰਾਪਤੀ ਲਈ **ਲਿਉਂ ਲਿਉਂ ਦੀ ਰੁਚੀ** ਪੈਦਾ ਨਹੀਂ ਕਰ ਰਿਹਾ ਹੁੰਦਾ ਜੀ? ਅਤੇ ਫਿਰ--**ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ ॥ ਤਾ ਕਾਰਣਿ ਬਿਆਪੈ ਬਹੁ ਸੋਗੁ ॥**[੩੪੨] ਵਾਲਾ ਭਾਣਾ ਵੀ ਜ਼ਰੂਰ ਵਰਤਣਾ ਹੀ ਸੀ। ਐਵੇਂ ਤਾਂ ਨਹੀਂ ਪੰਥ ਨਿਰੰਤਰ ਨਿਘਰਦਾ ਹੀ ਤੁਰਿਆ ਜਾ ਰਿਹਾ। ਕੌਣ ਕਰੇ ਅੱਜ ਪੰਥ ਦੀ ਅਗਵਾਈ ? ਕਿਹੜਾ ਹੈ ਜੋ ਪੰਥਕ ਮਰਯਾਦਾ ਨੂੰ ਮੁੜ ਨਿਆਰੀ ਬਣਾ ਲੈਣ ਲਈ ਸਿਰ ਤਲੀ ਤੇ ਲੈ ਕੇ ਮੈਦਾਨ ਵਿਚ ਨਿੱਤਰੇ ?

## ਦੂਜਾ ਪੱਖ--

**ਸੰਤ ਸਿਪਾਹੀ ਰਸਾਲੇ ਦੇ ਅਪ੍ਰੈਲ ੧੯੯੮ ਦੇ ਅੰਕ ਵਿਚ ਭਾਈ ਅਮਰਜੀਤ ਸਿੰਘ ਖੋਸਾ ਦੇ ਲਿਕੇ ਲੇਖ ਵਿਚ ਪੰਡਿਤ ਨਰੈਣ ਸਿੰਘ ਜੀ ਦੇ ਕੀਤੇ ਉਪ੍ਰੋਕ ਅਰਥਾਂ ਦੇ ਉਲਟ ਅਰਥ ਕੀਤੇ ਹਨ। ਅਰਥ ਇਸ ਪ੍ਰਕਾਰ ਹਨ:---**

> ਇਸ ਵਿਚ ਗੁਰੂ ਜੀ ਕਹਿੰਦੇ ਹਨ ਮੈਂ ਪਹਿਲਾਂ ਉਸ ਸਰਬ ਸ਼ਕਤੀਮਾਨ ਜੋਤਿ ਪ੍ਰਭੂ ਨੂੰ ਯਾਦ ਕਰਕੇ (ਇਹ ਰਚਨਾ ਲਿਖਣੀ ਸ਼ੁਰੂ ਕਰਦਾ ਹਾਂ) ਜੋ ਗੁਰੂ ਨਾਨਕ ਜੀ ਨੇ ਵੀ ਧਿਆ ਲਈ ਸੀ, ਗੁਰੂ ਅੰਗਦ, ਅਮਰਦਾਸ ਅਤੇ ਰਾਮਦਾਸ ਜੀ ਨੂੰ ਸਹਾਈ ਹੋਈ ਸੀ, ਗੁਰੂ ਅਰਜਨ, ਹਰਿਗੋਬਿੰਦ ਤੇ ਸ੍ਰੀ ਹਰਿਰਾਇ ਜੀ ਨੇ ਭੀ ਇਸ ਨੂੰ ਸਿਮਰਿਆ ਸੀ। ਉਹ ਹੀ ਸ਼ਕਤੀ ਸ੍ਰੀ ਹਰਿ ਕ੍ਰਿਸ਼ਨ ਜੀ ਨੇ ਭੀ ਧਿਆਈ, ਜਿਸ ਸ਼ਕਤੀ ਦੀ ਇੱਕ ਮਿਹਰ ਭਰੀ ਤੱਕਣੀ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ, ਉਸੇ ਨੂੰ ਹੀ ਗੁਰੂ ਤੇਗ਼ ਬਹਾਦਰ ਨੇ ਸਿਮਰਿਆ ਹੈ, ਜਸ ਦੇ ਸਿਮਰਨ ਸਦਕਾ ਘਰ ਵਿਚ ਨਉ ਨਿਧਾਂ ਦਾ ਆਉਣਾ ਬਣਦਾ ਹੈ। ਉਹ ਆਦਿ ਸ਼ਕਤੀ (ਭਗੌਤੀ) ਜਿਸਨੇ ਵੀ, ਧਿਆਈ ਹੈ, ਸਿਮਰੀ, ਉਸ ਦਾ ਧਿਆਨ ਧਰਿਆ ਹੈ ਉਸ ਨੂੰ ਉਸੇ ਜਗ੍ਹਾ ਸਭ ਤਾਈ ਸਹਾਈ ਹੋਈ ਹੈ।

ਇਨ੍ਹਾਂ ਅਰਥਾਂ ਨੂੰ ਹੀ ਗੁਰਮਤਿ ਦੇ ਅਨਕੂਲ ਸਿੱਧ ਕਰਨ ਲਈ ਜੋ ਦਲੀਲਾਂ ਦਿੱਤੀਆਂ ਹਨ ਉਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਲਿਖਾਰੀ ਨੂੰ ਗੁਰੂ ਬਾਣੀ ਦਾ ਗਿਆਨ ਸੀਮਤ ਜਿਹਾ ਹੈ। ਅੱਗੇ ਚਲ ਕੇ ਅਸੀਂ ਵੇਖਾਂਗੇ ਕਿ ਗੁਰੂ ਬਾਣੀ ਵਿਚ ਵੀ ਭਗਉਤੀ ਸ਼ਬਦ ਆਇਆ ਹੈ। ਪਰ ਸਤਿਗੁਰਾਂ ਨੇ ਭਗਉਤੀ ਪਰਮਾਤਮਾ ਨੂੰ ਬਿਲਕੁਲ ਨਹੀਂ ਕਿਹਾ। ਹਿੰਦੂ ਗ੍ਰੰਥਾਂ ਵਾਲੇ ਰੱਬ ਦੇ ਹੋਰ ਕਈ ਨਾਮ ਹਨ ਪਰ ਸਤਿਗੁਰਾਂ ਦੇ ਪਰਮਾਤਮਾ ਲਈ ਭਗਉਤੀ ਪਦ ਵਰਤਣਾ ਪਸੰਦ ਨਹੀਂ ਕੀਤਾ। ਸੋ ਸਤਿਗੁਰੂ ਜੀ ਨੇ ਭਗੌਤੀ ਦੇਵੀ ਦਾ ਸਿਮਰਣ ਕਿਉਂ ਕਰਨਾ ਸੀ। ਦਾਸ ਦਾ ਵਿਸ਼ਾ ਅਜੇਹੇ ਲੇਖਾਂ ਦੀ ਵਿਚਾਰ ਦੇ ਝੰਜਟ ਵਿਚ ਫਸਣ ਦਾ ਨਹੀਂ ਹੈ। ਦੁਖ ਕੇਵਲ ਇਸ ਗੱਲ ਦਾ ਹੈ ਕਿ ਮਾਸਟਰ ਤਾਰਾ ਸਿੰਘ ਜੀ ਦੀ ਯਾਦਗਾਰ ਇਹ ਮਾਸਕ ਪੱਤਰ ਹੁਣ ਗੁਰਮਤਿ ਵਿਰੋਧੀ ਲੇਖ ਛਪਵਾ ਸਕਣ ਦਾ ਸਾਧਨ ਬਣ ਗਿਆ ਹੈ । ਸੰਤ ਸਿਪਾਹੀ ਮਾਸਕ ਪੱਤਰ ਦੇ ਮਾਲਕ ਕੈਪਟਨ ਕੰਵਲਜੀਤ ਸਿੰਘ ਨੇ ਆਪਣੇ ਵਲੋਂ ਕੁਝ ਨਾ ਲਿਖ ਕੇ ਪਾਠਕਾ ਨੂੰ ਸੁਨੇਹਾ ਘਲਿਆ ਹੈ ਕਿ ਉਹ ਵੀ ਲਿਖਾਰੀ ਵਲੋਂ ਕੀਤੇ ਇਨ੍ਹਾਂ ਅਰਥਾਂ ਨਾਲ ਸਮਿਤ ਹਨ।

## ਬਿਬੇਕ ਵਿਚਾਰ--

ਕੀ ਗੁਰਬਾਣੀ ਵਿਚ ਵੀ ਰੱਬ ਲਈ **ਭਗਉਤੀ** ਪਦ ਕਿਤੇ ਵਰਤਿਆ ਹੋਇਆ ਹੈ? ਇਸ ਪੱਖ ਤੇ ਖੋਜ ਕਰਨ ਨਾਲ ਜੋ ਪਤਾ ਲੱਗਾ ਹੈ ਉਸ ਤੋਂ ਹੋਰ ਵੀ ਵੱਧ ਪ੍ਰੇਸ਼ਾਨੀ ਹੋਈ ਹੈ। ਜੇ ਤਾਂ ਮਹਾਂ-ਕਾਲ ਵਾਂਗ ਹੀ " **ਭਗਉਤੀ** " ਪਦ ਵੀ ਗੁਰਬਾਣੀ ਵਿਚ ਨਾ ਆਇਆ ਹੁੰਦਾ ਤਾਂ ਉਸ ਪਦ ਦੀ ਵਰਤੋਂ ਮਰਜ਼ੀ ਅਨੁਸਾਰ ਕਰ ਲੈਣੀ ਗੁਰਬਾਣੀ ਦੀ ਸਿੱਧੀ ਵਿਰੋਧਤਾ ਕਰਨ ਦੇ ਦੋਸ਼ ਤੋਂ ਅਸੀਂ ਭਾਵੇਂ ਬਚ ਹੀ ਨਿਕਲਦੇ। ਪਰ ਗੁਰਬਾਣੀ ਵਿਚ ਭਗਉਤੀ ਪਦ ਜਿਨ੍ਹਾਂ ਅਰਥਾਂ ਵਿਚ ਆਇਆ ਹੈ ਉਨ੍ਹਾਂ ਅਰਥਾਂ ਨੂੰ ਪੰਥਕ ਅਰਦਾਸ ਵਿਚ ਬੇਲੋੜਾ ਸਮਝਿਆ ਜਾਣ ਦੇ ਕਾਰਨ ਸਾਡੇ ਤੇ ਸਤਿਗੁਰਾਂ ਤੋਂ ਬੇਮੁਖਤਾ ਦਾ ਗੰਭੀਰ ਦੋਸ਼ ਲੱਗ ਰਿਹਾ ਹੈ। ਇਸ ਦੁਖਾਂਤ ਦਾ ਵੇਰਵਾ ਸਪੱਸ਼ਟ ਕਰ ਰਹੇ ਗੁਰੂ-ਬਾਣੀ ਦੇ ਪਾਵਨ ਗੁਰੂ-ਸ਼ਬਦ ਇਸ ਪ੍ਰਕਾਰ ਹਨ:--

੧੫/੧- **ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥ ੧ ॥ ਰਹਾਉ ॥ ਧਿਆਨੀ**
**ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥ ੧ ॥**
**ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥ ੨ ॥**[੭੧ ]--੨-੨੭

੧੬/੨- **ਸੋ ਭਗਉਤੀ ਜੁ ਭਗਵੰਤੈ ਜਾਣੈ ॥ ਗੁਰ ਪਰਸਾਦੀ ਆਪੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥**
**ਜੀਵਤੁ ਮਰੈ ਹਰਿ ਨਾਮੁ ਵਖਾਣੈ ॥ ਐਸਾ ਭਗਉਤੀ ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥ ੨ ॥**[੮੮]-ਵਾਰ-੧੪

੧੭/੩- **ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥ ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥ ਸਤਸੰਗਤਿ ਸਿਉ ਬਾਦੁ ਰਚਾਏ ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥ ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ॥ ਪੂਰਬ ਲਿਖਿਆ ਸੁ ਮੇਟਣਾ ਨ ਜਾਏ ॥ ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ॥ ੩ ॥**[੮੮]-ਵਾ-੧੪

੧੮/੪- **ਭਗਉਤੀ** ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ ॥ ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ ਪੂਜੈ ਸਗਲ ਪਾਰਬ੍ਰਹਮੁ ॥ ਸਾਧਸੰਗਿ ਪਾਪਾ ਮਲੁ ਖੋਵੈ ॥ ਤਿਸੁ **ਭਗਉਤੀ** ਕੀ ਮਤਿ ਊਤਮ ਹੋਵੈ ॥ ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥ ਮਨੁ ਤਨੁ ਅਰਪੈ ਬਿਸਨ ਪਰੀਤਿ ॥ ਹਰਿ ਕੇ ਚਰਨ ਹਿਰਦੈ ਬਸਾਵੈ ॥ ਨਾਨਕ ਐਸਾ **ਭਗਉਤੀ ਭਗਵੰਤ** ਕਉ ਪਾਵੈ ॥ ੩ ॥[੨੭੪]-ਅਸਟ-੯

੧੯/੫- **ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ ਪੂਜਾ ਕਰਹਿ ਬਹੁਤੁ ਬਿਸਥਾਰਾ ॥ ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ ਅੰਤਰ ਕੀ ਮਲੁ ਕਬ ਹੀ ਨ ਜਾਏ ॥ ੧ ॥ ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥ ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥ ੧ ॥ ਰਹਾਉ ॥ ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥ ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰ ਬਾਂਧਿ ਖਰੇ ਕਾਲੰਕ ॥ ੨ ॥**[੧੩੪੮]-੧

ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ ਪੁਸਤਕ ਲਿਖਣੀ ਅਰੰਭ ਕਰਨ ਸਮੇਂ ਬੜੀ ਵਿਸਥਾਰ ਨਾਲ ਵਿਚਾਰ ਲਿਖੀ ਜਾ ਚੁੱਕੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਜੇ ਪੰਜ ਗੁਰੂ ਸ਼ਬਦਾਂ ਦੁਆਰਾ ਇੱਕ ਹੀ ਉਪਦੇਸ਼ ਨੂੰ ਦੁਹਰਾਇਆ (Repeat ਕੀਤਾ) ਗਿਆ ਹੋਵੇ ਤਾਂ ਉਸ ਉਪਦੇਸ਼ ਨੂੰ ਗੁਰਮਤਿ ਦਾ ਅਟੱਲ ਸਿਧਾਂਤ ਮੰਨਣਾ ਚਾਹੀਦਾ ਹੈ। ਉਸ ਦੀ ਖੰਡਨਾ ਕਰਨੀ ਗੁਰੂ ਗ੍ਰੰਥ ਸਾਹਿਬ ਜੀ ਦੀ ਖੰਡਨਾ ਹੈ। ਭਾਵ, ਪੰਜ ਗੁਰੂ ਫ਼ੁਰਮਾਨਾ ਦੇ ਫੈਸਲੇ ਤੋਂ ਸਿਰ ਫੇਰਨ ਵਾਲਾ ਮਨਮਤੀਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਨਹੀਂ ਮੰਨਿਆਂ ਜਾਣਾ ਚਾਹੀਦਾ। ਉਪ੍ਰੋਕਤ ਪੰਜ ਗੁਰੂ ਸ਼ਬਦਾਂ ਦੁਆਰਾ ਸਪੱਸ਼ਟ ਹੋ ਗਿਆ ਹੈ ਕਿ ਸਤਿਗੁਰਾਂ ਨੇ ਖ਼ਾਸ ਧਾਰਮਿਕ ਵੇਸ ਵਾਲੇ ਕਰਮਕਾਂਡੀ ਪਖੰਡੀ ਨੂੰ **ਭਗਉਤੀ** ਕਿਹਾ ਹੈ। ਅਜੇਹਾ ਭਗਉਤੀ ਭਗਤੀ ਦੇ ਪਰਦੇ ਪਿੱਛੇ ਪਾਪ ਕਮਾ ਰਿਹਾ ਹੁੰਦਾ ਹੈ। ਸਪੱਸ਼ਟ ਹੈ ਕਿ ਗੁਰਬਾਣੀ ਨੇ ਭਗਉਤੀ ਪਦ ਨੂੰ ਅਕਾਲਪੁਰਖ ਲਈ ਵਰਤਨ ਤੋਂ ਵਰਜਿਆ ਹੈ। ਦਾਸ ਦੀ ਤੁੱਛ ਬੁਧੀ ਅਨੁਸਾਰ--ਭਗਉਤੀ ਪਦ ਦੁਆਰਾ ਅਕਾਲਪੁਰਖ ਦੀ ਉਪਾਸ਼ਨਾ ਸਤਿਗੁਰਾਂ ਦੇ ਬਚਨਾਂ ਤੋਂ ਉਲਟ ਵਿਹਾਰ ਕਰਨ ਦਾ ਦੋਸ਼ ਹੈ। ਗੁਰਮਤਿ ਦੀ ਨਿਆਰੀ ਆਭਾ ਨੂੰ ਦੂਸ਼ਤ ਕਰਨ ਦਾ ਅਪਰਾਧ ਹੈ। ਅਤੇ ਇਸ ਗੁਰੂ ਫ਼ੁਰਮਾਨ ਬਾਰੇ ਪੰਥ ਦੇ ਸਰਬਰਾਹ ਦਾ ਵਿਚਾਰ ਕੀ ਹੈ? ਸਿਵ ਦੇ ਦੋ ਰੂਪਾਂ ਸਮੇਤ ਸਾਰੇ ਦੇਵੀ ਦੇਵਤੇ ਅਤੇ ਜਗਤ ਦਾ ਆਦਿ ਮੰਨੀ ਜਾ ਰਹੀ ਦੁਰਗਾ ਅਥਵਾ ਭਗਵਤੀ ਦੇ ਹੀ ਇਕ ਨਾਮ ਭਵਾਨੀ ਬਾਰੇ ਗੁਰਬਾਣੀ ਦਾ ਫ਼ਤਵਾ ਇਸ ਪ੍ਰਕਾਰ ਹੈ:----

੨੦- **ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥ ੧ ॥ ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥ ੧ ॥ ਰਹਾਉ ॥ ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥ ੨ ॥ ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥ ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥ ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥ ੫ ॥[੮੭੪]-੨-੬**

**ਅਰਥ:**--ਜੋ ਮਨੁੱਖ ਭੈਰਉ ਵੱਲ ਜਾਂਦਾ ਹੈ (ਭਾਵ, ਜੋ ਭੈਰਉ ਦੀ ਅਰਾਧਨਾ ਕਰਦਾ ਹੈ--ਜਿਵੇ ਹੁਣ ਸੰਤ ਸਿਪਾਹੀ ਅਦਾਰੇ ਨੂੰ ਸ਼ਸਤਰਾਂ ਦੀ ਅਤੇ ਭਗਉਤੀ ਆਦਿ ਰੂਪ ਰਬ ਦੀ ਪੂਜਾ ਦਾ ਚਾ ਨਜ਼ਰ ਆ ਰਿਹਾ ਹੈ?) ਉਹ (ਵਧ ਤੋਂ ਵਧ ਭੈਰੋਂ ਵਰਗਾ ਹੀ) ਭੁਤ ਬਣ ਜਾਂਦਾ ਹੈ। ਜੋ ਸੀਤਲਾ ਨੂੰ ਅਰਾਧਦਾ ਹੈ ਉਹ (ਸੀਤਲਾ ਵਾਂਗ) ਖੋਤੇ ਦੀ ਸਵਾਰੀ ਕਰਦਾ ਹੈ ਤੇ (ਖੋਤੇ ਵਾਂ ਫਿਰ) ਸੁਆਹ ਹੀ ਉਡਾਉਂਦਾ ਫਿਰਦਾ ਹੈ । ੧ । (ਹੇ ਬ੍ਰਾਹਮਣ ਜੀ !) ਮੈ ਤਾਂ ਇੱਕ ਸੋਹਣੇ (ਬੰਕੇ ਨੈਨ ਅਤੇ ਦੰਤ ਰਿਸਾਲੂ ਅਤੇ ਲੰਬੜੇ ਵਾਲਾਂ ਵਾਲੇ ਕਿਰਪਾਨ, ਖੜਗ, ਖੰਡੇ, ਬਰਛੀ, ਬਾਨ, ਅਸਿ ਮਹਾਂਕਾਲ ਆਦਿ=ਰੂਪ ਰੱਬ**?**) ਈਸ਼ਵਰ ਦਾ ਨਾਮ ਹੀ ਲਵਾਂਗਾ, (ਤੁਹਾਡੇ) ਹੋਰ ਸਾਰੇ ਦੇਵਤਿਆਂ ( ਸ਼ਸਤਰਾਂ ਬਾਰੇ ਕੀ ਖ਼ਿਆਲ ਹੈ?) ਨੂੰ ਉਸ ਨਾਮ ਦੇ ਵੱਟੇ ਵਿਚ ਦੇ ਦਿਆਂਗਾ, (ਭਾਵ, ਪ੍ਰਭੂ-ਨਾਮ ਦੇ ਟਾਕਰੇ ਤੇ ਮੈਨੂੰ ਤੁਹਾਡੇ ਕਿਸੇ ਦੇਵੀ ਦੇਵਤੇ ਦੀ ਲੋੜ ਨਹੀਂ ਹੈ) । ੧ । ਰਹਾਉ । ਜੋ ਮਨੁੱਖ ਸ਼ਿਵ ਦਾ (ਕਾਲ, ਮਹਾਂਕਾਲ ਆਦਿ) ਨਾਮ ਜਪਦਾ ਹੈ ਉਹ (ਵਧ ਤੋਂ ਵਧ ਜੋ ਕੁਝ ਹਾਸਲ ਕਰ ਸਕਦਾ ਹੈ ਇਹ ਹੈ ਕਿ ਸ਼ਿਵ ਦਾ ਰੂਪ ਲੈ ਕੇ ਸ਼ਿਵ ਦੀ ਸਵਾਰੀ) ਬਲਦ ਉੱਤੇ ਚੜ੍ਹਿਆ ਡੰਬਰੂ ਵਜਾਉਂਦਾ ਫਿਰਦਾ ਹੈ। ੨ । ਜੋ ਮਨੁੱਖ ਪਾਰਬਤੀ (ਭਗਉਤੀ, ਦੁਰਗਾ, ਕਾਲਕਾ ਆਦਿ) ਦੀ ਪੂਜਾ ਕਰਦਾ ਹੈ ਉਹ ਮਨੁੱਖ ਤੋਂ ਜ਼ਨਾਨੀ ਹੋ ਕੇ ਜਨਮ ਲੈਂਦਾ ਹੈ (ਕਿਉਂਕਿ ਪੂਜਾ ਕਰਨ ਵਾਲਾ ਆਪਣੇ ਪੂਜਯ ਦਾ ਰੂਪ ਬਣ ਸਕਦਾ ਹੈ) । ੩ । ਹੇ ਭਵਾਨੀ ! (ਹੇ , ਚੰਡੀ, ਚੰਡਕਾ, ਭਗਵਤੀ !) ਤੂੰ ਸਭ ਦਾ ਮੁੱਢ ਅਖਵਾਉਂਦੀ ਹੈਂ, ਪਰ (ਆਪਣੇ ਭਗਤਾਂ ਨੂੰ) ਮੁਕਤੀ ਦੇਣ ਵੇਲੇ ਤੂੰ ਭੀ, ਪਤਾ ਨਹੀਂ ਕਿਥੇ ਲੁਕ ਜਾਂਦੀ ਹੈਂ (ਭਾਵ, ਮੁਕਤੀ ਦੁਰਗਾ ਭਵਾਨੀ ਕੋਲ ਵੀ ਨਹੀਂ ਹੈ)। ੪ । ਸੋ, ਨਾਮਦੇਵ ਬੇਨਤੀ ਕਰਦਾ ਹੈ--ਹੇ ਮਿੱਤਰ ! ਸਤਿਗੁਰਾਂ ਦੀ ਸਿਖਿਆ ਲੈ ਕੇ ਪਰਮਾ ਤਮਾ ਦੇ ਨਾਮ ਦੀ ਓਟ ਲੈ, (ਤੁਹਾਡੀ ਧਰਮ ਪੁਸਤਕ) ਗੀਤਾ ਵੀ ਇਹੀ ਆਖਦੀ ਹੈ। ੫ ।

ਸੋ ਮੋਟੇ ਅਖਰਾਂ ਵਿਚ ਲਿਖੇ ਇਹ ਉਪ੍ਰੋਕਤ ਬਚਨ, ਗੁਰਮਤਿ ਦੇ--ਜੇਹਾ ਸਿਮਰੇ ਤੇਹਾ ਹੋਵੇ--ਵਾਲੇ ਸਿਧਾਂਤ ਦੀਆਂ ਧੱਜੀਆਂ ਉਡਾ ਰਹੇ ਹਨ ਜੀ। ਗੁਰੂ ਨਾਨਕ ਪਾਤਿਸ਼ਾਹ ਜੀ ਦੇ ਸਿੱਖ ਦੀ ਅਰਦਾਸ ਵਿਚ ਭਗਵਤੀ ਦਾ ਆ ਵਾੜਨਾ, ਨਿਰਸੰਦੇਹ ਸਿੱਖੀ ਸਿਧਾਂਤ ਦੀ ਨਿਆਰੀ ਆਭਾ ਨੂੰ ਦੂਸ਼ਤ ਕਰ ਰਹੇ ਕਿਸੇ ਕੱਟੜ ਵੈਰੀ ਦਾ ਕਾਰਾ ਅਥਵਾ ਉਦਾਸੀਆਂ ਨਿਰਮਲਿਆਂ ਦੀ ਕਿਰਪਾ ਹੈ।

**ਇੱਕ ਇਹ ਪੱਖ ?**----ਪ੍ਰੋਹਿਤਵਾਦ ਦੇ ਜਿਨ੍ਹਾਂ ਏਜੰਟਾਂ ਨੇ ਸਿੱਖ ਪੰਥ ਵਿਚ ਬਿੱਪ੍ਰਵਾਦ ਦੀ ਪ੍ਰਧਾਨਗੀ ਬਣਾਈ ਰੱਖਣ ਦੀ ਸੌਂਹ ਖਾਧੀ ਹੋਈ ਹੈ, ਉਨ੍ਹਾਂ ਨੇ ਨਿੰਮਨ ਲਿਖੇ ਗੁਰੂ ਸ਼ਬਦ ਵਿਚਲੇ **ਭਗਉਤ** ਸ਼ਬਦ ਤੋਂ ਭਗਉਤੀ ਬਣਾ ਕੇ ਇਹ ਕਹਿਣਾ ਹੈ ਕਿ ਜਦ ਗੁਰੂ ਗ੍ਰੰਥ ਸਾਹਿਬ ਜੀ ਨੇ ਆਪ ਹੀ ਆਪਣੇ ਸਿਧਾਂਤ ਨੂੰ ਤੋੜ ਦਿੱਤਾ ਹੈ ਤਾਂ ਪੰਥ ਭਗਉਤੀ ਨੂੰ ਰੱਬ ਕਿਵੇਂ ਨਾ ਮੰਨਦਾ? ਗੁਰੂ ਫ਼ੁਰਮਾਨ ਇਸ ਪ੍ਰਕਾਰ ਹੈ:--

੨੧/੬- **ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ, ਜੈਸੇ ਕਾਗਰਾ ਕਰਤ ਬੀਚਾਰੰ ॥**
**ਭਗਤਿ ਭਗਉਤੁ ਲਿਖੀਐ ਤਿਹ ਊਪਰੇ, ਪੂਜੀਐ ਕਰਿ ਨਮਸਕਾਰੰ ॥ ੨ ॥** [੧੨੯੩]

**ਅਰਥ:**--ਤਾੜੀ ਦੇ ਰੁੱਖ ਅਪਵਿਤ੍ਰ ਮੰਨੇ ਜਾਂਦੇ ਹਨ, ਉਸੇ ਤਰ੍ਹਾਂ ਹੀ ਉਨ੍ਹਾਂ ਰੁੱਖਾਂ ਤੋਂ ਬਣੇ ਹੋਏ ਕਾਗ਼ਜ਼ਾਂ ਬਾਰੇ ਲੋਕ ਵਿਚਾਰ ਕਰਦੇ ਹਨ (ਭਾਵ, ਉਨ੍ਹਾਂ ਦੇ ਕਾਗ਼ਜ਼ਾਂ ਨੂੰ ਭੀ ਅਪਵਿਤ੍ਰ ਸਮਝਦੇ ਹਨ), ਪਰ ਜਦੋਂ ਭਗਵਾਨ ਦੀ ਸਿਫ਼ਤਿ-ਸਾਲਾਹ ਉਨ੍ਹਾਂ ਉਤੇ ਲਿਖੀ ਜਾਂਦੀ ਹੈ ਤਾਂ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ।੨।

ਪ੍ਰਿੰ: ਸਾਹਿਬ ਸਿੰਘ ਜੀ ਨੇ ਭਗਉਤੁ ਦਾ ਅਰਥ ਭਗਵਾਨ ਲਿਖਿਆ ਹੈ। ਆਉ ਹੁਣ ਮਹਾਨ ਕੋਸ਼ ਵਿਚੋਂ **ਭਗਉਤ** ਅਤੇ **ਭਗਉਤੀ** ਦੇ ਅਰਥ ਵੇਖ ਲਈਏ:--

**ਮਹਾਨ ਕੋਸ਼ ਦੇ** ੯੦੧ ਸਫ਼ੇ ਤੇ **ਭਗਉਤ** ਦੇ ਅਰਥ ਇਸ ਪ੍ਰਕਾਰ ਹਨ--ਭਗਵਤ, ਵਿ-ਭਾਗ (ਐਸ਼੍ਵਰਯ) । **੨-** ਭਗਵਤ ਦੀ,-- " **ਭਗਉਤੀ ਮੁਦ੍ਰਾ, ਮਨ ਮੋਹਿਆ ਮਾਇਆ** " (ਪ੍ਰਭਾ: ਅ: ਮ: ੫) ਪਰਮੇਸ਼ਰ ਦੇ ਭੇਖ ਦੀ ਮੁਦ੍ਰਾ ਹੈ, ਪਰ ਮਨ ਮਾਇਆ ਮੋਹਿਆ ?। **੩-** ਭਗਵਤੀ, ਦੁਰਗਾ ਦੇਵੀ " ਵਾਰ ਸ੍ਰੀ ਭਗਉਤੀ ਜੀ ਕੀ " (ਚੰਡੀ ੩) । **੪-** ਖੜਗ, ਸ੍ਰੀ ਸਾਹਿਬ, ਤਲਵਾਰ-- " ਲਈ ਭਗਉਤੀ ਦੁਰਗਸਾਹ " (ਚੰਡੀ ੩) ' ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥ। " (ਸਨਾਮਾ) " ਨਾਉ ਭਗਉਤੀ ਲੋਹ ਘੜਾਇਆ " (ਭਾਗੁ) **੫-** ਮਹਾ ਕਾਲ। " ਪ੍ਰਿਥਮ ਭਗਉਤੀ ਸਿਮਰਕੈ " (ਚੰਡੀ ੩) **੬-** ਇੱਕ ਛੰਦ। ਕਈ ਥਾਈਂ " ਸ੍ਰੀ ਭਗਵਤੀ " ਭੀ ਇਸ ਛੰਦ ਦਾ ਨਾਮ ਹੈ। ਦਸਮਗ੍ਰੰਥ ਵਿਚ ਇਸ ਦੇ ਦੋ ਰੂਪ ਹਨ। ਇੱਕ ਸੋਮਰਾਜੀ ਅਥਵਾ ਸ਼ੰਖਨਾਰੀ ਦਾ ਹੈ।

ਮਹਾਨ ਕੋਸ਼ ਵਿਚ ਵੀ ਭਗਉਤੀ ਦਾ ਅਰਥ **ਅਕਾਲ ਪੁਰਖ** ਕਿਤੇ ਨਹੀਂ ਲਿਖਿਆ ਸਗੋਂ ੩ ਨੰਬਰ ਵਾਲੇ ਅਰਥਾਂ ਵਿਚ ਅਰਦਾਸ ਵਿਚਲੇ ਭਗਉਤੀ ਸ਼ਬਦ ਨੂੰ **ਦੁਰਗਾ ਦੇਵੀ** ਸਪੱਸ਼ਟ ਕਰਕੇ ਲਿਖਿਆ ਹੋਇਆ ਹੈ। ਏਵੇਂ ਹੀ ਗੁਰਬਾਣੀ ਵਿਚਾਰ ਤੋਂ ਸਪੱਸ਼ਟ ਹੋਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਭਗਉਤੀ ਲਫ਼ਜ਼ ਨੂੰ ਅਕਾਲਪੁਰਖ ਲਈ ਵਰਤਣਾ ਪਸੰਦ ਨਹੀਂ ਕੀਤਾ। ਸਗੋਂ ਇਸ ਦੇ ਉਪਾਸ਼ਕ ਨੂੰ ਨਰ ਤੋਂ ਨਾਰ ਬਣ ਕੇ ਜਨਮ ਲੈਣ ਦੇ ਬਚਨ ਕਹੇ ਹਨ।

## ਬਿਬੇਕ ਵਿਚਾਰ:--

ਜੇ ਅਸੀਂ ਇਹ ਕਹਿ ਸਕਦੇ ਹਾਂ ਕਿ **ਭਗਉਤੀ** ਸਾਡੇ ਲਈ ਰੱਬ ਦਾ ਨਾਮ ਹੈ, ਤਾਂ ਫਿਰ ਮੂਰਤੀ ਦੇ ਪੁਜਾਰੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਪੱਥਰਾਂ ਵਿਚ ਰੱਬ ਦੇ ਦਰਸ਼ਨ ਹੁੰਦੇ ਹਨ, ਉਨ੍ਹਾਂ ਨੂੰ ਪੱਥਰ ਪੂਜ ਕਹਿ ਕੇ ਨਿੰਦਿਆ ਨਹੀਂ ਜਾਣਾ ਚਾਹੀਦਾ। ਸਾਡੀ ਆਪਣੀ ਹੂੜ-ਮਤਿ ਦੇ ਕਾਰਨ--**ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥ ੧ ॥** [੧੧੬੦]--ਸਤਿਗੁਰੂ ਬਚਨ, ਆਪਣੇ ਆਪ ਵਿਅਰਥ ਬਣ ਕੇ ਰਹਿ ਜਾਣਗੇ। ਜਿਸ ਦਾ ਜੀਅ ਕਰਦਾ ਜਿਹੋ ਜਿਹਾ ਮਰਜ਼ੀ ਹੈ ਰੱਬ ਥਾਪ ਬੈਠੇ। ਨੇਕੀ ਬਦੀ, ਸ਼ੁੱਧ ਅਸ਼ੁੱਧ,, ਗੁਰਮਤਿ ਜਾਂ ਮਨਮਤ ਦਾ ਨਿਰਣਾ ਕਰ ਸਕਣ ਲਈ, ਗੁਰਸਿੱਖ ਕੋਲ **ਕੇਵਲ ਮਾਤ੍ਰ ਕਸਵੱਟੀ,** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਜਦ ਆਪਣੇ ਸਤਿਗੁਰੂ ਜੀ ਦਾ ਮਿਥਿਆ ਨਿੱਯਮ ਅਸਾਂ ਆਪ ਭੰਗ ਕਰ ਲਿਆ, ਜਦ ਅਸੀਂ ਆਪ ਹੀ " ਲਛਮਣ-ਰੇਖਾ " ਟੱਪ ਖਲੋਤੇ ਹਾਂ, ਜਦ ਸਾਡਾ ਆਪਣਾ ਹੀ ਕੋਈ ਇੱਕ ਧੁਰਾ ਨਾ ਰਿਹਾ, ਤਾਂ ਅਸੀਂ ਕਿਸੇ ਨਿਰੰਕਾਰੀ, ਰਾਧਾ ਸੁਆਮੀ, ਨਾਮਧਾਰੀ ਆਦਿ, ਕਿਸੇ ਵੀ ਦੇਹ-ਧਾਰੀ ਗੁਰੂ ਵਿਰੁੱਧ ਕੋਈ ਬਚਨ ਕਿਵੇਂ ਬੋਲ ਸਕਦੇ ਹਾਂ? ਜਦ ਅਸਾਂ ਆਪ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਦੀ ਉਲੰਙਣਾ ਕਰਨ ਨੂੰ ਧਰਮ ਮੰਨ ਲਿਆ, ਤਾਂ ਸਾਡਾ ਨਿਖਸਮਿਆਂ ਦਾ ਕੀ ਹੱਕ ਰਹਿ ਗਿਆ ਕਿ ਅਸੀਂ ਕਿਸੇ ਦੂਜੇ ਨੂੰ ਉਪਦੇਸ਼ ਕਰੀਏ ਕਿ ਮਨੁੱਖ ਦਾ ਗੁਰੂ ਕੇਵਲ " ਸ਼ਬਦ (-ਗਿਆਨ) " ਹੀ ਹੁੰਦਾ ਹੈ। ਇਹ ਕਿਵੇਂ ਕਹਿ ਸਕਦੇ ਹਾਂ ਕਿ ਮਨੁੱਖ ਕਦੇ ਧਰਮ-ਗੁਰੂ ਨਹੀਂ ਬਣ ਸਕਦਾ? ਜੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਣ ਵਾਲੇ ਲਈ **ਭਗਉਤੀ** ਰੱਬ ਹੈ, ਤਾਂ ਦੇਹ ਧਾਰੀਆਂ ਤੇ ਵਿਸ਼ਵਾਸ਼ ਰੱਖਣ ਵਾਲਿਆਂ ਨੂੰ ਉਹੀ ਪ੍ਰਤੱਖ ਰੱਬ (ਦਾ ਰੂਪ) ਹਨ। ਕੇਵਲ ਇੱਕੋਂ ਹੀ ਬੰਨਾ ਸੀ, ਜਦ ਉਹ ਅਸਾਂ ਆਪ ਹੀ ਟੱਪ ਲਿਆ, ਤਾਂ ਗੁਰੂ ਦੀ ਸਿੱਖੀ, ਸਤਿਗੁਰਾਂ ਦਾ ਇਹ ਪੰਥ, ਜਿੰਨੇ ਧੜਿਆਂ ਵਿਚ ਮਰਜ਼ੀ ਹੈ ਵੰਡਿਆ ਤੁਰਿਆ ਜਾਵੇ, ਕੋਈ ਰੋਕ ਨਾ ਰਹੀ?

## ਦੂਜਾ ਪੱਖ --

**ਪੰਡਿਤ ਨਰੈਣ ਸਿੰਘ ਜੀ ਅੱਗੇ ਲਿਖਦੇ ਹਨ**--ਦੇਵੀ ਭਾਗਵਤ ਪੁਰਾਣ ਵਿਚ ਭਗੌਤੀ ਦੇ ਤਿੰਨ ਸਰੂਪ ਲਿਖੇ ਹਨ ਅਤੇ ਤਿੰਨਾਂ ਦੇ ਅਰਥ ਭੀ ਵਖੋ ਵੱਖ ਹਨ, ਜੈਸਾ ਕਿ--

**(੧) ਭਗੌਤੀ**=ਤਲਵਾਰ । (੨) ਭ**ਗਉਤੀ**=ਬਰਛਾ। **(੩) ਭਗਵਤੀ**=ਦੇਵੀ।

ਇਨ੍ਹਾਂ ਤਿੰਨਾ ਵਿਚੋਂ ਦੋ ਰੂਪ (ਭਗਉਤੀ ਅਤੇ ਭਗੌਤੀ) ਏਸੇ ਵਾਰ ਵਿਚ ਆ ਚੁੱਕੇ ਹਨ ਅਤੇ ਏਹੋ ਹੀ ਦੋਵੇਂ ਅਰਥ ਦੇਂਦੇ ਹਨ। ਜੇ ਏਹੋ ਹੀ ਅਰਥ ਸਿੱਧ ਮੰਨੀਏ ਤਾਂ ' ਪ੍ਰਿਥਮ ਭਗੌਤੀ " ਪਦ ਦਾ ਅਰਥ= ਸਰਬ ਸ੍ਰੇਸ਼ਟ ਤਲਵਾਰ ਸਿਧ ਹੁੰਦਾ ਹੈ।

**ਜੇ ਭਗਉਤੀ ਦਾ ਅਰਥ ਤਲਵਾਰ** ਜਾਂ **ਕਿਰਪਾਨ** ਹੈ ਤਾਂ ਖ਼ਾਲਸਾ ਪੰਥ ਨੂੰ ਇਸ ਦੀ ਉਪਾਸ਼ਨਾ ਦੀ ਪਰੇਰਨਾ ਕਿੱਥੋ ਮਿਲੀ?

(੧) ਕੀ ਇਹ ਤਲਵਾਰ-ਰੂਪ ਭਗਉਤੀ ਦਾ ਸਿਮਰਣ ਕਰਨ ਦਾ ਸੰਕੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਿਲਿਆ? ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਕਿਸੇ ਦੂਜੇ ਗ੍ਰੰਥ ਨੂੰ ਵੀ ਗੁਰਿਆਈ ਮਿਲੀ ਹੋਈ ਹੈ? ਜੇ ਨਹੀਂ ਤਾਂ ਸਤਿਗੁਰਾਂ ਤੋਂ ਛੁੱਟ ਹੋਰ ਦੂਜਾ ਅਜੇਹਾ ਕੌਣ ਹੈ ਜੋ ਗੁਰਮਤਿ ਦਾ ਸਪੱਸ਼ਟ ਸਿਧਾਂਤ ਬਦਲ ਰਿਹਾ ਹੈ? ਜੇ ਇਹ ਰੀਤ ਦਸਮ ਗ੍ਰੰਥ ਤੋਂ ਲਈ ਹੈ, ਤਾਂ ਕੀ ਦਸਮ ਗ੍ਰੰਥ ਸਾਡਾ ਗੁਰੂ ਹੈ ? ਜੇ ਅਜੇਹੀ ਕੋਈ ਗੱਲ ਹੈ ਸੀ ਤਾਂ ਸਿੱਖ ਰਹਿਤ ਮਰਯਾਦਾ ਵਿਚ ਦਸਮ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਸਪੱਸ਼ਟ ਜ਼ਿਕਰ ਕਰ ਦੇਣ ਵਿਚ ਸ਼ਰਮ ਕਿਸ ਕਾਰਨ ਮੰਨੀ ਗਈ? ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਤੇ ਤੁੱਲ ਹੀ ਸਾਵਾਂ ਗੁਰੂ ਮੰਨਣ ਦਾ ਹੁਕਮਨਾਮਾ ਜਾਰੀ ਹੋ ਜਾਣਾ ਚਾਹੀਦਾ ਸੀ। ਨਹੀਂ ਤਾਂ ਸਾਡੇ ਲਈ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਹਰ ਫ਼ੁਰਮਾਨ, ਅਕਾਲ ਪੁਰਖ ਜੀ ਦੇ ਆਪਣੇ ਹੁਕਮ ਹਨ। **ਉਸ ਖਸਮ ਨੂੰ ਛੱਡ ਕੇ ਦੂਜੇ ਨਾਲ ਜੁੜਨ ਡੁੱਬ ਮਰਨ ਵਾਲੀ ਭੁੱਲ ਹੈ--ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ।।[੪੭੦]**

(੨) ਜਿਸ ਅਕਾਲਪੁਰਖ ਨੂੰ ਗੁਰਮਤਿ ਸਿਧਾਂਤ ਦਾ ਮੂਲ " **ਨਿਰਵੈਰ** " ਕਹਿੰਦਾ ਹੈ ਉਸੇ ਸਿਧਾਂਤ ਦੇ ਪੁਜਾਰੀ ਗੁਰਸਿੱਖ ਨੇ, ਗੁਰੂ ਨਾਨਕ ਜੀ ਦੇ " **ਨਿਰਵੈਰ** " ਅਕਾਲਪੁਰਖ ਨੂੰ ਸੰਘਾਰ ਕਰਨ ਵਾਲੀ ਤਲਵਾਰ ਦੇ ਰੂਪ ਵਿਚ ਮੰਨਣਾ ਅਰੰਭ ਕਰ ਲਿਆ? ਗੁਰਬਾਣੀ ਵਿਚ ਅਕਾਲ ਪੁਰਖ ਨੂੰ ਜੇ ਮਾਰਨ ਵਾਲਾ ਕਿਹਾ ਹੈ ਤਾਂ ਨਾਲ ਹੀ ਰਖਿਆ ਕਰਨ ਵਾਲਾ ਹੀ ਮੰਨਿਆਂ ਹੈ--**ਮਾਰੈ ਰਾਖੈ ਏਕੋ ਆਪਿ ॥** [੨੮੧] **ਬਿਨੁ ਭਗਵੰਤ ਨਾਹੀ ਅਨ**

**ਕੋਇ ॥ ਮਾਰੈ ਰਾਖੈ ਏਕੋ ਸੋਇ ॥** [੧੯੨]-- ਉਹ ਕਿਸੇ ਦਾ ਵੈਰੀ ਨਹੀ ਹੈ--**ਆਪੇ ਮਿਹਰ ਦਇਆ ਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ ॥੧੧॥**[੧੦੨੧]--**ਤੂ ਨਿਹਚਲੁ ਨਿਰਵੈਰੁ ਸਚੁ ਸਚਾ ਤੁਧੁ ਦਰਬਾਰੁ ॥** [੯੬੨] ਇੱਕ ਅਕਾਲਪੁਰਖ ਹੀ ਤਾਂ ਸਾਡਾ ਸੱਚਾ ਮਿੱਤਰ ਹੈ--

੨੦- **ਮੀਤੁ ਹਮਾਰਾ ਸੋਈ ਸੁਆਮੀ ॥ ਥਾਨ ਥਨੰਤਰਿ ਅੰਤਰਜਾਮੀ ॥**

**ਸਿਮਰਿ ਸਿਮਰਿ ਪੂਰਨ ਪਰਮੇਸੁਰ ਚਿੰਤਾ ਗਣਤ ਮਿਟਾਈ ਹੇ ॥** ੧੦੭੧ ॥

ਉਸ ਨੂੰ **ਵੱਢਣ ਟੁੱਕਣ ਵਾਲੀ ਤਲਵਾਰ** ਕਹਿਣ ਵਾਲੇ ਵੀਰੋ ! ਚੇਤਾ ਰਖੋ ਕਿ---**ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਨਦਰਿ ਕਰੇਇ ॥** [੯੯੩]--**ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ ॥** [੭੬੬]--ਉਸ ਨੂੰ **ਖੜਗ** ਕਹਿਣ ਵਾਲੇ ਪਿਆਰਿਓ ! ਇਹ ਨਾ ਭੁਲੋ ਕਿ--**ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥**[੭੮੩]--**ਮਾਤ ਪਿਤਾ ਸੁਤ ਬੰਧਪੋ ਤੂੰ ਮੇਰੇ ਪ੍ਰਾਣ ਅਧਾਰ ॥** [੨੦੩] ਫਿਰ--**ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ ਜਨ ਨਾਨਕ ਬਖਸਿ ਮਿਲਾਇ ॥ ੫ ॥**[੮੮੧]--**ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥** [੧੦੩] ਦਸਮੇਂ ਜਾਮੇਂ ਵਿਚ ਆ ਕੇ ਅਕਾਲਪੁਰਖ ਲਈ ਵਰਤੀ ਜਾਣ ਵਾਲੀ ਸਾਰੀ ਭਾਸ਼ਾ ਬਦਲ ਜਾਣ ਦਾ ਕਾਰਨ ਕੀ ਹੋਇਆ ? ਅਤੇ ਫਿਰ--

## ਬਿਬੇਕ ਵਿਚਾਰਾਂ

ਜੇ ਭਗਉਤੀ ਦਾ ਅਰਥ ਵੱਢਣ ਟੁੱਕਣ ਵਾਲਾ **ਖੜਗ, ਖੰਡਾ**, ਤਲਵਾਰ, ਕਿਰਪਾਨ ਆਦਿ ਮਨ ਲਈਏ ਤਦ ਵੀ ਅਸੀਂ ਇੱਕ ਅਕਾਲ ਦੇ ਪੁਜਾਰੀ ਕਿਵੇਂ ਰਹਿ ਗਏ? ਅਤੇ ਫਿਰ ਖਾਲਸੇ ਦਾ ਸ਼ਸਤਰ-ਰੁਪੀ **ਇਸ਼ਟ**, ਤਲਵਾਰ-ਰੂਪ ਭਗਉਤੀ, ਜਦ ਨਿਰਦਈ ਲੁਟੇਰਿਆਂ ਦੇ, ਖ਼ੂਨੀ ਡਾਕੂਆਂ ਦੇ, ਮੋਮਨਾ ਅਤੇ ਕਾਫ਼ਰਾਂ ਦੇ ਭਰਮ ਵਿਚ ਫ਼ਸੇ ਜ਼ਾਲਮ ਰਾਜਿਆਂ ਦੇ ਹੱਥਾਂ ਵਿਚ ਫੜੀ ਹੁੰਦੀ ਹੈ ਤਾਂ, ਰੋਂਦੇ ਵਿਲਕਦੇ ਤਰਲੇ ਲੈਂਦੇ ਆਤੁਰ ਨਿਤਾਣਿਆਂ ਦਾ ਅਥਵਾ ਸਾਧਾ ਸੰਤਾਂ ਦਾ, ਈਸ਼ਵਰ ਦੇ ਭਗਤਾਂ ਦਾ ਸੰਘਾਰ ਕਰਦੀ ਜ਼ਰਾ ਨਹੀਂ ਸੰਗਦੀ। ਇਤਿਹਾਸ ਗਵਾਹ ਹੈ ਕਿ ਜ਼ਾਲਮ ਔਰੰਗਜ਼ੇਬ ਦੀ ਤਲਵਾਰ ਨੇ ਸੰਤਾਂ ਮਹਾਂ ਪੁਰਖਾਂ ਦੀ ਕਦੇ ਰਖਿਆ ਨਹੀਂ ਸੀ ਕੀਤੀ ਸਗੋਂ ਤਸੀਹੇ ਦੇ ਕੇ ਉਨ੍ਹਾਂ ਦੇ ਟੋਟੇ ਹੀ ਕੀਤੇ ਸਨ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਜਦ ਸਿੰਘਾ ਦੇ ਸਿਰਾਂ ਦਾ ਮੁੱਲ ਦੇਣਾ ਅਰੰਭ ਕੀਤਾ ਸੀ, ਤਾਂ ਕੀ, ਉਸ ਦੇ ਫੌਜੀਆਂ ਦੀਆਂ ਤਲਵਾਰਾਂ ਨੇ ਬੇਦੋਸ਼ਿਆਂ ਦੇ ਸਿਰ ਕਤਲ ਕਰਨੋ ਨਾਂਹ ਕਰ ਦਿੱਤੀ ਸੀ? ਫਿਰ ਜਦ ਅਸੀਂ ਸਾਰੇ ਜਾਣਦੇ ਹਾਂ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸੀਸ, ਮਾਸੂਮ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਜੀ ਅਤੇ ਫ਼ਤਹਿ ਸਿੰਘ ਜੀ ਦਾ ਸੀਸ ਵੀ ਏਸੇ " ਜੈ ਤੇਗੰ ' ਨੇ ਹੀ ਉਤਾਰਿਆ ਸੀ, ਅਤੇ ਦਸ਼ਮੇਸ਼ ਜੀ ਦੇ ਚੰਦਰਾ ਘਾਉ ਵੀ--**ਜਿਤੇ ਸ਼ਸਤ੍ਰ ਨਾਮੰ ॥ ਨਮਸਕਾਰ ਤਾਮੰ "** ਨੇ ਹੀ ਕੀਤਾ ਸੀ,----ਅਜੇਹੇ ਸ਼ਸਤਰਾਂ ਦੀ ' ਜੈ ਜੈਕਾਰ ' ਬੋਲਣ ਵਾਲਿਆਂ ਨੂੰ ਸਾਨੂੰ, ਸਾਰਿਆਂ ਨੂੰ ਕੀ ਸ਼ਰਮ ਨਾਲ ਡੁੱਬ ਕੇ ਨਹੀਂ ਮਰ ਜਾਣਾ ਚਾਹੀਦਾ ? ਇਹ ਸੱਚ ਹੈ ਕਿ ਤੇਗ਼ ਤਲਵਾਰ ਬੜੇ ਕੰਮ ਦਾ ਸ਼ਸਤਰ ਮੰਨਿਆਂ ਗਿਆ ਸੀ, ਪਰ ਜੈਜੈਕਾਰ ਸਦਾ ਉਸੇ ਸੰਤ-ਸੂਰਮੇ ਦੀ ਹੁੰਦੀ ਆਈ ਹੈ ਜਿਸ ਸਿਰਲੱਥ ਬਹਾਦਰ ਨੇ ਤਲਵਾਰ ਦੀ ਵਰਤੋਂ ਦੀਨ ਦੁਖੀਆਂ ਦੀ ਸਹਾਇਤਾ ਲਈ ਕੀਤੀ ਅਤੇ ਆਪਾ ਵਾਰਨ ਵਿਚ ਸੰਕੋਚ ਨਾ ਕੀਤਾ। ਜਗਤ ਵਿਚ ਸੋਹਿਲੇ ਸਦਾ ਸ਼**ਸਤਰ-ਧਾਰੀ** ਸੂਰਮਿਆਂ ਦੇ ਹੀ ਗਾਏ ਗਏ,, **ਸ਼ਸਤਰਾਂ** ਦੀ ਪੂਜਾ ਸਿਵਾਏ ਪ੍ਰੋਹਿਤ ਦੇ ਹੋਰ ਕਿਸੇ ਨਹੀਂ ਕੀਤੀ, ਅਤੇ ਜਾਂ ਖ਼ਾਲਸਾ ਜੀ. ..........?

### ਗੁਰਬਾਣੀ ਦੀ ਕਸਵੱਟੀ--

**(ੳ)** ਗੁਰੂ ਬਾਣੀ ਦਾ ਫੁਰਮਾਨ ਹੈ **ਕਰਤਾਰ** ਦੇ ਥਾਂ ਉਸ ਦੇ **ਕੀਤੇ ਹੋਏ** (ਮਨੁੱਖ ਅਤੇ ਬਾਕੀ ਜੀਵਾਂ ਸਮੇਤ ਕਿਸੇ ਪ੍ਰਕਾਰ ਦੇ ਪਦਾਰਥ) ਦੀ ਸਿਫ਼ਤ-ਸਾਲਾਹ ਨਹੀਂ ਕਰਨੀ ਚਾਹੀਦੀ:--

੨੨- **ਕੀਤਾ ਕਿਆ ਸਾਲਾਹੀਐ, ਕਰਿ ਵੇਖੈ ਸੋਈ ॥ ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਕੋਈ ॥ ... ੯ ॥** [੭੬੭]-੨-੫

੨੩- **ਕੀਤਾ ਕਿਆ ਸਾਲਾਹੀਐ ਕਰਿ ਦੇਖੈ ਸੋਈ ॥ ਜਿਨਿ ਕੀਆ ਸੋ ਮਨਿ ਵਸੈ ਮੈ ਅਵਰੁ ਨ ਕੋਈ ॥**

**ਸੋ ਸਾਚਾ ਸਾਲਾਹੀਐ ਸਾਚੀ ਪਤਿ ਹੋਈ ॥ ੩ ॥** [ਮਾਰੂ ਅਸਟ: ਮ: ੧ ॥ ੧੦੧੨]-੬

੨੪- **ਕੀਤਾ ਕਿਆ ਸਾਲਾਹੀਐ, ਕਰੇ ਸੋਇ ਸਾਲਾਹਿ ॥ ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ ॥ ... ੨ ॥**[ ੧੨੩੯]-ਵਾਰ-੪

੨੫- **ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ ॥ ਨਿਹਚਲੁ ਸਚਾ ਏਕੁ ਹੈ**

**ਗੁਰਮੁਖਿ ਬੂਝੈ ਸੁ ਨਿਹਚਲੁ ਹੋਈ ॥ ੬ ॥** [੧੦੮੮]-੬

੨੬- **ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥ ੧ ॥**

**ਵਾਹੁ ਮੇਰੇ ਸਾਹਿਬਾ ਵਾਹੁ ॥ ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥ ੧ ॥ ਰਹਾਉ ।**[੭੫੫]-੧-੩

ਮਨੁੱਖਾ ਸਰੀਰ **ਕਰਤੇ** ਦੀ **ਕਿਰਤ** ਹੈ--**ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ॥** ਹਵਾ, ਪਾਣੀ, ਅਗਨੀ, ਧਰਤੀ, ਆਕਾਸ਼, ਲੋਹਾ, ਸੋਨਾ ਤੇ ਹੋਰ ਧਾਤਾਂ ਅਤੇ ਲੱਕੜ ਆਦਿ ਸਭ ਕੁਝ ਪਰਮਾਤਮਾ ਦੀ ਕਿਰਤ ਹਨ। ਇਨ੍ਹਾਂ ਪਦਾਰਥਾਂ ਤੋਂ ਘਰ-ਘਾਟ, ਕਾਰਖ਼ਾਨੇ, ਮਸ਼ੀਨਾਂ ਅਥਵਾ ਹਰ ਪ੍ਰਕਾਰ ਦੀਆਂ ਭਗਉਤੀਆਂ ਜਾਂ ਸ੍ਰੀ ਸਹਿਬਾਂ ਸਮੇਤ ਸਾਰੇ ਸ਼ਸਤ੍ਰ, ਮਨੁੱਖ ਦੀ ਕਿਰਤ ਹਨ। ਅੱਜ ਤੱਕ ਪਰਮਾਤਮਾਂ ਨੇ ਸਾਖ਼ਸ਼ਾਤ ਰੂਪ ਵਿਚ ਪਰਗਟ ਹੋ ਕੇ ਨਾ ਕਿਸੇ ਨੂੰ ਦਰਸ਼ਨ ਦਿੱਤਾ ਹੈ **(ਸਿਧ ਸਮਾਧ ਸਾਧ ਕਰਿ ਹਾਰੇ ਕਯੋ ਹੂੰ ਨ ਦੇਖਨ ਪਾਏ )** ਅਤੇ ਨਾ ਵਾਹਿਗੁਰੂ ਨੇ ਆਪ ਪ੍ਰਗਟ ਹੋ ਕੇ ਕੋਈ ਸ਼ਸਤਰ ਹੀ ਬਣਾਇਆ ਹੈ। ਸੋ ਭਗਉਤੀ ਜਾਂ ਖੰਡਾ ਪ੍ਰਭੂ ਦੇ " ਕੀਏ " (-ਮਨੁੱਖ) ਦੀ ਕਿਰਤ ਹੈ, ਭਾਵ ਸਾਰੇ ਸ਼ਸਤ੍ਰ " ਕੀਏ " ਦਾ ਵੀ " ਕੀਆ ਹਨ । ਕੇਵਲ ਕਰਤੇ ਦੀ ਸਿਫ਼ਤਿ ਸਾਲਾਹ ਅਤੇ ਸਿਰਜਣਹਾਰ ਦੀ ਪੂਜਾ ਬੰਦਨਾਂ ਸਿਖਾਉਣ ਆਏ ਗੁਰੂ ਨਾਨਕ ਜੀ, ਬਾਰੇ ਕਿਵੇਂ ਸੱਚ ਮੰਨ ਲਿਆ ਜਾਵੇ ਕਿ ਉਹ ਆਪਣੇ ਦਸਵੇ ਸਰੂਪ ਵਿਚ ਆ ਕੇ-(ਪ੍ਰਿਥਮ ਭਗਉਤੀ ਸਿਮਰ ਕੈ-) **" ਕਰਤੇ "** ਦੀ ਥਾਂ " ਕੀਏ " ਦੇ ਵੀ ਕੀਏ ਦਾ ਸਿਮਰਨ ਕਰਨ ਲੱਗ ਪਏ ਸਨ ?

**(ਅ)** ਗੁਰਮਤਿ ਦਾ ਇੱਕ ਅਟੱਲ ਸਿਧਾਂਤ ਇਹ ਵੀ ਹੈ ਕਿ ਜਿਹੜਾ ਵੀ ਪਦਾਰਥ ਅੱਖੀਆਂ ਨਾਲ ਵੇਖਿਆ ਜਾ ਸਕਦਾ ਹੈ (ਜਾਂ ਸਪੱਰਸ਼ ਦੁਆਰਾ ਅਨੁਭਵ ਕੀਤਾ ਜਾ ਸਕਦਾ ਹੈ) ਉਹ ਨਾਸਵੰਤ ਹੈ, ਅਥਵਾ ਅਜੇਹਾ ਸਭ ਕੁਝ ਮਨੁੱਖ ਦੇ ਨਾਲ ਨਹੀਂ ਨਿਭਦਾ--" **ਨਦਰੀ ਆਵਦਾ ਨਾਲਿ ਨ ਚਲਈ, ਵੇਖਹੁ ਕੋ ਵਿਉਪਾਇ ॥** [੮੪] । ਨਾਸਵੰਤ ਪਦਾਰਥ ਦੀ ਪੂਜਾ ਮੂਰਖਤਾਈ ਹੈ--**ਦ੍ਰਿਸ਼ਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥** [੮੦੮] ਦ੍ਰਿਸ਼ਟਮਾਨ ਚੀਜ਼ਾਂ ਪ੍ਰਤੀ ਸ਼ਰਧਾ ਨਿਰੀ ਮੂਰਖਤਾਈ ਹੀ ਨਹੀਂ ਸਗੋਂ ਖ਼ੁਆਰ ਹੋ ਕੇ ਮਰਨ ਵਾਲਾ ਸਾਕਤ-ਪੁਣਾ ਹੈ--**ਜੋ ਦੀਸੈ ਸੋ ਸੰਗਿ ਨ ਗਇਓ॥ਸਾਕਤੁ ਮੂੜੁ ਲਗੇ ਪਚਿ ਮੁਇਓ ॥੨॥**[੨੪੧]

**(ੲ) ਕੀ ਸ਼ਸਤਰਾਂ ਦੇ ਰੂਪ ਵਿਚ ਅਕਾਲ ਪੁਰਖ ਵੇਖਣਾ ਵੀ ਘਿਣਾਵਣਾ ਬਿੱਪ੍ਰਵਾਦ ਹੀ ਤਾਂ ਨਹੀਂ ਹੈ ?**

ਸੱਪ ਦੇ ਲੜ ਜਾਣ ਨਾਲ ਮੌਤ ਹੋਈ ਤਾਂ ਬ੍ਰਾਹਮਣ ਨੇ ਸੱਪ ਨੂੰ ਦੇਵਤਾ ਬਣਾ ਲਿਆ। ਹਰ ਪ੍ਰਕਾਰ ਦੇ ਭਰਮ ਨੂੰ ਲੁੱਟ ਦਾ ਸਾਧਨ ਬਣਾ ਲੈਣ ਵਿਚ ਨਿਪੁੰਨ ਬ੍ਰਾਹਮਣ ਨੇ ਸੱਪ ਨੂੰ ਨਾਗ-ਦੇਵਤਾ ਘੋਸ਼ਤ ਕਰ ਕੇ ਉਸ ਦੀਆਂ ਮੂਰਤੀਆਂ ਮੰਦਰਾਂ ਵਿਚ ਲਿਆ ਟਿਕਾਈਆਂ। ਮੌਤ ਦਾ ਭੈ ਏਨਾ ਵਧਿਆ ਕਿ ਸੱਪ ਤੋਂ ਨਾਗ ਬਣ ਕੇ ਪਹਿਲਾਂ ਸ਼ਿਵ ਜੀ ਦੀ ਧੌਣ ਦਾ ਹਾਰ ਬਣਿਆਂ ਅਤੇ ਫਿਰ ਧੌਲੇ ਬੌਲਦ ਦੀ ਥਾਂ ਸ਼ੇਸ਼ ਨਾਗ ਬਣ ਕੇ ਧਰਨੀ ਧਰ ਬਣਿਆਂ। ਫਿਰ ਵਿਸ਼ਨੂੰ ਦੀ ਸੇਜ ਬਣਦਾ ਹੋਇਆ, ਰਾਮ ਜੀ ਦਾ ਭਾਈ ਲਛਮਣ ਅਤੇ ਫਿਰ ਕ੍ਰਿਸ਼ਨ ਜੀ ਦਾ ਵੱਡਾ ਭਾਈ ਬਲਰਾਮ ਜੀ ਬਣਦਾ ਗਿਆ। ਖੰਡੇ ਤੋਂ ਅਥਵਾ ਸ਼ਸਤਰਾਂ ਤੋਂ ਮੌਤ ਹੁੰਦੀ ਵੇਖੀ ਤਾਂ ਹਿੰਦੂ ਨੇ ਡੰਡੌਤ ਕਰ ਦਿੱਤੀ। ਉਸੇ ਦੇ ਲਿਖੇ " ਖੰਡਾ ਪ੍ਰਿਥਮੈ ਸਾਜਕੈ ਜਿਨਿ ਸਭ ਸੈਸਾਰ ਉਪਾਇਆ" ਨੂੰ ਅਸਾਂ ਇਸ਼ਟ ਮੰਨ ਲਿਆ। ਸ਼ਸਤ੍ਰਾਂ ਦੀ ਪੂਜਾ ਹੁੰਦੀ ਮਹਾਂਭਾਰਤ ਫਿਲਮ ਵਿਚ ਦਰਸਾਈ ਹੋਈ ਹੈ। ਤਲਵਾਰ ਰੂਪ ਭਗਉਤੀ ਨੂੰ ਧਿਆਉਣ ਵਾਲੀ ਇਹ ਬੋਲੀ ਮੇਰੇ ਸਤਿਗੁਰਾਂ ਦੀ ਨਹੀਂ ਹੈ।

ਬਿੱਪ੍ਰਨ ਕੀ ਰੀਤ ਤੋਂ ਬਚੇ ਰਹਿਣ ਦੀ ਚਿਤਾਵਣੀ ਦੇਣ ਵਾਲੇ ਦਸ਼ਮੇਸ਼ ਜੀ ਨੂੰ ਹੀ ਖੜਗ ਰੂਪ ਭਗਉਤੀ ਨੂੰ ਧਿਆਉਣ ਵਾਲੇ ਨਾ ਬਣਾਉ। ਦਸਮ ਗੁਰੂ ਨਾਨਕ ਜੀ ਨੇ ਪਰਮਾਤਮਾ ਨੂੰ ਕਿਸੇ ਸ਼ਸਤਰ ਦੇ ਰੂਪ ਵਿਚ ਵੇਖਣ ਦਾ ਸਾਡਾ ਅਭਿਆਸ ਤਾਂ ਕਦੇ ਨਹੀਂ ਕਰਾਇਆ। ਖੜਗ ਅਥਵਾ ਤੇਗ਼ ਤਾਂ ਕੇਵਲ ਵੱਢ ਟੁੱਕ ਦੇ ਕੰਮ ਜਾਂ ਕਿਸੇ ਦੀ ਮੌਤ ਕਰਨ ਦੇ ਕੰਮ ਹੀ ਆਉਂਦੀ ਹੈ। ਪਰ ਪਿਆਰੇ ਅਤੇ ਬਰਕਤਾਂ ਵਾਲੇ ਦਸਮ ਗੁਰੂ ਨਾਨਕ ਸ੍ਰੀ ਕਲਗੀਧਰ ਜੀ ਨੇ ਤਾਂ, ਪਰਮਾਤਮਾਂ ਨੂੰ ਨੇੜੇ ਤੋਂ ਨੇੜੇ ਵਿਖਾ ਕੇ ਉਸ ਨਾਲ ਸਾਡੀ ਪਿਆਰੀ ਅਤੇ ਸਨੇਹਾਂ ਭਰੀ ਗੂੜ੍ਹੀ ਰਿਸ਼ਤੇਦਾਰੀ ਬਣਾਈ ਹੋਈ ਹੈ :--

੨੭- **ਹਰਿ ਜਨ ਨਿਕਟਿ ਨਿਕਟਿ ਹਰਿ ਜਨ ਹੈ ਹਰਿ ਰਾਖੈ ਕੰਠਿ ਜਨ ਧਾਰੇ ॥**
**ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ ਹਮ ਬਾਰਿਕ ਹਰਿ ਪ੍ਰਤਿਪਾਰੇ ॥ ੪ ॥**[੮੮੨]-੬-੧੮

**(ਸ)** ਤੇਗ਼ ਕੋਲ ਮੌਤ ਜਾਂ ਵੱਢ ਟੁੱਕ ਦੇ ਸਿਵਾ ਹੋਰ ਹੈ ਵੀ ਕੀ ? ਸ਼ਸਤ੍ਰਾਂ ਦਾ ਪੁਜਾਰੀ ਕ੍ਰੋਧ-ਅਗਨੀ ਵਿਚ ਤਾਂ ਭਾਵੇ ਸੜਦਾ ਰਹੇ, ਆਤਮਕ ਅਡੋਲਤਾ ਉਸ ਦੇ ਭਾਗਾਂ ਵਿਚ ਕਿਥੇ ? ਕਿਉਂਕਿ, " **ਜੈਸਾ ਸੇਵੈ, ਤੈਸੋ ਹੋਵੈ ॥** " [੨੨੩]--" **ਜਿਸੁ ਸਿਉ ਰਾਤਾ, ਤੈਸੋ ਹੋਵੈ ਸਚੇ ਸਚਿ ਸਮਾਇਆ ॥** [੬੪] **ਵੈਰੀ ਦੇ ਹੱਥ ਚੜ੍ਹੀ ਆਪਣੇ ਪੁਜਾਰੀ ਦਾ ਹੀ ਕੁਤਰਾ ਕਰ ਦੇਣ ਵਾਲੀ " ਭਗਉਤੀ " ਦਾ ਪੁਜਾਰੀ ਨਿਰਦਈ ਅਤੇ ਬੇਪ੍ਰਤੀਤਾ ਤਾਂ ਬੇਸ਼ਕ ਹੋ ਜਾਵੇਗਾ, ਪਰ ਸੱਜਣ-ਸੂਰਾ ਕਦੇ ਨਹੀਂ ਰਹਿ ਸਕਦਾ।** ਅਤੇ ਫਿਰ---**ਸੋ ਜੀਵਤ ਜਿਹ ਜੀਵਤ ਜਪਿਆ ॥** [੨੫੯] ਸ਼ਸਤਰ ਬੇਜਾਨ ਹੈ । ਇਸ ਦਾ ਜਾਪ ਕਰਨ ਵਾਲਾ ਸਦੀਵੀ ਆਤਮਕ-ਜੀਵਨ ਦਾ ਮਾਲਕ ਕਦੇ ਬਣ ਹੀ ਨਹੀਂ ਕਦਾ। ਭਗਉਤੀ ਦਾ ਪੁਜਾਰੀ ਬਣ ਕੇ ਸਤਿਗੁਰਾਂ ਦੀ ਬਖ਼ਸ਼ਸ਼ ਦੁਆਰਾ ਪ੍ਰਾਪਤ ਹੋਈ " **ਨਿਆਰੀ ਜਿੰਦ ਜਾਨ** " ਖ਼ਾਲਸਾ ਗੁਆਈ ਜਾ ਰਿਹਾ ਹੈ। ਕਿਰਪਾਨ ਰੂਪ ਭਗਉਤੀ ਦੀ ਵਰਤੋਂ ਨਾਲ ਜਿੱਤ ਪ੍ਰਾਪਤ ਕਰਨ ਦੀ ਗੱਲ ਕਰਨ ਵਾਲਾ ਇਹ ਵੀ ਯਾਦ ਰੱਖੇ ਕਿ ਭੰਗਾਣੀ ਦੇ (ਅਥਵਾ ਹੋਰ ਥਾਈਂ) ਯੁੱਧ ਵਿਚ ਹਾਰਨ ਵਾਲੇ ਹਿੰਦੂ ਰਾਜਿਆਂ ਦੇ ਹੱਥਾਂ ਵਿਚ ਵਿਚ ਵੀ **ਭਗਉਤੀ** ਹੀ ਫੜੀ ਹੋਈ ਸੀ। ਪੰਚਮ ਪਾਤਿਸ਼ਾਹ ਜੀ ਦੀ ਕਿਰਪਾ ਦਾ ਸਦਕਾ ਗੁਰਬਾਣੀ ਵਿਚ ਰਲਾ ਪਾ ਸਕਣਾ ਅਸੰਭਵ ਬਣ ਚੁੱਕਾ ਸੀ, ਪਰ ਲਗ-ਪਗ ਸੰਨ ੧੭੦੯ ਤੋਂ ੧੯੨੫ ਤੱਕ ਗੁਰੂ ਨਾਨਕ ਜੀ ਦੀਆਂ ਧਰਮ-ਸ਼ਾਲਵਾਂ (ਅਜੋਕੇ-ਗੁਰਦੁਆਰਿਆਂ) ਦਾ ਮਾਲਕ ਬਣਿਆਂ ਉਦਾਸੀ-ਨਿਰਮਲਾ-ਸੰਪ੍ਰਦਾਈਆ -ਡੇਰੇ-ਦਾਰ-ਰੂਪ **ਪ੍ਰੋਹਿਤ**, ਖ਼ਾਲਸਾ ਜੀ ਦੀ ਸਾਰੀ ਨਿਆਰੀ ਮਰਯਾਦਾ ਨੂੰ ਬਿੱਪ੍ਰੀ ਰੰਗ ਵਿਚ ਰੰਗ ਕੇ ਉਸ ਨੂੰ ਸਿੱਖ ਧਰਮ ਦਾ ਅੰਗ ਬਣਾ ਦੇਣ ਵਿਚ ਪੂਰੀ ਤਰ੍ਹਾਂ ਸਫ਼ਲ ਹੋ ਚੁੱਕਾ ਸੀ। ਭੁੱਲ ਨੂੰ ਸੁਧਾਰ ਲੈਣ ਵਿਚ ਕਿਸੇ ਵੀ ਪ੍ਰਕਾਰ ਦੀ ਝਿਜਕ ਮੰਨਣੀ ਸਖ਼ਤ ਬਦਕਿਸਮਤੀ ਹੀ ਨਹੀਂ ਸਗੋਂ **ਆਤਮ ਹੱਤਿਆ ਕਰ ਲੈਣ ਦਾ ਮਹਾਂ ਪਾਪ ਹੈ।** ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਪੰਥ ਇਸ ਥਾਂ ਪੁੱਜ ਚੁੱਕਾ ਹੈ ਕਿਥੋਂ ਪਰਤਣਾ ਇਸ ਲਈ ਅਸੰਭਵ ਬਣ ਖਲੋਤਾ ਹੈ। ਪਰ ਜਿਸ ਪੰਥ ਦੇ ਇਤਿਹਾਸ ਵਿਚ ਅਸੰਭਵ ਨੂੰ ਸੰਭਵ ਬਣਾ ਦੇਣ ਦੇ ਕਈ ਸਾਕੇ ਲਿਖੇ ਮਿਲਦੇ ਹਨ, ਉਸ ਬਹਾਦਰ ਪੰਥ ਲਈ ਆਪਣੇ ਅਸਲੇ ਵਲ ਨੂੰ ਮੋੜਾ ਖਾ ਲੈਣਾ, ਅਸੰਭਵ ਨੂੰ ਸੰਭਵ ਕਰ ਵਿਖਾਉਣਾ, ਵੀ ਅਦੁਤੀ ਕਰਾਮਾਤ ਦੇ ਨਾਮ ਨਾਲ ਹੀ ਜਾਣਿਆਂ ਜਾਣਾ ਹੈ।

ਜੇ ਦਾਸ ਦਾ ਲਿਖਿਆ ਕਿਸੇ ਕਾਰਨ ਗੁਰਮਤਿ ਦੇ ਵਿਰੁੱਧ ਹੈ ਤਾਂ ਲਿਖ ਭੇਜੋ ਜੀ। ਆਉਣ ਵਾਲੀਆਂ ਨਸਲਾਂ ਦੀ ਜਾਣਕਾਰੀ ਲਈ, ਕਿ **ਮੋੜਾ ਖਾ ਲੈਣ ਦੀ ਹੂਕ ਵੀ ਕਦੇ ਉਠੀ ਸੀ**, ਇਸ ਸਭ ਕੁਝ ਨੂੰ ਛਾਪੇ-ਖਾਨੇ ਭੇਜਣ ਤੋਂ ਪਹਿਲਾਂ, ਸੁਧਾਈ ਕਰ ਲੈਣ ਵਿਚ, ਦਾਸ ਆਪਣੇ ਵਡੇਭਾਗ ਸਮਝੇਗਾ--

ਆਪਣੀ ਜੀਵਨ ਜੁਗਤ ਗੁਰਮਤਿ ਅਨੁਸਾਰ ਢਾਲ ਲੈਣ ਦੀ ਘਾਲਣਾ ਘਾਲ ਰਹੇ ਗੁਰਮੁਖਾਂ ਦਾ-- **ਦਾਸ**

ਗੁਰਬਖ਼ਸ਼ ਸਿੰਘ '

Note:--ਦਸਮ ਗ੍ਰੰਥ ਦੇ ਚਰਿਤਰੋ ਪਖਿਆਨ ਵਿਚ ਕਈ ਥਾਈ ਲੇਖਕ ਬਾਰੇ ਭਗਉਤੀ ਦਾ ਉਪਾਸ਼ਕ ਹੋਣ ਦਾ ਯਕੀਨ ਬੱਝਦਾ ਹੈ। ਜਿਵੇਂ ਅਨੂਪ ਕੌਰ ਵਾਲੇ ਪ੍ਰਸੰਗ ਵਿਚ )ਕਥਿਤ ਤੌਰ ਤੇ) ਅਨੂਪ ਕੌਰ ਵਾਲੀ ਗਲਬਾਤ ਸਮੇ ਦਸ਼ਮੇਸ਼ ਜੀ ਨੂੰ ਇਓਂ ਕਹਿੰਦੇ ਵੀ ਦਰਸਾਇਆ ਹੋਇਆ ਹੈ:--

**ਰਾਇ ਡਰਯੋ ਜਉ ਦੈ ਮੁਝੈ ਸ੍ਰੀ ਭਗਵਤਿ ਕੀ ਆਨ ॥ ਸੰਕ ਤਯਾਗ ਯਾਂਸੋ ਰਮੋ ਕਰਹਿੋਂ ਨਰਕ ਪਯਾਨ ॥ ੩੪ ॥**

**ਅਰਥ**:--ਰਾਜਾ ਡਰ ਗਿਆ ਕਿ ਜੇ ਮੈਨੂੰ **ਇਹ ਭਗਵਤੀ ਦੀ ਸੌਂਹ ਦੇ ਦੇਵੇਗੀ** ਤਾਂ ਮੈਨੂੰ ਨਿਰ-ਸੰਕੋਚ ਹੋਕੇ ਇਹਦੇ ਨਾਲ ਰਮਣ ਕਰਨਾ ਪਵੇਗਾ ਅਤੇ ਨਰਕ ਵਿਚ ਜਾਣਾ ਪਵੇਗਾ ॥
{ਨੋਟ-ਸ਼ਿਵ ਅਤੇ ਭਗਉਤੀ, ਪਤੀ ਪਤਨੀ ਦੋਵੇ ? ਕੀ ਇਨ੍ਹਾਂ ਨੂੰ ਦਸ਼ਮੇਸ਼ ਜੀ ਦੇ ਇਸ਼ਟ ਮੰਨੀਏ ਕਿ, ਸ਼ੈਵ ਭਗਤ ਕਿਸੇ ਤਾਂਤਰਿਕ ਕਵੀ ਦੇ ?]

Note:--ਦਸਮ ਗ੍ਰੰਥ ਦੇ ਚਰਿਤਰੋ ਪਖਿਆਨ ਵਿਚ ਕਈ ਥਾਈ ਲੇਖਕ ਬਾਰੇ ਭਗਉਤੀ ਦਾ ਉਪਾਸ਼ਕ ਹੋਣ ਦਾ ਯਕੀਨ ਬੱਝਦਾ ਹੈ। ਜਿਵੇਂ ਅਨੂਪ ਕੌਰ ਵਾਲੇ ਪ੍ਰਸੰਗ ਵਿਚ )ਕਥਿਤ ਤੌਰ ਤੇ) ਅਨੂਪ ਕੌਰ ਵਾਲੀ ਗਲਬਾਤ ਸਮੇ ਦਸ਼ਮੇਸ਼ ਜੀ ਨੂੰ ਇਓਂ ਕਹਿੰਦੇ ਵੀ ਦਰਸਾਇਆ ਹੋਇਆ ਹੈ:--

**ਰਾਇ ਡਰਯੋ ਜਉ ਦੈ ਮੁਝੈ ਸ੍ਰੀ ਭਗਵਤਿ ਕੀ ਆਨ ॥ ਸੰਕ ਤਯਾਗ ਯਾਂਸੋ ਰਮੋ ਕਰਹਿੋਂ ਨਰਕ ਪਯਾਨ ॥ ੩੪ ॥**

**ਅਰਥ**:--ਰਾਜਾ ਡਰ ਗਿਆ ਕਿ ਜੇ ਮੈਨੂੰ **ਇਹ ਭਗਵਤੀ ਦੀ ਸੌਂਹ ਦੇ ਦੇਵੇਗੀ** ਤਾਂ ਮੈਨੂੰ ਨਿਰ-ਸੰਕੋਚ ਹੋਕੇ ਇਹਦੇ ਨਾਲ ਰਮਣ ਕਰਨਾ ਪਵੇਗਾ ਅਤੇ ਨਰਕ ਵਿਚ ਜਾਣਾ ਪਵੇਗਾ ॥
{ਨੋਟ-ਸ਼ਿਵ ਅਤੇ ਭਗਉਤੀ, ਪਤੀ ਪਤਨੀ ਦੋਵੇ ? ਕੀ ਇਨ੍ਹਾਂ ਨੂੰ ਦਸ਼ਮੇਸ਼ ਜੀ ਦੇ ਇਸ਼ਟ ਮੰਨੀਏ ਕਿ, ਸ਼ੈਵ ਭਗਤ ਕਿਸੇ ਤਾਂਤਰਿਕ ਕਵੀ ਦੇ ?]

www.radiovirsanz.com Radio Virsa New Zealand 107 FM